
Amrit

# ਗੁਰੂ ਦੀ ਸ਼ੋਭਾ

(ਸ੍ਰੀ ਗੁਰ ਸੋਭਾ ਦਾ ਪੰਜਾਬੀ ਤਰਜਮਾ)

ਸ੍ਰੀ ਗੁਰ ਸੋਭਾ ਦਾ ਅਧਿਐਨ - ਭਾਗ ਪਹਿਲਾ

**ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ'**

Title: Guru Di Shobha
(Punjabi translation of 'Sri Gur Sobha', written by poet Sainapati).

Language: Punjabi
Translator: Amrit Pal Singh 'Amrit'

© Amrit Pal Singh

ISBN Number : 978-93-6038-374-9

First edition: September, 2026

Email: amritworldnetwork@gmail.com

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੂੰ

ਕਾਹੂ ਕੇ ਮਾਤ ਪਿਤਾ ਸੁਤ ਕਾਹੂ ਕੇ,
ਕਾਹੂ ਕੇ ਭ੍ਰਾਤ ਮਹਾਂ ਬਲਕਾਰੀ ।
ਕਾਹੂ ਕੇ ਮੀਤ ਸਖਾ ਹਿਤੁ ਸਾਜਨ,
ਕਾਹੂ ਕੇ ਗ੍ਰੇਹ ਬਿਰਾਜਤ ਨਾਰੀ ।
ਕਾਹੂ ਕੇ ਧਾਮ ਮਹਾ ਨਿਧਿ ਰਾਜਤਿ
ਆਪਸ ਮੋ ਕਰਿ ਹੈ ਹਿਤ ਭਾਰੀ ।
ਹੋਹੁ ਦਯਾਲ ਦਯਾ ਕਰਿ ਕੈ ਪ੍ਰਭੁ,
ਗੋਬਿੰਦ ਜੀ ਮੁਹਿ ਟੇਕ ਤਿਹਾਰੀ ॥੪੫॥੮੧੦॥
*(ਅਧਿਆਇ ੧੮, ਸ੍ਰੀ ਗੁਰ ਸੋਭਾ)*

ਕਿਸੇ ਦੇ ਮਾਤਾ-ਪਿਤਾ ਹਨ, ਕਿਸੇ ਦੇ ਪੁੱਤਰ ਹਨ, ਕਿਸੇ ਦੇ ਬਹੁਤ ਬਲਵਾਨ ਭਰਾ ਹਨ। ਕਿਸੇ ਦੇ ਮਿੱਤਰ, ਸਾਥੀ ਜਾਂ ਸੱਜਣ ਪਿਆਰੇ ਹਨ, ਕਿਸੇ ਦੇ ਘਰ ਵਿੱਚ ਪਤਨੀ ਬਿਰਾਜ ਰਹੀ ਹੈ। ਕਿਸੇ ਦੇ ਘਰ ਵਿੱਚ ਵੱਡੇ ਖਜ਼ਾਨੇ ਪਏ ਹਨ ਅਤੇ ਉਹ ਆਪਸ ਵਿੱਚ ਬਹੁਤ ਪ੍ਰੇਮ ਕਰਦੇ ਹਨ। ਹੇ ਪ੍ਰਭੂ (ਗੁਰੂ) ਗੋਬਿੰਦ (ਸਿੰਘ ਸਾਹਿਬ) ਜੀ! ਮੇਰੇ ਉੱਤੇ ਦਇਆ ਕਰਕੇ ਦਇਆਲੂ ਹੋਵੋ, ਮੈਨੂੰ ਤਾਂ ਸਿਰਫ਼ ਤੁਹਾਡਾ ਹੀ ਆਸਰਾ ਹੈ॥੪੫॥੮੧੦॥

ਬਹੁਤ ਧੰਨਵਾਦ ਹੈ ~

ਅਮਰਦੀਪ ਸਿੰਘ ਸਿਆਣ (ਇੰਗਲੈਂਡ)
ਗੁਰਪ੍ਰੀਤ ਸਿੰਘ 'ਰਾਜੂ' (ਪੰਜਾਬ, ਭਾਰਤ)
ਤੇ
ਗੁਰਇਕਬਾਲ ਸਿੰਘ (ਕਨੈਡਾ)
ਦਾ

ਪਿੱਛਲੇ ਕਾਫ਼ੀ ਸਮੇਂ ਤੋਂ ਮੇਰੇ ਇਸ ਸਰੀਰ ਨੂੰ ਚੱਲਦਾ ਰੱਖਣ ਵਿੱਚ ਇਨ੍ਹਾਂ ਤਿੰਨਾਂ ਸੱਜਣਾਂ ਦਾ ਵੱਡਾ ਹਿੱਸਾ ਹੈ।

# ਬੇਨਤੀ

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫ਼ਤਹਿ।।

ਗੁਰਮਤਿ ਕਲਾਸ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਮੈਂ ਸਾਲ 1995 ਦੇ ਆਸ-ਪਾਸ ਕਵੀ ਸੈਨਾਪਤੀ ਦੇ ਗ੍ਰੰਥ 'ਸ੍ਰੀ ਗੁਰ ਸੋਭਾ' ਵਿੱਚੋਂ ਕੁਝ ਨੋਟਸ (notes) ਤਿਆਰ ਕੀਤੇ ਸਨ।

ਸਾਲ 2010 ਤੱਕ ਮੈਂ 'ਸ੍ਰੀ ਗੁਰ ਸੋਭਾ' ਦੇ ਪਹਿਲੇ 12 ਅਧਿਆਇਆਂ ਦਾ ਪੰਜਾਬੀ ਵਿੱਚ ਸਾਦਾ ਅਨੁਵਾਦ ਲਿਖ ਲਿਆ ਸੀ। ਪਰ ਇਸ ਤੋਂ ਅੱਗੇ ਇਸ ਵਿਸ਼ੇ ਉੱਤੇ ਕੋਈ ਕੰਮ ਨਾ ਹੋ ਸਕਿਆ। ਸਮਾਂ ਬੀਤਦਾ ਗਿਆ ਅਤੇ ਮੈਂ ਇਸ ਕੰਮ ਬਾਰੇ ਲਗਭਗ ਭੁੱਲ ਹੀ ਗਿਆ।

ਸਾਲ 2020 ਤੋਂ ਬਾਅਦ ਮੇਰੀ ਸਿਹਤ ਵਿਗੜਦੀ ਗਈ। ਹੁਣ ਮੈਨੂੰ ਮਹਿਸੂਸ ਹੋਇਆ ਕਿ ਬਾਕੀ ਰਹਿੰਦੇ ਲਿਖਣ ਵਾਲੇ ਕੰਮਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਹੁਣ ਕਰਨੀ ਹੀ ਚਾਹੀਦੀ ਹੈ, ਕਿਉਂਕਿ ਵਕਤ ਦਾ ਕੁਝ ਪਤਾ ਨਹੀਂ ਹੁੰਦਾ।

ਮੈਂ ਪਹਿਲਾਂ 'ਸ੍ਰੀ ਗੁਰ ਸੋਭਾ' ਦੇ ਬਾਕੀ 8 ਅਧਿਆਇਆਂ ਦਾ ਅਨੁਵਾਦ ਜਿਵੇਂ-ਕਿਵੇਂ ਪੂਰਾ ਕੀਤਾ। ਇਨ੍ਹਾਂ ਵਿੱਚ ਲੋੜ ਅਨੁਸਾਰ ਪੈਰ-ਟਿੱਪਣੀਆਂ (footnotes) ਵੀ ਸ਼ਾਮਿਲ ਕਰਨੀਆਂ ਚਾਹੁੰਦਾ ਸੀ। ਇਸ ਤੋਂ ਇਲਾਵਾ, 'ਸ੍ਰੀ ਗੁਰ ਸੋਭਾ' ਵਿੱਚ ਆਏ ਕੁਝ ਵਿਸ਼ਿਆਂ ਉੱਤੇ ਸੰਖੇਪ ਲੇਖ ਲਿੱਖ ਕੇ ਇਸੇ ਪੁਸਤਕ ਵਿੱਚ ਸ਼ਾਮਿਲ ਕਰਨ ਦਾ ਵੀ ਵਿਚਾਰ ਸੀ।

ਪਰ ਇਸ ਦੌਰਾਨ ਮੈਨੂੰ ਅਚਾਨਕ ਮਿੰਨੀ ਸਟ੍ਰੋਕ (Transient Ischemic Attack—TIA) ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਬਾਅਦ ਮੇਰੇ ਮਨ ਵਿੱਚ ਇਹ ਵਿਚਾਰ ਆਇਆ ਕਿ ਹੁਣ ਹੋਰ ਦੇਰ ਨਹੀਂ ਕਰਨੀ ਚਾਹੀਦੀ। ਜੋ ਕੁਝ ਹੁਣ ਤੱਕ ਤਿਆਰ ਹੋ ਸਕਿਆ ਹੈ, ਉਸ ਨੂੰ ਹੀ ਜਿਗਿਆਸੂ ਪਾਠਕਾਂ ਅੱਗੇ ਰੱਖ ਦੇਣਾ ਚਾਹੀਦਾ ਹੈ।

ਟਿੱਪਣੀਆਂ ਅਤੇ ਸੰਖੇਪ ਲੇਖਾਂ ਨੂੰ ਬਾਅਦ ਵਿੱਚ ਇੱਕ ਅਲੱਗ ਪੁਸਤਕ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਜਾਂ ਇਸੇ ਪੁਸਤਕ ਦੀ ਅਗਲੀ ਐਡੀਸ਼ਨ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ।

ਮੈਂ ਇਸ ਪੁਸਤਕ ਨੂੰ ਕਿਸੇ ਪ੍ਰਕਾਸ਼ਕ ਰਾਹੀਂ ਛਪਵਾਉਣ ਦੀ ਪ੍ਰਕਿਰਿਆ ਵਿੱਚ ਵੀ ਸਮਾਂ ਨਹੀਂ ਗਵਾਉਣਾ ਚਾਹੁੰਦਾ। ਇਸ ਲਈ ਇਸ ਨੂੰ ਸਿੱਧੇ ਹੀ ਈ-ਬੁੱਕ (e-book) ਦੇ ਰੂਪ ਵਿੱਚ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ।

ਸਮੇਂ ਦੀ ਕਮੀ ਕਾਰਨ ਮੈਂ ਇਸ ਅਨੁਵਾਦ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਪੂਰੀ ਤਰ੍ਹਾਂ ਮੁੜ ਪੜ੍ਹ ਨਹੀਂ ਸਕਿਆ। ਇਸ ਲਈ ਜਿੱਥੇ ਕਿਤੇ ਵੀ ਸੁਧਾਈ ਜਾਂ ਸੋਧ ਦੀ ਗੁੰਜਾਇਸ਼ ਹੋਵੇ, ਉਸ ਨੂੰ ਅਗਲੀ ਐਡੀਸ਼ਨ ਵਿੱਚ ਜ਼ਰੂਰ ਸੁਧਾਰਿਆ ਜਾਵੇਗਾ, ਜੇ ਸਮੇਂ ਨੇ ਆਗਿਆ ਦਿੱਤੀ।

ਇਹ ਪੁਸਤਕ ਕਿਸੇ ਵਪਾਰਕ ਉਦੇਸ਼ ਨਾਲ ਨਹੀਂ, ਸਗੋਂ 'ਸ੍ਰੀ ਗੁਰ ਸੋਭਾ' ਦੇ ਇਸ ਮਹੱਤਵਪੂਰਨ ਗ੍ਰੰਥ ਨੂੰ ਪੰਜਾਬੀ ਪਾਠਕਾਂ ਅਤੇ ਜਿਗਿਆਸੂਆਂ ਤੱਕ ਸੌਖੇ ਰੂਪ ਵਿੱਚ ਪਹੁੰਚਾਉਣ ਦੀ ਭਾਵਨਾ ਨਾਲ ਸਾਂਝੀ ਕੀਤੀ ਜਾ ਰਹੀ ਹੈ।

ਬਹੁਤ-ਬਹੁਤ ਧੰਨਵਾਦ ਜੀ।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫ਼ਤਹਿ।।

ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ'

ਮੰਗਲਵਾਰ, 1 ਸਤੰਬਰ, 2026
ਖਰੜ (ਪੰਜਾਬ)



ਭਾਈ ਸੈਨਾ ਸਿੰਘ (ਕਵੀ ਸੈਨਾਪਤੀ) ਦੀ ਇੱਕ ਕਾਲਪਨਿਕ ਪੇਂਟਿੰਗ

(ਏ. ਆਈ. ਨਾਲ ਤਿਆਰ)

# ਗੁਰੂ ਦੀ ਸ਼ੋਭਾ

*'ਸ੍ਰੀ ਗੁਰ ਸੋਭਾ' ਦਾ ਪੰਜਾਬੀ ਅਨੁਵਾਦ*

ਅਧਿਆਇ ੧

ੴ ਵਾਹਿਗੁਰੂ ਜੀ ਕੀ ਫਤਹਿ ॥

ਅਦਵੈਤ ਸਰਬ-ਵਿਆਪਕ ਕਰਤਾਰ ਹੈ। ਉਸ ਵਾਹਿਗੁਰੂ ਦੀ ਹੀ ਜਿੱਤ ਹੈ।

**ਸ੍ਰੀ ਗੁਰ ਸੋਭਾ ਗ੍ਰੰਥ ਲਿਖਯਤੇ**

(ਮੈਂ ਹੁਣ) ਸ੍ਰੀ ਗੁਰ ਸੋਭਾ ਗ੍ਰੰਥ ਲਿੱਖਦਾ ਹਾਂ।

**ਅਕਾਸ ਬਾਣੀ**
ਆਕਾਸ਼ ਬਾਣੀ

**ਅਥ ਪ੍ਰਿਥਮ ਧਿਆਉ**

ਹੁਣ (ਇੱਥੇ) ਪਹਿਲਾ ਅਧਿਆਇ (ਆਰੰਭ ਹੁੰਦਾ ਹੈ)।

ਪੰਥ ਪ੍ਰਗਾਸ ਬਰਨਨੰ।
(ਇਸ ਅਧਿਆਇ ਵਿੱਚ ਖਾਲਸਾ) ਪੰਥ ਦੇ ਪ੍ਰਕਾਸ਼ ਦਾ ਵਰਣਨ ਹੈ।

ਤ੍ਵਪ੍ਰਸਾਦਿ॥ ਖਾਲਸਾ ਬਾਚ॥

(ਹੇ ਪਰਮਾਤਮਾ) ਤੇਰੀ ਕਿਰਪਾ ਨਾਲ (ਇਹ ਗ੍ਰੰਥ ਲਿੱਖਦਾ ਹਾਂ)। ਖਾਲਸੇ ਦੇ ਕਥਨ।

ਵਿਆਖਿਆ:- ਇੱਥੇ ਕਵੀ ਜੀ ਆਪਣੇ ਆਪ ਨੂੰ ਖਾਲਸਾ ਪੰਥ ਦਾ ਹਿੱਸਾ ਮੰਨਦੇ ਹੋਏ 'ਖਾਲਸਾ ਵਾਚ' ਲਫਜ਼ ਲਿਖਦੇ ਹਨ।

ਦੋਹਰਾ ॥
ਏਕ ਸਮੈ ਹਿਤ ਸੋ ਹਿਤੂ ਉਚਰੀ ਹਿਤ ਚਿਤ ਲਾਇ ॥
ਪ੍ਰਭੁ ਰਚਨਾ ਐਸੇ ਰਚੀ ਸੋ ਕਛੁ ਕਹੋ ਸੁਨਾਇ ॥ ੧ ॥

ਇੱਕ ਸਮੇਂ (ਮੇਰਾ) ਭਲਾ ਚਾਹੁਣ ਵਾਲੇ (ਮਿੱਤਰ) ਨੇ ਬੜੇ ਪ੍ਰੇਮ ਅਤੇ ਧਿਆਨ ਨਾਲ ਆਖਿਆ, "ਪ੍ਰਭੂ ਨੇ ਇਹ ਰਚਨਾ ਰਚੀ ਸੀ, ਇਸ ਬਾਰੇ ਕੁਝ ਸੁਣਾਓ।" ॥੧॥

ਵਿਆਖਿਆ:- ਕਵੀ ਜੀ ਨੇ ਇਸ ਗ੍ਰੰਥ ਵਿੱਚ ਥਾਂ-ਥਾਂ ਉੱਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ 'ਪ੍ਰਭੂ' ਕਹਿ ਕੇ ਸੰਬੋਧਨ ਕੀਤਾ ਹੈ। ਇਸ ਪੰਕਤੀ ਦੇ ਸਾਧਾਰਣ ਅਰਥ ਬਣਦੇ ਹਨ ਕਿ ਪ੍ਰਭੂ ਨੇ ਇਹ ਰਚਨਾ ਜਿਸ ਤਰ੍ਹਾਂ ਰਚੀ, ਤੁਸੀਂ ਮੈਨੂੰ ਉਹ ਸੁਣਾਉ। ਪਰ, ਇਸ ਦਾ ਭਾਵ ਅਰਥ ਇਹ ਹੈ ਕਿ ਕਵੀ ਜੀ ਨੂੰ ਉਹਨਾਂ ਦੇ ਮਿੱਤਰ ਨੇ ਕਿਹਾ ਕਿ ਪ੍ਰਭੂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਜੀਵਨ ਦੀ ਲੀਲਾ ਰੂਪੀ ਰਚਨਾ ਜਿਸ ਤਰ੍ਹਾਂ ਰਚੀ ਸੀ, ਤੁਸੀਂ ਮੈਨੂੰ ਉਹ ਸੁਣਾਉ।

ਸਵੈਯਾ ॥
ਸੁਨਿ ਕੈ ਉਪਜੀ ਤਬ ਹੀ ਮਨਿ ਮੈ ਬਰਨੌ ਉਪਮਾ ਪ੍ਰਭੁ ਕੀ ਕਹੀਐ ॥
ਮਤਿ ਥੋਰੀ ਸੀ ਥੋਰੀ ਹੂੰ ਤੇ ਛਿਨ ਏਕ ਸੁ ਤੇਰੀ ਦਿਆਲ ਦਯਾ ਚਹੀਐ ॥
ਕਹਿਬੋ ਬਿਨਤੀ ਕਰ ਜੋਰਿ ਦੋਊ ਹਰਿ ਕੀਜੈ ਸੋਊ ਜੁ ਪਰੈ ਸਹੀਐ ॥
ਤੁਮਰੀ ਉਪਮਾ ਤੁਮ ਹੀ ਬਰਨੌ ਕਰ ਆਪਨ ਤੇ ਕਰਿ ਮੋ ਗਹੀਐ ॥ ੨ ॥

ਇਹ ਸੁਣ ਕੇ ਮੇਰੇ ਮਨ ਵਿੱਚ ਤਦ ਹੀ ਇਹ ਵਿਚਾਰ ਪੈਦਾ ਹੋਇਆ ਕਿ ਮੈਨੂੰ ਪ੍ਰਭੂ ਦੀ ਮਹਿਮਾ ਦਾ ਵਰਣਨ ਕਰਨਾ ਚਾਹੀਦਾ ਹੈ। ਮੇਰੀ ਬੁੱਧੀ ਥੋੜ੍ਹੀ ਤੋਂ (ਵੀ) ਥੋੜ੍ਹੀ ਹੈ, ਇਸ ਲਈ ਮੈਨੂੰ (ਹੇ) ਦਇਆਲ (ਪ੍ਰਭੂ!) ਇੱਕ

ਛਿਣ ਵਾਸਤੇ (ਹੀ ਸਹੀ, ਪਰ) ਤੇਰੀ ਦਇਆ ਚਾਹੀਦੀ ਹੈ। ਮੈਂ ਦੋਵੇਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਹੇ ਹਰੀ! (ਤੁਸੀਂ) ਉਹ ਹੀ ਕੁੱਝ ਕਰੋ, ਜੀ (ਆਪ ਜੀ ਨੂੰ) ਸਹੀ ਲੱਗਦਾ ਹੈ । (ਮੈਂ ਤਾਂ ਆਪ ਜੀ ਦੀ ਉਸਤਤੀ ਲਿੱਖਣ ਵਿੱਚ ਅਸਮਰਥ ਹਾਂ, ਇਸਲਈ) ਆਪਣੇ ਹੱਥਾਂ ਨਾਲ ਮੇਰਾ ਹੱਥ ਫੜ ਕੇ (ਮੇਰੇ ਤੋਂ) ਆਪਣੀ ਵਡਿਆਈ ਤੁਸੀਂ ਆਪ ਹੀ ਬਿਆਨ ਕਰੋ ਜੀ ॥੨॥

ਦੋਹਰਾ ॥
ਮਤਿ ਥੋਰੀ ਉਪਮਾ ਘਨੀ ਕਿਹਿ ਬਿਧਿ ਬਰਨੀ ਜਾਇ ॥
ਬਿਨੈਂ ਕਰੈ ਕਰਿ ਜੋਰਿ ਕਬਿ ਸਤਿਗੁਰੁ ਹੋਹੁ ਸਹਾਇ ॥ ੩ ॥

ਮੇਰੀ ਬੁੱਧੀ ਥੋੜ੍ਹੀ ਹੈ (ਤੇ ਪ੍ਰਭੂ ਦੀ) ਉਪਮਾ ਬਹੁਤ ਜ਼ਿਆਦਾ ਹੈ; ਉਸਦਾ ਵਰਣਨ ਕਿਸ ਤਰੀਕੇ ਨਾਲ ਕੀਤਾ ਜਾ ਸਕਦਾ ਹੈ? ਕਵੀ (ਆਪਣੇ ਦੋਵੇਂ) ਹੱਥ ਜੋੜ ਕੇ ਬੇਨਤੀ ਕਰਦਾ ਹੈ, "ਹੇ ਸਤਿਗੁਰੂ! ਮੇਰੇ ਸਹਾਇਕ ਹੋਵੋ।" ॥੩॥

ਦੋਹਰਾ ॥
ਨਮਸਕਾਰ ਕਰਿ ਜੋਰਿ ਕੈ ਕਰਤਿ ਜੀਵ ਅਰਦਾਸ ॥
ਰਚੌ ਗ੍ਰੰਥ ਤੁਮਰੀ ਕਥਾ ਕਰਹੁ ਸੁ ਬੁਧਿ ਪ੍ਰਗਾਸ ॥ ੪ ॥

(ਇਹ) ਜੀਵ ਹੱਥ ਜੋੜ ਕੇ (ਆਪ ਜੀ ਨੂੰ) ਨਮਸਕਾਰ ਕਰਕੇ ਅਰਦਾਸ ਕਰਦਾ ਹੈ। (ਹੇ ਪ੍ਰਭੂ!) ਤੁਸੀਂ (ਮੇਰੀ) ਬੁੱਧੀ ਨੂੰ (ਇੰਨਾ) ਪ੍ਰਕਾਸ਼ਮਾਨ ਕਰੋ ਕਿ ਮੈਂ ਤੁਹਾਡੀ ਗਾਥਾ ਦਾ ਗ੍ਰੰਥ ਰਚ ਸਕਾਂ॥੪॥

ਗੁਰ ਸੋਭਾ ਯਾ ਗ੍ਰੰਥ ਕੋ ਧਰੋ ਸੁ ਨਾਮ ਬੀਚਾਰ ॥
ਸੁਨਤ ਕਹਿਤ ਗਤਿ ਹੋਤ ਹੈ ਮਨ ਅੰਤਰਿ ਉਰਿਧਾਰਿ ॥ ੫ ॥

ਵੀਚਾਰ ਕਰ ਕੇ ਇਸ ਗ੍ਰੰਥ ਦਾ ਨਾਮ "ਗੁਰ ਸੋਭਾ" ਰੱਖਿਆ ਹੈ। (ਗੁਰੂ ਸਾਹਿਬ ਜੀ ਦੀ) ਇਸ (ਕਥਾ) ਨੂੰ ਸੁਣਨ, ਕਹਿਣ ਅਤੇ ਮਨ ਦੇ ਅੰਦਰ ਧਾਰਨ ਕਰਨ ਨਾਲ (ਜੀਵ ਦੀ ਸ਼ੁੱਭ-) ਗਤੀ ਹੋ ਜਾਂਦੀ ਹੈ। ॥੫॥

ਸੰਮਤ ਸਤ੍ਰਹ ਸੈ ਭਏ ਬਰਖ ਅਠਾਸਠ ਬੀਤ ॥

ਭਾਦਵ ਸੁਦਿ ਪੰਦ੍ਰਸ ਭਈ ਰਚੀ ਕਥਾ ਕਰਿ ਪ੍ਰੀਤ ॥ ੬ ॥

ਸੰਮਤ ਸਤਾਰਾਂ ਸੌ ਅਠਾਹਠ (1768 ਬਿਕਰਮੀ) ਬੀਤ ਗਿਆ ਹੈ। ਭਾਦੋਂ ਮਹੀਨੇ ਦੀ ਸੁਦੀ ਪੰਦਰਾਂ (ਪੂਰਨਮਾਸ਼ੀ) ਨੂੰ ਇਹ ਕਥਾ ਪ੍ਰੇਮ ਨਾਲ ਰਚੀ ਗਈ। ॥੬॥

ਟਿੱਪਣੀ:- ਇਹ ਇਸ ਗ੍ਰੰਥ ਦੇ ਪੂਰਨ ਹੋਣ ਦੀ ਤਿਥੀ ਹੈ। ਇਸ ਤੋਂ ਇਹ ਭਾਵ ਹੈ ਕਿ ਇਹ ਗ੍ਰੰਥ ਇਸ ਤੋਂ ਪਹਿਲਾਂ ਹੀ ਲਿਖਣਾ ਸ਼ੁਰੂ ਕੀਤਾ ਜਾ ਚੁੱਕਾ ਸੀ। 1768 ਬਿਕਰਮੀ (1711 ਈਸਵੀ) ਵਿੱਚ ਇਸ ਗ੍ਰੰਥ ਦੀ ਸੰਪੂਰਨਤਾ ਹੋਈ।

ਸਤਿਗੁਰੁ ਕੀ ਉਪਮਾ ਕਹੋ ਦਿਵਸ ਰੈਨ ਬੀਚਾਰਿ ॥
ਦੀਜੈ ਸੁਧਿ ਬੁਧਿ ਬਰ ਕਰਨਹਾਰ ਕਰਤਾਰ ॥ ੭ ॥

ਮੈਂ ਦਿਨ-ਰਾਤ ਵਿਚਾਰ ਕਰਕੇ ਸਤਿਗੁਰੂ ਦੀ ਮਹਿਮਾ ਦਾ ਵਰਣਨ ਕਰਾਂ। (ਹੇ ਸਭ ਕੁਝ ਕਰਨ ਵਾਲੇ) ਕਰਤਾਰ! ਮੈਨੂੰ ਚੰਗੀ ਸ੍ਰੇਸ਼ਠ ਬੁੱਧੀ ਪ੍ਰਦਾਨ ਕਰੋ। ॥੭॥

ਚੌਪਈ ॥
ਤਵ ਪ੍ਰਸਾਦਿ ਗੁਰੂ ਉਪਦੇਸੇ ॥
ਜਨਮ ਜਨਮ ਕੇ ਮਿਟੇ ਅੰਦੇਸੇ ॥
ਤਬ ਯਹਿ ਕੀਟ ਪਤਿਤ ਮਨ ਆਯੋ ॥
ਭਈ ਕ੍ਰਿਪਾ ਗੁਰੁ ਮਾਰਗਿ ਪਾਯੋ ॥ ੮ ॥

ਤੁਹਾਡੀ ਕਿਰਪਾ ਨਾਲ ਗੁਰੂ ਜੀ ਨੇ ਉਪਦੇਸ਼ ਦਿੱਤਾ, ਜਿਸ ਨਾਲ ਜਨਮਾਂ-ਜਨਮਾਂ ਦੇ ਸਾਰੇ (ਡਰ ਅਤੇ) ਸ਼ੰਕਾਵਾਂ ਮਿਟ ਗਈਆਂ। ਤਦ ਇਸ ਪਤਿਤ ਕੀੜੇ (ਭਾਵ, ਨਿਮਾਣੇ ਜਿਹੇ ਵਿਅਕਤੀ) ਦੇ ਮਨ ਵਿੱਚ ਆਇਆ ਕਿ (ਮੇਰੇ ਉੱਤੇ ਗੁਰੂ ਜੀ ਦੀ) ਕਿਰਪਾ ਹੋਈ ਤੇ ਗੁਰੂ ਨੇ ਮੈਨੂੰ (ਸਹੀ) ਮਾਰਗ 'ਤੇ ਪਾ ਦਿੱਤਾ ਹੈ॥੮॥

ਤਬ ਮਨ ਮੀਤ ਮੋਹਿ ਇਮ ਭਾਖੀ ॥
ਪ੍ਰਗਟਿ ਕਹੋ ਸਤਿਗੁਰੁ ਕੀ ਸਾਖੀ ॥

ਜੋ ਪ੍ਰਭੁ ਗੁਰੁ ਕੋ ਬਚਨ ਸੁਨਾਏ ॥
ਕਹਿਹੌ ਕਥਾ ਸੁਨੋ ਚਿਤ ਲਾਇ ॥ ੯ ॥

ਤਦ ਮੇਰੇ ਮਨ-ਮਿੱਤਰ ਨੇ ਮੈਨੂੰ ਇਸ ਤਰ੍ਹਾਂ ਕਿਹਾ, "ਸਤਿਗੁਰੂ ਦੀ ਸਾਖੀ (ਜੀਵਨ-ਗਾਥਾ) ਨੂੰ ਪ੍ਰਗਟ ਕਰ (ਕੇ ਸੁਣਾਉ)।" ਜੋ ਬਚਨ ਪ੍ਰਭੂ-ਰੂਪ ਗੁਰੂ ਨੇ ਸੁਣਾਏ ਹਨ, ਮੈਂ ਉਹ ਕਥਾ ਕਹਾਂਗਾ, ਤੁਸੀਂ ਚਿੱਤ ਲਗਾ ਕੇ ਸੁਣੋ। ॥੯॥

ਨਿਰਮਲ ਪੰਥ ਜੋਤਿ ਉਜਿਆਰੀ ॥
ਦੀਰਘ ਪ੍ਰਬਲ ਸਬਲ ਅਤਿ ਭਾਰੀ ॥
ਜਬ ਗੁਰੁ ਕਛੁਇਕ ਬੁਧਿ ਪ੍ਰਗਾਸੀ ॥
ਦਯਾ ਕਰੀ ਪੂਰਨ ਅਬਿਨਾਸੀ ॥ ੧੦ ॥

ਇਹ (ਖਾਲਸਾ) ਪੰਥ ਨਿਰਮਲ ਹੈ, ਇਸਦੀ ਜੋਤ ਚਾਨਣ ਕਰਨ ਵਾਲੀ ਹੈ। ਇਹ ਬਹੁਤ ਵੱਡਾ, ਸ਼ਕਤੀਸ਼ਾਲੀ ਅਤੇ ਬਲਵਾਨ ਹੈ। ਜਦੋਂ ਗੁਰੂ ਨੇ (ਮੇਰੀ) ਬੁੱਧੀ ਨੂੰ ਕੁੱਝ ਪ੍ਰਕਾਸ਼ਮਾਨ ਕੀਤਾ ਅਤੇ ਪੂਰਨ ਅਬਿਨਾਸ਼ੀ ਪ੍ਰਭੂ ਨੇ ਦਇਆ ਕੀਤੀ (ਤਾਂ ਮੈਂ ਇਹ ਕਾਰਜ ਆਰੰਭਿਆ)। ॥੧੦॥

ਸਤਿਗੁਰੁ ਸੋਭਾ ਇਹ ਤੇ ਕਹੌ ॥
ਤਿਹ ਪ੍ਰਤਾਪ ਪਰਮ ਪਦ ਲਹੌ ॥
ਪੂਰਨ ਪੁੰਨ ਪਰੇ ਤਿਹ ਸਰਨਾ ॥
ਅਮਰ ਭਏ ਫਿਰਿ ਜਨਮ ਨ ਮਰਨਾ ॥ ੧੧ ॥

ਇਸ ਲਈ ਮੈਂ ਸਤਿਗੁਰੂ ਦੀ ਸੋਭਾ ਦਾ ਵਰਣਨ ਕਰਦਾ ਹਾਂ, (ਤਾਂ ਜੋ) ਉਸਦੇ ਪ੍ਰਤਾਪ ਨਾਲ ਮੈਂ ਪਰਮ ਪਦ (ਉੱਚੀ ਅਧਿਆਤਮਿਕ ਅਵਸਥਾ) ਨੂੰ ਪ੍ਰਾਪਤ ਕਰਾਂ। ਜਿਨ੍ਹਾਂ ਦੇ ਪੂਰਨ ਪੁੰਨ (ਚੰਗੇ ਕਰਮ) ਹੁੰਦੇ ਹਨ, ਉਹ ਹੀ ਉਸਦੀ ਸ਼ਰਨ ਵਿੱਚ ਆਉਂਦੇ ਹਨ। ਉਹ ਅਮਰ ਹੋ ਜਾਂਦੇ ਹਨ ਤੇ ਫਿਰ ਉਨ੍ਹਾਂ ਦਾ ਜਨਮ-ਮਰਨ ਦਾ ਚੱਕਰ ਮੁੱਕ ਜਾਂਦਾ ਹੈ। ॥੧੧॥

ਅਬ ਸਤਿਗੁਰੁ ਕੇ ਨਾਮ ਬਖਾਨੋ ॥
ਪਰਮ ਪੁਰਖ ਤਿਹ ਤੇ ਪਹਿਚਾਨੋ ॥
ਪ੍ਰਥਮੇ ਸਤਿਗੁਰੁ ਨਾਨਕ ਭਏ ॥
ਅੰਗਦ ਅਮਰਦਾਸ ਪ੍ਰਗਟਏ ॥ ੧੨ ॥

ਹੁਣ ਮੈਂ ਸਤਿਗੁਰ ਦੇ ਨਾਵਾਂ ਦਾ ਵਰਣਨ ਕਰਦਾ ਹਾਂ, ਜਿਨ੍ਹਾਂ ਦੁਆਰਾ ਉਸ ਪਰਮ ਪੁਰਖ (ਪਰਮਾਤਮਾ) ਦੀ ਪਛਾਣ ਹੁੰਦੀ ਹੈ। ਸਭ ਤੋਂ ਪਹਿਲਾਂ ਸਤਿਗੁਰੂ ਨਾਨਕ ਜੀ ਹੋਏ। ਫਿਰ (ਗੁਰੂ) ਅੰਗਦ ਦੇਵ ਜੀ ਅਤੇ (ਗੁਰੂ) ਅਮਰਦਾਸ ਜੀ ਪ੍ਰਗਟ ਹੋਏ। ॥੧੨॥

ਤਿਹ ਤੇ ਰਾਮਦਾਸ ਗੁਰੁ ਜਾਨੋ ॥
ਅਰਜਨ ਹਰਿਗੋਬਿੰਦ ਪਛਾਨੋ ॥
ਤਿਹ ਤੇ ਗੁਰੂ ਭਏ ਹਰਿਰਾਇ ॥
ਫੇਰਿ ਗੁਰੂ ਹਰਿਕ੍ਰਿਸਨ ਕਹਾਇ ॥ ੧੩ ॥

ਉਨ੍ਹਾਂ ਤੋਂ ਬਾਅਦ ਗੁਰੂ ਰਾਮਦਾਸ ਜੀ ਨੂੰ ਜਾਣੋ, ਅਤੇ ਫਿਰ (ਗੁਰੂ) ਅਰਜਨ ਜੀ ਅਤੇ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਪਛਾਣੋ। ਉਨ੍ਹਾਂ ਤੋਂ ਬਾਅਦ ਗੁਰੂ ਹਰਿਰਾਇ ਸਾਹਿਬ ਜੀ ਹੋਏ, ਅਤੇ ਫਿਰ ਗੁਰੂ ਹਰਿਕ੍ਰਿਸ਼ਨ ਜੀ ਕਹਾਏ। ॥੧੩॥

ਪ੍ਰਗਟ ਭਏ ਗੁਰੁ ਤੇਗ ਬਹਾਦਰ ॥
ਸਗਲ ਸ੍ਰਿਸਟਿ ਪੈ ਢਾਪੀ ਚਾਦਰ ॥
ਕਰਮ ਧਰਮ ਕੀ ਜਿਨਿ ਪਤਿ ਰਾਖੀ ॥
ਅਟਲ ਕਰੀ ਕਲਿਜੁਗ ਮੈ ਸਾਖੀ ॥ ੧੪ ॥

(ਫਿਰ) ਗੁਰੂ ਤੇਗ ਬਹਾਦਰ ਜੀ ਪ੍ਰਗਟ ਹੋਏ, ਜਿਨ੍ਹਾਂ ਦੀ (ਰੱਖਿਆ ਦੀ) ਚਾਦਰ ਸਾਰੀ ਸ੍ਰਿਸ਼ਟੀ ਉੱਤੇ ਤਣੀ ਹੋਈ ਹੈ। ਜਿਨ੍ਹਾਂ ਨੇ ਕਰਮ ਅਤੇ ਧਰਮ ਦੀ ਇੱਜ਼ਤ ਰੱਖੀ, ਅਤੇ ਕਲਯੁੱਗ ਵਿੱਚ (ਪਰਮਾਤਮਾ ਦੇ ਨਾਮ ਦੀ) ਸਾਖੀ ਨੂੰ ਅਟੱਲ ਕਰ ਦਿੱਤਾ। ॥੧੪॥

ਸਗਲ ਸ੍ਰਿਸਟਿ ਜਾ ਕਾ ਜਸ ਭਯੋ ॥
ਜਿਹ ਤੇ ਸਰਬ ਧਰਮ ਬੰਚਯੋ ॥
ਤੀਨ ਲੋਕ ਮੈ ਜੈ ਜੈ ਭਈ ॥
ਸਤਿਗੁਰੁ ਪੈਜ ਰਾਖਿ ਇਮ ਲਈ ॥ ੧੫ ॥

ਸਾਰੀ ਸ੍ਰਿਸ਼ਟੀ ਵਿੱਚ ਜਿਨ੍ਹਾਂ ਦਾ ਜਸ ਹੋਇਆ। ਜਿਨ੍ਹਾਂ ਕਰਕੇ ਸਾਰੇ ਧਰਮ ਦੀ ਰੱਖਿਆ ਹੋਈ। ਤਿੰਨਾਂ ਲੋਕਾਂ ਵਿੱਚ ਉਨ੍ਹਾਂ ਦੀ ਜੈ-ਜੈਕਾਰ ਹੋਈ। ਇਸ ਤਰ੍ਹਾਂ ਸਤਿਗੁਰੂ ਨੇ (ਧਰਮ ਦੀ) ਲਾਜ ਰੱਖੀ। ॥੧੫॥

ਤਿਲਕ ਜਨੇਊ ਅਰੁ ਧਰਮਸਾਲਾ ॥
ਅਟਲ ਕਰੀ ਗੁਰੁ ਭਏ ਦਯਾਲਾ ॥
ਧਰਮ ਹੇਤ ਪ੍ਰਭੁ ਪੁਰਹਿ ਸਿਧਾਏ ॥
ਗੁਰੁ ਗੋਬਿੰਦ ਸਿੰਘ ਕਹਿਲਾਏ ॥ ੧੬ ॥

ਗੁਰੂ ਜੀ ਦਿਆਲ ਹੋਏ ਤੇ ਤਿਲਕ, ਜੰਞੂ ਅਤੇ ਧਰਮਸ਼ਾਲਾ ਦੀ ਹੋਂਦ ਨੂੰ ਅਟਲ ਕਰ ਦਿੱਤਾ। ਧਰਮ ਦੀ (ਰੱਖਿਆ) ਲਈ (ਗੁਰੂ ਤੇਗ਼ ਬਹਾਦੁਰ ਸਾਹਿਬ ਜੀ) ਪ੍ਰਭੂਪੁਰ (ਭਾਵ, ਸੱਚਖੰਡ) ਚਲੇ ਗਏ, ਅਤੇ (ਉਹ ਆਪ ਜੀ ਆਪਣੀ ਜੋਤਿ ਦੱਸਵੇਂ ਗੁਰੂ ਜੀ ਟਿਕਾ ਕੇ) ਗੁਰੂ ਗੋਬਿੰਦ ਸਿੰਘ ਜੀ ਅਖਵਾਏ ਗਏ। ॥੧੬॥

ਸਵੈਯਾ ॥
ਗੁਰ ਤੇਗ ਬਹਾਦਰ ਤੇ ਗੁਰੁ ਗੋਬਿੰਦ ਸਿੰਘ ਭਯੋ ਤਾਰਣ ਤਰਣੰ ॥
ਤ੍ਰੈ ਲੋਕ ਬਿਖੈ ਜੈਕਾਰ ਭਯੋ ਪ੍ਰਗਟਯੋ ਗੁਰੁ ਆਦਿ ਕ੍ਰਿਆ ਕਰਣੰ ॥
ਦੁਸਟ ਬਿਡਾਰਣ ਸੰਤ ਉਬਾਰਣ ਸਬ ਜਗ ਤਾਰਣ ਭਵ ਹਰਣੰ ॥
ਜੈ ਜੈ ਜੈ ਦੇਵ ਕਰੈ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੰ ॥ ੧੭ ॥

ਗੁਰੂ ਤੇਗ ਬਹਾਦਰ ਜੀ ਤੋਂ (ਹੀ) ਸੰਸਾਰ ਨੂੰ ਤਾਰਨ ਲਈ ਜਹਾਜ਼ ਬਣ ਕੇ ਗੁਰੂ ਗੋਬਿੰਦ ਸਿੰਘ ਜੀ (ਪ੍ਰਗਟ) ਹੋਏ। (ਉਹਨਾਂ ਦੀ) ਤਿੰਨਾਂ ਲੋਕਾਂ ਵਿੱਚ ਜੈ-ਜੈਕਾਰ ਹੋਈ ਜਦੋਂ (ਸ੍ਰਿਸ਼ਟੀ ਦੀ ਉਤਪਤੀ ਦਾ) ਮੁੱਢਲਾ ਕਾਰਜ ਕਰਨ ਵਾਲੇ ਗੁਰੂ ਜੀ ਪ੍ਰਗਟ ਹੋਏ। ਉਹ ਦੁਸ਼ਟਾਂ ਦਾ ਨਾਸ਼ ਕਰਨ ਵਾਲੇ, ਸੰਤਾਂ ਦਾ ਉਧਾਰ ਕਰਨ ਵਾਲੇ, ਸਾਰੇ ਸੰਸਾਰ ਨੂੰ ਤਾਰਨ ਵਾਲੇ ਅਤੇ ਜਨਮ-ਮਰਨ ਦੇ ਡਰ ਨੂੰ ਦੂਰ ਕਰਨ ਵਾਲੇ ਹਨ। ਸਾਰੇ ਦੇਵਤੇ ਉਨ੍ਹਾਂ ਦੀ ਜੈ-ਜੈਕਾਰ ਕਰਦੇ ਹਨ ਅਤੇ ਆ ਕੇ ਗੁਰੂ ਦੀ ਸ਼ਰਨ ਵਿੱਚ ਆ ਗਏ। ॥੧੭॥

ਚੌਪਈ ॥
ਤਿਹ ਬਖਸੀਸ ਕਰੀ ਕਰਤਾਰੰ ॥

ਪ੍ਰਭੂ ਬਾਕ ਇਮ ਕਹੋ ਬਿਚਾਰੰ ॥
ਤੁਮ ਮੇਰਾ ਇਕ ਪੰਥ ਚਲਾਵੋ ॥
ਸੁਮਤਿ ਦੇਹ ਲੋਗਨ ਸਮਝਾਵੋ ॥ ੧੮ ॥

ਚੌਪਈ ॥
ਉਨ੍ਹਾਂ (ਗੁਰੂ ਗੋਬਿੰਦ ਸਿੰਘ ਜੀ) ਉੱਤੇ ਕਰਤਾਰ ਨੇ ਬਖਸ਼ਿਸ਼ ਕੀਤੀ। ਪ੍ਰਭੂ ਨੇ ਵਿਚਾਰ ਕੇ ਇਸ ਤਰ੍ਹਾਂ ਬਚਨ ਕੀਤਾ: "ਤੁਸੀਂ ਮੇਰਾ ਇੱਕ ਪੰਥ ਚਲਾਉ (ਅਤੇ) ਚੰਗੀ ਮੱਤ ਦੇ ਕੇ ਲੋਕਾਂ ਨੂੰ ਸਮਝਾਓ।" ॥੧੮॥

ਜੋ ਪ੍ਰਾਨੀ ਜਮ ਮਗ ਤੇ ਡਰੈ ॥
ਸੁਨਿ ਉਪਦੇਸ ਸਰਨਿ ਤੁਹਿ ਪਰੈ ॥
ਜੋ ਪ੍ਰਭੁ ਪੰਥ ਰਚੇ ਰਚਿ ਪ੍ਰੀਤੰ ॥
ਹੈ ਤਿਹ ਸੰਗ ਮੋਹਿ ਇਹ ਰੀਤੰ ॥ ੧੯ ॥

"ਜੋ ਕੋਈ ਪ੍ਰਾਣੀ ਜਮਾਂ ਦੇ ਰਸਤੇ ਤੋਂ ਡਰਦਾ ਹੈ, ਉਹ ਤੁਹਾਡਾ ਉਪਦੇਸ਼ ਸੁਣ ਕੇ ਤੁਹਾਡੀ ਸ਼ਰਨ ਵਿੱਚ ਆ ਜਾਵੇਗਾ। ਜੋ ਪ੍ਰੇਮ ਨਾਲ ਮੇਰੇ ਰਚੇ ਹੋਏ ਪੰਥ ਵਿੱਚ ਸ਼ਾਮਲ ਹੋਵੇਗਾ, ਮੇਰਾ ਨਿਯਮ ਹੈ ਕਿ ਮੈਂ ਹਮੇਸ਼ਾ ਉਸਦੇ ਨਾਲ ਰਹਾਂਗਾ।" ॥੧੯॥

ਭਗਤਿ ਹੇਤ ਜੇ ਜੇ ਹਮ ਰਚੇ ॥
ਲੈ ਲੈ ਸਿਧ ਜਗਤ ਮੈ ਮਚੇ ॥
ਅਪਨੀ ਅਪਨੀ ਪੂਜ ਲਗਾਨੇ ॥
ਅਪਨੇ ਆਪਿ ਆਪਿ ਉਰਝਾਨੇ ॥ ੨੦ ॥

"ਭਗਤੀ ਦੇ ਲਈ ਮੈਂ ਜਿਨ੍ਹਾਂ-ਜਿਨ੍ਹਾਂ ਨੂੰ ਰਚਿਆ (ਅਤੇ ਸੰਸਾਰ ਵਿੱਚ ਭੇਜਿਆ), ਉਹ ਸਿੱਧੀਆਂ ਪ੍ਰਾਪਤ ਕਰਕੇ ਜਗਤ ਵਿੱਚ ਮਸ਼ਹੂਰ ਹੋ ਗਏ। ਉਹ ਆਪਣੀ-ਆਪਣੀ ਪੂਜਾ ਕਰਵਾਉਣ ਲੱਗ ਪਏ ਅਤੇ ਆਪਣੇ ਆਪ ਵਿੱਚ ਹੀ ਉਲਝ ਗਏ।" ॥੨੦॥

ਹਮ ਸੋ ਇਹ ਬਿਧਿ ਕਰੈ ਕਰਾਰੀ ॥
ਨਿਸ ਦਿਨ ਉਸਤਤਿ ਕਰਹਿ ਤਿਹਾਰੀ ॥
ਬਚਨ ਬਿਸਾਰ ਰਹੇ ਬਿਖ ਮਾਹੀ ॥

ਤਿਨ ਕੋ ਮੋਖ ਮੁਕਤਿ ਇਮ ਨਾਹੀ ॥ ੨੧ ॥

(ਉਨ੍ਹਾਂ ਨੇ) ਮੇਰੇ ਨਾਲ਼ ਇਹ ਇਕਰਾਰ ਕੀਤਾ ਸੀ, “ਅਸੀਂ ਦਿਨ-ਰਾਤ ਤੇਰੀ (ਪਰਮਾਤਮਾ ਦੀ) ਉਸਤਤਿ ਕਰਾਂਗੇ।”

(ਪਰ) ਉਹ ਮੇਰੇ ਬਚਨਾਂ ਨੂੰ ਭੁਲਾ ਕੇ (ਪੰਜ ਤਰ੍ਹਾਂ ਦੇ) ਵਿਸ਼ਿਆਂ ਵਿੱਚ ਲੱਗੇ ਰਹੇ। ਉਨ੍ਹਾਂ ਦੀ ਮੁਕਤੀ ਇਸ ਤਰ੍ਹਾਂ (ਵਿਸ਼ਿਆਂ ਵਿੱਚ ਲੱਗੇ ਰਹਿਣ ਨਾਲ) ਨਹੀਂ ਹੋ ਸਕਦੀ। ॥੨੧॥

ਭੁਜੰਗ ਪ੍ਰਯਾਤ ਛੰਦ ॥
ਬਨਾਯੰ ਬਿਨਾਸੰ ਉਪਾਯੰ ਖਪਾਯੰ ॥
ਕਰਨਹਾਰ ਕਰਤਾਰ ਜੋਨੀ ਭੁਲਾਯੰ ॥
ਕਈ ਜੰਤ ਜੋਧਾ ਬਡੇ ਆਪਿ ਕੀਨੇ ॥
ਤਿਨੈ ਸ੍ਰਿਸਟਿ ਮੈ ਆਨ ਸਰਬੰਸ ਦੀਨੇ ॥ ੨੨ ॥

ਜੋ ਕਰਨਹਾਰ ਪਰਮਾਤਮਾ (ਸਭ ਜੀਵਾਂ ਨੂੰ) ਬਣਾਉਂਦਾ ਹੈ ਤੇ ਵਿਨਾਸ਼ ਕਰ ਦਿੰਦਾ ਹੈ, (ਜੋ ਸਭ ਜੀਵਾਂ ਨੂੰ) ਪੈਦਾ ਕਰਦਾ ਹੈ (ਤੇ ਫਿਰ) ਖਤਮ ਕਰ ਦਿੰਦਾ ਹੈ, ਉਸ (ਕਰਤਾਰ) ਨੂੰ ਜੂਨ (ਵਿੱਚ ਪੈਣ ਤੋਂ ਬਾਅਦ) ਜੀਵ ਭੁਲਾ ਦਿੰਦਾ ਹੈ। ਉਸਨੇ ਆਪ ਹੀ ਕਈ ਜੰਤੂ ਅਤੇ ਵੱਡੇ-ਵੱਡੇ ਯੋਧੇ ਪੈਦਾ ਕੀਤੇ ਅਤੇ ਉਨ੍ਹਾਂ ਨੂੰ ਸੰਸਾਰ ਵਿੱਚ ਆਉਣ ਮਗਰੋਂ ਸਰਬ ਅੰਸ਼ (ਭਾਵ, ਸਭ ਕੁਝ) ਪ੍ਰਦਾਨ ਕੀਤਾ। ॥੨੨॥

ਉਦੈ ਅਸਤ ਲੌ ਰਾਜ ਰਾਜਾ ਕਹਾਏ ॥
ਲਗੇ ਧਜਾਨ ਅਉਰੇ ਸੁ ਆਪੇ ਕਹਾਏ ॥
ਬਡੇ ਰਾਛਸੰ ਜੋਰ ਜੋਧਾ ਬਲੀਅੰ ॥
ਚਲੀਅੰ ਹਲੀਅੰ ਧਰੀਅੰ ਸੁ ਈਅੰ ॥ ੨੩ ॥

(ਸੂਰਜ ਦੇ) ਚੜ੍ਹਨ ਤੋਂ ਲੈ ਕੇ ਛਿਪਣ ਤੱਕ (ਭਾਵ, ਸਾਰੀ ਧਰਤੀ 'ਤੇ) ਉਹ ਰਾਜਿਆਂ ਦੇ ਰਾਜੇ ਕਹਾਏ, (ਪਰ ਉਹ) ਹੋਰ ਪਾਸੇ ਧਿਆਨ ਲਾ ਕੇ ਆਪਣੇ ਆਪ ਨੂੰ ਹੀ (ਵੱਡਾ) ਅਖਵਾਉਣ ਲੱਗ ਪਏ। (ਐਸੇ-ਐਸੇ) ਵੱਡੇ ਰਾਖ਼ਸ਼, ਜ਼ੋਰ ਵਾਲੇ ਯੋਧੇ ਤੇ ਬਲਵਾਨ ਹੋਏ, ਜੋ (ਜਦੋਂ) ਚੱਲਦੇ ਸਨ, (ਤਾਂ) ਇਹ ਧਰਤੀ ਹਿੱਲਦੀ ਸੀ। ॥੨੩॥

ਨਹੀ ਏਕ ਜਾਨੇ ਬਡੇ ਗਰਬ ਕਾਰੀ ॥
ਤਿਅੰ ਮਾਰਿਬੇ ਕਾਜ ਚੰਡੀ ਸੁ ਧਾਰੀ ॥
ਕੀਏ ਛਾਰ ਸੰਸਾਰ ਮੈ ਸੋਭ ਹੋਈ ॥
ਕਹੈ ਤਾਹਿ ਏਹੀ ਸੁ ਦੂਜਾ ਨ ਕੋਈ ॥ ੨੪ ॥

ਉਨ੍ਹਾਂ ਵੱਡੇ ਹੰਕਾਰੀਆਂ ਨੇ ਇੱਕ (ਮੈਨੂੰ ਪ੍ਰਭੂ) ਨੂੰ ਨਹੀਂ ਜਾਣਿਆ। ਉਨ੍ਹਾਂ ਨੂੰ ਮਾਰਨ ਲਈ (ਮੈਂ) ਚੰਡੀ (ਦੁਰਗਾ) ਨੂੰ ਬਣਾਇਆ। ਉਸਨੇ ਉਨ੍ਹਾਂ ਨੂੰ ਸੁਆਹ ਕਰ ਦਿੱਤਾ ਅਤੇ ਸੰਸਾਰ ਵਿੱਚ ਉਸਦੀ ਸ਼ੋਭਾ ਹੋਈ। ਲੋਕ ਕਹਿਣ ਲੱਗੇ ਕਿ ਇਹੀ (ਦੇਵੀ ਮਾਤਾ ਸਭ ਕੁਝ) ਹੈ, ਇਸ ਤੋਂ ਬਿਨਾਂ ਹੋਰ ਕੋਈ ਨਹੀਂ। ॥੨੪॥

ਕੀਏ ਭੂਪ ਭਾਰੀ ਵਡੇ ਛਤ੍ਰਧਾਰੀ ॥
ਸੋਈ ਭਰਮ ਭੂਲੇ ਕਿਯੇ ਜੁੱਧ ਭਾਰੀ ॥
ਤਯੰ ਮਾਰਬੇ ਕਾਜ ਬਿਸਨੰ ਹਕਾਰੇ ॥
ਧਰੇ ਆਨ ਸੰਸਾਰ ਅਉਤਾਰ ਸਾਰੇ ॥ ੨੫ ॥

(ਮੈਂ, ਪ੍ਰਭੂ ਨੇ) ਵੱਡੇ-ਵੱਡੇ ਛਤਰਧਾਰੀ ਅਤੇ ਮਹਾਨ ਰਾਜੇ ਪੈਦਾ ਕੀਤੇ। ਉਹ ਵੀ ਭਰਮ ਵਿੱਚ ਭੁੱਲ ਗਏ ਅਤੇ ਵੱਡੇ-ਵੱਡੇ ਯੁੱਧ ਕੀਤੇ। ਉਨ੍ਹਾਂ ਨੂੰ ਮਾਰਨ ਲਈ (ਮੈਂ) ਵਿਸ਼ਨੂੰ ਨੂੰ ਬੁਲਾਇਆ ਗਿਆ, (ਜਿਨ੍ਹਾਂ ਨੇ) ਸੰਸਾਰ ਵਿੱਚ ਆ ਕੇ ਸਾਰੇ ਅਵਤਾਰ ਧਾਰਨ ਕੀਤੇ। ॥੨੫॥

ਤਿਨੈ ਮਾਰਿ ਕੈ ਛਾਰੀ ਕੈ ਕੈ ਰਿਸਾਏ ॥
ਭਈ ਸੋਭ ਜਗ ਮੈ ਸੁ ਆਪੰ ਕਹਾਏ ॥
ਮਹਾ ਬ੍ਰਹਮ ਰੂਪੰ ਸੁ ਬ੍ਰਹਮੈ ਕਹਾਯੋ ॥
ਬ੍ਰਹਮ ਭੇਦ ਰੰਚ ਏਕ ਤਿਨਹੂੰ ਨ ਪਾਯੋ ॥ ੨੬ ॥

ਉਨ੍ਹਾਂ (ਦੁਸ਼ਟਾਂ) ਨੂੰ ਮਾਰ ਕੇ ਅਤੇ ਗੁੱਸੇ ਵਿੱਚ ਸੁਆਹ ਕਰਕੇ, ਜਗਤ ਵਿੱਚ ਉਨ੍ਹਾਂ (ਅਵਤਾਰਾਂ) ਦੀ ਸ਼ੋਭਾ ਹੋਈ ਅਤੇ ਉਹ (ਵੀ) ਆਪਣੇ ਆਪ ਹੀ (ਰੱਬ) ਕਹਾਉਣ ਲੱਗੇ। ਬ੍ਰਹਮਾ ਨੇ (ਵੀ) ਆਪਣੇ-ਆਪ ਨੂੰ ਮਹਾਂ ਬ੍ਰਹਮ ਅਖਵਾਇਆ, (ਹਾਲਾਂਕਿ) ਉਸਨੇ ਉਸ ਇੱਕ ਪ੍ਰਭੂ (ਬ੍ਰਹਮ) ਦਾ ਰਤਾ ਭਰ ਵੀ ਭੇਦ ਨਾ ਪਾਇਆ। ॥੨੬॥

ਮਹਾਦੇਵ ਦੇਵੰਤ ਦੇਵਾ ਕਹਾਯੋ ॥
ਗਯੋ ਭੂਲ ਸੋਊ ਸੁ ਲਿੰਗੰ ਪੂਜਾਯੋ ॥
ਕਿਤੇ ਰਾਜ ਰਿਖੰ ਭਏ ਛਤ੍ਰਧਾਰੀ ॥
ਕੀਏ ਤਾਹਿ ਸਿੰਮ੍ਰਿਤਿ ਭਈ ਪੂਜ ਸਾਰੀ ॥ ੨੭ ॥

ਮਹਾਦੇਵ (ਨੇ ਆਪਣੇ ਆਪ ਨੂੰ) ਦੇਵਤਿਆਂ ਦਾ ਦੇਵਤਾ ਕਹਾਇਆ, ਪਰ ਉਹ ਵੀ ਭੁੱਲ ਗਿਆ (ਕਿ ਕਰਨਹਾਰ ਪਰਮਾਤਮਾ ਕੋਈ ਹੋਰ ਹੈ) ਅਤੇ ਲਿੰਗ ਦੀ ਪੂਜਾ ਕਰਵਾਉਣ ਲੱਗ ਪਿਆ। (ਇਸੇ ਤਰ੍ਹਾਂ) ਹੋਰ ਕਿੰਨੇ ਹੀ ਛਤਰਧਾਰੀ ਰਾਜਰਿਸ਼ੀ ਹੋਏ, ਜਿਨ੍ਹਾਂ ਦੀਆਂ ਸਿਮਰਤੀਆਂ (ਗ੍ਰੰਥ) ਬਣ ਗਈਆਂ ਅਤੇ ਉਨ੍ਹਾਂ ਦੀ ਪੂਜਾ ਹੋਣ ਲੱਗੀ। ॥੨੭॥

ਰਸਾਵਲ ਛੰਦ ॥
ਜਿਤੇ ਸਰਬ ਭੇਖੰ ॥
ਤਿਤੇ ਸਰਬ ਪੇਖੰ ॥
ਨ ਪਾਯੋ ਅਲੇਖੰ ॥
ਯਹੈ ਬਾਤ ਦੇਖੰ ॥ ੨੮ ॥

ਜਿੰਨੇ ਵੀ ਸਾਰੇ ਭੇਖ (ਧਾਰਮਿਕ ਪਹਿਰਾਵੇ) ਹਨ, ਉਨ੍ਹਾਂ ਸਾਰਿਆਂ ਨੂੰ ਵੇਖ ਲਿਆ ਹੈ। ਕਿਸੇ ਨੇ ਵੀ (ਮੈਨੂੰ) ਅਲੇਖ (ਜਿਸਦਾ ਲੇਖਾ ਨਾ ਹੋ ਸਕੇ) ਪ੍ਰਭੂ ਨੂੰ ਨਹੀਂ ਪਾਇਆ। ਇਹੀ ਗੱਲ ਵੇਖਣ ਵਿੱਚ ਆਈ ਹੈ। ॥੨੮॥

ਜਿਤੇ ਮੈ ਪਠਾਏ ॥
ਸੁ ਆਪੀ ਕਹਾਇ ॥
ਕਹੀ ਬਾਤ ਸਾਚੇ ॥
ਸੁ ਐਸੀ ਨ ਮਾਚੇ ॥ ੨੯ ॥

ਜਿਨ੍ਹਾਂ ਨੂੰ ਵੀ ਮੈਂ (ਸੰਸਾਰ ਵਿੱਚ) ਭੇਜਿਆ, ਉਹਨਾਂ ਨੇ ਆਪਣੇ ਆਪ ਨੂੰ ਹੀ (ਪਰਮਾਤਮਾ) ਅਖਵਾਉਣਾ ਸ਼ੁਰੂ ਕਰ ਦਿੱਤਾ। ਮੈਂ ਸੱਚੀ ਗੱਲ ਕਹਿੰਦਾ ਹਾਂ, ਇਹ (ਗੱਲ ਕੋਈ ਐਵੇਂ ਹੀ) ਨਹੀਂ ਫੈਲ ਗਈ॥੨੯॥

ਟਿੱਪਣੀ:- ਸ਼ਬਦ 'ਮਾਚੇ' ਦੇ ਇੱਕ ਤੋਂ ਜ਼ਿਆਦਾ ਅਰਥ ਹੁੰਦੇ ਹਨ। ਇੱਥੇ ਇਸ ਲਫ਼ਜ਼ ਦਾ ਮੂਲ ਅਰਥ ਹੈ 'ਮੱਚਣਾ', ਜਿਵੇਂ ਅੱਗ ਦਾ 'ਮੱਚਣਾ' ਜਾਂ ਅੱਗ ਦਾ ਫੈਲਣਾ। ਕੋਈ ਗੱਲ ਜਦੋਂ ਬਹੁਤ ਜਗ੍ਹਾ ਪਹੁੰਚ ਜਾਂਦੀ ਹੈ, ਤਾਂ ਆਖ ਦਿੱਤਾ ਜਾਂਦਾ ਹੈ ਕਿ ਇਹ ਗੱਲ ਅੱਗ ਵਾਂਗੂੰ ਫੈਲ ਗਈ। ਕਵੀ ਜੀ ਦੇ ਸ਼ਬਦਾਂ ਦਾ ਅਰਥ ਇਹ ਹੀ ਹੈ ਕਿ ਇਹ ਸੱਚੀ ਗੱਲ ਹੈ, ਕੋਈ ਐਵੇਂ ਹੀ ਨਹੀਂ ਫੈਲ ਗਈ।

ਤੁਝੈ ਜੋ ਬਨਾਯਾ ॥
ਸੁ ਏਹੀ ਉਪਾਯਾ ॥
ਕਰਉ ਪੰਥ ਮੇਰਾ ॥
ਧਰਮ ਕਾਜ ਕੇਰਾ ॥ ੩੦ ॥

(ਪਰਮਾਤਮਾ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਿਆ,) ਤੈਨੂੰ ਜੋ ਮੈਂ ਬਣਾਇਆ ਹੈ, ਉਹ ਇਸੇ ਉਪਾਅ ਲਈ ਬਣਾਇਆ ਹੈ। ਤੂੰ ਮੇਰਾ ਪੰਥ (ਆਰੰਭ) ਕਰ, ਜੋ ਧਰਮ ਦਾ ਕਾਰਜ ਕਰਨ ਵਾਲਾ ਹੋਵੇ। ॥੩੦॥

ਯਹੈ ਕਹਿ ਪਠਾਯੋ ॥
ਤਬੈ ਸ੍ਰਿਸਟਿ ਆਯੋ ॥
ਭਏ ਕੇਸਧਾਰੀ ॥
ਧਰੀ ਫੇਰ ਸਾਰੀ ॥ ੩੧ ॥

ਇਹ ਹੀ ਕਹਿ ਕੇ (ਪ੍ਰਭੂ ਨੇ) ਭੇਜਿਆ, ਤਦ ਹੀ (ਮੈਂ ਇਸ) ਸੰਸਾਰ ਵਿੱਚ ਆਇਆ। (ਪ੍ਰਭੂ ਹੁਕਮ ਅਨੁਸਾਰ ਚਲਾਏ ਇਸ ਪੰਥ ਦੇ ਪੈਰੋਕਾਰ) ਕੇਸਧਾਰੀ ਹੋਏ (ਅਤੇ) ਸਾਰੀ ਧਰਤੀ ਫੇਰ ਦਿੱਤੀ (ਭਾਵ, ਧਰਤੀ ਉੱਤੇ ਪ੍ਰਚਲਿੱਤ ਪੁਰਾਣੀਆਂ ਰੀਤਾਂ ਬਦਲ ਦਿੱਤੀਆਂ)। ॥੩੧॥

ਢੁਲੇ ਪ੍ਰੇਮ ਪਾਸਾ ॥
ਅਜਾਇਬ ਤਮਾਸਾ ॥
ਕੀਏ ਬਾਕ ਭਾਰੇ ॥
ਭਏ ਜੁੱਧ ਸਾਰੇ ॥ ੩੨ ॥

ਪ੍ਰੇਮ ਦੀ ਅਜਿਹੀ ਖੇਡ ਖੇਡੀ ਗਈ, ਜੋ ਇੱਕ ਅਨੋਖਾ ਤਮਾਸ਼ਾ ਸੀ। (ਤੁਸੀਂ) ਵੱਡੇ-ਵੱਡੇ ਬਚਨ ਕੀਤੇ ਅਤੇ ਵੱਡੇ-ਵੱਡੇ ਯੁੱਧ ਹੋਏ। ॥੩੨॥

ਭਿਰੇ ਸਿੰਘ ਸੂਰੇ ॥
ਕਿਯੇ ਕਾਜ ਪੂਰੇ ॥
ਅਚਲ ਨੀਵ ਡਾਰੀ ॥
ਟਰੈਗੀ ਨਾ ਟਾਰੀ ॥ ੩੩ ॥

ਸੂਰਮੇ ਸਿੰਘ (ਮੈਦਾਨ ਵਿੱਚ) ਲੜੇ ਅਤੇ ਉਨ੍ਹਾਂ ਨੇ (ਪ੍ਰਭੂ ਵੱਲੋਂ ਸੌਂਪੇ ਹੋਏ) ਕਾਰਜ ਪੂਰੇ ਕੀਤੇ। (ਪੰਥ ਦੀ) ਅਜਿਹੀ ਅਚੱਲ ਨੀਂਹ ਰੱਖੀ, ਜੋ ਕਿਸੇ ਦੇ ਹਿਲਾਇਆਂ ਨਹੀਂ ਹਿੱਲੇਗੀ। ॥੩੩॥

ਯਹੈ ਬਾਤ ਜਾਨੋ ॥
ਰਿਦੈ ਸਾਚ ਆਨੋ ॥
ਕਿਯੋ ਪੰਥ ਐਸਾ ॥
ਕਹਿਯੋ ਆਪ ਤੈਸਾ ॥ ੩੪ ॥

ਇਸ ਗੱਲ ਨੂੰ ਜਾਣ ਲਵੋ ਅਤੇ ਹਿਰਦੇ ਵਿੱਚ ਸੱਚ ਮੰਨੋ। (ਗੁਰੂ ਜੀ ਨੇ) ਅਜਿਹਾ ਪੰਥ ਬਣਾਇਆ ਹੈ, ਜਿਹੋ ਜਿਹਾ (ਪ੍ਰਭੂ ਨੇ) ਆਪ ਕਿਹਾ ਸੀ। ॥੩੪॥

ਛਪੈ ਨ ਛਪਾਯਾ ॥
ਘਟੈ ਨ ਘਟਾਯਾ ॥
ਦਿਨੋ ਦਿਨ ਸਵਾਯਾ ॥
ਸੁ ਡੰਕਾ ਬਜਾਯਾ ॥ ੩੫ ॥

ਇਹ (ਪੰਥ) ਕਿਸੇ ਦੇ ਲੁਕਾਇਆਂ ਨਹੀਂ ਲੁਕਦਾ ਅਤੇ ਕਿਸੇ ਦੇ ਘਟਾਇਆਂ ਨਹੀਂ ਘਟਦਾ। ਇਹ ਦਿਨ-ਬ-ਦਿਨ ਸਵਾਇਆ (ਸਵਾ ਗੁਣਾ) ਹੁੰਦਾ ਹੈ ਅਤੇ ਇਸਦਾ ਡੰਕਾ (ਚਾਰੇ ਪਾਸੇ) ਵੱਜ ਰਿਹਾ ਹੈ। ॥੩੫॥

ਸੁਨੰ ਘੋਰ ਤਾ ਕੀ ॥
ਮਿਲੈ ਤਾਹਿ ਝਾਕੀ ॥

ਸਰੰਣ ਤਾਹਿ ਆਵੈ ॥
ਸੋਈ ਸੂਖ ਪਾਵੈ ॥ ੩੬ ॥

ਜੋ ਇਸ ਦੀ ਗੂੰਜ ਸੁਣਦਾ ਹੈ, ਉਸ ਨੂੰ ਇਸਦੀ ਝਲਕ (ਦਰਸ਼ਨ) ਮਿਲਦੀ ਹੈ। ਜੋ ਉਸ ਦੀ ਸ਼ਰਣ ਵਿੱਚ ਆਉਂਦਾ ਹੈ, ਉਹੀ ਸੁੱਖ ਪ੍ਰਾਪਤ ਕਰਦਾ ਹੈ। ॥੩੬॥

ਭੁਜੰਗ ਪ੍ਰਯਾਤ ਛੰਦ ॥
ਕਈ ਭਰਮ ਭੂਲੇ ਭਰਮ ਮੈ ਭੁਲਾਨੇ ॥
ਕਈ ਸਰਨ ਆਏ ਕਿਯੇ ਤਾਹਿ ਗਜਾਨੇ ॥
ਕਿਤੇ ਜੀਵ ਆਈ ਕਹਾ ਚਾਲ ਕੀਨੀ ॥
ਦਯਾ ਧਾਰ ਕਰਤਾਰ ਯਹ ਬੁਧਿ ਦੀਨੀ ॥ ੩੭ ॥

ਕਈ ਜੀਵ ਭਰਮਾਂ ਵਿੱਚ ਭੁੱਲੇ ਹੋਏ ਹਨ ਅਤੇ ਭੁੱਲ ਕੇ ਭਟਕ ਰਹੇ ਹਨ। ਕਈ ਸ਼ਰਨ ਵਿੱਚ ਆਏ ਅਤੇ ਉਨ੍ਹਾਂ ਨੂੰ ਗਿਆਨਵਾਨ ਕਰ ਦਿੱਤਾ। ਕਈਆਂ ਦੇ ਜੀਅ (ਭਾਵ, ਮਨ) ਵਿੱਚ (ਇਹ ਸ਼ੰਕਾ) ਪੈਦਾ ਹੋ ਗਈ ਕਿ (ਗੁਰੂ ਸਾਹਿਬ ਨੇ ਇਹ) ਕੀ (ਨਵੀਂ) ਚਾਲ (ਸ਼ੁਰੂ ਕਰ) ਦਿੱਤੀ ਹੈ (ਭਾਵ, ਇਹ ਕੀ ਲੀਲ੍ਹਾ ਵਰਤਾਈ ਹੈ)? ਤਦ ਕਰਤਾਰ ਨੇ ਦਇਆ ਕਰਕੇ ਇਹ ਬੁੱਧੀ ਪ੍ਰਦਾਨ ਕੀਤੀ। ॥੩੭॥

ਦੋਊ ਹਾਥ ਜੋਰੇ ਸਰਨਿ ਤਾਹਿ ਪਾਈ ॥
ਕੀਓ ਨਾਮ ਖਾਲਸ ਖਲਾਸੀ ਬਤਾਈ ॥
ਸਰਬ ਸੂਖ ਪਾਏ ਦੀਏ ਰਾਜ ਰਾਜੰ ॥
ਸੁਨੋ ਬੇਨਤੀ ਰਾਜ ਰਾਜਾਧਿਰਾਜੰ ॥ ੩੮ ॥

(ਉਨ੍ਹਾਂ ਨੇ) ਦੋਵੇਂ ਹੱਥ ਜੋੜ ਕੇ ਉਸ (ਗੁਰੂ) ਦੀ ਸ਼ਰਨ ਪ੍ਰਾਪਤ ਕੀਤੀ। ਗੁਰੂ ਨੇ ਉਨ੍ਹਾਂ ਨੂੰ "ਖਾਲਸਾ" ਨਾਮ ਦਿੱਤਾ ਅਤੇ (ਮਾਇਆ ਤੋਂ) ਖਲਾਸੀ (ਭਾਵ, ਮੁਕਤੀ) ਦਾ ਰਾਹ ਦੱਸਿਆ। ਉਨ੍ਹਾਂ ਨੇ ਸਾਰੇ ਸੁੱਖ ਪ੍ਰਾਪਤ ਕੀਤੇ। (ਗੁਰੂ ਜੀ ਨੇ ਉਨ੍ਹਾਂ ਨੂੰ) ਰਾਜ ਦਾ ਵੀ ਰਾਜ (ਭਾਵ, ਦੁਨਿਆਵੀ ਰਾਜ ਤੋਂ ਵੀ ਉੱਪਰ ਦਾ ਰਾਜ) ਦਿੱਤਾ। ਹੇ ਰਾਜਿਆਂ ਦੇ ਰਾਜੇ! (ਸਾਡੀ) ਬੇਨਤੀ ਸੁਣੋ। ॥੩੮॥

**ਗੁਰੂ ਵਾਚ ਅਕਾਲ ਪੁਰਖ ਸੋਂ**

ਭੁਜੰਗ ਪ੍ਰਯਾਤ ਛੰਦ॥
ਸਿਦਕ ਮੋਰ ਸਾਬੂਤ ਮਜਬੂਤ ਕੀਜੋ ॥
ਕਰਨਹਾਰ ਕਰਤਾਰ ਯਹ ਦਾਨ ਦੀਜੋ ॥
ਕਰੋ ਦ੍ਰਿਸਟਿ ਐਸੀ ਸੁ ਤੋਯੰ ਨਿਹਾਰੋ ॥
ਕਥੋ ਬਾਕ ਬਾਨੀ ਸੁ ਤਤੰ ਬਿਚਾਰੋ ॥ ੩੯ ॥

ਗੁਰੂ ਜੀ ਦੇ ਅਕਾਲ ਪੁਰਖ ਅੱਗੇ ਬਚਨ:-
ਹੇ ਕਰਨਹਾਰ ਕਰਤਾਰ! ਮੇਰਾ ਸਿਦਕ ਪੱਕਾ ਅਤੇ ਮਜ਼ਬੂਤ ਰੱਖਣਾ, ਮੈਨੂੰ ਇਹ ਦਾਨ ਦਿਉ। ਮੇਰੇ ਉੱਤੇ ਅਜਿਹੀ (ਮਿਹਰ ਦੀ) ਨਜ਼ਰ ਕਰੋ ਕਿ ਮੈਂ ਸਿਰਫ ਤੈਨੂੰ ਹੀ ਵੇਖਾਂ। ਮੈਂ ਜੋ ਬਾਣੀ ਉਚਾਰਾਂ, ਉਹ ਤੇਰੇ ਤੱਤ (ਅਸਲੀਅਤ) ਨੂੰ ਵਿਚਾਰਨ ਵਾਲੀ ਹੋਵੇ। ॥੩੯॥

ਟਿੱਪਣੀ:- ਇਸ ਛੰਦ ਦਾ ਸਿਰਲੇਖ 'ਗੁਰੂ ਵਾਚ ਅਕਾਲ ਪੁਰਖ ਸੌਂ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਹਿਸਟਰੀ ਰਿਸਰਚ ਬੋਰਡ ਵੱਲੋਂ ਪ੍ਰਕਾਸ਼ਿਤ ਤੇ ਸ. ਸ਼ਮਸ਼ੇਰ ਸਿੰਘ 'ਅਸ਼ੋਕ' ਵੱਲੋਂ ਸੰਪਾਦਿਤ ਐਡੀਸ਼ਨ ਵਿੱਚ ਦਿੱਤਾ ਹੋਇਆ ਹੈ। ਇਸ ਤੋਂ ਅਗਲੇ ਛੰਦ ਦਾ ਸਿਰਲੇਖ ਕਬਿ ਵਾਚ ਵੀ ਇਸੇ ਐਡੀਸ਼ਨ ਵਿੱਚ ਦਿੱਤਾ ਹੋਇਆ ਹੈ। (ਦੇਖੋ, ਜੁਲਾਈ 1967 ਵਾਲੀ ਪਹਿਲੀ ਐਡੀਸ਼ਨ)। ਡਾਕਟਰ ਗੰਡਾ ਸਿੰਘ ਜੀ ਵੱਲੋਂ ਸੰਪਾਦਿਤ ਐਡੀਸ਼ਨ ਵਿੱਚ ਇਨ੍ਹਾਂ ਦੋਹਾਂ ਛੰਦਾਂ ਦੇ ਇਹ ਸਿਰਲੇਖ ਨਹੀਂ ਦਿੱਤੇ ਗਏ।

**ਕਬਿ ਬਾਚ**

ਭੁਜੰਗ ਪ੍ਰਯਾਤ॥
ਸਦਾ ਏਕ ਜੋਤੰ ਤਿਸੈ ਸਾਚਿ ਜਾਨੋ ॥
ਰਹਉ ਤਾਹਿ ਸਰਨੀ ਨ ਦੂਜੈ ਭ੍ਰਮਾਨੋ ॥
ਕਹੋਂ ਸੋਭ ਤੇਰੀ ਯਹੈ ਟੇਵ ਕੀਜੈ ॥
ਜਿ ਮੋ ਪੈ ਕਹਾਵੈ ਤੇ ਮੋ ਦਾਨ ਦੀਜੈ ॥ ੪੦ ॥

ਕਵੀ (ਸੈਨਾਪਤੀ ਜੀ) ਦੇ ਬਚਨ:-
(ਹੇ ਗੁਰੂ ਗੋਬਿੰਦ ਸਿੰਘ ਸਾਹਿਬ ਜੀਉ!) ਮੈਂ ਸਦਾ ਇੱਕ ਜੋਤ ਨੂੰ ਹੀ ਸੱਚ ਕਰਕੇ ਜਾਣਦਾ ਹਾਂ। ਮੈਂ ਉਸਦੀ ਸ਼ਰਨ ਵਿੱਚ ਰਹਾਂ ਅਤੇ ਕਿਸੇ ਦੂਜੇ ਦੇ ਭਰਮ ਵਿੱਚ ਨਾ ਭਟਕਾਂ। ਮੈਨੂੰ ਇਹ ਆਦਤ ਪਾ ਦਿਓ ਕਿ ਮੈਂ ਤੇਰੀ ਹੀ

ਸ਼ੋਭਾ ਗਾਇਨ ਕਰਾਂ। ਜੋ ਕੁਝ ਤੁਸੀਂ ਮੇਰੇ ਕੋਲੋਂ ਕਹਾਉਣਾ ਚਾਹੁੰਦੇ ਹੋ, ਉਹ (ਕਹਿਣ ਦੀ ਸ਼ਕਤੀ ਦਾ) ਦਾਨ ਮੈਨੂੰ ਦਿਓ। ॥੪੦॥

ਟਿੱਪਣੀ:- ਲਫ਼ਜ਼ 'ਟੇਵ' ਦਾ ਇੱਥੇ ਅਰਥ ਹੈ, ਆਦਤ ਜਾਂ ਸੁਭਾਅ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਇਸ ਲਫ਼ਜ਼ ਦਾ ਪ੍ਰਯੋਗ ਕੀਤਾ ਹੋਇਆ ਮਿਲਦਾ ਹੈ:-

ਗੁਨ ਗੋਪਾਲ ਉਚਾਰੁ ਰਸਨਾ ਟੇਵ ਇਹ ਪਰੀ।।
(ਕੇਦਾਰਾ ਮਹਲਾ ੫)

ਭਾਈ ਗੁਰਦਾਸ ਜੀ ਨੇ ਇਸ ਲਫ਼ਜ਼ ਦਾ ਪ੍ਰਯੋਗ ਕਈ ਵਾਰੀ ਕੀਤਾ ਹੈ। ਜਿਵੇਂ,

ਤੈਸੇ ਪਰ ਤਨ ਪਰ ਧਨ ਦੂਖ ਨ ਤ੍ਰਿਦੋਖ ਮਨ ਕਹਤ ਕੈ ਛਾਡਿਓ ਚਾਹੈ ਟੇਵ ਨ ਟਰਤ ਹੈ।।੫੩੯।।
(ਕਬਿੱਤ, ਭਾਈ ਗੁਰਦਾਸ ਜੀ)।

ਸ. ਸ਼ਮਸ਼ੇਰ ਸਿੰਘ ਅਸ਼ੋਕ ਜੀ ਵਾਲੀ ਐਡੀਸ਼ਨ ਵਿੱਚ ਇੱਥੇ 'ਟੇਵ' ਦੀ ਜਗ੍ਹਾ 'ਦੇਵ' ਲਫ਼ਜ਼ ਛੱਪਿਆ ਹੋਇਆ ਹੈ।

ਕਹਉ ਦਿਵਸ ਰੈਨਾ ਕਹੋ ਸਰਬ ਮਾਸੇ ॥
ਕਹੌ ਜਾਗਤੇ ਸੋਵਤੇ ਸਾਸਿ ਗ੍ਰਾਸੇ ॥
ਸੁ ਆਦੰ ਜੁਗਾਦੰ ਜਗੇ ਜੋਤਿ ਜਾ ਕੀ ॥
ਅਬੈ ਅੰਤ ਲਉ ਹੋਇਗੀ ਅੰਤ ਤਾ ਕੀ ॥ ੪੧ ॥

ਮੈਂ ਦਿਨ-ਰਾਤ, ਸਾਰੇ ਮਹੀਨਿਆਂ (ਦੌਰਾਨ ਤੇਰੀ ਹੀ ਉਸਤਤ) ਕਹਿੰਦਾ ਰਹਾਂ । ਮੈਂ ਜਾਗਦੇ-ਸੌਂਦੇ ਅਤੇ ਹਰ ਸਾਹ ਤੇ ਗਰਾਹੀ ਨਾਲ ਤੇਰੀ ਉਸਤਤ ਕਹਿੰਦਾ ਰਹਾਂ। ਜਿਸ ਦੀ ਜੋਤ ਆਦਿ-ਜੁਗਾਦ ਤੋਂ ਜਗ ਰਹੀ ਹੈ, ਹੁਣ (ਵੀ ਤੇ) ਅੰਤ ਤੱਕ (ਵੀ) ਆਖ਼ਿਰਕਾਰ ਉਸੇ ਦੀ (ਹੀ ਮਰਜ਼ੀ ਲਾਗੂ) ਹੋਏਗੀ। ॥੪੧॥

ਇਤਿ ਸ੍ਰੀ ਗੁਰੁ ਸੋਭਾ ਪੰਥ ਪ੍ਰਗਾਸ ਉਸਤਤਿ ਪ੍ਰਿਥਮ ਧਿਆਇ ਸੰਪੂਰਨ ਮਸਤੁ ਸੁਭਮਸਤੁ ॥੧॥

ਸ੍ਰੀ ਗੁਰੂ ਸੋਭਾ, ਪੰਥ ਦਾ ਪ੍ਰਕਾਸ਼, ਉਸਤਤਿ ਦਾ ਪਹਿਲਾ ਅਧਿਆਇ ਸੰਪੂਰਨ ਹੋਇਆ। ਸ਼ੁਭ ਹੋਵੇ॥੧॥

ਟਿੱਪਣੀ:- ਸ਼ੁਭਮ + ਅਸਤੂ (शुभम् अस्तु) ਦਾ ਭਾਵ ਹੈ, 'ਸ਼ੁੱਭ ਹੋਵੇ'। ਇਸ ਨੂੰ ਆਸ਼ੀਰਵਾਦ ਵਜੋਂ ਵੀ ਵਰਤਿਆ ਜਾਂਦਾ ਹੈ ਤੇ ਅਰਦਾਸ ਦੇ ਤੌਰ ਤੇ ਵੀ।

*****

ਅਧਿਆਇ ੨

ਦੋਹਰਾ ॥
ਜੋ ਚਰਿਤ੍ਰ ਪ੍ਰਭੁ ਪੁਰਖ ਕੇ ਤਾ ਕੋ ਕਰਤ ਬੀਚਾਰ ॥
ਜਥਾ ਸਕਤਿ ਉਪਮਾ ਕਹਤ ਮਨ ਅੰਤਰਿ ਉਰਿਧਾਰਿ ॥ ੧ ॥ ੪੨ ॥

ਪਾਠ ਭੇਦ: ਚਲਿਤ੍ਰ

ਜੋ ਉਸ ਪ੍ਰਭੂ-ਪੁਰਖ (ਗੁਰੂ ਗੋਬਿੰਦ ਸਿੰਘ ਸਾਹਿਬ) ਦੇ ਚਰਿੱਤਰ (ਲੀਲ੍ਹਾ) ਹਨ, ਮੈਂ ਉਨ੍ਹਾਂ ਦੀ ਵਿਚਾਰ ਕਰ ਰਿਹਾ ਹਾਂ। ਮੈਂ ਆਪਣੀ ਸ਼ਕਤੀ ਅਨੁਸਾਰ, ਮਨ ਅਤੇ ਹਿਰਦੇ ਵਿੱਚ (ਉਸਦੀ ਮਹਿਮਾ) ਧਾਰ ਕੇ ਉਸਤਤਿ ਕਰਦਾ ਹਾਂ। ॥੧॥੪੨॥

ਆਦਿ ਅੰਤ ਤਿਹ ਪੁਰਖ ਕੀ ਨਵਤਨ ਕਥਾ ਅਪਾਰ ॥
ਬਰਨਿ ਬਰਨਿ ਕਥਿ ਕਥਿ ਰਹਤ ਕੋਉ ਨ ਪਾਵਤ ਪਾਰ ॥ ੨ ॥ ੪੩ ॥

ਉਸ (ਸਤਿਗੁਰੂ -) ਪੁਰਖ ਦੀ ਆਦਿ ਤੋਂ ਲੈ ਕੇ ਅੰਤ ਤੱਕ ਦੀ ਕਥਾ (ਸਦਾ) ਨਵੀਂ ਅਤੇ ਅਪਾਰ ਹੈ। (ਕਈ ਲੋਕ ਉਸ ਕਥਾ ਦਾ) ਵਰਣਨ ਕਰਦੇ-ਕਰਦੇ ਅਤੇ ਕਥਾ ਸੁਣਾਉਂਦੇ-ਸੁਣਾਉਂਦੇ (ਥੱਕ ਕੇ) ਰਹਿ ਗਏ, ਪਰ ਕੋਈ ਵੀ ਉਸਦਾ ਅੰਤ ਨਹੀਂ ਪਾ ਸਕਿਆ। ॥੨॥੪੩॥

ਚੌਪਈ ॥
ਅਗਮ ਪੁਰਖ ਕੀ ਅਗਮ ਕਹਾਨੀ ॥
ਗੁਰੁ ਕ੍ਰਿਪਾ ਤੇ ਕਛੁਕ ਜਾਨੀ ॥
ਤਿਹ ਪ੍ਰਤਾਪ ਕਥਾ ਤਿਨ ਕਹੌ ॥
ਸਤਿਗੁਰੁ ਪਰਸ ਪਦਾਰਥ ਲਹੌ ॥ ੩ ॥ ੪੪ ॥

ਉਸ ਅਗੰਮ (ਪਹੁੰਚ ਤੋਂ ਪਰੇ) ਪੁਰਖ ਦੀ ਕਹਾਣੀ ਵੀ ਅਗੰਮ ਹੈ। ਗੁਰੂ ਦੀ ਕਿਰਪਾ ਨਾਲ ਹੀ (ਮੈਂ ਉਹ ਕਥਾ) ਕੁਝ ਜਾਣ ਸਕਿਆ ਹਾਂ। ਉਸ (ਗੁਰੂ)

ਦੇ ਪ੍ਰਤਾਪ ਨਾਲ ਹੀ ਮੈਂ ਉਨ੍ਹਾਂ ਦੀ ਕਥਾ ਕਹਿੰਦਾ ਹਾਂ, ਤਾਂ ਜੋ ਸਤਿਗੁਰੂ ਨੂੰ ਪਰਸ ਕੇ ਮੈਂ (ਨਾਮ ਰੂਪੀ) ਪਦਾਰਥ ਪ੍ਰਾਪਤ ਕਰ ਸਕਾਂ। ॥੩॥੪੪॥

ਸਤ ਸਰੂਪ ਰੂਪ ਗੁਨ ਭਾਰੀ ॥
ਬਰਨ ਚਿਹਨ ਉਪਮਾ ਉਜਿਆਰੀ ॥
ਤਾ ਸਮ ਅਵਰ ਕਵਨ ਕਬਿ ਧਰੈ ॥
ਤੁਮਰੀ ਸੋਭਾ ਤੁਮੇ ਪ੍ਰਭੁ ਸਰੈ ॥ ੪ ॥ ੪੫ ॥

ਉਸਦਾ ਸਤ ਸਰੂਪ, ਸੁੰਦਰ ਰੂਪ ਅਤੇ ਗੁਣ ਬਹੁਤ ਮਹਾਨ ਹਨ। ਉਸਦੇ ਵਰਣ, ਚਿੰਨ੍ਹ ਅਤੇ ਉਪਮਾ ਬਹੁਤ ਪ੍ਰਕਾਸ਼ਮਾਨ ਹਨ। ਉਹਨਾਂ ਬਰਾਬਰ ਹੋਰ ਕਿਹੜਾ ਕਵੀ ਹੋ ਸਕਦਾ ਹੈ? (ਹੇ ਗੁਰੂ ਜੀ!) ਤੁਹਾਡੀ ਸ਼ੋਭਾ ਤੁਹਾਨੂੰ ਹੀ ਬਣ ਆਉਂਦੀ ਹੈ (ਭਾਵ, ਸਿਰਫ ਤੁਸੀਂ ਹੀ ਆਪਣੀ ਜਾਣਦੇ ਹੋ)। ॥੪॥੪੫॥

ਕਬਿਤੁ ॥
**ਤੁਹੀ ਗੁਰੂ ਨਾਨਕ ਹੈਂ ਤੁਹੀ ਗੁਰੂ ਅੰਗਦ ਹੈਂ**
ਤੁਹੀ ਗੁਰੂ ਅਮਰਦਾਸ ਰਾਮਦਾਸ ਤੁਹੀ ਹੈਂ ॥
**ਤੁਹੀ ਗੁਰੂ ਅਰਜਨ ਹੈਂ ਤੁਹੀ ਗੁਰੂ ਹਰਿਗੋਬਿੰਦ**
ਤੂ ਹੀ ਗੁਰੂ ਹਰਿ ਰਾਇ ਹਰਿਕ੍ਰਿਸ਼ਨ ਤੁਹੀ ਹੈਂ ॥
**ਨਾਵੀਂ ਪਾਤਸਾਹੀ ਹ੍ਵੈ ਤੈ ਕਲ ਹੀ ਮੈ ਕਲਾ ਰਾਖੀ**
ਤੇਗ ਹੀ ਬਹਾਦਰ ਜਗ ਚਾਦਰ ਸਭ ਤੁਹੀ ਹੈਂ ॥
**ਦਸਵਾਂ ਪਾਤਸਾਹ ਤੁਹੀ ਸ੍ਰੀ ਗੁਰੂ ਗੋਬਿੰਦ ਸਿੰਘ**
ਜਗਤ ਕੇ ਉਧਾਰਬੇ ਕਉ ਆਯੋ ਪ੍ਰਭੁ ਤੁਹੀ ਹੈਂ ॥ ੫ ॥ ੪੬ ॥

(ਕਵੀ ਜੀ ਆਖਦੇ ਹਨ), "(ਹੇ ਮੇਰੇ ਗੁਰੂ!) ਤੂੰ ਹੀ ਗੁਰੂ ਨਾਨਕ ਹੈਂ ਤੇ ਤੂੰ ਹੀ ਗੁਰੂ ਅੰਗਦ ਹੈਂ। ਤੂੰ ਹੀ ਗੁਰੂ ਅਮਰਦਾਸ ਤੇ (ਤੂੰ ਹੀ ਗੁਰੂ) ਰਾਮਦਾਸ ਹੈਂ। ਤੂੰ ਹੀ ਗੁਰੂ ਅਰਜਨ ਹੈਂ, ਤੂੰ ਹੀ ਗੁਰੂ ਹਰਿਗੋਬਿੰਦ ਹੈਂ। ਤੂੰ ਹੀ ਗੁਰੂ ਹਰਿਰਾਇ ਤੇ ਤੂੰ ਹੀ ਗੁਰੂ ਹਰਿਕ੍ਰਿਸ਼ਨ ਹੈਂ। ਤੂੰ ਹੀ ਕਲਿਯੁੱਗ ਵਿੱਚ ਨੌਂਵੀਂ ਪਾਤਸ਼ਾਹੀ ਹੋ ਕੇ ਕਲਾ ਰੱਖੀ। ਤੂੰ ਹੀ ਤੇਗ਼ ਬਹਾਦਰ ਸਭ ਜਗਤ ਦੀ (ਲਾਜ ਰੱਖਣ ਵਾਲੀ) ਚਾਦਰ ਹੈਂ। ਤੂੰ ਹੀ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਹੈਂ। ਹੇ ਪ੍ਰਭੂ! ਤੂੰ ਹੀ ਜਗਤ ਦਾ ਉਧਾਰ ਕਰਨ ਲਈ ਆਇਆ ਹੈਂ॥੫॥੪੬॥

ਸਵੈਯਾ ॥
**ਜਗੋ ਸਰਬ ਪਾਇਕ ਤੁਹੀ ਸਰਬ ਲਾਇਕ**
ਤ੍ਰਈ ਲੋਕ ਨਾਇਕ ਤੁਹੀ ਹੋਇ ਆਯੋ ॥
**ਕਰੈ ਬੈਨ ਵਾਚਾ ਇਹੀ ਕਾਜ ਰਾਚਾ**
ਕਰੋ ਪੰਥ ਸਾਚਾ ਸੁ ਤੋ ਕੋ ਸੁਨਾਯੋ ॥
**ਕਿਯੋ ਸਤਿ ਸਤੈ ਤਿਹੀ ਰੰਗ ਰਤੇ**
ਦਈ ਸ੍ਰਿਸਟ ਮਤੇ ਕੁਪਤੇ ਖਪਾਯੋ ॥
**ਤਿਹੀ ਨਾਮ ਲਾਗੇ ਭਰਮ ਭਾਰ ਭਾਗੇ**
ਪ੍ਰਭੂ ਪ੍ਰੇਮ ਪਾਗੇ ਇਮੈ ਭੇਦ ਪਾਯੋ ॥ ੬ ॥ ੪੭ ॥

(ਤੁਸੀਂ ਹੀ) ਜਗਤ ਵਿੱਚ ਸਭ ਦੇ ਰੱਖਿਅਕ ਹੋ, ਤੁਸੀਂ ਹੀ ਸਭ ਲਿਆਕਤਾਂ ਵਾਲੇ ਹੋ, ਅਤੇ ਤਿੰਨਾਂ ਲੋਕਾਂ ਦੇ ਮਾਲਕ ਬਣ ਕੇ ਆਏ ਹੋ। (ਅਕਾਲ ਪੁਰਖ ਨੇ) ਬਚਨ ਕੀਤਾ ਕਿ "ਮੈਂ ਇਸੇ ਕਾਰਜ ਲਈ ਤੈਨੂੰ ਰਚਿਆ ਹੈ, ਤੂੰ ਸੱਚਾ ਪੰਥ ਸਥਾਪਤ ਕਰ, ਇਹ ਮੈਂ ਤੈਨੂੰ ਦੱਸ ਦਿੱਤਾ ਹੈ।"

(ਉਸ) ਸਤਿ (ਸਰੂਪ ਦੇ ਵਚਨਾਂ ਨੂੰ ਤੁਸੀਂ) ਸਤਿ ਕਰਕੇ (ਨਿਭਾਇਆ)। ਉਸੇ (ਸਤਿ ਸਰੂਪ ਇਕ ਪ੍ਰਭੂ ਦੇ) ਰੰਗ ਵਿੱਚ ਰੰਗੇ ਰਹਿ ਕੇ (ਤੁਸੀਂ) ਸ੍ਰਿਸ਼ਟੀ (ਦੇ ਲੋਕਾਂ ਨੂੰ) ਮੱਤ ਦਿੱਤੀ ਤੇ ਕੁਪੱਤੇ (ਦੁਸ਼ਟ) ਖਪਾ ਦਿੱਤੇ।

(ਤੁਹਾਡੀ ਦਿੱਤੀ ਸਿੱਖਿਆ ਨਾਲ ਸ੍ਰਿਸਟੀ) ਉਸੇ (ਇੱਕ ਸਤਿ) ਨਾਮ ਵਿੱਚ ਲੱਗ ਗਈ। ਉਨ੍ਹਾਂ ਦੇ ਸਾਰੇ ਭਰਮ ਦੂਰ ਹੋ ਗਏ ਅਤੇ ਪ੍ਰਭੂ-ਪ੍ਰੇਮ ਵਿੱਚ ਮਗਨ ਹੋ ਕੇ ਉਨ੍ਹਾਂ ਨੇ (ਜੀਵਨ ਦਾ) ਭੇਦ ਪਾ ਲਿਆ। ॥੬॥੪੭॥

ਪਾਇਕ: ਪਾਲਣਹਾਰ।
ਸਰਬ ਪਾਇਕ ਹੈਂ।। ੧੮੧।। (ਸ੍ਰੀ ਜਾਪ ਸਾਹਿਬ)

ਲਾਇਕ: ਲਿਆਕਤ ਵਾਲਾ, ਯੋਗਤਾ ਵਾਲਾ।

ਪਾਗੇ: ਮਗਨ ਹੋ ਗਏ।

ਜੌ ਸੁਖ ਚਾਹੋ ਸਦਾ ਸਭਨ ਕੌ ਤੌ ਹਰਿ ਕੇ ਰਸ ਪਾਗੋ॥੩॥੩॥
(ਰਾਮਕਲੀ ਪਾਤਿਸਾਹੀ ੧੦)

ਦੋਹਰਾ ॥
ਮਾਖੋਵਾਲ ਸੁਹਾਵਨਾ ਸਤਿਗੁਰੁ ਕੋ ਅਸਥਾਨ ॥
ਲੀਲਾ ਅਨਿਕ ਅਨੇਕ ਬਿਧ ਕਉਤਕ ਕਰਤ ਬਿਹਾਨ ॥ ੭ ॥ ੪੮ ॥

ਮਾਖੋਵਾਲ (ਅਜੋਕਾ ਆਨੰਦਪੁਰ ਸਾਹਿਬ) ਸਤਿਗੁਰੂ ਦਾ ਬਹੁਤ ਸੁੰਦਰ ਅਸਥਾਨ ਹੈ। ਉੱਥੇ (ਗੁਰੂ ਜੀ) ਅਨੇਕਾਂ ਤਰ੍ਹਾਂ ਦੀਆਂ ਲੀਲ੍ਹਾਵਾਂ ਅਤੇ ਕੌਤਕ ਕਰਦਿਆਂ (ਸਮਾਂ) ਬਤੀਤ ਕਰਦੇ ਹਨ। ॥੭॥੪੮॥

ਚੌਪਈ ॥
ਕੇਤਕ ਬਰਸ ਭਾਂਤਿ ਇਹ ਭਏ ॥
ਦੇਸ ਪਾਂਵਟੇ ਸਤਿਗੁਰੁ ਗਏ ॥
ਜਮਨਾ ਤੀਰ ਮਹਲ ਬਨਵਾਏ ॥
ਕਰਤ ਆਨੰਦ ਪ੍ਰਭੂ ਮਨ ਭਾਏ ॥ ੮ ॥ ੪੯ ॥

ਕਈ ਸਾਲ ਇਸੇ ਤਰ੍ਹਾਂ ਬੀਤ ਗਏ। (ਉਸ ਮਗਰੋਂ) ਸਤਿਗੁਰੂ ਜੀ ਪਾਉਂਟਾ ਦੇ ਇਲਾਕੇ ਵੱਲ ਚਲੇ ਗਏ। (ਉੱਥੇ) ਜਮਨਾ ਨਦੀ ਦੇ ਕਿਨਾਰੇ (ਨਿਵਾਸ ਲਈ) ਮਹਿਲ ਬਣਵਾਏ। (ਉੱਥੇ) ਪ੍ਰਭੂ ਆਪਣੇ ਮਨ-ਭਾਉਂਦੇ ਆਨੰਦ ਕਰਦੇ ਰਹੇ। ॥੮॥੪੯॥

ਅਨਿਕ ਭਾਂਤਿ ਲੀਲਾ ਤਹਿ ਕਰੀ ॥
ਫਤੇ ਸਾਹ ਸੁਨਿ ਕੈ ਮਨਿ ਧਰੀ ॥
ਬਹੁਤ ਕੋਪ ਮਨ ਮਾਹਿ ਬਸਾਯੋ ॥
ਫਉਜ ਬਨਾਇ ਜੁੱਧ ਕਉ ਆਯੋ ॥ ੯ ॥ ੫੦ ॥

ਗੁਰੂ ਜੀ ਨੇ ਉੱਥੇ ਅਨੇਕ ਤਰ੍ਹਾਂ ਦੀਆਂ ਲੀਲ੍ਹਾਵਾਂ ਕੀਤੀਆਂ। (ਗੜ੍ਹਵਾਲ ਦੇ ਰਾਜੇ) ਫਤਿਹ ਸ਼ਾਹ ਨੇ ਇਹ ਸਭ ਸੁਣਿਆ ਅਤੇ ਮਨ ਵਿੱਚ (ਦੁਸ਼ਮਣੀ) ਧਾਰ ਲਈ। ਉਸਨੇ ਮਨ ਵਿੱਚ ਬਹੁਤ ਗੁੱਸਾ ਭਰ ਲਿਆ (ਅਤੇ) ਫੌਜ ਤਿਆਰ ਕਰਕੇ ਯੁੱਧ ਕਰਨ ਲਈ ਆ ਗਿਆ। ॥੯॥੫੦॥

ਦੋਹਰਾ ॥
ਬਹੁ ਪ੍ਰਬਲ ਦਲ ਜੋਰਿ ਕੈ ਸੈਨਾ ਸੰਗਿ ਅਪਾਰ ॥
ਨਿਕਟ ਆਨ ਡੇਰਾ ਦਿਯੇ ਖਬਰ ਭਈ ਦਰਬਾਰ ॥ ੧੦ ॥ ੫੧ ॥

ਬਹੁਤ ਬੱਲਸ਼ਾਲੀ ਅਤੇ ਵੱਡੀ ਸੈਨਾ ਇਕੱਠੀ ਕਰਕੇ, ਉਹ ਨੇੜੇ ਆ ਕੇ ਡੇਰੇ ਲਾ ਬੈਠਾ। (ਉਸਦੇ ਇਸ ਤਰ੍ਹਾਂ ਹਮਲਾਵਰ ਹੋ ਕੇ ਆਉਣ ਦੀ) ਖ਼ਬਰ (ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ) ਦਰਬਾਰ ਵਿੱਚ ਪਹੁੰਚੀ। ॥੧੦॥੫੧॥

ਸਵੈਯਾ ॥
ਭਏ ਅਸਵਾਰ ਸੰਗ੍ਰਾਮ ਕੋ ਆਪ ਹੀ
ਸਿੰਘ ਗੋਬਿੰਦ ਤਿਹ ਠਉਰ ਆਏ ॥
ਡੰਕ ਕੀ ਘੋਰ ਜੈਸੇ ਭਈ ਠਉਰ ਤਹ
ਬਜਤ ਨਿਸਾਨ ਮੁਹਰੇ ਸੁਹਾਏ ॥
ਆਨ ਕੈ ਖੇਤ ਪੈ ਦੇਖ ਚਤੁਰੰਗ ਸਬ
ਮੋਰਚੇ ਬਾਟਿ ਕੈ ਮਿਸਲ ਲਾਏ ॥
ਬਜੀ ਹੈ ਭੇਰ ਕਰਨਾਇ ਸਰਨਾਇ ਸਬ
ਸੁਨੇ ਤੇ ਸੂਰ ਹੋਇ ਲਾਲ ਆਏ ॥ ੧੧ ॥ ੫੨ ॥

ਗੁਰੂ ਗੋਬਿੰਦ ਸਿੰਘ ਸਾਹਿਬ ਜੰਗ ਕਰਨ ਲਈ ਆਪ ਹੀ (ਘੋੜੇ ਉੱਤੇ) ਸਵਾਰ ਹੋ ਕੇ ਉਸ (ਮੈਦਾਨ-ਏ-ਜੰਗ ਵਾਲੀ) ਜਗ੍ਹਾ 'ਤੇ ਆ ਗਏ। ਉਸ ਥਾਂ ਉੱਤੇ (ਯੁੱਧ ਦੇ) ਨਗਾਰਿਆਂ ਉੱਤੇ ਡਗੇ ਵੱਜ ਰਹੇ ਸਨ, (ਜਿਨ੍ਹਾਂ ਦੀ ਆਵਾਜ਼) ਭਿਆਨਕ ਸੀ। (ਉੱਥੇ ਜੰਗੀ) ਝੰਡਿਆਂ ਦੇ ਫਰਹਰੇ ਫੱਬ ਰਹੇ ਸਨ। (ਜੰਗ ਦੇ) ਮੈਦਾਨ ਵਿੱਚ ਪੁੱਜ ਕੇ (ਗੁਰੂ ਸਾਹਿਬ) ਨੇ (ਹਮਲਾਵਰਾਂ ਦੀ) ਚਤੁਰੰਗਣੀ (ਫ਼ੌਜ ਯੁੱਧ ਲਈ ਤਿਆਰ) ਦੇਖੀ (ਤੇ ਉਹਨਾਂ ਦੇ ਮੁਕਾਬਲੇ ਲਈ ਆਪਣੇ ਯੋਧਿਆਂ ਨੂੰ) ਟੁਕੜੀਆਂ ਵਿੱਚ ਵੰਡ ਕੇ ਮੋਰਚਿਆਂ ਉੱਤੇ ਤੈਨਾਤ ਕਰ ਦਿੱਤਾ। (ਯੁੱਧ ਦਾ ਐਲਾਨ ਕਰਦੀਆਂ ਹੋਈਆਂ) ਭੇਰੀਆਂ, ਤੁਰੀਆਂ, ਤੇ ਸ਼ਹਿਨਾਈਆਂ ਵੱਜ ਰਹੀਆਂ ਸਨ, (ਜਿਹਨਾਂ) ਦੀ ਆਵਾਜ਼ ਸੁਣ ਕੇ ਸੂਰਮਿਆਂ ਦੇ (ਚਿਹਰੇ ਰੋਹ ਵਿੱਚ) ਲਾਲ (ਹੋ ਗਏ ਤੇ ਉਹ ਯੁੱਧ ਲਈ ਤਿਆਰ ਹੋ ਕੇ) ਆ ਗਏ।।੧੧।।੫੨।।

ਟਿੱਪਣੀ:- 'ਕਰਨਾ' ਜਾਨਵਰ ਦੇ ਸਿੰਙ ਤੋਂ ਬਣੀ ਹੋਈ ਤੁਰੀ ਹੁੰਦੀ ਹੈ, ਜਿਹੜੀ ਜੰਗੀ ਸਾਜ਼ ਵਾਂਗੂੰ ਵਜਾਈ ਜਾਂਦੀ ਹੈ, ਪਰ ਇਹ ਪਿੱਤਲ ਆਦਿ ਧਾਤਾਂ ਤੋਂ ਵੀ ਬਣਾਈਆਂ ਜਾਂਦੀਆਂ ਹਨ।

ਦੋਹਰਾ ॥
ਫਤੇ ਸਾਹ ਦਲ ਸਾਜਿ ਕੈ ਖਰਾ ਭਯੋ ਤਿਹ ਥਾਨ ॥
ਸੰਗਿ ਰਾਵ ਰਾਜਾ ਘਨੇ ਮਨ ਮੈ ਕੀਓ ਗੁਮਾਨ ॥ ੧੨ ॥ ੫੩ ॥

ਫਤਿਹ ਸ਼ਾਹ ਆਪਣੀ ਸੈਨਾ ਸਜਾ ਕੇ ਉਸ ਥਾਂ 'ਤੇ ਆ ਖੜ੍ਹਾ ਹੋਇਆ। ਉਸਦੇ ਨਾਲ ਬਹੁਤ ਸਾਰੇ ਰਾਉ ਤੇ ਰਾਜੇ ਸਨ ਅਤੇ ਉਸਨੇ ਮਨ ਵਿੱਚ ਬਹੁਤ ਹੰਕਾਰ ਕੀਤਾ ਹੋਇਆ ਸੀ। ॥੧੨॥੫੩॥

ਕੇਤਕ ਦਲ ਇਹ ਫੌਜ ਕੋ ਕੀਨੋ ਸਾਹ ਸੁਮਾਰ ॥
ਏਕ ਘਰੀ ਕੀ ਮਾਰ ਮੈ ਹਇ ਹੈ ਸਕਲ ਸਥਾਰ ॥ ੧੩ ॥ ੫੪ ॥

(ਫਤਿਹ) ਸ਼ਾਹ ਨੇ (ਗੁਰੂ ਜੀ ਦੀ) ਫੌਜ ਦੀ ਗਿਣਤੀ ਦੇਖ ਕੇ (ਸੋਚਿਆ), "ਇੱਕ ਘੜੀ ਦੀ ਮਾਰ ਵਿੱਚ ਹੀ ਇਹ ਸਾਰੀ ਸੈਨਾ ਢੇਰ ਹੋ ਜਾਵੇਗੀ।" ॥੧੩॥੫੪॥

ਫਤੇ ਸਾਹ ਉਤ ਦਲ ਮੰਡਯੋ ਇਤੈ ਸਾਹ ਸੰਗ੍ਰਾਮ ॥
ਬੀਰ ਪੰਚ ਜੋਧਾ ਬਲੀ ਜਿਨ ਜੀਤੇ ਸੰਗ੍ਰਾਮ ॥ ੧੪ ॥ ੫੫ ॥

(ਜੰਗ ਦੇ ਮੈਦਾਨ ਵਿੱਚ) ਉਸ (ਦੁਸ਼ਮਣ ਵਾਲੇ) ਪਾਸੇ ਤੋਂ ਫ਼ਤਹਿ ਸ਼ਾਹ ਦੀ ਫ਼ੌਜ ਨੇ ਥਾਂ ਮੱਲ ਲਈ (ਭਾਵ, ਯੁੱਧ ਭੂਮੀ ਵਿੱਚ ਦ੍ਰਿੜ ਹੋ ਕੇ ਡੱਟ ਗਏ) ਤੇ ਇਸ ਪਾਸਿਉਂ (ਭਾਵ, ਗੁਰੂ ਜੀ ਸਾਹਿਬ ਦੀ ਤਰਫ਼ ਤੋਂ) (ਭਾਈ) ਸੰਗਰਾਮ ਸ਼ਾਹ (ਜੀ ਜੰਗ ਦੇ ਮੈਦਾਨ ਵਿੱਚ) ਡੱਟ ਗਏ। ਇਹ ਪੰਜ (ਭਰਾ ਭਾਈ ਸੰਗੋ ਸ਼ਾਹ ਜੀ, ਭਾਈ ਗੁਲਾਬ ਚੰਦ ਜੀ, ਭਾਈ ਜੀਤ ਮੱਲ ਜੀ, ਭਾਈ ਮਾਹਰੀ ਚੰਦ ਜੀ, ਤੇ ਭਾਈ ਗੰਗਾ ਰਾਮ ਜੀ) ਬੜੇ ਯੋਧੇ ਸਨ, ਜਿਹਨਾਂ ਨੇ ਜੰਗਾਂ ਜਿੱਤੀਆਂ ਸਨ।

ਸਵੈਯਾ ॥
ਕੋਪ ਕੇ ਸੂਰ ਦਹੂੰ ਓਰ ਤੇ ਧਾਇ ਕੈ ਆਨ ਸੰਗ੍ਰਾਮ ਮੈ ਸਸਤ੍ਰ ਬਾਹੇ ॥

ਗਿਰੇ ਸਵਾਰ ਇਹ ਭਾਂਤਿ ਭਵ ਚਾਲ ਰਣ ਮਾਰ ਹੀ ਮਾਰ ਕੈ ਆਨਿ ਗਾਹੇ ॥
ਨਚਤ ਹੈ ਭੂਤ ਬੈਤਾਲ ਭੈਰੋਂ ਤਹਾਂ ਗਿੱਧ ਮੰਡਲਾਤ ਰਣ ਮੈ ਸੁਹਾਹੇ ॥
ਆਨ ਕੈ ਜੋਗਨੀ ਪਤ੍ਰ ਪੂਰਨ ਭਰਜੋ ਅਚਵ ਕੈ ਉਦਰ ਤਿਨ ਕੇ ਅਘਾਏ ॥ ੧੫ ॥ ੫੬ ॥

ਗੁੱਸੇ ਵਿੱਚ ਭਰੇ ਸੂਰਮੇ ਦੋਹਾਂ ਪਾਸਿਆਂ ਤੋਂ ਭੱਜ ਕੇ ਆਏ ਅਤੇ ਯੁੱਧ-ਭੂਮੀ ਵਿੱਚ ਸ਼ਸਤਰ ਚਲਾਉਣ ਲੱਗੇ। ਘੋੜ-ਸਵਾਰ ਇਸ ਤਰ੍ਹਾਂ ਡਿੱਗ ਰਹੇ ਸਨ, ਜਿਵੇਂ ਭੂਚਾਲ ਆ ਗਿਆ ਹੋਵੇ, ਰਣ-ਭੂਮੀ ਵਿੱਚ ਮਾਰੋ-ਮਾਰ ਦੀਆਂ ਆਵਾਜ਼ਾਂ ਗੂੰਜ ਰਹੀਆਂ ਸਨ। ਉੱਥੇ ਭੂਤ, ਬੈਤਾਲ, ਅਤੇ ਭੈਰੋਂ ਨੱਚ ਰਹੇ ਸਨ ਅਤੇ ਗਿਰਝਾਂ ਦੇ ਝੁੰਡ ਰਣ-ਭੂਮੀ ਉੱਤੇ ਮੰਡਰਾਉਂਦੇ ਹੋਏ ਸੋਹਣੇ ਲੱਗ ਰਹੇ ਸਨ। ਯੋਗਣੀਆਂ ਨੇ ਆ ਕੇ ਆਪਣੇ (ਖੋਪਰੀ ਰੂਪੀ) ਕਟੋਰੇ (ਲਹੂ ਨਾਲ) ਪੂਰੀ ਤਰ੍ਹਾਂ ਭਰ ਲਏ ਅਤੇ ਉਸਨੂੰ ਪੀ ਕੇ ਉਹ ਰੱਜ ਗਈਆਂ। ॥੧੫॥੫੬॥

ਜੈਮਲ ਕੋਪ ਚੜਜੋ ਰਣ ਮੈ ਕਰ ਮੈ ਬਰਛੀ ਤਿਰਛੀ ਗਹਿ ਲੀਨੀ ॥
ਫੌਜ ਮੈ ਧਾਇ ਪਰਜੋ ਖੁਨਸਾਇ ਕੈ ਕੇਤਨ ਕੇ ਉਰ ਅੰਤਰ ਦੀਨੀ ॥
ਮਾਰ ਲਿਯੇ ਅਸਵਾਰ ਕਿਤੇ ਅਰਿ ਪੇਲ ਦਈ ਚਤੁਰੰਗ ਨਵੀਨੀ ॥
ਧੂਮ ਪਰੀ ਸਗਰੇ ਰਣ ਮੈ ਅਬ ਏਕ ਸਵਾਰ ਯਹੈ ਗਤਿ ਕੀਨੀ ॥ ੧੬ ॥ ੫੭ ॥

(ਭਾਈ) ਜੈਮਲ ਗੁੱਸੇ ਵਿੱਚ ਭਰਿਆ ਰਣ-ਭੂਮੀ ਵਿੱਚ ਆਇਆ। ਉਸਨੇ ਹੱਥ ਵਿੱਚ ਤਿਰਛੀ ਕਰਕੇ ਬਰਛੀ ਫੜੀ ਹੋਈ ਸੀ। ਉਹ ਗੁੱਸੇ ਨਾਲ ਫੌਜ ਵਿੱਚ ਜਾ ਵੜਿਆ ਅਤੇ ਕਈਆਂ ਦੇ ਦਿਲਾਂ ਵਿੱਚ ਉਹ ਬਰਛੀ ਮਾਰ ਦਿੱਤੀ। ਉਸਨੇ ਕਈ ਦੁਸ਼ਮਣ ਘੋੜ-ਸਵਾਰ ਮਾਰ ਲਏ ਅਤੇ ਉਨ੍ਹਾਂ ਦੀ ਚਤੁਰੰਗਣੀ ਸੈਨਾ ਨੂੰ ਪਿੱਛੇ ਵੱਲ ਧੱਕ ਦਿੱਤਾ। ਸਾਰੇ ਰਣ-ਖੇਤਰ ਵਿੱਚ ਧੁੰਮ ਪੈ ਗਈ ਕਿ ਇਸ ਇੱਕ ਸਵਾਰ ਨੇ ਇਹੋ ਜਿਹੀ ਗਤੀ (ਹਾਲਤ) ਕਰ ਦਿੱਤੀ ਹੈ। ॥੧੬॥੫੭॥

ਪੇਲ: ਚੱਲਣਾ, ਹਿੱਲਣਾ

ਰਣ ਮੈ ਧਸਿ ਕੈ ਇਮ ਲੋਹ ਕਿਯੋ ਨ ਕਿਯੋ ਤਿਹ ਮੋਹ ਮਹਾ ਮਨ ਕੋ ॥

ਜਿਮ ਸਾਰੰਗ ਮਾਹਿ ਮਤੰਗ ਪਰੈ ਨ ਡਰੈ ਕਰਿ ਲੋਭ ਕਛੂ ਤਨ ਕੋ ॥
ਰਣ ਮੈ ਇਮ ਧੂਮ ਕਰੀ ਅਤਿ ਹੀ ਮਨੋ ਖੇਲਤ ਕਾਨਰ ਫਾਗਨ ਕੋ ॥
ਇਹ ਭਾਂਤਿ ਗੁਲਾਬ ਗੁਲਾਲਿ ਲਿਯੇ ਕਰਿ ਜਾਤਿ ਜਮਾਤ ਕੇ ਡਾਰਨ ਕੋ ॥
੧੭ ॥ ੫੮ ॥

ਇਸ ਛੰਦ ਵਿੱਚ ਵਿੱਚ ਭਾਈ ਗੁਲਾਬ ਚੰਦ ਜੀ ਵੱਲੋਂ ਕੀਤੀ ਜੰਗ ਦਾ ਜ਼ਿਕਰ ਹੈ।

ਉਸਨੇ ਰਣ-ਭੂਮੀ ਵਿੱਚ ਇਸ ਤਰ੍ਹਾਂ ਵਡ਼ ਕੇ ਲੋਹਾ ਲਿਆ (ਭਾਵ ਭਿਅੰਕਰ ਯੁੱਧ ਕੀਤਾ) ਕਿ ਉਸਨੇ ਆਪਣੇ ਮਨ ਵਿੱਚ ਕਿਸੇ ਕਿਸਮ ਦਾ ਮੋਹ ਨਹੀਂ ਕੀਤਾ। ਜਿਵੇਂ ਸ਼ੇਰ ਉੱਤੇ ਮਸਤ ਹਾਥੀ ਹਮਲਾ ਕਰ ਦਵੇ ਅਤੇ ਨਿਡਰ ਹੋ ਕੇ ਆਪਣੇ ਸਰੀਰ ਦਾ ਕੋਈ ਲੋਭ ਨਹੀਂ ਕਰਦਾ। ਉਸਨੇ ਰਣ-ਭੂਮੀ ਵਿੱਚ ਅਜਿਹੀ ਧੁੰਮ ਮਚਾਈ, ਜਿਵੇਂ ਕਾਨ੍ਹ (ਕ੍ਰਿਸ਼ਨ) ਜੀ ਫੱਗਣ ਵਿੱਚ ਹੋਲੀ ਖੇਡ ਰਹੇ ਹੋਣ। ਇਸ ਪ੍ਰਕਾਰ (ਭਾਈ) ਗੁਲਾਬ (ਚੰਦ ਜੀ ਮਾਨੋ ਆਪਣੇ) ਹੱਥਾਂ ਵਿੱਚ ਗੁਲਾਲ ਲੈ ਕੇ ਜਮਾਤਾਂ 'ਤੇ (ਖ਼ੂਨ ਰੂਪੀ) ਰੰਗ ਸੁੱਟ ਰਹੇ ਸਨ (ਭਾਵ, ਉਨ੍ਹਾਂ ਦੁਸ਼ਮਣਾਂ ਨੂੰ ਲਹੂ ਲੁਹਾਨ ਕਰ ਰਹੇ ਸਨ)॥੧੭॥੫੮॥

ਟਿੱਪਣੀ:- ਇਸ ਛੰਦ ਦੀ ਦੂਜੀ ਪੰਕਤੀ ਦੇ ਲਫ਼ਜ਼ 'ਮਤੰਗ' ਦੀ ਜਗ੍ਹਾ 'ਪਤੰਗ' ਵੀ ਲਿੱਖਿਆ ਮਿਲਦਾ ਹੈ। ਜੇਕਰ ਅਸਲ ਲਫ਼ਜ਼ ਪਤੰਗ ਹੀ ਹੋਵੇ, ਤਦ ਅਰਥ ਇਸ ਪ੍ਰਕਾਰ ਹੋ ਜਾਣਗੇ, "ਜਿਵੇਂ ਦੀਵੇ (ਦੀ ਲਾਟ) ਵਿੱਚ ਪਤੰਗਾ ਜਾ ਪੈਂਦਾ ਹੈ ਤੇ ਨਿਡਰ ਹੋ ਕੇ ਆਪਣੇ ਸਰੀਰ ਦਾ ਕੋਈ ਲੋਭ ਨਹੀਂ ਕਰਦਾ"।

ਮਾਹੁਰੀ ਚੰਦ ਕਰਵਾਰ ਸੰਭਾਰ ਕੈ ਟੂਮ ਅਸ ਰਣ ਮਾਹਿ ਦੀਨੇ ॥
ਆਨ ਕੈ ਸ੍ਵਾਰ ਜੋ ਵਾਰ ਤਾ ਪੈ ਕਰੈ ਪਕਰਿ ਕੈ ਤਾਹਿ ਤਿਹ ਮਾਰਿ ਲੀਨੋ ॥
ਭਾਂਤਿ ਇਹ ਸੂਰ ਕੇਤਾਨ ਮਾਰੇ ਤਹਾਂ ਆਪਨੇ ਜੀਵ ਕੌ ਭੈ ਨ ਕੀਨੋ ॥
ਏਕ ਕੋ ਮਾਰਿ ਕੈ ਦੋਇ ਟੁਕੜੇ ਕਰੈ ਦੋਇ ਕੋ ਰੂਪ ਚਤੁਰੰਗ ਚੀਨੋ ॥ ੧੮ ॥ ੪੯ ॥

(ਭਾਈ) ਮਾਹੁਰੀ ਚੰਦ ਨੇ ਤਲਵਾਰ ਸੰਭਾਲ ਕੇ ਰਣ-ਭੂਮੀ ਵਿੱਚ ਅਜਿਹਾ ਹਮਲਾ ਕੀਤਾ। ਜਿਹੜਾ ਵੀ ਸਵਾਰ ਉਸ ਉੱਤੇ ਵਾਰ ਕਰਨ ਆਉਂਦਾ,

ਉਹ ਉਸਨੂੰ ਫੜ ਕੇ ਮਾਰ ਦਿੰਦਾ। ਇਸ ਤਰ੍ਹਾਂ ਉਸ ਨੇ ਉੱਥੇ (ਵੈਰੀ ਫ਼ੌਜ ਦੇ) ਕਈ ਸੂਰਮਿਆਂ ਨੂੰ ਮਾਰ ਦਿੱਤਾ ਅਤੇ ਆਪਣੇ ਜੀਵਨ ਦਾ ਕੋਈ ਡਰ ਨਾ ਕੀਤਾ। ਉਹ ਇੱਕ ਨੂੰ ਮਾਰ ਕੇ ਦੋ ਟੁਕੜੇ ਕਰ ਦਿੰਦਾ ਅਤੇ ਦੋ ਨੂੰ ਮਾਰ ਕੇ ਚਾਰ ਟੁਕੜੇ ਕਰ ਦਿੰਦਾ ॥੧੮॥੫੯॥

ਕਰੀ ਇਮ ਜੰਗ ਸੁਨਿ ਗੰਗ ਰਾਮੰ
ਵਹੀ ਤੇਗ ਕਰ ਮੈ ਲਈ ਬੇਗ ਧਾਯੋ ॥
ਦੇਤ ਅਸਵਾਰ ਕੇ ਸੀਸ ਪੈ ਆਨਿ ਕੈ
ਕਰਤ ਦੁਇ ਟੂਕ ਭੁਇ ਮਾਹਿ ਪਾਯੋ ॥
ਮਾਰਿ ਚਤੁਰੰਗ ਚਤੁਰੰਗ ਕੇਤੀ ਕਰੀ
ਭੂਮ ਲੋਟੈ ਪਰੀ ਭੈ ਦਿਖਾਯੋ ॥
ਧੂਮ ਐਸੀ ਪਰੀ ਭਾਜ ਯਾਹੀ ਘਰੀ
ਕਾਲ ਕੋ ਰੂਪ ਇਮ ਸੂਰ ਆਯੋ ॥ ੧੯ ॥ ੬੦ ॥

ਇਸ ਤਰ੍ਹਾਂ (ਆਪਣੇ ਭਰਾ ਵੱਲੋਂ) ਕੀਤੀ ਜੰਗ ਬਾਰੇ ਦੇਖ - ਸੁਣ ਕੇ ਭਾਈ ਗੰਗਾ ਰਾਮ ਨੇ (ਵੀ) ਹੱਥ ਵਿੱਚ ਤਲਵਾਰ ਲੈ ਕੇ ਤੇਜ਼ੀ ਨਾਲ ਅੱਗੇ ਵਧਿਆ। ਉਹ ਘੋੜ-ਸਵਾਰਾਂ ਦੇ ਸਿਰਾਂ 'ਤੇ ਵਾਰ ਕਰਕੇ, ਉਨ੍ਹਾਂ ਦੇ ਦੋ ਟੁਕੜੇ ਕਰਕੇ ਧਰਤੀ 'ਤੇ ਸੁੱਟ ਦਿੰਦਾ। ਉਸਨੇ (ਦੁਸ਼ਮਣ ਦੀ) ਕਿੰਨੀ ਹੀ ਚਤੁਰੰਗੀ ਫ਼ੌਜ ਨੂੰ ਮਾਰ-(ਮਾਰ) ਕੇ ਚਾਰ ਟੁੱਕੜੇ ਕਰ ਦਿੱਤੇ ਕਿ ਉਹ ਧਰਤੀ 'ਤੇ ਲਿਟਦੀਆਂ ਪਈਆਂ ਸਨ। (ਇਸ ਤਰ੍ਹਾਂ ਭਾਈ ਗੰਗਾ ਰਾਮ ਜੀ ਨੇ ਉਸ ਜੰਗ ਵਿੱਚ ਵੈਰੀ ਸੈਨਾ ਨੂੰ) ਆਪਣਾ ਭੈਅ ਦਿਖਾਇਆ। ਅਜਿਹੀ ਧੁੰਮ ਪਈ ਕਿ ਦੁਸ਼ਮਣ (ਆਪਣੇ ਸਾਥੀਆਂ ਨੂੰ ਆਖਣ ਲੱਗ ਪਏ ਕਿ ਹੁਣ ਤਾਂ) ਇਸੇ ਘੜੀ ਭੱਜ ਲਵੋ, (ਨਹੀਂ ਤਾਂ, ਇਹ) ਸੂਰਮਾ (ਤਾਂ) ਇਸ ਤਰ੍ਹਾਂ ਮੌਤ ਦਾ ਰੂਪ ਬਣ ਕੇ ਆ ਗਿਆ ਹੈ॥੧੯॥੬੦॥

ਟਿੱਪਣੀ:- ਚਤੁਰੰਗੀ ਦਾ ਅਰਥ ਹੈ, ਚਾਰ ਅੰਗਾਂ ਵਾਲੀ ਫ਼ੌਜ। ਇਹ ਚਾਰ ਅੰਗ ਇਸ ਪ੍ਰਕਾਰ ਹਨ: 1. ਪੈਦਲ ਫ਼ੌਜ, 2. ਘੋੜਸਵਾਰ ਫ਼ੌਜ, 3. ਰੱਥਾਂ ਉੱਤੇ ਸਵਾਰ ਫ਼ੌਜ, ਤੇ, 4. ਹਾਥੀਆਂ ਉੱਤੇ ਸਵਾਰ ਫ਼ੌਜ।

ਨਰਾਜ ਛੰਦ ॥
ਲਾਲ ਚੰਦ ਆਨਿ ਕੈ ॥
ਕਮਾਨ ਬਾਨ ਤਾਨ ਕੈ ॥

ਕਿਯੋ ਸੁ ਜੁੱਧ ਜਾਨ ਕੈ ॥
ਭਲੀ ਭਈ ਭਲੀ ਭਈ ॥ ੨੦ ॥ ੬੧ ॥

(ਭਾਈ) ਲਾਲ ਚੰਦ ਨੇ ਆ ਕੇ, ਕਮਾਨ 'ਤੇ ਬਾਣ ਤਾਣ ਕੇ, ਜਾਣਦੇ ਹੋਏ ਅਜਿਹਾ ਯੁੱਧ ਕੀਤਾ ਕਿ ਸਭ ਪਾਸੇ "ਧੰਨ ਹੋ! ਧੰਨ ਹੋ!" ਹੋਣ ਲੱਗੀ। ॥੨੦॥੬੧॥

ਸਰੂਪ ਰੂਪ ਧਾਰਈ ॥
ਅਨੇਕ ਸਤ੍ਰ ਟਾਰਈ ॥
ਕਰੈ ਸੁ ਮਾਰ ਮਾਰਈ ॥
ਪੁਕਾਰਈ ਪੁਕਾਰਈ ॥ ੨੧ ॥ ੬੨ ॥

ਉਹ (ਕਾਲ ਦਾ) ਰੂਪ ਧਾਰ ਕੇ ਅਨੇਕਾਂ ਦੁਸ਼ਮਣਾਂ ਨੂੰ ਹਟਾ ਰਿਹਾ ਸੀ, (ਭਾਵ ਮਾਰ ਰਿਹਾ ਸੀ)। ਉਹ "ਮਾਰੋ-ਮਾਰੋ" ਦੀਆਂ ਪੁਕਾਰਾਂ ਕਰ ਰਿਹਾ ਸੀ। ॥੨੧॥੬੨॥

ਕ੍ਰਿਸਾਨ ਖੇਤ ਕਾਟਈ ॥
ਕਰੀ ਸੁ ਤਾਹਿ ਬਾਟਈ ॥
ਨ ਜੀਵ ਚਟਾ ਚਾਟਈ ॥
ਸੁ ਥਾਟਈ ਸੁ ਥਾਟਈ ॥ ੨੨ ॥ ੬੩ ॥

ਜਿਵੇਂ ਕਿਸਾਨ ਖੇਤ ਨੂੰ ਵੱਢਦਾ ਹੈ, ਉਸੇ ਤਰ੍ਹਾਂ ਉਸਨੇ ਲਾਸ਼ਾਂ ਦੇ ਢੇਰ ਲਗਾ ਦਿੱਤੇ। (ਉਹ ਇੰਨੀ ਤੇਜ਼ੀ ਨਾਲ ਵਾਰ ਕਰਦਾ ਕਿ) ਕੋਈ ਜੀਵ (ਹਾਏ ਆਦਿ ਦੀ) ਆਵਾਜ਼ ਤੱਕ ਨਾ ਕੱਢ ਸਕਦਾ ਤੇ (ਉੱਥੇ ਹੀ) ਸਥਾਪਿਤ ਹੋ ਜਾਂਦਾ (ਭਾਵ, ਜੰਗ ਦੇ ਮੈਦਾਨ ਵਿੱਚ ਲਾਸ਼ ਬਣ ਕੇ ਡਿੱਗ ਪੈਂਦਾ)। ॥੨੨॥੬੩॥

ਕੀਓ ਸੁ ਲੋਹ ਲੋਹਈ ॥
ਨ ਜੀਵ ਰਖ ਧੋਹਈ ॥
ਸੁ ਚਾਲ ਸੂਰ ਸੋਹਈ ॥
ਬਿਮੋਹਈ ਬਿਮੋਹਈ ॥ ੨੩ ॥ ੬੪ ॥

ਉਸਨੇ ਲੋਹੇ ਨਾਲ ਲੋਹਾ ਵਜਾ ਕੇ (ਭਿਆਨਕ ਯੁੱਧ ਕੀਤਾ)। (ਆਪਣਾ) ਜੀਵਨ ਰੱਖਣ, (ਭਾਵ, ਬਚਾਉਣ ਲਈ ਉਸਨੇ ਧਰਮ ਨਾਲ) ਧ੍ਰੋਹ ਨਹੀਂ ਕੀਤਾ। (ਉਸਦੀ) ਸੂਰਮਿਆਂ ਦੀ ਇਹ ਚਾਲ ਸੋਭ ਰਹੀ ਸੀ, ਜੋ ਦੁਸ਼ਮਣਾਂ ਨੂੰ) ਵਿਮੋਹ ਰਹੀ ਸੀ (ਭਾਵ, ਭਰਮ ਵਿੱਚ ਪਾ ਰਹੀ ਸੀ)। ॥੨੩॥੬੪॥

ਸਵੈਯਾ ॥
ਮਾਹਰੂ ਕਾਹਰੂ ਕੋਪ ਕੈ ਜੀਵ ਮੈ
ਸਸਤ੍ਰ ਲੈ ਹਾਥ ਮੈ ਬੇਗ ਧਾਏ ॥
ਏਕ ਸੋ ਏਕ ਬਲਵੰਤ ਸੂਰਾ ਸਰਸ
ਛਿਨਕ ਮੈ ਮਾਰਿ ਰਨ ਮੈ ਗਿਰਾਏ ॥
ਲੋਥ ਪੈ ਲੋਥ ਤਹਿ ਡਾਰ ਕੇਤੀ ਦਈ
ਸ੍ਰੋਨ ਕੇ ਸੁੰਬ ਯੌ ਉਮੰਡਿ ਆਏ ॥
ਪਰਤ ਹੈ ਨੀਰ ਗੰਭੀਰ ਭਾਰੀ ਕਹੂੰ
ਮਿਲਤ ਹੈ ਨੀਰ ਇਕ ਤੀਰ ਜਾਏ ॥ ੨੪ ॥ ੬੫ ॥

(ਦੁਸ਼ਮਣਾਂ ਉੱਤੇ) ਕਹਿਰ ਢਾਹੁਣ ਵਾਲੇ (ਭਾਈ) ਮਾਹਰੀ ਚੰਦ ਮਨ ਵਿੱਚ ਗੁੱਸਾ ਭਰ ਕੇ ਅਤੇ ਹੱਥਾਂ ਵਿੱਚ ਸ਼ਸਤਰ ਲੈ ਕੇ ਤੇਜ਼ੀ ਨਾਲ ਅੱਗੇ ਵਧਿਆ। ਇੱਕ ਤੋਂ ਵੱਧ ਇੱਕ ਬਲਵਾਨ ਅਤੇ ਸ੍ਰੇਸ਼ਠ ਸੂਰਮੇ ਉਸ ਨੇ ਇੱਕ ਛਿਨ ਵਿੱਚ ਮਾਰ ਕੇ ਰਣ-ਭੂਮੀ ਵਿੱਚ ਸੁੱਟ ਦਿੱਤੇ। ਉਸ ਨੇ ਉੱਥੇ ਕਿੰਨੀਆਂ ਹੀ ਲਾਸ਼ਾਂ 'ਤੇ ਲਾਸ਼ਾਂ ਦੇ ਢੇਰ ਲਗਾ ਦਿੱਤੇ ਅਤੇ ਲਹੂ ਦੇ ਨਾਲੇ ਇਸ ਤਰ੍ਹਾਂ ਵਹਿ ਤੁਰੇ, ਜਿਵੇਂ ਕਿਤੋਂ ਭਾਰੀ ਪਾਣੀ ਦਾ ਹੜ੍ਹ ਆ ਕੇ ਇੱਕੋ ਪਾਸੇ ਵਹਿਣ ਲੱਗ ਪੈਂਦਾ ਹੈ। ॥੨੪॥੬੫॥

ਮਨ ਮੈ ਅਤਿ ਧਾਰਿ ਕਿਯੋ ਅਤਿ ਸਾਰ
ਸਮਿਓ ਐਸੀ ਬਾਰ ਨਹੀਂ ਕਰਿ ਆਵੈ ॥
ਕੋਪ ਕੈ ਕ੍ਰੋਧ ਸੋ ਕਾਢਿ ਕੈ ਮਿਆਨ ਤੇ
ਕੇਤਨ ਕੇ ਸਿਰਿ ਕਾਟਿ ਲੇ ਆਵੈ ॥
ਭੇਟ ਕਿਯੇ ਪ੍ਰਭੁ ਕੀ ਤਬ ਹੀ
ਅਰੁ ਕੋਪ ਕੈ ਜੁੱਧ ਕੋ ਫੇਰਿ ਸਿਧਾਵੈ ॥
ਐਸੇ ਪ੍ਰਕਾਮੁ ਕਿਯੋ ਦਇਆ ਰਾਮ
ਸੁ ਦ੍ਰੋਨ ਜੋ ਦੇਖਯੋ ਸੁ ਮਹਾ ਰਨ ਪਾਵੈ ॥ ੨੫ ॥ ੬੬ ॥

(ਇਹ ਵਿਚਾਰ ਕਰਕੇ ਕਿ ਯੁੱਧ ਕਰਨ ਦਾ) ਇਸ ਵਾਰ ਦਾ ਸਮਾਂ ਮੁੜ ਕੇ ਹੱਥ ਨਹੀਂ ਆਉਣਾ, ਮਨ ਵਿੱਚ ਅਤਿ (ਕਰਨ ਦੀ) ਧਾਰ ਕੇ ਜਿਸਨੇ ਜੰਗ ਵਿੱਚ ਅੱਤ ਕਰ ਦਿੱਤੀ। ਕ੍ਰੋਧ ਨਾਲ਼ ਮਿਆਨ ਵਿੱਚੋਂ (ਕਿਰਪਾਨ) ਕੱਢ ਕੇ ਉਹ ਕਿੰਨਿਆਂ ਦੇ ਹੀ ਸਿਰ ਵੱਢ ਕੇ ਲੈ ਆਉਂਦਾ ਤੇ (ਦੁਸ਼ਮਣਾਂ ਦੇ ਵੱਢੇ ਹੋਏ ਉਹ ਸਿਰ) ਗੁਰੂ ਸਾਹਿਬ ਨੂੰ ਭੇਟ ਕਰ ਕੇ ਮੁੜ ਕੇ ਗ਼ੁੱਸੇ ਨਾਲ਼ ਯੁੱਧ ਕਰਨ ਨੂੰ ਚੜ੍ਹ ਪੈਂਦਾ। (ਭਾਈ) ਦਇਆ ਰਾਮ ਨੇ ਐਸਾ ਪ੍ਰਾਕ੍ਰਮ ਕੀਤਾ ਕਿ ਉਹ (ਮਹਾਭਾਰਤ ਦੇ ਯੁੱਧ ਵਿੱਚ) ਦਰੋਣਾਚਾਰੀਆ ਵਾਂਗੂੰ ਰਣ ਵਿੱਚ ਲੜ੍ਹਦਾ ਦੇਖਿਆ। ॥ ੨੫ ॥ ੬੬ ॥

ਲੈ ਕੁਤਕਾ ਕਰ ਮੈ ਕ੍ਰਿਪਾਲ
ਸੰਭਾਰ ਕੈ ਖਾਨ ਹਯਾਤ ਕੇ ਮਾਰਯੋ ॥
ਐਸੀ ਦਈ ਸਿਰ ਮੈ ਤਿਹ ਕੇ
ਮਨੋ ਤੋਰਯੋ ਪਹਾਰ ਗਦਾਨ ਸੋ ਡਾਰਯੋ ॥
ਮਾਤੋ ਮਤੰਗ ਮਹਾ ਬਲਵਾਨ
ਹਨਯੋ ਛਿਨ ਮੈ ਰਨ ਮਾਹਿ ਪਛਾਰਯੋ ॥
ਏਕ ਦਈ ਸੁ ਦਈ ਉਹ ਕੇ
ਫਿਰ ਦੂਸਰੀ ਸੋ ਇਕ ਔਰ ਸੰਘਾਰਯੋ ॥ ੨੬ ॥ ੬੭ ॥

(ਉਦਾਸੀ ਮਹੰਤ) ਕਿਰਪਾਲ (ਦਾਸ) ਨੇ ਹੱਥ ਵਿੱਚ ਕੁਤਕਾ ਫੜ ਕੇ ਹਯਾਤ ਖਾਨ ਦੇ ਸਿਰ 'ਤੇ ਮਾਰਿਆ। ਉਸਨੇ ਸਿਰ ਵਿੱਚ ਅਜਿਹੀ (ਸੱਟ) ਮਾਰੀ, ਜਿਵੇਂ (ਕਿਸੇ ਨੇ) ਪਹਾੜ ਹੀ ਤੋੜ ਕੇ (ਖਾਈ ਵਿੱਚ) ਸੁੱਟ ਦਿੱਤਾ ਹੋਵੇ। ਉਸਨੇ ਇੱਕ ਛਿਨ ਵਿੱਚ ਹੀ ਉਸ ਮਸਤ ਅਤੇ ਮਹਾਂਬਲੀ ਹਾਥੀ ਵਰਗੇ (ਯੋਧੇ) ਨੂੰ ਮਾਰ ਕੇ ਰਣ-ਭੂਮੀ ਵਿੱਚ ਪਛਾੜ ਦਿੱਤਾ। ਇੱਕ ਵਾਰ ਉਸਨੂੰ ਮਾਰਨ ਤੋਂ ਬਾਅਦ, ਦੂਜੇ ਵਾਰ ਨਾਲ ਇੱਕ ਹੋਰ ਨੂੰ ਮਾਰ ਮੁਕਾਇਆ। ॥੨੬॥੬੭॥

ਲੈ ਬਰਛੀ ਕਰ ਮੈ ਤਬ ਹੀ
ਮਨੋ ਦੇਖ ਕੁਰੰਗ ਕੋ ਸਿੰਘ ਜੋ ਧਾਯੋ ॥
ਮਾਰਿ ਹਕਾਰ ਬਿਦਾਰਿ ਦਿਯੋ ਦਲ
ਪੇਲਤ ਪੇਲਤ ਪੇਲ ਚਲਾਯੋ ॥
ਟੂਟ ਕੈ ਸਸਤ੍ਰ ਪਰੇ ਸਬ ਹੀ

ਕਰ ਲੈ ਜਮਧਾਰਿ ਕਿਤਾਨ ਕੋ ਘਾਯੋ ॥
ਘਾਇਲ ਸਾਰ ਸੁ ਮਾਰ ਭਯੋ
ਸੁ ਨੰਦ ਹੀ ਚੰਦ ਗੋਬਿੰਦ ਬਚਾਯੋ ॥ ੨੭ ॥ ੬੮ ॥

(ਭਾਈ ਨੰਦ ਚੰਦ ਨੇ) ਹੱਥ ਵਿੱਚ ਬਰਛੀ ਲੈ ਕੇ ਇਵੇਂ ਦੌੜਿਆ, ਜਿਵੇਂ ਹਿਰਨ ਨੂੰ ਵੇਖ ਕੇ ਸ਼ੇਰ ਉਸ ਵੱਲ ਭੱਜਦਾ ਹੈ। ਉਸਨੇ ਲਲਕਾਰ ਕੇ ਦੁਸ਼ਮਣ ਦਲ ਨੂੰ ਚੀਰ ਦਿੱਤਾ ਅਤੇ ਉਨ੍ਹਾਂ ਨੂੰ (ਪਿੱਛੇ) ਧੱਕਦੇ - ਧੱਕਦੇ (ਪੂਰੀ ਤਰ੍ਹਾਂ) ਪਿੱਛੇ ਧੱਕ ਦਿੱਤਾ। ਜਦੋਂ ਉਸਦੇ ਸਾਰੇ ਸ਼ਸਤਰ ਟੁੱਟ ਗਏ, ਤਾਂ ਉਸਨੇ ਹੱਥ ਵਿੱਚ ਜਮਧਾਰ (ਕਟਾਰ) ਫੜ ਕੇ ਕਈਆਂ ਨੂੰ ਮਾਰ ਦਿੱਤਾ। ਉਹ ਬੁਰੀ ਤਰ੍ਹਾਂ ਘਾਇਲ ਹੋ ਗਿਆ ਅਤੇ ਮਰਨ ਕਿਨਾਰੇ ਸੀ, ਪਰ (ਗੁਰੂ) ਗੋਬਿੰਦ (ਜੀ) ਨੇ (ਭਾਈ) ਨੰਦ ਚੰਦ ਨੂੰ ਬਚਾ ਲਿਆ। ॥੨੭॥੬੮॥

ਖੜਗ ਸੰਭਾਰ ਲਲਕਾਰ ਖਤ੍ਰੀ ਚੜ੍ਹਜੋ
ਜਾਇ ਰਣ ਮੈ ਪਰਜੋ ਅਤਿ ਸੁਹਾਯੋ ॥
ਲੋਥ ਪੈ ਲੋਥ ਤਿਹ ਡਾਰਿ ਕੇਤੀ ਦਈ
ਛਿਨਕ ਮੈ ਅਨਿਕ ਬਿਧਿ ਲੋਹ ਪਾਯੋ ॥
ਬਾਨ ਐਸੇ ਬਹੇ ਘਾਵ ਤਨ ਮੈ ਭਏ
ਸੂਰ ਤਨ ਮੈ ਸਹੇ ਭੂਮਿ ਆਯੋ ॥
ਅਨਿਕ ਰੱਛਾ ਕਰੀ ਆਪ ਤਾਹੀ ਘਰੀ
ਕਾਲ ਕ੍ਰਿਪਾਲ ਐਸੇ ਬਚਾਯੋ ॥ ੨੮ ॥ ੬੯ ॥

ਖੱਤਰੀ (ਯੋਧਾ) ਤਲਵਾਰ ਸੰਭਾਲ ਕੇ ਲਲਕਾਰਦਾ ਹੋਇਆ ਜੰਗ ਲਈ ਚੜ੍ਹ ਪਿਆ ਤੇ ਰਣ-ਭੂਮੀ ਵਿੱਚ ਜਾ ਹਮਲਾ ਕੀਤਾ। (ਉਹ ਜੰਗ ਦੇ ਮੈਦਾਨ ਵਿੱਚ) ਬਹੁਤ ਸੋਹਣਾ ਲੱਗ ਰਿਹਾ ਸੀ। ਉਸਨੇ ਛਿਨਾਂ ਵਿੱਚ ਹੀ ਲੋਥਾਂ ਉੱਤੇ ਕਿੰਨੀਆਂ ਹੀ ਲੋਥਾਂ ਵਿਛਾ ਦਿੱਤੀਆਂ ਤੇ ਅਨੇਕਾਂ ਤਰੀਕਿਆਂ ਨਾਲ ਯੁੱਧ ਕੀਤਾ। ਇੰਨੇ ਤੀਰ ਵੱਜੇ ਕਿ ਉਸਦਾ ਸਰੀਰ ਜ਼ਖਮਾਂ ਨਾਲ ਭਰ ਗਿਆ। ਉਸ ਸੂਰਮੇ ਨੇ ਸਾਰੇ ਜ਼ਖਮ ਸਹਾਰੇ ਅਤੇ ਧਰਤੀ 'ਤੇ ਡਿੱਗ ਪਿਆ। ਉਸੇ ਘੜੀ (ਗੁਰੂ ਜੀ) ਨੇ ਆਪ ਉਸਦੀ ਰੱਖਿਆ ਕੀਤੀ ਅਤੇ ਕਾਲ ਰੂਪੀ ਕਿਰਪਾਲ (ਗੁਰੂ ਜੀ) ਨੇ ਉਸਨੂੰ ਇਸ ਤਰ੍ਹਾਂ ਬਚਾਇਆ। ॥੨੮॥੬੯॥

ਸਾਹਿਬ ਚੰਦ ਗਇੰਦਨ ਜੌ
ਮਨ ਮੈ ਕਰ ਰੋਸ ਤਬੈ ਉਠਿ ਧਾਯੋ ॥
ਮਾਰਿ ਹੀ ਮਾਰਿ ਕਹੈ ਮੁਖ ਤੇ
ਕਰਵਾਰ ਸੰਭਾਰਿ ਕਿਤੋ ਦਲ ਘਾਯੋ ॥
ਜੋ ਕਰਵਾਰ ਸੌ ਵਾਰ ਸੰਭਾਰਿ ਕੈ
ਜੁੱਧ ਕੋ ਸੂਰ ਕੈ ਸਾਮੁਹੇ ਆਯੋ ॥
ਤਾਹੂ ਕੋ ਵਾਰਿ ਬਿਦਾਰਿ ਹਕਾਰਿ ਕੈ
ਆਪਨੇ ਵਾਰ ਸੋ ਤਾਹਿ ਗਿਰਾਯੋ ॥ ੨੯ ॥ ੭੦ ॥

(ਭਾਈ) ਸਾਹਿਬ ਚੰਦ ਹਾਥੀਆਂ ਵਾਂਗ ਮਨ ਵਿੱਚ ਗੁੱਸਾ ਕਰਕੇ ਉੱਠ ਕੇ (ਉਤਸ਼ਾਹ ਵਿੱਚ ਜੰਗ ਲਈ) ਦੌੜ ਪਿਆ। ਉਹ ਮੂੰਹੋਂ "ਮਾਰੋ-ਮਾਰੋ" ਕਹਿ ਰਿਹਾ ਸੀ। (ਉਸ ਨੇ) ਤਲਵਾਰ ਸੰਭਾਲ ਕੇ (ਦੁਸ਼ਮਣਾਂ ਦੇ) ਦਲ (ਦੇ) ਕਿੰਨੇ ਹੀ (ਯੋਧਿਆਂ) ਨੂੰ ਮਾਰ ਦਿੱਤਾ। ਜਿਹੜਾ ਵੀ ਸੂਰਮਾ ਤਲਵਾਰ ਨਾਲ ਵਾਰ ਸੰਭਾਲ ਕੇ ਉਸਦੇ ਸਾਹਮਣੇ ਆਉਂਦਾ, ਉਹ ਉਸਦੇ ਵਾਰ ਨੂੰ ਰੋਕ ਕੇ ਅਤੇ ਲਲਕਾਰ ਕੇ, ਆਪਣੇ ਵਾਰ ਨਾਲ ਉਸਨੂੰ ਥੱਲੇ ਸੁੱਟ ਦਿੰਦਾ। ॥੨੯॥੭੦॥

ਸਾਹ ਸੰਗ੍ਰਾਮ ਨੇ ਕਾਮ ਐਸੇ ਕਿਯੇ
ਭੀਮ ਤੇ ਜਾਨਿ ਗੁਨ ਚਾਰਿ ਭਾਰੇ ॥
ਭਲੇ ਖਾਨ ਖ੍ਵਾਨੀ ਹਨੇ ਛਾਰ ਕੀਨੇ ਘਨੇ
ਹੋਇ ਕੈ ਅਨਮਨੇ ਸੋ ਸਿਧਾਰੇ ॥
ਗਜੈ ਸਿੰਘ ਸੰਗ੍ਰਾਮ ਮੈ ਭਾਂਤਿ ਤਾਕੀ ਕਹੁ
ਮ੍ਰਿਗਨ ਕੋ ਮਾਰ ਨਾਹਰ ਡਕਾਰੇ ॥
ਤਹਾਂ ਕੋਪ ਕੈ ਕ੍ਰੋਧ ਸੋ ਆਨ ਸੰਗ੍ਰਾਮ ਮੈ
ਨਿਕਟਿ ਤਿਹ ਆਨ ਕੈ ਸਸਤ੍ਰ ਧਾਰੇ ॥ ੩੦ ॥ ੭੧ ॥

ਸ਼ਾਹ ਸੰਗਰਾਮ ਜੀ ਨੇ (ਯੁੱਧ ਵਿੱਚ) ਐਸੇ (ਯੁੱਧ ਕਲਾ ਦੇ) ਕੰਮ ਕੀਤੇ, ਜੋ (ਮਹਾਂਭਾਰਤ ਦੇ ਯੁੱਧ ਵਿੱਚ) ਭੀਮ ਵੱਲੋਂ ਕੀਤੇ ਗਏ (ਪ੍ਰਾਕ੍ਰਮ ਨਾਲੋਂ ਵੀ) ਚਾਰ ਗੁਣਾ ਜ਼ਿਆਦਾ ਜਾਣੋ। ਚੰਗੇ-ਚੰਗੇ ਪਠਾਣ ਉਹਨਾਂ ਨੇ ਮਾਰ ਦਿੱਤੇ ਤੇ ਉਹਨਾਂ ਪਠਾਣਾਂ ਵਿੱਚੋਂ ਕਈ ਅਣਮੰਨੇ ਜਿਹੇ ਮਨ ਨਾਲ (ਯੁੱਧ ਛੱਡ ਕੇ) ਚਲੇ ਗਏ। ਹਿਰਨਾਂ ਨੂੰ ਮਾਰ ਕੇ ਜਿਵੇਂ ਸ਼ੇਰ ਗਰਜਦਾ ਹੈ, ਉਵੇਂ ਹੀ ਸ਼ਾਹ ਸੰਗਰਾਮ ਜੀ ਸੰਗਰਾਮ ਵਿੱਚ ਗੱਜ ਰਹੇ ਸਨ। ਉਹ ਬੜੇ ਕ੍ਰੋਧ ਨਾਲ਼

(ਵੈਰੀ ਦੇ) ਨੇੜੇ ਜਾ ਕੇ ਸ਼ਸਤਰ ਧਾਰਦੇ (ਭਾਵ, ਉਹ ਵੈਰੀ ਦੇ ਨੇੜੇ ਪੁੱਜ ਕੇ ਹੀ ਆਪਣੇ ਹੱਥ ਵਿੱਚ ਸ਼ਸਤਰ ਫੜਦੇ ਸਨ)। ॥੩੦॥੭੧॥

ਕ੍ਰੋਧ ਸੋ ਕੋਪ ਕੈ ਆਨਿ ਹਰੀ ਚੰਦ ਨੇ
ਪਕਰਿ ਗੁਨਿ ਬਾਨ ਐਸੇ ਪ੍ਰਹਾਰੇ ॥
ਭਲੀ ਭਾਂਤਿ ਸੌ ਖੇਤ ਮੈ ਥਾਨਿ ਅਸਥਿਰ ਕੀਓ
ਸਸਤ੍ਰਧਾਰੀ ਹਨੇ ਭੂਮਿ ਡਾਰੇ ॥
ਸਸਤ੍ਰ ਸੰਭਾਰਿ ਕੈ ਜੀਤ ਮਲੰ ਹਨੇ ਘਨੇ
ਹਨਿ ਹਰਿ ਚੰਦ ਇਹ ਭਾਂਤਿ ਮਾਰੇ ॥
ਬੀਰ ਤਾ ਕੇ ਬਨੇ ਵਾਰਿ ਬਾਹੇ ਘਨੇ
ਸੁਰਗ ਲੋਕੰ ਤਬੈ ਤੇ ਸਿਧਾਰੇ ॥ ੩੧ ॥ ੭੨ ॥

ਹਰੀ ਚੰਦ ਨੇ ਕ੍ਰੋਧ ਵਿੱਚ ਆ ਕੇ (ਆਪਣੇ ਹੱਥ ਵਿੱਚ) ਧਨੁਸ਼ ਫੜ੍ਹ ਕੇ (ਬਹੁਤ ਸਾਰੇ) ਬਾਣ ਪਕੜ ਕੇ ਇਸ ਤਰ੍ਹਾਂ ਚਲਾਏ ਕਿ (ਆਪ ਤਾਂ ਉਹ) ਬੜੀ ਚੰਗੀ ਤਰ੍ਹਾਂ ਜੰਗ ਦੇ ਮੈਦਾਨ ਵਿੱਚ ਡੱਟਿਆ ਰਿਹਾ (ਤੇ ਗੁਰੂ ਜੀ ਦੀ ਫ਼ੌਜ ਦੇ ਕਈ) ਸ਼ਸਤਰਧਾਰੀਆਂ ਨੂੰ (ਉਸ ਨੇ) ਮਾਰ ਕੇ ਧਰਤੀ ਉੱਤੇ ਸੁੱਟ ਦਿੱਤਾ। ਸ਼ਸਤਰ ਸੰਭਾਲ ਕੇ ਹਰੀ ਚੰਦ ਨੇ (ਗੁਰੂ ਸਾਹਿਬ ਜੀ ਦੇ ਫੁਫੇਰੇ ਭਰਾ ਭਾਈ) ਜੀਤ ਮੱਲ ਜੀ ਨੂੰ ਸ਼ਹੀਦ ਕਰ ਦਿੱਤਾ। (ਉਸਨੇ ਹੋਰ ਵੀ) ਕਈ (ਸਿੱਖ ਯੋਧੇ) ਇਸ ਤਰ੍ਹਾਂ ਮਾਰ ਦਿੱਤੇ। ਉਸ ਦੇ (ਸਾਥੀ) ਯੋਧਿਆਂ ਨੇ (ਵੀ) ਬਹੁਤ ਵਾਰ ਕੀਤੇ (ਤੇ ਲੜ੍ਹਦੇ-ਲੜ੍ਹਦੇ) ਕਈ ਯੋਧੇ ਤਦ ਸਵਰਗ ਲੋਕ ਨੂੰ ਚਲੇ ਗਏ।॥੩੧॥੭੨॥

ਅਨਤੁਕਾ ਰਸਾਵਲ ਛੰਦ ॥
ਗਿਰੇ ਬੀਰ ਬੀਰੰ ॥ ਪਰੋ ਭਾਰ ਭੀਰੰ ॥
ਲਗੇ ਬਾਨ ਤੀਰੰ ॥ ਅਧੀਰੰ ਬਿਦਾਰੇ ॥ ੩੨ ॥ ੭੩ ॥

ਸੂਰਬੀਰਾਂ ਦੇ ਸੂਰਬੀਰ (ਜ਼ਖ਼ਮੀ ਹੋ ਕੇ ਤੇ ਮਰ ਕੇ ਜੰਗ ਭੂਮੀ ਵਿੱਚ) ਡਿੱਗ ਰਹੇ ਸਨ। ਧਰਤੀ 'ਤੇ (ਯੋਧਿਆਂ ਦੀਆਂ ਲਾਸ਼ਾਂ ਦੀ) ਭਾਰੀ ਭੀੜ ਹੋ ਗਈ ਸੀ। ਤੀਰਾਂ ਦੇ ਲੱਗਣ ਨਾਲ ਸੂਰਮੇ ਬੇਚੈਨ ਹੋ ਕੇ ਨਸ਼ਟ ਹੋ ਗਏ। ॥੩੨॥੭੩॥

ਬਜੈ ਸਾਰ ਸਾਰੰ ॥ ਝੜੈ ਚਨਿਗਿਆਰੰ ॥

ਕੜੱਕੇ ਕਮਾਣੰ ॥ ਨ ਬਾਨੰ ਸਮਾਰੇ ॥ ੩੩ ॥ ੭੪ ॥

ਲੋਹੇ ਉੱਤੇ ਲੋਹਾ ਵੱਜ ਰਿਹਾ ਸੀ। ਤਲਵਾਰਾਂ 'ਤੇ ਤਲਵਾਰਾਂ ਵੱਜ ਰਹੀਆਂ ਸਨ। ਚੰਗਿਆੜੇ ਝੜ ਰਹੇ ਸਨ। ਕਮਾਨਾਂ ਦੇ ਕੜਕਣ ਦੀਆਂ ਆਵਾਜ਼ਾਂ ਆ ਰਹੀਆਂ ਸਨ ਅਤੇ ਤੀਰ ਸੰਭਾਲੇ ਨਹੀਂ ਜਾ ਰਹੇ ਸਨ। ॥੩੩॥੭੪॥

ਟਿੱਪਣੀ:- ਲੋਹੇ ਉੱਤੇ ਲੋਹਾ ਵੱਜਣ ਦਾ ਮਤਲਬ ਹੈ ਕਿ ਸ਼ਸਤਰਾਂ ਉੱਤੇ ਸ਼ਸਤਰ ਵੱਜ ਰਹੇ ਸਨ ਜਾਂ ਢਾਲਾਂ ਉੱਤੇ ਸ਼ਸਤਰ ਵੱਜ ਰਹੇ ਸਨ। ਤਲਵਾਰਾਂ 'ਤੇ ਤਲਵਾਰਾਂ ਵੱਜ ਰਹੀਆਂ ਸਨ।

ਛੁਟੈ ਤੋਪ ਕੋਪੰ ॥ ਕਈ ਸੂਰ ਸੋਖੰ ॥
ਮਿਲੈ ਤਾਹਿ ਮੋਖੰ ॥ ਸੁ ਕੋਖੰ ਉਜਾਰੇ ॥ ੩੪ ॥ ੭੫ ॥

ਤੋਪਾਂ ਗੁੱਸੇ ਨਾਲ ਗੋਲੇ ਛੱਡ ਰਹੀਆਂ ਸਨ, ਜਿਸ ਨਾਲ ਕਈ ਸੂਰਮੇ ਸੁੱਕ (ਮਰ) ਰਹੇ ਸਨ। ਉਨ੍ਹਾਂ ਨੂੰ ਮੋਕਸ਼ ਮਿਲ ਰਿਹਾ ਸੀ, ਪਰ (ਉਨ੍ਹਾਂ ਦੀਆਂ ਮਾਵਾਂ ਦੀਆਂ) ਕੁੱਖਾਂ ਉੱਜੜ ਰਹੀਆਂ ਸਨ। ॥੩੪॥੭੫॥

ਟਿੱਪਣੀ:- 'ਤੋਪਾਂ ਗੁੱਸੇ ਨਾਲ ਗੋਲੇ ਛੱਡ ਰਹੀਆਂ ਸਨ' ਤੋਂ ਅੰਤਰੀਵ ਭਾਵ ਇਹ ਹੈ ਕਿ ਤੋਪਾਂ ਚਲਾਉਣ ਵਾਲੇ ਗੁੱਸੇ ਵਿੱਚ ਤੋਪਾਂ ਚਲਾ ਰਹੇ ਸਨ।

ਸੋਈ ਕਾਮ ਆਯੋ ॥ ਤਿਨੈ ਸੂਰ ਘਾਯੋ ॥
ਸੁਰਗੇ ਸਿਧਾਯੰ ॥ ਕਿਯੇ ਲੋਹ ਭਾਰੇ ॥ ੩੫ ॥ ੭੬ ॥

ਜੋ (ਦੇਸ਼-ਧਰਮ ਦੇ) ਕੰਮ ਆਏ, ਉਨ੍ਹਾਂ ਨੇ ਹੀ ਸੂਰਮਿਆਂ ਨੂੰ ਮਾਰਿਆ। ਉਹ ਭਿਆਨਕ ਯੁੱਧ ਕਰਕੇ ਸਵਰਗ ਨੂੰ ਸਿਧਾਰ ਗਏ। ॥੩੫॥੭੬॥

ਟਿੱਪਣੀ:- ਕੰਮ ਆਉਣਾ ਇੱਕ ਮੁਹਾਵਰਾ ਹੈ ਜਿਸਦਾ ਅਰਥ ਹੁੰਦਾ ਹੈ ਕਿਸੇ ਲਈ ਜਾਨ ਦੇ ਦੇਣਾ। ਇਸੇ ਤਰ੍ਹਾਂ ਲੋਹ ਕਰਨਾ ਵੀ ਮੁਹਾਵਰਾ ਹੈ ਜਿਸ ਦਾ ਭਾਵ ਹੈ ਯੁੱਧ ਕਰਨਾ। ਪੁਰਾਣੇ ਸਮਿਆਂ ਵਿੱਚ ਯੁੱਧ ਲੋਹੇ ਦੇ ਹਥਿਆਰਾਂ ਨਾਲ ਕੀਤਾ ਜਾਂਦਾ ਸੀ। ਇਸੇ ਕਾਰਨ ਲੋਹਾ ਕਰਨਾ ਜਾਂ ਲੋਹ ਕਰਨਾ ਦਾ ਮਤਲਬ ਯੁੱਧ ਕਰਨਾ ਹੁੰਦਾ ਸੀ।

ਦੋਹਰਾ ॥
ਜੇ ਸੂਰੇ ਦਲ ਮੈ ਹੁਤੇ ਫਉਜਨ ਕੇ ਸਿਰਦਾਰ ॥
ਜੇ ਜੂਝੇ ਸੂਝੇ ਸਬੈ ਬਾਜਯੋ ਸਾਰ ਅਪਾਰ ॥ ੩੬ ॥ ੧੨ ॥

ਜਿਹੜੇ ਵੀ ਸੂਰਮੇ ਦੁਸ਼ਮਣ ਦਲ ਵਿੱਚ ਸਨ ਅਤੇ ਫੌਜਾਂ ਦੇ ਸਰਦਾਰ ਸਨ, ਉਹ ਸਾਰੇ ਜੂਝਦੇ ਹੋਏ ਮਾਰੇ ਗਏ, ਜਦੋਂ ਬਹੁਤ ਸਾਰਾ ਲੋਹਾ ਖੜਕਿਆ ॥੩੬॥੧੨॥

ਟਿੱਪਣੀ:- ਲੋਹਾ ਖੜਕਣਾ ਜਾਂ ਸ਼ਸਤਰ ਖੜਕਾਉਣੇ ਦਾ ਮਤਲਬ ਯੁੱਧ ਕਰਨਾ ਹੁੰਦਾ ਹੈ।

ਸਵੈਯਾ ॥
ਭਾਜ ਕੈ ਸਾਹ ਪਹਾੜ ਤਾਹੀ ਸਮੈ
ਸੰਗਿ ਲੈ ਬੀਰੀਆ ਬੇਗ ਧਾਯੋ ॥
ਭਾਜਯੋ ਡਢਵਾਲੀਆ ਸੰਗਿ ਸੀਪਾਹ ਲੈ
ਚਲਤ ਲੈ ਤੀਰ ਗੁਨ ਤੇ ਚਲਾਯੋ ॥
ਰਾਵ ਚੰਦੇਲੀਆ ਛੋਰਿ ਸੰਗ੍ਰਾਮ ਕੋ
ਹਾਥਿ ਲੈ ਸਸਤ੍ਰ ਸੈਲੀ ਸਿਧਾਯੋ ॥
ਅੜੇ ਪਠਾਨ ਸੰਗ੍ਰਾਮ ਭਾਰੀ ਕਿਯੋ
ਜੀਵ ਅਪਨਾ ਦਿਯੋ ਨਾਮ ਪਾਯੋ ॥ ੩੭ ॥ ੧੮ ॥

ਉਸੇ ਸਮੇਂ ਪਹਾੜ ਦਾ ਰਾਜਾ (ਫ਼ਤਹਿ ਸ਼ਾਹ) ਪਹਾੜੀ ਆਪਣੇ ਸੂਰਮਿਆਂ ਨੂੰ ਨਾਲ ਲੈ ਕੇ ਤੇਜ਼ੀ ਨਾਲ ਭੱਜ ਗਿਆ। ਡਢਵਾਲ ਰਾਜਾ ਵੀ ਆਪਣੇ ਸਿਪਾਹੀਆਂ ਨੂੰ ਆਪਣੇ ਨਾਲ਼ ਲੈ ਕੇ ਭੱਜ ਗਿਆ। ਉਹ ਚੱਲਦੇ-ਚੱਲਦੇ ਕਮਾਨ ਤੋਂ ਤੀਰ ਚਲਾ ਰਿਹਾ ਸੀ। ਚੰਦੇਲ ਰਾਵ ਵੀ ਯੁੱਧ ਛੱਡ ਕੇ, ਹੱਥ ਵਿੱਚ ਸ਼ਸਤਰ ਲੈ ਕੇ ਪਹਾੜਾਂ ਵੱਲ ਚਲਾ ਗਿਆ। (ਸਿਰਫ) ਪਠਾਣ ਹੀ ਅੜੇ ਰਹੇ। ਉਨ੍ਹਾਂ ਨੇ ਭਾਰੀ ਯੁੱਧ ਕੀਤਾ, ਆਪਣੀ ਜਾਨ ਦਿੱਤੀ ਅਤੇ (ਸੂਰਮਗਤੀ ਦਾ) ਨਾਮਣਾ ਖੱਟਿਆ। ॥੩੭॥੧੮॥

ਟਿੱਪਣੀ:- ਇਹ ਜੰਗ ਰਾਜਾ ਫ਼ਤਿਹ ਸ਼ਾਹ ਵੱਲੋਂ ਗੁਰੂ ਸਾਹਿਬ ਜੀ ਉੱਤੇ ਹਮਲਾ ਕਰਨ ਨਾਲ ਸ਼ੁਰੂ ਹੋਈ ਸੀ। ਜੰਗ ਅਜੇ ਚੱਲ ਹੀ ਰਹੀ ਸੀ ਕਿ

ਫ਼ਤਿਹ ਸ਼ਾਹ ਆਪਣੇ ਫ਼ੌਜੀਆਂ ਨੂੰ ਨਾਲ਼ ਲੈ ਕੇ ਭੱਜ ਨਿਕਲਿਆ। ਉਸਦੇ ਭੱਜਣ ਨਾਲ ਹੋਰ ਰਾਜੇ ਵੀ ਜੰਗ ਛੱਡ ਕੇ ਚਲੇ ਗਏ।

ਰਾਜਾ ਫ਼ਤਿਹ ਸ਼ਾਹ ਦੇ ਨੱਠ ਜਾਣ ਮਗਰੋਂ ਜੰਗ ਖ਼ਤਮ ਹੋ ਜਾਣੀ ਚਾਹੀਦੀ ਸੀ, ਕਿਉਂਕਿ ਫ਼ਤਿਹ ਸ਼ਾਹ ਹੀ ਮੁੱਖ ਹਮਲਾਵਰ ਸੀ। ਬਾਕੀ ਯੋਧੇ ਤਾਂ ਉਸਦੀ ਮਦਦ ਲਈ ਆਏ ਸਨ। ਪਰ ਰਾਜਾ ਫ਼ਤਿਹ ਸ਼ਾਹ ਆਦਿ ਦੇ ਨੱਠ ਜਾਣ ਮਗਰੋਂ ਵੀ ਪਠਾਣ ਉਸ ਜੰਗ ਵਿੱਚ ਡਟੇ ਰਹੇ। ਤੇ ਡਟੇ ਰਹਿਣ ਵਾਲਿਆਂ ਵਿੱਚ ਹਰੀ ਚੰਦ ਵੀ ਸੀ। ਉਸਦਾ ਜ਼ਿਕਰ ਅੱਗੇ ਆਏਗਾ।

ਕੋਪ ਨਿਜਾਪਤਿ ਖਾਨ ਤਬੈ
ਕਰਿ ਮੈ ਗਹਿ ਵਾਰਿ ਫਿਰਾਵਤ ਆਯੋ ॥
ਸਾਹ ਖਰੋ ਸੰਗ੍ਰਾਮ ਤਹਾਂ
ਤਿਹ ਕੇ ਉਰਿ ਆਨਿ ਕੈ ਵਾਰ ਲਗਾਯੋ ॥
ਸਾਹ ਸੰਭਾਰਿ ਹਕਾਰਿ ਤਬੈ
ਤਿਨਿ ਕੋ ਹਨਿ ਕੈ ਰਣ ਮਾਹਿ ਗਿਰਾਯੋ ॥
ਬੀਰਨ ਵਾਰ ਕਰੈ ਤਿਨ ਕੇ
ਤਬ ਜੂਝਤ ਸਾਹ ਪ੍ਰਭੈਪੁਰ ਧਾਯੋ ॥ ੩੮ ॥ ੭੯ ॥

(ਪਠਾਣਾਂ ਦਾ ਸਰਦਾਰ) ਨਜਾਬਤ ਖ਼ਾਨ ਗ਼ੁੱਸੇ ਨਾਲ਼ ਆਪਣੇ ਹੱਥ ਵਿੱਚ ਕਿਰਪਾਨ ਘੁੰਮਾਉਂਦਾ ਹੋਇਆ (ਜੰਗ ਦੇ ਮੈਦਾਨ ਵਿੱਚ ਉਸ ਜਗ੍ਹਾ) ਆਇਆ, ਜਿੱਥੇ ਭਾਈ ਸੰਗਰਾਮ ਸ਼ਾਹ ਜੀ ਖੜ੍ਹੇ ਸਨ। (ਉੱਥੇ ਪੁੱਜ ਕੇ ਉਸ ਨੇ ਭਾਈ ਸਾਹਿਬ ਜੀ ਦੇ) ਸੀਨੇ ਉੱਤੇ ਵਾਰ ਕੀਤਾ। (ਜ਼ਖ਼ਮੀ ਹੋਏ ਭਾਈ ਜੀ ਨੇ ਆਪਣੇ ਆਪ ਨੂੰ) ਸੰਭਾਲ ਕੇ (ਤੇ ਪਠਾਣ ਨੂੰ) ਚੇਤਾਵਨੀ ਦਿੰਦਿਆਂ ਹੋਇਆ ਉਸਨੂੰ ਜਾਨੋਂ ਮਾਰ ਕੇ ਜੰਗ ਦੇ ਮੈਦਾਨ ਵਿੱਚ ਥੱਲੇ ਸੁੱਟ ਦਿੱਤਾ। (ਤਦੋਂ ਨਜਾਬਤ ਖ਼ਾਨ ਦੇ ਹੋਰ) ਸੂਰਮਿਆਂ ਨੇ (ਇਕੱਠੇ ਹੋ ਕੇ ਭਾਈ ਸੰਗਰਾਮ ਸ਼ਾਹ ਜੀ ਉੱਤੇ) ਵਾਰ ਕੀਤੇ। ਤਦ ਜੂਝਦਿਆਂ ਹੋਇਆਂ (ਭਾਈ ਸੰਗਰਾਮ) ਸ਼ਾਹ ਜੀ ਪ੍ਰਭੂਪੁਰ (ਯਾਨੀ ਸ੍ਵਰਗ) ਚਲੇ ਗਏ। ॥੩੮॥੭੯॥

ਦੋਹਰਾ ॥
ਸੰਗੋ ਕਾ ਪ੍ਰਭੁ ਨੇ ਧਰਯੋ ਨਾਂਵ ਸਾਹ ਸੰਗ੍ਰਾਮ ॥
ਇਹ ਪ੍ਰਕਾਮ ਐਸੇ ਕੀਓ ਤਬ ਪਾਯੋ ਯਹ ਨਾਮ ॥ ੩੯ ॥ ੮੦ ॥

ਪ੍ਰਭੂ (ਗੁਰੂ ਗੋਬਿੰਦ ਸਿੰਘ ਸਾਹਿਬ ਜੀ) ਨੇ (ਭਾਈ) ਸੰਗੋ ਸ਼ਾਹ ਜੀ ਦਾ ਨਾਮ (ਉਹਨਾਂ ਦੀ ਸ਼ਹੀਦੀ ਮਗਰੋਂ) 'ਸੰਗਰਾਮ ਸ਼ਾਹ' ਰੱਖ ਦਿੱਤਾ।
(ਭਾਈ ਸੰਗੋ ਸ਼ਾਹ ਜੀ ਨੇ) ਜੰਗ ਵਿੱਚ ਅਜਿਹਾ ਪ੍ਰਾਕ੍ਰਮ ਕੀਤਾ ਸੀ, ਇਸੇ ਲਈ ਉਹਨਾਂ ਨੇ ਇਹ ਨਾਮ ਪ੍ਰਾਪਤ ਕੀਤਾ। ॥ ੩੯ ॥ ੮੦ ॥

ਟਿੱਪਣੀ:- ਇਸ ਤਰ੍ਹਾਂ ਇਹ ਗੁਰਸਿੱਖ ਅਦਭੁੱਤ ਯੋਧੇ, ਜੋ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੋਹਤਰੇ; ਨੌਵੇਂ ਗੁਰੂ, ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਭਾਣਜੇ, ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਫੁਫੇਰੇ ਭਰਾ ਸਨ, ਆਪਣਾ ਯੁੱਧ ਕੌਸ਼ਲ ਦਿਖਾ ਕੇ ਆਪਣੇ ਸਤਿਗੁਰੂ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਨਜ਼ਰਾਂ ਸਾਹਮਣੇ ਸ਼ਹਾਦਤ ਦਾ ਜਾਮ ਪੀ ਗਏ।

ਸਵੈਯਾ ॥
ਜੂਝ ਕੈ ਸਾਹ ਸੰਗ੍ਰਾਮ ਸੁਰਗੈ ਗਯੋ
ਸਸਤ੍ਰ ਸੰਭਾਰਿ ਪ੍ਰਭੁ ਆਪਿ ਧਾਯੋ ॥
ਗਹੇ ਗੁਨ ਬਾਨ ਘਮਸਾਨ ਕੋ ਜਾਨ ਕੈ
ਛੁਟਯੋ ਗੰਭੀਰ ਇਕ ਤਿਹ ਗਿਰਾਯੋ ॥
ਬਹੁਰਿ ਸੰਭਾਰਿ ਤੈ ਵਾਰਿ ਐਸਾ ਕਿਯੋ
ਭੀਖਨੰ ਖਾਨ ਕੇ ਮੁਖ ਲਾਯੋ ॥
ਬਚਯੋ ਪਠਾਨ ਪੈ ਖੇਤ ਬਾਹਨ ਰਹਯੋ
ਔਰ ਇਕ ਤੀਰ ਤੇ ਤਾਹਿ ਘਾਯੋ ॥ ੪੦ ॥ ੮੧ ॥

(ਜਦੋਂ ਹੀ ਭਾਈ) ਸ਼ਾਹ ਸੰਗਰਾਮ ਜੂਝਦੇ ਹੋਏ ਸ੍ਵਰਗ ਚਲੇ ਗਏ, ਤਾਂ ਸ਼ਸਤਰ ਸੰਭਾਲ ਕੇ ਪ੍ਰਭੂ (ਗੁਰੂ ਗੋਬਿੰਦ ਸਿੰਘ ਸਾਹਿਬ) ਆਪ (ਵੀ ਜੰਗ ਦੇ ਮੈਦਾਨ ਵੱਲ) ਤੇਜ਼ੀ ਨਾਲ਼ ਚੱਲ ਪਏ। (ਜਿਸ ਜਗ੍ਹਾ) ਘਮਸਾਨ ਮੱਚਿਆ ਦੇਖ ਕੇ, (ਉੱਥੇ ਪੁੱਜ ਕੇ ਗੁਰੂ ਸਾਹਿਬ ਨੇ ਆਪਣੇ ਧਨੁੱਖ ਦੀ) ਪ੍ਰਤੰਚਿਆ ਪਕੜ (ਭਾਵ, ਖਿੱਚ) ਕੇ ਇੱਕ ਭਾਰੀ ਤੀਰ ਛੱਡਿਆ ਤੇ ਇੱਕ (ਦੁਸ਼ਮਣ ਯੋਧੇ ਨੂੰ ਜੰਗ ਦੇ ਮੈਦਾਨ ਵਿੱਚ) ਡੇਗ ਦਿੱਤਾ। (ਉਸ ਮਗਰੋਂ ਗੁਰੂ ਸਾਹਿਬ ਜੀ ਨੇ) ਬੜਾ ਸੰਭਾਲ ਕੇ (ਭਾਵ, ਚੰਗੀ ਤਰ੍ਹਾਂ ਨਿਸ਼ਾਨਾ ਬੰਨ੍ਹ ਕੇ ਤੀਰ ਨਾਲ ਪਠਾਣਾਂ ਦੇ ਇੱਕ ਹੋਰ ਸਰਦਾਰ) ਭੀਖਨ ਖ਼ਾਨ ਦੇ ਮੂੰਹ ਉੱਤੇ ਵਾਰ ਕੀਤਾ। ਪਠਾਣ ਤਾਂ ਬੱਚ ਗਿਆ, (ਪਰ ਉਹ ਤੀਰ ਲੱਗਣ ਨਾਲ) ਉਸਦਾ ਵਾਹਨ (ਘੋੜਾ) ਮਰ ਗਿਆ। (ਗੁਰੂ ਸਾਹਿਬ ਨੇ ਤੁਰੰਤ) ਇੱਕ

(ਹੋਰ) ਤੀਰ ਚਲਾ ਕੇ (ਉਸ ਪਠਾਣ ਭੀਖਨ ਖ਼ਾਨ ਨੂੰ) ਮਾਰ ਦਿੱਤਾ ॥੪੦॥੮੧॥

ਟਿੱਪਣੀ:- ਖੇਤ ਰਹਿਣ ਦਾ ਅਰਥ ਹੁੰਦਾ ਹੈ, 'ਜੰਗ ਭੂਮੀ ਵਿੱਚ ਮਰ ਜਾਣਾ'। ਘੋੜਾ ਖੇਤ ਰਹਿ ਗਿਆ ਦਾ ਮਤਲਬ ਹੈ ਕਿ ਘੋੜਾ ਮਰ ਗਿਆ।

ਦੋਹਰਾ ॥
ਬਾਨਨਿ ਸੋਂ ਪ੍ਰਭੁ ਜੀ ਤਬੈ ਮਾਰਜੋ ਭੀਖਨ ਖਾਨ ॥
ਅਉਰ ਬੀਰ ਜਾ ਕੇ ਹੁਤੇ ਰੁਪੇ ਚਹੂੰ ਦਿਸ ਆਨ ॥ ੪੧ ॥ ੮੨ ॥

ਇਸ ਤਰ੍ਹਾਂ ਪ੍ਰਭੂ ਜੀ ਨੇ ਤਦ ਤੀਰਾਂ ਨਾਲ ਭੀਖਨ ਖਾਨ ਨੂੰ ਮਾਰ ਦਿੱਤਾ। ਜਿਹੜੇ ਹੋਰ ਸੂਰਮੇ ਉਸਦੇ ਨਾਲ ਸਨ, ਉਹ ਚਾਰੇ ਪਾਸੇ ਆ ਕੇ ਡਟ ਗਏ। ॥੪੧॥੮੨॥

ਨਰਾਜ ਛੰਦ ॥
ਹਰੀ ਸੁ ਚੰਦ ਆਨ ਕੈ ॥ ਕਮਾਨ ਬਾਨ ਤਾਨ ਕੈ ॥
ਨਿਹਾਰ ਬਾਨ ਬਾਹਿਓ ॥ ਪ੍ਰਭੂ ਕੈ ਘਾ ਨਾ ਆਯੋ ॥ ੪੨ ॥ ੮੩ ॥

(ਉਸ ਤੋਂ ਬਾਅਦ) ਹਰੀ ਚੰਦ ਨੇ ਆ ਕੇ, ਕਮਾਨ 'ਤੇ ਤੀਰ ਤਾਣ ਕੇ, ਨਿਸ਼ਾਨਾ ਬੰਨ੍ਹ ਕੇ (ਗੁਰੂ ਸਾਹਿਬ ਵੱਲ) ਤੀਰ ਚਲਾਇਆ। (ਪਰ ਉਹ ਤੀਰ ਗੁਰੂ ਸਾਹਿਬ ਨੂੰ ਨਾ ਲੱਗਾ ਤੇ ਇੰਞ) ਪ੍ਰਭੂ (ਗੁਰੂ ਜੀ) ਨੂੰ ਕੋਈ ਜ਼ਖ਼ਮ ਨਾ ਹੋਇਆ। ॥੪੨॥੮੩॥

ਸੁ ਕਾਨ ਛੂਹ ਕੈ ਗਯੋ ॥ ਨਾ ਕਾਮ ਤਾਹਿ ਤੇ ਭਯੋ ॥
ਦੁਤੀਕ ਬਾਨ ਮਾਰਿਓ ॥ ਸੰਭਾਰਿ ਕੈ ਨਿਹਾਰਿਓ ॥ ੪੩ ॥ ੮੩ ॥

ਉਹ (ਤੀਰ) ਕੰਨ ਨੂੰ ਛੂਹ ਕੇ ਲੰਘ ਗਿਆ, ਉਸਤੋਂ ਕੋਈ ਕੰਮ ਨਾ ਬਣਿਆ। (ਹਰੀ ਚੰਦ ਨੇ ਗੁਰੂ ਜੀ ਵੱਲ ਧਿਆਨ ਨਾਲ਼) ਦੇਖ ਕੇ ਦੂਜਾ ਤੀਰ ਮਾਰਿਆ। ॥੪੩॥੮੪॥

ਟਿੱਪਣੀ:- ਬਚਿੱਤਰ ਨਾਟਕ ਵਿੱਚ ਹਰੀ ਚੰਦ ਵੱਲੋਂ ਗੁਰੂ ਸਾਹਿਬ ਉੱਤੇ ਤਿੰਨ ਤੀਰ ਚਲਾਉਣ ਦਾ ਜ਼ਿਕਰ ਹੈ। ਪਹਿਲਾ ਤੀਰ ਉਸਨੇ ਗੁਰੂ

ਸਾਹਿਬ ਜੀ ਦੇ ਘੋੜੇ ਨੂੰ ਨਿਸ਼ਾਨਾ ਬਣਾ ਕੇ ਚਲਾਇਆ, ਪਰ ਜੰਗ ਦੇ ਮੈਦਾਨ ਵਿੱਚ ਦੌੜਦੇ ਹੋਏ ਘੋੜੇ ਨੂੰ ਉਹ ਤੀਰ ਨਾ ਲੱਗਿਆ। ਜੰਗ ਦੇ ਮੈਦਾਨ ਵਿੱਚ ਘੋੜ ਸਵਾਰ ਆਪਣੇ ਘੋੜੇ ਨੂੰ ਦੌੜਦਾ ਹੀ ਰੱਖਦੇ ਹਨ ਤੇ ਘੋੜੇ ਦੇ ਦੌੜਦਿਆਂ-ਦੌੜਦਿਆਂ ਹੀ ਤੀਰ ਚਲਾਉਂਦੇ ਹਨ। ਦੂਜਾ ਤੀਰ ਗੁਰੂ ਸਾਹਿਬ ਦੇ ਕੰਨ ਨੂੰ ਛੂਹ ਕੇ ਲੰਘ ਗਿਆ ਤੇ ਤੀਜਾ ਤੀਰ ਮਹਾਰਾਜ ਦੇ ਸੰਜੋਅ ਵਿੱਚ ਪੇਟੀ ਦੇ ਤਸਮੇਂ ਦੇ ਪਾਰ ਨਿਕਲ ਗਿਆ। ਮਹਾਰਾਜ ਨੂੰ ਉਸ ਤੀਰ ਦੀ ਨੋਕ ਚੁੱਭੀ, ਪਰ ਕੋਈ ਜ਼ਖ਼ਮ ਨਹੀਂ ਹੋਇਆ।

ਚਿਲਤ ਮਾਹਿ ਲਗਿਓ ॥ ਦਿਵਾਲ ਪਾਰ ਬਗਿਓ ॥
ਚੁਭੀ ਸੁ ਚਿੰਚ ਰੰਚਈ ॥ ਪ੍ਰਭੁ ਪੁਰਖ ਬੰਚਈ ॥ ੪੪ ॥ ੮੫ ॥

(ਤੀਜਾ ਤੀਰ) ਬਕਤਰ (ਜ਼ਰਾ-ਬਕਤ) ਵਿੱਚ ਲੱਗਿਆ ਅਤੇ (ਪੇਟੀ ਦੇ) ਤਸਮੇਂ ਤੋਂ ਪਾਰ ਨਿਕਲ ਗਿਆ। (ਤੀਰ ਦੀ) ਨੋਕ ਰਤਾ ਜਿੰਨੀ ਚੁੱਭੀ, ਪਰ ਪ੍ਰਭੂ-ਪੁਰਖ ਬਚ ਗਏ। ॥੪੪॥੮੫॥

ਟਿੱਪਣੀ:- ਤ੍ਰਿਤੀਯ ਬਾਣ ਮਾਰਯੋ ਸੁ ਪੇਟੀ ਮਝਾਰੰ॥ ਬਿਧਿਅੰ ਚਿਲਕਤੰ ਦੁਆਲ ਪਾਰ ਪਧਾਰੰ॥

ਬਿਚਾਰ ਬਾਰ ਸਾਰ ਈ ॥ ਕਮਾਨ ਬਾਨ ਧਾਰ ਈ ॥
ਚਲਾਇ ਤੀਰ ਮਾਰਿਓ ॥ ਸੁ ਦੂਤ ਕੋ ਨਿਹਾਰਿਓ ॥ ੪੫ ॥ ੮੬ ॥

(ਹੁਣ ਗੁਰੂ ਜੀ ਨੇ) ਸੰਭਲ ਕੇ (ਜਵਾਬੀ) ਵਾਰ (ਕਰਨ) ਦੀ ਵਿਚਾਰ ਕਰਕੇ, ਕਮਾਨ ਉੱਤੇ ਤੀਰ ਧਰਿਆ। ਉਨ੍ਹਾਂ ਨੇ ਤੀਰ ਚਲਾ ਕੇ (ਫਿਤਨੇ ਦੇ) ਦੂਤ (ਹਰੀ ਚੰਦ) ਨੂੰ ਨਿਹਾਰਿਆ (ਅਤੇ ਮਾਰ ਦਿੱਤਾ)। ॥੪੫॥੮੬॥

ਅਨੇਕ ਬੀਰ ਧਾਵਹੀ ॥ ਅਪਾਰ ਬਾਨ ਲਾਵਹੀ ॥
ਹਰੀ ਸੁ ਚੰਦ ਮਾਰਿਓ ॥ ਸਮੇਤ ਸਾਥਿ ਟਾਰਿਓ ॥ ੪੬ ॥ ੮੭ ॥

ਅਨੇਕਾਂ ਸੂਰਮੇ ਭੱਜੇ ਆ ਰਹੇ ਸਨ। ਉਹ ਬਹੁਤ ਜ਼ਿਆਦਾ ਤੀਰ ਚਲਾ ਰਹੇ ਸਨ। (ਗੁਰੂ ਜੀ ਨੇ) ਹਰੀ ਚੰਦ ਨੂੰ ਮਾਰ ਦਿੱਤਾ ਅਤੇ ਉਸਦੇ ਸਾਥੀਆਂ ਨੂੰ ਵੀ ਖਤਮ ਕਰ ਦਿੱਤਾ। ॥੪੬॥੮੭॥

ਬਚੇ ਸੁ ਅੰਤ ਭਜਈ ॥ ਪ੍ਰਭੂ ਨਿਸਾਨ ਬਜਈ ॥
ਅਨੰਦ ਘੋਰ ਬਾਜਈ ॥ ਪ੍ਰਭੂ ਦੁਆਰ ਛਾਜਈ ॥ ੪੭ ॥ ੮੮ ॥

ਜੋ ਬਚ ਗਏ, ਉਹ ਅੰਤ ਵਿੱਚ ਭੱਜ ਗਏ। ਪ੍ਰਭੂ (ਗੁਰੂ ਜੀ) ਦੇ ਨਗਾਰੇ ਵੱਜਣ ਲੱਗੇ। ਆਨੰਦ ਦੇ ਵੱਡੇ-ਵੱਡੇ ਵਾਜੇ ਵੱਜੇ, ਜੋ ਪ੍ਰਭੂ ਦੇ ਦਰਬਾਰ ਵਿੱਚ ਸ਼ੋਭਾ ਪਾ ਰਹੇ ਸਨ। ॥੪੭॥੮੮॥

ਸਵੈਯਾ ॥
ਜੀਤ ਸੰਗ੍ਰਾਮ ਆਨੰਦ ਮੰਗਲ ਭਯੋ
ਆਨ ਗੋਬਿੰਦ ਗੁਨ ਸਬਨਿ ਗਾਏ ॥
ਧੰਨਿ ਹੋ ਧੰਨਿ ਪ੍ਰਭੁ ਨਾਮ ਤੁਮਰੋ ਲੀਓ
ਦੁਸਟ ਕੋ ਜੀਤ ਡੰਕਾ ਬਜਾਏ ॥
ਜੀਤ ਅਜੀਤ ਅਭੀਤ ਜੋਧਾ ਵਡੇ
ਤੋਹਿ ਇਕ ਦਿਸਟ ਤੇ ਸਬੈ ਘਾਇ ॥
ਭਯੋ ਜੈਕਾਰ ਤ੍ਰਈ ਲੋਕ ਚਉਦਾ ਭਵਨ
ਜੀਤਿ ਕੈ ਸਿੰਘ ਗੋਬਿੰਦ ਆਏ ॥ ੪੮ ॥ ੮੯ ॥

ਯੁੱਧ ਜਿੱਤ ਕੇ ਆਨੰਦ ਅਤੇ ਖੁਸ਼ੀਆਂ ਮਨਾਈਆਂ ਗਈਆਂ, ਅਤੇ ਸਾਰਿਆਂ ਨੇ ਆ ਕੇ (ਗੁਰੂ) ਗੋਬਿੰਦ (ਸਿੰਘ ਜੀ) ਦੇ ਗੁਣ ਗਾਏ। (ਸਭ ਨੇ ਕਿਹਾ) "ਹੇ ਪ੍ਰਭੂ! ਤੁਸੀਂ ਧੰਨ ਹੋ, ਧੰਨ ਹੋ। ਅਸੀਂ ਤੁਹਾਡਾ ਨਾਮ ਲਿਆ। ਤੁਸੀਂ ਦੁਸ਼ਟਾਂ ਨੂੰ ਜਿੱਤ ਕੇ (ਫਤਹਿ ਦੇ) ਨਗਾਰੇ ਵਜਾ ਦਿੱਤੇ ਹਨ।" ਵੱਡੇ-ਵੱਡੇ ਅਜਿੱਤ ਅਤੇ ਨਿਡਰ ਯੋਧੇ ਤੁਹਾਡੀ ਇੱਕ ਨਜ਼ਰ ਨਾਲ ਹੀ ਸਾਰੇ ਮਾਰੇ ਗਏ। ਤਿੰਨਾਂ ਲੋਕਾਂ ਅਤੇ ਚੌਦਾਂ ਭਵਨਾਂ ਵਿੱਚ ਜੈ-ਜੈਕਾਰ ਹੋ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਜਿੱਤ ਕੇ ਆਏ ਹਨ। ॥੪੮॥੮੯॥

ਜੀਤ ਕੇ ਖੇਤ ਪ੍ਰਭੁ ਆਨ ਕੈ ਪਾਂਵਟੇ
ਕੂਚ ਕੋ ਸਾਜ ਮੰਗਾਇ ਲੀਨੋ ॥
ਭਾਰ ਬਰਦਾਰ ਤਯਾਰ ਕੀਨੋ ਸਬੈ
ਲਾਦ ਅਸਬਾਬ ਕੈ ਕੂਚ ਦੀਨੋ ॥
ਆਨ ਕਹਿਲੂਰ ਮੈ ਆਪ ਤਾਹੀ ਸਮੈ
ਆਨੰਦਪੁਰ ਬਾਂਧਿ ਬਿਸ੍ਰਾਮ ਕੀਨੋ ॥
ਸੂਰ ਸੀਗਾਰ ਬੇਦਾਰ ਕਾਇਰ ਦਏ

ਰੀਤਿ ਯਹ ਭਾਂਤਿ ਕੈ ਕੈ ਪਤੀਨੋ ॥ ੪੯ ॥ ੯੦ ॥

(ਰਣ-) ਭੂਮੀ ਜਿੱਤ ਕੇ ਪ੍ਰਭੂ ਜੀ ਪਾਉਂਟਾ ਸਾਹਿਬ ਆਏ ਅਤੇ (ਉੱਥੋਂ) ਕੂਚ ਦਾ ਸਾਰਾ ਸਾਮਾਨ ਮੰਗਵਾ ਲਿਆ। ਸਾਰੇ ਭਾਰ-ਬਰਦਾਰਾਂ ਨੇ ਤਿਆਰੀ ਕਰ ਲਈ ਤੇ ਸਾਰਾ ਸਮਾਨ ਲੱਦ ਕੇ ਉੱਥੋਂ ਕੂਚ ਕਰ ਦਿੱਤਾ। ਉਸੇ ਸਮੇਂ ਕਹਿਲੂਰ ਰਾਜ ਵਿੱਚ ਆ ਕੇ, ਉਨ੍ਹਾਂ ਨੇ ਆਨੰਦਪੁਰ ਸ਼ਹਿਰ ਵਸਾ ਕੇ ਆਰਾਮ ਕੀਤਾ। ਉਨ੍ਹਾਂ ਨੇ ਸੂਰਮਿਆਂ ਨੂੰ ਸ਼ਿੰਗਾਰਿਆ (ਸਨਮਾਨਿਤ ਕੀਤਾ) ਅਤੇ ਕਾਇਰਾਂ ਨੂੰ ਭਜਾ ਦਿੱਤਾ, ਇਸ ਤਰ੍ਹਾਂ ਦੀ ਰੀਤ ਸਥਾਪਤ ਕਰਕੇ (ਸਭ ਨੂੰ) ਯਕੀਨ ਦਿਵਾਇਆ। ॥੪੯॥੯੦॥

ਦੋਹਰਾ ॥
ਕੇਤਕ ਦਿਨ ਕੇਤਕ ਬਰਸ ਤਿਹ ਪੁਰ ਗਏ ਬਿਹਾਏ ॥
ਸੰਤਨ ਕੀ ਰਛਾ ਕਰੀ ਦੂਤਨ ਮਾਰਿਓ ਧਾਇ ॥ ੫੦ ॥ ੯੧ ॥

ਕਈ ਦਿਨ ਅਤੇ ਕਈ ਸਾਲ ਉਸ ਨਗਰ ਵਿੱਚ ਬਿਤਾਏ। (ਗੁਰੂ ਜੀ ਨੇ) ਸੰਤਾਂ ਦੀ ਰੱਖਿਆ ਕੀਤੀ ਅਤੇ ਦੁਸ਼ਟਾਂ ਨੂੰ ਭਜਾ-ਭਜਾ ਕੇ ਮਾਰਿਆ। ॥੫੦॥੯੧॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥ ਤੇਗ ਪ੍ਰਗਾਸ ਸਾਹ ਸੰਗ੍ਰਾਮ ਜੁਧ ਬਰਨਨੰ ਨਾਮ ਅਧਿਆਇ ਦੂਸਰਾ ਸੰਪੂਰਨਮਸਤੁ ਸੁਭਮਸਤੁ ॥ ੨ ॥

ਸ੍ਰੀ ਗੁਰ ਸੋਭਾ ਗ੍ਰੰਥ ਦੇ "ਤੇਗ ਦਾ ਪ੍ਰਕਾਸ਼, ਸ਼ਾਹ ਸੰਗ੍ਰਾਮ ਦੇ ਯੁੱਧ ਦਾ ਵਰਣਨ" ਨਾਮਕ ਦੂਸਰਾ ਅਧਿਆਇ ਸੰਪੂਰਨ ਹੋਇਆ। ਸ਼ੁਭ ਹੋਵੇ ॥ ੨ ॥

*****


Amrit

ਅਧਿਆਇ ੩

(ਨਾਦੌਣ ਦੀ ਜੰਗ)

ਦੋਹਰਾ ॥
ਰਾਜਨ ਕੇ ਹਿਤ ਕਾਰਨੇ ਕਿਯੋ ਜੁੱਧ ਇਮ ਜਾਨ ॥
ਕਥਾ ਜੁੱਧ ਨਾਦਵਣ ਕੋ ਬਰਨਤ ਤਾਹਿ ਬਿਆਨ ॥ ੧ ॥ ੯੨ ॥

ਇਹ ਜਾਣ ਲਵੋ ਕਿ ਰਾਜਿਆਂ ਦੀ ਖਾਤਰ (ਗੁਰੂ ਸਾਹਿਬ ਜੀ ਨੇ) ਇਸ ਤਰ੍ਹਾਂ ਯੁੱਧ ਕੀਤਾ ਗਿਆ। ਹੁਣ ਨਦੌਣ ਦੇ ਉਸ ਯੁੱਧ ਦੀ ਕਥਾ ਦਾ ਬਿਆਨ ਕੀਤਾ ਜਾਂਦਾ ਹੈ। ॥੧॥੯੨॥

ਮੀਆਂ ਖਾਨ ਕੀ ਤਰਫ ਤੇ ਅਲਫ ਖਾਨ ਸਿਰਦਾਰ ॥
ਆਨ ਨਾਦਵਣ ਮੈ ਰਹਿਓ ਕੀਨੀ ਧੂਮ ਅਪਾਰ ॥ ੨ ॥ ੯੩ ॥

ਮੀਆਂ ਖਾਨ (ਮੁਗ਼ਲ ਸੂਬੇਦਾਰ) ਵੱਲੋਂ ਅਲਫ਼ ਖਾਨ ਸਰਦਾਰ ਨੇ ਨਦੌਣ ਵਿੱਚ ਆ ਕੇ ਡੇਰਾ ਲਾਇਆ ਅਤੇ ਬਹੁਤ ਹੰਗਾਮਾ ਕੀਤਾ (ਭਾਵ, ਇਲਾਕੇ ਵਿੱਚ ਹਫੜਾ-ਦਫੜੀ ਮਚਾਈ)। ॥੨॥੯੩॥

ਭੀਮ ਚੰਦ ਕਹਲੂਰੀਆ ਹੁਤੋ ਰਾਵ ਇਕ ਜਾਨ ॥
ਤਿਹ ਸੋ ਤਿਹ ਕੀ ਨਹਿ ਬਨੀ ਰਚਜੋ ਜੁਧ ਘਮਸਾਨ ॥ ੩ ॥ ੯੪ ॥

ਇਹ ਜਾਣ ਲਉ ਕਿ ਭੀਮ ਚੰਦ ਕਹਿਲੂਰੀਆ ਇੱਕ ਰਾਜਾ ਸੀ। ਉਸਦੀ ਅਲਫ਼ ਖਾਨ ਨਾਲ ਬਿਲਕੁਲ ਨਾ ਬਣੀ, ਜਿਸ ਕਾਰਨ ਇੱਕ ਘਮਸਾਨ ਦੇ ਯੁੱਧ ਦੀ ਰਚਨਾ ਹੋ ਗਈ (ਭਾਵ, ਇਹ ਯੁੱਧ ਦਾ ਕਾਰਣ ਬਣ ਗਿਆ)। ॥੩॥੯੪॥

ਦੇਸ ਦੇਸ ਕੇ ਰਾਵ ਸਬ ਲੀਨੇ ਤਿਨਹ ਹਕਾਰ ॥
ਸਤਿਗੁਰੁ ਕੋ ਕੀਨਾ ਲਿਖਾ ਦਯਾ ਕਰੋ ਕਰਤਾਰ ॥ ੪ ॥ ੯੫ ॥

ਉਸ (ਭੀਮ ਚੰਦ) ਨੇ ਵੱਖ-ਵੱਖ ਦੇਸ਼ਾਂ (ਰਿਆਸਤਾਂ) ਦੇ ਸਾਰੇ ਰਾਜਿਆਂ ਨੂੰ ਸੱਦਾ ਭੇਜਿਆ। ਉਸਨੇ ਸਤਿਗੁਰੂ (ਗੋਬਿੰਦ ਸਿੰਘ ਜੀ) ਨੂੰ ਵੀ ਇਹ ਲਿੱਖ ਭੇਜਿਆ, "ਹੇ ਕਰਤਾਰ! ਦਇਆ ਕਰੋ (ਭਾਵ, ਜੰਗ ਵਿੱਚ ਸਾਡੀ ਸਹਾਇਤਾ ਕਰੋ)।" ॥੪॥੯੫॥

ਸਵੈਯਾ ॥
ਫਉਜ ਸੀਗਾਰ ਕੈ ਆਪ ਤਾਹੀ ਸਮੈ ਜੁਧ ਕੇ ਕਾਜ ਤਿਹ ਠਉਰ ਧਾਏ ॥
ਏਕ ਸੋ ਏਕ ਬਲਵੰਤ ਸੂਰਾ ਸਰਸ ਭਿਰੇ ਤਿਹ ਠਉਰ ਡੰਕਾ ਬਜਾਏ ॥
ਭਯੋ ਸੰਗ੍ਰਾਮ ਪਰਕਾਮ ਜੋਧਾਨ ਕੇ ਭਿਰੇ ਇਹ ਭਾਂਤਿ ਦਲ ਅਨਿਕ ਘਾਏ ॥
ਤੁਪਕ ਸੰਭਾਰਿ ਕੈ ਆਪਿ ਤਾਹੀ ਸਮੈ ਸੂਰ ਕੇਤਾਨਿ ਤਿਹ ਠਉਰ ਧਾਏ ॥ ੫ ॥ ੯੬ ॥

(ਗੁਰੂ ਜੀ) ਉਸੇ ਸਮੇਂ ਆਪ ਆਪਣੀ ਫੌਜ ਸਜਾ ਕੇ ਯੁੱਧ ਦੇ ਲਈ ਉਸ ਥਾਂ 'ਤੇ ਤੇਜ਼ੀ ਨਾਲ਼ ਪੁੱਜੇ। ਇੱਕ ਤੋਂ ਵੱਧ ਇੱਕ ਬਲਵਾਨ ਅਤੇ ਸ੍ਰੇਸ਼ਠ ਸੂਰਮੇ (ਜੰਗ ਦੇ) ਨਗਾਰੇ ਵਜਾ ਕੇ ਉਸ ਥਾਂ 'ਤੇ (ਦੁਸ਼ਮਣ ਨਾਲ) ਭਿੜ ਗਏ। ਭਿਆਨਕ ਯੁੱਧ ਹੋਇਆ ਅਤੇ ਯੋਧਿਆਂ ਨੇ ਅਜਿਹੇ ਕਰਤੱਵ ਦਿਖਾਏ ਕਿ ਦੁਸ਼ਮਣ ਸੈਨਾ (ਦੇ ਅਨੇਕਾਂ ਸਿਪਾਹੀ) ਮਾਰੇ ਗਏ। ਗੁਰੂ ਜੀ ਦੇ ਕਿੰਨੇ ਹੀ ਸੂਰਮੇ ਉਸੇ ਵੇਲੇ ਆਪਣੀਆਂ ਬੰਦੂਕਾਂ ਸੰਭਾਲ ਕੇ ਉਸ ਥਾਂ ਆ ਗਏ ॥੫॥੯੬॥

ਦੋਹਰਾ ॥
ਦੂਤਨ ਕੇ ਦਲ ਅਤਿ ਬਿਕਟ ਨਿਕਟਿ ਪਹੂਚੇ ਆਨ ॥
ਤਬ ਤੁਫੰਗ ਕਰ ਤੇ ਤਜੀ ਗਹਿ ਲੀਨੇ ਗੁਨ ਬਾਨ ॥ ੬ ॥ ੯੭ ॥

(ਜਦੋਂ) ਦੁਸ਼ਮਣਾਂ ਦਾ ਬਹੁਤ ਭਿਆਨਕ ਦਲ ਨੇੜੇ ਆ ਪੁੱਜਾ, ਤਦ ਹੱਥਾਂ ਵਿੱਚੋਂ ਬੰਦੂਕਾਂ ਛੱਡ ਦਿੱਤੀਆਂ ਤੇ ਹੱਥਾਂ ਵਿੱਚ ਤੀਰ ਕਮਾਨ ਫੜ ਲਏ। ॥੬॥੯੭॥

ਸਵੈਯਾ ॥
ਧਨਖ ਸੰਭਾਰ ਲਲਕਾਰ ਤਾਹੀ ਸਮੈ ਕਾਲ ਕੇ ਰੂਪ ਬਾਣੰ ਪ੍ਰਹਾਰੇ ॥

ਅਨਿਕ ਜੋਧਾ ਹਨੇ ਅਨਿਕ ਹੋਇ ਅਨਮਨੇ ਅਨਿਕ ਤਜ ਖੇਤ ਖੇਤੰ ਸਿਧਾਰੇ ॥
ਅਨਿਕ ਲੋਟੈ ਪਰੈ ਅਨਿਕ ਭਾਜੈ ਘਰੈ ਅਨਿਕ ਡਰ ਬਸਤ੍ਰ ਅਰਿ ਸਸਤ੍ਰ ਡਾਰੇ ॥
ਹੁਤੀ ਇਕ ਬਾਰ ਉਜਾਰ ਕਦ ਕੀ ਪਰੀ ਭਾਜਿ ਕੈ ਖਾਨਿ ਤਾ ਮੈ ਪਧਾਰੇ ॥ ੭ ॥ ੯੮ ॥

ਧਨੁੱਖ ਸੰਭਾਲ ਕੇ ਅਤੇ ਲਲਕਾਰ ਕੇ (ਸੂਰਮਿਆਂ ਨੇ) ਉਸੇ ਸਮੇਂ ਕਾਲ ਦੇ ਰੂਪ ਬਣ ਕੇ ਤੀਰਾਂ ਦੇ ਵਾਰ ਕੀਤੇ। (ਇਸ ਤਰ੍ਹਾਂ ਉਹਨਾਂ ਨੇ) ਅਨੇਕਾਂ ਯੋਧੇ ਮਾਰ ਦਿੱਤੇ। ਅਨੇਕ (ਯੋਧੇ) ਅਣਮੰਨੇ ਜਿਹੇ ਹੋ ਗਏ ਅਤੇ ਅਨੇਕਾਂ ਯੁੱਧ ਦਾ ਮੈਦਾਨ ਛੱਡ ਕੇ ਭੱਜ ਗਏ। ਅਨੇਕਾਂ (ਜ਼ਖਮੀ ਹੋ ਕੇ) ਧਰਤੀ 'ਤੇ ਲਿੱਟਦੇ ਪਏ ਸਨ। ਅਨੇਕ (ਯੋਧੇ ਜੰਗ ਛੱਡ ਕੇ ਆਪੋ-ਆਪਣੇ) ਘਰਾਂ ਨੂੰ ਭੱਜ ਗਏ ਅਤੇ ਕਈਆਂ ਨੇ ਡਰ ਦੇ ਮਾਰੇ ਆਪਣੇ ਸ਼ਸਤਰ ਅਤੇ ਬਸਤਰ ਸੁੱਟ ਦਿੱਤੇ।
ਉੱਥੇ ਬਹੁਤ ਸਮੇਂ ਤੋਂ ਉਜਾੜ ਪਈ ਇੱਕ ਬਾਰ ਸੀ। (ਅਲਫ਼) ਖਾਨ ਭੱਜ ਕੇ ਉਸ ਵਿੱਚ ਜਾ ਵੜਿਆ। ॥੭॥੯੮॥

ਟਿੱਪਣੀ:- ਜੰਗ ਦੌਰਾਨ ਹਮਲਾਵਰ ਸੈਨਾ ਦਾ ਮੁਕਾਬਲਾ ਕਰਨ ਲਈ ਪੱਥਰਾਂ, ਮਿੱਟੀ, ਜਾਂ ਲੱਕੜ ਦੀ ਬਣਾਈ ਇੱਕ ਵਾੜ ਜਾਂ ਪਰਕੋਟਾ। ਇਸ ਦੇ ਪਿੱਛੇ ਬਹੁਤ ਵਾਰ ਇੱਕ ਛੋਟੀ ਖਾਈ ਵੀ ਬਣਾ ਲਈ ਜਾਂਦੀ ਹੈ। ਇਸ ਦੀ ਓਟ ਲੈ ਕੇ ਦੁਸ਼ਮਣ ਉੱਤੇ ਤੀਰ ਜਾਂ ਗੋਲੀਆਂ ਚਲਾਈਆਂ ਜਾਂਦੀਆਂ ਸਨ।

ਸਸਤ੍ਰ ਸੰਭਾਰ ਲਲਕਾਰ ਘਨ ਜੋ ਕਰੀ ਮਾਰ ਹੀ ਮਾਰ ਕੈ ਸੂਰ ਧਾਏ ॥
ਭਜਿਓ ਜੋ ਖਾਨ ਇਕ ਬਾਰ ਕੀ ਓਟਿ ਲੈ ਬੈਠ ਤਿਹ ਠਉਰ ਫਿਰ ਜੁੱਧ ਪਾਏ ॥
ਬਾਨ ਗੋਲੀ ਚਲੀ ਰੈਨ ਆਧੀ ਭਲੀ ਭਾਜਿ ਕੈ ਖਾਨ ਤਾ ਤੇ ਸਿਧਾਏ ॥
ਅਲਫ ਖਾਨਾਨ ਅਰਮਾਨ ਰਾਖਿਓ ਨਹੀ ਆਪਨੇ ਜੋਰ ਕੇ ਤਾਨ ਲਾਏ ॥ ੮ ॥ ੯੯ ॥

ਸੂਰਮਿਆਂ ਨੇ ਸ਼ਸਤਰ ਸੰਭਾਲ ਕੇ ਅਤੇ ਜ਼ੋਰ ਨਾਲ ਲਲਕਾਰ ਕੇ "ਮਾਰੋ-ਮਾਰੋ" ਕਰਦੇ ਹੋਏ ਧਾਵਾ ਬੋਲ ਦਿੱਤਾ। ਜੋ (ਅਲਫ਼) ਖਾਨ (ਪਹਿਲਾਂ

ਤਾਂ) ਭੱਜ ਗਿਆ ਸੀ, (ਪਰ ਫਿਰ) ਇੱਕ (ਪੁਰਾਣੇ) ਬਾਰ ਦੀ ਓਟ ਲੈ ਉਹ ਉਸੇ ਥਾਂ 'ਤੇ ਬੈਠ ਕੇ ਦੁਬਾਰਾ ਯੁੱਧ ਕਰਨ ਲੱਗਾ। ਤੀਰ ਅਤੇ ਗੋਲੀਆਂ ਅੱਧੀ ਰਾਤ ਤੱਕ ਚੱਲਦੀਆਂ ਰਹੀਆਂ। (ਅੰਤ ਵਿੱਚ) ਖਾਨ ਉਥੋਂ (ਵੀ) ਚਲਾ ਗਿਆ। ਅਲਫ਼ ਖਾਨ ਆਪਣਾ ਅਰਮਾਨ ਪੂਰਾ ਨਾ ਕਰ ਸਕਿਆ ਅਤੇ ਉਸਦੇ ਆਪਣੇ ਜ਼ੋਰ ਦੀਆਂ ਸਾਰੀਆਂ ਤਾਨਾਂ (ਤਾਕਤਾਂ) ਵਿਅਰਥ ਗਈਆਂ। ॥੮॥੯੯॥

ਦੋਹਰਾ ॥
ਜੁੱਧ ਜੀਤ ਤਾਹੀ ਸਮੈ ਨਵਰਸ ਕੇ ਤਟਿ ਆਨ ॥
ਪਾਂਚ ਦੋਇ ਅਰੁ ਏਕ ਦਿਨ ਰਹੇ ਤਹਾਂ ਇਮ ਜਾਨ ॥ ੯ ॥ ੧੦੦ ॥

ਉਸੇ ਸਮੇਂ ਯੁੱਧ ਜਿੱਤ ਕੇ (ਗੁਰੂ ਜੀ) ਨਵਰਸ (ਟਿੱਬੇ) ਦੇ ਕਿਨਾਰੇ ਆ ਗਏ। ਇਹ ਜਾਣ ਲਵੋ ਕਿ ਉੱਥੇ ਉਹ ਪੰਜ, ਦੋ, ਅਤੇ ਇੱਕ (ਭਾਵ, ਅੱਠ) ਦਿਨ ਰਹੇ। ॥੯॥੧੦੦॥

ਟਿੱਪਣੀ:- ਪੰਜ, ਦੋ, ਅਤੇ ਇੱਕ ਦਾ ਜੋੜ ਅੱਠ ਹੁੰਦਾ ਹੈ। ਗੁਰੂ ਜੀ ਉਸ ਜਗ੍ਹਾ ਅੱਠ ਦਿਨ ਠਹਿਰੇ।

ਪਉਰ ਪਉਰ ਦੇਖੀ ਠਉਰ ਰਾਜਨ ਕੇ ਅਸਥਾਨ ॥
ਬਿਦਾ ਭਏ ਤਾਹੀ ਸਮੈ ਸਤਿਗੁਰੁ ਪੁਰਖ ਸੁਜਾਨ ॥ ੧੦ ॥ ੧੦੧ ॥

ਸੁਜਾਨ ਪੁਰਖ ਸਤਿਗੁਰੂ ਜੀ ਨੇ ਘੁੰਮ-ਫਿਰ ਕੇ ਰਾਜਿਆਂ ਦੇ (ਸਾਰੇ ਮਹਿਲ ਅਤੇ ਕਿਲ੍ਹੇ ਆਦਿਕ) ਸਥਾਨ ਵੇਖੇ। ਉਸੇ ਸਮੇਂ (ਗੁਰੂ ਜੀ ਨੇ ਉਹਨਾਂ ਤੋਂ) ਉੱਥੋਂ ਵਿਦਾਇਗੀ ਲਈ। ॥੧੦॥੧੦੧॥

ਨਿਕਟ ਗਾਂਵ ਅਲਸੂਨ ਕੇ ਤਬੈ ਪਹੂਚੇ ਆਨ ॥
ਤਾਹਿ ਸਮੈ ਐਸੇ ਕਹਿਓ ਲੂਟ ਲੇਹੁ ਇਹ ਥਾਨ ॥੧੧॥੧੦੨॥

(ਵਾਪਸੀ 'ਤੇ) ਤਦ ਉਹ ਅਲਸੂਣ ਪਿੰਡ ਦੇ ਨੇੜੇ ਆ ਪਹੁੰਚੇ। ਉਸ ਸਮੇਂ (ਗੁਰੂ ਜੀ ਨੇ) ਇਸ ਤਰ੍ਹਾਂ ਕਿਹਾ, "ਇਸ ਸਥਾਨ ਨੂੰ ਲੁੱਟ ਲਵੋ।" ॥੧੧॥੧੦੨॥

ਸਵੈਯਾ ॥
ਆਨ ਅਲਸੂਨ ਮੈ ਸੂਰ ਐਸੇ ਰੁਪੇ ਪਕਰਿ ਕੈ ਸਸਤ੍ਰ ਐਸੇ ਚਲਾਏ ॥
ਪਰੇ ਜੋ ਜਾਇ ਸੰਗ੍ਰਾਮ ਐਸੇ ਕਿਯੋ ਛਿਨਕ ਮਹਿ ਅਨਿਕ ਕੇਤਾਨ ਘਾਏ ॥
ਮਾਰਿ ਕੇਤੇ ਲਿਯੇ ਔਰ ਭਾਜੇ ਸਬੈ ਛੋੜਿ ਧਨ ਧਾਮ ਐਸੇ ਸਿਧਾਏ ॥
ਚਲਤ ਹੈ ਬਾਨ ਗੁਨ ਜਾਨਿ ਭਾਰੀ ਪ੍ਰਬਲ ਭਜੇ ਹੈਂ ਭਾਂਤਿ ਐਸੀ ਬਤਾਏ ॥ ੧੨ ॥ ੧੦੩ ॥

ਅਲਸੂਣ ਵਿੱਚ ਆ ਕੇ ਸੂਰਮੇ ਐਸੇ ਅੜ ਗਏ। ਉਨ੍ਹਾਂ ਨੇ ਸ਼ਸਤਰ ਫੜ ਕੇ ਇਸ ਤਰ੍ਹਾਂ ਚਲਾਏ (ਤੇ) ਯੁੱਧ ਵਿੱਚ ਇਸ ਤਰ੍ਹਾਂ ਜਾ ਪਏ ਕਿ ਇੱਕ ਛਿਨ ਵਿੱਚ ਹੀ ਅਨੇਕ (ਦੁਸ਼ਮਣਾਂ) ਨੂੰ ਮਾਰ ਮੁਕਾਇਆ। ਬਹੁਤ ਸਾਰੇ ਮਾਰ ਲਏ ਗਏ ਅਤੇ ਬਾਕੀ ਸਾਰੇ ਆਪਣਾ ਧਨ-ਦੌਲਤ ਅਤੇ ਘਰ ਛੱਡ ਕੇ ਇਸ ਤਰ੍ਹਾਂ ਭੱਜ ਗਏ। ਉਹਨਾਂ ਦੇ ਭੱਜਣ ਦੇ ਢੰਗ ਤੋਂ ਹੀ ਪਤਾ ਚੱਲ ਰਿਹਾ ਸੀ ਕਿ (ਸਿੱਖਾਂ ਦੇ ਧਨੁੱਖਾਂ ਦੀ) ਪ੍ਰਤੰਚਿਆ (ਡੋਰੀ) ਬਹੁਤ ਭਾਰੀ (ਹੋਣ ਕਰਕੇ) ਬਾਣ ਬਹੁਤ ਜਿਆਦਾ ਗਿਣਤੀ ਵਿੱਚ ਤੇ ਜ਼ੋਰਦਾਰ ਚੱਲ ਰਹੇ ਸਨ ॥੧੨॥੧੦੩॥

ਦੋਹਰਾ ॥
ਫਤੇ ਕਿਯੋ ਅਲਸੂਨ ਕੋ ਬਾਜਜੋ ਤਬਲ ਨਿਸਾਨ ॥
ਗੋਬਿੰਦ ਸਿੰਘ ਆਏ ਤਬੈ ਪੁਰ ਆਨੰਦ ਸੁਭ ਥਾਨ ॥ ੧੩ ॥ ੧੦੪ ॥

(ਇੰਵ ਗੁਰੂ ਸਾਹਿਬ ਨੇ) ਅਲਸੂਣ ਨੂੰ ਫਤਿਹ ਕੀਤਾ। (ਗੁਰੂ ਜੀ ਦੀ ਜਿੱਤ ਦੇ) ਨਗਾਰੇ ਵੱਜੇ ਤੇ ਨਿਸ਼ਾਨ (ਝੂਲੇ)। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਸ਼ੁਭ ਅਸਥਾਨ ਆਨੰਦਪੁਰ ਵਿਖੇ (ਵਾਪਸ) ਆ ਗਏ। ॥੧੩॥੧੦੪॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥ ਰਾਜ ਹੇਤ ਸੰਗ੍ਰਾਮ ਤੀਸਰਾ ਧਿਆਇ ਸੰਪੂਰਨਮਸਤੁ ਸੁਭਮਸਤੁ ॥ ੩ ॥

ਇਸ ਤਰ੍ਹਾਂ ਸ੍ਰੀ ਗੁਰ ਸੋਭਾ ਗ੍ਰੰਥ ਦਾ "ਰਾਜੇ ਦੇ ਲਈ ਯੁੱਧ" ਨਾਮਕ ਤੀਸਰਾ ਅਧਿਆਇ ਸੰਪੂਰਨ ਹੋਇਆ। ਸ਼ੁਭ ਹੋਵੇ।

****

ਅਧਿਆਇ ੪

(ਖ਼ਾਨਜ਼ਾਦੇ ਦੀ ਚੜ੍ਹਾਈ, ਬਰਵਾ ਪਿੰਡ ਉਜਾੜਿਆ, ਹੁਸੈਨੀ ਦਾ ਯੁੱਧ)

ਦੋਹਰਾ ॥
ਕੇਤਕ ਦਿਨ ਕੇਤਕ ਬਰਸ ਇਹ ਬਿਧਿ ਗਏ ਬਿਹਾਇ ॥
ਜੇ ਪ੍ਰਭੁ ਸੋ ਚੋਰਤ ਕਛੂ ਤਿਨ ਤਿਨ ਮਾਰਜੋ ਘਾਇ ॥ ੧ ॥ ੧੦੫ ॥

ਕਈ ਦਿਨ ਅਤੇ ਕਈ ਸਾਲ ਇਸੇ ਤਰ੍ਹਾਂ ਬੀਤ ਗਏ। ਜੋ ਕੋਈ ਵੀ ਪ੍ਰਭੂ (ਗੁਰੂ ਜੀ) ਨਾਲ ਚੋਰੀ-ਛਿਪੇ (ਭਾਵ, ਧੋਖੇ ਨਾਲ) ਵੈਰ ਕਰਦਾ, ਉਸਨੂੰ ਮਾਰ ਕੇ ਜ਼ਖਮੀ ਕਰ ਦਿੱਤਾ ਜਾਂਦਾ। ॥੧॥੧੦੫॥

ਖਾਨ ਦਿਲਾਵਰ ਆਇ ਕੈ ਸੁਤ ਸੰਗਿ ਫਉਜ ਬਨਾਇ ॥
ਤੀਨਨ ਕਹਜੋ ਪ੍ਰਭੁ ਸੌ ਅਰੋ ਨਿਮਖ ਬਿਲੰਬ ਨਹੀ ਲਾਇ ॥ ੨ ॥ ੧੦੬ ॥

ਦਿਲਾਵਰ ਖਾਨ ਨੇ ਆਪਣੇ ਪੁੱਤਰ (ਖ਼ਾਨਜ਼ਾਦੇ) ਨਾਲ ਫੌਜ ਤਿਆਰ ਕਰਕੇ ਆ ਕੇ (ਹਮਲਾ ਕੀਤਾ)। ਉਸਨੇ (ਆਪਣੇ ਸੈਨਾਪਤੀਆਂ ਨੂੰ) ਕਿਹਾ ਕਿ ਪ੍ਰਭੂ (ਗੁਰੂ ਜੀ) ਨਾਲ ਜਾ ਕੇ ਲੜੋ ਅਤੇ ਅੱਖ ਝਪਕਣ ਜਿੰਨੀ ਦੇਰੀ ਵੀ ਨਾ ਲਗਾਉ। ॥੨॥੧੦੬॥

ਸਵੈਯਾ ॥

ਫਉਜ ਸੀਗਾਰ ਅਸਵਾਰ ਹਜਾਰ ਲੈ ਜੁੱਧ ਕੇ ਕਾਜ ਦਲ ਸਾਜ ਆਯੋ ॥
ਦਿਵਸ ਬੀਤਯੋ ਸਬੈ ਰੈਨ ਥੋਰੀ ਗਈ ਭਯੋ ਅਸਵਾਰ ਡੰਕਾ ਬਜਾਯੋ ॥
ਦੇਖਿ ਕੈ ਨੀਰ ਤਿਹ ਤੀਰ ਠਾਢੇ ਭਏ ਸਰਕ ਜਾਸੂਸ ਤਿਹ ਠਉਰ ਆਯੋ ॥
ਲੋਕ ਦਰ ਪੈ ਤਬੈ ਦੇਤ ਚੌਕੀ ਸਬੈ ਤਿਨਨ ਕੇ ਪਾਸ ਤਾ ਨੇ ਜਨਾਯੋ ॥ ੩ ॥ ੧੦੭ ॥

ਉਹ (ਖ਼ਾਨਜ਼ਾਦਾ) ਫੌਜ ਸਜਾ ਕੇ ਅਤੇ ਹਜ਼ਾਰ ਘੋੜ-ਸਵਾਰ ਲੈ ਕੇ ਯੁੱਧ ਕਰਨ ਲਈ ਆਪਣਾ ਦਲ ਤਿਆਰ ਕਰਕੇ ਆ ਗਿਆ। ਸਾਰਾ ਦਿਨ ਬੀਤ ਗਿਆ ਅਤੇ ਕੁਝ ਰਾਤ ਲੰਘ ਗਈ, (ਤਾਂ ਉਸਨੇ) ਘੋੜੇ 'ਤੇ ਸਵਾਰ ਹੋ ਕੇ (ਹਮਲੇ ਦਾ) ਨਗਾਰਾ ਵਜਾ ਦਿੱਤਾ। (ਸਤਲੁਜ) ਨਦੀ ਨੂੰ ਵੇਖ ਕੇ ਉਹ ਉਸਦੇ ਕਿਨਾਰੇ ਖੜ੍ਹੇ ਹੋ ਗਏ, (ਉਸੇ ਵੇਲੇ ਗੁਰੂ ਜੀ ਦਾ) ਇੱਕ ਜਾਸੂਸ ਉਸ ਥਾਂ 'ਤੇ ਪਹੁੰਚ ਗਿਆ। ਗੁਰੂ ਦਰ 'ਤੇ ਜੋ ਲੋਕ ਪਹਿਰਾ ਦੇ ਰਹੇ ਸਨ, ਉਸ (ਜਾਸੂਸ) ਨੇ ਉਨ੍ਹਾਂ ਨੂੰ (ਦੁਸ਼ਮਣ ਦੇ ਆਉਣ ਦੀ) ਖ਼ਬਰ ਦੇ ਦਿੱਤੀ। ॥੩॥੧੦੭॥

ਦੋਹਰਾ ॥
ਸ੍ਰਵਨਨ ਸੁਨਿ ਆਲਮ ਗਯੋ ਪ੍ਰਭੁ ਸੋ ਕਹਯੋ ਬਿਚਾਰ ॥
ਬਿਦਾ ਫਉਜ ਕੀਨੀ ਤਬੈ ਅਪਨੀ ਕ੍ਰਿਪਾ ਧਾਰ ॥ ੪ ॥ ੧੦੮ ॥

(ਇਹ ਖ਼ਬਰ) ਕੰਨਾਂ ਨਾਲ ਸੁਣ ਕੇ (ਭਾਈ) ਆਲਮ (ਸਿੰਘ ਗੁਰੂ ਜੀ ਕੋਲ) ਗਿਆ ਅਤੇ ਉਸਨੇ ਪ੍ਰਭੂ (ਗੁਰੂ ਜੀ) ਨੂੰ ਸਾਰੀ ਗੱਲ ਦੱਸੀ। ਤਦ ਗੁਰੂ ਜੀ ਨੇ ਆਪਣੀ ਕ੍ਰਿਪਾ ਧਾਰ ਕੇ ਫੌਜ ਨੂੰ (ਮੁਕਾਬਲੇ ਲਈ) ਤੋਰ ਦਿੱਤਾ। ॥੪॥੧੦੮॥

ਸਵੈਯਾ ॥
ਫਉਜ ਲਲਕਾਰ ਸੰਭਾਰ ਹਥਿਆਰ ਪੁਕਾਰ ਕੈ ਮਾਰ ਹੀ ਮਾਰ ਧਾਏ ॥
ਏਕ ਸੋ ਏਕ ਬਲਵੰਤ ਸੂਰਾ ਸਰਸ ਭਏ ਅਸਵਾਰ ਡੰਕਾ ਬਜਾਏ ॥
ਡੰਕ ਝੁਨਕਾਰ ਲਲਕਾਰ ਸੂਰਾਨ ਕੀ ਸੁਨਤ ਹੀ ਖਾਨ ਖਾਨੇ ਸਿਧਾਏ ॥
ਜਾਨ ਕੈ ਜੀਵ ਮੈ ਭਾਂਤਿ ਐਸੀ ਭਈ ਅਨਿਕ ਹਜਾਰ ਦਲ ਉਮਡ ਆਏ ॥ ੫ ॥ ੧੦੯ ॥

(ਗੁਰੂ ਜੀ ਦੀ) ਫੌਜ ਨੇ ਲਲਕਾਰ ਕੇ, ਹਥਿਆਰ ਸੰਭਾਲ ਕੇ ਅਤੇ "ਮਾਰੋ-ਮਾਰੋ" ਦੀਆਂ ਪੁਕਾਰਾਂ ਕਰਦੇ ਹੋਏ ਹਮਲਾ ਕਰ ਦਿੱਤਾ। ਇੱਕ ਤੋਂ ਵੱਧ ਇੱਕ ਬਲਵਾਨ ਅਤੇ ਸ੍ਰੇਸ਼ਠ ਸੂਰਮੇ ਘੋੜਿਆਂ 'ਤੇ ਸਵਾਰ ਹੋਏ ਅਤੇ (ਜੰਗੀ) ਨਗਾਰੇ ਵਜਾ ਦਿੱਤੇ। ਨਗਾਰਿਆਂ ਦੀ ਗੂੰਜ ਅਤੇ ਸੂਰਮਿਆਂ ਦੀ ਲਲਕਾਰ ਸੁਣਦਿਆਂ ਹੀ (ਦੁਸ਼ਮਣ) ਖਾਨ ਭੱਜ ਗਏ। ਉਨ੍ਹਾਂ ਦੇ ਮਨਾਂ ਉੱਤੇ (ਇਵੇਂ ਦਾ ਅਸਰ ਹੋਇਆ, ਜਿਵੇਂ) ਹਜ਼ਾਰਾਂ ਦੀ ਫੌਜ ਉਨ੍ਹਾਂ ਉੱਤੇ ਟੁੱਟ ਪਈ ਹੋਵੇ। ॥੫॥੧੦੯॥

ਦੋਹਰਾ ॥
ਭਜੇ ਖਾਨ ਤਾਹੀ ਸਮੈ ਮਨ ਮੈ ਅਤਿ ਡਰ ਪਾਇ ॥
ਮ੍ਰਿਗ ਛਉਨਾ ਜਿਉ ਸਿੰਘ ਤੇ ਭਾਜੇ ਪੰਖ ਲਗਾਇ ॥ ੬ ॥ ੧੧੦ ॥

ਉਸੇ ਸਮੇਂ ਖਾਨ ਮਨ ਵਿੱਚ ਬਹੁਤ ਡਰ ਕੇ ਭੱਜ ਗਏ। (ਉਹ ਇਸ ਤਰ੍ਹਾਂ ਭੱਜੇ) ਜਿਵੇਂ ਹਿਰਨ ਦਾ ਬੱਚਾ ਸ਼ੇਰ ਤੋਂ ਡਰ ਕੇ (ਮਾਨੋ) ਖੰਭ ਲਾ ਕੇ ਉੱਡ ਜਾਵੇ। ॥੬॥੧੧੦॥

ਟਿੱਪਣੀ:- ਖੰਭ ਲਗਾ ਕੇ ਉੱਡ ਜਾਣ ਤੋਂ ਭਾਵ ਹੈ ਬਹੁਤ ਤੇਜ਼ੀ ਨਾਲ ਭੱਜ ਜਾਣਾ।

ਕਛੁ ਨ ਬਸਾਨੀ ਪ੍ਰਭੂ ਸੋ ਅਤਿ ਮਨ ਮੈ ਖੁਨਸਾਇ ॥
ਬਰਵਾ ਗਾਂਵ ਉਜਾਰ ਕੈ ਚਲੇ ਅਵਰ ਦਿਸ ਧਾਇ ॥ ੭ ॥ ੧੧੧ ॥

ਪ੍ਰਭੂ (ਗੁਰੂ ਜੀ) ਅੱਗੇ ਉਨ੍ਹਾਂ ਦਾ ਕੋਈ ਜ਼ੋਰ ਨਾ ਚੱਲਿਆ ਅਤੇ ਉਹ ਮਨ ਵਿੱਚ ਬਹੁਤ ਖਿਝ ਗਏ। (ਇਸੇ ਖਿੱਝ ਵਿੱਚ ਜਾਂਦੇ ਹੋਏ) ਉਹ ਬਰਵਾ ਪਿੰਡ ਨੂੰ ਉਜਾੜ ਕੇ ਕਿਸੇ ਹੋਰ ਪਾਸੇ ਨੂੰ ਦੌੜ ਗਏ। ॥੭॥੧੧੧॥

ਭੁਜੰਗ ਪ੍ਰਯਾਤ ਛੰਦ ॥
ਗਯੋ ਖਾਨਜਾਦਾ ਹੁਸੈਨੀ ਪਠਾਯੋ ॥
ਲਿਯੇ ਫੌਜ ਕੋ ਸੰਗਿ ਵਹ ਬੇਗ ਧਾਯੋ ॥
ਰਹੇ ਮਾਰਗੰ ਬੀਚ ਰਾਜੇ ਅਪਾਰੀ ॥
ਕਰੀ ਰੀਤਿ ਬਿਪ੍ਰੀਤਿ ਤਿਨ ਸੇ ਅਪਾਰੀ ॥ ੮ ॥ ੧੧੨ ॥

ਜਦੋਂ ਖ਼ਾਨਜ਼ਾਦਾ ਚਲਾ ਗਿਆ ਤਾਂ (ਦਿਲਾਵਰ ਖਾਨ ਨੇ) ਹੁਸੈਨ ਖਾਨ (ਹੁਸੈਨੀ) ਨੂੰ ਭੇਜਿਆ। ਉਸ ਨੇ ਆਪਣੀ ਫੌਜ ਨਾਲ ਬੜੀ ਤੇਜ਼ੀ ਨਾਲ ਧਾਵਾ ਬੋਲਿਆ। ਰਾਸਤੇ ਵਿੱਚ ਉਸਨੂੰ ਬਹੁਤ ਸਾਰੇ ਰਾਜੇ ਮਿਲੇ, ਅਤੇ ਉਸਨੇ ਉਨ੍ਹਾਂ ਨਾਲ ਬਹੁਤ ਮਾੜਾ ਸਲੂਕ ਕੀਤਾ। ॥੮॥੧੧੨॥

ਲਰਜੋ ਖੇਤ ਕੋ ਰੋਪ ਕੈ ਖਾਂ ਹੁਸੈਨੀ ॥
ਕਰੀ ਰਾਜ ਸੰਗੰ ਉਨੈ ਬਾਤ ਪੈਨੀ ॥
ਲਰਜੋ ਹਿੰਮਤੰ ਕਿੰਮਤੰ ਖੇਤ ਪਾਯੋ ॥
ਹਰੀ ਸਿੰਘ ਕ੍ਰਿਪਾਲ ਕੇ ਜੋਰ ਧਾਯੋ ॥ ੯ ॥੧੩ ॥

ਹੁਸੈਨ ਖਾਨ ਨੇ ਮੈਦਾਨ ਵਿੱਚ ਡਟ ਕੇ ਯੁੱਧ ਕੀਤਾ। ਉਸਨੇ ਰਾਜਿਆਂ ਨਾਲ ਬਹੁਤ ਤਿੱਖੀ (ਸਖ਼ਤ) ਗੱਲਬਾਤ ਕੀਤੀ। ਉਸ ਦੇ ਖ਼ਿਲਾਫ਼ ਹਿੰਮਤ ਚੰਦ ਤੇ ਕਿੰਮਤ (ਜੰਗ) ਲੜ੍ਹਿਆ ਤੇ ਕੀਮਤ ਵਜੋਂ ਖੇਤ ਪ੍ਰਾਪਤ ਕੀਤਾ (ਭਾਵ, ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋ ਗਏ)। (ਇਸ ਜੰਗ ਵਿੱਚ) ਹਰੀ ਸਿੰਘ (ਗੁਲੇਰੀਆ) ਕ੍ਰਿਪਾਲ ਕਟੋਚ ਵੀ ਜ਼ੋਰ ਨਾਲ ਆ ਕੇ (ਲੜ੍ਹੇ)॥੯॥੧੧੩॥

ਟਿੱਪਣੀ:- ਕਿੰਮਤ ਇੱਕ ਪਹਾੜੀ ਰਾਜਪੂਤ ਸਰਦਾਰ ਦਾ ਨਾਮ ਹੈ, ਜਿਸਦਾ ਜ਼ਿਕਰ ਬਚਿੱਤਰ ਨਾਟਕ ਵਿੱਚ ਹਿੰਮਤ ਚੰਦ ਦੇ ਨਾਲ਼ ਮਿਲਦਾ ਹੈ।

ਲੀਏ ਸਾਤ ਸਿਖੰ ਕਿਯੇ ਲੋਹ ਭਾਰੇ ॥
ਜੂਝੇ ਸੰਗਤੀ ਸਿੰਘ ਸੁਰਗੈ ਸਿਧਾਰੈ ॥
ਪ੍ਰਭੂ ਜੁੱਧ ਕੇ ਹੇਤ ਕੋ ਖਾਨ ਆਯੋ ॥
ਕ੍ਰਿਪਾ ਕਾਲ ਕੈ ਰਾਹ ਬੀਚੈ ਖਪਾਯੋ ॥ ੧੦ ॥ ੧੧੪ ॥

(ਗੁਰੂ ਜੀ ਦੇ ਭੇਜੇ ਹੋਏ) ਸੱਤ ਸਿੱਖਾਂ ਨਾਲ਼ ਰਲ਼ ਕੇ (ਭਾਈ) ਸੰਗਤੀ ਸਿੰਘ (ਰਾਜਿਆਂ ਵੱਲੋਂ ਹੁਸੈਨ ਖ਼ਾਨ ਦੇ ਖ਼ਿਲਾਫ਼) ਭਾਰੀ ਯੁੱਧ ਕਰਦੇ ਹੋਏ ਜੂਝ ਕੇ ਸਵਰਗ ਸਿਧਾਰ ਗਏ। ਇਹ ਖ਼ਾਨ (ਤਾਂ) ਪ੍ਰਭੂ (ਗੁਰੂ ਜੀ) ਨਾਲ ਯੁੱਧ ਕਰਨ ਲਈ ਆਇਆ ਸੀ, ਪਰ ਕਾਲ (ਪ੍ਰਮਾਤਮਾ) ਦੀ ਕਿਰਪਾ ਕਰਕੇ ਰਾਹ ਵਿੱਚ ਹੀ ਖ਼ਤਮ ਹੋ ਗਿਆ। ॥੧੦॥੧੧੪॥

ਦੋਹਰਾ ॥
ਖਾਨ ਹੁਸੈਨੀ ਜੁੱਧ ਕੋ ਚੜ੍ਹਜੋ ਸਕਲ ਦਲ ਸਾਜ ॥
ਮਾਰਗ ਮੈ ਜੂਝਜੋ ਵਹੈ ਲੋਹ ਲਾਜ ਕੈ ਕਾਜ ॥ ੧੧ ॥ ੧੧੫ ॥

ਹੁਸੈਨ ਖਾਨ ਸਾਰਾ ਦਲ ਸਜਾ ਕੇ ਯੁੱਧ ਕਰਨ ਲਈ ਚੜ੍ਹਿਆ ਸੀ। ਪਰ ਉਹ ਆਪਣੀ ਇੱਜ਼ਤ (ਅਤੇ ਹੰਕਾਰ) ਦੀ ਖਾਤਰ ਰਸਤੇ ਵਿੱਚ ਹੀ ਯੁੱਧ ਕਰਦਾ ਹੋਇਆ ਮਾਰਿਆ ਗਿਆ। ॥੧੧॥੧੧੫॥

ਚੌਪਈ ॥
ਕਉਤਕ ਅਉਰ ਕਿਯੇ ਪ੍ਰਭੁ ਘਨੇ ॥
ਪ੍ਰਭੁ ਕੇ ਖੇਲ ਪ੍ਰਭੂ ਕੋ ਬਨੇ ॥
ਜਾ ਕੋ ਭੇਦ ਨੈਕ ਨਹਿ ਹੋਈ ॥
ਤਾ ਕੋ ਭੇਦ ਨ ਜਾਨੈ ਕੋਈ ॥ ੧੨ ॥ ੧੧੬ ॥

ਪ੍ਰਭੂ (ਗੁਰੂ ਗੋਬਿੰਦ ਸਿੰਘ ਸਾਹਿਬ) ਨੇ ਹੋਰ ਵੀ ਬਹੁਤ ਸਾਰੇ ਕੌਤਕ ਕੀਤੇ। ਪ੍ਰਭੂ ਦੀਆਂ ਖੇਡਾਂ ਪ੍ਰਭੂ ਨੂੰ ਹੀ ਫਬਦੀਆਂ ਹਨ। ਜਿਸ (ਪ੍ਰਭੂ) ਦਾ ਭੇਦ ਰਤਾ ਭਰ ਵੀ ਨਹੀਂ ਪਾਇਆ ਜਾ ਸਕਦਾ, ਉਸਦੇ ਭੇਦ ਨੂੰ ਹੋਰ ਕੋਈ ਨਹੀਂ ਜਾਣ ਸਕਦਾ। ॥੧੨॥੧੧੬॥

ਇਤਿ ਸ੍ਰੀ ਗੁਰੁ ਸੋਭਾ ਖਾਨਜਾਦੇ ਹੁਸੈਨੀ ਕੋ ਜੁਧ ਬਰਨਨੰ ਚਤੁਰਥੋ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੪ ॥

ਇਸ ਤਰ੍ਹਾਂ ਸ੍ਰੀ ਗੁਰੂ ਸੋਭਾ ਗ੍ਰੰਥ ਦਾ "ਖ਼ਾਨਜ਼ਾਦੇ ਅਤੇ ਹੁਸੈਨੀ ਦੇ ਯੁੱਧ ਦਾ ਵਰਣਨ" ਨਾਮਕ ਚੌਥਾ ਅਧਿਆਇ ਸੰਪੂਰਨ ਹੋਇਆ। ਸ਼ੁਭ ਹੋਵੇ।

*****

ਅਧਿਆਇ ੫

ਖਾਲਸਾ ਪੰਥ ਦੀ ਰਚਨਾ

ਦੋਹਰਾ ॥
ਪੁਰ ਅਨੰਦ ਗੁਰੁ ਗੋਬਿੰਦ ਸਿੰਘ ਅਬ ਕਬਿ ਕਰਤ ਬਖਾਨ ॥
ਗਿਰਦ ਪਹਾਰ ਅਪਾਰ ਅਤਿ ਸਤਲੁਜ ਤਟ ਸੁਭ ਥਾਨ ॥ ੧ ॥ ੧੧੭ ॥

ਹੁਣ ਕਵੀ (ਸੈਨਾਪਤੀ), ਅਨੰਦਪੁਰ ਸਾਹਿਬ ਵਿਖੇ (ਬਿਰਾਜਮਾਨ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਰਣਨ ਕਰਦਾ ਹੈ। ਇਹ ਸ਼ੁੱਭ ਅਸਥਾਨ ਸਤਲੁਜ ਦਰਿਆ ਦੇ ਕੰਢੇ 'ਤੇ ਸਥਿਤ ਹੈ ਅਤੇ ਬਹੁਤ ਪਹਾੜਾਂ ਨਾਲ ਘਿਰਿਆ ਹੋਇਆ ਹੈ॥ ੧ ॥ ੧੧੮ ॥

ਦੋਹਰਾ ॥
ਚੇਤ ਮਾਸ ਬੀਤਯੋ ਸਕਲ ਮੇਲਾ ਭਯੋ ਅਪਾਰ ॥
ਬੈਸਾਖੀ ਕੇ ਦਰਸ ਪੈ ਸਤਿਗੁਰੁ ਕਿਯੋ ਬੀਚਾਰ ॥ ੨ ॥ ੧੧੮ ॥

ਚੇਤ ਦਾ ਸਾਰਾ ਮਹੀਨਾ ਗੁਜ਼ਰ ਗਿਆ ਅਤੇ (ਵਿਸਾਖੀ ਦੇ ਮੌਕੇ 'ਤੇ) ਬਹੁਤ ਵੱਡਾ ਮੇਲਾ ਜੁੜਿਆ। ਵਿਸਾਖੀ 'ਤੇ ਸੰਗਤਾਂ ਨੂੰ ਦਰਸ਼ਨ ਦੇਣ ਲਈ ਸਤਿਗੁਰੂ ਜੀ ਨੇ (ਮਨ ਵਿੱਚ) ਇੱਕ ਖਾਸ ਵਿਚਾਰ ਕੀਤਾ॥ ੨ ॥ ੧੧੮ ॥

ਸੰਗਤ ਦਰਸਨ ਕਰਤ ਸਬ ਨਗਰ ਨਗਰ ਬਿਸਥਾਰ ॥
ਹ੍ਵੈ ਦਯਾਲ ਦਰਸਨ ਦਿਯੋ ਕਰਨਹਾਰ ਕਰਤਾਰ ॥ ੩ ॥ ੧੧੯ ॥

ਵੱਖ-ਵੱਖ ਨਗਰਾਂ ਤੋਂ ਆਈਆਂ ਸਾਰੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਦਰਸ਼ਨ ਕਰ ਰਹੀਆਂ ਸਨ। ਕਰਨਹਾਰ ਕਰਤਾਰ (ਗੁਰੂ ਗੋਬਿੰਦ ਸਿੰਘ ਸਾਹਿਬ ਜੀ) ਨੇ ਦਿਆਲ ਹੋ ਕੇ ਸਭ ਨੂੰ ਆਪਣੇ ਦਰਸ਼ਨ ਦਿੱਤੇ ॥ ੩ ॥ ੧੧੯ ॥

ਗੋਬਿੰਦ ਸਿੰਘ ਕਰੀ ਖੁਸੀ ਸੰਗਤਿ ਕਰੀ ਨਿਹਾਲ ॥

ਕਿਯੋ ਪ੍ਰਗਟ ਤਬ ਖਾਲਸਾ ਚੂਕਯੋ ਸਰਬ ਜੰਜਾਲ ॥ ੪ ॥ ੧੨੦ ॥

ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਸ਼ ਹੋ ਕੇ ਸੰਗਤ ਨੂੰ ਨਿਹਾਲ ਕਰ ਦਿੱਤਾ। ਫਿਰ ਉਨ੍ਹਾਂ ਨੇ ਖ਼ਾਲਸੇ ਨੂੰ ਪ੍ਰਗਟ ਕੀਤਾ, ਜਿਸ ਨਾਲ ਸਾਰੇ ਜੰਜਾਲ ਖ਼ਤਮ ਹੋ ਗਏ॥ ੪ ॥ ੧੨੦ ॥

ਟਿੱਪਣੀ:- ਖ਼ਾਲਸਾ ਦੇ ਪ੍ਰਗਟ ਹੋਣ ਨਾਲ ਮਸੰਦ ਪ੍ਰਥਾ ਅਤੇ ਸਮਾਜਿਕ ਵੰਡੀਆਂ ਆਦਿ ਦੇ ਸਾਰੇ ਜੰਜਾਲਾਂ ਤੋਂ ਛੁਟਕਾਰਾ ਮਿਲ ਗਿਆ।

ਸਬ ਸਮੂਹ ਸੰਗਤਿ ਮਿਲੀ ਸੁਭ ਸਤਿਲੁਜ ਕੇ ਤੀਰ ॥
ਕੇਤਕ ਸੁਨ ਭਏ ਖਾਲਸਾ ਕੇਤਕ ਭਏ ਅਧੀਰ ॥ ੫ ॥ ੧੨੧ ॥

ਸਾਰੀਆਂ ਸੰਗਤਾਂ ਦੇ ਸਮੂਹ ਸਤਲੁਜ ਦੇ ਸ਼ੁਭ ਕੰਢੇ 'ਤੇ ਇਕੱਠੇ ਹੋਏ। (ਗੁਰੂ ਜੀ ਦਾ ਬਚਨ) ਸੁਣ ਕੇ ਕਈ ਤਾਂ ਖਾਲਸਾ ਬਣ ਗਏ, ਪਰ ਕਈ ਘਬਰਾ ਗਏ।

ਟਿੱਪਣੀ:- ਕਵੀ ਜੀ ਨੇ ਇੱਥੇ ਇੱਕ ਇਤਿਹਾਸਕ ਸੱਚਾਈ ਬਿਆਨ ਕੀਤੀ ਹੈ। ਜਦੋਂ ਗੁਰੂ ਜੀ ਨੇ ਖਾਲਸਾ ਸਾਜਣ ਦਾ ਐਲਾਨ ਕੀਤਾ, ਤਾਂ ਕਈਆਂ ਨੇ ਤੁਰੰਤ ਇਸ ਨੂੰ ਸਵੀਕਾਰ ਕਰ ਲਿਆ, ਜਦਕਿ ਕਈ ਦੁਬਿਧਾ ਵਿੱਚ ਪੈ ਗਏ ਅਤੇ ਬੇਚੈਨ ਹੋ ਗਏ। ਮਗਰੋਂ ਇਹ ਵਿਵਾਦ ਹੋਰ ਵਧਿਆ ਜਿਸ ਦਾ ਜ਼ਿਕਰ ਕਵੀ ਜੀ ਨੇ ਅੱਗੇ ਆਉਣ ਵਾਲੇ ਅਧਿਆਏ ਵਿੱਚ ਕੀਤਾ ਹੈ।।

ਤਜ ਮਸੰਦ ਪ੍ਰਭੁ ਏਕ ਜਪ ਯਹਿ ਬਿਬੇਕ ਤਹਾਂ ਕੀਨ ॥
ਸਤਿਗੁਰੁ ਸੋ ਸੇਵਕ ਮਿਲੇ ਨੀਰ ਮੱਧ ਜਯੋਂ ਮੀਨ ॥ ੬ ॥ ੧੨੨ ॥

ਉੱਥੇ (ਦੀਵਾਨ ਵਿੱਚ) ਗੁਰੂ ਜੀ ਨੇ (ਚੰਗੇ ਤੇ ਮਾੜੇ ਵਿੱਚ ਅੰਤਰ ਕਰਨ ਦਾ) ਗਿਆਨ ਦਿੱਤਾ ਕਿ ਮਸੰਦਾਂ ਨੂੰ ਤਿਆਗ ਕੇ ਸਿਰਫ਼ ਇੱਕ ਪ੍ਰਭੂ ਦਾ ਨਾਮ ਜਪੋ। (ਇਹ ਬਚਨ ਸੁਣ ਕੇ) ਸੇਵਕ (ਸਿੱਖ) ਸਤਿਗੁਰੂ ਨਾਲ ਇੰਝ ਇੱਕ-ਮਿੱਕ ਹੋ ਗਏ, ਜਿਵੇਂ ਮੱਛੀ ਪਾਣੀ ਵਿੱਚ ਹੁੰਦੀ ਹੈ ॥ ੬ ॥ ੧੨੩ ॥

ਟਿੱਪਣੀ:- ਇਸ ਤੋਂ ਪਹਿਲਾਂ ਵੀ ਕੁਝ ਸੰਗਤਾਂ ਖਾਲਸਾ ਹੁੰਦੀਆਂ ਸਨ, ਜੋ ਪ੍ਰਸ਼ਾਸਨਿਕ ਤੌਰ ਤੇ ਵੀ ਸਿੱਧਾ ਗੁਰੂ ਨਾਲ ਹੀ ਜੁੜੀਆਂ ਹੁੰਦੀਆਂ ਸਨ।

ਹੁਣ ਗੁਰੂ ਸਾਹਿਬ ਜੀ ਨੇ ਸਾਰੀ ਸੰਗਤ ਨੂੰ ਹੀ ਖਾਲਸਾ ਕਰ ਲਿਆ। ਇਸ ਦਾ ਇੱਕ ਉਦੇਸ਼ ਮਸੰਦ ਪ੍ਰਥਾ ਨੂੰ ਖਤਮ ਕਰਨਾ ਸੀ, ਜੋ ਭ੍ਰਿਸ਼ਟ ਹੋ ਚੁੱਕੀ ਸੀ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਹੁਣ ਗੁਰੂ ਅਤੇ ਸਿੱਖ ਵਿਚਾਲੇ ਕੋਈ ਵਿਚੋਲਾ ਨਹੀਂ ਹੋਵੇਗਾ। ਇਸ ਨਾਲ ਸਿੱਖਾਂ ਦਾ ਸਿੱਧਾ ਰਿਸ਼ਤਾ ਗੁਰੂ ਨਾਲ ਜੁੜ ਗਿਆ।

ਪਰ ਮਗਰੋਂ ਵਿੰਗੇ-ਟੇਢੇ ਢੰਗਾਂ ਨਾਲ ਗੁਰੂ ਅਤੇ ਸਿੱਖ ਦੇ ਵਿਚਕਾਰ ਕਈ ਪ੍ਰਕਾਰ ਦੇ ਅਹੁਦੇ ਬਣਾ ਕੇ ਮਸੰਦ ਪ੍ਰਥਾ ਨੂੰ ਨਵੇਂ ਤਰੀਕੇ ਨਾਲ ਜਾਰੀ ਰੱਖਿਆ ਗਿਆ।

ਸੋ ਸਤਿਸੰਗਤਿ ਜਾਨਿਯੈ ਜਹ ਬਿਬੇਕ ਬੀਚਾਰ ॥
ਬਿਨ ਭਾਗਨ ਨਹੀ ਪਾਇਯੈ ਜਾਨਤ ਹੈ ਸੰਸਾਰ ॥ ੭ ॥ ੧੨੩ ॥

(ਅਸਲ) ਸਤਿਸੰਗਤ ਉਸ ਨੂੰ (ਹੀ) ਜਾਣੋ, ਜਿੱਥੇ ਸਹੀ-ਗਲਤ ਦੀ ਪਰਖ ਕਰਨ ਵਾਲੀ ਗਿਆਨ ਦੀ ਵਿਚਾਰ ਹੁੰਦੀ ਹੈ। ਇਹ ਸਾਰਾ ਸੰਸਾਰ ਜਾਣਦਾ ਹੈ ਕਿ ਚੰਗੇ ਭਾਗਾਂ ਤੋਂ ਬਿਨਾਂ ਅਜਿਹੀ ਸਤਿਸੰਗਤ ਪ੍ਰਾਪਤ ਨਹੀਂ ਹੁੰਦੀ ॥ ੭ ॥ ੧੨੩ ॥

ਟਿੱਪਣੀ:- ਗੁਰਬਾਣੀ ਵਿੱਚ ਵੀ ਹੁਕਮ ਹੈ:- ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ।।੩।।

ਨੇਮ ਕਰਤ ਪੂਜਾ ਸਕਲ ਏਕ ਨਾਮ ਗੋਬਿੰਦ ॥
ਏਕ ਬਾਰ ਮੁਖ ਤੇ ਕਹੋ ਹੋਤ ਅਨੇਕ ਅਨੰਦ ॥ ੮ ॥ ੧੨੪ ॥

(ਸਾਰੇ) ਨੇਮ ਅਤੇ ਪੂਜਾ ਸਿਰਫ ਇੱਕ ਗੋਬਿੰਦ (ਪ੍ਰਮਾਤਮਾ) ਦੇ ਨਾਮ (ਦਾ ਸਿਮਰਨ ਕਰਨਾ) ਹੈ। ਜੇ ਇੱਕ ਵਾਰ (ਵੀ) ਮੂੰਹੋਂ ਉਸਦਾ ਨਾਮ ਲਵੇ, ਤਾਂ ਅਨੇਕ ਆਨੰਦ ਪ੍ਰਾਪਤ ਹੁੰਦੇ ਹਨ॥ ੮ ॥ ੧੨੪ ॥

ਬਚਨ ਕਹਤ ਗੁਰਦੇਵ ਕੇ ਸੁਨ ਮਨ ਮੀਤ ਬੀਚਾਰ ॥
ਮਨ ਬਚ ਕਰਮ ਕਰ ਭਾਵਨੀ ਸਰਨ ਤਾਹਿ ਸੁਖ ਸਾਰ ॥ ੯ ॥ ੧੨੫ ॥

(ਮੈਂ) ਗੁਰਦੇਵ ਜੀ ਦੇ ਬਚਨ ਆਖ ਰਿਹਾ ਹਾਂ। ਹੇ ਮਿੱਤਰ ਮਨ! ਧਿਆਨ ਨਾਲ ਸੁਣ ਅਤੇ (ਇਸਦੀ) ਵਿਚਾਰ ਕਰ। ਆਪਣੇ ਮਨ, ਬਚਨ ਅਤੇ ਕਰਮ ਦੁਆਰਾ ਸ਼ਰਧਾ ਧਾਰ ਕੇ ਉਸ (ਪ੍ਰਭੂ) ਦੀ ਸ਼ਰਨ ਵਿੱਚ ਹੀ ਸਾਰੇ ਸੁੱਖਾਂ ਦਾ ਤੱਤ ਹੈ॥ ੯ ॥ ੧੨੫ ॥

ਜਿਹ ਮਸਤਕ ਸੰਜੋਗ ਹੈ ਸਰਨ ਗਹੀ ਤਿਹ ਆਨ ॥
ਇਕ ਐਡੇ ਐਡੇ ਫਿਰਤ ਮਨ ਮੈ ਕਰਤ ਗੁਮਾਨ ॥ ੧੦ ।। ੧੨੬ ।।

ਜਿਨ੍ਹਾਂ ਦੇ ਮੱਥੇ 'ਤੇ (ਗੁਰੂ ਨਾਲ ਜੁੜਨ ਦੇ ਚੰਗੇ) ਭਾਗ ਲਿਖੇ ਹਨ, ਉਨਾਂ ਨੇ ਆ ਕੇ (ਗੁਰੂ ਦੀ) ਸ਼ਰਨ ਪਕੜ ਲਈ ਹੈ। ਕਈ ਦੂਸਰੇ ਹੰਕਾਰੇ ਹੋਏ ਮਨ ਵਿੱਚ ਗੁਮਾਨ ਕਰਦੇ ਹੋਏ ਆਕੜੇ ਫਿਰਦੇ ਹਨ॥ ੧੦ ।। ੧੨੬ ।।

ਟਿੱਪਣੀ:- ਜਿਨ ਮਸਤਕ ਧੁਰ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ

ਮੋਹਿ ਮਾਲ ਸੰਗਤਿ ਸਕਲ ਕਹੀ ਸਿੰਘ ਗੋਬਿੰਦ ॥
ਮਾਨੈ ਹੁਕਮ ਬਿਬੇਕ ਸੁਨਿ ਤਾ ਕੋ ਕਰਉ ਅਨੰਦ ॥ ੧੧ ।। ੧੨੭ ।।

ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਸੰਗਤ ਨੂੰ ਕਿਹਾ, "(ਇਹ ਖਾਲਸਾ) ਮੇਰੀ ਮਲਕੀਅਤ ਹੈ।" ਜੋ ਵੀ ਮੇਰੇ ਹੁਕਮ ਨੂੰ ਵਿਵੇਕ ਨਾਲ ਸੁਣ ਕੇ ਮੰਨੇਗਾ, ਮੈਂ ਉਸਨੂੰ ਆਨੰਦ ਬਖਸ਼ਾਂਗਾ॥ ੧੧ ।। ੧੨੭ ।।

ਮਾਨ ਬਚਨ ਸਨਮੁਖ ਭਏ ਜਿਨ ਅੰਤਰਿ ਪ੍ਰਤੀਤ ॥
ਏਕੋ ਨਾਮ ਨਿਧਾਨ ਜਪਿ ਲਿਯੋ ਜਨਮ ਤਿਨ ਜੀਤਿ ॥ ੧੨ ॥ ੧੨੮ ॥

ਜਿਨ੍ਹਾਂ ਦੇ (ਹਿਰਦੇ) ਅੰਦਰ ਵਿਸ਼ਵਾਸ ਸੀ, ਉਹ ਬਚਨ ਮੰਨ ਕੇ (ਗੁਰੂ ਜੀ ਦੇ) ਸਨਮੁੱਖ ਹੋ ਗਏ। ਉਨ੍ਹਾਂ ਨੇ ਇੱਕੋ ਨਾਮ-ਰੂਪੀ ਖਜ਼ਾਨੇ ਨੂੰ ਜਪ ਕੇ ਆਪਣਾ ਮਨੁੱਖ ਜਨਮ ਸਫਲ ਕਰ ਲਿਆ॥ ੧੨ ॥ ੧੨੮ ॥

ਗੁਰੁ ਗੋਬਿੰਦ ਗੋਬਿੰਦ ਗੁਰੁ ਕਰਨਹਾਰ ਕਰਤਾਰ ॥
ਜਗਤ ਉਧਾਰਨ ਆਇਓ ਜਾਨਹੁ ਸਬ ਸੰਸਾਰ ॥ ੧੩ ॥ ੧੨੯ ॥

ਗੁਰੂ ਗੋਬਿੰਦ ਸਿੰਘ (ਹੀ) ਗੋਬਿੰਦ (ਪਰਮਾਤਮਾ ਦਾ ਰੂਪ) ਹਨ, ਅਤੇ ਪਰਮਾਤਮਾ ਹੀ (ਗੁਰੂ ਗੋਬਿੰਦ ਸਿੰਘ ਦੇ ਰੂਪ ਵਿੱਚ ਜਗਤ ਉੱਤੇ ਆਇਆ) ਹੈ; ਉਹ ਕਰਨਹਾਰ ਕਰਤਾਰ ਹੈ। ਹੇ ਸਾਰੇ ਸੰਸਾਰ ਦੇ ਲੋਕੋ! ਇਹ ਜਾਣ ਲਵੋ ਕਿ ਉਹ ਜਗਤ ਦਾ ਉਧਾਰ ਕਰਨ ਲਈ ਆਏ ਹਨ॥ ੧੩ ॥ ੧੨੯ ॥

ਟਿੱਪਣੀ:- ਕਵੀ ਜੀ ਇੱਥੇ ਗੁਰੂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਸਮਝਦੇ। ਉਹ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਪ੍ਰਭੂ ਇੱਕ ਹੀ ਹਨ, ਅਤੇ ਉਨ੍ਹਾਂ ਦਾ ਇਸ ਧਰਤੀ 'ਤੇ ਆਉਣ ਦਾ ਮਕਸਦ ਸੰਸਾਰ ਦੇ ਜੀਵਾਂ ਦਾ ਪਾਰ-ਉਤਾਰਾ ਕਰਨਾ ਹੈ। ਗੁਰਬਾਣੀ ਦਾ ਫੁਰਮਾਨ ਹੈ, ਗੁਰ ਗੋਬਿੰਦ ਗੋਬਿੰਦ ਗੁਰੂ ਹੈ

ਕਬਿਤੁ ॥
ਕਲ ਮੈ ਕਰਨਹਾਰ ਨਿਰੰਕਾਰ ਕਲਾ ਧਾਰ ਜਗਤ ਕੇ ਉਧਾਰਬੇ ਗੋਬਿੰਦ ਸਿੰਘ ਆਯੋ ਹੈ ॥
ਅਸੁਰ ਸੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ ॥
ਨਿੰਦਕ ਕੋ ਨਿੰਦ ਦਈ ਸਿੱਖ ਦਈ ਸਿੱਖਨ ਕੋ ਤਾ ਕੇ ਮਹਾਤਮ ਤੇ ਰੈਨ ਦਿਵਸ ਧਜਾਯੋ ਹੈ ॥
ਖਾਲਸੇ ਕੇ ਸਿਖਨ ਕੀ ਨਿੰਦਕੁ ਜੋ ਨਿੰਦ ਕਰੈ ਜਾਨਿ ਬੂਝਿ ਨਰਕ ਪਰੈ ਐਸੋ ਸੋ ਬਤਾਯੋ ਹੈ ॥ ੧੪ ॥ ੧੩੦ ॥

ਕਲਯੁਗ ਵਿੱਚ, ਕਰਨਹਾਰ ਨਿਰੰਕਾਰ (ਆਪ ਹੀ) ਆਪਣੀ ਸ਼ਕਤੀ ਧਾਰਨ ਕਰਕੇ, ਜਗਤ ਦਾ ਉਧਾਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ (ਦਾ ਰੂਪ ਧਾਰ ਕੇ) ਆਇਆ ਹੈ। ਉਨ੍ਹਾਂ ਨੇ ਦੈਂਤਾਂ ਦਾ ਨਾਸ਼ ਕਰਨ, ਦੁਸ਼ਟਾਂ ਨੂੰ ਮਾਰਨ ਅਤੇ ਸੰਕਟਾਂ ਨੂੰ ਦੂਰ ਕਰਨ ਲਈ ਖਾਲਸਾ ਬਣਾਇਆ ਹੈ। ਨਿੰਦਕਾਂ ਨੂੰ ਨਿੰਦਾ (ਦਾ ਫਲ) ਅਤੇ ਸਿੱਖਾਂ ਨੂੰ (ਸੱਚੀ) ਸਿੱਖਿਆ ਦਿੱਤੀ ਹੈ, ਜਿਸਦੇ ਮਹਾਤਮ ਸਦਕਾ (ਸਿੱਖ ਨੇ) ਰਾਤ-ਦਿਨ ਨਾਮ ਸਿਮਰਨ ਕੀਤਾ ਹੈ। ਜੋ ਨਿੰਦਕ ਖਾਲਸੇ ਦੇ ਸਿੱਖਾਂ ਦੀ ਨਿੰਦਾ ਕਰਦਾ ਹੈ, ਉਹ ਜਾਣ-ਬੁੱਝ ਕੇ ਨਰਕ ਵਿੱਚ ਪੈਂਦਾ ਹੈ, ਅਜਿਹਾ ਦੱਸਿਆ ਗਿਆ ਹੈ॥ ੧੪ ॥ ੧੩੦ ॥

ਟਿੱਪਣੀ:- ਕਵੀ ਜੀ ਇਸ ਛੰਦ ਵਿੱਚ ਖਾਲਸੇ ਦੀ ਸਿਰਜਣਾ ਦਾ ਉਦੇਸ਼ ਸਪੱਸ਼ਟ ਕਰਦੇ ਹਨ। ਗੁਰੂ ਜੀ, ਜੋ ਪ੍ਰਮਾਤਮਾ ਦਾ ਹੀ ਰੂਪ ਹਨ, ਨੇ ਦੁਸ਼ਟਾਂ ਦਾ ਨਾਸ਼ ਕਰਨ ਅਤੇ ਸੰਸਾਰ ਦੇ ਦੁੱਖ ਦੂਰ ਕਰਨ ਲਈ ਖਾਲਸਾ ਪੰਥ ਸਾਜਿਆ ਹੈ। ਉਨ੍ਹਾਂ ਨੇ ਸਿੱਖਾਂ ਨੂੰ ਨਾਮ ਸਿਮਰਨ ਦੀ ਸਿੱਖਿਆ ਦਿੱਤੀ ਅਤੇ ਨਾਲ ਹੀ ਚਿਤਾਵਨੀ ਦਿੱਤੀ ਕਿ ਗੁਰੂ ਦੇ ਸਿੱਖ ਦੀ ਨਿੰਦਾ ਕਰਨ ਵਾਲਾ ਨਰਕ ਦਾ ਭਾਗੀ ਬਣਦਾ ਹੈ।

ਦੋਹਰਾ ॥
ਜਗਤ ਉਧਾਰਨ ਕਾਰਨੇ ਸਤਿਗੁਰੁ ਕਿਯੋ ਬੀਚਾਰ ॥
ਕਰ ਮਸੰਦ ਤਬ ਦੂਰ ਸਬ ਨਿਰਮਲ ਕਰ ਸੰਸਾਰ ॥ ੧੫ ॥ ੧੩੧ ॥

ਜਗਤ ਦਾ ਉਧਾਰ ਕਰਨ ਦੇ ਲਈ ਸਤਿਗੁਰੂ ਜੀ ਨੇ ਵਿਚਾਰ ਕੀਤਾ ਅਤੇ ਸਾਰੇ ਮਸੰਦਾਂ ਨੂੰ ਦੂਰ ਕਰਕੇ ਸੰਸਾਰ ਨੂੰ (ਭ੍ਰਿਸ਼ਟਾਚਾਰ ਤੋਂ) ਪਵਿੱਤਰ ਕਰ ਦਿੱਤਾ॥ ੧੫ ॥ ੧੩੧ ॥

ਟਿੱਪਣੀ:- ਮਸੰਦ ਪ੍ਰਥਾ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ੁਰੂ ਕੀਤੀ ਸੀ। ਸਮੇਂ ਦੇ ਨਾਲ਼ - ਨਾਲ਼ ਭ੍ਰਿਸ਼ਟਾਚਾਰ ਵੱਧਦਾ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਬਹੁਤ ਸਾਰੇ ਮਸੰਦ ਭ੍ਰਿਸ਼ਟ ਹੋ ਚੁੱਕੇ ਸਨ। ਇਸੇ ਲਈ ਗੁਰੂ ਜੀ ਨੇ ਮਸੰਦ ਪ੍ਰਥਾ ਨੂੰ ਖਤਮ ਹੀ ਕਰ ਦਿੱਤਾ, ਤਾਂ ਜੋ ਸਿੱਖੀ ਦਾ ਮਾਰਗ ਨਿਰਮਲ ਅਤੇ ਪਵਿੱਤਰ ਹੋ ਸਕੇ। ਅਸੀਂ ਦੇਖਦੇ ਹਾਂ ਕਿ ਬਾਅਦ ਵਿੱਚੋਂ ਨਵੇਂ ਨਵੇਂ ਨਾਵਾਂ ਥੱਲੇ ਪੁਰਾਣਾ ਮਸੰਦ ਸਿਸਟਮ ਮੁੜ ਤੋਂ ਜਾਰੀ ਕਰ ਲਿਆ ਗਿਆ, ਜੋ ਕਿ ਗੁਰੂ ਸਾਹਿਬ ਜੀ ਦੇ ਹੁਕਮ ਦੀ ਸਪਸ਼ਟ ਉਲੰਘਣਾ ਹੈ। ਸਿੱਖ ਅਤੇ ਗੁਰੂ ਦੇ ਵਿਚਕਾਰ ਜੋ ਖੜ੍ਹਾ ਹੈ, ਉਹ ਨਵੇਂ ਦੌਰ ਦਾ ਮਸੰਦ ਹੈ। ਮਸੰਦ ਪ੍ਰਥਾ ਖ਼ਾਲਸਾ ਪਰੰਪਰਾ ਦੇ ਬਿਲਕੁਲ ਉਲਟ ਹੈ।

ਛਪੈ ਛੰਦ ॥
ਨਿਰਮਲ ਕਰਿ ਸੰਸਾਰ ਜਗਤ ਮੈ ਬਚਨਿ ਸੁਨਾਏ ॥
ਕਿਯੋ ਖਾਲਸਾ ਪ੍ਰਗਟ ਸੁਨਤ ਦੁਰਜਨ ਡਰ ਪਾਏ ॥
ਸੁਨਿ ਜਨ ਕਰਤ ਬਿਚਾਰ ਚਾਰ ਅਚਰਜ ਸੁਨਿ ਭਾਈ ॥
ਗੁਪਤਿ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ ॥
ਮਾਨਹਿ ਸੁ ਸੰਤ ਇਹ ਮੰਤ ਕੋ ਜਨਮ ਜੀਤ ਮੁਕਤਾ ਭਯੋ ॥

ਕਬਿ ਤਾਸੁ ਰੇਨ ਤਿਹ ਸਿੱਖ ਕੀ ਜੁ ਸਤਿਗੁਰੁ ਕੀ ਸਰਨੀ ਅਯੋ ॥ ੧੬ ॥ ੧੩੨ ॥

ਸੰਸਾਰ ਨੂੰ ਪਵਿੱਤਰ ਕਰਕੇ ਜਗਤ ਵਿੱਚ (ਇਹ) ਬਚਨ ਸੁਣਾਏ ਗਏ। (ਜਦੋਂ) ਖਾਲਸਾ ਪ੍ਰਗਟ ਕੀਤਾ ਗਿਆ, ਤਾਂ ਇਹ ਸੁਣ ਕੇ ਦੁਸ਼ਟ ਲੋਕ ਡਰ ਗਏ। (ਖ਼ਾਲਸਾ ਪ੍ਰਗਟ ਕਰਨ ਦੀ ਗੱਲ) ਸੁਣ ਕੇ ਲੋਕ (ਆਪਸ ਵਿੱਚ) ਵਿਚਾਰ ਕਰਦੇ ਹਨ। (ਕਈ ਲੋਕ ਇਹ) ਸੁਣ ਕੇ ਹੈਰਾਨ ਹੁੰਦੇ ਹਨ। ਇੱਕ ਗੁਪਤ ਗੱਲ ਸੀ, ਜੋ ਅੰਤ ਵਿੱਚ ਗੁਰਦੇਵ ਨੇ ਪ੍ਰਗਟ ਕਰ ਦਿੱਤੀ। ਜਿਹੜੇ ਸੰਤ-ਜਨ ਇਸ ਮੰਤਰ (ਉਪਦੇਸ਼) ਨੂੰ ਮੰਨਦੇ ਹਨ, ਉਹ ਜਨਮ (ਦੀ ਬਾਜ਼ੀ) ਜਿੱਤ ਕੇ ਮੁਕਤ ਹੋ ਜਾਂਦੇ ਹਨ। (ਇਹ) ਕਵੀ (ਸੈਨਾਪਤੀ) ਉਸ ਸਿੱਖ ਦੇ ਚਰਨਾਂ ਦੀ ਧੂੜ (ਦੇ ਬਰਾਬਰ) ਹੈ, ਜੋ ਸਤਿਗੁਰੂ ਦੀ ਸ਼ਰਨ ਵਿੱਚ ਆਇਆ ਹੈ॥ ੧੬ ॥ ੧੩੨ ॥

ਟਿੱਪਣੀ:- ਖ਼ਾਲਸਾ ਪ੍ਰਗਟ ਕਰਨਾ ਇੱਕ ਇਨਕਲਾਬੀ ਘਟਨਾ ਸੀ, ਜਿਸਨੇ ਦੁਸ਼ਟਾਂ ਨੂੰ ਭੈਭੀਤ ਕਰ ਦਿੱਤਾ ਅਤੇ ਸਭ ਨੂੰ ਹੈਰਾਨ ਕਰ ਦਿੱਤਾ। ਕਵੀ ਸੈਨਾਪਤੀ ਜੀ ਅਜਿਹੇ ਗੁਰਸਿੱਖ ਪ੍ਰਤੀ ਆਪਣੀ ਸ਼ਰਧਾ ਅਤੇ ਨਿਮਰਤਾ ਪ੍ਰਗਟ ਕਰਦੇ ਹਨ।

ਦੋਹਰਾ ॥
ਸੋ ਸਮਰਥ ਕਾਰਨ ਕਰਨ ਤਿਹ ਸਮਾਨ ਨਹੀ ਕੋਇ ॥
ਤਾ ਕੀ ਸੇਵਾ ਸੋ ਕਰੇ ਜਿਸਹਿ ਪ੍ਰਾਪਤਿ ਹੋਇ ॥ ੧੭ ॥ ੧੩੩ ॥

ਉਹ (ਗੁਰੂ) ਸਭ ਕਾਰਨਾਂ ਨੂੰ ਕਰਨ ਵਾਲਾ ਸ਼ਕਤੀਮਾਨ ਹੈ। ਉਸਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਉਸ ਦੀ ਸੇਵਾ ਵੀ ਉਹੀ ਕਰ ਸਕਦਾ ਹੈ, ਜਿਸ ਨੂੰ (ਧੁਰੋਂ) ਇਹ ਸੇਵਾ ਪ੍ਰਾਪਤ ਹੁੰਦੀ ਹੈ (ਭਾਵ, ਜਿਸ 'ਤੇ ਉਸਦੀ ਕਿਰਪਾ ਹੋਵੇ)॥ ੧੭ ॥ ੧੩੩ ॥

ਚੌਪਈ ॥
ਬਚਨ ਤਾਹਿ ਬਿਰਲੋ ਪਹਿਚਾਨੈ ॥ ਜਾ ਕੋ ਦਯਾ ਕਰੈ ਸੋਈ ਜਾਨੈ ॥
ਗੁਰੁ ਸਿੱਖਨ ਕੋ ਬਚਨ ਸੁਨਾਯੋ ॥ ਜੋ ਸਿੱਖਨ ਜਗ ਮੈ ਪ੍ਰਗਟਾਯੋ ॥ ੧੮ ॥ ੧੩੪ ॥

ਜਿਸ (ਸਿੱਖ) ਉੱਤੇ ਉਹ (ਗੁਰੂ) ਦਇਆ ਕਰਦਾ ਹੈ, ਉਹ ਹੀ ਕੋਈ ਵਿਰਲਾ (ਵਿਅਕਤੀ) ਗੁਰੂ ਦੇ ਵਚਨ ਨੂੰ ਪਹਿਚਾਣਦਾ ਹੈ। ਗੁਰੂ ਨੇ ਸਿੱਖਾਂ ਨੂੰ ਉਹ ਬਚਨ ਸੁਣਾਇਆ, ਜਿਹੜਾ ਸਿੱਖਾਂ ਨੇ (ਅੱਗੇ) ਜਗਤ ਵਿੱਚ ਪ੍ਰਗਟ ਕੀਤਾ॥ ੧੮ ॥ ੧੩੪ ॥

ਟਿੱਪਣੀ:- ਗੁਰੂ ਦੇ ਉਪਦੇਸ਼ ਦੀ ਡੂੰਘਾਈ ਨੂੰ ਸਮਝਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਇਹ ਗਿਆਨ ਉਸੇ ਨੂੰ ਪ੍ਰਾਪਤ ਹੁੰਦਾ ਹੈ ਜਿਸ 'ਤੇ ਗੁਰੂ ਦੀ ਮਿਹਰ ਹੋਵੇ। ਗੁਰੂ ਜੀ ਨੇ ਸਿੱਖਾਂ ਨੂੰ ਜੋ ਰਹਿਤ ਦਾ ਉਪਦੇਸ਼ ਦਿੱਤਾ, ਉਹੀ ਅੱਗੇ ਸੰਸਾਰ ਵਿੱਚ ਪ੍ਰਚਲਿਤ ਹੋਇਆ। ਖਾਲਸਾ ਪੰਥ ਵਿੱਚ ਕੁਰਹਿਤੀਏ ਦੀ ਕੋਈ ਜਗ੍ਹਾ ਨਹੀਂ ਹੋ ਸਕਦੀ। ਕੁਰਹਿਤੀਏ ਨੂੰ ਪ੍ਰਵਾਨ ਕਰਨ ਵਾਲਾ ਗੁਰੂ ਦਾ ਦੋਖੀ ਹੈ।

ਚੌਪਈ ॥
ਸਿਰ ਗੁੱਮਨ ਕੇ ਮੁਖ ਨਹੀ ਲਾਗੋ ॥ ਪਾਂਚਨ ਕੋ ਸਬ ਸੰਗਿ ਤਿਯਾਗੋ ॥
ਮਰਨ ਪਰਨ ਤਿਨ ਕੇ ਕਛੁ ਹੋਵੈ ॥ ਤਹਾ ਸਿੱਖ ਨਹੀ ਜਾਇ ਖਲੋਵੈ ॥
੧੯ ॥ ੧੩੫ ॥

ਸਿਰ ਮੁੰਨਾਉਣ ਵਾਲਿਆਂ (ਸਿਰ-ਗੁੰਮਾਂ) ਦੇ ਮੱਥੇ ਨਹੀਂ ਲੱਗਣਾ (ਭਾਵ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਰੱਖਣਾ)। ਪੰਜ (ਵਰਜਿਤ ਮੇਲਾਂ) ਦਾ ਸਾਥ ਪੂਰੀ ਤਰ੍ਹਾਂ ਤਿਆਗ ਦਿਓ। ਜੇ ਉਨ੍ਹਾਂ ਦੇ ਘਰ ਕੋਈ ਮਰਨ-ਪਰਨ (ਮੌਤ ਜਾਂ ਵਿਆਹ ਦਾ ਮੌਕਾ) ਹੋਵੇ, ਤਾਂ ਉੱਥੇ ਸਿੱਖ ਜਾ ਕੇ ਸ਼ਾਮਲ ਨਾ ਹੋਵੇ ॥ ੧੯ ॥ ੧੩੫ ॥

ਟਿੱਪਣੀ:- ਕਵੀ ਜੀ ਨੇ ਇੱਥੇ ਖ਼ਾਲਸਾ ਰਹਿਤ ਦਾ ਇੱਕ ਅਹਿਮ ਨਿਯਮ ਦੱਸਿਆ ਹੈ ਕਿ 'ਪੰਜ-ਮੇਲ' ਦੀ ਸੰਗਤ ਤਿਆਗਣੀ ਹੈ। ਕਵੀ ਜੀ ਨੇ ਇਹ ਜ਼ਿਕਰ ਨਹੀਂ ਕੀਤਾ ਕਿ ਇਹ 'ਪੰਜ-ਮੇਲ' ਕਿਹੜੇ ਕਿਹੜੇ ਹਨ।

ਆਮ ਤੌਰ ਉੱਤੇ, 'ਪੰਜ ਮੇਲ' ਤੋਂ ਭਾਵ ਗੁਰੂ-ਘਰ ਦੇ ਦੋਖੀ ਪ੍ਰਿਥੀਚੰਦ ਦੀ ਪਰੰਪਰਾ ਨੂੰ ਮੰਨਣ ਵਾਲੇ, ਧੀਰਮੱਲੀਏ, ਰਾਮਰਾਈਏ, ਮਸੰਦ, ਅਤੇ ਸਿਰਗੁੰਮ ਹਨ, ਜਿਨ੍ਹਾਂ ਨਾਲ਼ ਸਮਾਜਿਕ ਸਾਂਝ ਨਹੀਂ ਰੱਖਣੀ। ਸਿੱਖ ਨੂੰ ਹੁਕਮ ਹੈ ਕਿ ਉਹ ਇਨ੍ਹਾਂ ਦੇ ਕਿਸੇ ਵੀ ਸਮਾਗਮ (ਖੁਸ਼ੀ ਜਾਂ ਗਮੀ) ਵਿੱਚ ਸ਼ਾਮਲ ਨਾ ਹੋਵੇ।

ਸਿਰਗੁੰਮ ਉਹ ਹੈ, ਜੋ ਸਿੱਖ ਹੋ ਕੇ ਕੇਸ ਕਤਲ ਕਰ ਦਵੇ। ਕੇਸਧਾਰੀ ਹੋਣਾ ਖਾਲਸੇ ਦੀ ਰਹਿਤ ਦਾ ਜ਼ਰੂਰੀ ਹਿੱਸਾ ਹੈ। ਕੇਸ ਕਤਲ ਕਰਵਾਉਣ ਵਾਲਾ ਖਾਲਸਾ ਪੰਥ ਦਾ ਹਿੱਸਾ ਕਦੇ ਵੀ ਨਹੀਂ ਹੋ ਸਕਦਾ।

ਪ੍ਰਿਥੀ ਚੰਦ ਦੀ ਪਰੰਪਰਾ ਵਿੱਚ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਛੇਵਾਂ ਗੁਰੂ ਪ੍ਰਿਥੀ ਚੰਦ ਨੂੰ ਮੰਨਿਆ ਗਿਆ ਹੈ। ਇਸੇ ਤਰ੍ਹਾਂ, ਸੱਤਵਾਂ ਗੁਰੂ ਹਰ ਜੀ ਨੂੰ ਮੰਨਿਆ ਹੈ ਤੇ ਅੱਠਵਾਂ ਗੁਰੂ ਚਤੁਰਭੁਜ ਨੂੰ ਮੰਨਿਆ ਗਿਆ ਹੈ।

ਇਹਨਾਂ ਤਿੰਨ ਵਿਅਕਤੀਆਂ ਦੇ ਨਾਮ ਥੱਲੇ ਕਾਫੀ ਸਾਰੀ ਕਾਵਿ ਰਚਨਾ ਕੀਤੀ ਗਈ, ਜਿਹੜੀ ਅੱਜ ਵੀ ਮੌਜੂਦ ਹੈ। ਇਹ ਪੁਸਤਕਾਂ ਦੇ ਰੂਪ ਵਿੱਚ ਛੱਪੀ ਹੋਈ ਮਿਲ ਜਾਂਦੀ ਹੈ। ਇਸ ਰਚਨਾ ਨੂੰ ਮਹੱਲਾ ਛੇਵਾਂ, ਮਹੱਲਾ ਸੱਤਵਾਂ, ਅਤੇ ਮਹੱਲਾ ਅੱਠਵਾਂ ਦੇ ਨਾਮ ਥੱਲੇ ਲਿਖਿਆ ਗਿਆ। ਸਿੱਖ ਸਾਹਿਤ ਵਿੱਚ ਪ੍ਰਿਥੀ ਚੰਦ ਦੀ ਪਰੰਪਰਾ ਨੂੰ ਮੰਨਣ ਵਾਲਿਆਂ ਨੂੰ 'ਮੀਣਾ' ਆਖਿਆ ਗਿਆ ਹੈ। ਕਿਤੇ ਕਿਤੇ ਇਹਨਾਂ ਨੂੰ ਸਿੱਖਾਂ ਦਾ 'ਛੋਟਾ ਮੇਲ' ਵੀ ਕਿਹਾ ਗਿਆ ਹੈ। ਇਹ ਪਰੰਪਰਾ ਬਹੁਤ ਤਾਕਤਵਰ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਹਨਾਂ ਦੀ ਤਾਕਤ ਘੱਟ ਹੋਣ ਲੱਗ ਪਈ ਸੀ। ਬਹੁਤ ਸਾਰੇ ਮੀਣੇ ਖ਼ਾਲਸਾ ਪਰੰਪਰਾ ਵਿੱਚ ਹੀ ਸ਼ਾਮਿਲ ਹੋ ਗਏ। ਇਨ੍ਹਾਂ ਵਿੱਚੋਂ ਕਈ ਲੋਕ ਉਦਾਸੀ ਸੰਪਰਦਾਇ ਵਿੱਚ ਸ਼ਾਮਿਲ ਹੋ ਗਏ।

ਇੱਥੇ ਇਹ ਸਮਝ ਲੈਣਾ ਬਹੁਤ ਜਰੂਰੀ ਹੈ ਕਿ ਕੇਸ ਕਤਲ ਨਾ ਕਰਵਾਉਣ ਦੀ ਆਗਿਆ ਕੇਵਲ ਸਿੱਖ ਵਾਸਤੇ ਹੈ। ਜੋ ਸਿੱਖ ਨਹੀਂ ਹਨ ਤੇ ਕੇਸ ਕਤਲ ਕਰਵਾਉਂਦੇ ਹਨ, ਉਹਨਾਂ ਦਾ ਸਮਾਜਿਕ ਬਾਈਕਾਟ ਕਰਨ ਦਾ ਹੁਕਮ ਗੁਰੂ ਸਾਹਿਬ ਨੇ ਨਹੀਂ ਦਿੱਤਾ।

ਦੋਹਰਾ ॥
ਮਰਨੇ ਪਰਨੇ ਤਾਸ ਕੇ ਸਿੱਖ ਨ ਕੋਈ ਜਾਇ ॥
ਕਰਨਹਾਰ ਕੋ ਬਚਨ ਹੈ ਸੰਗਤਿ ਦਿਯੋ ਬਤਾਏ ॥ ੨੦ ॥ ੧੩੬ ॥

ਉਸ (ਸਿਰਗੁੰਮ) ਦੇ ਮਰਨ-ਪਰਨ 'ਤੇ ਕੋਈ ਵੀ ਸਿੱਖ ਨਾ ਜਾਵੇ। ਇਹ ਕਰਨਹਾਰ (ਗੁਰੂ) ਦਾ ਹੁਕਮ ਹੈ, ਜੋ ਉਨ੍ਹਾਂ ਨੇ ਸਾਰੀ ਸੰਗਤ ਨੂੰ ਦੱਸ ਦਿੱਤਾ॥ ੨੦ ॥ ੧੩੬ ॥

ਚੌਪਈ ॥
ਹੁਕਾ ਤਿਆਗੈ ਹਰਿ ਗੁਨ ਗਾਵੈ ॥ ਇਛਾ ਭੋਜਨ ਹਰਿ ਰਸੁ ਪਾਵੈ ॥
ਭੱਦਰ ਤਿਆਗ ਕਰੋ ਰੇ ਭਾਈ ॥ ਤਬ ਸਿੱਖਨ ਯਹ ਬਾਤ ਸੁਨਾਈ ॥ ੨੧ ॥ ੧੩੭ ॥

(ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਆਖਿਆ ਕਿ ਹਰੇਕ ਸਿੱਖ) ਹੁੱਕਾ (ਤੰਬਾਕੂ) ਤਿਆਗ ਦਵੇ ਅਤੇ ਹਰੀ ਦੇ ਗੁਣ ਗਾਏ। (ਤਰ੍ਹਾਂ-ਤਰ੍ਹਾਂ ਦੇ ਸੁਆਦਲੇ ਭੋਜਨ ਦੀ ਇੱਛਾ ਕਰਨ ਦੀ ਥਾਂ ਉਹ) ਹਰੀ ਪਰਮਾਤਮਾ (ਦੇ ਨਾਮ ਦਾ) ਰਸ ਪ੍ਰਾਪਤ ਕਰੇ। ਫਿਰ (ਗੁਰੂ ਜੀ ਨੇ) ਸਿੱਖਾਂ ਨੂੰ ਇਹ ਗੱਲ ਸੁਣਾਈ ਕਿ ਹੇ ਭਾਈ! ਭੱਦਰ (ਸਿਰ ਮੁੰਨਾਉਣ ਦੀ ਰਸਮ) ਦਾ ਤਿਆਗ ਕਰੋ॥ ੨੧ ॥ ੧੩੭ ॥

ਟਿੱਪਣੀ:- ਕਵੀ ਜੀ ਨੇ ਇੱਥੇ ਖਾਲਸਾਈ ਰਹਿਤ ਦੇ ਦੋ ਅਹਿਮ ਨਿਯਮ ਦੱਸੇ ਹਨ। ਪਹਿਲਾ, ਤੰਬਾਕੂ ਦੀ ਸਖ਼ਤ ਮਨਾਹੀ ਹੈ। ਦੂਜਾ, 'ਭੱਦਰ' ਦੀ ਰਸਮ ਦਾ ਤਿਆਗ ਹੈ। ਭੱਦਰ, ਕਿਸੇ ਦੇ ਦੇਹਾਂਤ 'ਤੇ ਸਿਰ ਦੇ ਵਾਲ ਮੁੰਡਵਾਉਣ ਦੀ ਇੱਕ ਪੁਰਾਣੀ ਰਸਮ ਸੀ। ਗੁਰੂ ਸਾਹਿਬ ਨੇ ਖ਼ਾਲਸੇ ਵਿੱਚ ਇਹ ਰਸਮ ਖ਼ਤਮ ਕਰ ਦਿੱਤੀ ਤੇ ਕੇਸਾਂ ਦੀ ਮਹੱਤਤਾ ਸਮਝਾਈ।

ਚੌਪਈ ॥
ਮਾਤਾ ਪਿਤਾ ਮਰੇ ਜੇ ਕੋਈ ॥ ਤਉ ਭੀ ਕਹਿਤ ਨ ਭੱਦਰ ਹੋਈ ॥
ਮਾਤਾ ਪਿਤਾ ਗੋਬਿੰਦ ਹਮਾਰਾ ॥ ਏ ਸੰਸਾਰੀ ਝੂਠ ਪਸਾਰਾ ॥ ੨੨ ॥ ੧੩੮ ॥

ਜੇ ਕਿਸੇ ਦੇ ਮਾਤਾ-ਪਿਤਾ ਦਾ ਵੀ ਦੇਹਾਂਤ ਹੋ ਜਾਵੇ, ਤਾਂ ਵੀ (ਗੁਰੂ ਜੀ) ਕਹਿੰਦੇ ਹਨ ਕਿ ਭੱਦਰ ਨਹੀਂ ਕਰਨਾ। ਸਾਡਾ ਅਸਲ ਮਾਤਾ-ਪਿਤਾ ਤਾਂ ਗੋਬਿੰਦ (ਪ੍ਰਭੂ) ਹੈ। ਇਹ ਸਾਰੇ ਸੰਸਾਰਕ ਰਿਸ਼ਤੇ ਤਾਂ ਝੂਠਾ ਪਸਾਰਾ ਹਨ॥ ੨੨ ॥ ੧੩੮ ॥

ਟਿੱਪਣੀ:- ਗੁਰੂ ਸਾਹਿਬ ਨੇ ਭੱਦਰ ਦੀ ਰਸਮ 'ਤੇ ਪੂਰਨ ਪਾਬੰਦੀ ਲਗਾਉਂਦੇ ਹੋਏ ਸਪੱਸ਼ਟ ਕੀਤਾ ਕਿ ਮਾਤਾ-ਪਿਤਾ ਦੇ ਚਲਾਣੇ 'ਤੇ ਵੀ ਇਹ

ਕਰਮ-ਕਾਂਡ ਨਹੀਂ ਕਰਨਾ। ਸਿੱਖ ਦਾ ਸਭ ਤੋਂ ਵੱਡਾ ਅਤੇ ਸੱਚਾ ਰਿਸ਼ਤਾ ਅਕਾਲ ਪੁਰਖ ਨਾਲ ਹੈ; ਬਾਕੀ ਦੁਨਿਆਵੀ ਰਿਸ਼ਤੇ ਨਾਸ਼ਵਾਨ ਹਨ।

ਚੌਪਈ ॥
ਤਾ ਪਰ ਭੱਦਰ ਭੂਲ ਨ ਕੀਜੈ ॥ ਯਹ ਉਪਦੇਸ ਸਤਿ ਕਰ ਲੀਜੈ ॥
ਭੱਦਰ ਭਰਮ ਧਰਮ ਕਛੁ ਨਾਹੀ ॥ ਨਿਸਚੈ ਜਾਨਿ ਸਤਿ ਮਨ ਮਾਹੀ ॥ ੨੩ ॥ ੧੩੯ ॥

ਤਾਂ ਤੇ ਭੁੱਲ ਕੇ ਵੀ ਭੱਦਰ ਨਾ ਕਰਨਾ। ਇਸ ਉਪਦੇਸ਼ ਨੂੰ ਸੱਚ ਕਰ ਕੇ ਮੰਨ ਲਵੋ। ਭੱਦਰ ਕਰਨਾ ਇੱਕ ਭਰਮ ਹੈ, ਇਸਦਾ ਧਰਮ ਨਾਲ ਕੋਈ ਸਬੰਧ ਨਹੀਂ ਹੈ। ਇਸ ਗੱਲ ਨੂੰ ਮਨ ਵਿੱਚ ਸੱਚ ਕਰਕੇ ਨਿਸ਼ਚਾ ਕਰ ਲਵੋ॥ ੨੩ ॥ ੧੩੯ ॥

ਦੋਹਰਾ ॥
ਸੰਗਤਿ ਭੱਦਰ ਮਤਿ ਕਰੋ ਖੁਰ ਨ ਲਾਵਉ ਸੀਸ ॥
ਮਾਤ ਪਿਤਾ ਕੋਈ ਮਰੈ ਸਤਿਗੁਰੁ ਕਰੀ ਹਦੀਸ ॥ ੨੪ ॥ ੧੪੦ ॥

ਹੇ ਸੰਗਤ! ਭੱਦਰ ਨਾ ਕਰੋ ਅਤੇ ਸਿਰ 'ਤੇ ਉਸਤਰਾ ਨਾ ਲਗਾਓ। ਭਾਵੇਂ ਮਾਤਾ ਜਾਂ ਪਿਤਾ, ਕਿਸੇ ਦਾ ਵੀ ਦੇਹਾਂਤ ਹੋ ਜਾਵੇ। ਸਤਿਗੁਰੂ ਜੀ ਨੇ ਇਹ ਗੱਲ ਆਖੀ॥ ੨੪ ॥ ੧੪੦ ॥

ਟਿੱਪਣੀ:- ਗੁਰੂ ਜੀ ਦਾ ਸਪੱਸ਼ਟ ਹੁਕਮ ਹੈ ਕਿ ਕੇਸਾਂ ਦੀ ਬੇਅਦਬੀ (ਮੁੰਡਨ) ਕਿਸੇ ਵੀ ਹਾਲਤ ਵਿੱਚ ਨਹੀਂ ਕਰਨੀ।

ਚੌਪਈ ॥
ਮੰਨਤ ਗੋਲਕ ਅਰੁ ਦਸਵੰਧ ॥ ਘਰਿ ਮੈ ਰਾਖੋ ਤਜੋ ਮਸੰਦ ॥
ਭੇਟ ਕਾਰ ਸਤਿਗੁਰੁ ਕੀ ਹੋਇ ॥ ਜਾਇ ਹਜੂਰ ਚੜ੍ਹਾਵੈ ਸੋਇ ॥ ੨੫ ॥ ੧੪੧ ॥

ਸੁੱਖਣਾ, ਗੋਲਕ ਅਤੇ ਦਸਵੰਧ ਦੀ ਮਾਇਆ ਮਸੰਦਾਂ ਨੂੰ ਦੇਣਾ ਛੱਡ ਦਿਓ ਅਤੇ ਇਸਨੂੰ ਆਪਣੇ ਘਰ ਵਿੱਚ ਰੱਖੋ। ਜਦੋਂ ਸਤਿਗੁਰੂ ਦੇ ਲਈ ਭੇਟਾ

ਇਕੱਠੀ ਹੋ ਜਾਵੇ, ਤਾਂ ਸਿੱਖ ਆਪ ਜਾ ਕੇ ਹਜ਼ੂਰੀ ਵਿੱਚ ਚੜ੍ਹਾਵੇ॥ ੨੫ ॥ ੧੪੧ ॥

ਟਿੱਪਣੀ:- ਇੱਥੇ ਮਸੰਦ ਪ੍ਰਥਾ ਨੂੰ ਖਤਮ ਕਰਨ ਦਾ ਵਿਹਾਰਕ ਤਰੀਕਾ ਦੱਸਿਆ ਗਿਆ ਹੈ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਹ ਆਪਣਾ ਦਸਵੰਧ ਜਾਂ ਭੇਟਾ ਭ੍ਰਿਸ਼ਟ ਹੋ ਚੁੱਕੇ ਮਸੰਦਾਂ ਨੂੰ ਨਾ ਦੇਣ, ਸਗੋਂ ਆਪ ਸਿੱਧੇ ਗੁਰੂ ਦਰਬਾਰ ਵਿੱਚ ਪਹੁੰਚਾਉਣ।

ਉਸ ਵੇਲੇ ਮਸੰਦ ਗੁਰੂ ਜੀ ਨਮਿੱਤ ਦਿੱਤੇ ਗਏ ਦਾਨ ਆਦਿਕ ਦੀ ਦੁਰਵਰਤੋਂ ਕਰਨ ਲੱਗ ਪਏ ਸਨ। ਮਸੰਦ ਪ੍ਰਥਾ ਖਤਮ ਕਰਨ ਦਾ ਇੱਕ ਵੱਡਾ ਉਦੇਸ਼ ਇਸ ਤਰ੍ਹਾਂ ਦੇ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਸੀ। ਗੁਰੂ ਜੀ ਦੇ ਉਦੇਸ਼ ਨੂੰ ਸਮਝਣ ਦੀ ਲੋੜ ਹੈ। ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨਾ ਜ਼ਰੂਰੀ ਹੈ।

ਅਜੋਕੇ ਸਮੇਂ ਵਿੱਚ ਵੀ ਭ੍ਰਿਸ਼ਟਾਚਾਰ ਤੋਂ ਬਚਣ ਲਈ ਆਪਣਾ ਦਸਵੰਧ ਜਾਂ ਦਾਨ ਸਿੱਧਾ ਲੋੜਵੰਦ ਨੂੰ ਹੀ ਦੇਣਾ ਚਾਹੀਦਾ ਹੈ। ਆਪਣਾ ਦਸਵੰਧ ਕਿਸੇ ਵਿਚੋਲੇ ਨੂੰ ਦੇਣਾ, ਤਾਂ ਕਿ ਉਹ ਅੱਗੇ ਕਿਸੇ ਲੋੜਵੰਦ ਨੂੰ ਦੇ ਸਕੇ, ਭ੍ਰਿਸ਼ਟਾਚਾਰ ਦੇ ਖ਼ਤਰੇ ਨਾਲ ਭਰਿਆ ਹੋਇਆ ਹੈ। ਆਪਣਾ ਦਸਵੰਧ ਆਪ ਹੀ ਸਿੱਧਾ ਕਿਸੇ ਲੋੜਵੰਦ ਨੂੰ ਦੇਣਾ ਠੀਕ ਰਹਿੰਦਾ ਹੈ।

ਚੌਪਈ ॥
ਐਸੀ ਰੀਤਿ ਰਹਿਤ ਬਤਰਾਈ ॥ ਸੰਤਨ ਸੁਨੀ ਅਧਿਕ ਮਨ ਭਾਈ ॥
ਸਤਿਸੰਗਤਿ ਮਿਲ ਦਰਸਨ ਜਾਈਐ ॥ ਦਰਸਨ ਦੇਖਿ ਬਹੁਤ ਸੁਖੁ ਪਾਈਐ ॥ ੨੬ ॥ ੧੪੨ ॥

(ਗੁਰੂ ਜੀ ਨੇ) ਅਜਿਹੀ ਰਹਿਣੀ-ਬਹਿਣੀ ਦੀ ਰੀਤੀ ਦੱਸੀ। ਸੰਤਾਂ (ਗੁਰਸਿੱਖਾਂ) ਨੇ ਜਦੋਂ ਇਹ ਸੁਣੀ, ਤਾਂ ਉਨ੍ਹਾਂ ਦੇ ਮਨ ਨੂੰ ਬਹੁਤ ਚੰਗੀ ਲੱਗੀ। (ਹੁਕਮ ਹੋਇਆ ਕਿ) ਸਤਿਸੰਗਤ ਵਿੱਚ ਮਿਲ ਕੇ ਦਰਸ਼ਨਾਂ ਲਈ ਜਾਣਾ ਚਾਹੀਦਾ ਹੈ, ਕਿਉਂਕਿ ਦਰਸ਼ਨ ਕਰਕੇ ਬਹੁਤ ਸੁੱਖ ਮਿਲਦਾ ਹੈ॥ ੨੬ ॥ ੧੪੨ ॥

ਜਨਮ ਜਨਮ ਕਾ ਮਿਟੈ ਅੰਧੇਰਾ || ਐਸਾ ਦਰਸਨ ਸਤਿਗੁਰ ਕੇਰਾ || ਅਪਰਾਧੀ ਕੋਊ ਦਰਸਨ ਕਰੈ || ਏਕ ਦਿਸਟਿ ਮੈ ਵਹੁ ਭੀ ਤਰੈ || ੨੭ || ੧੪੩ ||

ਚੌਪਈ ॥
ਜਨਮ ਜਨਮ ਕਾ ਮਿਟੈ ਅੰਧੇਰਾ ॥ ਐਸਾ ਦਰਸਨ ਸਤਿਗੁਰ ਕੇਰਾ ॥
ਅਪਰਾਧੀ ਕੋਊ ਦਰਸਨ ਕਰੈ ॥ ਏਕ ਦਿਸਟਿ ਮੈ ਵਹੁ ਭੀ ਤਰੈ ॥ ੨੭ ॥ ੧੪੩ ॥

ਸਤਿਗੁਰੂ ਦਾ ਦਰਸ਼ਨ ਅਜਿਹਾ (ਪ੍ਰਭਾਵਸ਼ਾਲੀ) ਹੈ ਕਿ ਜਨਮਾਂ-ਜਨਮਾਂ ਦਾ (ਅਗਿਆਨਤਾ ਦਾ) ਹਨੇਰਾ ਮਿਟ ਜਾਂਦਾ ਹੈ। ਜੇ ਕੋਈ (ਵੱਡਾ) ਅਪਰਾਧੀ (ਵੀ) ਦਰਸ਼ਨ ਕਰ ਲਵੇ, ਤਾਂ (ਗੁਰੂ ਦੀ ਮਿਹਰ ਭਰੀ) ਇੱਕ ਨਜ਼ਰ ਨਾਲ ਉਹ ਵੀ ਤਰ ਜਾਂਦਾ ਹੈ॥ ੨੭ ॥ ੧੪੩ ॥

ਕਬਿਤੁ ॥
**ਕਿਯੋ ਹੈ ਪ੍ਰਕਾਸ ਲਾਸ ਚਮਕੀ ਚਹੂੰ ਓਰ ਤਹਾਂ**
ਜੋਤਿ ਲਜਾਵੰਤ ਭਯੋ ਸੂਰਜ ਅਰੁ ਚੰਦ ਹੈ ॥
**ਜਾ ਕੋ ਦਰਸਨ ਐਸੋ ਦੁਰਮਤਿ ਮਲ ਸਗਲ ਖੋਤ**
ਬਿਨਸਤਿ ਸਕਲ ਪਾਪ ਛੂਟਤਿ ਸਭਿ ਬੰਦ ਹੈ ॥
**ਖਾਲਸੇ ਮੈ ਸੁਫਲ ਸੇਵ ਕਰਤ ਹੈਂ ਸਕਲ ਦੇਵ**
ਐਸੋ ਜੁ ਬਤਾਯੋ ਭੇਵ ਉਪਜਤ ਅਨੰਦ ਹੈ ॥
**ਕਹੋ ਸਿਖੋ ਵਾਹਗੁਰੂ ਵਾਹਗੁਰੂ ਵਾਹਗੁਰੂ**
ਸਤਿਗੁਰੂ ਸਤਿਗੁਰੂ ਸਤਿਗੁਰੂ ਗੋਬਿੰਦ ਹੈ ॥ ੨੮ ॥ ੧੪੪ ॥

(ਗੁਰੂ ਸਾਹਿਬ ਨੇ ਅਜਿਹਾ) ਪ੍ਰਕਾਸ਼ ਕੀਤਾ ਹੈ ਕਿ ਚਾਰੇ ਪਾਸੇ ਉਸਦੀ ਰੌਸ਼ਨੀ ਚਮਕ ਰਹੀ ਹੈ, ਉਸ ਜੋਤ ਅੱਗੇ ਸੂਰਜ ਅਤੇ ਚੰਦ ਵੀ ਸ਼ਰਮਾ ਗਏ ਹਨ। ਜਿਸ (ਗੁਰੂ) ਦਾ ਦਰਸ਼ਨ ਅਜਿਹਾ ਹੈ ਕਿ ਉਹ ਸਾਰੀ ਖੋਟੀ ਮੱਤ ਦੀ ਮੈਲ ਧੋ ਦਿੰਦਾ ਹੈ, ਅਤੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਬੰਧਨ ਛੁੱਟ ਜਾਂਦੇ ਹਨ। ਸਾਰੇ ਦੇਵਤੇ ਵੀ ਖਾਲਸੇ ਦੀ ਸੇਵਾ ਕਰਕੇ (ਆਪਣਾ ਜੀਵਨ) ਸਫਲ ਕਰਦੇ ਹਨ - ਜਦੋਂ ਅਜਿਹਾ ਭੇਦ ਦੱਸਿਆ ਗਿਆ ਤਾਂ ਮਨ ਵਿੱਚ ਆਨੰਦ ਪੈਦਾ ਹੁੰਦਾ ਹੈ। ਹੇ ਸਿੱਖੋ! ਕਹੋ, "ਵਾਹਗੁਰੂ,

ਵਾਹਗੁਰੂ, ਵਾਹਗੁਰੂ," ਕਿਉਂਕਿ ਸਤਿਗੁਰੂ, ਸਤਿਗੁਰੂ, ਸਤਿਗੁਰੂ ਹੀ ਗੋਬਿੰਦ ਹੈ॥ ੨੮ ॥ ੧੪੪ ॥

ਦੋਹਰਾ ॥
ਦੈ ਦਰਸਨ ਕੀਨੇ ਬਿਦਾ ਮੰਤ੍ਰ ਦਿਯੋ ਪ੍ਰਭੁ ਏਕ ॥
ਕਹਤ ਖਾਲਸਾ ਖਾਲਸਾ ਐਸੋ ਕਰਤ ਬਿਬੇਕ ॥ ੨੯ ॥ ੧੪੫ ॥

ਦਰਸ਼ਨ ਦੇ ਕੇ (ਗੁਰੂ ਜੀ ਨੇ ਸੰਗਤਾਂ ਨੂੰ) ਵਿਦਾ ਕੀਤਾ ਅਤੇ ਇੱਕੋ (ਨਾਮ ਦਾ) ਮੰਤਰ ਪ੍ਰਭੂ (ਗੁਰੂ ਗੋਬਿੰਦ ਸਿੰਘ ਸਾਹਿਬ ਨੇ) ਦਿੱਤਾ। (ਗੁਰੂ ਜੀ ਦਾ) ਖ਼ਾਲਸਾ ( ਗੁਰੂ ਜੀ ਦੀ ਆਗਿਆ ਸਿਰ ਮੱਥੇ ਮੰਨ ਕੇ ਇਹ ਹੀ) ਕਹਿੰਦਾ ਹੈ ਕਿ ਖ਼ਾਲਸਾ ਇਹੀ ਬਿਬੇਕ (ਸਹੀ ਨਿਸ਼ਚਾ) ਕਰਦਾ ਹੈ, ਭਾਵ, ਗੁਰੂ ਜੀ ਦੇ ਵਚਨਾਂ ਨੂੰ ਹੀ ਸੱਚ ਮੰਨਦਾ ਹੈ॥ ੨੯ ॥ ੧੪੫ ॥

ਮੋਹਿ ਆਸਰਾ ਤਾਹਿ ਕੋ ਐਸੋ ਸਮਰਥ ਸੋਇ ॥
ਸਰਬ ਧਾਰਿ ਸਮਰਥ ਪ੍ਰਭੁ ਤਾ ਬਿਨ ਅਵਰੁ ਨ ਕੋਇ ॥ ੩੦ ॥ ੧੪੬ ॥

ਮੈਨੂੰ ਉਸੇ (ਪ੍ਰਭੂ) ਦਾ ਆਸਰਾ ਹੈ। (ਸਿਰਫ਼) ਉਹ (ਹੀ) ਅਜਿਹਾ ਸਮਰਥਾ ਵਾਲਾ ਹੈ। ਉਹ ਪ੍ਰਭੂ ਸਭ ਨੂੰ ਆਸਰਾ ਦੇਣ ਵਾਲਾ ਅਤੇ (ਸਭ ਕੰਮ ਕਰਨ ਲਈ) ਸਮਰਥ ਹੈ। ਉਸ ਤੋਂ ਬਿਨਾਂ ਹੋਰ ਕੋਈ (ਐਸੀ ਸਮਰਥਾ ਵਾਲਾ) ਨਹੀਂ ਹੈ॥ ੩੦ ॥ ੧੪੬ ॥

ਟਿੱਪਣੀ:- ਇਹ ਕਵੀ ਸੈਨਾਪਤੀ ਜੀ ਦੀ ਸ਼ਰਧਾ ਦਾ ਪ੍ਰਗਟਾਵਾ ਹੈ। ਉਹ ਆਪਣਾ ਅਟੁੱਟ ਵਿਸ਼ਵਾਸ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਮੇਰਾ ਸਹਾਰਾ ਸਿਰਫ਼ ਗੁਰੂ ਸਾਹਿਬ ਜੀ ਹਨ, ਜੋ ਸਾਰੀ ਸ੍ਰਿਸ਼ਟੀ ਦਾ ਆਧਾਰ ਅਤੇ ਮਾਲਕ ਹਨ।

ਕਬਿਤੁ ॥
**ਕਿਯੇ ਜਦਿ ਬਚਨਿ ਸਤਿਗੁਰੂ ਕਾਰਨ ਕਰਨ**
ਸਰਬ ਸੰਗਤਿ ਆਦਿ ਅੰਤ ਮੇਰਾ ਖਾਲਸਾ ॥
**ਮਾਨੇਗਾ ਹੁਕਮ ਸੋ ਤੋ ਹੋਵੈਗਾ ਸਿਖ ਸਹੀ**
ਨਾ ਮਾਨੇਗਾ ਹੁਕਮ ਸੋ ਤੋ ਹੋਵੈਗਾ ਬੇਹਾਲਸਾ ॥
**ਪਾਂਚ ਕੀ ਕੁਸੰਗਤਿ ਤਜਿ ਸੰਗਤਿ ਸੋ ਪ੍ਰੀਤਿ ਕਰੇ**

ਦਯਾ ਔਰ ਧਰਮ ਧਾਰਿ ਤਿਆਗੇ ਸਬ ਲਾਲਸਾ ॥
**ਹੁਕਾ ਨ ਪੀਵੈ ਸੀਸ ਦਾੜ੍ਹੀ ਨਾ ਮੁੰਡਾਵੈ**
ਸੋ ਤੋ ਵਾਹਗੁਰੂ ਵਾਹਗੁਰੂ ਵਾਹਗੁਰੂ ਜੀ ਕਾ ਖਾਲਸਾ ॥ ੩੧ ॥ ੧੪੭ ॥

ਜਦੋਂ ਸਭ ਕਾਰਨਾਂ ਦੇ ਕਰਨ ਵਾਲੇ ਸਤਿਗੁਰੂ ਨੇ ਬਚਨ ਕੀਤੇ,ਸ਼ੁਰੂ ਤੋਂ ਲੈ ਕੇ ਅੰਤ ਤੱਕ (ਭਾਵ ਸਾਰੀ ਸੰਗਤ) ਮੇਰਾ ਖਾਲਸਾ ਹੈ। ਜੋ ਹੁਕਮ ਮੰਨੇਗਾ, ਉਹ ਸਹੀ ਸਿੱਖ ਹੋਵੇਗਾ; ਜੋ ਹੁਕਮ ਨਹੀਂ ਮੰਨੇਗਾ, ਉਹ ਬੇਹਾਲ ਹੋਵੇਗਾ। ਜੋ ਪੰਜ (ਮੇਲਾਂ) ਦੀ ਬੁਰੀ ਸੰਗਤ ਤਿਆਗ ਕੇ (ਸਾਧ) ਸੰਗਤ ਨਾਲ ਪ੍ਰੀਤ ਕਰੇ। ਦਇਆ ਅਤੇ ਧਰਮ ਧਾਰਨ ਕਰਕੇ ਸਭ ਲਾਲਸਾਵਾਂ ਛੱਡ ਦੇਵੇ। ਜੋ ਹੁੱਕਾ ਨਹੀਂ ਪੀਂਦਾ ਅਤੇ ਸਿਰ ਤੇ ਦਾੜ੍ਹੀ ਨਹੀਂ ਮੁੰਡਾਉਂਦਾ, ਉਹੀ 'ਵਾਹਿਗੁਰੂ ਜੀ ਕਾ ਖਾਲਸਾ' ਹੈ।"॥ ੩੧ ॥ ੧੪੭ ॥

ਟਿੱਪਣੀ:- ਕਵੀ ਜੀ ਨੇ ਬੜੀ ਖ਼ੂਬਸੂਰਤੀ ਨਾਲ 'ਬੇਹਾਲਸਾ' ਸ਼ਬਦ 'ਖਾਲਸਾ' ਦੇ ਵਿਪਰੀਤ ਵਰਤਿਆ ਹੈ। ਇਸ ਨੂੰ ਇਸ ਤਰ੍ਹਾਂ ਪਦ-ਛੇਦ ਕਰਕੇ ਪੜ੍ਹਿਆ ਜਾਣਾ ਉੱਚਿਤ ਹੈ, 'ਬੇਹਾਲ - ਸਾ'।

ਪਉੜੀ ॥
ਕਰਨਹਾਰ ਕਰਤਾਰ ਹੁਕਮ ਕਰਤੇ ਕੀਆ ॥
ਕਰ ਮਸੰਦ ਸਭਿ ਦੂਰਿ ਖਾਲਸਾ ਕਰਿ ਲੀਆ ॥
ਮਾਨਹਿ ਸੇ ਪ੍ਰਵਾਨ ਸੁਫਲ ਤਿਨ ਕਾ ਜੀਆ ॥
ਉਨ ਤੋਰੀ ਜਮ ਕੀ ਫਾਸ ਨਾਮ ਅੰਮ੍ਰਿਤ ਪੀਆ ॥
ਜੀ, ਜੋ ਤੂ ਕਰਹਿ ਸੁ ਹੋਇ ਕੀਆ ਸੋਈ ਥੀਆ ॥ ੩੨ ॥ ੧੪੮ ॥

ਕਰਨਹਾਰ ਕਰਤਾਰ (ਗੁਰੂ ਸਾਹਿਬ) ਨੇ (ਆਪਣਾ) ਹੁਕਮ (ਲਾਗੂ) ਕੀਤਾ। ਉਸਨੇ ਸਾਰੇ ਮਸੰਦਾਂ ਨੂੰ ਦੂਰ ਕਰਕੇ (ਸੰਗਤ ਨੂੰ) ਆਪਣਾ ਖਾਲਸਾ ਕਰ ਲਿਆ। (ਜਿਹੜੇ ਇਸ ਹੁਕਮ ਨੂੰ) ਮੰਨਦੇ ਹਨ, ਉਹ (ਗੁਰੂ ਦੀ ਦਰਗਾਹ ਵਿੱਚ) ਪ੍ਰਵਾਨ ਹਨ ਅਤੇ (ਉਨ੍ਹਾਂ ਦਾ) ਜੀਵਨ ਸਫਲ ਹੈ। ਉਨ੍ਹਾਂ ਨੇ ਨਾਮ-ਅੰਮ੍ਰਿਤ ਪੀ ਕੇ ਜਮਾਂ ਦੀ ਫਾਹੀ ਨੂੰ ਤੋੜ ਦਿੱਤਾ ਹੈ। (ਹੇ ਪ੍ਰਭੂ) ਜੀ! ਜੋ ਤੂੰ ਕਰਦਾ ਹੈਂ, ਉਹੀ ਹੁੰਦਾ ਹੈ; (ਤੇਰਾ) ਕੀਤਾ (ਹੋਇਆ ਹੀ) ਸੰਸਾਰ ਵਿੱਚ ਵਰਤਦਾ ਹੈ॥ ੩੨ ॥ ੧੪੮ ॥

ਦੋਹਰਾ ॥

ਖਾਂਡੇ ਕੀ ਪਾਹੁਲ ਦਈ ਕਰਨਹਾਰ ਪ੍ਰਭੁ ਸੋਇ ॥
ਕਿਯੋ ਦਸੋ ਦਿਸ ਖਾਲਸਾ ਤਾ ਬਿਨ ਅਵਰੁ ਨ ਕੋਇ ॥ ੩੩ ॥ ੧੪੯ ॥

ਉਸ ਕਰਨਹਾਰ ਪ੍ਰਭੂ (ਗੁਰੂ) ਨੇ ਖੰਡੇ ਦੀ ਪਾਹੁਲ ਦਿੱਤੀ। ਉਸਨੇ ਦਸਾਂ ਦਿਸ਼ਾਵਾਂ ਵਿੱਚ ਖਾਲਸੇ (ਦਾ ਬੋਲਬਾਲਾ) ਕਰ ਦਿੱਤਾ। ਉਸ ਤੋਂ ਬਿਨਾਂ (ਅਜਿਹਾ ਕਰਨ ਵਾਲਾ) ਹੋਰ ਕੋਈ ਨਹੀਂ ਹੈ॥ ੩੩ ॥ ੧੪੯ ॥

ਟਿੱਪਣੀ:- ਕਵੀ ਜੀ ਨੇ ਆਪਣੇ ਗ੍ਰੰਥ ਵਿੱਚ ਕਿਤੇ ਵੀ ਖਾਲਸਾ ਸਾਜਣ ਦੀ ਘਟਨਾ ਬਾਰੇ ਵਿਸਥਾਰ ਨਹੀਂ ਦਿੱਤਾ। ਪਰ ਇਸ ਦੋਹਰੇ ਅਤੇ ਇਸ ਤੋਂ ਅਗਲੀ ਪਉੜੀ ਵਿੱਚ 'ਖਾਂਡੇ ਕੀ ਪਾਹੁਲ' ਲਿਖ ਕੇ ਇਹ ਇਸ਼ਾਰਾ ਦੇ ਦਿੱਤਾ ਕਿ ਖਾਲਸਾ ਸਾਜਣ ਵੇਲੇ ਗੁਰੂ ਜੀ ਨੇ ਜੋ ਪਾਹੁਲ ਦਿੱਤੀ ਸੀ, ਉਹ ਖੰਡੇ ਨਾਲ ਤਿਆਰ ਕੀਤੀ ਗਈ ਸੀ।

ਪਉੜੀ ॥
ਦੇਹ ਖਾਂਡੇ ਕੀ ਪਾਹੁਲ ਤੇਜ ਬਢਾਇਆ ॥
ਜੋਰਾਵਰ ਕਰਿ ਸਿੰਘ ਹੁਕਮ ਵਰਤਾਇਆ ॥
ਜਿਹ ਮਸਤਕਿ ਸੰਜੋਗ ਤਿਨੀ ਕਮਾਇਆ ॥
ਇਕ ਭੂਲੇ ਭਰਮ ਗਵਾਰ ਮਰਮ ਨ ਪਾਇਆ ॥
ਜੀ, ਉਨ ਕੇ ਕਛੂ ਨ ਹਾਥ ਧੁਰੋਂ ਫੁਰਮਾਇਆ ॥ ੩੪ ॥ ੧੫੦ ॥

ਖੰਡੇ ਦੀ ਪਾਹੁਲ ਦੇ ਕੇ (ਗੁਰੂ ਜੀ ਨੇ ਸਿੱਖਾਂ ਦਾ) ਤੇਜ-(ਪ੍ਰਤਾਪ) ਵਧਾ ਦਿੱਤਾ। ਉਨ੍ਹਾਂ ਨੂੰ ਜ਼ੋਰ ਵਾਲਾ 'ਸਿੰਘ' ਬਣਾ ਕੇ ਆਪਣਾ ਹੁਕਮ ਵਰਤਾਇਆ। ਜਿਨ੍ਹਾਂ ਦੇ ਮੱਥੇ 'ਤੇ (ਧੁਰੋਂ ਹੀ ਗੁਰੂ ਨਾਲ) ਮੇਲ ਹੋਣ ਦਾ (ਚੰਗਾ ਲੇਖ) ਸੀ, ਉਨ੍ਹਾਂ ਨੇ ਹੀ (ਇਸ ਹੁਕਮ ਦੀ) ਕਮਾਈ ਕੀਤੀ। ਕਈ ਮੂਰਖ ਭਰਮਾਂ ਵਿੱਚ ਭੁੱਲੇ ਰਹੇ ਅਤੇ ਇਸ ਭੇਦ ਨੂੰ ਨਾ ਪਾ ਸਕੇ। (ਹੇ ਪ੍ਰਭੂ) ਜੀ! ਉਨ੍ਹਾਂ ਦੇ ਹੱਥ ਵਿੱਚ ਕੁਝ ਨਹੀਂ, ਇਹ ਧੁਰ ਦਰਗਾਹੋਂ ਹੀ ਫੁਰਮਾਨ ਹੋਇਆ ਹੈ॥ ੩੪ ॥ ੧੫੦ ॥

ਦੋਹਰਾ ॥
ਦੂਤਨ ਕੋ ਸੰਗਿ ਸਾਥਿ ਤਜਿ ਦੁਰਮਤਿ ਦੇਹੁ ਜਲਾਇ ॥
ਹੁਕਮ ਤੇਰਾ ਸਬ ਸਤਿ ਹੈ ਮਾਨਹਿ ਨਰਕ ਨ ਜਾਇ ॥ ੩੫ ॥ ੧੫੧ ॥

(ਹੇ ਗੁਰਸਿੱਖੋ!) ਦੂਤਾਂ (ਕਾਮ, ਕ੍ਰੋਧ ਵਰਗੇ ਵਿਕਾਰਾਂ) ਦਾ ਸਾਥ ਛੱਡ ਕੇ (ਆਪਣੀ) ਖੋਟੀ ਮੱਤ ਨੂੰ ਸਾੜ੍ਹ ਦਿਉ। (ਹੇ ਪ੍ਰਭੂ!) ਤੇਰਾ ਹੁਕਮ ਸਦਾ ਸੱਚ ਹੈ। ਜੋ (ਵੀ ਸਿੱਖ) ਇਸ (ਹੁਕਮ) ਨੂੰ ਮੰਨਦਾ ਹੈ, ਉਹ ਨਰਕਾਂ ਵਿੱਚ ਨਹੀਂ ਜਾਂਦਾ॥ ੩੫ ॥ ੧੫੧ ॥

ਪਉੜੀ ॥
ਸਿਰ ਗੁੰਮਨ ਕੇ ਮਰਨੇ ਪਰਨੇ ਨਾਹੀਂ ਜਾਈਐ ॥
ਪਾਂਚਨ ਕੇ ਸੰਗਿ ਸਾਥ ਨੇਹੁ ਨਹੀਂ ਲਾਈਐ ॥
ਤਜਿ ਪ੍ਰਪੰਚ ਬਿਕਾਰ ਦੁਰਤ ਜਲਾਈਐ ॥
ਸਤਸੰਗਤਿ ਪ੍ਰਤਾਪ ਨਰਕਿ ਨ ਜਾਈਐ ॥
ਜੀ, ਹੁਕਮ ਤੇਰਾ ਸਬ ਸਚੁ, ਸਚੁ ਸੁਖ ਦਾਈਐ ॥ ੩੬ ॥ ੧੫੨ ॥

ਸਿਰ-ਗੁੰਮਾਂ ਦੇ ਮਰਨ-ਪਰਨ (ਖੁਸ਼ੀ-ਗਮੀ) ਦੇ ਮੌਕਿਆਂ 'ਤੇ ਨਹੀਂ ਜਾਣਾ ਚਾਹੀਦਾ। ਉਨ੍ਹਾਂ ਪੰਜਾਂ (ਮੇਲਾਂ) ਨਾਲ ਪ੍ਰੇਮ-ਸਬੰਧ ਨਹੀਂ ਰੱਖਣਾ ਚਾਹੀਦਾ। ਦੁਨਿਆਵੀ ਪ੍ਰਪੰਚ ਅਤੇ ਵਿਕਾਰਾਂ ਨੂੰ ਤਿਆਗ ਕੇ ਪਾਪਾਂ ਨੂੰ ਸਾੜ ਦੇਣਾ ਚਾਹੀਦਾ ਹੈ। ਸਤਿਸੰਗਤ ਦੀ ਬਰਕਤ ਨਾਲ ਮਨੁੱਖ ਨਰਕ ਵਿੱਚ ਨਹੀਂ ਜਾਂਦਾ। (ਹੇ ਪ੍ਰਭੂ) ਜੀ! ਤੇਰਾ ਹੁਕਮ ਸਭ ਸੱਚ ਹੈ, ਅਤੇ ਸੱਚ ਹੀ ਸੁੱਖ ਦੇਣ ਵਾਲਾ ਹੈ॥ ੩੬ ॥ ੧੫੨ ॥

ਦੋਹਰਾ ॥
ਹੁਕਮ ਤੇਰਾ ਸਬ ਸਚੁ ਹੈ ਸ੍ਵਾਮੀ ਸਿਰਜਨਹਾਰ ॥
ਕੇਤੇ ਭ੍ਰਮਿ ਭ੍ਰਮਿ ਪਚਿ ਮੁਏ ਨਹਿ ਪਾਵਤ ਬੀਚਾਰ ॥ ੩੭ ॥ ੧੫੩ ॥

ਹੇ (ਸਭ ਸੰਸਾਰ ਦੀ) ਸਿਰਜਣਾ ਕਰਨ ਵਾਲੇ ਸੁਆਮੀ! ਤੇਰਾ ਸਾਰਾ ਹੁਕਮ ਸੱਚ ਹੈ। ਕਈ ਲੋਕ ਭਰਮਾਂ ਵਿੱਚ ਭਟਕ-ਭਟਕ ਕੇ ਖੁਆਰ ਹੋ ਮਰਦੇ ਹਨ ਅਤੇ (ਸੱਚ ਦੀ) ਵਿਚਾਰ ਨੂੰ ਪ੍ਰਾਪਤ ਨਹੀਂ ਕਰਦੇ॥ ੩੭ ॥ ੧੫੩ ॥

ਪਉੜੀ ॥
ਬਚਨ ਕੀਉ ਕਰਤਾਰ ਖੁਰ ਨਹੀ ਲਾਈਐ ॥
ਮਨ ਅੰਤਰ ਕਰਿ ਪ੍ਰੀਤਿ ਬਚਨ ਕਮਾਈਐ ॥
ਮਾਤ ਪਿਤਾ ਮਰਿ ਜਾਇ ਨਾ ਭਦਰ ਕਰਾਈਐ ॥

ਕੇਤੇ ਮਾਨਹਿ ਨਾਹਿ ਧੂਮ ਉਠਾਈਐ ॥
ਜੀ, ਹੁਕਮੁ ਤੇਰਾ ਸਭ ਸਚੁ, ਸਚੁ ਮਨਾਈਐ ॥ ੩੮ ॥ ੧੫੪ ॥

(ਸਤਿਗੁਰੂ) ਕਰਤਾਰ ਨੇ ਹੁਕਮ ਕੀਤਾ ਕਿ (ਸਿਰ 'ਤੇ) ਉਸਤਰਾ ਨਹੀਂ ਲਗਾਉਣਾ। ਮਨ ਵਿੱਚ ਪ੍ਰੀਤ ਧਾਰ ਕੇ ਇਸ ਬਚਨ ਦੀ ਕਮਾਈ ਕਰਨੀ ਚਾਹੀਦੀ ਹੈ। ਜੇਕਰ ਮਾਤਾ-ਪਿਤਾ ਦੀ ਮੌਤ ਹੋ ਜਾਏ, (ਤਾਂ ਵੀ) ਭੱਦਰ (ਭਾਵ, ਮੁੰਡਨ) ਨਹੀਂ ਕਰਵਾਉਣਾ। ਕਈ (ਮਨਮੁੱਖ ਗੁਰੂ ਜੀ ਦੇ ਇਸ) ਹੁਕਮ ਨੂੰ ਨਹੀਂ ਮੰਨਦੇ ਅਤੇ (ਵਿਅਰਥ ਦੇ) ਰੌਲੇ-ਰੱਪੇ ਪਾਉਂਦੇ ਹਨ। (ਹੇ ਪ੍ਰਭੂ) ਜੀ! ਤੇਰਾ ਹੁਕਮ ਸਭ ਸੱਚ ਹੈ, ਅਤੇ ਸਾਨੂੰ ਸੱਚ ਨੂੰ ਹੀ ਮੰਨਣਾ ਚਾਹੀਦਾ ਹੈ।

ਦੋਹਰਾ ॥
ਸਤਿਗੁਰੁ ਕੋ ਉਪਦੇਸ ਸੁਨਿ ਰਿਦੇ ਪ੍ਰੀਤਿ ਕਰਿ ਲੇਹੁ ॥
ਭੇਟ ਕਾਰ ਗੁਰਦੇਵ ਕੀ ਅਵਰ ਹਾਥ ਨਹੀਂ ਦੇਹ ॥ ੩੯ ॥ ੧੫੫ ॥

ਸਤਿਗੁਰੂ ਦਾ ਉਪਦੇਸ਼ ਸੁਣ ਕੇ (ਉਸਨੂੰ ਆਪਣੇ) ਹਿਰਦੇ ਵਿੱਚ ਪ੍ਰੀਤ (ਨਾਲ) ਧਾਰਨ ਕਰ ਲਵੋ (ਭਾਵ, ਉਸ ਉਪਦੇਸ਼ ਨੂੰ ਪਿਆਰ ਨਾਲ ਮੰਨ ਲਵੋ। ਗੁਰਦੇਵ ਦੇ (ਨਮਿੱਤ ਰੱਖੀ ਆਪਣੀ ਭੇਟਾ) ਕਿਸੇ ਹੋਰ ਦੇ ਹੱਥ ਵਿੱਚ ਨਾ ਦਿਉ॥ ੩੯ ॥ ੧੫੫ ॥

ਇਹ ਬਚਨ ਫਿਰ ਤੋਂ ਸਿੱਖਾਂ ਨੂੰ ਮਸੰਦਾਂ ਤੋਂ ਸੁਚੇਤ ਕਰਦਾ ਹੈ ਕਿ ਗੁਰੂ-ਘਰ ਦੀ ਮਾਇਆ ਸਿੱਧੀ ਗੁਰੂ-ਦਰ 'ਤੇ ਪਹੁੰਚਣੀ ਚਾਹੀਦੀ ਹੈ, ਕਿਸੇ ਵਿਚੋਲੇ ਰਾਹੀਂ ਨਹੀਂ।

ਪਉੜੀ ॥
ਕਰਨਿਹਾਰ ਕੀ ਭੇਟ ਕਿਸੈ ਨਹਿ ਦੀਜੀਏ ॥
ਸਤਿਗੁਰੁ ਕੋ ਉਪਦੇਸ ਸਤਿ ਕਰਿ ਲੀਜੀਏ ॥
ਸਤਿਸੰਗਤਿ ਮੈ ਬੈਠਿ ਹਰਿ ਗੁਨ ਗਾਈਏ ॥
ਪੂਰਨ ਹੋਵੈ ਭਾਗ ਤਬ ਹੀ ਪਾਈਏ॥
ਜੀ, ਖਾਲਸੇ ਕੀ ਅਰਦਾਸ ਨਾਮ ਜਪਾਈਏ ॥ ੪੦ ॥ ੧੫੬ ॥

ਕਰਨਹਾਰ (ਪ੍ਰਭੂ) ਦੀ ਭੇਟਾ ਕਿਸੇ ਹੋਰ ਨੂੰ ਨਹੀਂ ਦੇਣੀ ਚਾਹੀਦੀ। ਸਤਿਗੁਰੂ ਦੇ ਉਪਦੇਸ਼ ਨੂੰ ਸੱਚ ਕਰਕੇ ਮੰਨ ਲੈਣਾ ਚਾਹੀਦਾ ਹੈ। ਸਤਿਸੰਗਤ ਵਿੱਚ ਬੈਠ ਕੇ ਹਰੀ ਦੇ ਗੁਣ ਗਾਉਣੇ ਚਾਹੀਦੇ ਹਨ। ਜਦੋਂ ਭਾਗ ਪੂਰੇ ਹੋਣ, ਤਦ ਹੀ ਇਹ (ਸਤਿਸੰਗਤ) ਪ੍ਰਾਪਤ ਹੁੰਦੀ ਹੈ। (ਹੇ ਪ੍ਰਭੂ) ਜੀ! ਖਾਲਸੇ ਦੀ (ਇਹ ਹੀ) ਅਰਦਾਸ ਹੈ ਕਿ (ਸਾਨੂੰ ਆਪਣੇ) ਨਾਮ ਦਾ ਜਾਪ ਕਰਵਾਓ॥ ੪੦ ॥ ੧੫੬ ॥

ਦੋਹਰਾ ॥
ਏਕ ਸਿੱਖ ਸਨਮੁਖ ਕੀਏ ਏਕ ਨ ਮਾਨਹਿ ਸੋਇ ॥
ਜੋ ਨਰ ਸਿਮਰੈ ਪ੍ਰੀਤਿ ਕਰਿ ਤਾ ਸਮਾਨ ਨਹੀਂ ਕੋਇ ॥ ੪੧ ॥ ੧੫੭ ॥

ਕੁਝ ਸਿੱਖਾਂ ਨੂੰ (ਗੁਰੂ ਨੇ) ਆਪਣੇ ਸਨਮੁੱਖ ਕਰ ਲਿਆ (ਭਾਵ ਉਹ ਗੁਰਮੁਖ ਬਣ ਗਏ), ਪਰ ਕੁਝ ਅਜਿਹੇ ਵੀ ਸਨ, ਜੋ ਹੁਕਮ ਨਹੀਂ ਮੰਨਦੇ। ਜਿਹੜਾ ਮਨੁੱਖ ਪ੍ਰੀਤ ਨਾਲ (ਨਾਮ) ਸਿਮਰਦਾ ਹੈ, ਉਸ ਦੇ ਬਰਾਬਰ ਹੋਰ ਕੋਈ ਨਹੀਂ ਹੈ॥ ੪੧ ॥ ੧੫੭ ॥

ਪਉੜੀ ॥
ਹੁਕਮੁ ਤੇਰਾ ਸਭ ਸਚੁ, ਸਚੁ ਬਨਵਾਰੀਆ ॥
ਇਕ ਧੜੀਏ ਇਕ ਖਾਲਸਾ ਆਪੇ ਧਾਰੀਆ ॥
ਇਕ ਮਾਨਹਿ ਇਕਿ ਮੰਨਹਿ ਨਹੀ ਗਵਾਰੀਆ ॥
ਉਇ ਬਧੇ ਜਮ ਦ੍ਵਾਰ ਕਰਹਿ ਪੁਕਾਰੀਆ ॥
ਜੀ, ਜੋ ਤੂ ਕਰਹਿ ਸੁ ਹੋਇ ਸਚੁ ਸਿਰਜਨਹਾਰੀਆ ॥ ੪੨ ॥ ੧੫੮ ॥

ਹੇ ਸੱਚੇ ਬਨਵਾਰੀ (ਪ੍ਰਭੂ)! ਤੇਰਾ ਹੁਕਮ ਸਦਾ ਸੱਚ ਹੈ। (ਇਹ ਤੇਰਾ ਹੀ ਹੁਕਮ ਹੈ ਕਿ) ਕੋਈ ਜਣੇ ਧਾੜਵੀ ਹਨ ਤੇ ਅਤੇ ਕੋਈ ਖਾਲਸਾ (ਸੱਜ ਗਏ) ਹਨ, ਤੂੰ ਇਹ ਆਪ ਹੀ ਸਭ ਧਾਰਿਆ ਹੋਇਆ ਹੈ। ਕੁਝ ਤੇਰਾ ਹੁਕਮ ਮੰਨਦੇ ਹਨ ਅਤੇ ਕੁਝ ਮੂਰਖ ਨਹੀਂ ਮੰਨਦੇ। ਉਹ (ਨਾ ਮੰਨਣ ਵਾਲੇ) ਜਮ ਦੇ ਦਰ 'ਤੇ ਬੱਝੇ ਹੋਏ ਪੁਕਾਰਾਂ ਕਰਦੇ ਹਨ। ਜੀ, ਹੇ ਸੱਚੇ ਸਿਰਜਣਹਾਰ! ਜੋ ਤੂੰ ਕਰਦਾ ਹੈਂ, ਉਹੀ ਹੁੰਦਾ ਹੈ॥ ੪੨ ॥ ੧੫੮ ॥

ਦੋਹਰਾ ॥
ਉਇ ਦੁਨਿਯਾ ਰੰਗਿ ਰਚਿ ਰਹੇ ਜਗ ਸੋ ਅਤਿ ਡਰ ਪਾਇ ॥

ਜੋ ਜਗ ਕਹਯੋ ਸੋ ਉਨ ਕਿਯੋ ਗੁਰੁ ਕੇ ਬਚਨ ਭੁਲਾਏ ॥ ੪੩ ॥ ੧੫੯ ॥

ਉਹ (ਮਨਮੁਖ) ਦੁਨੀਆਂ ਦੇ ਰੰਗ-ਤਮਾਸ਼ਿਆਂ ਵਿੱਚ ਮਸਤ ਰਹਿੰਦੇ ਹਨ ਅਤੇ ਜਗਤ (ਦੀ ਲਾਜ) ਤੋਂ ਬਹੁਤ ਡਰਦੇ ਹਨ। ਜੋ ਕੁਝ ਜਗਤ ਨੇ ਕਿਹਾ, ਉਨ੍ਹਾਂ ਨੇ ਉਹੀ ਕੀਤਾ ਅਤੇ ਗੁਰੂ ਦੇ ਬਚਨਾਂ ਨੂੰ ਭੁਲਾ ਦਿੱਤਾ॥ ੪੩ ॥ ੧੫੯ ॥

ਪਉੜੀ ॥
ਜੋ ਭੂਲੇ ਗੁਰਦੁਆਰ ਥਾਉ ਨ ਪਾਇਆ ॥
ਮਾਯਾ ਮੋਹ ਬਿਕਾਰ ਮੂੜ੍ਹ ਲਪਟਾਇਆ ॥
ਕਰਿ ਬਿਖਿਯਨ ਸੋ ਪ੍ਰੀਤਿ ਜਨਮ ਗਵਾਇਆ ॥
ਹੈ ਦੁਨੀਆ ਖਿਨ ਏਕ ਬ੍ਰਿਖ ਕੀ ਛਾਇਆ ॥
ਜੀ, ਮੂਰਖ ਮਨਿ ਅਗਜਾਨ ਨਜਰਿ ਨ ਆਇਆ ॥ ੪੪ ॥ ੧੬੦ ॥

ਜੋ ਗੁਰੂ ਦੇ ਦਰ ਤੋਂ ਭੁੱਲ ਗਏ, ਉਨ੍ਹਾਂ ਨੂੰ ਕਿਤੇ ਵੀ ਢੋਈ ਨਹੀਂ ਮਿਲੀ। ਉਹ ਮੂਰਖ ਮਾਇਆ, ਮੋਹ ਅਤੇ ਵਿਕਾਰਾਂ ਨਾਲ ਲਿਪਟੇ ਰਹੇ। ਵਿਸ਼ੇ-ਵਿਕਾਰਾਂ ਨਾਲ ਪ੍ਰੀਤ ਕਰਕੇ ਉਨ੍ਹਾਂ ਆਪਣਾ ਜਨਮ ਗੁਆ ਲਿਆ। ਇਹ ਦੁਨੀਆਂ ਤਾਂ ਇੱਕ ਰੁੱਖ ਦੀ ਛਾਂ ਵਾਂਗ ਪਲ ਭਰ ਲਈ ਹੈ। (ਹੇ ਪ੍ਰਭੂ) ਜੀ! ਅਗਿਆਨੀ ਮੂਰਖ ਦੇ ਮਨ ਨੂੰ ਇਹ ਸੱਚਾਈ ਨਜ਼ਰ ਨਹੀਂ ਆਈ॥ ੪੪ ॥ ੧੬੦ ॥

ਜਿਹ ਜਨ ਉਪਜਤ ਨਾਮ ਧੁਨਿ ਤਿਹ ਜਨ ਨਿਰਮਲ ਰੀਤਿ ॥
ਭਜਿ ਗੋਬਿੰਦ ਭਏ ਖਾਲਸਾ ਜਿਨ ਅੰਤਰਿ ਪਰਤੀਤ ॥ ੪੫ ॥ ੧੬੧ ॥

ਜਿਸ ਮਨੁੱਖ (ਦੇ ਅੰਦਰ) ਨਾਮ ਦੀ ਧੁਨੀ ਪੈਦਾ ਹੋ ਜਾਂਦੀ ਹੈ, ਉਸਦੀ (ਜੀਵਨ ਜਿਊਣ ਦੀ) ਰੀਤੀ ਨਿਰਮਲ (ਪਵਿੱਤਰ) ਹੋ ਜਾਂਦੀ ਹੈ। ਜਿਨ੍ਹਾਂ ਦੇ ਹਿਰਦੇ ਵਿੱਚ ਵਿਸ਼ਵਾਸ ਸੀ, ਉਹ ਗੋਬਿੰਦ ਦਾ ਨਾਮ ਜਪ ਕੇ ਖਾਲਸਾ ਬਣ ਗਏ॥ ੪੫ ॥ ੧੬੧ ॥

ਪਉੜੀ ॥
ਪਾਰਬ੍ਰਹਮ ਪਰਮੇਸਰ ਗੁਰੁ ਗੋਬਿੰਦ ਹੈ ॥
ਸਰਬ ਘਟਾ ਪ੍ਰਤਿਪਾਲ ਕਰਤ ਆਨੰਦ ਹੈ ॥
ਸਿਮਰਤ ਨਾਮ ਪੁਨੀਤ ਟੂਟਤ ਫੰਦ ਹੈ ॥

ਭਏ ਖਾਲਸਾ ਸੋਇ ਛੋੜਿ ਮਸੰਦ ਹੈ ॥
ਜੀ, ਪ੍ਰਗਟ ਭਏ ਚਹੁੰ ਓਰ ਸੂਰਜੋ ਚੰਦ ਹੈ ॥ ੪੬ ॥ ੧੬੨ ॥

ਗੁਰੂ ਗੋਬਿੰਦ ਸਿੰਘ ਜੀ ਪਾਰਬ੍ਰਹਮ ਪਰਮੇਸ਼ਰ ਦਾ ਹੀ ਰੂਪ ਹਨ। ਉਹ ਸਾਰੇ ਸਰੀਰਾਂ ਦੀ ਪਾਲਣਾ ਕਰਦੇ ਹਨ ਅਤੇ ਆਨੰਦ (ਸਰੂਪ) ਹਨ। ਉਨ੍ਹਾਂ ਦੇ ਪਵਿੱਤਰ (ਨਾਮ ਦਾ) ਸਿਮਰਨ ਕਰਨ ਨਾਲ (ਮਾਇਆ ਦਾ) ਫੰਦਾ ਟੁੱਟ ਜਾਂਦਾ ਹੈ। ਜਿਨ੍ਹਾਂ ਨੇ ਮਸੰਦਾਂ ਨੂੰ ਛੱਡ ਦਿੱਤਾ, ਉਹੀ ਖਾਲਸਾ ਹੋ ਗਏ। ਜੀ! ਸੂਰਜ ਅਤੇ ਚੰਦ ਵਾਂਗ ਉਹ ਚਾਰੇ ਪਾਸੇ ਪ੍ਰਗਟ ਹੋ ਗਏ (ਭਾਵ ਉਨ੍ਹਾਂ ਦਾ ਜਸ ਫੈਲ ਗਿਆ)॥ ੪੬ ॥ ੧੬੨ ॥

ਦੋਹਰਾ ॥
ਏਕ ਪ੍ਰਗਟ ਖਾਲਸ ਭਏ ਏਕਨ ਕੀ ਯਹ ਰੀਤਿ ॥
ਅੰਧ ਕੂਪ ਮਹਿ ਪਚਿ ਰਹੇ ਨਾਹਿ ਤਾਹਿ ਸੋ ਪ੍ਰੀਤਿ ॥ ੪੭ ॥ ੧੬੩ ॥

ਕੁਝ ਤਾਂ ਖਾਲਸਾ ਸਜ ਕੇ ਪ੍ਰਗਟ ਹੋ ਗਏ, ਪਰ ਕਈਆਂ ਦੀ ਇਹ ਰੀਤ ਸੀ (ਕਿ ਉਹ ਅਗਿਆਨਤਾ ਦੇ) ਅੰਨ੍ਹੇ ਖੂਹ ਵਿੱਚ ਸੜ੍ਹਦੇ ਰਹੇ, ਕਿਉਂਕਿ ਉਨ੍ਹਾਂ ਦੇ ਮਨ ਵਿੱਚ ਉਸ (ਗੁਰੂ) ਦਾ ਪ੍ਰੇਮ ਨਹੀਂ ਸੀ॥ ੪੭ ॥ ੧੬੩ ॥

ਪਉੜੀ ॥
ਅੰਧ ਕੂਪ ਮਹਿ ਮੂੜ੍ਹ ਗਿਆਨ ਨ ਪਾਇਓ ॥
ਸੰਤ ਜਨਾ ਸੋ ਨੇਹੁ ਨੈਕ ਨਹੀ ਲਾਇਓ ॥
ਮਾਯਾ ਮੋਹ ਬਿਕਾਰ ਤਾਹਿ ਲਪਟਾਇਓ ॥
ਮਨ ਅੰਤਰਿ ਕਰਿ ਪ੍ਰੀਤਿ ਨਾਮ ਨ ਗਾਇਓ ॥
ਜੀ, ਜੋ ਕਛੁ ਭਈ ਰਜਾਇ ਤਿਤੇ ਵਲਿ ਲਾਇਓ ॥ ੪੮ ॥ ੧੬੪ ॥

(ਅਗਿਆਨਤਾ ਦੇ) ਅੰਨ੍ਹੇ ਖੂਹ ਵਿੱਚ ਪਏ ਹੋਏ ਮੂਰਖ ਨੇ ਗਿਆਨ ਪ੍ਰਾਪਤ ਨਹੀਂ ਕੀਤਾ। ਉਸਨੇ ਸੰਤ ਜਨਾਂ ਨਾਲ ਰਤਾ ਜਿੰਨਾ ਵੀ ਪ੍ਰੇਮ ਨਾ ਕੀਤਾ। ਉਹ ਮਾਇਆ, ਮੋਹ, ਅਤੇ ਵਿਕਾਰਾਂ ਨਾਲ ਹੀ ਲਿਪਟਿਆ ਰਿਹਾ। ਉਸਨੇ ਮਨ ਵਿੱਚ ਪ੍ਰੀਤ ਧਾਰ ਕੇ ਕਦੇ ਨਾਮ ਨਹੀਂ ਗਾਇਆ। ਜੀ! ਜਿਹੋ ਜਿਹੀ ਪਰਮਾਤਮਾ ਦੀ ਰਜ਼ਾ ਹੋਈ, ਉਸਨੂੰ ਉਸੇ ਪਾਸੇ ਲਗਾ ਦਿੱਤਾ ਗਿਆ॥ ੪੮ ॥ ੧੬੪ ॥

ਦੋਹਰਾ ॥
ਜਿਨ ਕੇ ਮਨ ਮੈ ਭਾਵ ਨਹਿ ਰਚੈ ਪ੍ਰਪੰਚ ਬਿਕਾਰ ॥
ਸੰਤ ਸਭਾ ਮਿਲਤੇ ਨਹੀ ਕਹਾ ਜਾਨਹਿ ਬੀਚਾਰ ॥ ੪੯ ॥ ੧੬੫ ॥

ਜਿਨ੍ਹਾਂ ਦੇ ਮਨ ਵਿੱਚ (ਗੁਰੂ ਪ੍ਰਤੀ) ਪਿਆਰ ਨਹੀਂ ਹੈ, ਉਹ ਦੁਨਿਆਵੀ ਛਲ-ਕਪਟ ਅਤੇ ਵਿਕਾਰਾਂ ਵਿੱਚ ਰੁੱਝੇ ਰਹਿੰਦੇ ਹਨ। ਉਹ ਸੰਤਾਂ ਦੀ ਸਭਾ ਵਿੱਚ ਮਿਲਦੇ ਹੀ ਨਹੀਂ, ਤਾਂ ਫਿਰ ਉਹ (ਗਿਆਨ ਦੀ) ਵਿਚਾਰ ਨੂੰ ਕੀ ਜਾਨਣਗੇ?(ਭਾਵ, ਉਹ ਗਿਆਨ ਦੀ ਵਿਚਾਰ ਨਹੀਂ ਜਾਣਦੇ)॥ ੪੯ ॥ ੧੬੫ ॥

ਪਉੜੀ ॥
ਹਰਿ ਕੋ ਨਾਮ ਬਿਸਾਰਿ ਪਰੇ ਮਝਿ ਧਾਰਿਆ ॥
ਮਨ ਅੰਤਰਿ ਕਰਿ ਪ੍ਰੀਤਿ ਨ ਨਾਮੁ ਚਿਤਾਰਿਆ ॥
ਭੂਲੇ ਜਗ ਕੀ ਕਾਣਿ ਜਨਮ ਸਬ ਹਾਰਿਆ ॥
ਜਿਨ ਜਪਿਆ ਕਰਤਾਰ ਤਿਨਹਿ ਉਧਾਰਿਆ ॥
ਜੀ, ਖਾਲਸਾ ਸਰਨ ਦੁਆਰ ਕਰੋ ਨਿਸਤਾਰਿਆ ॥ ੫੦ ॥ ੧੬੬ ॥

ਹਰੀ ਦਾ ਨਾਮ ਭੁਲਾ ਕੇ ਉਹ (ਸੰਸਾਰ-ਸਮੁੰਦਰ ਦੀ) ਧਾਰਾ ਵਿੱਚ ਫਸ ਗਏ। ਉਨ੍ਹਾਂ ਨੇ ਮਨ ਵਿੱਚ ਪ੍ਰੀਤ ਰੱਖ ਕੇ ਨਾਮ ਨੂੰ ਯਾਦ ਨਾ ਕੀਤਾ। ਜਗਤ ਦੀ ਕਾਣ (ਮਰਿਯਾਦਾ ਦੇ ਡਰ) ਵਿੱਚ ਭੁੱਲ ਕੇ ਉਨ੍ਹਾਂ ਆਪਣਾ ਸਾਰਾ ਜਨਮ ਹਾਰ ਦਿੱਤਾ। ਜਿਨ੍ਹਾਂ ਨੇ ਕਰਤਾਰ ਨੂੰ ਜਪਿਆ, ਉਸਨੇ ਉਨ੍ਹਾਂ ਦਾ ਉਧਾਰ ਕਰ ਦਿੱਤਾ। ਜੀ! ਖਾਲਸਾ ਤੁਹਾਡੇ ਦੁਆਰ 'ਤੇ ਸ਼ਰਨ ਆ ਗਿਆ ਹੈ, ਇਸਦਾ ਪਾਰ-ਉਤਾਰਾ ਕਰੋ॥ ੫੦ ॥ ੧੬੬ ॥

ਦੋਹਰਾ ॥
ਜੋ ਕਰਤਾ ਸਬ ਸ੍ਰਿਸਟਿ ਕੋ ਤਾਹਿ ਸਦਾ ਮਨਿ ਜਾਪ ॥
ਦੁਰਤਿ ਮਿਟੈ ਹਉਮੈ ਛੁਟੈ ਸੰਤ ਜਨਾ ਪ੍ਰਤਾਪ ॥ ੫੧ ॥ ੧੬੭ ॥

ਜਿਹੜਾ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਉਸਨੂੰ ਸਦਾ ਮਨ ਵਿੱਚ ਜਪੋ। ਸੰਤ ਜਨਾਂ ਦੀ ਕਿਰਪਾ ਨਾਲ ਪਾਪ ਮਿਟ ਜਾਂਦੇ ਹਨ ਅਤੇ ਹਉਮੈ ਦੂਰ ਹੋ ਜਾਂਦੀ ਹੈ॥ ੫੧ ॥ ੧੬੭ ॥

ਪਉੜੀ ॥
ਸੰਤ ਜਨਾ ਪ੍ਰਤਾਪ ਦੁਰਤ ਮਿਟਾਵਣੀ ॥
ਮਨ ਬਚ ਕਰਿ ਗੋਬਿੰਦ ਸੋਭਾ ਗਾਵਣੀ ॥
ਸੇਵਾ ਸੁਫਲ ਅਨੂਪ ਜੋ ਤੁਧੁ ਭਾਵਣੀ ॥
ਤੇਰੀ ਉਪਮਾ ਅਪਰ ਅਪਾਰ ਬਹੁਤ ਸੁਹਾਵਣੀ ॥
ਤੇਰੀ ਗਤਿ ਮਿਤੀ ਲਖੀ ਨ ਜਾਇ ਚਰਨ ਲਿਵ ਲਾਵਣੀ ॥ ੫੨ ॥ ੧੬੮ ॥

ਸੰਤ ਜਨਾਂ ਦੀ ਕਿਰਪਾ ਨਾਲ ਪਾਪ ਮਿਟਾਉਣੇ ਚਾਹੀਦੇ ਹਨ। ਮਨ ਤੇ ਬਚਨ ਕਰਕੇ ਗੋਬਿੰਦ ਦੀ ਸੋਭਾ ਗਾਉਣੀ ਚਾਹੀਦੀ ਹੈ। ਉਹੀ ਸੇਵਾ ਸੁੰਦਰ ਅਤੇ ਸਫਲ ਹੈ, ਜੋ ਤੈਨੂੰ ਚੰਗੀ ਲੱਗੇ। ਤੇਰੀ ਵਡਿਆਈ ਬੇਅੰਤ ਹੈ ਅਤੇ ਬਹੁਤ ਸੋਹਣੀ ਲੱਗਦੀ ਹੈ। ਤੇਰੀ ਅਵਸਥਾ ਅਤੇ ਹੱਦ ਜਾਣੀ ਨਹੀਂ ਜਾ ਸਕਦੀ, ਬਸ ਤੇਰੇ ਚਰਨਾਂ ਵਿੱਚ ਸੁਰਤ ਜੋੜਨੀ ਹੀ ਬਣਦੀ ਹੈ॥ ੫੨ ॥ ੧੬੮ ॥

ਦੋਹਰਾ ॥
ਮਰਿ ਮਰਿ ਜਨਮਹਿ ਅਨਿਕ ਬਾਰ ਚਉਰਾਸੀ ਬਿਉਹਾਰ ॥
ਬਿਨੁ ਗੁਰੁ ਠਉਰ ਨ ਪਾਵਈ ਦੇਖਉ ਰਿਦੈ ਬੀਚਾਰ ॥ ੫੩ ॥ ੧੬੯ ॥

(ਗੁਰੂ ਤੋਂ ਬਿਨਾਂ ਜੀਵ) ਚੌਰਾਸੀ ਲੱਖ ਜੂਨਾਂ ਦੇ ਗੇੜ ਵਿੱਚ ਪੈ ਕੇ ਵਾਰ-ਵਾਰ ਮਰਦੇ ਅਤੇ ਜੰਮਦੇ ਹਨ। ਆਪਣੇ ਹਿਰਦੇ ਵਿੱਚ ਵਿਚਾਰ ਕਰਕੇ ਦੇਖ ਲਵੋ ਕਿ ਗੁਰੂ ਤੋਂ ਬਿਨਾਂ ਕਿਤੇ ਵੀ ਥਾਂ-ਟਿਕਾਣਾ ਨਹੀਂ ਮਿਲਦਾ॥ ੫੩ ॥ ੧੬੯ ॥

ਪਉੜੀ ॥
ਜੋ ਗੁਰੁ ਤੇ ਬੇਮੁਖ ਭਏ ਤਿਨ ਠਉਰ ਨ ਕੋਈ ॥
ਮਰਿ ਮਰਿ ਜਨਮਹਿ ਅਨਿਕ ਬਾਰ ਤਿਨ ਗਤਿ ਨਹੀ ਹੋਈ ॥
ਚਉਰਾਸੀ ਮੈ ਭਰਮਤੇ ਪਾਵਤ ਦੁੱਖ ਸੋਈ ॥
ਦੁਨੀਆ ਕੈ ਰੰਗਿ ਰਚਿ ਰਹੈ ਮੂਰਖ ਹੈ ਸੋਈ ॥
ਜੀ, ਉਨ ਹਰਿ ਨਾਮੁ ਨ ਪਾਇਓ ਖਟੈ ਸੋ ਖੋਈ ॥ ੫੪ ॥ ੧੭੦ ॥

ਜੋ ਗੁਰੂ ਤੋਂ ਬੇਮੁੱਖ ਹੋ ਗਏ, ਉਨ੍ਹਾਂ ਲਈ ਕੋਈ ਥਾਂ-ਸਹਾਰਾ ਨਹੀਂ ਹੈ। ਉਹ ਵਾਰ-ਵਾਰ ਜੰਮਦੇ-ਮਰਦੇ ਹਨ, ਉਨ੍ਹਾਂ ਦੀ ਮੁਕਤੀ ਨਹੀਂ ਹੁੰਦੀ। ਉਹ ਚੌਰਾਸੀ ਦੇ ਗੇੜ ਵਿੱਚ ਭਟਕਦੇ ਹੋਏ ਉਹੀ ਦੁੱਖ ਪਾਉਂਦੇ ਹਨ। ਜੋ ਦੁਨੀਆਂ ਦੇ ਰੰਗਾਂ ਵਿੱਚ ਰਚਿਆ ਰਹਿੰਦਾ ਹੈ, ਉਹ ਹੀ ਮੂਰਖ ਹੈ। ਜੀ! ਉਨ੍ਹਾਂ ਨੇ ਹਰੀ-ਨਾਮ ਪ੍ਰਾਪਤ ਨਹੀਂ ਕੀਤਾ ਅਤੇ ਜੋ (ਕੋਈ ਸ਼ੁਭ ਕਰਮਾਂ ਦੀ ਕੋਈ ਪੂੰਜੀ) ਕਮਾਉਂਦਾ ਵੀ ਹੋਵੇ, ਉਹ ਵੀ ਗੁਆ ਲੈਂਦਾ ਹੈ॥ ੫੪ ॥ ੧੭੦ ॥

ਦੋਹਰਾ ॥
ਅੰਚਰ ਗਹਿ ਸਤਿਸੰਗ ਕੋ ਤਜ ਪ੍ਰਪੰਚ ਬਿਕਾਰ ॥
ਦਿਵਸ ਰੈਨ ਬੀਚਾਰੀਏ ਮਨ ਤੇ ਦੁਬਿਧਾ ਟਾਰ ॥ ੫੫ ॥ ੧੭੧ ॥

ਸਤਿਸੰਗਤ ਦਾ ਪੱਲਾ ਫੜ ਕੇ ਦੁਨਿਆਵੀ ਛਲ-ਕਪਟ ਅਤੇ ਵਿਕਾਰਾਂ ਨੂੰ ਤਿਆਗ ਦਿਉ। ਦਿਨ-ਰਾਤ (ਨਾਮ ਦੀ) ਵਿਚਾਰ ਕਰੋ ਅਤੇ ਮਨ ਵਿੱਚੋਂ ਦੁਬਿਧਾ (ਭਰਮ) ਨੂੰ ਦੂਰ ਕਰ ਦਿਓ॥ ੫੫ ॥ ੧੭੧ ॥

ਪਉੜੀ ॥
ਬਿਸਿਅਰ ਦੁੱਧ ਪਿਆਈਐ ਓਹੁ ਬਿਖ ਨਹੀ ਛੋਰੈ ॥
ਗਰਦਭ ਸੁਗੰਧਿ ਲਗਾਈਐ ਭੁਇ ਸੁਤਾ ਲੋਰੈ ॥
ਤੁੰਮਾ ਹੋਇ ਨ ਮਿੱਠੜਾ ਜੇ ਖੰਡ ਪਗੋਰੈ ॥
ਸ੍ਵਾਨ ਪੂਛ ਟੇਢੀ ਰਹੈ ਕਛੁ ਹੋਤ ਨ ਹੋਰੈ ॥
ਜੀ, ਤਿਉ ਕਪਟੀ ਹੋਇ ਖਾਲਸਾ ਸਤਿਸੰਗ ਨ ਲੋਰੈ ॥ ੫੬ ॥ ੧੭੨ ॥

ਜੇ ਸੱਪ ਨੂੰ ਦੁੱਧ ਪਿਲਾਇਆ ਜਾਵੇ, ਤਾਂ ਵੀ ਉਹ ਜ਼ਹਿਰ ਨਹੀਂ ਛੱਡਦਾ। ਜੇ ਗਧੇ ਨੂੰ ਸੁਗੰਧੀ (ਅਤਰ) ਲਗਾਈ ਜਾਵੇ, ਤਾਂ ਵੀ ਉਹ ਮਿੱਟੀ ਵਿੱਚ ਲੇਟ ਕੇ ਹੀ ਸੌਣਾ ਚਾਹੁੰਦਾ ਹੈ। ਜੇ ਕੌੜੇ ਤੁੰਮੇ ਨੂੰ ਖੰਡ ਵਿੱਚ ਡੁਬੋਇਆ ਜਾਵੇ, ਤਾਂ ਵੀ ਉਹ ਮਿੱਠਾ ਨਹੀਂ ਹੁੰਦਾ। ਕੁੱਤੇ ਦੀ ਪੂਛ ਟੇਢੀ ਹੀ ਰਹਿੰਦੀ ਹੈ, ਉਸਦਾ ਕੁਝ ਹੋਰ ਨਹੀਂ ਹੋ ਸਕਦਾ। ਜੀ! ਇਸੇ ਤਰ੍ਹਾਂ ਹੀ ਕਪਟੀ ਮਨੁੱਖ (ਜੇ ਬਾਹਰੋਂ) ਖਾਲਸਾ ਬਣ ਵੀ ਜਾਵੇ, ਤਾਂ ਵੀ ਉਹ (ਅੰਦਰੋਂ) ਸਤਿਸੰਗਤ ਨੂੰ ਨਹੀਂ ਚਾਹੁੰਦਾ॥ ੫੬ ॥ ੧੭੨ ॥

ਟਿੱਪਣੀ:- ਕਵੀ ਜੀ ਨੇ ਇਸ ਛੰਦ ਵਿੱਚ ਚਾਰ ਉਦਾਹਰਣਾਂ, ਸੱਪ, ਗਧਾ, ਤੁੰਮਾ, ਕੁੱਤੇ ਦੀ ਪੂਛ, ਦੇ ਕੇ ਬੜੇ ਵਧੀਆ ਢੰਗ ਨਾਲ਼ ਸਮਝਾਇਆ ਹੈ ਕਿ ਜਿਸ ਤਰ੍ਹਾਂ ਕੁਝ ਚੀਜ਼ਾਂ ਦਾ ਸੁਭਾਅ ਨਹੀਂ ਬਦਲਦਾ, ਉਸੇ ਤਰ੍ਹਾਂ ਜੇ ਕੋਈ ਕਪਟੀ ਜਾਂ ਛਲੀਆ ਮਨੁੱਖ ਸਿਰਫ਼ ਦਿਖਾਵੇ ਲਈ ਖਾਲਸਾ ਬਣ ਜਾਵੇ, ਤਾਂ ਵੀ ਉਸਦਾ ਮਨ ਸੱਚੀ ਸੰਗਤ ਵੱਲ ਨਹੀਂ ਲੱਗਦਾ।

ਦੋਹਰਾ ॥
ਤੇ ਨਰ ਉਝੱਰ ਪਾਈਅਹਿ ਜੋ ਮਨ ਮਹਿ ਗਰਬਾਹਿ ॥
ਜਿਨ ਕੇ ਮਨ ਮੈ ਭੈ ਨਹੀ ਅੰਧੇ ਅੰਧ ਕਮਾਹਿ ॥ ੫੭ ॥ ੧੭੩ ॥

ਜਿਹੜੇ ਮਨੁੱਖ ਮਨ ਵਿੱਚ ਹੰਕਾਰ ਕਰਦੇ ਹਨ, ਉਹ ਕੁਰਾਹੇ ਪੈ ਜਾਂਦੇ ਹਨ। ਜਿਨ੍ਹਾਂ ਦੇ ਮਨ ਵਿੱਚ (ਪ੍ਰਭੂ ਦਾ) ਡਰ ਨਹੀਂ ਹੁੰਦਾ, ਉਹ (ਅਕਲੋਂ) ਅੰਨ੍ਹੇ (ਹੋਣ ਕਰਕੇ) ਅੰਨ੍ਹਿਆਂ ਵਾਲੇ ਕੰਮ ਹੀ ਕਰਦੇ ਹਨ॥ ੫੭ ॥ ੧੭੩ ॥

ਪਉੜੀ ॥
ਸਤਿਸੰਗਤਿ ਮੂਲ ਨ ਜਾਣਨੀ ਗਿਆਨ ਹੋਰੁ ਕਮਾਇਆ ॥
ਉਇ ਸਤਿਸੰਗਤਿ ਸੋ ਨਿ ਡਰਹਿ ਉਨ ਮਨ ਗਰਬਾਇਆ ॥
ਜੋ ਸਤਿਸੰਗਤਿ ਨਾ ਮਿਲਹਿ ਉਨ ਜਨਮ ਗਵਾਇਆ ॥
ਹੁਕਮੁ ਨ ਮਾਨਹਿ ਖਸਮ ਕਾ ਜਿਨਿ ਰਾਹੁ ਬਤਾਇਆ ॥
ਜੀ, ਉਇ ਕਪਟੀ ਹੋਇ ਨ ਖਾਲਸਾ ਕੇਤਾ ਸਮਝਾਇਆ ॥ ੫੮ ॥ ੧੭੪ ॥

ਉਹ ਸਤਿਸੰਗਤ ਦੇ ਮਹੱਤਵ ਨੂੰ ਬਿਲਕੁਲ ਨਹੀਂ ਜਾਣਦੇ ਅਤੇ ਹੋਰ ਹੀ (ਝੂਠਾ) ਗਿਆਨ ਇਕੱਠਾ ਕਰਦੇ ਹਨ। ਉਹ ਸਤਿਸੰਗਤ ਤੋਂ ਡਰਦੇ ਨਹੀਂ, ਕਿਉਂਕਿ ਉਨ੍ਹਾਂ ਦਾ ਮਨ ਹੰਕਾਰਿਆ ਹੋਇਆ ਹੈ। ਜੋ ਸਤਿਸੰਗਤ ਵਿੱਚ ਨਹੀਂ ਮਿਲਦੇ, ਉਨ੍ਹਾਂ (ਆਪਣਾ ਮਨੁੱਖੀ) ਜਨਮ ਗੁਆ ਲਿਆ। ਉਹ ਉਸ ਮਾਲਕ ਦਾ ਹੁਕਮ ਨਹੀਂ ਮੰਨਦੇ, ਜਿਸਨੇ (ਸਿੱਧਾ) ਰਾਹ ਦੱਸਿਆ ਹੈ। ਜੀ! ਉਹ ਕਪਟੀ ਮਨੁੱਖ ਕਦੇ (ਅਸਲ ਅਰਥਾਂ ਵਿੱਚ) ਖਾਲਸਾ ਨਹੀਂ ਬਣ ਸਕਦਾ, ਭਾਵੇਂ ਉਸਨੂੰ ਕਿੰਨਾ ਵੀ ਸਮਝਾਇਆ ਜਾਵੇ॥ ੫੮ ॥ ੧੭੪ ॥

ਦੋਹਰਾ ॥
ਅਨਿਕ ਜਤਨ ਕਰ ਬਾਰਿ ਬਾਰਿ ਬਿਨ ਸਤਿਸੰਗ ਮਿਲਾਪ ॥

ਚੌਰਾਸੀ ਫਿਰ ਫਿਰ ਪਰਤ ਮਿਟਤ ਨਾਹਿ ਸੰਤਾਪ ॥ ੫੯ ॥ ੧੭੫ ॥

ਵਾਰ-ਵਾਰ ਅਨੇਕ ਯਤਨ ਕਰਨ ਦੇ ਬਾਵਜੂਦ, ਸਤਿਸੰਗਤ ਦੇ ਮਿਲਾਪ ਤੋਂ ਬਿਨਾਂ (ਜੀਵ) ਮੁੜ-ਮੁੜ ਚੌਰਾਸੀ (ਦੇ ਗੇੜ) ਵਿੱਚ ਪੈਂਦਾ ਹੈ ਅਤੇ ਉਸਦਾ ਦੁੱਖ-ਕਲੇਸ਼ ਮਿਟਦਾ ਨਹੀਂ ਹੈ॥ ੫੯ ॥ ੧੭੫ ॥

ਪਉੜੀ ॥
ਕੁੱਨੇ ਦੇ ਵਿਚ ਪਾਇ ਕੈ ਦਿੱਚੈ ਅੱਗ ਜਲਾਇ ॥
ਕੋਰੜ ਮੋਠ ਨ ਸਿੱਜਈ ਕੇਤਾ ਕਰੋ ਉਪਾਇ ॥
ਤਿਉ ਕਪਟੀ ਸੰਗਤਿ ਨ ਰਲਹਿ ਉਨ ਬੋਲਿਆ ਕਛੁ ਨ ਸੁਖਾਇ ॥
ਉਸ ਸਿਰ ਮਿਲਨੁ ਨ ਲਿਖਿਓ ਭੰਭਲਭੂਸੇ ਖਾਇ ॥
ਜੀ, ਜੇ ਸਤਿਗੁਰੁ ਕ੍ਰਿਪਾ ਕਰੇ ਤਾ ਕਿਛੁ ਕਹੀ ਨ ਜਾਇ ॥ ੬੦ ॥ ੧੭੬ ॥

ਜੇ ਕਠੋਰ ਮੋਠਾਂ ਨੂੰ ਕੁੱਠਾਲੀ (ਮਿੱਟੀ ਦੇ ਭਾਂਡੇ) ਵਿੱਚ ਪਾ ਕੇ ਅੱਗ 'ਤੇ ਰੱਖ ਕੇ ਜਲਾਇਆ ਵੀ ਜਾਵੇ, ਤਾਂ ਵੀ ਉਹ (ਸਖਤ ਦਾਣਾ) ਨਰਮ ਨਹੀਂ ਹੁੰਦਾ, ਭਾਵੇਂ ਕਿੰਨੇ ਵੀ ਉਪਾਅ ਕਰ ਲਵੋ। ਇਸੇ ਤਰ੍ਹਾਂ ਕਪਟੀ ਮਨੁੱਖ ਸੰਗਤ ਵਿੱਚ ਨਹੀਂ ਰਲ਼ਦਾ, ਉਸਨੂੰ (ਸਤਿਸੰਗਤ ਦਾ) ਕੋਈ ਬਚਨ ਚੰਗਾ ਨਹੀਂ ਲੱਗਦਾ। ਉਸਦੇ ਮੱਥੇ 'ਤੇ (ਪ੍ਰਭੂ ਨਾਲ) ਮਿਲਾਪ ਲਿਖਿਆ (ਹੀ) ਨਹੀਂ ਹੁੰਦਾ, ਇਸ ਲਈ ਉਹ ਭੰਬਲਭੂਸਿਆਂ ਵਿੱਚ ਪਿਆ ਰਹਿੰਦਾ ਹੈ। ਜੀ! (ਲੇਕਿਨ) ਜੇ ਸਤਿਗੁਰੂ (ਆਪ ਹੀ ਆਪਣੀ) ਕਿਰਪਾ ਕਰ ਦੇਵੇ, ਤਾਂ (ਉਸਦੀ ਬਖਸ਼ਿਸ਼ ਬਾਰੇ) ਕੁਝ ਕਿਹਾ ਨਹੀਂ ਜਾ ਸਕਦਾ (ਭਾਵ ਉਹ ਅਣਹੋਣੀ ਨੂੰ ਵੀ ਹੋਣੀ ਕਰ ਸਕਦਾ ਹੈ)॥ ੬੦ ॥ ੧੭੬ ॥

ਟਿੱਪਣੀ:- ਕਵੀ ਜੀ ਇੱਕ ਹੋਰ ਮਿਸਾਲ ਦਿੰਦੇ ਹਨ ਕਿ ਜਿਵੇਂ ਸਖ਼ਤ ਦਾਣਾ ਅੱਗ 'ਤੇ ਵੀ ਨਹੀਂ ਗਲਦਾ, ਤਿਵੇਂ ਕਪਟੀ ਦਾ ਹਿਰਦਾ ਸੰਗਤ ਵਿੱਚ ਨਹੀਂ ਬਦਲਦਾ। ਇਹ ਉਸਦੀ ਹੋਣੀ ਵਿੱਚ ਨਹੀਂ ਲਿਖਿਆ। ਪਰ ਅੰਤ ਵਿੱਚ ਕਵੀ ਜੀ ਗੁਰੂ ਦੀ ਕਿਰਪਾ ਨੂੰ ਸਭ ਤੋਂ ਉੱਪਰ ਰੱਖਦੇ ਹੋਏ ਆਖਦੇ ਹਨ ਕਿ ਜੇ ਗੁਰੂ ਚਾਹੇ ਤਾਂ ਉਹ ਕਠੋਰ ਤੋਂ ਕਠੋਰ ਹਿਰਦੇ ਨੂੰ ਵੀ ਬਦਲ ਸਕਦਾ ਹੈ।

ਦੋਹਰਾ ॥

ਖੋਜਤ ਕੋਟਿ ਅਨੇਕ ਜਨ ਸੋਭਾ ਅਪਰ ਅਪਾਰ ॥
ਰਚਿ ਰਚਨਾ ਜਿਨਿ ਸਭ ਕਿਯੇ ਸੋ ਜਾਨੈ ਕਰਤਾਰ ॥ ੬੧ ॥ ੧੭੭ ॥

(ਉਹ ਪਰਮਾਤਮਾ, ਜਿਸਦੀ) ਸ਼ੋਭਾ ਬੇਅੰਤ ਅਤੇ ਅਪਾਰ ਹੈ, (ਉਸਨੂੰ) ਕਈ ਕਰੋੜ ਲੋਕ ਖੋਜਦੇ ਹਨ। ਜਿਸ ਕਰਤਾਰ ਨੇ ਇਹ ਸਾਰੀ ਰਚਨਾ ਰਚ ਕੇ ਸਭ (ਜੀਵ ਪੈਦਾ) ਕੀਤੇ ਹਨ, (ਸਿਰਫ਼) ਉਹ ਆਪ ਹੀ (ਆਪਣੀ ਰਚਨਾ ਨੂੰ) ਜਾਣਦਾ ਹੈ॥ ੬੧ ॥ ੧੭੭ ॥

ਪਉੜੀ ॥
ਤੂੰ ਏਕੋ ਨਾਮ ਅਨੇਕ ਅੰਤ ਨ ਪਾਈਐ ॥
ਕਰਿ ਸੰਤਨ ਸੌ ਪ੍ਰੀਤਿ ਭ੍ਰਮ ਚੁਕਾਈਐ ॥
ਤਾ ਕੋ ਨਾਮ ਬਿਸਾਰ ਅਉਰ ਕਿਤ ਜਾਈਐ ॥
ਬਹੁ ਬੇਅੰਤ ਕਰਿਤਾਰ ਰੈਨਿ ਦਿਨ ਗਾਈਐ ॥
ਜੀ, ਖਾਲਸ ਕੀ ਅਰਦਾਸ ਚਰਨੀ ਲਾਈਐ ॥ ੬੨ ॥ ੧੭੮ ॥

(ਹੇ ਪ੍ਰਭੂ)! ਤੂੰ ਇੱਕ ਹੈਂ, ਪਰ ਤੇਰੇ ਨਾਮ ਅਨੇਕ ਹਨ। ਤੇਰਾ ਅੰਤ ਨਹੀਂ ਪਾਇਆ ਜਾ ਸਕਦਾ। ਸੰਤਾਂ ਨਾਲ ਪ੍ਰੀਤ ਕਰਕੇ (ਮਨ ਦਾ) ਭਰਮ ਦੂਰ ਕਰਨਾ ਚਾਹੀਦਾ ਹੈ। ਉਸ (ਪ੍ਰਭੂ) ਦਾ ਨਾਮ ਭੁਲਾ ਕੇ ਹੋਰ ਕਿੱਧਰ ਜਾਈਏ? ਉਸ ਬੇਅੰਤ ਕਰਤਾਰ ਦੇ ਗੁਣ ਦਿਨ-ਰਾਤ ਗਾਉਣੇ ਚਾਹੀਦੇ ਹਨ। ਜੀ! ਖਾਲਸੇ ਦੀ ਇਹੀ ਅਰਦਾਸ ਹੈ ਕਿ ਸਾਨੂੰ ਆਪਣੇ ਚਰਨਾਂ ਨਾਲ ਜੋੜੀ ਰੱਖੋ॥ ੬੨ ॥ ੧੭੮ ॥

ਦੋਹਰਾ ॥
ਮੋਹਿ ਆਸਰੋ ਤਾਹਿ ਕੋ ਐਸੋ ਸਮਰਥ ਸੋਇ ॥
ਸਰਬ ਧਾਰ ਸਮਰਥ ਪ੍ਰਭੁ ਤਾ ਬਿਨ ਅਵਰ ਨ ਕੋਇ ॥ ੬੩ ॥ ੧੭੯ ॥

ਮੈਨੂੰ ਉਸੇ (ਪ੍ਰਭੂ) ਦਾ ਆਸਰਾ ਹੈ, ਉਹ ਅਜਿਹਾ ਸਰਵ-ਸ਼ਕਤੀਮਾਨ ਹੈ। ਉਹ ਪ੍ਰਭੂ ਸਭ ਨੂੰ ਆਸਰਾ ਦੇਣ ਵਾਲਾ ਅਤੇ ਸਮਰਥ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥ ੬੩ ॥ ੧੭੯ ॥

ਇਹ ਛੰਦ (ਜੋ ਪਹਿਲਾਂ ਵੀ ਆਇਆ ਹੈ) ਕਵੀ ਦੇ ਨਿੱਜੀ ਵਿਸ਼ਵਾਸ ਨੂੰ ਦ੍ਰਿੜ ਕਰਦਾ ਹੈ ਕਿ ਉਸਦਾ ਇੱਕੋ-ਇੱਕ ਸਹਾਰਾ ਸਰਵ-ਸ਼ਕਤੀਮਾਨ ਅਕਾਲ ਪੁਰਖ ਹੈ।

ਪਉੜੀ ॥
ਕਰਿ ਕਿਰਪਾ ਗੋਬਿੰਦ ਨਾਮ ਕੀਨੋ ਮਯਾ ॥
ਉਹ ਬਡਭਾਗੀ ਜੁਗ ਮਾਹਿ ਨਾਮ ਜਿਨਿ ਜਪਿ ਲਯਾ ॥
ਬਿਨਸੇ ਸਗਲ ਕਲੇਸ ਕੂੜ ਤਨ ਤੇ ਗਯਾ ॥
ਨਿਰਮਲ ਭਏ ਸਰੀਰ ਜੀਵ ਮੈ ਭਉ ਭਯਾ ॥
ਜੀ, ਸੋ ਜਨ ਤਜਿ ਅਭਿਮਾਨ ਸੰਤ ਸਰਨੀ ਭਯਾ ॥ ੬੪ ॥ ੧੮੦ ॥

ਗੋਬਿੰਦ ਨੇ ਕਿਰਪਾ ਕਰਕੇ (ਜੀਵਾਂ ਨੂੰ) ਨਾਮ ਦੀ ਦਾਤ ਦਿੱਤੀ ਹੈ। ਇਸ ਸੰਸਾਰ ਵਿੱਚ ਉਹੀ ਵੱਡੇ ਭਾਗਾਂ ਵਾਲਾ ਹੈ, ਜਿਸਨੇ ਨਾਮ ਜਪ ਲਿਆ। ਉਸਦੇ ਸਾਰੇ ਕਲੇਸ਼ ਨਾਸ ਹੋ ਗਏ ਅਤੇ ਸਰੀਰ ਵਿੱਚੋਂ ਝੂਠ ਚਲਾ ਗਿਆ। ਉਸਦਾ ਸਰੀਰ ਪਵਿੱਤਰ ਹੋ ਗਿਆ ਅਤੇ ਹਿਰਦੇ ਵਿੱਚ (ਪ੍ਰਭੂ ਦਾ) ਡਰ-ਅਦਬ ਪੈਦਾ ਹੋ ਗਿਆ। ਜੀ! ਅਜਿਹਾ ਮਨੁੱਖ ਹੰਕਾਰ ਤਿਆਗ ਕੇ ਸੰਤਾਂ ਦੀ ਸ਼ਰਨ ਵਿੱਚ ਆ ਜਾਂਦਾ ਹੈ॥ ੬੪ ॥ ੧੮੦ ॥

ਦੋਹਰਾ ॥
ਕਰਿ ਕ੍ਰਿਪਾ ਪ੍ਰਭੁ ਆਪਨੀ ਧੁਰ ਹੀ ਲਏ ਮਿਲਾਇ ॥
ਜੋ ਧੁਰਿ ਮਿਲੇ ਸੋ ਮਿਲਿ ਰਹੇ ਕਹੀ ਕਹਨ ਨਹਿ ਜਾਇ ॥ ੬੫ ॥ ੧੮੧ ॥

ਪ੍ਰਭੂ ਆਪਣੀ ਕਿਰਪਾ ਕਰਕੇ ਜੀਵਾਂ ਨੂੰ ਧੁਰ-ਦਰਗਾਹ ਤੋਂ ਹੀ ਆਪਣੇ ਨਾਲ ਮਿਲਾ ਲੈਂਦਾ ਹੈ। ਜੋ ਧੁਰੋਂ ਮਿਲੇ ਹੋਏ ਹਨ, ਉਹ ਸਦਾ ਮਿਲੇ ਹੀ ਰਹਿੰਦੇ ਹਨ; ਉਨ੍ਹਾਂ ਦੀ ਅਵਸਥਾ ਬਾਰੇ ਆਖਣ ਨਾਲ਼ ਵੀ ਕੁਝ ਕਿਹਾ ਨਹੀਂ ਜਾ ਸਕਦਾ॥ ੬੫ ॥ ੧੮੧ ॥

ਪਉੜੀ ॥
ਇਕਨੀ ਕ੍ਰਿਪਾ ਧਾਰਿ ਬਖਸਿ ਮਿਲਾਇਆ ॥
ਇਕਨੀ ਭਰਮ ਭੁਲਾਇ ਉਝੜ ਪਾਇਆ ॥
ਏਕ ਪਏ ਅਸਗਾਹਿ ਕੂੜ ਕਮਾਇਆ ॥

ਇਕਨੀ ਦਿੱਤੋ ਨਾਮੁ ਹੁਕਮੁ ਮਨਾਇਆ ॥
ਜੀ, ਏਕ ਰਹੇ ਦਰਬਾਰ ਜਾ ਤੁਧ ਭਾਇਆ ॥ ੬੬ ॥ ੧੮੨ ॥

(ਹੇ ਪ੍ਰਭੂ!) ਤੂੰ ਕਈਆਂ 'ਤੇ ਕਿਰਪਾ ਧਾਰ ਕੇ ਉਨ੍ਹਾਂ ਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲਿਆ। ਕਈਆਂ ਨੂੰ ਭਰਮਾਂ ਵਿੱਚ ਭੁਲਾ ਕੇ ਕੁਰਾਹੇ ਪਾ ਦਿੱਤਾ। ਕਈ ਅਥਾਹ (ਡੂੰਘੇ ਸੰਸਾਰ-ਸਮੁੰਦਰ) ਵਿੱਚ ਡਿੱਗ ਪਏ ਅਤੇ ਝੂਠ ਦੀ ਕਮਾਈ ਕਰਦੇ ਰਹੇ। ਕਈਆਂ ਨੂੰ ਤੂੰ ਨਾਮ ਦੀ ਦਾਤ ਦਿੱਤੀ ਅਤੇ ਆਪਣਾ ਹੁਕਮ ਮਨਾਇਆ। ਜੀ! ਕਈ ਤੇਰੇ ਦਰਬਾਰ ਵਿੱਚ ਪ੍ਰਵਾਨ ਹੋਏ, ਜਿਵੇਂ ਤੈਨੂੰ ਚੰਗਾ ਲੱਗਾ॥ ੬੬ ॥ ੧੮੨ ॥

ਦੋਹਰਾ ॥
ਆਦਿ ਅੰਤ ਤਿਹ ਪੁਰਖ ਕੀ ਨਉਤਨ ਕਥਾ ਅਪਾਰ ॥
ਬਰਨਿ ਬਰਨਿ ਥਕਿ ਥਕਿ ਰਹੇ ਕੋਊ ਨ ਪਾਵਤ ਪਾਰ ॥ ੬੭ ॥ ੧੮੩ ॥

ਉਸ (ਅਕਾਲ) ਪੁਰਖ ਦੀ ਕਥਾ ਆਦਿ ਤੋਂ ਲੈ ਕੇ ਅੰਤ ਤੱਕ ਹਮੇਸ਼ਾ ਨਵੀਂ ਅਤੇ ਬੇਅੰਤ ਹੈ। (ਵੱਡੇ-ਵੱਡੇ ਗਿਆਨੀ) ਉਸਦਾ ਵਰਣਨ ਕਰ-ਕਰ ਕੇ ਥੱਕ ਗਏ, ਪਰ ਕੋਈ ਵੀ ਉਸਦਾ ਪਾਰ (ਅੰਤ) ਨਹੀਂ ਪਾ ਸਕਿਆ॥ ੬੭ ॥ ੧੮੩ ॥

ਪਉੜੀ ॥
ਤੂ ਸਚਾ ਕਰਤਾਰ ਹੈ ਤੇਰਾ ਅੰਤ ਨ ਪਾਰਾ ॥
ਪ੍ਰਿਤਪਾਲਕ ਸੰਸਾਰ ਕੋ ਸਚੁ ਸਿਰਜਨਹਾਰਾ ॥
ਜਿਨ ਤੂ ਸਿਮਰਿਓ ਅੰਤ ਬਾਰ ਤਿਸ ਪਾਰ ਉਤਾਰਾ ॥
ਰਚਿ ਰਚਨਾ ਕਲ ਧਾਰੀਆ ਬਹੁ ਬਿਧਿ ਬਿਸਤਾਰਾ ॥
ਜੀ, ਲੀਲਾ ਲਖੀ ਨ ਜਾਇ ਕਿਛੁ ਤੂ ਕਰਨੇਹਾਰਾ ॥ ੬੮ ॥ ੧੮੪ ॥

ਤੂੰ ਸੱਚਾ ਕਰਤਾਰ ਹੈਂ, ਤੇਰਾ ਕੋਈ ਅੰਤ ਜਾਂ ਪਾਰਾਵਾਰ ਨਹੀਂ ਹੈ। ਤੂੰ ਸੰਸਾਰ ਦਾ ਪਾਲਣਹਾਰ ਅਤੇ ਸੱਚਾ ਸਿਰਜਣਹਾਰ ਹੈਂ। ਜਿਸਨੇ ਤੈਨੂੰ ਅੰਤ ਵੇਲੇ (ਵੀ) ਸਿਮਰਿਆ, ਉਸਨੂੰ ਤੂੰ (ਸੰਸਾਰ-ਸਾਗਰ ਤੋਂ) ਪਾਰ ਲੰਘਾ ਦਿੱਤਾ। ਤੂੰ ਆਪਣੀ ਸ਼ਕਤੀ ਨਾਲ ਕਈ ਤਰੀਕਿਆਂ ਨਾਲ ਇਸ ਰਚਨਾ

ਦਾ ਵਿਸਥਾਰ ਕੀਤਾ ਹੈ। ਹੇ ਕਰਨਹਾਰ ਪ੍ਰਭੂ ਜੀ! ਤੇਰੀ ਲੀਲ੍ਹਾ ਕੁਝ ਵੀ ਸਮਝੀ ਨਹੀਂ ਜਾ ਸਕਦੀ॥ ੬੮ ॥ ੧੮੪ ॥

ਦੋਹਰਾ ॥
ਨਾਹਿ ਨਾ ਅੰਤ ਬਿਅੰਤ ਪ੍ਰਭੁ ਉਪਮਾ ਅਪਰ ਅਪਾਰ ॥
ਰਮਿ ਰਹਿਓ ਸਬ ਸ੍ਰਿਸਟਿ ਮਹਿ ਕਹਤ ਬਿਚਾਰਿ ਬਿਚਾਰ ॥ ੬੯ ॥ ੧੮੫ ॥

ਉਸ ਬੇਅੰਤ ਖ਼ਸਮ ਪ੍ਰਭੂ ਦਾ ਕੋਈ ਅੰਤ ਨਹੀਂ, ਬਿਲਕੁਲ ਨਹੀਂ ਹੈ; ਉਸਦੀ ਵਡਿਆਈ ਬੇਅੰਤ ਅਤੇ ਅਪਾਰ ਹੈ। (ਗਿਆਨੀ) ਵਿਚਾਰ-ਵਿਚਾਰ ਕੇ ਕਹਿੰਦੇ ਹਨ ਕਿ ਉਹ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੋ ਰਿਹਾ ਹੈ॥ ੬੯ ॥ ੧੮੫ ॥

ਪਉੜੀ ॥
ਸਰਬ ਨਿਰੰਤਰਿ ਆਪਿ ਏਕੋ ਹੈ ਧਨੀ ॥
ਤੇਰੀ ਉਪਮਾ ਅਪਰ ਅਪਾਰ ਸਚੁ ਸੋਭਾ ਬਨੀ ॥
ਤੁਹਿ ਸਿਮਰੈ ਸੰਤ ਅਨੇਕ ਗਣਤੀ ਕਿਆ ਗਨੀ ॥
ਪਰੇ ਸਰਨਿ ਦਰਬਾਰਿ ਛੋਡਿ ਮਨ ਤੇ ਮਨੀ ॥
ਜੀ, ਤੂੰ ਏਕੋ ਨਾਮੁ ਅਨੇਕ ਸਿਸਟਿ ਸਿਮਰੈ ਘਨੀ ॥ ੭੦ ॥ ੧੮੬ ॥

ਸਭ ਦੇ ਅੰਦਰ ਇੱਕੋ ਮਾਲਕ ਤੂੰ ਆਪ ਹੀ ਹੈਂ। ਤੇਰੀ ਵਡਿਆਈ ਬੇਅੰਤ ਹੈ ਅਤੇ ਤੇਰੀ ਸੱਚੀ ਸ਼ੋਭਾ ਬਣੀ ਹੋਈ ਹੈ। ਅਨੇਕਾਂ ਸੰਤ ਤੈਨੂੰ ਸਿਮਰਦੇ ਹਨ, ਉਨ੍ਹਾਂ ਦੀ ਕੀ ਗਿਣਤੀ ਗਿਣੀ ਜਾ ਸਕਦੀ ਹੈ? ਉਹ ਮਨ ਵਿੱਚੋਂ ਮਨੌਤ ('ਮੈਂ') ਛੱਡ ਕੇ ਤੇਰੇ ਦਰਬਾਰ ਦੀ ਸ਼ਰਨ ਵਿੱਚ ਪਏ ਹਨ। ਜੀ! ਤੂੰ ਇੱਕ ਹੈਂ ਪਰ ਤੇਰੇ ਨਾਮ ਅਨੇਕ ਹਨ; ਸਾਰੀ ਸ੍ਰਿਸ਼ਟੀ ਬਹੁਤ ਗਿਣਤੀ ਵਿੱਚ ਤੈਨੂੰ ਸਿਮਰਦੀ ਹੈ॥ ੭੦ ॥ ੧੮੬ ॥

ਮਨੀ :- ਮਾਰ ਮਣੀ ਕਰ ਫੀਕੀ।

ਦੋਹਰਾ ॥
ਕਿਉਂ ਸਹੀਐ ਜਮ ਤ੍ਰਾਸ ਜੋ ਜਪੀਐ ਕਰਤਾਰ ਗੁਨਿ ॥
ਮੁਕਤ ਭਏ ਨਰ ਸੋਇ ਜਿਨ ਅੰਤਰ ਭਈ ਏਕ ਧੁਨਿ ॥ ੭੧ ॥ ੧੮੭ ॥

ਜੇ ਕਰਤਾਰ ਦੇ ਗੁਣ ਜਪੀਏ, ਤਾਂ ਯਮਦੂਤਾਂ ਦਾ ਡਰ ਕਿਉਂ ਸਹਿਣਾ ਪਵੇ? (ਭਾਵ, ਕਰਤਾਰ ਦੇ ਗੁਣ ਜਪਣ ਨਾਲ ਯਮਦੂਤਾਂ ਦਾ ਡਰ ਨਹੀਂ ਸਹਿਣਾ ਪੈਂਦਾ)। ਉਹੀ ਮਨੁੱਖ ਮੁਕਤ ਹੋ ਜਾਂਦੇ ਹਨ, ਜਿਨ੍ਹਾਂ ਦੇ ਹਿਰਦੇ ਅੰਦਰ ਇੱਕ (ਨਾਮ ਦੀ ਅਨਾਹਤ) ਧੁਨੀ ਲੱਗ ਜਾਂਦੀ ਹੈ॥ ੭੧ ॥ ੧੮੭ ॥

ਪਉੜੀ ॥
ਜਹਾਂ ਦੂਤਨ ਕੋ ਤ੍ਰਾਸ ਪਰਤ ਜਮਜਾਲ ਸਾ ॥
ਸਾਚਾ ਨਾਮ ਪੁਨੀਤ ਓਟ ਭਈ ਢਾਲ ਸਾ ॥
ਬਿਨਸੈ ਸਗਲ ਕਲੇਸ ਗਯੋ ਜੰਜਾਲ ਸਾ ॥
ਚੂਕਯੋ ਆਵਨ ਜਾਨ ਮਿਟੀ ਸਬ ਲਾਲਸਾ ॥
ਜੀ, ਖਾਲਸ ਜਪਿ ਗੋਬਿੰਦ ਭਯੋ ਹੈ ਖਾਲਸਾ ॥ ੭੨ ॥ ੧੮੮ ॥

ਜਿੱਥੇ (ਮੌਤ ਵੇਲੇ) ਦੂਤਾਂ ਦਾ ਡਰ ਅਤੇ ਜਮਾਂ ਦਾ ਜਾਲ ਪੈਂਦਾ ਹੈ, ਉੱਥੇ ਸੱਚਾ ਅਤੇ ਪਵਿੱਤਰ ਨਾਮ ਢਾਲ ਬਣ ਕੇ ਰੱਖਿਆ ਕਰਦਾ ਹੈ। (ਨਾਮ ਜਪਣ ਨਾਲ) ਸਾਰੇ ਕਲੇਸ਼ ਨਾਸ ਹੋ ਜਾਂਦੇ ਹਨ ਅਤੇ ਸਾਰੇ ਜੰਜਾਲ ਖਤਮ ਹੋ ਜਾਂਦੇ ਹਨ। ਜਨਮ-ਮਰਨ ਦਾ ਗੇੜ ਮੁੱਕ ਜਾਂਦਾ ਹੈ ਅਤੇ ਸਾਰੀ ਲਾਲਸਾ ਮਿਟ ਜਾਂਦੀ ਹੈ। ਹੇ ਪ੍ਰਭੂ ਜੀ! ਗੋਬਿੰਦ ਨੂੰ ਜਪ ਕੇ (ਸਿੱਖ) (ਵਾਹਿਗੁਰੂ ਜੀ ਦਾ) 'ਖਾਲਸਾ' ਹੋ ਗਿਆ ਹੈ॥ ੭੨ ॥ ੧੮੮ ॥

ਮਧੁਭਾਰ ਛੰਦ ॥
ਹੋ ਕੈ ਉਚਾਸ ॥ ਖਾਲਸ ਪ੍ਰਗਾਸ ॥
ਅਪਰੰ ਅਪਾਰ ॥ ਸੰਭਾਰਵਾਰ ॥ ੭੩ ॥ ੧੮੯ ॥

(ਸੁੱਖਾਂ ਤੇ ਦੁੱਖਾਂ ਤੋਂ ਉਦਾਸੀਨ (ਭਾਵ, ਨਿਰਲੇਪ) ਹੋ ਕੇ ਖਾਲਸਾ ਪ੍ਰਗਟ ਹੋਇਆ ॥ ਬੇਅੰਤ ਅਤੇ ਅਪਾਰ (ਗੁਰੂ ਜੀ ਆਪ ਹੀ ਇਸਨੂੰ) ਸੰਭਾਲਣ ਵਾਲੇ ਹਨ ॥ ੭੩ ॥ ੧੮੯ ॥

ਗੁਰ ਬਚਨ ਕੀਨ ॥ ਸੁਨ ਸਬਨ ਲੀਨ ॥
ਰਿਦ ਮਾਹਿ ਧਾਰਿ ॥ ਕੀਨੋ ਬਿਚਾਰ ॥ ੭੪ ॥ ੧੯੦ ॥

ਗੁਰੂ ਸਾਹਿਬ ਨੇ ਬਚਨ ਕੀਤਾ ॥ ਸਾਰਿਆਂ ਨੇ ਸੁਣ ਲਿਆ ॥ ਹਿਰਦੇ ਵਿੱਚ ਧਾਰ ਕੇ ॥ (ਉਸ 'ਤੇ) ਵਿਚਾਰ ਕੀਤਾ ॥ ੭੪ ॥ ੧੯੦ ॥

ਤਜੀਐ ਮਸੰਦ ॥ ਸਬ ਤੋਰ ਫੰਦ ॥
ਤਜਿ ਪੰਚ ਸੰਗਿ ॥ ਰਚਿ ਏਕ ਰੰਗ ॥ ੭੫ ॥ ੧੯੧ ॥

ਮਸੰਦਾਂ ਨੂੰ ਤਿਆਗੋ ॥ ਸਾਰੇ ਜਾਲ ਤੋੜੋ ॥ ਪੰਜਾਂ (ਮੇਲਾਂ) ਦਾ ਸਾਥ ਛੱਡੋ ॥ ਇੱਕ (ਪ੍ਰਭੂ) ਦੇ ਰੰਗ ਵਿੱਚ ਰੰਗੇ ਜਾਓ ॥ ੭੫ ॥ ੧੯੧ ॥

ਖਾਲਸ ਸਰੂਪ ॥ ਅਨੂਪ ਰੂਪ ॥
ਗਹਿ ਤੇਗ ਲੀਨ ॥ ਅਤਿ ਜੁੱਧ ਕੀਨ ॥ ੭੬ ॥ ੧੯੨ ॥

(ਖਾਲਸੇ) ਦਾ ਸਰੂਪ ਸ਼ੁੱਧ ਹੈ ॥ ਸੁੰਦਰ ਅਤੇ ਵਿਲੱਖਣ ਰੂਪ ਹੈ ॥ (ਉਸਨੇ) ਤੇਗ ਪਕੜ ਲਈ ॥ (ਅਤੇ) ਬਹੁਤ ਯੁੱਧ ਕੀਤੇ ॥ ੭੬ ॥ ੧੯੨ ॥

ਕੇਤੇ ਡਕਾਰ ॥ ਤਾ ਕੋ ਬਿਥਾਰ ॥
ਜੋਧਾ ਅਪਾਰ ॥ ਕਰਿ ਜੁੱਧਿ ਸਾਰ ॥ ੭੭ ॥ ੧੯੩ ॥

ਕਿੰਨੇ ਹੀ (ਨਗਾਰਿਆਂ ਦੇ ਡੰਕਿਆਂ ਦੀ) ਧੁੰਨ ਹੈ॥ ਉਸਦਾ ਕੀ ਵਿਸਥਾਰ ਕਰੀਏ ॥ ਬੇਅੰਤ ਯੋਧੇ ਹਨ, ਜਿਨ੍ਹਾਂ ਨੇ ਸ੍ਰੇਸ਼ਠ ਯੁੱਧ ਕੀਤੇ ॥ ੭੭ ॥ ੧੯੩ ॥

ਟਿੱਪਣੀ:- ਲਫ਼ਜ਼ 'ਡਕਾਰ' ਇੱਥੇ 'ਡੰਕਾਰ' ਦੇ ਅਰਥ ਵਿੱਚ ਹੈ, ਜਿਸਦਾ ਭਾਵ, ਡੰਕੇ ਦੀ ਧੁੰਨ ਹੈ। ਇਸ ਤੋਂ ਇਲਾਵਾ, ਡਕਾਰ ਦੀ ਜਗ੍ਹਾ 'ਪ੍ਰਕਾਰ' ਪਾਠ ਭੇਦ ਵੀ ਮਿਲਦਾ ਹੈ

ਬਿਬੇਕੰ ਬਿਚਾਰ ॥ ਤਨਖਾਹ ਧਾਰ ॥
ਬਸੁਧਾ ਸੁਧਾਰ ॥ ਕਰਿ ਜਗਤ ਸਾਰ ॥ ੭੮ ॥ ੧੯੪ ॥

ਗਿਆਨ ਦੀ ਵਿਚਾਰ ਕਰਦੇ ਹਨ ॥ 'ਤਨਖਾਹ' (ਰਹਿਤ ਦੀ ਉਲੰਘਣਾ 'ਤੇ ਸਜ਼ਾ) ਕਬੂਲ ਕਰਦੇ ਹਨ ॥ ਧਰਤੀ (ਦੇ ਪਾਪੀਆਂ) ਨੂੰ ਸੁਧਾਰਦੇ ਹਨ ॥ ਅਤੇ ਜਗਤ ਦੀ ਸੰਭਾਲ ਕਰਦੇ ਹਨ ॥ ੭੮ ॥ ੧੯੪ ॥

ਪਾਸਾ ਸੁਢਾਰ ॥ ਖੇਲੇ ਖਿਲਾਰ ॥
ਨਗਰੰ ਅਪਾਰੁ ॥ ਤਿਨ ਕੇ ਮਝਾਰ ॥ ੭੯ ॥ ੧੯੫ ॥

ਸੋਹਣੀ ਤਰ੍ਹਾਂ ਪਾਸਾ ਸੁੱਟ ਕੇ ॥ (ਇਹ) ਖਿਡਾਰੀ (ਜੀਵਨ ਦੀ) ਖੇਡ ਖੇਡਦੇ ਹਨ ॥ ਅਨੇਕਾਂ ਨਗਰ ਹਨ, ਉਨ੍ਹਾਂ (ਨਗਰਾਂ) ਵਿੱਚ ਉਹ (ਵਿਚਰਦੇ) ਹਨ ॥ ੭੯ ॥ ੧੯੫ ॥

ਅਨੰਦ ਰੂਪ ॥ ਸੁੰਦਰ ਸਰੂਪ ॥
ਐਸੇ ਨਿਹਾਰ ॥ ਗੁਰੂ ਕੇਸ ਧਾਰ ॥ ੮੦ ॥ ੧੯੬ ॥

(ਉਹ) ਆਨੰਦ ਦਾ ਰੂਪ ਹਨ। (ਉਹ) ਸੁੰਦਰ ਸਰੂਪ (ਵਾਲੇ ਹਨ)॥ ਅਜਿਹੇ ਦਿਸਦੇ ਹਨ ॥ ਗੁਰੂ ਜੀ ਕੇਸਾਂ ਨੂੰ ਧਾਰਨ ਕਰਨ ਵਾਲੇ ਹਨ ॥ ੮੦ ॥ ੧੯੬ ॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥ ਬਚਨ ਪ੍ਰਗਾਸ ਬਰਨਨੰ ਪੰਚਮੋ ਧਿਆਇ ਸੰਪੂਰਨ ਮਸਤੁ ਸੁਭਮਸਤ ॥ ੫ ॥

ਇਸ ਤਰ੍ਹਾਂ 'ਸ੍ਰੀ ਗੁਰੂ ਸੋਭਾ' ਗ੍ਰੰਥ ਦਾ, 'ਬਚਨ ਦੇ ਪ੍ਰਕਾਸ਼' ਦਾ ਵਰਣਨ ਕਰਨ ਵਾਲਾ, ਪੰਜਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸਭ ਸ਼ੁਭ ਅਤੇ ਮੰਗਲਮਈ ਹੋਵੇ॥ ੫ ॥

*****

ਅਧਿਆਇ ੬

ਕਬਿਤੁ ॥
**ਬਚਨ ਕਿਯੋ ਕਰਨਹਾਰ ਸੰਤਨ ਕਿਯੋ ਬਿਚਾਰ**
ਸੁਪਨੋ ਸੰਸਾਰੁ ਕਾਹੇ ਲਪਟਾਈਐ ॥
ਬਿਖਿਯਨ ਸੋ ਤਜਿ ਸਨੇਹ ਸਤਿਗੁਰੁ ਕੀ ਸਿਖ ਲੇਹ ਬਿਨਸੈ ਛਿਨ ਮਾਹਿ ਦੇਹਿ ਜਮਪੁਰਿ ਨ ਜਾਈਐ ॥
ਸੀਸ ਨਾ ਮੁੰਡਾਵ ਮੀਤ ਹੁੱਕਾ ਤਜਿ ਭਲੀ ਰੀਤਿ ਮਨ ਮੈ ਕਰਿ ਪ੍ਰੇਮ ਪ੍ਰੀਤਿ ਸੰਗਤਿ ਮੈ ਜਾਈਐ ॥
ਜੀਵਨ ਦਿਨ ਚਾਰ ਸਮਝ ਦੇਖਿ ਬੂਝ ਮਨ ਬਿਚਾਰ ਵਾਹਗੁਰੂ ਗੁਰੂ ਜੀ ਕਾ ਖਾਲਸਾ ਕਮਾਈਐ ॥ ੧ ॥ ੧੯੭ ॥

ਕਰਨਹਾਰ (ਗੁਰੂ) ਨੇ ਬਚਨ ਕੀਤਾ ਅਤੇ ਸੰਤਾਂ (ਗੁਰਸਿੱਖਾਂ) ਨੇ ਉਸ 'ਤੇ ਵਿਚਾਰ ਕੀਤੀ। (ਬਚਨ ਇਹ ਸੀ ਕਿ) ਸੰਸਾਰ ਇੱਕ ਸੁਪਨੇ (ਵਾਂਗੂੰ ਨਸ਼ਟ ਹੋ ਜਾਣ ਵਾਲਾ ਹੈ, ਇਸਲਈ ਇਸ ਨਾਲ਼ ) ਕਿਉਂ ਚਿੰਬੜਿਆ ਜਾਵੇ? ਵਿਸ਼ੇ-ਵਿਕਾਰਾਂ ਦਾ ਮੋਹ ਤਿਆਗ ਕੇ ਸਤਿਗੁਰੂ ਦੀ ਸਿੱਖਿਆ ਲੈ, (ਕਿਉਂਕਿ) ਇਹ ਸਰੀਰ ਪਲ ਵਿੱਚ ਨਾਸ ਹੋ ਜਾਣ ਵਾਲਾ ਹੈ, (ਸਿੱਖਿਆ ਮੰਨ ਕੇ) ਜਮਪੁਰੀ ਨਹੀਂ ਜਾਣਾ ਪਵੇਗਾ। ਹੇ ਮਿੱਤਰ! ਸਿਰ ਨਾ ਮੁੰਡਾ, ਹੁੱਕਾ ਤਿਆਗਣ ਦੀ ਚੰਗੀ ਰੀਤ ਅਪਣਾ, ਮਨ ਵਿੱਚ ਪ੍ਰੇਮ-ਪ੍ਰੀਤ ਧਾਰ ਕੇ ਸੰਗਤ ਵਿੱਚ ਜਾ। ਜੀਵਨ ਨੂੰ ਚਾਰ ਦਿਨਾਂ ਦਾ ਸਮਝ ਕੇ, ਆਪਣੇ ਮਨ ਵਿੱਚ ਦੇਖ-ਸਮਝ ਕੇ ਵਿਚਾਰ ਕਰ ਅਤੇ 'ਵਾਹਿਗੁਰੂ ਜੀ ਕਾ ਖਾਲਸਾ' ਬਣਨ ਦੀ ਕਮਾਈ ਕਰ॥ ੧ ॥ ੧੯੭ ॥

ਟਿੱਪਣੀ:- ਇਹ ਕਬਿੱਤ ਖਾਲਸਾਈ ਜੀਵਨ-ਜਾਚ ਦਾ ਸਾਰ ਹੈ। ਗੁਰੂ ਜੀ ਦਾ ਹੁਕਮ ਹੈ ਕਿ ਸੰਸਾਰ ਨੂੰ ਨਾਸ਼ਵਾਨ ਸਮਝੋ, ਵਿਕਾਰਾਂ ਨੂੰ ਤਿਆਗੋ, ਕੇਸਾਂ ਦੀ ਬੇਅਦਬੀ ਨਾ ਕਰੋ, ਤੰਬਾਕੂ ਨਾ ਵਰਤੋ ਅਤੇ ਪ੍ਰੇਮ ਨਾਲ ਸੰਗਤ ਕਰੋ। ਇਸ ਛੋਟੇ ਜਿਹੇ ਜੀਵਨ ਵਿੱਚ ਇਹ ਕਮਾਈ ਕਰਕੇ ਵਾਹਿਗੁਰੂ ਦੇ ਖਾਲਸੇ ਬਣੋ।

ਦੋਹਰਾ ॥

ਤਬ ਦਿੱਲੀ ਮੈਂ ਆਇ ਕੈ ਸਭ ਸੋ ਕਹੀ ਸੁਨਾਇ ॥
ਕੇਤਨ ਮਾਨੀ ਪ੍ਰੀਤਿ ਕਰਿ ਕੇਤਨ ਦਈ ਭੁਲਾਇ ॥ ੨ ॥ ੧੯੮ ॥

ਤਦ (ਅਨੰਦਪੁਰ ਸਾਹਿਬ ਤੋਂ ਪਰਤ ਕੇ ਆਏ ਸਿੱਖਾਂ ਨੇ) ਦਿੱਲੀ ਵਿੱਚ ਆ ਕੇ ਸਾਰਿਆਂ ਨੂੰ ਇਹ ਗੱਲ (ਨਵੀਂ ਰਹਿਤ) ਸੁਣਾਈ। ਕਈਆਂ ਨੇ ਪ੍ਰੀਤ ਨਾਲ ਇਸਨੂੰ ਮੰਨ ਲਿਆ ਅਤੇ ਕਈਆਂ ਨੇ ਇਸਨੂੰ ਭੁਲਾ ਦਿੱਤਾ (ਅਣਸੁਣਿਆ ਕਰ ਦਿੱਤਾ)॥ ੨ ॥ ੧੯੮ ॥

ਟਿੱਪਣੀ:- ਇੱਥੋਂ ਕਥਾ ਦਾ ਮੁੱਖ ਵਿਸ਼ਾ ਸ਼ੁਰੂ ਹੁੰਦਾ ਹੈ। ਜਦੋਂ ਖਾਲਸਾਈ ਰਹਿਤ ਦਾ ਸੁਨੇਹਾ ਦਿੱਲੀ ਪਹੁੰਚਿਆ, ਤਾਂ ਸੰਗਤ ਵਿੱਚ ਦੋ ਧੜੇ ਬਣ ਗਏ: ਇੱਕ ਉਹ, ਜਿਨ੍ਹਾਂ ਨੇ ਖੁਸ਼ੀ-ਖੁਸ਼ੀ ਹੁਕਮ ਮੰਨਿਆ ਅਤੇ ਦੂਜੇ ਉਹ ਜਿਨ੍ਹਾਂ ਨੇ ਇਸਨੂੰ ਨਜ਼ਰਅੰਦਾਜ਼ ਕਰ ਦਿੱਤਾ।

ਦੋਹਰਾ ॥
ਬਰਨਤ ਆਗੇ ਕੀ ਕਥਾ ਭਈ ਨਗਰ ਮੈ ਸੋਇ ॥
ਕਰਨਹਾਰ ਕਰਤਾ ਧਨੀ ਜੋ ਕਛੁ ਕਰੈ ਸੋ ਹੋਇ ॥ ੩ ॥ ੧੯੯ ॥

(ਕਵੀ ਜੀ ਲਿੱਖਦੇ ਹਨ ਕਿ ਮੈਂ) ਹੁਣ ਅੱਗੇ ਉਸ ਕਥਾ ਦਾ ਵਰਣਨ ਕਰਦਾ ਹਾਂ, ਜੋ ਉਸ ਨਗਰ (ਦਿੱਲੀ) ਵਿੱਚ ਵਾਪਰੀ। ਮਾਲਕ, ਕਰਤਾ ਅਤੇ ਕਰਨਹਾਰ ਪ੍ਰਭੂ ਜੋ ਕੁਝ ਕਰਦਾ ਹੈ, ਉਹੀ ਹੁੰਦਾ ਹੈ॥ ੩ ॥ ੧੯੯ ॥

ਚੌਪਈ ॥
ਦਰਸਨ ਤੇ ਜਬ ਸੰਗਤਿ ਆਈ ॥ ਗੁਪਤ ਬਾਤ ਲੈ ਪ੍ਰਗਟ ਸੁਨਾਈ ॥
ਕਿਯੋ ਬਿਬੇਕ ਧਰਮ ਤਹਾਂ ਸਾਲਾ ॥ ਸੁਨਿ ਬਿਬੇਕ ਸਿੱਖਨ ਸਭ ਪਾਲਾ ॥
੪ ॥ ੨੦੦ ॥

ਜਦੋਂ ਸੰਗਤ (ਅਨੰਦਪੁਰ ਤੋਂ) ਦਰਸ਼ਨ ਕਰਕੇ ਵਾਪਸ ਆਈ, ਤਾਂ ਉਸਨੇ ਉਹ ਗੁਪਤ ਗੱਲ (ਖਾਲਸਾ ਸਾਜਨਾ ਦਾ ਭੇਤ) ਸਭ ਨੂੰ ਖੋਲ੍ਹ ਕੇ ਸੁਣਾਈ। ਉੱਥੇ (ਦਿੱਲੀ ਵਿੱਚ ਸਿੱਖਾਂ ਦੀ) ਧਰਮਸ਼ਾਲਾ ਵਿੱਚ (ਖ਼ਾਲਸੇ ਦੀ ਨਵੀਂ ਦੱਸੀ ਗਈ ਰਹਿਤ ਬਾਰੇ) ਵਿਚਾਰ ਕੀਤੀ ਗਈ। ਸਿੱਖਾਂ ਨੇ ਉਸ ਰਹਿਤ (ਬਿਬੇਕ) ਨੂੰ ਸੁਣ ਕੇ ਉਸਦੀ ਪਾਲਣਾ ਕੀਤੀ॥ ੪ ॥ ੨੦੦ ॥

ਚੌਪਈ ॥
ਕਰਿ ਪਾਹੁਲ ਸਬ ਸੰਗਤਿ ਚਾਖੀ ॥ ਪਾਂਚ ਪਾਂਚ ਸਿਖ ਕਿਯੇ ਸਾਖੀ ॥
ਖਤ੍ਰੀ ਬ੍ਰਾਹਮਣ ਦੁਇ ਰਹੈ ਨਿਰਾਰਾ ॥ ਉਨ ਅਪਨੇ ਮਨ ਮਾਹਿ ਬਿਚਾਰਾ
॥ ੫ ॥ ੨੦੧ ॥

ਸਾਰੀ ਸੰਗਤ ਨੇ ਪਾਹੁਲ ਤਿਆਰ ਕਰਕੇ ਛਕੀ ਅਤੇ ਪੰਜ-ਪੰਜ ਸਿੱਖਾਂ ਨੂੰ (ਇਸ ਕਾਰਜ ਦਾ) ਗਵਾਹ ਬਣਾਇਆ। (ਪਰ) ਖੱਤਰੀ ਅਤੇ ਬ੍ਰਾਹਮਣ, ਦੋਵੇਂ (ਇਸ ਤੋਂ) ਵੱਖਰੇ ਰਹੇ। ਉਨ੍ਹਾਂ ਨੇ ਆਪਣੇ ਮਨ ਵਿੱਚ ਵਿਚਾਰ ਕੀਤਾ (ਅਗਲੇ ਛੰਦ ਵਿੱਚ ਉਸ ਵਿਚਾਰ ਦਾ ਜ਼ਿਕਰ ਹੈ)॥ ੫ ॥ ੨੦੧ ॥

ਟਿੱਪਣੀ:- 'ਪਾਂਚ ਪਾਂਚ ਸਿਖ ਕਿਯੇ ਸਾਖੀ', ਦਾ ਸ਼ਾਬਦਿਕ ਅਰਥ ਹੈ, 'ਪੰਜ-ਪੰਜ ਸਿੱਖਾਂ ਨੂੰ ਗਵਾਹ ਬਣਾਇਆ'। ਇਸ ਪੰਕਤੀ ਦਾ ਅੰਤ੍ਰੀਵ ਭਾਵ ਇਹ ਹੈ ਕਿ ਪੰਜ ਸਿੰਘਾਂ ਨੇ ਪਾਹੁਲ ਦਿੱਤੀ।

ਚੌਪਈ ॥
ਬ੍ਰਾਹਮਣ ਹੋਇ ਕੈ ਭਦਰ ਨ ਕੀਜੈ ॥ ਜਗ ਮੈ ਸੋਭ ਕਵਨ ਬਿਧਿ ਲੀਜੈ ॥
ਇਹ ਬਿਧਿ ਅਨਿਕ ਭਰਮ ਭਰਮਾਨੇ ॥ ਕਰਨਹਾਰ ਕੇ ਬਚਨ ਭੁਲਾਨੇ ॥
੬ ॥ ੨੦੨ ॥

(ਉਹ ਸੋਚਣ ਲੱਗੇ ਕਿ) ਬ੍ਰਾਹਮਣ ਹੋ ਕੇ ਜੇ ਭੱਦਰ (ਮੁੰਡਨ ਦੀ ਰਸਮ) ਨਹੀਂ ਕਰਾਂਗੇ, ਤਾਂ ਸੰਸਾਰ ਵਿੱਚ ਸ਼ੋਭਾ ਕਿਸ ਤਰ੍ਹਾਂ ਪਾਵਾਂਗੇ? ਇਸ ਤਰ੍ਹਾਂ ਦੇ ਅਨੇਕਾਂ ਭਰਮਾਂ ਵਿੱਚ ਉਹ ਭਟਕ ਗਏ ਅਤੇ ਕਰਨਹਾਰ (ਗੁਰੂ) ਦੇ ਬਚਨਾਂ ਨੂੰ ਭੁਲਾ ਬੈਠੇ॥ ੬ ॥ ੨੦੨ ॥

ਚੌਪਈ ॥
ਕੇਤਕ ਕਹਤ ਬਚਨ ਅਤਿ ਭਾਰੀ ॥ ਕੁਲਾ ਕਰਮ ਛੂਟਤ ਬਿਉਹਾਰੀ ॥
ਕੇਤਕ ਕਹਤ ਇਨੈ ਮਤ ਕੀਨਾ ॥ ਸਤਿਗੁਰੁ ਹੁਕਮ ਨਹੀ ਕਛੁ ਦੀਨਾ ॥
੭ ॥ ੨੦੩ ॥

(ਖੰਡੇ ਦੀ ਪਾਹੁਲ ਲੈਣ ਤੋਂ ਇਨਕਾਰੀ ਹੋਏ) ਕਈ (ਸਿੱਖ) ਕਹਿਣ ਲੱਗੇ ਕਿ (ਗੁਰੂ ਜੀ ਵੱਲੋਂ ਸ਼ੁਰੂ ਕੀਤੀ ਰਹਿਤ ਦੇ) ਇਹ ਬਚਨ ਬਹੁਤ ਔਖੇ ਹਨ। (ਇਨ੍ਹਾਂ ਨੂੰ ਮੰਨਣ ਨਾਲ) ਸਾਡੇ ਕੁਲ ਦੇ ਕਰਮ-(ਕਾਂਡ) ਤੇ (ਰੀਤਾਂ ਆਦਿ)

ਵਿਹਾਰ ਛੁੱਟ ਜਾਣਗੇ। ਕਈ ਕਹਿਣ ਲੱਗੇ ਕਿ ਇਹ ਤਾਂ (ਅਨੰਦਪੁਰ ਤੋਂ ਵਾਪਸ ਆਏ ਇਨ੍ਹਾਂ (ਸਿੱਖਾਂ) ਨੇ ਆਪਣੀ ਮਰਜ਼ੀ ਨਾਲ (ਹੀ ਨਵੀਂ ਰਹਿਤ ਦਾ ਇਹ ਪ੍ਰਚਾਰ) ਕੀਤਾ ਹੈ, ਸਤਿਗੁਰੂ ਨੇ ਅਜਿਹਾ ਕੋਈ ਹੁਕਮ ਨਹੀਂ ਦਿੱਤਾ॥ ੭ ॥ ੨੦੩ ॥

ਟਿੱਪਣੀ:- ਗੁਰੂ ਸਾਹਿਬ ਵੱਲੋਂ ਦੱਸੀ ਗਈ ਰਹਿਤ ਨਾ ਮੰਨਣ ਵਾਲੇ ਲੋਕ ਤਰ੍ਹਾਂ-ਤਰ੍ਹਾਂ ਦੇ ਬਹਾਨੇ ਬਣਾ ਰਹੇ ਸਨ। ਕੋਈ ਇਸ ਰਹਿਤ ਨੂੰ ਔਖਾ ਕਹਿ ਰਿਹਾ ਸੀ, ਕੋਈ ਇਸਨੂੰ ਆਪਣੀ ਕੁੱਲ ਪਰੰਪਰਾ ਦੇ ਵਿਰੁੱਧ ਦੱਸ ਰਿਹਾ ਸੀ, ਅਤੇ ਕੋਈ ਇਸ ਹੁਕਮ ਦੀ ਪ੍ਰਮਾਣਿਕਤਾ 'ਤੇ ਹੀ ਸ਼ੱਕ ਕਰ ਰਿਹਾ ਸੀ।

ਇਹ ਸੰਭਵ ਹੈ ਕਿ ਇਹਨਾਂ ਵਿੱਚੋਂ ਬਹੁਤੇ ਲੋਕਾਂ ਨੂੰ ਕੇਸਧਾਰੀ ਹੋਣ ਵਿੱਚ ਕੋਈ ਸਮੱਸਿਆ ਨਾ ਨਜ਼ਰ ਆਉਂਦੀ ਹੋਵੇ, ਪਰ ਉਨਾਂ ਦੀ ਝਿਝਕ ਦਾ ਮੁੱਖ ਕਾਰਣ ਮੁੰਡਨ ਦੀ ਰਸਮ ਬੰਦ ਕਰਨ ਤੋਂ ਸੀ, ਜੋ ਕਿ ਬੱਚੇ ਦੇ ਜਨਮ ਤੋਂ ਬਾਅਦ ਦੀ ਮਹੱਤਵਪੂਰਨ ਰਸਮ ਹੈ। ਇਸ ਤੋਂ ਇਲਾਵਾ ਮਾਤਾ ਜਾਂ ਪਿਤਾ ਦੇ ਮਰਨ ਮਗਰੋਂ ਵੀ ਪੁੱਤਰ ਵੱਲੋਂ ਮੁੰਡਨ ਦੀ ਰਸਮ ਕੀਤੀ ਜਾਂਦੀ ਹੈ। ਇਹਨਾਂ ਲੋਕਾਂ ਦੇ ਮਨ ਵਿੱਚ ਇਹ ਵਿਚਾਰ ਆ ਗਿਆ ਕਿ ਜੇ ਅਸੀਂ ਸਦੀਆਂ ਤੋਂ ਚੱਲੀ ਆ ਰਹੀ ਮੁੰਡਨ ਦੀ ਰਸਮ ਨੂੰ ਛੱਡ ਦਵਾਂਗੇ ਤਾਂ ਬ੍ਰਾਹਮਣ ਅਤੇ ਖਤਰੀ ਸਮਾਜ ਵਿੱਚ ਸਾਡੀ ਪ੍ਰਤਿਸ਼ਠਾ ਖਤਮ ਹੋ ਜਾਏਗੀ।

ਚੌਪਈ ॥
ਕੇਤਕ ਕਹਤ ਲਿਖਾ ਕਛੁ ਆਵੈ ॥ ਤਬ ਯਹ ਬਚਨ ਕਮਾਯਾ ਜਾਵੈ ॥
ਕੇਤਕ ਸੁਨਿ ਕੈ ਪ੍ਰੀਤਿ ਲਗਾਈ ॥ ਤਿਨਹੂ ਠਉਰ ਜਗਤ ਮੈ ਪਾਈ ॥ ੮ ॥ ੨੦੪ ॥

ਕਈ ਕਹਿਣ ਲੱਗੇ ਕਿ ਜਦੋਂ (ਗੁਰੂ ਜੀ ਵੱਲੋਂ) ਕੁਝ ਲਿਖਤੀ (ਹੁਕਮਨਾਮਾ) ਆਵੇਗਾ, ਤਦ (ਰਹਿਤ ਬਾਰੇ) ਇਹ ਬਚਨ ਮੰਨਿਆ ਜਾ ਸਕਦਾ ਹੈ। (ਪਰ) ਕਈਆਂ ਨੇ (ਇਹ ਬਹਾਨੇ ਛੱਡ ਕੇ) ਸੁਣਦਿਆਂ ਸਾਰ ਹੀ (ਬਚਨਾਂ ਨਾਲ) ਪ੍ਰੀਤ ਪਾ ਲਈ, ਅਤੇ ਉਨ੍ਹਾਂ ਨੇ ਹੀ ਸੰਸਾਰ ਵਿੱਚ ਇੱਜ਼ਤ-ਮਾਣ ਪ੍ਰਾਪਤ ਕੀਤਾ॥ ੮ ॥ ੨੦੪ ॥

ਕੇਤਕ ਸੁਨਿ ਕੈ ਕੁਟੰਬ ਤਿਆਗੇ ॥ ਜਿਨ ਕੌ ਬਚਨ ਅਮੋਲਕ ਲਾਗੇ ॥
ਅੰਗ ਸੰਗ ਤਿਨ ਕੇ ਪ੍ਰਭੁ ਜਾਨੋ ॥ ਪ੍ਰਭੁ ਸੰਗੀ ਤੇਈ ਪਹਿਚਾਨੋ ॥ ੯ ॥ ੨੦੫ ॥

ਜਿਨ੍ਹਾਂ ਨੂੰ ਗੁਰੂ ਦੇ ਬਚਨ ਅਮੋਲਕ ਲੱਗੇ, ਉਹਨਾਂ ਕਈਆਂ ਨੇ (ਤਾਂ) ਹੁਕਮ ਸੁਣ ਕੇ (ਗੁਰੂ ਪ੍ਰੇਮ ਵਿੱਚ) ਆਪਣੇ ਪਰਿਵਾਰ (ਦੀ ਕੁੱਲ ਪਰੰਪਰਾ) ਨੂੰ ਤਿਆਗ ਦਿੱਤਾ। ਜਾਣ ਲਵੋ ਕਿ ਪ੍ਰਭੂ ਉਨ੍ਹਾਂ ਦੇ ਹਮੇਸ਼ਾ ਨਾਲ ਰਹਿੰਦਾ ਹੈ। ਉਹੀ ਪ੍ਰਭੂ ਦੇ ਅਸਲ ਸਾਥੀ ਪਛਾਣੇ ਜਾਂਦੇ ਹਨ॥ ੯ ॥ ੨੦੫ ॥

ਦੋਹਰਾ ॥
ਪ੍ਰਭੁ ਤਿਹ ਨਿਕਟਿ ਬਖਾਨਿਯੈ ਜਿਨਿ ਅੰਤਰਿ ਪ੍ਰਤੀਤਿ ॥
ਪ੍ਰੀਤਿ ਬਿਨਾ ਕਿਵ ਪਾਇਯੈ ਜਾਹਿ ਕੋਟਿ ਜੁਗ ਬੀਤਿ ॥ ੧੦ ॥ ੨੦੬ ॥

ਪ੍ਰਭੂ ਉਸੇ ਦੇ ਨੇੜੇ ਦੱਸਿਆ ਜਾਂਦਾ ਹੈ, ਜਿਸਦੇ ਹਿਰਦੇ ਵਿੱਚ ਵਿਸ਼ਵਾਸ ਹੋਵੇ। ਪ੍ਰੀਤ ਤੋਂ ਬਿਨਾਂ ਉਸਨੂੰ ਕਿਵੇਂ ਪਾਇਆ ਜਾ ਸਕਦਾ ਹੈ, ਭਾਵੇਂ ਕਰੋੜਾਂ ਯੁੱਗ ਬੀਤ ਜਾਣ॥ ੧੦ ॥ ੨੦੬ ॥

ਚੌਪਈ ।।
ਧਰਮਸਾਲ ਸੰਗਤਿ ਜਬ ਆਵੈ ।। ਦਰਸਨ ਪਾਰਬ੍ਰਹਮ ਕੋ ਪਾਵੈ ।।
ਗੁਰੁ ਸੰਗਤਿ ਕਛੁ ਭੇਦ ਨ ਹੋਈ ।। ਮੁਨਿ ਜਨ ਕਥਾ ਬਖਾਨਤ ਸੋਈ ।। ੧੧ ।। ੨੦੭ ।।

ਜਦੋਂ ਧਰਮਸਾਲਾ ਵਿੱਚ ਸੰਗਤ ਕਰਨ ਲਈ ਆਉਂਦੀ ਹੈ, ਤਾਂ (ਉਹ ਪ੍ਰਤੱਖ) ਪਾਰਬ੍ਰਹਮ ਦੇ ਦਰਸ਼ਨ ਪ੍ਰਾਪਤ ਕਰਦਾ ਹੈ। ਗੁਰੂ ਅਤੇ ਸੰਗਤ ਵਿੱਚ ਕੋਈ ਅੰਤਰ ਨਹੀਂ ਹੁੰਦਾ; (ਸਾਰੇ) ਮੁਨੀ-ਜਨ (ਵੀ) ਇਹੀ ਗੱਲ ਬਿਆਨ ਕਰਦੇ ਹਨ ॥੧੧॥੨੦੭॥

ਕਰਿ ਦਰਸਨ ਦੁਰਮਤਿ ਮਲ ਛੀਜੈ ।। ਉਪਜੈ ਗਜਾਨ ਭਲਾ ਕਛੁ ਕੀਜੈ ।।
ਇੱਛਾ ਮਨ ਮੈ ਜੋ ਕਛੁ ਆਵੈ ।। ਕਰਿ ਅਰਦਾਸ ਤੁਰਤ ਹੀ ਪਾਵੈ ।। ੧੨ ।। ੨੦੮ ।।

(ਸੰਗਤ ਦੇ) ਦਰਸ਼ਨ ਕਰਕੇ ਭੈੜੀ ਮੱਤ (ਦੁਰਮਤਿ) ਦੀ ਮੈਲ ਕੱਟੀ ਜਾਂਦੀ ਹੈ ਅਤੇ ਅਜਿਹਾ ਗਿਆਨ ਪੈਦਾ ਹੁੰਦਾ ਹੈ ਕਿ ਕੁਝ ਭਲਾ ਕਰੀਏ। (ਸੰਗਤ ਵਿੱਚ) ਮਨ ਵਿੱਚ ਜੋ ਕੋਈ ਵੀ ਇੱਛਾ ਆਉਂਦੀ ਹੈ, (ਸਿੱਖ) ਅਰਦਾਸ ਕਰਕੇ ਉਸਨੂੰ ਤੁਰੰਤ ਹੀ ਪ੍ਰਾਪਤ ਕਰ ਲੈਂਦਾ ਹੈ ॥੧੨॥੨੦੮॥

ਏ ਪ੍ਰਤਾਪ ਖਾਲਸੇ ਮਾਹੀ || ਸਮਸਰ ਤਾਸ ਔਰ ਕੋਊ ਨਾਹੀ ||
ਜੋ ਇਮ ਜਾਨੈ ਤਿਹ ਗਤਿ ਹੋਈ || ਤਿਹ ਕੀ ਪਦਵੀ ਲਹੈ ਨ ਕੋਈ ||
੧੩ || ੨੦੯ ||

ਇਹ ਸਾਰਾ ਪ੍ਰਤਾਪ ਖਾਲਸੇ ਵਿੱਚ ਹੈ; ਉਸ (ਖਾਲਸੇ) ਦੇ ਬਰਾਬਰ ਹੋਰ ਕੋਈ ਨਹੀਂ ਹੈ। ਜਿਹੜਾ ਮਨੁੱਖ ਇਸ ਤਰ੍ਹਾਂ ਜਾਣ ਲੈਂਦਾ ਹੈ, ਉਸ ਦੀ ਮੁਕਤੀ ਹੋ ਜਾਂਦੀ ਹੈ ਅਤੇ ਉਸ ਦੇ (ਆਤਮਿਕ) ਰੁਤਬੇ ਨੂੰ ਹੋਰ ਕੋਈ ਨਹੀਂ ਪਾ ਸਕਦਾ ॥੧੩॥੨੦੯॥

ਦੋਹਰਾ ||
ਸਿੱਖ ਆਸਰੋ ਤਾਹਿ ਕੋ ਸਾਸਿ ਸਾਸਿ ਦਿਨ ਰੈਨਿ ||
ਏਕ ਘਰੀ ਸੰਗਤਿ ਬਿਨਾ ਪਰਤ ਨਾਹਿ ਤਿਹ ਚੈਨ || ੧੪ || ੨੧੦ ||

ਸਿੱਖ ਦਿਨ-ਰਾਤ, ਹਰ ਸੁਆਸ ਨਾਲ ਉਸੇ (ਖਾਲਸਾ-ਰੂਪ ਸੰਗਤ) ਦਾ ਆਸਰਾ ਲੈਂਦਾ ਹੈ। ਇੱਕ ਘੜੀ ਲਈ ਵੀ ਸੰਗਤ ਤੋਂ ਬਿਨਾਂ ਉਸ ਨੂੰ ਚੈਨ ਨਹੀਂ ਮਿਲਦਾ ॥੧੪॥੨੧੦॥

ਚੌਪਈ ॥
ਪ੍ਰਥਮੈ ਜਾਤਿ ਸੁ ਖਤ੍ਰੀ ਏਕ ॥ ਤਾਂ ਪਰ ਸੰਗਤਿ ਕਿਯੋ ਬਿਬੇਕ ॥
ਬਾਂਹ ਪਕਰਿ ਕੈ ਦੇਹੁ ਉਠਾਇ ॥ ਕਹੌ ਇਸੇ ਅਪਨੇ ਘਰ ਜਾਇ ॥ ੧੫ ॥
੨੧੧ ॥

ਪਹਿਲਾਂ ਇੱਕ ਖੱਤਰੀ ਜਾਤ ਦਾ ਮਨੁੱਖ (ਸੰਗਤ ਵਿੱਚ ਆਇਆ)। ਉਸਦੇ ਬਾਰੇ ਸੰਗਤ ਨੇ ਗਿਆਨ ਨਾਲ ਵਿਚਾਰ ਕੀਤੀ (ਅਤੇ ਫੈਸਲਾ ਕੀਤਾ ਕਿ) "ਇਸਨੂੰ ਬਾਂਹ ਤੋਂ ਫੜ ਕੇ ਉਠਾ ਦਿਓ ਅਤੇ ਕਹੋ ਕਿ ਆਪਣੇ ਘਰ ਚਲਾ ਜਾਵੇ।"॥ ੧੫ ॥ ੨੧੧ ॥

ਸਿਰ ਗੁੰਮ ਨਾਮ ਤਾਹਿ ਠਹਰਾਯੋ ॥ ਪ੍ਰਿਥਮੇ ਸਿੱਖਨ ਉਸਹਿ ਉਠਾਯੋ ॥
ਕ੍ਰੋਧਵੰਤ ਮਨ ਮੈ ਅਤਿ ਭਯੋ ॥ ਊਚ ਨੀਚ ਮੁਖ ਤੇ ਕਛੁ ਕਹਯੋ ॥ ੧੬ ॥
੨੧੨ ॥

ਉਸਦਾ ਨਾਮ 'ਸਿਰ-ਗੁੰਮ' (ਸਿੱਖ ਹੋ ਕੇ ਕੇਸ ਕਤਲ ਕਰਨ ਵਾਲਾ) ਰੱਖ ਦਿੱਤਾ ਗਿਆ। ਸਿੱਖਾਂ ਨੇ ਸਭ ਤੋਂ ਪਹਿਲਾਂ ਉਸਨੂੰ (ਸੰਗਤ ਵਿੱਚੋਂ) ਉਠਾ ਦਿੱਤਾ। (ਇਸ ਨਾਲ) ਉਹ ਮਨ ਵਿੱਚ ਬਹੁਤ ਕ੍ਰੋਧਿਤ ਹੋਇਆ ਅਤੇ ਮੂੰਹੋਂ ਕੁਝ ਭਲਾ-ਬੁਰਾ ਬੋਲਿਆ।

ਟਿੱਪਣੀ:- ਇਹ ਸਿੱਖ-ਸੰਗਤ ਵਿੱਚੋਂ ਛੇਕਣ (Excommunication) ਦੀ ਘਟਨਾ ਦਾ ਵੇਰਵਾ ਹੈ। ਕਿਉਂਕਿ ਉਹ ਖੱਤਰੀ ਗੁਰੂ ਦੀ ਰਹਿਤ (ਕੇਸ ਰੱਖਣ) ਦੀ ਪਾਲਣਾ ਨਹੀਂ ਕਰਦਾ ਸੀ, ਇਸ ਲਈ ਸੰਗਤ ਨੇ ਸਮੂਹਿਕ ਫੈਸਲਾ ਕਰਕੇ ਉਸਨੂੰ ਆਪਣੇ ਵਿੱਚੋਂ ਬਾਹਰ ਕੱਢ ਦਿੱਤਾ।

ਤਬ ਵਹੁ ਏਕ ਔਰ ਕੇ ਆਯੋ ॥ ਉਸਹਿ ਆਨ ਕੈ ਭੇਦ ਬਤਾਯੋ ॥
"ਅਬ ਲਉ ਐਸੀ ਕਬਹਿ ਨ ਦੇਖੀ ॥ ਨਈ ਬਾਤ ਇਨ ਕੀ ਇਮ ਪੇਖੀ"
॥ ੧੭ ॥ ੨੧੩ ॥

ਤਦ ਉਹ (ਕੱਢਿਆ ਹੋਇਆ ਵਿਅਕਤੀ) ਇੱਕ ਹੋਰ (ਸਿੱਖ) ਦੇ ਘਰ ਆਇਆ ਅਤੇ ਉਸਨੂੰ ਆ ਕੇ ਸਾਰਾ ਭੇਤ ਦੱਸਿਆ। (ਉਸਨੇ ਕਿਹਾ), "ਅੱਜ ਤੱਕ ਕਦੇ ਅਜਿਹੀ ਗੱਲ ਨਹੀਂ ਦੇਖੀ। ਇਨ੍ਹਾਂ (ਖਾਲਸਾ ਹੋਏ ਸਿੱਖਾਂ) ਦੀ ਇਹ ਨਵੀਂ ਹੀ ਗੱਲ ਦੇਖੀ ਹੈ।"॥ ੧੭ ॥ ੨੧੩ ॥

ਦੋਹਰਾ ॥
"ਇਨ ਮੋ ਸੋ ਐਹੀ ਕਰੀ, ਕਰ ਗਹਿ ਦਿਯੋ ਉਠਾਇ ॥
ਸੁਨ ਪ੍ਰੀਤਮ ਕਜਾ ਕੀਜਿਯੈ, ਅਬ ਮੋਹਿ ਦੇਹੁ ਬਤਾਇ" ॥ ੧੮ ॥ ੨੧੪
॥

"ਉਨ੍ਹਾਂ ਨੇ ਮੇਰੇ ਨਾਲ ਅਜਿਹਾ ਸਲੂਕ ਕੀਤਾ, ਮੈਨੂੰ ਹੱਥੋਂ ਫੜ ਕੇ ਉਠਾ ਦਿੱਤਾ। ਹੇ ਮਿੱਤਰ! ਸੁਣ, ਹੁਣ ਕੀ ਕਰਨਾ ਚਾਹੀਦਾ ਹੈ? ਮੈਨੂੰ ਦੱਸ।"॥ ੧੮ ॥ ੨੧੪ ॥

(ਅੱਗੇ ਉਸਦੇ ਮਿੱਤਰ ਦੀ ਪ੍ਰਤੀਕਿਰਿਆ ਹੈ)

**ਚੌਪਈ**

ਤਬ ਦੂਸਰ ਚਿੰਤਾ ਚਿਤ ਕਰੀ । ਅਬ ਤੋ ਬਾਤ ਕਠਿਨ ਬਿਧਿ ਪਰੀ । ਸੁਨ ਭਾਈ, ਕਛੁ ਕਹਿਨ ਨ ਜਾਈ । ਮਹਾਂ ਪ੍ਰਬਲ ਬਿਧਿ ਧੂਮ ਉਠਾਈ ॥੧੯॥੨੧੫॥

ਤਦ ਦੂਜੇ (ਵਿਅਕਤੀ) ਨੇ ਆਪਣੇ ਮਨ ਵਿੱਚ ਚਿੰਤਾ ਕੀਤੀ (ਕਿ) ਹੁਣ ਤਾਂ ਬਹੁਤ ਹੀ ਔਖੀ ਸਥਿਤੀ ਬਣ ਗਈ ਹੈ। (ਉਹ ਕਹਿਣ ਲੱਗਾ) ਹੇ ਭਾਈ! ਸੁਣ, (ਇਸ ਹਾਲਤ ਬਾਰੇ) ਕੁਝ ਕਿਹਾ ਨਹੀਂ ਜਾ ਸਕਦਾ; ਕਰਤਾਰ ਨੇ ਬਹੁਤ ਵੱਡਾ ਅਤੇ ਜ਼ਬਰਦਸਤ ਹੰਗਾਮਾ ਖੜ੍ਹਾ ਕਰ ਦਿੱਤਾ ਹੈ ॥੧੯॥੨੧੫॥

ਬੁਰਾ ਭਲਾ ਸਭ ਕੋ ਵੇ ਕਹਿਤੇ ॥ ਹਮ ਬੀ ਸੁਨਿ ਕੈ ਚੁਪ ਹੋਇ ਰਹਿਤੇ ॥ ਦ੍ਰਿੜ੍ਹ ਕਰਿ ਰਾਖੌ ਅਪਨੋ ਚੀਤ ॥ ਜੈ ਹੈ ਦੈਇ ਚਾਰਿ ਦਿਨ ਬੀਤ ॥ ੨੦ ॥ ੨੧੬ ॥

(ਉਸਦੇ ਮਿੱਤਰ ਨੇ ਕਿਹਾ), "ਉਹ (ਨਵੇਂ ਨਵੇਂ ਖ਼ਾਲਸਾ ਹੋਏ ਸਿੱਖ) ਸਾਰਿਆਂ ਨੂੰ ਹੀ ਭਲਾ-ਬੁਰਾ ਕਹਿੰਦੇ ਹਨ। ਅਸੀਂ ਵੀ ਸੁਣ ਕੇ ਚੁੱਪ ਹੋ ਰਹਿੰਦੇ ਹਾਂ। ਤੂੰ ਆਪਣਾ ਮਨ ਪੱਕਾ ਰੱਖ। ਦੋ-ਚਾਰ ਦਿਨ ਬੀਤਣ 'ਤੇ ਇਹ ਸਭ (ਰੌਲਾ) ਖਤਮ ਹੋ ਜਾਵੇਗਾ।"॥ ੨੦ ॥ ੨੧੬ ॥

ਤਬ ਉਨ ਕਛੁ ਇਕ ਭੋਜਨ ਕੀਆ । ਹਰਕੈ ਤ੍ਰਾਸ ਮਿਤ੍ਰ ਕੋ ਦੀਆ । ਭੋਜਨ ਕਰਿ ਕੈ ਅਧਿਕ ਅਘਾਯੋ । ਤਬ ਸੰਤੋਖ ਤਾਹਿ ਮਨਿ ਆਯੋ ॥੨੧॥੨੧੭॥

ਤਦ ਉਹਨਾਂ ਨੇ ਕੁਝ ਭੋਜਨ ਕੀਤਾ ਅਤੇ (ਇਸ) ਆਪਣੇ ਮਿੱਤਰ ਦੇ ਮਨ ਦਾ ਡਰ ਦੂਰ ਕੀਤਾ। ਭੋਜਨ ਕਰਕੇ ਉਹ ਚੰਗੀ ਤਰ੍ਹਾਂ ਰੱਜ ਗਏ। ਤਦ ਉਹਨਾਂ ਦੇ ਮਨ ਵਿੱਚ ਪੂਰਾ ਸੰਤੋਖ ਆਇਆ ॥੨੧॥੨੧੭॥

**ਦੋਹਰਾ**

**ਚਿਤ ਚਿੰਤਾ ਕਾਹੇ ਕਰੋ, ਕਵਨ ਉਠਾਵਨਹਾਰ ?**

ਸੋਭ ਤਿਹਾਰੀ ਨਗਰ ਮੈ, ਜਾਨਤ ਸਬ ਸੰਸਾਰ ॥੨੨॥੨੧੮॥

(ਫਿਰ ਉਹ ਆਪਣੇ ਮਿੱਤਰ ਨੂੰ ਕਹਿਣ ਲੱਗੇ) ਤੂੰ ਆਪਣੇ ਮਨ ਵਿੱਚ ਚਿੰਤਾ ਕਿਉਂ ਕਰਦਾ ਹੈਂ? ਤੈਨੂੰ (ਸੰਗਤ ਵਿੱਚੋਂ) ਕੌਣ ਹਟਾ ਸਕਦਾ ਹੈ (ਭਾਵ, ਕੋਈ ਨਹੀਂ ਹਟਾ ਸਕਦਾ)? ਇਸ ਨਗਰ ਵਿੱਚ ਤੇਰੀ ਸ਼ੋਭਾ ਨੂੰ ਸਾਰਾ ਸੰਸਾਰ ਜਾਣਦਾ ਹੈ ॥੨੨॥੨੧੮॥

ਜਬ ਵਾ ਕੇ ਉਨ ਭੋਜਨ ਕੀਆ ॥ ਭੋਜਨ ਖਾਇ ਨੀਰ ਕਛੁ ਪੀਆ ॥
ਤਬ ਵਾ ਕੇ ਮਨਿ ਧੀਰਜ ਆਯੋ ॥ ਪ੍ਰੀਤਮ ਨੇ ਕਛੁ ਭਲਾ ਸੁਨਾਯੋ ॥ ੨੩ ॥ ੨੧੯ ॥

ਜਦੋਂ ਉਸ (ਕੱਢੇ ਹੋਏ ਵਿਅਕਤੀ) ਨੇ ਉਸ (ਮਿੱਤਰ) ਦੇ ਘਰ ਭੋਜਨ ਕੀਤਾ ਤੇ ਭੋਜਨ ਖਾ ਕੇ ਕੁਝ ਪਾਣੀ ਪੀਤਾ, ਤਦ ਉਸਦੇ ਮਨ ਨੂੰ ਧੀਰਜ ਆਇਆ ਕਿਉਂਕਿ ਮਿੱਤਰ ਨੇ ਕੁਝ ਚੰਗੀਆਂ (ਦਿਲਾਸੇ ਵਾਲੀਆਂ) ਗੱਲਾਂ ਸੁਣਾਈਆਂ ਸਨ॥੨੩॥੨੧੮॥

ਅਬ ਤੋ ਬਾਤਿ ਦੂਸਰੀ ਭਈ । ਤਨ ਮਨ ਕੀ ਸਬ ਚਿੰਤਾ ਗਈ ।
ਦੀਪਤ ਪ੍ਰੀਤਿ ਭਾਂਤਿ ਯਹ ਹੋਈ । ਜਲੈ ਪਤੰਗ ਦੀਪ ਪਰ ਸੋਈ ॥੨੪॥੨੨੦॥

ਹੁਣ ਤਾਂ ਗੱਲ ਹੀ ਹੋਰ ਹੋ ਗਈ ਹੈ। (ਤੁਹਾਡੇ ਨਾਲ ਗੱਲ ਕਰਨ ਮਗਰੋਂ ਮੇਰੇ) ਤਨ ਅਤੇ ਮਨ ਦੀ ਸਾਰੀ ਚਿੰਤਾ ਦੂਰ ਹੋ ਗਈ ਹੈ। (ਦੋਹਾਂ ਵਿੱਚ) ਇਸ ਤਰ੍ਹਾਂ ਦੀ ਪ੍ਰਚੰਡ ਪ੍ਰੀਤ ਪ੍ਰਗਟ ਹੋਈ ਹੈ, ਜਿਵੇਂ ਕੋਈ ਪਤੰਗਾ ਦੀਵੇ ਦੀ ਲਾਟ ਉੱਤੇ ਸੜ ਜਾਂਦਾ ਹੈ ॥੨੪॥੨੨੦॥

ਇਹ ਬਿਧਿ ਜੀਵ ਦੁਹਨ ਮਿਲਿ ਕੀਨਾ । ਜੈਸੇ ਪ੍ਰੀਤਿ ਹੇਤ ਜਲ ਮੀਨਾ ।
ਜਿਉਂ ਕਾਮੀ ਕਾਮਨਿ ਬਸਿ ਆਵੈ । ਲੋਕ ਲਾਜ ਮਨ ਤੇ ਬਿਸਰਾਵੈ ॥੨੫॥੨੨੧॥

ਉਹ ਦੋਵੇਂ ਜੀਵ ਇਸ ਤਰ੍ਹਾਂ (ਆਪਸ ਵਿੱਚ) ਮਿਲ ਗਏ, ਜਿਵੇਂ ਮੱਛੀ ਦਾ ਪਾਣੀ ਨਾਲ ਪ੍ਰੇਮ ਹੁੰਦਾ ਹੈ। (ਉਹਨਾਂ ਦੀ ਹਾਲਤ ਇੰਝ ਸੀ) ਜਿਵੇਂ ਕੋਈ

ਕਾਮੀ ਵਿਅਕਤੀ (ਆਪਣੀ) ਪ੍ਰੇਮਿਕਾ ਦੇ ਵੱਸ ਵਿੱਚ ਆ ਜਾਂਦਾ ਹੈ ਅਤੇ ਆਪਣੇ ਮਨ ਵਿਚੋਂ ਲੋਕ-ਲਾਜ ਦਾ ਖਿਆਲ ਭੁਲਾ ਦਿੰਦਾ ਹੈ ॥੨੫॥੨੨੧॥

**ਦੋਹਰਾ**

ਜੈਸੇ ਕਾਮੀ ਕਾਮ ਮੈ, ਰੈਨਿ ਦਿਵਸ ਮਨਿ ਹੋਇ ।
ਲੋਕ ਲਾਜ ਮਨ ਤੇ ਤਜੈ, ਹੋਨੀ ਹੋਇ ਸੁ ਹੋਇ ॥੨੬॥੨੨੨॥

ਜਿਵੇਂ ਇੱਕ ਕਾਮੀ ਵਿਅਕਤੀ ਦਾ ਮਨ ਦਿਨ-ਰਾਤ ਆਪਣੇ ਕਾਮ ਵਿੱਚ ਲੀਨ ਰਹਿੰਦਾ ਹੈ, ਉਹ ਆਪਣੇ ਮਨ ਵਿਚੋਂ ਲੋਕ-ਲਾਜ ਨੂੰ ਤਿਆਗ ਦਿੰਦਾ ਹੈ (ਅਤੇ ਸੋਚਦਾ ਹੈ ਕਿ) ਜੋ ਹੋਣਾ ਹੈ, ਹੋ ਜਾਵੇਗਾ ॥੨੬॥੨੨੨॥

ਚੌਪਈ ॥

ਤਬ ਦੂਸਰ ਸਿਖੁ ਸਿਖਨ ਮੈ ਆਯੋ ॥ ਸਿਖਨ ਭੇਦੁ ਕਹੀ ਸੁਨ ਪਾਯੋ ॥
ਤਬ ਵਾ ਕੋ ਉਨ ਪੂਛਨ ਕੀਨਾ ॥ "ਕਾਹੇ ਭੋਜਨ ਤੈ ਉਨ ਦੀਨਾ" ॥ ੨੭ ॥ ੨੨੩ ॥

ਤਦ ਉਹ ਦੂਜਾ ਸਿੱਖ (ਜਿਸਨੇ 'ਸਿਰ-ਗੁੰਮ' ਨੂੰ ਰੋਟੀ ਖਵਾਈ ਸੀ) ਸਿੱਖਾਂ (ਦੀ ਸੰਗਤ) ਵਿੱਚ ਆਇਆ। ਸਿੱਖਾਂ ਨੇ (ਉਸਦੇ ਮਿੱਤਰ ਕੋਲ ਜਾਣ ਦਾ) ਭੇਤ ਸੁਣ ਲਿਆ। ਤਦ ਉਨ੍ਹਾਂ ਨੇ ਉਸਨੂੰ ਪੁੱਛਣਾ ਸ਼ੁਰੂ ਕੀਤਾ, "ਤੂੰ ਉਸਨੂੰ ਭੋਜਨ ਕਿਉਂ ਦਿੱਤਾ?"॥ ੨੭ ॥ ੨੨੩ ॥

"ਵਹ ਤੋ ਸਿਰ ਗੁੰਮ ਹਮਨ ਉਠਾਯੋ ॥ ਤੈ ਕਿਹ ਬਿਧਿ ਘਰਿ ਮੈ ਬਿਠਲਾਯੋ?" ॥
ਹਾਥ ਜੋਰਿ ਕੈ ਐਸੋ ਕਹਯੋ ॥ "ਬਖਸ ਲੇਹੁ ਔਗੁਨ ਯਹ ਭਯੋ" ॥ ੨੮ ॥ ੨੨੪ ॥

(ਸੰਗਤ ਨੇ ਕਿਹਾ), "ਉਸ 'ਸਿਰ-ਗੁੰਮ' ਨੂੰ ਤਾਂ ਅਸੀਂ (ਸੰਗਤ 'ਚੋਂ) ਉਠਾ ਦਿੱਤਾ ਸੀ। ਤੂੰ (ਉਸਨੂੰ) ਕਿਸ ਤਰ੍ਹਾਂ ਘਰ ਵਿੱਚ ਬਿਠਾ ਲਿਆ?" (ਇਹ ਸੁਣ ਕੇ) ਉਸਨੇ ਹੱਥ ਜੋੜ ਕੇ ਇਸ ਤਰ੍ਹਾਂ ਕਿਹਾ, "ਮੈਨੂੰ ਬਖਸ਼ ਲਵੋ, ਮੇਰੇ ਤੋਂ ਇਹ ਔਗੁਣ ਹੋ ਗਿਆ ਹੈ।"॥ ੨੮ ॥ ੨੨੪ ॥

ਸਬ ਸਿਖਨ ਮਿਲਿ ਇਕ ਮਨ ਕੀਨਾ ॥ ਤਬ ਵਾਕੋ ਮਿਲਾਇ ਕਰਿ ਲੀਨਾ ॥
"ਅਬ ਉਹਿ ਸੋ ਤੁਮ ਪ੍ਰੀਤਿ ਨ ਕਰਿਹੋ ॥ ਜੋ ਕਛੁ ਕਹੋ ਸੋਈ ਮਨ ਧਰਿਹੋ" ॥ ੨੯ ॥ ੨੨੫ ॥

ਸਾਰੇ ਸਿੱਖਾਂ ਨੇ ਮਿਲ ਕੇ ਇੱਕ ਮਨ (ਇਕਮੱਤ) ਕੀਤਾ ਅਤੇ ਫਿਰ ਉਸਨੂੰ (ਮੁਆਫ਼ ਕਰਕੇ ਸੰਗਤ ਵਿੱਚ) ਮਿਲਾ ਲਿਆ। (ਉਸਨੂੰ ਹੁਕਮ ਦਿੱਤਾ ਕਿ) "ਹੁਣ ਤੋਂ ਤੂੰ ਉਸ ਨਾਲ ਕੋਈ ਮੇਲ-ਜੋਲ ਨਾ ਰੱਖੀਂ। ਜੋ ਕੁਝ ਅਸੀਂ ਆਖ ਰਹੇ ਹਾਂ, ਉਹੀ ਤੂੰ ਮਨ ਵਿੱਚ ਧਾਰਨ ਕਰੀਂ।"॥ ੨੯ ॥ ੨੨੫ ॥

ਟਿੱਪਣੀ:- ਇਹ 'ਤਨਖਾਹ' ਲਗਾਉਣ ਅਤੇ ਮੁਆਫ਼ੀ ਦੇ ਕੇ ਮੁੜ ਸੰਗਤ ਵਿੱਚ ਸ਼ਾਮਲ ਕਰਨ ਦੀ ਇੱਕ ਬਹੁਤ ਮੁੱਢਲੀ ਉਦਾਹਰਣ ਹੈ। ਸੰਗਤ ਨੇ ਸਮੂਹਿਕ ਤੌਰ 'ਤੇ ਉਸਦੀ ਗਲਤੀ ਦਾ ਅਹਿਸਾਸ ਕਰਵਾਇਆ ਅਤੇ ਭਵਿੱਖ ਲਈ ਤਾੜਨਾ ਕਰਕੇ ਉਸਨੂੰ ਮੁੜ ਅਪਣਾ ਲਿਆ।

ਦੋਹਰਾ ॥
ਸਤਿਗੁਰੁ ਸੰਗਤਿ ਏਕ ਹੈ, ਜਉ ਜਾਨੈ ਨਰ ਕੋਇ ॥
ਮਾਰੈ ਬਖਸੈ ਆਪ ਹੀ, ਤਿਹ ਬਿਨ ਨਾਹੀ ਕੋਇ ॥ ੩੦ ॥ ੨੨੬ ॥

ਜੇ ਕੋਈ ਮਨੁੱਖ ਇਹ ਸਮਝ ਲਵੇ, ਤਾਂ ਸਤਿਗੁਰੂ ਅਤੇ ਸੰਗਤ ਇੱਕ ਹੀ ਰੂਪ ਹਨ। (ਸੰਗਤ) ਆਪ ਹੀ ਸਜ਼ਾ ਦਿੰਦੀ ਹੈ ਅਤੇ ਆਪ ਹੀ ਬਖਸ਼ਦੀ ਹੈ, ਉਸ ਤੋਂ ਬਿਨਾਂ (ਇਹ ਅਧਿਕਾਰ) ਹੋਰ ਕਿਸੇ ਕੋਲ ਨਹੀਂ ਹੈ॥ ੩੦ ॥ ੨੨੬ ॥

ਚੌਪਈ ॥
ਕੇਤਕ ਦਿਨ ਜਬ ਭਏ ਬਿਤੀਤਾ ॥ ਅਧਿਕ ਤਾਸ ਤਾਹੀ ਸੰਗਿ ਪ੍ਰੀਤਾ ॥
ਪ੍ਰਗਟਿ ਬਾਤ ਸਿਖਨ ਜਬ ਸੁਨੀ ॥ ਕੇਤਨ ਸੁਨਿ ਕੈ ਮੁੰਡੀ ਧੁਨੀ ॥੩੧॥੨੨੭॥

ਜਦੋਂ ਕੁਝ ਦਿਨ ਬੀਤ ਗਏ, ਤਾਂ ਉਸ (ਮੁਆਫ਼ੀ ਮੰਗਣ ਵਾਲੇ ਸਿੱਖ) ਦਾ ਉਸੇ (ਸਿਰਗੁੰਮ ਵਿਅਕਤੀ) ਨਾਲ ਹੋਰ ਵੀ ਵੱਧ ਪ੍ਰੇਮ ਹੋ ਗਿਆ। ਜਦੋਂ

ਬਾਕੀ ਸਿੱਖਾਂ ਨੇ ਇਹ ਗੱਲ ਖੁੱਲ੍ਹੇ ਤੌਰ 'ਤੇ ਸੁਣੀ, ਤਾਂ ਕਈਆਂ ਨੇ ਸੁਣ ਕੇ (ਅਫਸੋਸ ਵਿੱਚ) ਆਪਣਾ ਸਿਰ ਹਿਲਾਇਆ॥੩੧॥੨੨੭॥

ਏਕ ਸਿਖ ਕੇ ਅਉਸਰ ਭਇਉ ॥ ਤਬ ਦੂਸਰ ਸਿਖਨ ਮੈ ਗਇਉ ॥
ਤਬ ਸਬ ਸਿਖਨ ਸੀਖ ਬਤਾਈ ॥ ਬਾਂਹ ਪਕਰਿ ਕੈ ਦਿਯੋ ਉਠਾਈ ॥੩੨॥੨੨੮॥

ਇੱਕ ਸਿੱਖ ਦੇ ਘਰ (ਕਿਸੇ ਸਮਾਗਮ ਦਾ ਕੋਈ) ਮੌਕਾ ਸੀ। ਤਦ ਉਹ ਦੂਜਾ ਸਿੱਖ (ਜੋ ਮੁਕਰ ਗਿਆ ਸੀ) ਵੀ ਸੰਗਤ ਵਿੱਚ ਚਲਾ ਗਿਆ। ਤਦ ਸਾਰੇ ਸਿੱਖਾਂ ਨੇ ਉਸਨੂੰ ਸਿੱਖਿਆ ਦਿੱਤੀ (ਭਾਵ ਝਾੜ ਪਾਈ) ਅਤੇ (ਦੁਬਾਰਾ) ਬਾਂਹ ਤੋਂ ਫੜ ਕੇ (ਸੰਗਤ 'ਚੋਂ) ਉਠਾ ਦਿੱਤਾ॥੩੨॥੨੨੮॥

ਕੇਤਕ ਸੰਗੀ ਅਵਰ ਉਠਾਏ ॥ ਕ੍ਰੋਧਵੰਤ ਅਪਨੇ ਘਰਿ ਆਏ ॥
ਕੋਪ ਕਿਯੋ ਮਨ ਮੈ ਅਤਿ ਭਾਰਾ ॥ ਸਭਾ ਜੋਰਿ ਕੈ ਕਿਯੋ ਬਿਚਾਰਾ ॥੩੩॥੨੨੯॥

(ਨਾਲ ਹੀ) ਉਸਦੇ ਕੁਝ ਹੋਰ ਸਾਥੀਆਂ ਨੂੰ ਵੀ ਉਠਾ ਦਿੱਤਾ ਗਿਆ। ਉਹ ਗੁੱਸੇ ਨਾਲ ਭਰੇ ਹੋਏ ਆਪਣੇ ਘਰ ਆਏ। ਉਨ੍ਹਾਂ ਨੇ ਮਨ ਵਿੱਚ ਬਹੁਤ ਗੁੱਸਾ ਕੀਤਾ ਅਤੇ (ਆਪਣੀ ਵੱਖਰੀ) ਸਭਾ ਜੋੜ ਕੇ ਵਿਚਾਰ-ਵਟਾਂਦਰਾ ਕੀਤਾ॥੩੩॥੨੨੯॥

ਟਿੱਪਣੀ:- ਇਸ ਵਾਰ ਸੰਗਤ ਨੇ ਸਖ਼ਤੀ ਵਰਤਦਿਆਂ ਸਿਰਫ਼ ਉਸ ਇੱਕ ਵਿਅਕਤੀ ਨੂੰ ਹੀ ਨਹੀਂ, ਸਗੋਂ ਉਸਦੇ ਹਮਾਇਤੀਆਂ ਨੂੰ ਵੀ ਪੰਗਤ ਵਿੱਚੋਂ ਬਾਹਰ ਕਰ ਦਿੱਤਾ। ਇਸ ਨਾਲ ਇਹ ਮਾਮਲਾ ਹੋਰ ਵੱਧ ਗਿਆ ਅਤੇ ਉਨ੍ਹਾਂ ਨੇ ਵੱਖਰਾ ਧੜਾ ਬਣਾਉਣ ਲਈ ਮੀਟਿੰਗ ਕੀਤੀ।

ਕਿਸੇ ਵਿਅਕਤੀ ਨੂੰ ਸੰਗਤ ਨਾਲ ਜੋੜਨਾ ਬਹੁਤ ਔਖਾ ਹੁੰਦਾ ਹੈ ਤੇ ਸੰਗਤ ਤੋਂ ਤੋੜ ਦੇਣਾ ਕਾਫੀ ਆਸਾਨ ਹੁੰਦਾ ਹੈ। ਭਰੀ ਸਭਾ ਵਿੱਚ ਜਿਸਦੀ ਬੇਇੱਜ਼ਤੀ ਹੋ ਜਾਵੇ, ਉਹ ਉਸ ਸਭਾ ਨਾਲੋਂ ਟੁੱਟਣ ਵਿੱਚ ਹੀ ਭਲਾਈ ਸਮਝਦਾ ਹੈ।

**ਦੋਹਰਾ**

ਕਪਟ ਬੈਨ ਕਹਿਤੋ ਗਯੋ, ਕਰੀ ਨਈ ਇਨ ਰਾਹਿ ।
ਸਮਝ ਬਾਤ ਕਰਤੇ ਨਹੀਂ, ਕਰਿ ਗਹਿ ਦੇਹਿ ਉਠਾਹਿ ॥੩੪॥੨੩੦॥

ਉਹ (ਵਿਅਕਤੀ) ਕਪਟ ਭਰੇ ਬਚਨ ਬੋਲਦਾ-ਬੋਲਦਾ ਚਲਾ ਗਿਆ (ਕਿ ਖ਼ਾਲਸਾ ਹੋਏ) ਇਹਨਾਂ (ਸਿੱਖਾਂ) ਨੇ ਇੱਕ ਨਵਾਂ ਹੀ ਰਾਹ ਬਣਾ ਲਿਆ ਹੈ। ਇਹ ਸਮਝ ਵਾਲੀ ਗੱਲ ਨਹੀਂ ਕਰਦੇ, ਸਗੋਂ ਹੱਥੋਂ ਫੜ ਕੇ ਬਾਹਰ ਕੱਢ ਦਿੰਦੇ ਹਨ (ਭਾਵ, ਛੇਕ ਦਿੰਦੇ ਹਨ) ॥੩੪॥੨੩੦॥

**ਚੌਲੋਟਨ ਛੰਦ**

ਤਬ ਗ੍ਰਿਹ ਮੈ ਆਯੋ ਨਰ ਸੋਈ । ਉਪਜਯੋ ਕ੍ਰੋਧ ਤਪਤ ਤਨ ਹੋਈ ।
ਕੇਤਕ ਸਿਖਨ ਲਿਯੋ ਬੁਲਾਈ । ਹੋਇ ਇਕੰਤ ਸਬ ਬੈਠੇ ਜਾਈ।
**ਬੈਠੇ ਸਬ ਜਾਈ, ਬਾਤ ਚਲਾਈ, ਸੁਨਿਹੋ ਭਾਈ, ਕਜਾ ਕੀਜੈ ?**
**ਰਹਿਣਾ ਜਗ ਮਾਹੀ, ਇਨ ਮਧਾਹੀ, ਕਿਉਂਕਰਿ ਤਜਾਗ ਸੁ ਕਰਿ ਦੀਜੈ ?**
ਮਰਨੇ ਅਰੁ ਪਰਨੇ ਕੁਲ ਬਿਉਹਾਰਾ, ਇਨੋਂ ਬਿਚਾਰਾ ਦੂਰ ਕਰੋ ।
ਮਿਲੀਐ ਸਬ ਸੰਗੇ, ਹੋ ਇਕ ਰੰਗੇ, ਸਤਿਗੁਰੁ ਸਿਮਰੋ ਪਾਰ ਪਰੋ ॥੩੫॥੨੩੧॥

ਤਦ ਉਹੀ ਆਦਮੀ ਗੁੱਸੇ ਵਿੱਚ ਭਰਿਆ ਹੋਇਆ ਆਪਣੇ ਘਰ ਆਇਆ ਅਤੇ ਉਸਦਾ ਸਰੀਰ (ਕ੍ਰੋਧ ਨਾਲ) ਤਪਣ ਲੱਗਾ। ਉਸਨੇ ਕੁਝ ਹੋਰ ਸਿੱਖਾਂ ਨੂੰ ਬੁਲਾ ਲਿਆ ਅਤੇ ਸਾਰੇ ਇਕੱਠੇ ਹੋ ਕੇ ਇੱਕ ਪਾਸੇ ਬੈਠ ਗਏ। ਸਾਰੇ ਬੈਠ ਗਏ, ਗੱਲਬਾਤ ਸ਼ੁਰੂ ਹੋਈ, (ਕਹਿਣ ਲੱਗੇ) "ਹੇ ਭਰਾਵੋ, ਸੁਣੋ! ਕੀ ਕੀਤਾ ਜਾਵੇ? ਅਸੀਂ ਇਸ ਸੰਸਾਰ ਵਿੱਚ ਇਹਨਾਂ ਸੱਕੇ ਸੰਬੰਧੀਆਂ ਦੇ ਵਿਚਕਾਰ ਹੀ ਰਹਿਣਾ ਹੈ, (ਕੁਲ ਰੀਤਾਂ ਨੂੰ ਛੱਡ ਕੇ) ਇਹਨਾਂ (ਸੰਬੰਧੀਆਂ) ਨੂੰ ਭਲਾ ਕਿਵੇਂ ਤਿਆਗਿਆ ਜਾ ਸਕਦਾ ਹੈ? ਮਰਨ ਅਤੇ ਵਿਆਹ-ਸ਼ਾਦੀ ਦੇ ਜੋ ਕੁਲ-ਰੀਤੀ ਰਿਵਾਜ਼ ਹਨ, ਇਹਨਾਂ (ਖ਼ਾਲਸਾ ਹੋਏ ਸਿੱਖਾਂ) ਨੇ ਉਹਨਾਂ ਵਿਚਾਰਾਂ ਨੂੰ ਦੂਰ ਕਰ ਦਿੱਤਾ ਹੈ।" (ਸਭ ਨੂੰ ਚਾਹੀਦਾ ਹੈ ਕਿ) ਸਾਰਿਆਂ ਨੂੰ (ਪ੍ਰਭੂ ਦੇ ਪ੍ਰੇਮ ਵਿੱਚ ) ਇੱਕ ਰੰਗੇ ਹੋ ਕੇ ਸੰਗਤ ਵਿੱਚ ਮਿਲ (ਕੇ ਰਹੀਏ)। ਸਤਿਗੁਰੂ ਦਾ ਸਿਮਰਨ ਕਰੋ, ਤਾਂ ਹੀ ਬੇੜਾ ਪਾਰ ਹੋਵੇਗਾ।" ॥੩੫॥੨੩੧॥

ਨਿਸ ਦਿਨ ਸਿਮਰੋ ਤਾਸ ਕੋ, ਦਿਵਸ ਰੈਨਿ ਬੀਚਾਰ ॥

ਕਰਨਹਾਰ ਸਬ ਸਿਸਟ ਕੋ, ਵਹੀ ਉਤਾਰੇ ਪਾਰਿ ॥੩੬॥੨੩੨॥

ਦਿਨ ਰਾਤ ਉਸ (ਪ੍ਰਭੂ) ਦਾ ਸਿਮਰਨ ਕਰੋ, ਅਤੇ ਦਿਨ ਰਾਤ ਉਸੇ ਦਾ ਚਿੰਤਨ ਕਰੋ। ਸਾਰੀ ਸ੍ਰਿਸ਼ਟੀ ਦਾ ਜੋ ਰਚਨਹਾਰ ਹੈ, ਉਹੀ (ਸਾਨੂੰ) ਪਾਰ ਉਤਾਰੇਗਾ ॥੩੬॥੨੩੨॥

**ਚੌਪਈ**

ਤਬ ਵਾ ਨੇ ਇਕ ਬਾਤ ਬਿਚਾਰੀ । ਕਰਿ ਇਕਤ੍ਰ ਸੰਗਤਿ ਸਬ ਸਾਰੀ ।
ਅਬ ਉਪਾਵ ਐਸੋ ਕਛੁ ਕੀਜੈ । ਇਨ ਕੀ ਬਾਤ ਦੂਰਿ ਕਰਿ ਦੀਜੈ ॥੩੭॥੨੩੩॥

ਤਦ ਉਸ (ਮਨੁੱਖ) ਨੇ ਇੱਕ ਗੱਲ ਸੋਚੀ ਕਿ ਸਾਰੀ ਸੰਗਤ ਨੂੰ ਇਕੱਠਾ ਕਰਕੇ, ਹੁਣ ਕੋਈ ਅਜਿਹਾ ਉਪਾਅ ਕਰਨਾ ਚਾਹੀਦਾ ਹੈ, ਜਿਸ ਨਾਲ ਇਹਨਾਂ (ਖਾਲਸੇ) ਦੀ ਗੱਲ (ਭਾਵ, ਪ੍ਰਭਾਵ) ਨੂੰ ਦੂਰ ਕੀਤਾ ਜਾ ਸਕੇ ॥੩੭॥੨੩੩॥

ਸਰਬ ਸੰਗਤਿ ਅਉਰ ਬੀ ਕੇਤੇ । ਭਏ ਇਕਠੇ ਥੇ ਸਬ ਜੇਤੇ ।
ਇਨ ਮਿਲਿ ਕੇ ਇਕ ਮੇਲਾ ਕੀਨਾ । ਨਾਈ ਫੇਰ ਨਗਰ ਮੈ ਦੀਨਾ ॥੩੮॥੨੩੪॥

ਸਾਰੀ ਸੰਗਤ ਅਤੇ ਹੋਰ ਵੀ ਬਹੁਤ ਸਾਰੇ ਲੋਕ, ਜਿੰਨੇ ਵੀ ਸਨ, ਸਭ ਇਕੱਠੇ ਹੋ ਗਏ। ਇਹਨਾਂ ਸਾਰਿਆਂ ਨੇ ਮਿਲ ਕੇ ਇੱਕ ਮੇਲਾ (ਇਕੱਠ) ਕੀਤਾ ਅਤੇ ਸਾਰੇ ਨਗਰ ਵਿੱਚ (ਆਪਣਾ ਨਾਈ ਭੇਜ ਕੇ) ਇਸਦੀ ਮੁਨਾਦੀ ਕਰਵਾ ਦਿੱਤੀ ॥੩੮॥੨੩੪॥

**ਚੌਪਈ**

ਸਬ ਸੰਗਤਿ ਤਿਹ ਠਉਰ ਬੁਲਾਈ । ਕਥਾ ਜੀਵ ਕੀ ਸਬਨ ਸੁਨਾਈ ।
ਦਾਰਾਪੁਰ ਮੇਲਾ ਠਹਰਾਯੋ । ਭੇਦ ਸਬੈ ਸੰਗਤਿ ਤੇ ਪਾਯੋ ॥੩੯॥੨੩੫॥

ਸਾਰੀ ਸੰਗਤ ਨੂੰ ਉਸ ਥਾਂ 'ਤੇ ਬੁਲਾਇਆ ਗਿਆ ਅਤੇ ਸਾਰਿਆਂ ਨੂੰ ਆਪਣੇ ਜੀਅ (ਭਾਵ, ਮਨ) ਦੀ ਗੱਲ ਦੱਸੀ। ਇਹ ਮੇਲਾ (ਦਿੱਲੀ ਦੇ)

ਦਾਰਾਪੁਰ ਵਿੱਚ ਤੈਅ ਕੀਤਾ ਗਿਆ, (ਜਿੱਥੇ) ਸੰਗਤ ਤੋਂ ਸਾਰਾ ਭੇਦ ਪ੍ਰਾਪਤ ਕੀਤਾ ਗਿਆ ॥੩੯॥੨੩੫॥

**ਦੋਹਰਾ**

ਦਾਰਾ ਕੇ ਬਾਜਾਰ ਮੈ, ਮੇਲਾ ਭਯੋ ਅਪਾਰ ।
ਦਰਬਵੰਤ ਦੁਇ ਖਤ੍ਰੀ, ਤਾ ਨੇ ਕਹਜੋ ਪੁਕਾਰ ॥੪੦॥੨੩੬॥

ਦਾਰਾ(ਪੁਰ) ਦੇ ਬਾਜ਼ਾਰ ਵਿੱਚ ਬਹੁਤ ਵੱਡਾ ਮੇਲਾ ਹੋਇਆ। ਉੱਥੇ ਦੋ ਧਨਵਾਨ ਖੱਤਰੀਆਂ ਨੇ ਉੱਚੀ ਆਵਾਜ਼ ਵਿੱਚ ਕਿਹਾ ॥੪੦॥੨੩੬॥

**ਚੌਪਈ**

"ਤੁਮ ਜੁ ਹਮਨ ਧਰੀਆ ਠਹਰਾਯੋ । ਕਾਢੋ ਹੁਕਮ ਤੁਮੈ ਕਛੁ ਆਯੋ ।
ਹੁੱਕਾ ਪੀਵੈ ਸੀਸ ਮੁੰਡਾਈ । ਜੁ ਤੁਮਰੇ ਮਨ ਮੈ ਆਵੈ ਭਾਈ ॥੪੧॥੨੩੭॥

"ਤੁਸੀਂ ਜੋ ਸਾਨੂੰ (ਇੱਕ ਤਰ੍ਹਾਂ ਨਾਲ਼) ਧਾੜਵੀ ਕਰਾਰ ਦੇ ਕੇ (ਸੰਗਤ ਤੋਂ ਵੱਖ ਕਰ ਦਿੱਤਾ ਹੈ), (ਦੱਸੋ) ਕੀ ਤੁਹਾਡੇ ਕੋਲ (ਗੁਰੂ ਵੱਲੋਂ) ਕੋਈ ਹੁਕਮ (ਇਸ ਸੰਬੰਧ ਵਿੱਚ) ਆਇਆ ਹੈ?" "(ਕੋਈ) ਹੁੱਕਾ ਪੀਵੇ ਜਾਂ ਸਿਰ ਮੁਨਾਵੇ, (ਤੁਹਾਨੂੰ ਇਸ ਨਾਲ ਕੀ??) ਹੇ ਭਾਈ! ਜੋ ਤੁਹਾਡੇ ਮਨ ਵਿੱਚ ਆਉਂਦਾ ਹੈ (ਤੁਸੀਂ ਉਹੀ ਕਰਦੇ ਜਾ ਰਹੇ ਹੋ)।"॥੪੧॥੨੩੭॥

ਟਿੱਪਣੀ:- 'ਧਰੀਆ' - ਧਾੜਵੀ।

ਸ੍ਰੀ ਗੁਰ ਸੋਭਾ ਗ੍ਰੰਥ ਵਿੱਚ ਕਵੀ ਜੀ ਨੇ 'ਧੜੀਆ' ਲਫ਼ਜ਼ ਵੀ ਵਰਤਿਆ ਹੈ ਅਤੇ 'ਧੜੀਏ' ਵੀ।

ਜਿਵੇਂ,

**ਧੜੀਏ ਬਟ ਪੜੀਏ ਔਰ ਨਗਰ ਕੇ ਅਪਾਰ ਲੋਗ,**

ਅਤੇ,

ਇਕ ਧੜੀਏ ਇਕ ਖਾਲਸਾ ਆਪੋ ਧਾਰੀਆ ॥

ਲਫ਼ਜ਼ 'ਧਰੀਆ' ਨੂੰ ਅਰਬੀ ਭਾਸ਼ਾ ਦੇ ਲਫ਼ਜ਼ ਦਹਰੀਆ ( دہریہ ) ਤੋਂ ਨਿਕਲਿਆ ਮੰਨ ਕੇ ਇਸਦਾ ਅਰਥ ਨਾਸਤਿਕ ਵੀ ਕੀਤਾ ਜਾਂਦਾ ਹੈ।

**ਹਮਰੇ ਬਾਤਿ** ਇਹੀ ਬਿਧਿ ਹੋਈ । ਭਾਵੈ ਤੁਮੋ ਕਰੋ ਸਬ ਕੋਈ।
ਜੋ ਤੁਮ ਗੁਨਹਗਾਰ ਠਹਰਾਵੋ । ਮਿਲੇ ਨ ਹਮਰੇ ਕੋਈ ਆਵੋ" ॥੪੨॥੨੩੮॥

"ਸਾਡੇ (ਸਮਾਜ ਵਿੱਚ) ਤਾਂ ਇਸੇ ਤਰ੍ਹਾਂ (ਰੀਤੀ-ਰਿਵਾਜ ਚੱਲਦੇ ਆਏ) ਹਨ; ਤੁਸੀਂ ਭਾਵੇਂ ਕੁਝ ਵੀ ਕਰੋ। ਜੇ ਤੁਸੀਂ ਸਾਨੂੰ ਗੁਨਾਹਗਾਰ ਠਹਿਰਾਉਂਦੇ ਹੋ, ਤਾਂ (ਤੁਹਾਡੇ ਵਿੱਚੋਂ ਕੋਈ ਵੀ) ਸਾਨੂੰ ਮਿਲਣ-ਵਰਤਣ ਨਾ ਆਵੇ।" ॥੪੨॥੨੩੮॥

ਤਬ ਸੁਨਿ ਕੈ ਸਬ ਹੀ ਚੁਪ ਧਾਰੀ । ਮਿਲਨ ਕਾਜ ਯਹ ਬਾਤ ਬਿਚਾਰੀ ।
ਧੰਨ ਧੰਨ ਕਹਿ ਉਠੇ ਪੁਕਾਰੇ । ਜਗ ਮੈ ਬਾਤ ਭਲੀ ਇਮ ਸਾਰੇ ॥੪੩॥੨੩੯॥

ਤਦ (ਇਹ) ਸੁਣ ਕੇ ਸਾਰੇ ਹੀ ਚੁੱਪ ਕਰ ਗਏ। (ਆਪਸ ਵਿੱਚ) ਮਿਲ ਕੇ ਰਹਿਣ ਲਈ ਇਸ ਗੱਲ 'ਤੇ ਵਿਚਾਰ ਕੀਤਾ ਗਿਆ। ਸਾਰੇ "ਧੰਨ-ਧੰਨ" ਕਹਿ ਕੇ ਪੁਕਾਰ ਉੱਠੇ (ਕਿ) ਸੰਸਾਰ ਵਿੱਚ ਇਸ ਤਰ੍ਹਾਂ (ਵਿਚਾਰ ਕਰਨਾ) ਹੀ ਸਭ ਤੋਂ ਚੰਗੀ ਗੱਲ ਹੈ ॥੪੩॥੨੩੯॥

**ਦੋਹਰਾ**
ਜਉ ਲਗਿ ਲਿਖਾ ਹਜੂਰਿ ਕਾ, ਆਵੈ ਸੰਗਤਿ ਮਾਹਿ ॥
ਤਬ ਲਗਿ ਸਬ ਸੋ ਮਿਲਿ ਰਹੋ, ਨਹੀਂ ਕਰੋ ਕਛੁ ਨਾਹਿ ॥੪੪॥੨੪੦॥

ਜਦੋਂ ਤੱਕ ਹਜ਼ੂਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਲਿਖਤੀ (ਹੁਕਮ) ਸੰਗਤ ਵਿੱਚ (ਨਹੀਂ) ਆ ਜਾਂਦਾ, ਉਦੋਂ ਤੱਕ ਸਾਰਿਆਂ ਨਾਲ ਮਿਲ ਕੇ ਰਹੋ ਅਤੇ ਕੋਈ (ਵੱਖ ਕਰਨ ਵਾਲੀ) ਕਾਰਵਾਈ ਨਾ ਕਰੋ ॥੪੪॥੨੪੦॥

ਟਿੱਪਣੀ:- ਇਹ ਸਾਰੇ ਛੰਦ ਖ਼ਾਲਸਾ ਸਾਜਨਾ ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਪੈਦਾ ਹੋਏ ਇੱਕ ਅੰਦਰੂਨੀ ਮਤਭੇਦ ਨੂੰ ਬਿਆਨ ਕਰਦੇ ਹਨ।

ਘਟਨਾਕ੍ਰਮ ਇਸ ਤਰ੍ਹਾਂ ਹੈ:

ਇੱਕ ਵਿਅਕਤੀ, ਜੋ ਖ਼ਾਲਸਾ ਰਹਿਤ ਦੇ ਨਵੇਂ ਨਿਯਮਾਂ ਤੋਂ ਨਾਰਾਜ਼ ਹੈ, ਸ਼ਿਕਾਇਤ ਕਰਦਾ ਹੈ ਕਿ ਖਾਲਸੇ ਨੇ ਪੁਰਾਣੇ ਸਿੱਖਾਂ ਨੂੰ ਬਿਨਾਂ ਸਮਝਾਏ ਛੇਕਣ ਦਾ ਨਵਾਂ ਰਾਹ ਤੋਰ ਲਿਆ ਹੈ। ਉਹ ਗੁੱਸੇ ਵਿੱਚ ਆ ਕੇ ਆਪਣੇ ਵਰਗੇ ਹੋਰ ਸਿੱਖਾਂ ਨੂੰ ਇਕੱਠਾ ਕਰਦਾ ਹੈ ਜੋ ਇਸ ਗੱਲੋਂ ਚਿੰਤਤ ਹਨ ਕਿ ਖਾਲਸਾ ਨੇ ਵਿਆਹ-ਮਰਨ ਦੇ ਪੁਰਾਣੇ ਕੁਲ-ਰੀਤੀ ਰਿਵਾਜਾਂ ਨੂੰ ਛੱਡ ਦਿੱਤਾ ਹੈ।

ਇਸ ਮਸਲੇ ਦੇ ਹੱਲ ਲਈ ਉਹ ਦਾਰਾਪੁਰ ਦੇ ਬਾਜ਼ਾਰ ਵਿੱਚ ਇੱਕ ਵੱਡਾ ਇਕੱਠ (ਮੇਲਾ) ਕਰਦੇ ਹਨ। ਇਸ ਮੇਲੇ ਵਿੱਚ, ਦੋ ਧਨੀ ਅਤੇ ਪ੍ਰਭਾਵਸ਼ਾਲੀ ਖੱਤਰੀ ਸਿੱਖ ਖੜ੍ਹੇ ਹੋ ਕੇ ਖਾਲਸਾ ਸੰਗਤ ਨੂੰ ਸਿੱਧਾ ਚੁਣੌਤੀ ਦਿੰਦੇ ਹਨ। ਉਹ ਪੁੱਛਦੇ ਹਨ, "ਕੀ ਤੁਹਾਡੇ ਕੋਲ ਗੁਰੂ ਦਾ ਕੋਈ ਹੁਕਮ ਹੈ ਜਿਸ ਤਹਿਤ ਤੁਸੀਂ ਸਾਨੂੰ, ਜੋ ਪੁਰਾਣੀਆਂ ਰੀਤਾਂ 'ਤੇ ਚੱਲਦੇ ਹਾਂ, ਸੰਗਤ ਜਾਂ ਧਰਮਸ਼ਾਲਾ ਤੋਂ ਛੇਕ ਰਹੇ ਹੋ? ਜੇ ਤੁਸੀਂ ਸਾਨੂੰ ਗੁਨਾਹਗਾਰ ਸਮਝਦੇ ਹੋ, ਤਾਂ ਅਸੀਂ ਤੁਹਾਡੇ ਨਾਲੋਂ ਆਪਣੇ ਸਾਰੇ ਸਬੰਧ ਤੋੜ ਲਵਾਂਗੇ।"

ਇਸ ਕੋਰੇ ਬਿਆਨ ਨੂੰ ਸੁਣ ਕੇ ਸਾਰੀ ਸੰਗਤ ਚੁੱਪ ਹੋ ਜਾਂਦੀ ਹੈ ਅਤੇ ਫਿਰ ਸਾਰੇ ਇਸ ਗੱਲ ਦੀ ਪ੍ਰਸ਼ੰਸਾ ਕਰਦੇ ਹਨ ਕਿ ਮਸਲੇ ਨੂੰ ਇਸ ਤਰ੍ਹਾਂ ਵਿਚਾਰਨਾ ਹੀ ਸਹੀ ਹੈ। ਅੰਤ ਵਿੱਚ, ਸਾਰੀ ਸੰਗਤ ਮਿਲ ਕੇ ਇਹ ਫੈਸਲਾ ਕਰਦੀ ਹੈ ਕਿ ਜਦੋਂ ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੋਈ ਲਿਖਤੀ ਹੁਕਮਨਾਮਾ ਨਹੀਂ ਆ ਜਾਂਦਾ, ਉਦੋਂ ਤੱਕ ਸਾਰੇ ਸਿੱਖ, ਭਾਵੇਂ ਉਹ ਕਿਸੇ ਵੀ ਰੀਤੀ-ਰਿਵਾਜ ਨੂੰ ਮੰਨਦੇ ਹੋਣ, ਆਪਸ ਵਿੱਚ ਮਿਲ-ਵਰਤ ਕੇ ਰਹਿਣਗੇ ਅਤੇ ਕੋਈ ਕਿਸੇ ਨੂੰ ਨਹੀਂ ਛੇਕੇਗਾ। ਇਹ ਫੈਸਲਾ ਉਸ ਸਮੇਂ ਦੇ ਮਤਭੇਦ ਨੂੰ ਸ਼ਾਂਤ ਕਰਨ ਦਾ ਇੱਕ ਅਸਥਾਈ ਹੱਲ ਸੀ।

**ਚੌਪਈ**

ਤਬ ਉਨ ਹੀ ਜਾਹਗਾ ਇਕ ਦੀਨੀ । ਤਹਾ ਇਕਠੀ ਸੰਗਤਿ ਕੀਨੀ ।

ਖੁਲੀ ਬਾਤਿ ਸਭ ਨੇ ਠਹਰਾਈ । ਸਬ ਸੋ ਮੇਲ ਕਰੋ ਰੇ ਭਾਈ ॥੪੫॥੨੪੧॥

ਤਦ ਉਹਨਾਂ ਨੇ ਹੀ ਇੱਕ ਥਾਂ ਨਿਸ਼ਚਿਤ ਕੀਤੀ ਅਤੇ ਉੱਥੇ ਸੰਗਤ ਇਕੱਠੀ ਕੀਤੀ। ਸਾਰਿਆਂ ਨੇ (ਆਪਸ ਵਿੱਚ) ਖੁੱਲ੍ਹੇ-ਮੇਲ (ਭਾਵ, ਬਿਨਾਂ ਕਿਸੇ ਰੋਕ-ਟੋਕ ਦੇ ਮਿਲਵਰਤਣ) ਦੀ ਗੱਲ ਪੱਕੀ ਕੀਤੀ ਅਤੇ ਕਿਹਾ, "ਹੇ ਭਾਈ! ਸਾਰਿਆਂ ਨਾਲ ਮੇਲ-ਜੋਲ ਰੱਖੋ।" ॥੪੫॥੨੪੧॥

ਗਿਆਰਸ ਏਕ ਮੇਲ ਜਬ ਕੀਨਾ । ਯਹ ਉਪਦੇਸ ਸਬਨ ਕੋ ਦੀਨਾ ।
ਪਿਤਾ ਪੁਰਖੀ ਹੈ ਜੋ ਹੋਇ ਆਈ । ਸੋ ਕਰੀਐ, ਐਸੇ ਬਤਰਾਈ ॥੪੬॥੨੪੨॥

ਜਦੋਂ ਇਕਾਦਸ਼ੀ (ਗਿਆਰਸ) ਵਾਲੇ ਦਿਨ ਇੱਕ ਇਕੱਠ ਕੀਤਾ ਗਿਆ, ਤਾਂ ਸਾਰਿਆਂ ਨੂੰ ਇਹ ਉਪਦੇਸ਼ ਦਿੱਤਾ ਗਿਆ। (ਉਹਨਾਂ ਨੇ) ਇਸ ਤਰ੍ਹਾਂ ਗੱਲ ਕੀਤੀ ਕਿ ਜਿਹੜੀ ਰੀਤ ਪਿਤਾ-ਪੁਰਖੀ (ਪੀੜ੍ਹੀਆਂ ਤੋਂ) ਚੱਲੀ ਆ ਰਹੀ ਹੈ, ਉਸੇ ਉੱਤੇ ਅਮਲ ਕਰਨਾ ਚਾਹੀਦਾ ਹੈ ॥੪੬॥੨੪੨॥

ਕੇਤਨ ਕੇ ਸੁਨਿ ਮਨਿ ਚਿਤਿ ਆਈ । ਭਲੀ ਬਾਤ ਕੀਨੀ ਹੈ ਭਾਈ ।
ਕੇਤਨ ਕਹਜੋ ਰਹਿਤ ਨਹੀਂ ਹੋਈ । ਹਮ ਤੌ ਬਾਤਿ ਨ ਮਾਨੈ ਕੋਈ ॥੪੭॥੨੪੩॥

ਇਹ ਸੁਣ ਕੇ ਕਈਆਂ ਦੇ ਮਨ ਵਿੱਚ ਆਇਆ ਕਿ, "ਹੇ ਭਾਈ! ਇਹ ਗੱਲ ਬਹੁਤ ਚੰਗੀ ਕੀਤੀ ਹੈ।" ਪਰ ਕਈਆਂ ਨੇ ਕਿਹਾ ਕਿ ਇਹ (ਅਸਲ) ਰਹਿਤ ਨਹੀਂ ਹੈ, (ਇਸ ਲਈ) ਅਸੀਂ ਇਸ ਗੱਲ ਨੂੰ ਬਿਲਕੁਲ ਨਹੀਂ ਮੰਨਦੇ ॥੪੭॥੨੪੩॥

**ਦੋਹਰਾ**

ਰਹਤ ਤਜਾਗ ਤਿਨ ਨੈ ਕਰੀ, ਭਏ ਖੁਲਾਸੇ ਸੋਇ ।
ਖਾਸ ਬਚਨ ਜਾਨੇ ਨਹੀਂ, ਕਰਤਾ ਕਰੇ ਸੋ ਹੋਇ ॥੪੮॥੨੪੪॥

ਉਹਨਾਂ ਲੋਕਾਂ ਨੇ (ਖਾਲਸਈ) ਰਹਿਤ ਨੂੰ ਤਿਆਗ ਦਿੱਤਾ ਅਤੇ ਇਸ ਤਰ੍ਹਾਂ ਉਹ ਖੁੱਲ੍ਹ-ਖੇਡਣ ਵਾਲੇ (ਭਾਵ, ਮਨਮਰਜ਼ੀ ਕਰਨ ਵਾਲੇ) ਹੋ ਗਏ।

ਉਹਨਾਂ ਨੇ (ਗੁਰੂ ਸਾਹਿਬ) ਦੇ ਖਾਸ ਬਚਨਾਂ ਨੂੰ ਨਹੀਂ ਸਮਝਿਆ। (ਉਹਨਾਂ ਦੇ ਵੱਸ ਵੀ ਕੀ ਸੀ, ਕਿਉਂਕਿ) ਜੋ ਕਰਤਾਰ ਕਰਦਾ ਹੈ, ਉਹੀ ਹੁੰਦਾ ਹੈ ॥੪੮॥੨੪੪॥

**ਛਪੈ ਛੰਦ**

ਕਰਤਾ ਕਰੇ ਸੁ ਹੋਇ, ਰਹਿਤ ਤਿਨਹੂ ਸਬ ਤਜਾਗੀ ।
ਸਤਿ ਸੰਗਤਿ ਸੋ ਪ੍ਰੀਤਿ ਤੋਰਿ, ਬਿਖਿਅਨ ਸੋ ਲਾਗੀ ।
ਗੁਰੁ ਕੇ ਬਚਨ ਬਿਸਾਰਿ, ਕਿਯੋ ਬੀਚਾਰਿ ਖੁਲਾਸਾ ।
ਕਹਤ ਖਾਲਸਾ ਨਾਹਿ ਹੋਤ ਜਮ ਪੁਰਿ ਤਿਹ ਬਾਸਾ ।
ਐਸੋ ਬਿਚਾਰਿ ਮਨ ਮੀਤ ਕਰਿ, ਸਕਲ ਭਰਮ ਤਜਿ ਦੀਜਿਯੈ ।
ਬਚਨ ਕਿਯੋ ਕਾਰਨ ਕਰਨ, ਸਤਿ ਸਤਿ ਸਬ ਕੀਜਿਯੈ ॥੪੯॥੨੪੫॥

ਜੋ ਕਰਤਾਰ ਕਰਦਾ ਹੈ, ਉਹੀ ਹੁੰਦਾ ਹੈ। ਉਹਨਾਂ ਨੇ ਸਾਰੀ ਰਹਿਤ ਤਿਆਗ ਦਿੱਤੀ। ਉਹਨਾਂ ਦੀ ਪ੍ਰੀਤ ਸਤਿਸੰਗਤ ਨਾਲੋਂ ਟੁੱਟ ਗਈ ਅਤੇ ਵਿਸ਼ੇ-ਵਿਕਾਰਾਂ ਨਾਲ ਜੁੜ ਗਈ। ਗੁਰੂ ਦੇ ਬਚਨਾਂ ਨੂੰ ਭੁਲਾ ਕੇ, ਉਹਨਾਂ ਨੇ ਆਪਣੀ ਵਿਚਾਰ ਅਨੁਸਾਰ (ਖ਼ਾਲਸਾ ਰਹਿਤ ਤੋਂ) ਖੁੱਲ੍ਹ ਲੈ ਲਈ। ਕੇਵਲ (ਆਪਣੇ ਆਪ ਨੂੰ ਖਾਲਸਾ ਅਖਵਾ ਲੈਣ ਨਾਲ ਹੀ ਕੋਈ) ਖਾਲਸਾ ਨਹੀਂ ਹੋ ਜਾਂਦਾ। ਉਸਦਾ ਵਾਸਾ ਜਮਪੁਰੀ ਵਿੱਚ ਹੁੰਦਾ ਹੈ (ਭਾਵ, ਉਸਨੂੰ ਮੁਕਤੀ ਨਹੀਂ ਮਿਲਦੀ)। ਹੇ ਮਿੱਤਰ! ਮਨ ਵਿੱਚ ਅਜਿਹਾ ਵਿਚਾਰ ਕਰਕੇ, ਸਾਰੇ ਭਰਮ ਤਿਆਗ ਦਿਉ। ਸਾਰੇ ਕਾਰਨਾਂ ਦੇ ਕਰਨ ਵਾਲੇ (ਕਰਤਾਰ) ਨੇ (ਜੋ) ਬਚਨ ਕੀਤਾ ਹੈ, ਉਸ ਸਭ ਨੂੰ ਪੂਰਨ ਸਤਿ ਕਰਕੇ ਮੰਨੋ ॥੪੯॥੨੪੫॥

**ਦੋਹਰਾ**

ਬਚਨਿ ਕਿਯੋ ਕਰਤਾਰ, ਸੁਨਿ ਮੇਰੇ ਮਨ ਪ੍ਰੀਤਿ ਕਰਿ ।
ਗਏ ਬਿਸਾਰਿ ਗਵਾਰ, ਤਿਨ ਕੀ ਕਰੀ ਨ ਚੀਤਿ ਧਰਿ ॥੫੦॥੨੪੬॥

ਕਰਤਾਰ ਨੇ ਜੋ ਬਚਨ ਕੀਤਾ ਹੈ, ਹੇ ਮੇਰੇ ਮਨ! ਉਸਨੂੰ ਪ੍ਰੀਤ ਪਾ ਕੇ ਸੁਣ। ਜੋ ਮੂਰਖ ਲੋਕ (ਉਸ ਬਚਨ ਨੂੰ) ਭੁੱਲ ਗਏ ਹਨ, ਉਹਨਾਂ ਦੀ ਗੱਲ ਮਨ 'ਤੇ ਨਾ ਲਿਆਉ (ਭਾਵ, ਉਹਨਾਂ ਦੀ ਪਰਵਾਹ ਨਾ ਕਰੋ) ॥੫੦॥੨੪੬॥

**ਕਬਿਤੁ**
**ਖਾਲਸਾ ਬਿਸਾਰਿ ਕੈ ਉਧਾਰੁ ਕਿਯੋ ਚਾਹਤ ਹੈ,**
ਸੋ ਤੌ ਅਬ ਕਹੂ ਨਾਹਿ ਐਸੇ ਕਰਿ ਜਾਨਿਯੈ ॥
**ਜੈਸੇ ਕਰ ਮੀਨ ਛੀਨ ਨੀਰ ਬਿਨਾ ਤਜੈ ਪ੍ਰਾਨ,**
ਐਸੇ ਗੁਰੁ ਸਬਦ ਬਿਨਾ ਮੂਰਖ ਬਖਾਨਿਯੈ ।
**ਚਿੱਲਾ ਜੋ ਨਾਹਿ ਕਮਾਨ, ਕੈਸੇ ਕੈ ਚਲਾਵੈ ਬਾਨ,**
ਮਨ ਮੈਂ ਕਰਿ ਦੇਖ ਗਜਾਨ ਐਸੇ ਪਹਿਚਾਨਿਯੈ ।
**ਚਲਨੀ ਜੋ ਰਹਿਤ ਛਾਨ, ਮੂਰਖ ਹੈ ਤਾ ਸਮਾਨ,**
ਸਤਿਗੁਰੁ ਕੇ ਬਚਨ ਕਾਨ ਸੁਨਿ ਕੈ ਨ ਮਾਨਿਯੈ ॥੫੧॥੨੪੭॥

ਜਿਹੜਾ ਮਨੁੱਖ ਖਾਲਸਾ (ਦੇ ਮਾਰਗ) ਨੂੰ ਭੁਲਾ ਕੇ ਆਪਣਾ ਉਧਾਰ (ਮੁਕਤੀ) ਚਾਹੁੰਦਾ ਹੈ, ਇਹ ਗੱਲ ਚੰਗੀ ਤਰ੍ਹਾਂ ਜਾਣ ਲਵੋ ਕਿ ਉਸਦਾ ਤਾਂ ਹੁਣ (ਉਧਾਰ) ਕਿਤੇ ਵੀ ਨਹੀਂ ਹੋ ਸਕਦਾ। ਜਿਵੇਂ ਪਾਣੀ ਤੋਂ ਵਿਛੁੰਨੀ ਹੋਈ ਮੱਛੀ ਆਪਣੇ ਪ੍ਰਾਣ ਤਿਆਗ ਦਿੰਦੀ ਹੈ, ਉਸੇ ਤਰ੍ਹਾਂ ਗੁਰੂ ਦੇ ਸ਼ਬਦ ਤੋਂ ਬਿਨਾਂ (ਮਨੁੱਖ ਨੂੰ) ਮੂਰਖ ਹੀ ਕਿਹਾ ਜਾਂਦਾ ਹੈ। ਜੇ ਕਮਾਨ ਉੱਤੇ ਚਿੱਲਾ (ਡੋਰੀ) ਹੀ ਨਾ ਹੋਵੇ, ਤਾਂ ਉਹ ਤੀਰ ਕਿਵੇਂ ਚਲਾ ਸਕਦੀ ਹੈ? ਇਸ ਗਿਆਨ ਨੂੰ ਆਪਣੇ ਮਨ ਵਿੱਚ ਵਿਚਾਰ ਕੇ ਪਹਿਚਾਣੋ। ਜਿਹੜਾ ਸਤਿਗੁਰੂ ਦੇ ਬਚਨਾਂ ਨੂੰ ਕੰਨਾਂ ਨਾਲ ਸੁਣ ਕੇ ਵੀ ਨਹੀਂ ਮੰਨਦਾ, ਉਹ ਮੂਰਖ ਉਸ ਛਾਨਣੀ ਵਰਗਾ ਹੈ, ਜਿਹੜੀ ਛਾਣਨ ਤੋਂ ਬਿਨ੍ਹਾਂ ਹੈ (ਭਾਵ, ਜਿਸ ਨਾਲ਼ ਛਾਣਿਆ ਨਾ ਜਾ ਸਕੇ)। ॥੫੧॥੨੪੭॥

**ਦੋਹਰਾ**
ਪ੍ਰਭੁ ਕੇ ਬਚਨ ਬਿਸਾਰਿ ਕੈ, ਮੀਤ ਕਿਯੋ ਸੰਸਾਰ ।
ਮਨ ਮੈ ਅਵਰ ਬਿਚਾਰਤੇ, ਭੂਲਤ ਭਰਮ ਗਵਾਰ ॥੫੨॥੨੪੮॥

ਪ੍ਰਭੂ ਦੇ ਬਚਨਾਂ ਨੂੰ ਭੁਲਾ ਕੇ, ਉਹਨਾਂ ਨੇ ਸੰਸਾਰ (ਦੇ ਲੋਕਾਂ) ਨੂੰ ਆਪਣਾ ਮਿੱਤਰ ਬਣਾ ਲਿਆ ਹੈ। ਉਹ ਮੂਰਖ ਆਪਣੇ ਮਨ ਵਿੱਚ ਹੋਰ ਹੀ ਵਿਚਾਰਾਂ ਸੋਚਦੇ ਹਨ ਅਤੇ ਭਰਮਾਂ ਵਿੱਚ ਭੁੱਲੇ ਫਿਰਦੇ ਹਨ ॥੫੨॥੨੪੮॥

**ਸਵੈਯਾ**
ਮਨ ਤੇ ਤਜਿ ਲਾਜ ਅਕਾਜ ਕਿਯੋ, ਜਿਨ ਕੋ ਦੁਰਬੁੱਧਿ ਪ੍ਰਕਾਸੁ ਕਿਯੋ ਹੈ ।

ਕ੍ਰੋਧ ਮਹਾ ਹਿਰਦੈ ਤਿਨ ਕੇ, ਜਿਨ ਕੇ ਢਿਗ ਪਾਪ ਨਿਵਾਸ ਕਿਯੋ ਹੈ ।
ਝੂਠ ਕੀ ਬਾਤਨ ਸੋ ਲਿਪਟੇ, ਅਟਕੇ ਸਤਿ ਸੰਗਤਿ ਮੈ ਸੁ ਕਿਯੋ ਹੈ ।
ਧੰਨ ਤੇਈ ਜਨ ਧੰਨ ਸਦਾ, ਜਿਨ ਏਕ ਹੀ ਨਾਮ ਅਧਾਰੁ ਕਿਯੋ ਹੈ ॥੫੩॥੨੪੯॥

ਸਵੈਯਾ
ਜਿਨ੍ਹਾਂ ਦੀ ਖੋਟੀ ਬੁੱਧੀ ਪ੍ਰਗਟ ਹੋ ਗਈ ਹੈ, ਉਹਨਾਂ ਨੇ ਮਨ ਤੋਂ ਸ਼ਰਮ-ਹਯਾ ਛੱਡ ਕੇ ਨਾ ਕਰਨ ਯੋਗ ਕੰਮ ਕੀਤੇ ਹਨ। ਉਹਨਾਂ ਦੇ ਹਿਰਦੇ ਵਿੱਚ ਮਹਾਂ ਕ੍ਰੋਧ ਵੱਸ ਗਿਆ ਹੈ, ਜਿਨ੍ਹਾਂ ਦੇ ਨੇੜੇ ਪਾਪ ਨੇ ਨਿਵਾਸ ਕਰ ਲਿਆ ਹੈ। ਉਹ ਝੂਠੀਆਂ ਗੱਲਾਂ ਨਾਲ ਲਿਪਟੇ ਹੋਏ ਹਨ ਅਤੇ ਉਹਨਾਂ ਨੇ ਸਤਿਸੰਗਤ ਵਿੱਚ ਵੀ ਰੁਕਾਵਟਾਂ ਪਾਈਆਂ ਹਨ। ਉਹ ਮਨੁੱਖ ਸਦਾ ਹੀ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਇੱਕ ਪ੍ਰਭੂ-ਨਾਮ ਨੂੰ ਹੀ ਆਪਣਾ ਆਸਰਾ ਬਣਾਇਆ ਹੈ ॥੫੩॥੨੪੯॥

**ਦੋਹਰਾ**
ਜਿਭਜਾ ਰਸ ਤਜਾਗੇ ਸਕਲ, ਏਕ ਭਜਨ ਸੋ ਕਾਮ ।
ਸੁਫਲ ਜਨਮ ਤਿਹ ਜਾਨਿਯੈ, ਨਿਸ ਦਿਨ ਸਿਮਰੇ ਨਾਮ ॥੫੪॥੨੫੦॥

ਜਿਹੜਾ ਜੀਭ ਦੇ ਸਾਰੇ ਰਸਾਂ (ਸੁਆਦਾਂ) ਨੂੰ ਤਿਆਗ ਦਿੰਦਾ ਹੈ ਅਤੇ ਕੇਵਲ ਪ੍ਰਭੂ ਦੇ ਭਜਨ ਨਾਲ ਹੀ ਸਰੋਕਾਰ ਰੱਖਦਾ ਹੈ, ਉਸੇ ਦਾ ਜਨਮ ਸਫਲ ਜਾਣੋ, ਜੋ ਦਿਨ-ਰਾਤ ਪ੍ਰਭੂ ਦਾ ਨਾਮ ਸਿਮਰਦਾ ਹੈ ॥੫੪॥੨੫੦॥

**ਚੌਪਈ**
ਨਾਮ ਨਿਰੰਜਨ ਹੈ ਪ੍ਰਭੁ ਸੋਈ । ਪ੍ਰਗਟਯੋ ਸਾਤ ਦੀਪ ਤਿਹੁ ਲੋਈ ।
ਨਵ ਖੰਡਨ ਮੈ ਜੋਤਿ ਤਿਹਾਰੀ । ਸਿਮਰੈ ਮੁਨਿ ਜਨ ਵਾਰ ਨ ਪਾਰੀ ॥੫੫॥੨੫੧॥

ਉਹ ਪ੍ਰਭੂ ਮਾਇਆ-ਰਹਿਤ (ਨਿਰੰਜਨ) ਨਾਮ-ਰੂਪ ਹੈ, ਜੋ ਸੱਤਾਂ ਦੀਪਾਂ ਅਤੇ ਤਿੰਨਾਂ ਲੋਕਾਂ ਵਿੱਚ ਪ੍ਰਗਟ ਹੈ। ਨੌਂ ਖੰਡਾਂ ਵਿੱਚ (ਹੇ ਪ੍ਰਭੂ!) ਤੇਰੀ ਹੀ ਜੋਤ ਹੈ। ਮੁਨੀ ਜਨ ਉਸ (ਪ੍ਰਭੂ) ਦਾ ਸਿਮਰਨ ਕਰਦੇ ਹਨ, ਜਿਸਦਾ ਕੋਈ ਉਰਵਾਰ-ਪਾਰ ਨਹੀਂ ਹੈ ॥੫੫॥੨੫੧॥

ਅਨਗਨਿ ਕੋਟਿ ਜਪੈ ਤੁਹਿ ਕੇਤੇ । ਸਗਲ ਸ੍ਰਿਸਟਿ ਮੈ ਪ੍ਰਾਨੀ ਜੇਤੇ ।
ਮਨ ਬਚ ਕਰਮ ਸਤਿਗੁਰੁ ਕੋ ਧਜਾਵੈ । ਤਿਹ ਪ੍ਰਤਾਪ ਜੋਨਿ ਨਹੀਂ ਆਵੈ ॥੫੬॥੨੫੨॥

ਸਾਰੀ ਸ੍ਰਿਸ਼ਟੀ ਵਿੱਚ ਜਿੰਨੇ ਵੀ ਪ੍ਰਾਣੀ ਹਨ, ਉਹਨਾਂ ਵਿੱਚੋਂ ਅਣਗਿਣਤ ਕਰੋੜਾਂ ਤੇਰਾ ਹੀ ਜਾਪ ਕਰਦੇ ਹਨ। ਜੋ ਵੀ ਮਨ, ਬਚਨ ਅਤੇ ਕਰਮ ਨਾਲ ਸਤਿਗੁਰੂ ਨੂੰ ਧਿਆਉਂਦਾ ਹੈ, ਉਹ (ਉਸ ਗੁਰੂ) ਦੇ ਪ੍ਰਤਾਪ ਨਾਲ ਜੂਨਾਂ ਵਿੱਚ ਨਹੀਂ ਆਉਂਦਾ ॥੫੬॥੨੫੨॥

**ਤ੍ਰਿਭੰਗੀ ਛੰਦ**
ਵੈ ਜੋਨਿ ਨ ਆਵੈ ਮਨਿ ਚਿਤ ਲਾਵੈ, ਸਬਦਿ ਕਮਾਵੈ, ਭਗਤਿ ਕਰੈ ।
ਸੇਵੈ ਨਰ ਸੋਈ, ਜਿਹ ਧੁਰਿ ਹੋਈ, ਬਿਨ ਦੇਖੇ ਧੁਰਿ ਕਉਨ ਤਰੈ ।
ਕਿਸ ਹੀ ਕਰ ਨਾਹੀਂ, ਇਸ ਜਗ ਮਾਹੀ, ਜੋ ਨਰ ਕੋਈ ਸਕਤਿ ਧਰੈ ।
ਕਰਤਾ ਪ੍ਰਭੁ ਸੋਈ, ਅਵਰ ਨ ਕੋਈ, ਜੋ ਸਿਮਰੈ ਸੋ ਪਾਰਿ ਪਰੈ ॥੫੭॥੨੫੩॥

ਉਹ ਜੂਨਾਂ ਵਿੱਚ ਨਹੀਂ ਆਉਂਦਾ, ਜੋ (ਆਪਣਾ) ਮਨ-ਚਿੱਤ (ਪ੍ਰਭੂ ਵਿੱਚ) ਲਾਉਂਦਾ ਹੈ, ਸ਼ਬਦ ਦੀ ਕਮਾਈ ਕਰਦਾ ਹੈ, ਅਤੇ ਭਗਤੀ ਕਰਦਾ ਹੈ। (ਪਰ) ਸੇਵਾ ਵੀ ਉਹੀ ਮਨੁੱਖ ਕਰਦਾ ਹੈ, ਜਿਸ ਲਈ ਧੁਰੋਂ ਹੁਕਮ ਹੁੰਦਾ ਹੈ; ਧੁਰ ਦੀ ਨਿਗ੍ਹਾ ਤੋਂ ਬਿਨ੍ਹਾਂ ਕੌਣ ਤਰ ਸਕਦਾ ਹੈ? ਇਸ ਜਗਤ ਵਿੱਚ ਇਹ ਕਿਸੇ ਦੇ ਹੱਥ ਵਿੱਚ ਨਹੀਂ ਹੈ ਕਿ ਕੋਈ ਮਨੁੱਖ (ਆਪਣੇ ਆਪ) ਅਜਿਹੀ ਸ਼ਕਤੀ ਰੱਖ ਸਕੇ। ਉਹ ਪ੍ਰਭੂ ਹੀ ਕਰਨ ਵਾਲਾ ਹੈ, ਹੋਰ ਕੋਈ ਨਹੀਂ; ਜੋ ਉਸਦਾ ਸਿਮਰਨ ਕਰਦਾ ਹੈ, ਉਹੀ ਪਾਰ ਲੰਘਦਾ ਹੈ ॥੫੭॥੨੫੩॥

**ਦੋਹਰਾ**
ਪਤਿਤ ਉਧਾਰਨ ਭੈ ਹਰਨ, ਸੁਮਤਿ ਤਾਹਿ ਸੁਖ ਸਾਰ ।
ਸੋਈ ਪ੍ਰਭੁ ਇਮ ਰੂਪ ਹੈ, ਜਿਨਿ ਸਿਰਜਯੋ ਸੰਸਾਰ ॥੫੮॥੨੫੪॥

ਉਹ (ਧਰਮ ਤੋਂ ਡਿੱਗੇ ਹੋਇਆਂ) ਦਾ ਉਧਾਰ ਕਰਨ ਵਾਲਾ, ਡਰ ਨੂੰ ਦੂਰ ਕਰਨ ਵਾਲਾ, ਉਸਦੀ ਮੱਤ ਚੰਗੀ ਹੈ ਤੇ ਸਾਰੇ ਸੁੱਖਾਂ ਦਾ ਸਾਰ ਹੈ।

ਜਿਸ ਨੇ ਇਹ ਸੰਸਾਰ ਸਿਰਜਿਆ ਹੈ, ਉਸ ਪ੍ਰਭੂ ਦਾ ਰੂਪ ਅਜਿਹਾ ਹੀ ਹੈ ॥੫੮॥੨੫੪॥

**ਤ੍ਰਿਭੰਗੀ ਛੰਦ**

ਹੈ ਪ੍ਰਭੁ ਸੋਈ, ਕਰੈ ਸੁ ਹੋਈ, ਅਵਰ ਨ ਕੋਈ, ਸੋ ਕਰਤਾ ।
ਜਾ ਕੋ ਸਭ ਗਾਵੈ, ਨੌ ਨਿਧਿ ਪਾਵੈ, ਅਪਰੰਪਰ ਦੁਖ ਕੌ ਹਰਤਾ ।
ਸਬ ਜਗ ਜਾਨੈ, ਮੁਨਿ ਜਨ ਮਾਨੈ, ਗਣ ਗੰਧਰਵ ਤਿਹ ਸੇਵ ਕਰੈ ।
ਐਸਾ ਪ੍ਰਭੁ ਸ੍ਵਾਮੀ, ਅੰਤਰਜਾਮੀ, ਦੇਵ ਕੋਟਿ ਤੇਤੀਸ ਡਰੈ ॥੫੯॥੨੫੫॥

ਉਹ ਹੀ ਪ੍ਰਭੂ ਹੈ, ਜੋ ਉਹ ਕਰਦਾ ਹੈ, ਉਹੀ ਹੁੰਦਾ ਹੈ, ਹੋਰ ਕੋਈ ਨਹੀਂ, ਉਹੀ ਕਰਤਾਰ ਹੈ। ਜਿਸਨੂੰ ਸਾਰੇ ਗਾਉਂਦੇ ਹਨ, ਉਹ ਨੌਂ ਨਿਧੀਆਂ ਪ੍ਰਾਪਤ ਕਰਦੇ ਹਨ; ਉਹ ਬੇਅੰਤ ਪ੍ਰਭੂ ਦੁੱਖਾਂ ਨੂੰ ਹਰਨ ਵਾਲਾ ਹੈ। ਸਾਰਾ ਸੰਸਾਰ ਜਾਣਦਾ ਹੈ, ਮੁਨੀ ਜਨ (ਉਸੇ ਨੂੰ) ਮੰਨਦੇ ਹਨ, ਗਣ-ਗੰਧਰਵ ਉਸਦੀ ਸੇਵਾ ਕਰਦੇ ਹਨ। ਅਜਿਹਾ ਹੈ ਉਹ ਪ੍ਰਭੂ ਸੁਆਮੀ, ਜੋ ਦਿਲਾਂ ਦੀਆਂ ਜਾਣਦਾ ਹੈ, ਤੇਤੀ ਕਰੋੜ ਦੇਵਤੇ ਉਸ ਤੋਂ ਡਰਦੇ ਹਨ ॥੫੯॥੨੫੫॥

**ਦੋਹਰਾ**

ਸਾਸਿ ਸਾਸਿ ਸਿਮਰੋ ਸਦਾ, ਦਿਵਸ ਰੈਨ ਬੀਚਾਰ ।
ਉੱਤਮ ਕ੍ਰਿਆ ਜੁ ਕਰਤ ਹੈ, ਸੇ ਗਨਿਯੈ ਸੰਸਾਰ ॥੬੦॥੨੫੬॥

ਸੁਆਸ-ਸੁਆਸ ਸਦਾ ਉਸਦਾ ਸਿਮਰਨ ਕਰੋ, ਦਿਨ-ਰਾਤ ਉਸਦਾ ਹੀ ਚਿੰਤਨ ਕਰੋ। ਜਿਹੜੇ (ਇਹ ਸਭ ਤੋਂ ਉੱਤਮ) ਕਿਰਿਆ ਕਰਦੇ ਹਨ, ਸੰਸਾਰ ਵਿੱਚ ਉਹੀ (ਸਫਲ) ਗਿਣੇ ਜਾਂਦੇ ਹਨ (ਭਾਵ, ਪ੍ਰਵਾਨ ਹੁੰਦੇ ਹਨ) ॥੬੦॥੨੫੬॥

**ਚੌਪਈ**

ਕਰਨਹਾਰ ਜਾਨਤ ਸਬ ਸੋਈ । ਬਾਹਰ ਭੇਸ ਕਿਹੀ ਬਿਧਿ ਹੋਈ ।
ਤਾਤੇ ਗੁਪਤ ਕਛੂ ਨਹੀਂ ਰਹੈ । ਜਾਨਤ ਸਬ ਕਿਛੁ ਬਿਨ ਹੀ ਕਹੈ ॥੬੧॥੨੫੭॥

ਉਹ ਕਰਨ ਵਾਲਾ (ਪ੍ਰਭੂ) ਸਭ ਕੁਝ ਜਾਣਦਾ ਹੈ, ਭਾਵੇਂ (ਕਿਸੇ ਵਿਅਕਤੀ ਦਾ) ਬਾਹਰ ਦਾ ਭੇਸ ਕਿਸੇ ਵੀ ਤਰ੍ਹਾਂ ਦਾ ਹੋਵੇ। ਉਸ ਤੋਂ ਕੁਝ ਵੀ ਗੁਪਤ

ਨਹੀਂ ਰਹਿੰਦਾ। ਉਹ ਬਿਨਾਂ (ਕਿਸੇ ਦੇ) ਬੋਲਿਆਂ ਹੀ ਸਭ ਕੁਝ ਜਾਣਦਾ ਹੈ ॥੬੧॥੨੫੭॥

ਹੈ ਸਮਰਥ ਪ੍ਰਭੁ ਅਗਮ ਬਖਾਨੈ । ਤਨ ਮਨ ਕੀ ਬ੍ਰਿਥਾ ਸਬ ਜਾਨੈ ।
ਪ੍ਰਭੁ ਪੂਰਨ ਕਰਤਾ ਪ੍ਰਭੁ ਸੋਈ । ਤਾ ਬਿਨ ਕਤਹੂੰ ਅਵਰ ਨ ਕੋਈ ॥੬੨॥੨੫੮॥

ਪ੍ਰਭੂ ਸਮਰੱਥ ਹੈ ਅਤੇ ਉਸਨੂੰ ਅਪਹੁੰਚ ਕਿਹਾ ਜਾਂਦਾ ਹੈ। ਉਹ ਤਨ ਅਤੇ ਮਨ ਦੀ ਸਾਰੀ ਪੀੜਾ ਨੂੰ ਜਾਣਦਾ ਹੈ। ਉਹ ਪ੍ਰਭੂ ਪੂਰਨ ਕਰਤਾਰ ਹੈ। ਉਸ ਤੋਂ ਬਿਨਾਂ ਹੋਰ ਕਿਤੇ ਵੀ ਕੋਈ ਨਹੀਂ ਹੈ (ਭਾਵ, ਉਹ ਹਰ ਜਗ੍ਹਾ ਸਮਾਇਆ ਹੋਇਆ ਹੈ)॥੬੨॥੨੫੮॥

**ਤ੍ਰਿਭੰਗੀ ਛੰਦ**

ਅਵਰ ਨ ਕੋਈ, ਚਹੁ ਦਿਸ ਸੋਈ, ਪ੍ਰਗਟ ਪੁਰਖ ਹੈ ਏਕ ਧਨੀ ।
ਸੇਵਕ ਜੋ ਗਾਵੈ, ਨਉ ਨਿਧਿ ਪਾਵੈ, ਦੁਰਜਨ ਕੀ ਨਹੀਂ ਰਹਿਤ ਮਨੀ ।
ਕੇਤੇ ਗੁਨ ਗਾਵੈ, ਸੋ ਸੁਖ ਪਾਵੈ, ਤਿਨ ਕੋ ਜਸ ਜਗ ਮਾਹਿ ਭਨੀ ।
ਕਰਤਾ ਪ੍ਰਭੁ ਵੋਹੀ, ਕਰੈ ਸੋ ਹੋਈ, ਉਨ ਕੀ ਸੋਭਾ ਉਨਹਿ ਬਨੀ ॥੬੩॥੨੫੯॥

ਹੋਰ ਕੋਈ ਨਹੀਂ ਹੈ, ਚਾਰੇ ਦਿਸ਼ਾਵਾਂ ਵਿੱਚ ਉਹੀ (ਪਰਮਾਤਮਾ) ਹੈ। ਉਹ ਪ੍ਰਗਟ ਪੁਰਖ ਹੀ ਇੱਕੋ-ਇੱਕ ਮਾਲਕ ਹੈ। ਜਿਹੜਾ ਸੇਵਕ ਉਸਨੂੰ ਗਾਉਂਦਾ ਹੈ, ਉਹ ਨੌਂ ਨਿਧੀਆਂ ਪਾਉਂਦਾ ਹੈ। ਦੁਸ਼ਟ ਵਿਅਕਤੀ ਦਾ ਹੰਕਾਰ ਨਹੀਂ ਰਹਿੰਦਾ (ਭਾਵ, ਉਹ ਦੁਸ਼ਟ ਦਾ ਹੰਕਾਰ ਤੋੜ ਦਿੰਦਾ ਹੈ)। ਕਿੰਨੇ ਹੀ (ਭਗਤ) ਉਸਦੇ ਗੁਣ ਗਾਉਂਦੇ ਹਨ, ਉਹ ਸੁੱਖ ਪਾਉਂਦੇ ਹਨ, ਅਤੇ ਸੰਸਾਰ ਵਿੱਚ ਉਹਨਾਂ ਦੀ ਵਡਿਆਈ ਹੁੰਦੀ ਹੈ। ਉਹ ਪ੍ਰਭੂ ਹੀ ਕਰਨ ਵਾਲਾ ਹੈ, ਜੋ ਉਹ ਕਰਦਾ ਹੈ, ਉਹੀ ਹੁੰਦਾ ਹੈ; ਉਸਦੀ ਸ਼ੋਭਾ ਉਸੇ ਨੂੰ ਹੀ ਫਬਦੀ ਹੈ ॥੬੩॥੨੫੯॥

ਇਤਿ ਸ੍ਰੀ ਗੁਰੁ ਸੋਭਾ ਬਚਨ ਬਿਚਾਰ ਛਠਮ ਅਧਿਆਇ
ਸੰਪੂਰਨਮਸਤੁ ਸੁਭਮਸਤੁ ॥ ੬ ॥

ਇਸ ਤਰ੍ਹਾਂ 'ਸ੍ਰੀ ਗੁਰੂ ਸੋਭਾ' ਗ੍ਰੰਥ ਦਾ 'ਬਚਨ ਦਾ ਵਿਚਾਰ' ਨਾਮਕ ਛੇਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸਭ ਸ਼ੁਭ ਅਤੇ ਮੰਗਲਮਈ ਹੋਵੇ॥ ੬ ॥

*****

ਅਧਿਆਇ ੭

[ਸਮਾਜਿਕ ਸੁਧਾਰ ਤੇ ਔਕੜਾਂ]

ਦੋਹਰਾ ॥
ਹਰਿ ਪ੍ਰਭੁ ਚਾਹੇ ਸੋ ਕਰੇ, ਬੁਰਾ ਭਲਾ ਜਿਹ ਹਾਥ ॥
ਸੰਗਤਿ ਬਿਨੁ ਨਹੀਂ ਪਾਈਐ, ਸਮਝਿ ਦੇਖਿ ਯਹ ਬਾਤ ॥੧॥੨੬੦॥

ਹਰੀ ਪ੍ਰਭੂ ਜੋ ਚਾਹੁੰਦਾ ਹੈ, ਉਹੀ ਕਰਦਾ ਹੈ। ਚੰਗਾ ਅਤੇ ਮਾੜਾ ਸਭ ਉਸੇ ਦੇ ਹੱਥ ਵਿੱਚ ਹੈ। ਇਸ ਗੱਲ ਨੂੰ ਸਮਝ ਕੇ ਦੇਖ ਲਵੋ ਕਿ (ਉਸ ਪ੍ਰਭੂ ਦੀ ਪ੍ਰਾਪਤੀ) ਸੰਗਤ ਤੋਂ ਬਿਨਾਂ ਨਹੀਂ ਹੁੰਦੀ।

ਸਵੈਯਾ ॥
ਸੋ ਮਨ ਮੈ ਕਰਿ ਦੇਖਿ ਬਿਚਾਰ, ਜਪੋ ਕਰਤਾਰ ਤਬੈ ਗਤਿ ਹੋਈ ॥ ਦੁਖ ਮੈ ਭੁਖ ਮੈ ਸੁਖ ਮੈ ਤੁਹਿ ਕੋ, ਹੋਇ ਸਹਾਇ ਕਰਤਾ ਪ੍ਰਭੁ ਸੋਈ ॥ ਦੀਨ ਦਯਾਲ ਸਦਾ ਪ੍ਰਭੁ ਪੂਰਨ, ਤਾਹਿ ਬਿਨਾ ਕਛੁ ਅਵਰ ਨ ਕੋਈ ॥ ਐਸੀ ਜਗਤ ਮੈ ਜੋਤਿ ਤਿਹਾਰੀ, ਬਿਚਾਰੀ ਸੁ ਯਾ ਕਬਿ ਕੀ ਗਤਿ ਜੋਈ ॥੨॥੨੬੧॥

ਇਸ ਲਈ ਮਨ ਵਿੱਚ ਵਿਚਾਰ ਕਰਕੇ ਦੇਖੋ, ਕਰਤਾਰ ਨੂੰ ਜਪੋ, ਤਦ ਹੀ ਮੁਕਤੀ ਹੋਵੇਗੀ। ਦੁੱਖ ਵਿੱਚ, ਭੁੱਖ ਵਿੱਚ, ਅਤੇ ਸੁੱਖ ਵਿੱਚ, ਉਹੀ ਕਰਤਾ ਪ੍ਰਭੂ ਤੇਰਾ ਸਹਾਈ ਹੁੰਦਾ ਹੈ। ਉਹ ਪੂਰਨ ਪ੍ਰਭੂ ਸਦਾ ਦੀਨਾਂ 'ਤੇ ਦਿਆਲ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਹੇ ਪ੍ਰਭੂ! ਜਗਤ ਵਿੱਚ ਤੇਰੀ ਜੋਤਿ ਅਜਿਹੀ (ਹੀ) ਹੈ। (ਇਸ) ਕਵੀ (ਸੈਨਾਪਤੀ) ਦੀ ਜਿੰਨੀ ਵੀ ਗਤੀ ਹੈ, (ਭਾਵ, ਜਿੰਨਾ ਕੁੱਝ ਵੀ ਮੈਂ ਜਾਣਿਆ ਹੈ), ਮੈਂ ਉਸਦੀ ਵਿਚਾਰ ਕੀਤੀ ਹੈ।॥੨॥੨੬੧॥

**ਦੋਹਰਾ**
ਅੰਚਰ ਗਹਿ ਸਤਿਸੰਗਿ ਕੋ, ਤਜਿ ਪ੍ਰਪੰਚ ਬਿਕਾਰ ।
ਦਿਵਸ ਰੈਨ ਬੀਚਾਰਿਯੈ, ਪਤਿਤ ਉਧਾਰਨਹਾਰ ॥੩॥੨੬੨॥

(ਸਿੱਖ ਨੂੰ) ਚਾਹੀਦਾ ਹੈ ਕਿ ਉਹ ਦੁਨਿਆਵੀ ਝਮੇਲਿਆਂ ਅਤੇ ਬੁਰਾਈਆਂ ਨੂੰ ਤਿਆਗ ਕੇ, ਸਤਿਸੰਗਤ ਦਾ ਪੱਲਾ ਫੜ ਲਵੇ। ਦਿਨ-ਰਾਤ ਉਸ ਪਾਪੀਆਂ ਦਾ ਉਧਾਰ ਕਰਨ ਵਾਲੇ ਪ੍ਰਭੂ (ਵਾਹਿਗੁਰੂ) ਦਾ ਸਿਮਰਨ-ਵਿਚਾਰ ਕਰਨਾ ਚਾਹੀਦਾ ਹੈ। ॥੩॥੨੬੨॥

**ਚੌਪਈ**

ਏਕ ਸਿੱਖ ਨਿਰਮਲ ਜਿਹ ਰੀਤਿ । ਅੰਤਰਗਤਿ ਸਤਿਗੁਰੂ ਸੌਂ ਪ੍ਰੀਤਿ।
ਹੁਕਮੁ ਪਾਇ ਉਨਿ ਦੇਹ ਤਜਾਗੀ । ਅੰਤ ਸਮੈ ਗੁਰੁ ਸੋ ਲਿਵਲਾਗੀ ॥੪॥੨੬੩॥

ਇੱਕ ਸਿੱਖ, ਜਿਸਦਾ ਜੀਵਨ-ਢੰਗ ਬਹੁਤ ਨਿਰਮਲ ਸੀ ਅਤੇ ਉਸਦੇ ਹਿਰਦੇ ਵਿੱਚ ਸਤਿਗੁਰੂ ਜੀ ਲਈ ਸੱਚਾ ਪ੍ਰੇਮ ਸੀ। ਉਸਨੇ ਸਤਿਗੁਰੂ ਦਾ ਹੁਕਮ ਪ੍ਰਾਪਤ ਕਰਕੇ ਆਪਣਾ ਸਰੀਰ ਤਿਆਗ ਦਿੱਤਾ ਅਤੇ ਅੰਤਲੇ ਸਮੇਂ (ਵੀ) ਉਸਦੀ ਸੁਰਤਿ ਗੁਰੂ-ਚਰਨਾਂ ਵਿੱਚ ਹੀ ਜੁੜੀ ਰਹੀ। ॥੪॥੨੬੩॥

ਤਾ ਪਰ ਭੱਦਰ ਕਿਯੋ ਨ ਭਾਈ। ਜਾਤਿ ਲੋਕ ਸਬ ਦਿਯੇ ਉਠਾਈ।
ਤਾ ਪਰ ਚਰਚਾ ਚਲੀ ਅਪਾਰਾ । ਭਯੋ ਇਕਤ੍ਰ ਨਗਰ ਸਬ ਸਾਰਾ ॥੫॥੨੬੪॥

(ਉਸਦੇ ਪਰਿਵਾਰ ਦੇ ਜੀਆਂ ਨੇ) ਉਸਦੀ ਮੌਤ 'ਤੇ 'ਭੱਦਰ' (ਮੁੰਡਨ) ਦੀ ਰਸਮ ਨਹੀਂ ਕੀਤੀ। (ਇਸ ਕਾਰਨ) ਜਾਤ-ਬਰਾਦਰੀ ਦੇ ਲੋਕਾਂ ਨੇ ਉਨ੍ਹਾਂ ਨੂੰ ਸਮਾਜ ਵਿੱਚੋਂ ਉਠਾ (ਛੇਕ) ਦਿੱਤਾ (ਬਾਈਕਾਟ ਕਰ ਦਿੱਤਾ)। ਇਸ ਵਿਸ਼ੇ 'ਤੇ ਬਹੁਤ ਵੱਡੀ ਚਰਚਾ ਛਿੜ ਪਈ ਅਤੇ ਸਾਰਾ ਨਗਰ ਇਕੱਠਾ ਹੋ ਗਿਆ। ॥੫॥੨੬੪॥

ਟਿੱਪਣੀ:- ਇਸ ਸੰਘਰਸ਼ ਦਾ ਮੂਲ ਕਾਰਨ ਇਹ ਸੀ ਕਿ ਇੱਕ ਗੁਰਸਿੱਖ ਦੇ ਪਰਿਵਾਰ ਨੇ ਗੁਰੂ ਦੀ ਰਹਿਤ 'ਤੇ ਚੱਲਦਿਆਂ ਮੌਤ ਉਪਰੰਤ ਸਿਰ ਮੁੰਡਾਉਣ ਦੀ ਰਸਮ ('ਭੱਦਰ') ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਰੂੜੀਵਾਦੀ ਸਮਾਜ ਭੜਕ ਗਿਆ ਅਤੇ ਉਨ੍ਹਾਂ ਨੇ ਉਸ ਪਰਿਵਾਰ ਦਾ ਸਮਾਜਿਕ ਬਾਈਕਾਟ ਕਰ ਦਿੱਤਾ।

ਇਨ ਸੌ ਬਨਜ ਕਰੋ ਮਤ ਕੋਈ । ਕੁਲ ਕੀ ਚਾਲ ਇਨੋ ਸਬ ਖੋਈ ।
ਤਬ ਪੰਚਨ ਮਿਲਿ ਲਿਖਤ ਕਰਾਏ । ਬੇਦ ਸੁ ਸਤਿ ਸਤਿ ਲਿਖਵਾਏ ॥੬॥੨੬੫॥

(ਬਰਾਦਰੀ ਨੇ ਫੈਸਲਾ ਕੀਤਾ ਕਿ) "ਇਨ੍ਹਾਂ ਨਾਲ ਕੋਈ ਵਪਾਰ ਜਾਂ ਲੈਣ-ਦੇਣ ਨਾ ਕਰੇ, ਕਿਉਂਕਿ ਇਨ੍ਹਾਂ ਨੇ ਆਪਣੀ ਕੁੱਲ ਦੀ ਸਾਰੀ ਮਰਿਆਦਾ ਗੁਆ ਦਿੱਤੀ ਹੈ, (ਭਾਵ, ਛੱਡ ਦਿੱਤੀ ਹੈ)।" ਤਦ ਪੰਚਾਂ ਨੇ ਮਿਲ ਕੇ ਇੱਕ ਲਿਖਤ ਕਰਵਾ ਲਈ, (ਜਿਸ ਵਿੱਚ ਇਹ ਲਿਖਵਾਇਆ ਕਿ) ਵੇਦ ਹੀ ਸੱਚ-ਸੱਚ ਹਨ। ॥੬॥੨੬੫॥

**ਦੋਹਰਾ**

ਇਨ ਸਿਉ ਸਵਦਾ ਮਤੁ ਕਰਹੁ, ਨਹਿ ਕੁਟੰਬ ਬਿਉਹਾਰ ॥
ਜੋ ਆਗੇ ਕੁਲ ਮੈ ਭਈ, ਸੋ ਵਰਤੋ ਸੰਸਾਰ ॥੭॥੨੬੬॥

(ਉਸ ਲਿਖਤ ਵਿੱਚ ਕਿਹਾ ਗਿਆ ਕਿ) "ਇਨ੍ਹਾਂ (ਸਿੱਖਾਂ) ਨਾਲ ਕੋਈ ਸੌਦਾ (ਆਦਿ ਲੈਣ-ਦੇਣ) ਨਾ ਕਰੋ ਅਤੇ ਨਾ ਹੀ ਕੋਈ ਪਰਿਵਾਰਕ ਵਿਹਾਰ (ਵਿਆਹ ਆਦਿ ਦਾ ਸੰਬੰਧ) ਰੱਖੋ। ਜਿਹੜੀਆਂ ਰੀਤਾਂ ਪਹਿਲਾਂ ਤੋਂ ਖਾਨਦਾਨ ਵਿੱਚ ਚੱਲਦੀਆਂ ਆ ਰਹੀਆਂ ਹਨ, ਸੰਸਾਰ ਵਿੱਚ ਉਨ੍ਹਾਂ ਦੀ ਹੀ ਪਾਲਣਾ ਕਰੋ।" ॥੭॥੨੬੬॥

ਟਿੱਪਣੀ:- ਖ਼ਾਲਸਾ ਰਹਿਤ ਦੇ ਧਾਰਨੀ ਸਿੱਖਾਂ ਨੇ ਪੰਚਾਇਤ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸਦੇ ਜਵਾਬ ਵਿੱਚ, ਪੰਚਾਂ ਨੇ ਹੋਰ ਸਖ਼ਤੀ ਕਰਦਿਆਂ ਸਾਰੇ ਸ਼ਹਿਰ ਵਿੱਚ ਹੜਤਾਲ ਕਰਵਾ ਦਿੱਤੀ, ਤਾਂ ਜੋ ਸਿੱਖਾਂ ਦਾ ਕੰਮ-ਕਾਜ ਠੱਪ ਹੋ ਜਾਵੇ।

**ਚੌਪਈ**

ਯਹਿ ਬਿਚਾਰ ਪੰਚਨ ਮਿਲਿ ਕੀਨਾ । ਕੇਤਨ ਮਿਲਿ ਕਰਿ ਮੰਤ੍ਰ ਸੁ ਦੀਨਾ ।
ਇਨ ਸੋ ਬਾਤਿ ਭਾਂਤਿ ਯਹ ਕੀਜੈ । ਇਨ ਕੀ ਬਾਤਿ ਚਲਨ ਨਹੀਂ ਦੀਜੈ ॥੮॥੨੬੭॥

ਇਹ ਵਿਚਾਰ ਪੰਚਾਇਤ ਨੇ ਮਿਲ ਕੇ ਕੀਤਾ ਅਤੇ ਬਹੁਤ ਸਾਰੇ ਲੋਕਾਂ ਨੇ ਇਕੱਠੇ ਹੋ ਕੇ ਇਹ ਸਲਾਹ ਦਿੱਤੀ। (ਉਨ੍ਹਾਂ ਕਿਹਾ ਕਿ) "ਇਨ੍ਹਾਂ ਨਾਲ ਇਸ ਤਰ੍ਹਾਂ ਦਾ ਸਲੂਕ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਦੀ ਆਖੀ (ਕੋਈ ਗੱਲ) ਨਾ ਚੱਲ ਸਕੇ।" ॥੮॥੨੬੭॥

ਇਨ੍ਹੈਂ ਰਾਹ ਇਕ ਨਈ ਚਲਾਈ । ਸਤਿਗੁਰੁ ਇਨ੍ਹੈਂ ਨਹੀਂ ਬਤਲਾਈ ।
ਇਹ ਬਿਧਿ ਕਰਿ ਕੈ ਲਿਖਤ ਕਰਾਏ । ਕੇਤਕ ਜੀਵ ਜਾਇ ਲਿਖਿ ਆਏ ॥੯॥੨੬੮॥

(ਉਨ੍ਹਾਂ ਨੇ ਤਰਕ ਦਿੱਤਾ ਕਿ) "ਇਨ੍ਹਾਂ ਨੇ ਇੱਕ ਨਵਾਂ ਰਾਹ ਚਲਾ ਲਿਆ ਹੈ, ਜੋ ਸਤਿਗੁਰੂ ਨੇ ਇਨ੍ਹਾਂ ਨੂੰ ਨਹੀਂ ਦੱਸਿਆ, (ਬਲਕਿ ਇਹਨਾਂ ਨੇ ਆਪਣੇ ਕੋਲੋਂ ਹੀ ਇਹ ਨਵੀਂ ਰੀਤ ਸ਼ੁਰੂ ਕਰ ਲਈ ਹੈ)।" ਇਸ ਤਰ੍ਹਾਂ ਕਹਿ ਕੇ ਉਨ੍ਹਾਂ ਨੇ ਉਹ ਲਿਖਤ ਤਿਆਰ ਕਰਵਾਈ। ਕਈ ਲੋਕਾਂ ਨੇ ਜਾ ਕੇ ਉਸ ਉੱਤੇ ਆਪਣੀ ਸਹਿਮਤੀ ਲਿੱਖ ਦਿੱਤੀ। ॥੯॥੨੬੮॥

ਕੇਤਨ ਲਿਖ ਹੈ ਦਿਯੋ ਬਹਾਈ । ਰਹੀ ਬਾਤ ਸੰਗਤਿ ਬਤਲਾਈ ।
ਕਰਿ ਬੀਚਾਰ ਯਹੈ ਠਹਿਰਾਯੋ । ਪਾਰ ਚੀਰ ਕੈ ਲਿਖਤ ਬਹਾਯੋ ॥੧੦॥੨੬੯॥

ਪੰਜਾਬੀ :
ਬਹੁਤ ਸਾਰੇ ਲੋਕਾਂ ਨੇ ਉਸ ਲਿਖਤ 'ਤੇ (ਪਹਿਲਾਂ ਤਾਂ) ਸਹਿਮਤੀ ਦੇ ਦਿੱਤੀ, (ਪਰ ਮਗਰੋਂ ਉਸ ਲਿਖਤ ਨੂੰ ਪਾਣੀ ਵਿੱਚ) ਵਹਾ ਦਿੱਤਾ। ਜਦੋਂ ਇਹ ਸਾਰੀ ਗੱਲ ਸਿੱਖ ਸੰਗਤ ਨੂੰ ਦੱਸੀ ਗਈ, ਤਾਂ ਉਨ੍ਹਾਂ ਨੇ ਆਪਸ ਵਿੱਚ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਇਹ ਫੈਸਲਾ ਕੀਤਾ ਅਤੇ ਉਸ ਲਿਖਤ ਨੂੰ ਪਾੜ ਕੇ ਟੁਕੜੇ-ਟੁਕੜੇ ਕਰ ਦਿੱਤਾ ਅਤੇ ਰੋੜ੍ਹ ਦਿੱਤਾ। ॥੧੦॥੨੬੯॥

**ਦੋਹਰਾ**
ਜੋ ਸਬ ਸੰਗਤਿ ਨੈ ਕਹਯੋ, ਵਹੈ ਕਾਜ ਉਨਿ ਕੀਨ ।
ਲਿਖਯੋ ਸੁ ਲਿਖਤ ਬਹਾਇਯੈ, ਯਹ ਬਿਬੇਕ ਤਬ ਦੀਨ ॥੧੧॥੨੭੦॥

ਜੋ ਸਾਰੀ ਸੰਗਤ ਨੇ ਕਿਹਾ, ਉਨ੍ਹਾਂ (ਸਿੱਖਾਂ) ਨੇ ਉਹੀ ਕੰਮ ਕੀਤਾ। ਉਨ੍ਹਾਂ ਨੇ (ਆਪਣੇ) ਵਿਵੇਕ ਨਾਲ (ਇਹ ਫੈਸਲਾ ਕੀਤਾ) ਕਿ ਉਸ ਲਿਖਤ ਨੂੰ ਰੋੜ੍ਹ ਦਿੱਤਾ ਜਾਏ। ॥੧੧॥੨੭੦॥

**ਚੌਪਈ**

ਚਲੀ ਬਾਤ ਪੰਚਨ ਮੈ ਆਈ । ਲਿਖਤ ਸਕਲ ਉਨ ਦਿਯੋ ਬਹਾਈ ।
ਤਬ ਉਨ ਹੀ ਬਿਚਾਰ ਯਹ ਕੀਨਾ । ਸਬ ਬਾਜਾਰ ਬੰਦ ਕਰਿ ਦੀਨਾ ॥੧੨॥੨੭੧॥

ਜਦੋਂ ਇਹ ਗੱਲ ਪੰਚਾਂ ਤੱਕ ਪਹੁੰਚੀ ਕਿ ਉਨ੍ਹਾਂ (ਸਿੱਖਾਂ) ਨੇ ਸਾਰਾ ਲਿਖਤੀ ਫ਼ਰਮਾਨ ਰੋੜ੍ਹ ਦਿੱਤਾ ਹੈ, ਤਦ ਉਨ੍ਹਾਂ ਨੇ ਆਪਸ ਵਿੱਚ ਵਿਚਾਰ ਕਰਕੇ ਸਾਰਾ ਬਾਜ਼ਾਰ (ਵਿਰੋਧ ਵਜੋਂ) ਬੰਦ ਕਰਵਾ ਦਿੱਤਾ। ॥੧੨॥੨੭੧॥

ਫਿਰਿ ਗਾਢੇ ਕਰਿ ਲਿਖਤ ਕਰਾਏ । ਕੇਤਨ ਕਿਰਤ ਬਿਨਾ ਦੁਖ ਪਾਏ ।
ਕੇਤਨ ਜਾਇ ਜਾਇ ਲਿਖਿ ਦੀਨਾ । ਜੋ ਉਨ ਕਹਜੋ ਸੋਈ ਉਨ ਕੀਨਾ ॥੧੩॥੨੭੨॥

ਫਿਰ ਉਨ੍ਹਾਂ (ਪੰਚਾਂ) ਨੇ ਹੋਰ ਵੀ ਸਖ਼ਤ ਹੋ ਕੇ ਹੁਕਮ ਤਿਆਰ ਕਰਵਾਏ। (ਬਾਜ਼ਾਰ ਬੰਦ ਹੋਣ ਕਾਰਨ ਸਿੱਖ ਦੁਕਾਨਦਾਰ) ਕੰਮ-ਕਾਜ ਤੋਂ ਬਿਨਾਂ ਦੁਖੀ ਹੋ ਗਏ। (ਉਨਾਂ ਵਿੱਚੋਂ) ਕਈਆਂ ਨੇ ਜਾ ਕੇ ਉਸ ਲਿਖਤ ਉੱਤੇ ਆਪਣੀ ਸਹਿਮਤੀ ਲਿਖ ਦਿੱਤੀ ਅਤੇ ਜੋ ਕੁਝ ਪੰਚਾਂ ਨੇ ਕਿਹਾ, ਉਨ੍ਹਾਂ ਨੇ ਉਹੀ ਕੀਤਾ। ॥੧੩॥੨੭੨॥

ਕੇਤਨ ਆਸ ਏਕ ਪਰ ਧਰੀ । ਕੇਤਨ ਊਚ ਨੀਚ ਚਿਤ ਕਰੀ ।
ਕੇਤਨ ਦਰ ਦਰਸਨ ਕੋ ਧਾਏ। ਕੇਤਨ ਗ੍ਰਿਹ ਹਾਕਮ ਕੇ ਆਏ ॥੧੪॥੨੭੩॥

ਕਈ (ਸਿੱਖਾਂ) ਨੇ (ਸਿਰਫ਼) ਇੱਕ (ਪ੍ਰਭੂ) 'ਤੇ ਹੀ ਆਸ ਰੱਖੀ। ਕਈਆਂ ਦੇ ਮਨ ਵਿੱਚ ਊਚ-ਨੀਚ (ਡਾਵਾਂਡੋਲ ਹੋਣ) ਦੇ ਖਿਆਲ ਆਏ। ਕਈ ਸਤਿਗੁਰੂ ਦੇ ਦਰ 'ਤੇ ਦਰਸ਼ਨਾਂ ਲਈ ਦੌੜ ਪਏ। ਕਈ (ਮਦਦ ਲਈ) ਹਾਕਮ ਦੇ ਘਰ ਪਹੁੰਚ ਗਏ। ॥੧੪॥੨੭੩॥

**ਦੋਹਰਾ**

ਕੇਤਕ ਦਰਸਨ ਕੋ ਗਏ, ਕੇਤਕ ਭਏ ਉਦਾਸ ।
ਕੇਤਕ ਹਾਕਮ ਕੇ ਗਏ, ਨਹਿ ਰਾਖਯੋ ਬਿਸਵਾਸ ॥੧੫॥੨੭੪॥

ਕਈ (ਸਿੱਖ) ਗੁਰੂ-ਦਰਸ਼ਨਾਂ ਲਈ ਚਲੇ ਗਏ, ਅਤੇ ਕਈ ਉਦਾਸ ਹੋ ਗਏ। ਕਈ ਹਾਕਮ ਕੋਲ ਚਲੇ ਗਏ ਅਤੇ ਉਨ੍ਹਾਂ ਨੇ (ਗੁਰੂ 'ਤੇ) ਭਰੋਸਾ ਨਹੀਂ ਰੱਖਿਆ। ॥੧੫॥੨੭੪॥

**ਚੌਪਈ**

ਕੇਤਕ ਸਿੱਖਨ ਯਹਿ ਮਤਿ ਧਾਰਾ । ਹਾਕਮ ਆਗੇ ਕਰੀ ਪੁਕਾਰਾ ।
ਪੰਚਨ ਨਗਰ ਬੰਦ ਸਬ ਕੀਨਾ । ਇਨ ਕੋ ਹੁਕਮ ਤੁਮੋ ਕਛੁ ਦੀਨਾ ॥੧੬॥੨੭੫॥

ਕੁਝ ਸਿੱਖਾਂ ਨੇ ਇਹ ਵਿਚਾਰ ਕੀਤਾ ਅਤੇ ਹਾਕਮ ਅੱਗੇ ਜਾ ਕੇ ਫ਼ਰਿਆਦ ਕੀਤੀ। (ਉਨ੍ਹਾਂ ਪੁੱਛਿਆ,) 'ਪੰਚਾਂ ਨੇ ਸਾਰਾ ਨਗਰ ਬੰਦ ਕਰ ਦਿੱਤਾ ਹੈ, ਕੀ ਤੁਸੀਂ ਉਨ੍ਹਾਂ ਨੂੰ ਅਜਿਹਾ ਕੋਈ ਹੁਕਮ ਦਿੱਤਾ ਹੈ?' ॥੧੬॥੨੭੫॥

ਮਧ ਮਜੀਤ ਰੀਤਿ ਉਨ ਧਾਰੀ । ਕਰਨ ਨ ਪਾਵੈ ਹਮ ਬਿਉਹਾਰੀ।
ਤਬ ਹਾਕਮ ਬਿਚਾਰ ਯਹ ਕੀਨਾ । ਤਿਨ ਕੇ ਹੁਕਮੁ ਸਾਥ ਕਰ ਦੀਨਾ ॥੧੭॥੨੭੬॥

(ਸਿੱਖਾਂ ਨੇ ਕਿਹਾ,) 'ਉਨ੍ਹਾਂ ਨੇ ਇਹ ਰੀਤ ਸ਼ੁਰੂ ਕਰ ਦਿੱਤੀ ਹੈ, ਜਿਸ ਕਾਰਨ ਅਸੀਂ ਵਪਾਰੀ (ਆਪੋ ਆਪਣੀ) ਦੁਕਾਨ 'ਤੇ (ਆਪਣਾ) ਕੰਮ-ਕਾਜ ਨਹੀਂ ਕਰ ਪਾ ਰਹੇ।' ਤਦ ਹਾਕਮ ਨੇ ਇਹ ਵਿਚਾਰ ਕੀਤਾ ਅਤੇ ਉਨ੍ਹਾਂ (ਸਿੱਖਾਂ) ਦੇ ਹੱਕ ਵਿੱਚ ਹੁਕਮ ਜਾਰੀ ਕਰ ਦਿੱਤਾ। ॥੧੭॥੨੭੬॥

ਮਜੀਤ:- ਦੁਕਾਨ, ਹੱਟੀ।

ਜਾਇ ਮਜੀਤ ਕਹੋ ਰੇ ਭਾਈ । ਇਨ ਕੀ ਹਾਟੈਂ ਦੇਹੁ ਖੁਲਾਈ।
ਲੀਨੇ ਹੁਕਮ ਤਹਾਂ ਚਲਿ ਆਏ । ਜੇ ਸਿਰਦਾਰ ਤੇਈ ਬਤਲਾਏ ॥੧੮॥੨੭੭॥

(ਹਾਕਮ ਨੇ ਕਿਹਾ,) 'ਹੇ ਭਾਈ! ਦੁਕਾਨਾਂ 'ਤੇ (ਭਾਵ, ਬਾਜ਼ਾਰ ਵਿੱਚ) ਜਾ ਕੇ ਆਖੋ ਅਤੇ ਇਨ੍ਹਾਂ (ਸਿੱਖਾਂ) ਦੀਆਂ ਦੁਕਾਨਾਂ ਖੁਲ੍ਹਵਾ ਦਿਓ।' ਉਹ ਹੁਕਮ ਲੈ ਕੇ ਉੱਥੇ (ਵਾਪਸ) ਚੱਲ ਕੇ ਆ ਗਏ ਅਤੇ ਜਿਹੜੇ ਆਗੂ ਸਨ, ਉਨ੍ਹਾਂ ਨੂੰ ਇਹ ਗੱਲ ਦੱਸੀ। ॥੧੮॥੨੭੭॥

**ਦੋਹਰਾ**

ਦੇਖਤ ਹੀ ਚਵਕੇ ਸਕਲ, ਹੁਤੇ ਪੰਚ ਸਬ ਸੋਇ ।
ਹਾਟਨ ਖੋਲ ਨ ਦੇਹਿਗੇ, ਹੋਨੀ ਹੋਇ ਸੁ ਹੋਇ ॥੧੯॥੨੭੮॥

ਇਹ (ਹੁਕਮ) ਦੇਖਦਿਆਂ ਹੀ ਉਹ ਸਾਰੇ ਪੰਚ ਚੌਂਕ ਗਏ। (ਉਨ੍ਹਾਂ ਨੇ ਕਿਹਾ,) 'ਅਸੀਂ ਦੁਕਾਨਾਂ ਨਹੀਂ ਖੋਲ੍ਹਣ ਦੇਵਾਂਗੇ, ਭਾਵੇਂ ਫਿਰ ਜੋ ਮਰਜ਼ੀ ਹੋ ਜਾਵੇ।' ॥੧੯॥੨੭੮॥

**ਚੌਪਈ**

ਮਿਲਿ ਪੰਚਨ ਇਮ ਬਾਤ ਬਨਾਈ । ਸਬ ਮਜੀਤ ਬੰਦ ਕਰਵਾਈ ।
ਮਿਲੇ ਅਪਾਰ ਨਗਰ ਮੈ ਸੋਈ । ਕਹਿਤ ਖਾਲਸਾ ਕਿਹ ਬਿਧਿ ਹੋਈ ॥੨੦॥੨੭੯॥

ਪੰਚਾਂ ਨੇ ਮਿਲ ਕੇ ਇਸ ਤਰ੍ਹਾਂ ਦੀ ਗੱਲ ਕੀਤੀ ਕਿ ਉਨ੍ਹਾਂ ਨੇ ਸਾਰੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ। ਨਗਰ ਵਿੱਚ ਬਹੁਤ ਸਾਰੇ ਲੋਕ ਇਕੱਠੇ ਹੋ ਗਏ ਅਤੇ ਕਹਿਣ ਲੱਗੇ, 'ਦੇਖਦੇ ਹਾਂ ਹੁਣ ਇਹ ਖਾਲਸਾ ਕਿਵੇਂ ਬਣਦਾ ਹੈ (ਭਾਵ, ਆਪਣੀ ਮਰਜ਼ੀ ਕਿਵੇਂ ਕਰਦਾ ਹੈ)।' ॥੨੦॥੨੭੯॥

ਦੇਖਹੁ ਅਬ ਕੈਸੇ ਬਨਿ ਆਵੈ । ਕੈਸੀ ਸੋਭ ਖਾਲਸਾ ਪਾਵੈ ।
ਕਰੀਐ ਅਬ ਇਨ ਸੋ ਬਿਧਿ ਸੋਈ । ਕਹੈ ਨ ਫੇਰ ਖਾਲਸਾ ਕੋਈ ॥੨੧॥੨੮੦॥

(ਪੰਚ ਆਪਸ ਵਿੱਚ ਕਹਿਣ ਲੱਗੇ,) 'ਹੁਣ ਦੇਖਦੇ ਹਾਂ ਕਿ ਕੀ ਬਣਦਾ ਹੈ ਅਤੇ ਇਹ ਖਾਲਸਾ ਕਿਹੋ ਜਿਹੀ ਸ਼ੋਭਾ ਪ੍ਰਾਪਤ ਕਰਦਾ ਹੈ। ਹੁਣ ਇਨ੍ਹਾਂ ਨਾਲ ਅਜਿਹਾ ਸਲੂਕ ਕਰਨਾ ਚਾਹੀਦਾ ਹੈ ਕਿ ਭਵਿੱਖ ਵਿੱਚ ਕੋਈ ਮੁੜ ਕੇ (ਆਪਣੇ ਆਪ ਨੂੰ) ਖਾਲਸਾ ਨਾ ਆਖੇ।' ॥੨੧॥੨੮੦॥

ਮਿਲਿ ਹਾਕਮ ਕੇ ਬਾਤ ਬਨਾਈ । ਇਨ੍ਹੈ ਰਾਹ ਇਕ ਨਈ ਚਲਾਈ ।
ਕੁਲਾ ਕਰਮ ਕੇ ਮਾਰਗ ਤਜਾਗੇ । ਕਰਿ ਹੈ ਚਾਲ ਔਰ ਇਮ ਲਾਗੇ ॥੨੨॥੨੮੧॥

ਉਨ੍ਹਾਂ (ਪੰਚਾਂ) ਨੇ ਹਾਕਮ ਕੋਲ ਜਾ ਕੇ ਗੱਲ ਬਣਾਈ ਕਿ 'ਇਨ੍ਹਾਂ (ਸਿੱਖਾਂ) ਨੇ ਇੱਕ ਨਵਾਂ ਰਾਹ ਚਲਾ ਲਿਆ ਹੈ। ਇਨ੍ਹਾਂ ਨੇ ਕੁੱਲ ਦੇ ਕਰਮ-(ਕਾਂਡ) (ਆਪਣੇ ਖਾਨਦਾਨ ਦੇ ਕਰਮ-ਧਰਮ) ਦਾ ਰਸਤਾ ਛੱਡ ਦਿੱਤਾ ਹੈ ਅਤੇ ਹੁਣ ਇਹ ਵੱਖਰੀ ਤਰ੍ਹਾਂ ਦੀ ਚਾਲ ਕਰਨ ਲੱਗ ਪਏ ਹਨ।' ॥੨੨॥੨੮੧॥

**ਦੋਹਰਾ**

ਵਾਹਗੁਰੂ ਕਾ ਖਾਲਸਾ, ਕਹਤ ਸਕਲ ਮਿਲਿ ਸੋਇ ।
ਪੂਛੋ ਇਨੈ ਸੁਚੇਤਿ ਕੈ, ਜੋ ਤੁਮਰੇ ਮਨ ਹੋਇ ॥੨੩॥੨੮੨॥

(ਉਹ ਕਹਿਣ ਲੱਗੇ,) 'ਇਹ ਸਾਰੇ ਮਿਲ ਕੇ ਆਪਣੇ ਆਪ ਨੂੰ 'ਵਾਹਿਗੁਰੂ ਕਾ ਖਾਲਸਾ' ਕਹਿੰਦੇ ਹਨ। ਜੋ ਤੁਹਾਡੇ ਮਨ ਵਿੱਚ ਆਵੇ, ਤੁਸੀਂ ਇਨ੍ਹਾਂ ਤੋਂ ਸਾਵਧਾਨੀ ਨਾਲ ਉਸ ਬਾਰੇ ਪੁੱਛ-ਗਿੱਛ ਕਰੋ।' ॥੨੩॥੨੮੨॥

**ਚੌਪਈ**

ਪਾਤਸਾਹ ਦਿਲੀ ਪਤਿ ਸੋਈ। ਕਹਤ ਖਾਲਸਾ ਤਾ ਕੋ ਹੋਈ ।
ਤੁਮੈ ਖਾਲਸਾ ਕਿਆ ਮਤਿ ਧਾਰਾ । ਸੋ ਬਿਧਿ ਕਹੀਐ ਸੋਚ ਬਿਚਾਰਾ ॥੨੪॥੨੮੩॥

(ਤਦ ਹਾਕਮ ਨੇ ਸਿੱਖਾਂ ਨੂੰ ਪੁੱਛਿਆ,) 'ਖਾਲਸਾ ਤਾਂ ਦਿੱਲੀ ਦੇ ਪਾਤਸ਼ਾਹ (ਦੀ ਨਿੱਜੀ ਜਾਗੀਰ) ਨੂੰ ਕਿਹਾ ਜਾਂਦਾ ਹੈ। ਤੁਸੀਂ ਇਹ 'ਖਾਲਸਾ' ਦੀ ਕਿਹੜੀ ਨਵੀਂ ਸੋਚ ਧਾਰਨ ਕਰ ਲਈ ਹੈ? ਇਸ ਬਾਰੇ ਸੋਚ-ਵਿਚਾਰ ਕੇ ਚੰਗੀ ਤਰ੍ਹਾਂ ਦੱਸੋ।' ॥੨੪॥੨੮੩॥

ਟਿੱਪਣੀ:- ਉਹ ਜਾਗੀਰ, ਜੋ ਕਿਸੇ ਸੂਬੇਦਾਰ, ਜਾਗੀਰਦਾਰ, ਜਾਂ ਸਰਦਾਰ ਦੇ ਅਧੀਨ ਨਾ ਹੋ ਕੇ ਸਿੱਧਾ ਬਾਦਸ਼ਾਹ ਦੇ ਅਧੀਨ ਹੋਵੇ, ਉਸ ਨੂੰ ਖਾਲਸਾ ਕਿਹਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸਾਰੀ ਸੰਗਤ ਨੂੰ ਹੀ ਖਾਲਸਾ ਕਰ ਲਿਆ, ਤਾਂ ਉਸ ਦਾ ਇਹੀ ਭਾਵ ਸੀ ਕਿ ਹੁਣ ਸੰਗਤ ਸਿੱਧਾ ਗੁਰੂ ਦੇ ਹੀ ਅਧੀਨ ਹੈ, ਕਿਸੇ ਮਸੰਦ ਆਦਿ ਦੇ ਨਹੀਂ। ਮੰਜੀ ਪ੍ਰਥਾ

ਵੇਲੇ ਮੰਜੀਦਾਰ ਨੂੰ ਸੰਗਤ ਵਿੱਚ ਮੰਜੀ ਉੱਤੇ ਬਹਿਣ ਦਾ ਅਧਿਕਾਰ ਹੁੰਦਾ ਸੀ। ਬਾਅਦ ਵਿੱਚੋਂ, ਮਸੰਦ ਨੂੰ ਇਹ ਅਧਿਕਾਰ ਦਿੱਤਾ ਗਿਆ ਕਿ ਉਹ ਸੰਗਤ ਵਿੱਚ ਚੌਂਕੀ ਉੱਤੇ ਬੈਠ ਸਕਦਾ ਹੈ। ਮਸੰਦ ਪ੍ਰਥਾ ਖਤਮ ਹੋਣ ਨਾਲ ਇਹ ਸਭ ਅਧਿਕਾਰ ਵੀ ਖਤਮ ਹੋ ਗਏ ਤੇ ਸੰਗਤ ਸਿੱਧਾ ਹੀ ਗੁਰੂ ਅਧੀਨ ਹੋ ਕੇ ਖਾਲਸਾ ਹੋ ਗਈ। ਗੁਰੂ-ਦੀਖਿਆ ਦੇਣ ਦਾ ਅਧਿਕਾਰ ਵੀ ਗੁਰੂ ਕੋਲ ਹੀ ਰਹਿ ਗਿਆ। ਇਹ ਗੁਰੂ-ਦੀਖਿਆ ਪੰਜ ਪਿਆਰਿਆਂ ਰਾਹੀਂ ਦਿੱਤੀ ਜਾਣ ਲੱਗ ਪਈ।

ਤਬ ਸਿੱਖਨ ਯਹ ਬਾਤ ਬਤਾਈ । ਸਤਿਗੁਰੁ ਪੁਰਖ ਮਹਾ ਸੁਖਦਾਈ । ਆਗੈ ਜਿਨ ਕੈ ਨਾਇਬ ਹੋਤੇ । ਨਾਂਵ ਮਸੰਦ ਸਗਲ ਥੇ ਜੇਤੇ ॥੨੫॥੨੮੪॥

ਤਦ ਸਿੱਖਾਂ ਨੇ ਇਹ ਗੱਲ ਸਮਝਾਈ, 'ਸਾਡੇ ਮਹਾਨ ਸੁਖਦਾਈ ਸਤਿਗੁਰੂ ਜੀ ਦੇ ਪਹਿਲਾਂ ਜਿਹੜੇ ਪ੍ਰਤਿਨਿਧ (ਨਾਇਬ) ਹੋਇਆ ਕਰਦੇ ਸਨ, ਜਿਨ੍ਹਾਂ ਸਾਰਿਆਂ ਦਾ ਨਾਮ ਮਸੰਦ ਸੀ...' ॥੨੫॥੨੮੪॥

**ਦੋਹਰਾ**

ਸੋ ਸਤਿਗੁਰੁ ਕਿਯੇ ਦੂਰਿ ਸਬ, ਪਰਮ ਜੋਤਿ ਨਿਜ ਧਾਰਿ ।
ਸਗਲ ਸਿਖ ਭਏ ਖਾਲਸਾ, ਸੁਨਿਯੈ ਸਾਚ ਬਿਚਾਰ ॥੨੬॥੨੮੫॥

'...ਉਨ੍ਹਾਂ ਸਾਰਿਆਂ ਨੂੰ ਸਤਿਗੁਰੂ ਜੀ ਨੇ ਦੂਰ ਕਰ ਕੇ (ਹਟਾ ਦਿੱਤਾ) ਤੇ ਆਪਣੀ ਨਿੱਜੀ ਪਰਮ ਜੋਤਿ (ਅਧਿਕਾਰ) ਸਿੱਧਾ ਆਪਣੇ ਸਿੱਖਾਂ ਵਿੱਚ ਧਰ (ਦਿੱਤੀ। ਹੁਣ ਗੁਰੂ ਅਤੇ ਸਿੱਖ ਵਿੱਚ ਕੋਈ ਵਿਚੋਲਾ ਨਹੀਂ), ਇਸ ਲਈ ਸਾਰੇ ਸਿੱਖ 'ਖਾਲਸਾ' ਹੋ ਗਏ ਹਨ। ਇਸ ਸੱਚੀ ਵਿਚਾਰ ਨੂੰ ਸੁਣੋ।' ॥੨੬॥੨੮੫॥

ਟਿੱਪਣੀ:- ਇਹ ਇੱਕ ਬਹੁਤ ਗੰਭੀਰ ਸਵਾਲ ਸੀ। ਹਾਕਮ ਨੇ 'ਖਾਲਸਾ' ਸ਼ਬਦ ਦਾ ਸਰਕਾਰੀ ਅਰਥ (ਬਾਦਸ਼ਾਹ ਦੀ ਜ਼ਮੀਨ) ਲੈ ਕੇ ਸਿੱਖਾਂ 'ਤੇ ਰਾਜ-ਦ੍ਰੋਹ ਦਾ ਸ਼ੱਕ ਕੀਤਾ ਹੋਏਗਾ। ਉਹ ਜਾਨਣਾ ਚਾਹੁੰਦਾ ਸੀ ਕਿ ਕੀ ਸਿੱਖਾਂ ਦਾ 'ਖਾਲਸਾ' ਬਾਦਸ਼ਾਹ ਦੇ ਖਿਲਾਫ਼ ਕੋਈ ਰਾਜਨੀਤਿਕ ਲਹਿਰ ਤਾਂ ਨਹੀਂ।

ਸਿੱਖਾਂ ਨੇ ਬੜੀ ਸਿਆਣਪ ਨਾਲ ਜਵਾਬ ਦਿੱਤਾ। ਉਨ੍ਹਾਂ ਨੇ ਸਮਝਾਇਆ ਕਿ 'ਖਾਲਸਾ' ਦਾ ਅਰਥ ਹੈ ਵਿਚੋਲਗੀ (ਮਸੰਦ ਪ੍ਰਥਾ) ਨੂੰ ਖਤਮ ਕਰਕੇ ਸਿੱਖ ਦਾ ਸਿੱਧਾ ਗੁਰੂ ਨਾਲ ਜੁੜਨਾ। ਇਸ ਤਰ੍ਹਾਂ ਉਨ੍ਹਾਂ ਨੇ ਰਾਜਨੀਤਿਕ ਸ਼ੱਕ ਨੂੰ ਨਿਰਮੂਲ ਕਰ ਦਿੱਤਾ।

**ਚੌਪਈ**

ਤਬ ਬਿਚਾਰ ਹਾਕਮ ਸੁਨਿ ਰਹਾ। ਮਿਲਿ ਸਿਖਨ ਐਸੇ ਕਛੁ ਕਹਾ।
ਤਬ ਮਿਲਿ ਪੰਚਨ ਯਹ ਮਤ ਕੀਨਾ । ਕਛੁ ਇਕ ਖਰਚੁ ਤਾਸ ਕੋ ਦੀਨਾ ॥੨੭॥੨੮੬॥

ਇਹ ਵਿਚਾਰ ਹਾਕਮ (ਚੁੱਪ ਹੋ ਕੇ) ਸੁਣ ਰਿਹਾ ਸੀ। (ਫਿਰ ਸ਼ਿਕਾਇਤ ਕਰਨ ਵਾਲੇ) ਸਿੱਖਾਂ ਨੇ ਕੁੱਝ ਇਸ ਤਰ੍ਹਾਂ (ਗੱਲ ਹਾਕਮ ਨੂੰ) ਆਖੀ। ਤਦ ਵਿਰੋਧੀ ਪੰਚਾਂ ਨੇ ਮਿਲ ਕੇ ਇੱਕ ਸਲਾਹ ਕੀਤੀ ਅਤੇ ਉਸ (ਹਾਕਮ) ਨੂੰ ਕੁਝ ਖਰਚਾ (ਰਿਸ਼ਵਤ) ਦੇ ਦਿੱਤਾ। ॥੨੭॥੨੮੬॥

ਏਕ ਬੇਰ ਇਨ ਕੋ ਗਹਿ ਕੀਜੈ । ਭੇਟ ਕਸੀ ਹਮ ਤੇ ਕਛੁ ਲੀਜੈ ।
ਤਬ ਉਨ ਖਰਚ ਹਾਥ ਕਰਿ ਲੀਨਾ । ਜੋ ਉਨ ਕਹਯੋ ਸੋਈ ਉਨ ਕੀਨਾ ॥੨੮॥੨੮੭॥

(ਪੰਚਾਂ ਨੇ ਹਾਕਮ ਨੂੰ ਕਿਹਾ,) 'ਇੱਕ ਵਾਰ ਇਨ੍ਹਾਂ ਨੂੰ ਫੜ ਲਵੋ ਅਤੇ ਸਾਡੇ ਕੋਲੋਂ ਕੋਈ ਭੇਟ (ਰਕਮ/ਰਿਸ਼ਵਤ) ਲੈ ਲਵੋ।' ਤਦ ਉਸ (ਹਾਕਮ) ਨੇ ਉਹ (ਰਿਸ਼ਵਤ ਦਾ) ਪੈਸਾ (ਆਪਣੇ) ਹੱਥ ਵਿੱਚ ਲੈ ਲਿਆ ਅਤੇ ਜੋ ਉਨ੍ਹਾਂ (ਪੰਚਾਂ) ਨੇ ਕਿਹਾ, ਉਸਨੇ ਉਹੀ ਕੀਤਾ। ॥੨੮॥੨੮੭॥

ਕੇਤਕ ਸਿੱਖ ਪਕਰਿ ਬੈਠਾਏ । ਕੇਤਕ ਸੁਨਤ ਮਹਾ ਡਰ ਪਾਏ ।
ਊਚ ਨੀਚ ਕੇਤਨ ਸੋ ਕਰੀ । ਐਸੀ ਬਾਤ ਪ੍ਰਬਲ ਹੁਇ ਪਰੀ ॥੨੯॥੨੮੮॥

ਕੁਝ ਸਿੱਖਾਂ ਨੂੰ ਫੜ ਕੇ ਬਿਠਾ ਲਏ। (ਇਹ) ਸੁਣ ਕੇ ਕਈ ਬਹੁਤ ਜ਼ਿਆਦਾ ਡਰ ਗਏ। ਕਈਆਂ ਨਾਲ ਬਹੁਤ ਬੁਰਾ ਸਲੂਕ ਕੀਤਾ ਗਿਆ। ਇਸ ਤਰ੍ਹਾਂ ਇਹ ਮਾਮਲਾ ਬਹੁਤ ਗੰਭੀਰ ਹੋ ਗਿਆ। ॥੨੯॥੨੮੮॥

**ਦੋਹਰਾ**

ਮਿਲਿ ਪੰਚਨ ਕੀਨੋ ਮਤਾ, ਧਰੀਏ ਸੰਗਿ ਅਪਾਰ ।
ਏਕ ਓਰ ਭਯੋ ਖਾਲਸਾ, ਏਕ ਓਰ ਸੰਸਾਰ ॥੩੦॥੨੮੯॥

ਪੰਚਾਂ ਨੇ ਮਿਲ ਕੇ ਇਹ ਮਤਾ ਕੀਤਾ ਅਤੇ ਆਪਣੇ ਨਾਲ (ਧਾੜਵੀਆਂ ਵਰਗੇ ਲੋਕਾਂ ਦੀ) ਬਹੁਤ ਵੱਡੀ ਭੀੜ ਇਕੱਠੀ ਕਰ ਲਈ। (ਸਥਿਤੀ ਐਸੀ ਬਣ ਗਈ ਕਿ) ਇੱਕ ਪਾਸੇ ਖਾਲਸਾ ਸੀ, ਅਤੇ ਦੂਜੇ ਪਾਸੇ ਸਾਰਾ ਸੰਸਾਰ (ਭਾਵ, ਸਥਾਪਿਤ ਸਮਾਜਿਕ ਢਾਂਚਾ) ਸੀ। ॥੩੦॥੨੮੯॥

ਧਰੀਆ:- ਧਾੜਵੀ। ਇਸ ਦਾ ਅਰਥ ਦੁਕਾਨਦਾਰ ਵੀ ਕੀਤਾ ਜਾਂਦਾ ਹੈ। ਕਿਤੇ ਕਿਤੇ ਇਸ ਦਾ ਅਰਥ 'ਧੜਾਬਾਜ਼ੀ ਕਰਨ ਵਾਲਾ' ਵੀ ਕੀਤਾ ਜਾਂਦਾ ਹੈ

ਟਿੱਪਣੀ:- "ਏਕ ਓਰ ਭਯੋ ਖਾਲਸਾ, ਏਕ ਓਰ ਸੰਸਾਰ", ਇਹ ਪੰਗਤੀ ਖਾਲਸੇ ਦੇ ਸੰਘਰਸ਼ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ। ਗੁਰੂ ਦੀ ਰਹਿਤ 'ਤੇ ਚੱਲਣ ਵਾਲੇ ਮੁੱਠੀ ਭਰ ਸਿੱਖ ਇੱਕ ਪਾਸੇ ਸਨ ਅਤੇ ਪੁਰਾਣੀਆਂ ਰੀਤਾਂ 'ਤੇ ਚੱਲਣ ਵਾਲਾ ਸਾਰਾ ਸਮਾਜ ਉਨ੍ਹਾਂ ਦੇ ਵਿਰੁੱਧ ਦੂਜੇ ਪਾਸੇ ਖੜ੍ਹਾ ਸੀ।

**ਕਬਿੱਤੁ**

**ਸੰਤਨ ਕੇ ਕਾਜ ਕੀ ਸੁ ਲਾਜ ਤੈ ਹੀ ਭਰਨ ਕਹੀ,**
ਔਰ ਮੇਰੇ ਸ੍ਵਾਮੀ ਬੇਰ ਕੌਨ ਸੀ ਜੁ ਕਹੀ ਹੈ ।
**ਧੜੀਏ ਬਟ ਪੜੀਏ ਔਰ ਨਗਰ ਕੇ ਅਪਾਰ ਲੋਗ,**
ਖਾਲਸੇ ਕੇ ਸਿਖੋਂ ਸਾਥ ਨੀਚ ਊਚ ਭਈ ਹੈ ।
**ਕਹਤੇ ਹੈਂ ਕਪਟ ਬੈਨ ਸੁਨਤ ਹੀ ਨ ਪਰਤ ਚੈਨ,**
ਕਾਂਪਤ ਸਰੀਰ ਸਰਨ ਤੇਰੀ ਹੀ ਜੁ ਗਹੀ ਹੈ ।
**ਸੁਨਿਯੈ ਪੁਕਾਰ ਕਰਨਹਾਰ ਨਹਿ ਬਿਲੰਮ ਧਾਰ,**
ਤੇਰੋ ਹੀ ਅਧਾਰ ਬਾਤ ਤੁਝ ਤਾਈ ਰਹੀ ਹੈ ॥੩੧॥੨੯੦॥

(ਸਿੱਖਾਂ ਨੇ ਗੁਰੂ ਅੱਗੇ ਅਰਦਾਸ ਕੀਤੀ,) "ਹੇ ਪ੍ਰਭੂ! ਤੁਸੀਂ ਹੀ ਆਪਣੇ ਸੰਤਾਂ ਦੇ ਕੰਮ ਦੀ ਲਾਜ ਰੱਖਣ ਲਈ ਕਿਹਾ ਹੈ, ਮੇਰੇ ਸਵਾਮੀ, ਹੁਣ ਹੋਰ ਕਿਹੜੀ ਦੇਰ ਹੈ? ਧਾੜਵੀ, ਰਾਹ ਮਾਰਨ ਵਾਲੇ (ਲੁਟੇਰੇ) ਅਤੇ ਨਗਰ ਦੇ

ਹੋਰ ਅਨੇਕਾਂ ਲੋਕ ਖਾਲਸੇ ਦੇ ਸਿੱਖਾਂ ਨਾਲ ਬਹੁਤ ਬੁਰਾ ਸਲੂਕ ਕਰ ਰਹੇ ਹਨ। ਉਹ ਧੋਖੇ ਭਰੇ ਬਚਨ ਬੋਲਦੇ ਹਨ ਜਿਨ੍ਹਾਂ ਨੂੰ ਸੁਣ ਕੇ ਚੈਨ ਨਹੀਂ ਮਿਲਦਾ, ਸਰੀਰ ਕੰਬ ਰਿਹਾ ਹੈ। ਅਸੀਂ ਕੇਵਲ ਤੁਹਾਡੀ ਹੀ ਸ਼ਰਨ ਪਕੜੀ ਹੋਈ ਹੈ। ਹੇ ਕਰਨਹਾਰ! ਸਾਡੀ ਪੁਕਾਰ ਸੁਣੋ ਅਤੇ ਦੇਰੀ ਨਾ ਕਰੋ। ਸਾਨੂੰ ਸਿਰਫ ਤੁਹਾਡਾ ਹੀ ਆਸਰਾ ਹੈ, ਹੁਣ ਇਹ ਸਾਰੀ ਗੱਲ ਤੁਹਾਡੇ 'ਤੇ ਹੀ ਨਿਰਭਰ ਹੈ।" ॥੩੧॥੨੯੦॥

**ਦੋਹਰਾ**

ਸੁਨਿ ਦਯਾਲ ਕ੍ਰਿਪਾਲ ਹੋ, ਭਯੋ ਸੁ ਆਨਿ ਸਹਾਇ ।
ਹਾਕਮ ਕੇ ਮਨ ਮੈ ਬਸੀ, ਹਾਟੈ ਦਈ ਖੁਲਾਇ ॥੩੨॥੨੯੧॥

(ਸਿੱਖਾਂ ਦੀ ਪੁਕਾਰ) ਸੁਣ ਕੇ ਦਿਆਲੂ ਅਤੇ ਕ੍ਰਿਪਾਲੂ ਗੁਰੂ ਜੀ ਆਪ ਸਹਾਈ ਹੋਏ। ਉਨ੍ਹਾਂ ਨੇ ਹਾਕਮ ਦੇ ਮਨ ਵਿੱਚ (ਅਜਿਹੀ ਗੱਲ) ਵੱਸ ਗਈ ਕਿ ਉਸਨੇ ਸਾਰੀਆਂ ਦੁਕਾਨਾਂ ਖੁਲ੍ਹਵਾ ਦਿੱਤੀਆਂ। ॥੩੨॥੨੯੧॥

**ਚੌਪਈ**

ਸਬ ਮਜੀਤ ਖੋਲ ਕਰ ਦੀਨੀ । ਤਬੀ ਸੁਲਾ ਆਪਸ ਮੋ ਕੀਨੀ ।
ਹਾਟੈ ਖੁਲੀ ਭਯੋ ਰੁਜਗਾਰਾ । ਭਯੋ ਅਨੰਦ ਕ੍ਰੋਧ ਜਬ ਮਾਰਾ ॥੩੩॥੨੯੨॥

ਸਭ ਦੁਕਾਨਾਂ ਖੋਲ੍ਹ ਦਿੱਤੀਆਂ ਗਈਆਂ ਅਤੇ ਤਦ (ਦੋਹਾਂ ਧਿਰਾਂ ਨੇ) ਆਪਸ ਵਿੱਚ ਸੁਲ੍ਹਾ ਕਰ ਲਈ। ਦੁਕਾਨਾਂ ਖੁੱਲ੍ਹ ਗਈਆਂ ਤੇ ਕੰਮ-ਕਾਜ (ਮੁੜ ਤੋਂ) ਸ਼ੁਰੂ ਹੋ ਗਿਆ। ਜਦੋਂ (ਉਨ੍ਹਾਂ ਨੇ ਆਪਣੇ ਅੰਦਰੋਂ) ਗੁੱਸਾ ਮਾਰ ਦਿੱਤਾ (ਭਾਵ, ਨਾਰਾਜ਼ਗੀ ਖ਼ਤਮ ਕਰ ਦਿੱਤੀ), ਤਾਂ ਆਨੰਦ ਛਾ ਗਿਆ। ॥੩੩॥੨੯੨॥

ਮਿਲਿ ਆਪਸ ਮੈ ਬਹੁ ਸੁਖ ਕੀਨਾ । ਅਧਿਕ ਹੇਤ ਆਗੇ ਤੇ ਚੀਨਾ ।
ਫੇਰਿ ਸਿੱਖ ਸੰਗਤਿ ਮੈ ਆਏ । ਕੇਤਨ ਆਇ ਗੁਨਾਹ ਬਖਸਾਏ ॥੩੪॥੨੯੩॥

ਆਪਸ ਵਿੱਚ ਮਿਲ ਕੇ ਸਾਰਿਆਂ ਨੇ ਬਹੁਤ ਸੁੱਖ (ਮਹਿਸੂਸ) ਕੀਤਾ ਅਤੇ ਪਹਿਲਾਂ ਨਾਲੋਂ ਵੀ ਵੱਧ ਆਪਸੀ ਪ੍ਰੇਮ ਵੇਖਿਆ ਗਿਆ। ਫਿਰ ਉਹ ਸਿੱਖ

(ਮੁੜ ਕੇ) ਸੰਗਤ ਵਿੱਚ (ਵਾਪਸ) ਆਏ ਅਤੇ ਕਈਆਂ ਨੇ ਆ ਕੇ ਆਪਣੇ ਗੁਨਾਹ ਬਖਸ਼ਾਏ। ॥੩੪॥੨੯੩॥

ਤਬ ਸਿੱਖਨ ਉਨ ਲਿਯੋ ਮਿਲਾਈ । ਫੇਰ ਚਾਲ ਦਰਸਨ ਕੀ ਆਈ ।
ਦਰ ਦਰਸਨ ਕੋ ਸਿੱਖ ਸਿਧਾਏ । ਭਏ ਅਨੰਦ ਪ੍ਰਭੂ ਗੁਨ ਗਾਏ ॥੩੫॥੨੯੪॥

ਤਦ ਸਿੱਖਾਂ (ਸੰਗਤ) ਨੇ ਉਨ੍ਹਾਂ ਨੂੰ ਵਾਪਸ ਆਪਣੇ ਨਾਲ ਮਿਲਾ ਲਿਆ। ਇਸ ਤੋਂ ਬਾਅਦ ਗੁਰੂ-ਦਰਸ਼ਨਾਂ ਲਈ ਜਾਣ ਦਾ ਸਿਲਸਿਲਾ ਸ਼ੁਰੂ ਹੋਇਆ। ਸਿੱਖ ਗੁਰੂ ਦੇ ਦਰ 'ਤੇ ਦਰਸ਼ਨਾਂ ਲਈ ਚੱਲ ਪਏ ਅਤੇ ਪ੍ਰਭੂ ਦੇ ਗੁਣ ਗਾ ਕੇ ਅਨੰਦਿਤ ਹੋਏ। ॥੩੫॥੨੯੪॥

**ਦੋਹਰਾ**

ਤਿਨ ਕੋ ਲਿਯੋ ਮਿਲਾਇ, ਜਿਨੈ ਲਿਖਤ ਲਿਖ ਲਿਖ ਦਏ ।
ਸਤਿਗੁਰੁ ਕੇ ਪ੍ਰਤਾਪ, ਫੇਰ ਸਿੱਖ ਦਰਸਨ ਗਏ ॥੩੬॥੨੯੫॥

ਉਨ੍ਹਾਂ ਨੂੰ (ਸੰਗਤ ਨੇ) ਆਪਣੇ ਨਾਲ ਮਿਲਾ ਲਿਆ, ਜਿਨ੍ਹਾਂ ਨੇ (ਪੰਚਾਂ ਦੇ) ਲਿਖਤੀ ਫ਼ਰਮਾਨਾਂ 'ਤੇ ਸਹਿਮਤੀ ਲਿਖ ਦਿੱਤੀ ਸੀ। ਸਤਿਗੁਰੂ ਜੀ ਦੀ ਕਿਰਪਾ ਨਾਲ ਸਾਰੇ ਸਿੱਖ ਫਿਰ ਤੋਂ ਦਰਸ਼ਨਾਂ ਲਈ ਗਏ। ॥੩੬॥੨੯੫॥

ਏ ਤੋ ਦਰਸਨ ਕੋ ਗਏ, ਕਰਤਾ ਕਰੇ ਸੁ ਹੋਇ।
ਕਥਾ ਜੁੱਧ ਸੰਗ੍ਰਾਮ ਕੀ, ਬਰਨਤ ਹੋ ਅਬ ਸੋਇ ॥੩੭॥੨੯੬॥

ਇਹ ਸਿੱਖ ਤਾਂ ਦਰਸ਼ਨਾਂ ਲਈ ਚਲੇ ਗਏ। ਕਰਤਾਰ ਜੋਕ ਕਰਦਾ ਹੈ, ਉਹ ਹੀ ਹੁੰਦਾ। ਹੁਣ (ਅੱਗੇ) ਜੰਗ-ਯੁੱਧ ਦੀ ਕਥਾ ਦਾ ਵਰਣਨ ਕਰਾਂਗਾ। ॥੩੭॥੨੯੬॥

ਟਿੱਪਣੀ:- ਕਵੀ ਜੀ ਇਸ ਸਮਾਜਿਕ ਸੰਘਰਸ਼ ਦੀ ਕਥਾ ਨੂੰ ਇੱਥੇ ਸਮਾਪਤ ਕਰਦੇ ਹਨ ਅਤੇ ਅਗਲੇ ਅਧਿਆਇ ਵਿੱਚ ਹੋਣ ਵਾਲੀਆਂ ਜੰਗਾਂ-ਯੁੱਧਾਂ ਲਈ ਭੂਮਿਕਾ ਬੰਨ੍ਹਦੇ ਹਨ।

ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਰਹਿਤ ਪ੍ਰਗਾਸ ਸਪਤਮ ਅਧਿਆਇ ਬਰਨਨੰ ਸੰਪੂਰਨਮਸਤੁ ਸੁਭਮਸਤੁ ॥੭॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਵਿੱਚ 'ਰਹਿਤ ਪ੍ਰਗਾਸ' ਦਾ ਸੱਤਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ। ॥੭॥

*****

ਅਧਿਆਇ ੮

**ਦੋਹਰਾ**
ਗੋਬਿੰਦ ਸਿੰਘ ਅਨੰਦ ਪੁਰ, ਸੁਭ ਸੁਬਾਸ ਤਿਹ ਥਾਨ ॥
ਪਰਸਤ ਸੰਗਤਿ ਦਰਸ ਜਿਹ, ਪਾਵਤ ਨਾਮ ਨਿਧਾਨ ॥੧॥੨੯੭॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦਾ ਆਨੰਦਪੁਰ ਸਾਹਿਬ ਦੇ ਸਥਾਨ ਉੱਤੇ ਸ਼ੁੱਭ ਵਾਸਾ ਹੈ। ਜਿੱਥੇ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਕੇ ਨਾਮ ਦਾ ਖ਼ਜ਼ਾਨਾ ਪ੍ਰਾਪਤ ਕਰਦੀਆਂ ਹਨ। ॥੧॥੨੯੭॥

ਕੇਤਕ ਸਿੱਖ ਬਿਦਾ ਭਏ, ਕੇਤਕ ਰਹੇ ਹਜੂਰਿ ॥
ਕਿਯੋ ਸਾਜਿ ਸਜਿ ਜੁੱਧ ਕੋ, ਬਾਜੇ ਅਨਹਦ ਤੂਰਿ ॥੨॥੨੯੮॥

ਕੁਝ ਸਿੱਖ (ਗੁਰੂ ਜੀ ਤੋਂ) ਆਗਿਆ ਲੈ ਕੇ ਚਲੇ ਗਏ ਅਤੇ ਕੁਝ ਉਨ੍ਹਾਂ ਦੀ ਹਜ਼ੂਰੀ ਵਿੱਚ ਹੀ ਰਹੇ। (ਇਸੇ ਸਮੇਂ) ਯੁੱਧ ਦਾ ਸਾਮਾਨ ਤਿਆਰ ਕੀਤਾ ਗਿਆ ਅਤੇ (ਜੰਗੀ) ਤੁਰੀਆਂ ਦੇ ਨਿਰੰਤਰ ਨਾਦ ਗੂੰਜਣ ਲੱਗੇ। ॥੨॥੨੯੮॥

ਵੈ ਜੋ ਸਿੱਖ ਵਿਦਾ ਭਏ, ਨਗਰ ਨਗਰ ਬਿਸਥਾਰ ॥
ਤਿਨ੍ਹੋਂ ਜਾਇ ਸੰਸਾਰ ਮੈ, ਕਉਤਕ ਕਰੇ ਅਪਾਰ ॥੩॥੨੯੯॥

ਉਹ, ਜਿਹੜੇ ਸਿੱਖ ਆਗਿਆ ਲੈ ਕੇ ਗਏ ਸਨ, ਉਹ ਵੱਖ-ਵੱਖ ਨਗਰਾਂ ਵਿੱਚ ਫੈਲ ਗਏ। ਉਨ੍ਹਾਂ ਨੇ ਸੰਸਾਰ ਵਿੱਚ ਜਾ ਕੇ ਬਹੁਤ ਅਸਚਰਜ ਕਾਰਨਾਮੇ ਕੀਤੇ। ॥੩॥੨੯੯॥

ਨਗਰ ਨਗਰ ਮੈ ਜੁੱਧ ਕਰਿ, ਭਏ ਖਾਲਸਾ ਸੋਇ ॥
ਮਾਨ ਬਚਨ ਸਨਮੁਖ ਭਏ, ਤਿਹ ਸਮਾਨ ਨਹੀਂ ਕੋਇ ॥੪॥੩੦੦॥

ਨਗਰ-ਨਗਰ ਵਿੱਚ (ਅਨਿਆਂ ਵਿਰੁੱਧ) ਯੁੱਧ ਕਰਕੇ ਉਹ ਖਾਲਸਾ ਹੋ ਗਏ। ਗੁਰੂ ਬਚਨਾਂ ਨੂੰ ਮੰਨ ਕੇ ਉਹ (ਸਮਾਜਿਕ ਦਬਾਅ ਦੇ ਬਾਵਜੂਦ ਆਪਣੇ ਸਤਿਗੁਰੂ ਦੇ) ਸਨਮੁੱਖ ਹੋਏ। ਉਨ੍ਹਾਂ ਵਰਗਾ ਹੋਰ ਕੋਈ ਨਹੀਂ ਸੀ। ॥੪॥੩੦੦॥

ਯਹ ਲੀਲਾ ਆਗੇ ਕਹੀ, ਦਿੱਲੀ ਕੋ ਬਿਸਥਾਰ ॥
ਇਹੀ ਭਾਂਤਿ ਸੰਸਾਰ ਮੈ, ਕਉਤਕ ਭਏ ਅਪਾਰ ॥੫॥੩੦੧॥

ਇਹ ਲੀਲ੍ਹਾ (ਭਾਵ, ਦਿੱਲੀ ਵਾਲਾ ਪ੍ਰਸੰਗ) ਪਹਿਲਾਂ ਵਿਸਥਾਰ ਨਾਲ ਕਹੀ ਜਾ ਚੁੱਕੀ ਹੈ। ਇਸੇ ਤਰ੍ਹਾਂ ਹੀ ਸੰਸਾਰ ਵਿੱਚ (ਹੋਰ ਵੀ) ਅਨੇਕਾਂ ਅਸਚਰਜ ਕਾਰਨਾਮੇ ਹੋਏ। ॥੫॥੩੦੧॥

ਬਰਨਤ ਕਥਾ ਹਜੂਰ ਕੀ, ਕਰਤ ਜੁੱਧ ਬੀਚਾਰ ॥
ਦੀਜੈ ਸਿੱਧ ਸੁ ਬੁੱਧਿਵਰ, ਕਰਨਹਾਰ ਕਰਤਾਰ ॥੬॥੩੦੨॥

ਹੁਣ ਮੈਂ ਹਜ਼ੂਰ (ਸਤਿਗੁਰੂ ਜੀ) ਦੀ ਕਥਾ ਦਾ ਵਰਣਨ ਕਰਦਾ ਹਾਂ ਅਤੇ ਯੁੱਧ ਦਾ ਵਿਚਾਰ ਕਰਦਾ ਹਾਂ। ਹੇ ਸਭ ਕੁਝ ਕਰਨ ਵਾਲੇ ਕਰਤਾਰ! ਮੈਨੂੰ ਇਸ ਕਾਰਜ ਲਈ ਸ੍ਰੇਸ਼ਠ ਅਤੇ ਸਿੱਧ ਬੁੱਧੀ ਪ੍ਰਦਾਨ ਕਰੋ। ॥੬॥੩੦੨॥

ਕਛੁਕ ਸੁਨੀ ਕਛੁ ਉਕਤਿ ਕਰਿ, ਬਰਨਤ ਹੋ ਅਬ ਸੋਇ ॥
ਕਰਨਹਾਰ ਕਰਤਾ ਧਨੀ, ਜੋ ਕਛੁ ਕਰੈ ਸੁ ਹੋਇ ॥੭॥੩੦੩॥

ਕੁਝ ਸੁਣੀ-ਸੁਣਾਈ ਅਤੇ ਕੁਝ ਆਪਣੇ ਵੱਲੋਂ (ਦੇਖੀਆਂ ਘਟਨਾਵਾਂ) ਦਾ ਕਥਨ ਕਰਦਾ ਹੋਇਆ ਮੈਂ ਹੁਣ ਉਸ ਕਥਾ ਦਾ ਵਰਣਨ ਕਰਦਾ ਹਾਂ। ਸਭ ਦਾ ਮਾਲਕ ਉਹ ਕਰਤਾਰ ਹੀ ਕਰਨ ਵਾਲਾ ਹੈ, ਜੋ ਕੁਝ ਉਹ ਕਰਦਾ ਹੈ, ਉਹੀ ਹੁੰਦਾ ਹੈ। ॥੭॥੩੦੩॥

**ਸਵੈਯਾ**
ਰਾਜਨ ਸੋ ਰਚਿ ਜੁੱਧ ਬਿਰੋਧ ਕੋ ਸਾਜ ਕਿਯੋ ਜੁ ਯਹੈ ਕਲਧਾਰੀ ॥
ਤਾ ਤੇ ਬਸੀ ਜਿਯ ਮੈ ਉਹਿ ਰਾਵ ਕੇ, ਬਾਂਧ ਕੇ ਤੇਗ ਕਰੀ ਅਸਵਾਰੀ ॥
ਭੇਜ ਦਿਯੋ ਲਿਖਕੈ ਉਹਿ ਨੇ, ਅਬ ਛਾਡੋ ਗੁਰੂ ਜੀ ! ਭੂਮਿ ਹਮਾਰੀ ॥

ਕੈ ਕਛੁ ਦਾਮ ਦਯਾ ਕਰ ਦੇਵ, ਕੈ ਜੁੱਧ ਕਰੋ ਯਹਿ ਬਾਤ ਬਿਚਾਰੀ ॥੮॥੩੦੪॥

ਜਦੋਂ ਕਲਾਧਾਰੀ ਪਾਤਸ਼ਾਹ ਨੇ ਰਾਜਿਆਂ ਨਾਲ ਯੁੱਧ ਅਤੇ ਵਿਰੋਧ ਦਾ ਸਾਮਾਨ ਤਿਆਰ ਕੀਤਾ, ਤਾਂ ਇਹ ਗੱਲ (ਕਹਿਲੂਰ ਦੇ) ਉਸ ਰਾਜੇ (ਅਜਮੇਰ ਚੰਦ) ਦੇ ਦਿਲ ਵਿੱਚ ਚੁੱਭ ਗਈ। ਉਸਨੇ ਤਲਵਾਰ ਬੰਨ੍ਹ ਕੇ (ਫੌਜਾਂ ਸਮੇਤ ਘੋੜੇ ਤੇ) ਸਵਾਰ ਹੋ ਕੇ (ਚੜ੍ਹਾਈ) ਕਰ ਦਿੱਤੀ। ਉਸਨੇ ਗੁਰੂ ਜੀ ਨੂੰ ਲਿਖ ਕੇ ਸੁਨੇਹਾ ਭੇਜਿਆ, 'ਹੁਣ ਤੁਸੀਂ ਸਾਡੀ ਧਰਤੀ ਛੱਡ ਦਿਓ, ਜਾਂ ਕਿਰਪਾ ਕਰਕੇ ਕੁਝ ਮਾਮਲਾ (ਟੈਕਸ) ਦੇ ਦਿਓ, ਨਹੀਂ ਤਾਂ ਯੁੱਧ ਕਰੋ।' ਇਹ ਵਿਚਾਰ ਉਸਨੇ ਪੱਕਾ ਕਰ ਲਿਆ ਸੀ। ॥੮॥੩੦੪॥

ਕੈ - ਜਾਂ

**ਦੋਹਰਾ**

ਸੁਨਤ ਬਾਤ ਸਤਿਗੁਰੁ ਤਬੈ, ਕੋਪ ਭਯੋ ਮਨ ਮਾਹਿ ॥
ਰਾਜ ਤੇਜ ਦੋਊ ਬਨੈ, ਤਿਹ ਸਮਾਨ ਕੋਉ ਨਾਹਿ ॥੯॥੩੦੫॥

ਇਹ ਗੱਲ ਸੁਣਦਿਆਂ ਹੀ ਸਤਿਗੁਰੂ ਜੀ ਦੇ ਮਨ ਵਿੱਚ ਕ੍ਰੋਧ ਪੈਦਾ ਹੋ ਗਿਆ। ਉਸ ਸਮੇਂ ਉਨ੍ਹਾਂ ਵਿੱਚ ਰਾਜਸੀ (ਠਾਠ, ਭਾਵ ਮੀਰੀ ) ਅਤੇ ਬ੍ਰਹਮ-ਤੇਜ (ਭਾਵ, ਪੀਰੀ), ਦੋਵੇਂ (ਇਕੱਠੇ ਪ੍ਰਗਟ) ਹੋਏ, (ਅਜਿਹਾ) ਕਿ ਉਨ੍ਹਾਂ ਦੇ ਬਰਾਬਰ ਦਾ ਹੋਰ ਕੋਈ ਨਹੀਂ ਸੀ। ॥੯॥੩੦੫॥

**ਸਵੈਯਾ**

ਕੋਪ ਭਯੋ ਜੁ ਕਹਯੋ ਗੁਰੁ ਗੋਬਿੰਦ ਸਿੰਘ ਸੁ ਯਾ ਬਿਧਿ ਦਾਮ ਨ ਦੀਜੈ ॥
ਮੂੜ੍ਹ ਅਜਾਨਨ ਸੋ ਹਿਤ ਕਉਨ ਹੈ, ਸਿੱਧ ਯਹੈ ਅਬ ਯੁੱਧਹਿ ਕੀਜੈ ॥
ਮਾਂਗਤ ਦਾਨ ਸੁ ਜਾਨ ਯਹੈ, ਅਬ ਨੇਜੇ ਕੀ ਨੋਕ ਅਨੀ ਸੰਗਿ ਲੀਜੈ ॥
ਐਸੇ ਹੂੰ ਜਾਨ ਕਰੀ ਅਭਿਮਾਨ, ਤੂ ਮਾਰਗ ਮੈ ਪਰ ਨੀਰ ਨ ਪੀਜੈ ॥੧੦॥੩੦੬॥

ਕ੍ਰੋਧ ਵਿੱਚ ਆ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, 'ਇਸ ਤਰ੍ਹਾਂ ਕੋਈ ਮਾਮਲਾ (ਟੈਕਸ) ਨਹੀਂ ਦਿੱਤਾ ਜਾਵੇਗਾ। ਇਨ੍ਹਾਂ ਮੂਰਖ ਅਗਿਆਨੀ (ਲੋਕਾਂ) ਨਾਲ ਕੀ ਪ੍ਰੇਮ? ਹੁਣ ਸਿੱਧੀ ਇਸ ਵਿੱਚ ਹੈ ਕਿ ਯੁੱਧ ਹੀ ਕੀਤਾ

ਜਾਵੇ। ਉਹ ਦਾਨ ਮੰਗਦਾ ਹੈ, ਤਾਂ ਜਾਣ ਲਵੇ ਕਿ ਹੁਣ ਉਹ (ਇਹ ਦਾਨ) ਸਾਡੀ ਸੈਨਾ ਦੇ ਨੇਜ਼ਿਆਂ ਦੀਆਂ ਤਿੱਖੀਆਂ ਨੋਕਾਂ 'ਤੇ ਲਵੇ। ਇਸ ਤਰ੍ਹਾਂ ਜਾਣ-ਬੁੱਝ ਕੇ ਹੰਕਾਰ ਕੀਤਾ ਹੈ, ਤੂੰ (ਜਾ, ਹੁਣ) ਰਸਤੇ ਵਿੱਚ ਪਾਣੀ ਵੀ ਨਹੀਂ ਪੀ ਸਕੇਂਗਾ।' ॥੧੦॥੩੦੬॥

**ਦੋਹਰਾ**

ਰਾਜਾ ਆਵ ਹਜੂਰ ਤੂ, ਜੋ ਚਾਹੇ ਸੋ ਲੇਇ ।
ਕੈ ਕਛੁ ਜੁੱਧ ਬਿਰੁੱਧ ਕਰਿ, ਕਰ ਸੋ ਏਕ ਨ ਦੇਇ ॥੧੧॥੩੦੭॥

(ਗੁਰੂ ਜੀ ਨੇ ਜਵਾਬ ਭੇਜਿਆ), 'ਹੇ ਰਾਜਾ! ਤੂੰ ਮੇਰੀ ਹਜ਼ੂਰੀ ਵਿੱਚ ਆ, ਅਤੇ ਜੋ ਚਾਹੁੰਦਾ ਹੈਂ, ਲੈ ਲੈ। ਨਹੀਂ ਤਾਂ ਫਿਰ ਯੁੱਧ ਕਰ, (ਪਰ ਮੈਂ ਆਪਣੇ) ਹੱਥ ਨਾਲ ਟੈਕਸ ਵਜੋਂ) ਇੱਕ (ਕੌਡੀ) ਵੀ ਨਹੀਂ ਦੇਵਾਂਗਾ।' ॥੧੧॥੩੦੭॥

**ਅੜਿੱਲ**

ਰਾਵ ਕਹਿਲੂਰਹਿ ਭਾਵ ਲਿਖਾ ਹਡੂਰ ਕੋ ।
"ਏ ਰਾਜਾ ! ਤੂੰ ਆਵ ਮੋਹਿ ਹਜੂਰ ਕੋ।
ਤੂ ਊਘੇ ਤੇ ਆਵ, ਯਹੈ ਬਿਧਿ ਦੀਜਿਯੇ ।
ਜੀ, ਬੀਚ ਘੇਰ ਕੈ ਲੇਹੁ, ਜੁਧ ਇਮ ਕੀਜਿਯੇ ॥੧੨॥੩੦੮॥

ਕਹਿਲੂਰ ਦੇ ਰਾਜੇ ਨੇ ਹੰਡੂਰ ਦੇ ਰਾਜੇ ਨੂੰ ਆਪਣੀ ਭਾਵਨਾ ਲਿਖ ਭੇਜੀ। (ਉਸਨੇ ਕਿਹਾ,) 'ਹੇ ਰਾਜਾ! ਤੂੰ ਮੇਰੇ ਪਾਸ ਆ। ਤੂੰ ਉਸ ਪਾਸਿਓਂ (ਹਮਲਾ ਕਰਕੇ) ਆ, ਇਹੀ ਵਿਧੀ ਅਪਣਾਈ ਜਾਵੇ। ਜੀ, ਆਪਾਂ (ਗੁਰੂ ਜੀ ਨੂੰ) ਵਿਚਕਾਰੋਂ ਘੇਰ ਲਈਏ, ਇਸ ਤਰ੍ਹਾਂ ਯੁੱਧ ਕਰੀਏ।' ॥੧੨॥੩੦੮॥

ਊਘੇ: ਉਸ ਪਾਸੇ ਤੋਂ।

ਟਿੱਪਣੀ:- ਇਸ ਅੜਿੱਲ ਦੀ ਪਹਿਲੀ ਪੰਗਤੀ ਵਿੱਚ 'ਭਾਵ' ਲਫ਼ਜ਼ ਡਾਕਟਰ ਗੰਡਾ ਸਿੰਘ ਅਤੇ ਅਕਾਲੀ ਕੌਰ ਸਿੰਘ ਵਾਲੀ ਐਡੀਸ਼ਨ ਵਿੱਚ ਨਹੀਂ ਹੈ।

**ਦੋਹਰਾ**

ਤਬੈ ਰਾਵ ਹੰਡੂਰ ਕੋ, ਗਯੋ ਤਾਸ ਕੇ ਪਾਸ।

**"ਜੋ ਕਛੁ ਕਹੋ ਸੁ ਕੀਜਿਯੈ", ਕਰੀ ਯਹੈ ਅਰਦਾਸ ॥੧੩॥੩੦੯॥**

ਤਦ (ਤੁਰੰਤ) ਹੀ ਹੰਡੂਰ ਦਾ ਰਾਜਾ ਉਸ (ਕਹਿਲੂਰ ਦੇ ਰਾਜਾ ਅਜਮੇਰ ਚੰਦ) ਦੇ ਕੋਲ ਗਿਆ। ਉਸਨੇ ਇਹੀ ਬੇਨਤੀ ਕੀਤੀ, 'ਜੋ ਕੁਝ ਤੁਸੀਂ ਕਰੋਗੇ, ਉਹੀ ਕੀਤਾ ਜਾਵੇਗਾ।' ॥੧੩॥੩੦੯॥

**ਛਪੈ ਛੰਦ**

**ਤਬੈ ਛਾਡਿ ਕਹਿਲੂਰ ਪੁਰ, ਕੀਨੀ ਅਸਵਾਰੀ ।**
**ਮੁਹਰੇ ਧਰੇ ਨਿਸਾਨ, ਚਲੈ ਪਖਰੈਤ ਸਿਗਾਰੀ ।**
**ਭਯੇ ਰਾਵ ਅਸਵਾਰ, ਬਾਂਧਿ ਕਰਿ ਤੇਗ ਕਮਰ ਧਰ ।**
**ਲਈ ਸੁ ਬਰਛੀ ਹਾਥ, ਨਾਭਿ ਆਗੇ ਜਮਧਰ ਧਰ ।**
**ਡਾਲੀ ਸੁ ਢਾਲ ਲਟਕਾਇਕੈ, ਤਰਕਸ ਕਮਾਨ ਸੰਗ ਹੀ ਲਿਯੋ ।**
**ਲੜਨ ਚਲਯੋ ਪ੍ਰਭੁ ਪੁਰਖ ਸੋ, ਬਡਉ ਰਾਵ ਤੇਰੋ ਹਿਯੋ ॥੧੪॥੩੧੦॥**

ਤਦ ਕਹਿਲੂਰ ਸ਼ਹਿਰ ਨੂੰ ਛੱਡ ਕੇ (ਰਾਜੇ ਨੇ) ਚੜ੍ਹਾਈ ਕਰ ਦਿੱਤੀ। ਅੱਗੇ-ਅੱਗੇ ਨਿਸ਼ਾਨ (ਝੰਡੇ) ਚੱਲ ਰਹੇ ਸਨ ਅਤੇ ਪਿੱਛੇ ਸ਼ਿੰਗਾਰੇ ਘੋੜਿਆਂ ਉੱਤੇ (ਬੈਠੇ) ਘੋੜਸਵਾਰ ਸਨ। ਰਾਜਾ ਖੁਦ ਤਲਵਾਰ ਕਮਰ 'ਤੇ ਬੰਨ੍ਹ ਕੇ ਘੋੜੇ 'ਤੇ ਸਵਾਰ ਹੋਇਆ। ਉਸਨੇ ਹੱਥ ਵਿੱਚ ਬਰਛੀ ਫੜੀ ਅਤੇ ਢਿੱਡ ਅੱਗੇ ਜਮਧਰ (ਕਟਾਰ) ਸਜਾਈ। ਢਾਲ ਨੂੰ ਲਟਕਾ ਕੇ, ਉਸਨੇ ਨਾਲ ਹੀ ਤਰਕਸ਼ ਅਤੇ ਕਮਾਨ ਵੀ ਲੈ ਲਏ। ਤੂੰ ਉਸ ਪ੍ਰਭੂ-ਪੁਰਖ ਨਾਲ ਲੜਨ ਚੱਲਿਆ ਹੈਂ, (ਕਵੀ ਜੀ ਵਿਅੰਗ ਵਜੋਂ ਆਖਦੇ ਹਨ ਕਿ) ਹੇ ਰਾਜਾ! ਤੇਰਾ ਜਿਗਰਾ ਬਹੁਤ ਵੱਡਾ ਹੈ। ॥੧੪॥੩੧੦॥

**ਦੋਹਰਾ**

**ਤਬੈ ਰਾਵ ਕਹਿਲੂਰ ਕੋ, ਚੜ੍ਹਯੋ ਸਕਲ ਦਲ ਸਾਜ ।**
**ਲੜਨ ਚਲੋ ਪ੍ਰਭੁ ਪੁਰਖ ਸੌ, ਕੀਨੋ ਨਿਪਟ ਅਕਾਜ ॥੧੫॥੩੧੧॥**

ਤਦ ਕਹਿਲੂਰ ਦਾ ਰਾਜਾ (ਅਜਮੇਰ ਚੰਦ) ਆਪਣਾ ਸਾਰਾ ਲਸ਼ਕਰ ਸਜਾ ਕੇ ਚੜ੍ਹ ਪਿਆ। ਉਹ ਉਸ ਪ੍ਰਭੂ-ਪੁਰਖ ਨਾਲ ਲੜ੍ਹਨ ਚੱਲਿਆ ਅਤੇ ਇਸ ਤਰ੍ਹਾਂ ਉਸਨੇ ਸਰਾਸਰ ਮੂਰਖਤਾ ਭਰਿਆ ਕੰਮ ਕੀਤਾ। ॥੧੫॥੩੧੧॥

**ਛਪੈ ਛੰਦ**

ਭਯੋ ਰਾਵ ਅਸਵਾਰ, ਫਉਜ ਮੈ ਭਯੋ ਨਗਾਰਾ ।
ਖੇਲਨ ਚੜ੍ਹਯੋ ਸ਼ਿਕਾਰ, ਸੰਗਿ ਲਿਯੇ ਲੋਗ ਅਪਾਰਾ ।
ਬਹੁ ਬਿਧਿ ਫਉਜ ਬਨਾਇ, ਸੰਗਿ ਰਾਜਾ ਸਭਿ ਲੀਨੇ ।
ਆਨੰਦਪੁਰ ਕੈ ਨਿਕਟਿ, ਜਾਇ ਡੇਰਾ ਤਹਿ ਦੀਨੇ ।
ਐਸੋ ਬਿਚਾਰ ਰਾਜਾ ਕਿਯੋ, ਬਿਦਾ ਫੌਜ ਸਬ ਕਰ ਦਈ ।
ਘੇਰਯੋ ਸੁ ਨਗਰ ਚਹੁੰ ਓਰ ਤੇ, ਮਨਹਿ ਰਸਤਿ ਸਬ ਕਰ ਲਈ ॥੧੬॥੩੧੨॥

(ਇਸ ਤਰ੍ਹਾਂ) ਰਾਜਾ ਸਵਾਰ ਹੋਇਆ ਅਤੇ ਫੌਜ ਵਿੱਚ ਨਗਾਰਾ ਵੱਜਿਆ, (ਜਿਵੇਂ) ਉਹ ਸ਼ਿਕਾਰ ਖੇਡਣ ਚੜ੍ਹਿਆ ਹੋਵੇ ਅਤੇ ਨਾਲ ਅਣਗਿਣਤ ਲੋਕ ਲੈ ਲਏ ਹੋਣ। ਉਸਨੇ ਕਈ ਤਰੀਕਿਆਂ ਨਾਲ ਫੌਜ ਨੂੰ ਤਿਆਰ ਕੀਤਾ ਅਤੇ ਸਾਰੇ (ਸਾਥੀ) ਰਾਜਿਆਂ ਨੂੰ ਨਾਲ ਲੈ ਲਿਆ। ਆਨੰਦਪੁਰ (ਸਾਹਿਬ) ਦੇ ਨੇੜੇ ਜਾ ਕੇ ਉਨ੍ਹਾਂ ਨੇ ਡੇਰੇ ਲਾ ਦਿੱਤੇ। ਰਾਜੇ ਨੇ ਅਜਿਹੀ ਵਿਉਂਤ ਬਣਾਈ ਕਿ ਉਸਨੇ ਸਾਰੀ ਫੌਜ ਨੂੰ (ਘੇਰਾਬੰਦੀ ਲਈ) ਤੋਰ ਦਿੱਤਾ। ਉਸ ਫ਼ੌਜ ਨੇ ਨਗਰ ਨੂੰ ਚਾਰੋਂ ਪਾਸਿਓਂ ਘੇਰ ਲਿਆ (ਅਤੇ ਨਗਰ ਅੰਦਰ) ਰਸਦ (ਭਾਵ, ਖਾਣ ਪੀਣ ਦੀਆਂ ਵਸਤਾਂ ਆਦਿ) ਜਾਣਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ। ॥੧੬॥੩੧੨॥

**ਦੋਹਰਾ**
ਗੋਬਿੰਦ ਸਿੰਘ ਤਾਹੀ ਸਮੈ, ਲੀਨੋ ਸਿੰਘ ਬੁਲਾਇ ।
ਦਿਯੋ ਖੜਗ ਕਰਿ ਤਾਸ ਕੇ, ਦੂਤਨ ਦੇਉ ਸਜਾਇ ॥੧੭॥੩੧੩॥

ਉਸੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ (ਸਾਹਿਬਜ਼ਾਦਾ ਅਜੀਤ) ਸਿੰਘ ਜੀ ਨੂੰ ਬੁਲਾਇਆ। ਉਨ੍ਹਾਂ ਨੇ ਉਨ੍ਹਾਂ ਦੇ ਹੱਥ ਵਿੱਚ ਖੜਗ ਦੇ ਕੇ ਕਿਹਾ, 'ਜਾਓ, (ਦੁਸ਼ਮਣ) ਦੂਤਾਂ ਨੂੰ ਸਜ਼ਾ ਦਿਓ।' ॥੧੭॥੩੧੩॥

**ਕਬਿਤੁ**
**ਤਬ ਹੀ ਬਚਨ ਪਾਇ, ਚੜ੍ਹਿਓ ਨਗਾਰਾ ਬਜਾਇ,**
ਸ੍ਵਾਰ ਭਯੋ ਜੀਤ ਸਿੰਘ ਜੁੱਧ ਕੇ ਕਰਨ ਕੋ।
**ਸਿੰਘਨ ਕੋ ਸਾਥ ਲਿਯੇ, ਮੁਹਰੇ ਨਿਸਾਨ ਦਿਯੇ,**
ਬਾਂਧਯੋ ਹੈ ਖੜਗ ਸੀਸ ਦੂਤ ਕੇ ਧਰਨ ਕੋ।
**ਬਾਂਧੀ ਜਮਧਾਰ ਔਰ ਤਰਕਸ ਕਮਾਨ ਸੰਗਿ,**

ਲੀਨੀ ਕਰਿ ਬਰਛੀ ਬਲ ਵੈਰੀ ਕੇ ਹਰਨ ਕੋ ।
**ਬਾਵੇਂ ਕਰਿ ਢਾਲ ਲਈ ਘੋਰੇ ਅਸਵਾਰ ਭਯੋ,**
ਗੋਬਿੰਦ ਸਿੰਘ ਬਲਿ ਸੰਗਿ ਜਾਤ ਰਾਵ ਸੌ ਲਰਨ ਕੋ ॥੧੮॥੩੧੪॥

ਤਦ ਹੀ ਹੁਕਮ ਪ੍ਰਾਪਤ ਕਰ ਕੇ, ਨਗਾਰਾ ਵਜਾ ਕੇ, ਜੀਤ ਸਿੰਘ (ਸਾਹਿਬਜ਼ਾਦਾ ਅਜੀਤ ਸਿੰਘ) ਯੁੱਧ ਕਰਨ ਲਈ (ਘੋੜੇ 'ਤੇ) ਸਵਾਰ ਹੋਏ। ਉਨ੍ਹਾਂ ਨੇ ਸਿੰਘਾਂ ਨੂੰ ਨਾਲ ਲਿਆ, ਅੱਗੇ ਨਿਸ਼ਾਨ ਕੀਤੇ ਅਤੇ ਦੁਸ਼ਮਣ ਦਾ ਸਿਰ ਵੱਢਣ ਲਈ ਖੜਗ ਸਜਾਈ। ਉਨ੍ਹਾਂ ਨੇ ਕਮਰ ਨਾਲ ਕਟਾਰ, ਤੀਰਾਂ ਦਾ ਭੱਥਾ ਅਤੇ ਕਮਾਨ ਬੰਨ੍ਹੀ, ਅਤੇ ਦੁਸ਼ਮਣ ਦੀ ਤਾਕਤ ਨੂੰ ਖ਼ਤਮ ਕਰਨ ਲਈ ਹੱਥ ਵਿੱਚ ਬਰਛੀ ਫੜੀ। ਖੱਬੇ ਹੱਥ ਵਿੱਚ ਢਾਲ ਲੈ ਕੇ ਉਹ ਘੋੜੇ 'ਤੇ ਸਵਾਰ ਹੋਏ, ਗੁਰੂ ਗੋਬਿੰਦ ਸਿੰਘ ਜੀ ਦੇ (ਆਸ਼ੀਰਵਾਦ) ਦੀ ਸ਼ਕਤੀ ਨਾਲ ਰਾਜੇ ਨਾਲ ਲੜਨ ਲਈ ਚੱਲ ਪਏ। ॥੧੮॥੩੧੪॥

**ਦੋਹਰਾ**
ਜਹਾ ਰਾਵ ਡੇਰਾ ਦਿਯੋ, ਤਹਾ ਨਗਾਰਾ ਦੀਨ ।
ਸੁਨਤ ਸ੍ਰਵਨ ਧੁਨਿ ਤਾਸ ਕੀ, ਬਹੁਰਿ ਸੋਚ ਮਨਿ ਕੀਨ ॥੧੯॥੩੧੫॥

ਜਿੱਥੇ ਰਾਜੇ ਨੇ ਡੇਰਾ ਲਾਇਆ ਹੋਇਆ ਸੀ, ਉੱਥੇ (ਸਾਹਿਬਜ਼ਾਦੇ ਨੇ) ਨਗਾਰਾ ਵਜਵਾ ਦਿੱਤਾ। ਉਸ (ਨਗਾਰੇ) ਦੀ ਆਵਾਜ਼ ਸੁਣਦਿਆਂ ਹੀ, (ਉਸ ਰਾਜੇ) ਨੇ ਮਨ ਵਿੱਚ ਦੁਬਾਰਾ ਸੋਚ-ਵਿਚਾਰ ਕੀਤਾ। ॥੧੯॥੩੧੫॥

**ਕਬਿਤੁ**
**ਪੂਛਿ ਕੈ ਪ੍ਰਧਾਨ ਸੋ ਬਿਚਾਰ ਕਿਯੋ ਰਾਜਾ ਤਬ,**
**"ਕਹੋ ਬਾਤ ਜੀਵਹੂ ਕੀ, ਕੈਸੇ ਜੁੱਧ ਕੀਜਿਯੈ ?**
**ਕਰੋ ਰਤਵਾਹਿ ਜਾਇ, ਲੜੋ ਸਨਮੁਖ ਧਾਇ,**
**ਐਸੋ ਹੈ ਬਿਚਾਰ ਕੈ ਸੁ ਸੁਲਹਿ ਕਰਿ ਲੀਜਿਯੈ ?''**
**ਤਬ ਹੀ ਰਿਸਾਇ ਕੈ ਸੁਨਾਇ ਕਹਯੋ ਮੰਤ੍ਰੀ ਨੇ,**
"ਕਉਨ ਦਾਬਿ ਕਉਨ ਗਾਢਿ ਏ ਸਲਾਹ ਦੀਜਿਯੈ ।
**ਕੀਜੈ ਅਬ ਹੁਕਮ ਮੋਹਿ, ਮਨ ਮੈ ਨ ਆਨੋ ਕੋਇ,**
ਆਏ ਹੋ ਜੋ ਧਾਇ ਜਾਇ ਜੁੱਧ ਕਯੋਂ ਨ ਕੀਜਿਯੈ" ॥੨੦॥੩੧੬॥

ਆਪਣੇ ਪ੍ਰਧਾਨ (ਮੰਤਰੀ) ਤੋਂ ਪੁੱਛ ਕੇ ਰਾਜੇ ਨੇ ਵਿਚਾਰ ਕੀਤਾ, 'ਮੈਨੂੰ (ਆਪਣੇ) ਮਨ ਦੀ ਗੱਲ ਦੱਸੋ ਕਿ ਯੁੱਧ ਕਿਵੇਂ ਕਰਨਾ ਚਾਹੀਦਾ ਹੈ? (ਜੰਗ ਦੇ ਮੈਦਾਨ ਵਿੱਚ) ਜਾ ਕੇ ਲਹੂ ਵਹਾਈਏ ਤੇ ਸਿੱਧਾ ਸਾਹਮਣੇ ਹੋ ਕੇ ਲੜੀਏ। ਜਾਂ ਫਿਰ ਇਹ ਵਿਚਾਰ ਹੈ ਕਿ ਸੁਲ੍ਹਾ ਕਰ ਲਈ ਜਾਵੇ?' ਤਦ ਮੰਤਰੀ ਨੇ ਗੁੱਸੇ ਵਿੱਚ ਸੁਣਾ ਕੇ ਆਖਿਆ, '(ਅਸੀਂ) ਕਿਹੜੇ ਦਬਾਅ ਜਾਂ ਕਿਹੜੇ ਸੰਕਟ ਵਿੱਚ ਹਾਂ, ਜੋ (ਤੁਸੀਂ) ਅਜਿਹੀ ਸਲਾਹ ਦੇ ਰਹੇ ਹੋ? (ਤੁਸੀਂ ਆਪਣੇ) ਮਨ ਵਿੱਚ ਕੋਈ ਹੋਰ ਖਿਆਲ ਨਾ ਲਿਆਉ, (ਬਲਕਿ) ਹੁਣ ਮੈਨੂੰ ਹੁਕਮ ਦਿਉ। ਜਦੋਂ ਧਾਵਾ ਬੋਲ ਕੇ ਆ ਹੀ ਗਏ ਹਾਂ, ਤਾਂ ਫਿਰ (ਮੈਦਾਨ ਵਿੱਚ) ਜਾ ਕੇ ਯੁੱਧ ਕਿਉਂ ਨਾ ਕੀਤਾ ਜਾਵੇ?' ॥੨੦॥੩੧੬॥

**ਦੋਹਰਾ**

ਮੰਤ੍ਰ ਦਿਯੋ ਤਬ ਰਾਇ ਕੋ, ਕਰਉ ਬੀਰ ਸੰਗ੍ਰਾਮ ।
ਲਰਨ ਭਿਰਨ ਸਾਕੇ ਕਰਨ, ਏ ਰਾਜਨ ਕੇ ਕਾਮ ॥੨੧॥੩੧੭॥

ਤਦ (ਮੰਤਰੀ ਨੇ) ਰਾਜੇ ਨੂੰ ਇਹ ਸਲਾਹ ਦਿੱਤੀ, 'ਹੇ ਵੀਰ! ਯੁੱਧ ਕਰੋ। ਲੜ੍ਹਨਾ-ਭਿੜਨਾ ਅਤੇ ਸਾਕੇ (ਭਾਵ, ਇਤਿਹਾਸ ਵਿੱਚ ਪ੍ਰਸਿੱਧ ਰਹਿ ਜਾਣ ਵਾਲੇ ਕਾਰਨਾਮੇ) ਕਰਨੇ, ਇਹ (ਹੀ ਤਾਂ) ਰਾਜਿਆਂ ਦੇ ਕੰਮ ਹੁੰਦੇ ਹਨ।' ॥੨੧॥੩੧੭॥

**ਸਵੈਯਾ**

ਰਾਵ ਕੋ ਪੂਛ ਪ੍ਰਧਾਨ ਚੜ੍ਹਜੋ, ਨ ਟਰਜੋ ਅਹਿਵਾਨ ਕਰੀ ਦੁਚਿਤਾਈ ।
ਸੰਗਿ ਸਿਪਾਹ ਸੁਮਾਰ ਨਹੀਂ ਕਛੁ, ਵਾਰ ਨ ਪਾਰ ਗਨੀ ਨਹਿ ਜਾਈ ।
ਏਕ ਸੁ ਏਕ ਬਲੀ ਜੁ ਚਲੇ, ਤਬ ਸਉਹ ਹੀ ਆਨਿ ਦਈ ਦਿਖਲਾਈ ।
ਮੋਰਚੇ ਬਾਂਧਿ ਕੈ ਠਾਢੇ ਭਏ, ਭਈ ਸੂਰਨ ਕੇ ਮਨ ਮੈ ਜੁ ਬਧਾਈ ॥੨੨॥੩੧੮॥

ਰਾਜੇ ਤੋਂ ਪੁੱਛ ਕੇ (ਭਾਵ, ਉਸਦੀ ਆਗਿਆ ਨਾਲ) ਪ੍ਰਧਾਨ (ਮੰਤਰੀ) ਨੇ ਜੰਗ ਲਈ ਚੜ੍ਹਾਈ ਕਰ ਦਿੱਤੀ। ਉਹ ਬਿਨ੍ਹਾਂ ਕਿਸੇ ਦੁਬਿਧਾ ਵਿੱਚ ਪਏ ਜੰਗ ਭੂਮੀ (ਵਿੱਚ ਜਾਣ ਤੋਂ) ਟੱਲਿਆ ਨਹੀਂ। ਉਹ ਬਿਨਾਂ ਕਿਸੇ ਦੁਚਿੱਤੀ ਦੇ ਪਿੱਛੇ ਨਾ ਹਟਿਆ। ਉਸਦੇ ਨਾਲ ਅਣਗਿਣਤ ਸਿਪਾਹੀ ਸਨ, ਜਿਨ੍ਹਾਂ ਦੀ ਗਿਣਤੀ ਦਾ ਕੋਈ ਓੜਕ-ਪਾਰ ਨਹੀਂ ਸੀ। ਇੱਕ ਤੋਂ ਵੱਧ ਕੇ ਇੱਕ ਸੂਰਬੀਰ ਅੱਗੇ ਵਧੇ ਅਤੇ ਸਾਹਮਣੇ ਆਣ ਖਲੋਤੇ। ਉਨ੍ਹਾਂ ਨੇ ਮੋਰਚੇ ਬੰਨ੍ਹ

ਲਏ ਅਤੇ (ਲੜਨ ਲਈ) ਖੜ੍ਹੇ ਹੋ ਗਏ, ਅਤੇ ਸੂਰਮਿਆਂ ਦੇ ਮਨ ਵਿੱਚ (ਯੁੱਧ ਲਈ) ਖੁਸ਼ੀ ਦੀ ਲਹਿਰ ਦੌੜ ਗਈ। ॥੨੨॥੩੧੮॥

**ਦੋਹਰਾ**

ਏਕ ਠਾਂਵ ਜਬ ਜੁੱਗਨੀ, ਭਈ ਇਕੱਠੀ ਆਨ।
ਬਾਜਤ ਰਾਗਨਿ ਰਾਗ ਸਬ, ਕਰਤ ਸੂਰ ਸੰਗ੍ਰਾਮ ॥੨੩॥੩੧੯॥

ਜਦੋਂ ਇੱਕ ਥਾਂ 'ਤੇ ਸਾਰੀਆਂ ਜੋਗਣੀਆਂ ਆਣ ਇਕੱਠੀਆਂ ਹੋਈਆਂ, ਸਾਰੇ ਰਾਗ-ਰਾਗਣੀਆਂ (ਜੰਗੀ ਸੰਗੀਤ) ਵੱਜਣ ਲੱਗੇ। ਸੂਰਮੇ ਯੁੱਧ ਕਰਨ ਲੱਗੇ। ॥੨੩॥੩੧੯॥

**ਸਵੈਯਾ**

ਬਾਜਤ ਭੇਰਿ ਕਰਨਾਇ ਸਰਨਾਇ, ਨਗਾਰੇ ਕੀ ਚੋਟ ਸੁਨਾਇ ਦਈ ਹੈ।
ਬਾਜਤ ਰਾਗ ਛਹੋ ਅਰੁ ਤੀਸ, ਗਈ ਸੁਧ ਕਾਇਰ ਕੋ ਨ ਰਹੀ ਹੈ ।
ਝੂਮਤ ਸੂਰ ਸੁਨੇ ਧੁਨਿ ਮਾਰੁ ਕੀ, ਮਾਰ ਹੀ ਮਾਰਿ ਬਿਚਾਰ ਲਈ ਹੈ ।
ਦੋਨੋ ਅਨੀ ਗਡ ਬੱਡ ਭਈ ਤਹ ਤੀਰ ਤੁਫੰਗ ਕੀ ਮਾਰ ਭਈ ਹੈ ॥੨੪॥੩੨੦॥

ਭੇਰੀਆਂ, ਕਰਨਾਈਆਂ, ਸ਼ਹਿਨਾਈਆਂ ਵੱਜਣ ਲੱਗ ਪਈਆਂ ਅਤੇ ਨਗਾਰੇ 'ਤੇ ਚੋਟ ਸੁਣਾਈ ਦੇਣ ਲੱਗੀ। ਛੱਤੀ ਰਾਗ-(ਰਾਗਣੀਆਂ) ਵੱਜਣ ਲੱਗੀਆਂ, ਜਿਸ ਨੂੰ ਸੁਣ ਕੇ ਕਾਇਰਾਂ ਦੀ ਸੁੱਧ-(ਬੁੱਧ) ਜਾਂਦੀ ਰਹੀ। 'ਮਾਰੂ' ਰਾਗ ਦੀ ਧੁਨ ਸੁਣ ਕੇ ਸੂਰਮੇ ਮਸਤੀ ਵਿੱਚ ਝੂਮਣ ਲੱਗੇ ਅਤੇ ਉਨ੍ਹਾਂ ਨੇ ਮਨ ਵਿੱਚ ਸਿਰਫ 'ਮਾਰੋ-ਮਾਰੋ' ਦਾ ਹੀ ਵਿਚਾਰ ਕਰ ਲਿਆ। ਦੋਵੇਂ ਫੌਜਾਂ ਆਪਸ ਵਿੱਚ ਭਿੜ ਗਈਆਂ ਅਤੇ ਉੱਥੇ ਤੀਰਾਂ ਅਤੇ ਬੰਦੂਕਾਂ ਦੀ ਭਾਰੀ ਮਾਰ ਸ਼ੁਰੂ ਹੋ ਗਈ। ॥੨੪॥੩੨੦॥

**ਦੋਹਰਾ**

ਪ੍ਰਿਥਮ ਮਾਰਿ ਬੰਦੂਕ ਕੀ, ਪਾਛੇ ਤੀਰ ਕਮਾਨ ।
ਫਿਰ ਪਾਛੇ ਸਮਸੇਰ ਲੈ, ਕਰਤ ਸੂਰ ਸੰਗ੍ਰਾਮ ॥੨੫॥੩੨੧॥

ਪਹਿਲਾਂ ਬੰਦੂਕਾਂ ਦੀ ਮਾਰ ਹੋਈ, ਉਸਦੇ ਪਿੱਛੇ ਧਨੁੱਖਾਂ ਤੋਂ ਤੀਰ ਚੱਲੇ। ਫਿਰ ਉਸ ਤੋਂ ਬਾਅਦ, ਸੂਰਮੇ ਸ਼ਮਸ਼ੀਰਾਂ (ਤਲਵਾਰਾਂ) ਲੈ ਕੇ (ਹੱਥੋ-ਹੱਥ) ਯੁੱਧ ਕਰਨ ਲੱਗੇ। ॥੨੫॥੩੨੧॥

**ਛਪੈ ਛੰਦ**

ਲਰਤ ਏਕ ਸੌ ਏਕ, ਏਕ ਸੌ ਏਕ ਨਿਹਾਰੈ ।
ਕਰਤ ਸੂਰ ਸੰਗ੍ਰਾਮ, ਕਹਾ ਕਬਿ ਕਾਬਿ ਬੀਚਾਰੈ ।
ਦਿਵਤਨ ਧਰਜੋ ਧਿਆਨ, ਹੋਤ ਕਹੂੰ ਜੁੱਧ ਸਰਸ ਅਤਿ ।
ਵੇ ਚੜ੍ਹਿ ਚਲੇ ਬਿਬਾਨ, ਆਇ ਰੀਝੰਤ ਦੇਖਿ ਗਤਿ ।
ਜੋਗਨਿ ਸੁ ਆਨ ਊਪਰ ਖਰੀ, ਆਜ ਪਤ੍ਰ ਕੇਹੂ ਭਰੇ ।
ਜੋਧਾ ਸੁ ਜੀਤਜੋ ਜੁਧ ਮੈ, ਪ੍ਰਬਲ ਖਾਲਸਾਈ ਲਰੈ ॥੨੬॥੩੨੨॥

ਇੱਕ-ਦੂਜੇ ਨਾਲ ਸੂਰਮੇ ਲੜ ਰਹੇ ਸਨ ਅਤੇ ਇੱਕ-ਦੂਜੇ ਨੂੰ ਵੇਖ ਰਹੇ ਸਨ। ਸੂਰਬੀਰ ਅਜਿਹਾ ਯੁੱਧ ਕਰ ਰਹੇ ਸਨ ਕਿ ਕਵੀ ਆਪਣੀ ਕਵਿਤਾ ਵਿੱਚ ਉਸਦਾ ਕੀ ਵਰਣਨ ਕਰੇ? ਦੇਵਤਿਆਂ ਨੇ ਵੀ (ਇਸ ਯੁੱਧ ਵੱਲ) ਧਿਆਨ ਧਰਿਆ ਕਿ ਕਿਤੇ ਬਹੁਤ ਹੀ ਜ਼ਬਰਦਸਤ ਯੁੱਧ ਹੋ ਰਿਹਾ ਹੈ। ਉਹ ਆਪਣੇ ਵਿਮਾਨਾਂ 'ਤੇ ਚੜ੍ਹ ਕੇ ਚੱਲ ਪਏ ਅਤੇ (ਇਸ ਜੰਗ ਵਾਲੀ ਜਗ੍ਹਾ) ਆ ਕੇ ਇਸ ਦ੍ਰਿਸ਼ ਨੂੰ ਵੇਖ ਕੇ ਖੁਸ਼ ਹੋ ਰਹੇ ਸਨ। ਜੋਗਣੀਆਂ ਉੱਪਰ ਆ ਖਲੋਤੀਆਂ (ਅਤੇ ਸੋਚ ਰਹੀਆਂ ਸਨ ਕਿ) 'ਅੱਜ ਸਾਡੇ ਕਾਸੇ ਕੌਣ ਭਰਨਗੇ'। ਯੋਧੇ ਜੰਗ ਵਿੱਚ ਜਿੱਤ ਰਹੇ ਸਨ। ਪ੍ਰਬਲ ਖਾਲਸਾ ਲੜ ਰਿਹਾ ਸੀ। ॥੨੬॥੩੨੨॥

**ਦੋਹਰਾ**

ਸਤਿਗੁਰੁ ਕੇ ਪ੍ਰਤਾਪ ਤੇ, ਲਰਤ ਖਾਲਸਾ ਸੋਇ ।
ਸੂਰਾ ਸਬ ਤਿਹੂੰ ਲੋਕ ਮੈ, ਤਿਹ ਸਮਾਨ ਨਹੀਂ ਕੋਇ ॥੨੭॥੩੨੩॥

ਸਤਿਗੁਰੂ ਜੀ ਦੇ ਪ੍ਰਤਾਪ ਨਾਲ, ਉਹ ਖਾਲਸਾ (ਇਸ ਤਰ੍ਹਾਂ) ਲੜ ਰਿਹਾ ਸੀ। ਉਹ ਤਿੰਨਾਂ ਲੋਕਾਂ ਵਿੱਚ ਸਭ ਤੋਂ ਵੱਡੇ ਸੂਰਮੇ ਸਨ, ਉਨ੍ਹਾਂ ਦੇ ਬਰਾਬਰ ਦਾ ਹੋਰ ਕੋਈ ਨਹੀਂ ਸੀ। ॥੨੭॥੩੨੩॥

**ਕਬਿਤੁ**

**ਵਾਹਗੁਰੂ ਮਨਾਇ ਜੀਏ ਧਾਰਿ ਕੋਪ ਪਰੈ ਧਾਇ,**

ਕਰੈ ਲੋਗ ਹਾਇ ਹਾਇ ਐਸੀ ਬਿਧਿ ਕਰ ਹੀ।
**ਮਾਰੇ ਸਮਸੇਰਨ ਕੇ ਲੋਥਨਿ ਪੈ ਲੋਥਿ ਡਾਰੀ,**
ਤੀਰਨ ਕੇ ਮਾਰੇ ਕਹੂੰ ਧੀਰਜ ਨ ਧਰ ਹੀ ।
**ਮਾਰੇ ਜੁ ਬੰਦੂਕਨ ਕੇ ਦੀਨੇ ਅਸਵਾਰ ਡਾਰ,**
ਨੇਜਨ ਕੇ ਮਾਰੇ ਨਰ ਧਰਨੀ ਪਰ ਪਰ ਹੀ।
**ਮਾਰੇ ਜਮਧਾਰਨ ਕੇ ਜੀਵਨ ਕੇ ਨਾਹਿ ਮੂਲ,**
ਬਾਂਧੇ ਹਥਿਆਰ ਪਾਂਚ ਖਾਲਸਾ ਜੀ ਲਰ ਹੀ ॥੨੮॥੩੨੪॥

ਵਾਹਿਗੁਰੂ ਨੂੰ ਮਨਾ ਕੇ ਅਤੇ ਮਨ ਵਿੱਚ ਕ੍ਰੋਧ ਧਾਰ ਕੇ (ਸਿੰਘ) ਹਮਲਾ ਕਰਦੇ ਸਨ, ਉਹ ਅਜਿਹੇ ਢੰਗ ਨਾਲ (ਜੰਗ) ਕਰਦੇ ਕਿ ਲੋਕ ਹਾਏ-ਹਾਏ ਕਰ ਉੱਠਦੇ। ਤਲਵਾਰਾਂ ਨਾਲ ਮਾਰ-ਮਾਰ ਕੇ ਉਨ੍ਹਾਂ ਨੇ ਲੋਥਾਂ 'ਤੇ ਲੋਥਾਂ ਦੇ ਢੇਰ ਲਗਾ ਦਿੱਤੇ, ਤੀਰਾਂ ਨਾਲ ਵਿੰਨ੍ਹੇ ਹੋਏ (ਦੁਸ਼ਮਣ) ਕਿਤੇ ਵੀ ਸਬਰ ਨਹੀਂ ਸਨ ਕਰ ਸਕਦੇ। ਬੰਦੂਕਾਂ ਨਾਲ ਮਾਰੇ ਹੋਏ ਘੋੜਸਵਾਰ ਧਰਤੀ 'ਤੇ ਡਿੱਗ ਪਏ, ਨੇਜ਼ਿਆਂ ਨਾਲ ਵਿੰਨ੍ਹੇ ਹੋਏ ਮਨੁੱਖ ਧਰਤੀ 'ਤੇ ਡਿੱਗ ਰਹੇ ਸਨ। ਕਟਾਰਾਂ ਨਾਲ ਮਾਰਿਆਂ ਦੇ ਸਰੀਰ ਵਿੱਚ ਜਾਨ ਹੀ ਨਹੀਂ ਬਚਦੀ ਸੀ, ਇਸ ਤਰ੍ਹਾਂ ਪੰਜ ਹਥਿਆਰ ਸਜਾ ਕੇ ਖਾਲਸਾ ਜੀ ਲੜ੍ਹ ਰਹੇ ਸਨ। ॥੨੮॥੩੨੪॥

ਟਿੱਪਣੀ:- ਪੰਜ ਹਥਿਆਰ: ਪੰਜ ਸ਼ਸਤਰ, ਤੀਰ ਕਮਾਨ, ਬੰਦੂਕ, ਨੇਜਾ, ਕਿਰਪਾਨ, ਤੇ ਕਟਾਰ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਸਾਜੇ ਗਏ ਖ਼ਾਲਸਾ ਜੀ ਦੀ ਫ਼ੌਜ ਦੇ ਹਰ ਯੋਧੇ ਕੋਲ ਮੁੱਖ ਰੂਪ ਵਿੱਚ ਇਹ ਪੰਜ ਹਥਿਆਰ ਹੁੰਦੇ ਸਨ।

**ਦੋਹਰਾ**

ਚਲਤ ਤੀਰ ਬੰਦੂਕ ਤਹ, ਨੇਜਾ ਸਰਸ ਅਪਾਰ ।
ਬਗਤਿ ਬਹੁਤ ਤਰਵਾਰ ਜਹਿ, ਚਮਕਤ ਹੈ ਜਮਧਾਰ ॥੨੯॥੩੨੫॥

ਉੱਥੇ ਤੀਰ ਅਤੇ ਬੰਦੂਕਾਂ ਚੱਲ ਰਹੀਆਂ ਸਨ, ਅਤੇ ਅਣਗਿਣਤ ਨੇਜ਼ੇ ਵਰ੍ਹ ਰਹੇ ਸਨ। ਜਿੱਥੇ ਬਹੁਤ ਸਾਰੀਆਂ ਤਲਵਾਰਾਂ ਵੱਗ ਰਹੀਆਂ ਸਨ(ਭਾਵ, ਚੱਲ ਰਹੀਆਂ ਸਨ)। ਉੱਥੇ ਕਟਾਰਾਂ ਵੀ ਚਮਕ ਰਹੀਆਂ ਸਨ। ॥੨੯॥੩੨੫॥

**ਛਪੈ ਛੰਦ**
ਤਬੈ ਗਹੀ ਤਰਵਾਰ, ਫਉਜ ਮੈ ਪਰਤ ਧਾਇ ਕਰਿ ।
ਕਰਤ ਏਕ ਸੋ ਦੋਇ, ਦੋਇ ਹੋਇ ਪਰਤ ਧਰਤਿ ਪਰ ।
ਚਲਤ ਰਕਤ ਦਰੀਆਉ, ਗਿਰਤ ਜੂਝੰਤ ਸੂਰ ਤਹਿ ।
**ਦਿਵਸ ਰੈਨ ਹੋਇ ਗਈ, ਪਉਨ ਹੁਇ ਰਹੀ ਮੰਦ ਜਹਿ**
ਮਹਾਂ ਜੁੱਧ ਭਾਰੀ ਭਯੋ, ਖਬਰ ਤੀਨ ਲੋਕਨ ਭਈ ।
ਗੋਬਿੰਦ ਸਿੰਘ ਸੁਤ ਇਵ ਲਰਤ, ਰਾਜਨ ਕੀ ਸੁਧਿ ਬੁਧਿ ਗਈ॥੩੦॥੩੨੬॥

ਤਦ (ਸਾਹਿਬਜ਼ਾਦਾ ਅਜੀਤ ਸਿੰਘ ਜੀ) ਤਲਵਾਰ ਫੜ ਕੇ (ਵੈਰੀ ਦੀ) ਫੌਜ 'ਤੇ ਧਾਵਾ ਬੋਲ ਦਿੱਤਾ। ਉਹ ਇੱਕ ਦੇ ਦੋ ਟੁਕੜੇ ਕਰ ਦਿੰਦੇ, ਅਤੇ ਉਹ ਦੋ ਹੋ ਕੇ ਧਰਤੀ 'ਤੇ ਡਿੱਗ ਪੈਂਦੇ। ਖ਼ੂਨ ਦਾ ਦਰਿਆ ਵਗਣ ਲੱਗਾ, ਜਿਸ ਵਿੱਚ ਸੂਰਮੇ ਜੂਝਦੇ ਹੋਏ ਡਿੱਗ ਰਹੇ ਸਨ। (ਲੜਾਈ ਦੀ ਘਟਾ ਕਾਰਨ) ਦਿਨ ਤੋਂ ਰਾਤ ਹੋ ਗਈ (ਜਾਪਦੀ) ਸੀ ਅਤੇ ਹਵਾ ਵੀ ਹੌਲੀ ਹੋ ਗਈ ਸੀ। ਇੰਨਾ ਭਾਰੀ, ਮਹਾਨ ਯੁੱਧ ਹੋਇਆ ਕਿ ਤਿੰਨਾਂ ਲੋਕਾਂ ਤੱਕ (ਉਸ ਯੁੱਧ ਦੀ) ਖ਼ਬਰ ਪਹੁੰਚ ਗਈ। ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ (ਭਾਵ, ਸਾਹਿਬਜ਼ਾਦਾ ਅਜੀਤ ਸਿੰਘ ਜੀ) ਇਸ ਤਰ੍ਹਾਂ ਲੜ ਰਹੇ ਸਨ ਕਿ (ਦੁਸ਼ਮਣ) ਰਾਜਿਆਂ ਦੀ ਸੁੱਧ-ਬੁੱਧ ਹੀ ਜਾਂਦੀ ਰਹੀ। ॥੩੦॥੩੨੬॥

**ਦੋਹਰਾ**
ਰਾਜਨ ਕੀ ਸੁਧਿ ਬੁਧਿ ਗਈ, ਭਯੋ ਜੁੱਧ ਜਬ ਜੋਰ ।
ਲਰਤ ਸਿੰਘ ਰਣਜੀਤ ਤਹਿ, ਫਉਜ ਦਈ ਸਬ ਮੋਰ ॥੩੧॥੩੨੭॥

ਜਦੋਂ ਯੁੱਧ ਪੂਰੇ ਜ਼ੋਰਾਂ 'ਤੇ ਹੋਇਆ, ਤਾਂ ਰਾਜਿਆਂ ਦੀ ਸੁੱਧ-ਬੁੱਧ ਜਾਂਦੀ ਰਹੀ। ਉੱਥੇ ਰਣਜੀਤ ਸਿੰਘ (ਸਾਹਿਬਜ਼ਾਦਾ ਅਜੀਤ ਸਿੰਘ ਜੀ) ਅਜਿਹਾ ਲੜੇ ਕਿ ਉਨ੍ਹਾਂ ਨੇ (ਦੁਸ਼ਮਣ ਦੀ) ਸਾਰੀ ਫੌਜ ਨੂੰ ਮੋੜ ਦਿੱਤਾ। ॥੩੧॥੩੨੭॥

**ਚੌਪਈ**
ਏਕ ਲਰੇ ਇਕ ਭਾਜਿ ਲੁਕਾਨੇ । ਇਕ ਕਾਇਰ ਦੇਖਿ ਬਹੁਤ ਡਰਪਾਨੇ ।
ਇਕ ਘਾਇਲ ਹੁਇ ਗਏ ਬਿਹਾਲ । ਇਕ ਉਘਰੇ ਸੀਸ ਫਿਰੈ ਬਿਕਰਾਲ॥੩੨॥੩੨੮॥

(ਰਾਜਿਆਂ ਦੇ) ਕਈ (ਫ਼ੌਜੀ) ਲੜੇ ਤੇ ਕੁਝ ਭੱਜ ਕੇ ਲੁਕ ਗਏ। ਕੁਝ ਕਾਇਰ (ਯੁੱਧ ਦਾ ਦ੍ਰਿਸ਼) ਵੇਖ ਕੇ ਬਹੁਤ ਡਰ ਗਏ। ਕੁਝ ਜ਼ਖਮੀ ਹੋ ਕੇ ਬੇਹਾਲ ਹੋ ਗਏ। ਕੁਝ ਨੰਗੇ ਸਿਰ (ਭਾਵ, ਜਿਨ੍ਹਾਂ ਦੀਆਂ ਪੱਗਾਂ ਲੱਥ ਗਈਆਂ ਸਨ) ਭਿਆਨਕ ਰੂਪ ਵਿੱਚ ਇੱਧਰ-ਉੱਧਰ ਫਿਰ ਰਹੇ ਸਨ। ॥੩੨॥੩੨੮॥

ਇਕ ਸਨਮੁਖ ਹੁਇ ਜੁੱਧ ਮਚਾਵੈ । ਇਕ ਭਾਜੇ ਫਿਰ ਨਿਕਟਿ ਨ ਆਵੈ ।
ਇਕ ਪਿਆਸੇ ਪਾਨੀ ਬਿਨੁ ਮਰਈ । ਇਕ ਦੇਖੇ ਤੇਗ ਧੀਰ ਨਹੀਂ ਧਰ ਹੀ ॥੩੩॥੩੨੯॥

ਕੁਝ ਸਾਹਮਣੇ ਹੋ ਕੇ ਯੁੱਧ ਕਰ ਰਹੇ ਸਨ। ਕੁਝ ਅਜਿਹੇ ਭੱਜੇ ਕਿ ਮੁੜ ਨੇੜੇ ਨਾ ਆਏ। ਕੁਝ ਪਿਆਸੇ ਹੀ ਪਾਣੀ ਤੋਂ ਬਿਨਾਂ ਮਰ ਗਏ। ਕੁਝ ਤਲਵਾਰ ਵੇਖ ਕੇ ਹੀ ਧੀਰਜ ਨਹੀਂ ਧਰ ਸਕੇ। ॥੩੩॥੩੨੯॥

ਅਧਿਕ ਅਧੀਰ ਸਸਤ੍ਰ ਤਜਿ ਡਾਰੇ । ਗਿਰ ਗਿਰ ਪਰੇ ਪਖਰੀਆ ਸਾਰੇ ।
ਏਕ ਸੂਰ ਹੋਇ ਸਨਮੁਖ ਲਰਈ । ਵੇ ਮਰਨੇ ਤੇ ਬਿਲਮ ਨ ਕਰਈ ॥੩੪॥੩੩੦॥

ਬਹੁਤ ਜ਼ਿਆਦਾ ਬੇਚੈਨ ਹੋ ਕੇ (ਕਈਆਂ ਨੇ) ਹਥਿਆਰ ਸੁੱਟ ਦਿੱਤੇ। ਸਾਰੇ ਘੋੜਸਵਾਰ (ਘੋੜਿਆਂ ਤੋਂ) ਡਿੱਗ-ਡਿੱਗ ਪਏ। ਕਈ ਸੂਰਮੇ (ਅਜਿਹੇ) ਸਨ, ਜੋ ਸਾਹਮਣੇ ਹੋ ਕੇ ਲੜ ਰਹੇ ਸਨ। ਉਹ ਮਰਨ ਤੋਂ ਜ਼ਰਾ ਵੀ ਦੇਰੀ ਨਹੀਂ ਕਰ ਰਹੇ ਸਨ। ॥੩੪॥੩੩੦॥

**ਦੋਹਰਾ**
ਲਰਤ ਸੂਰ ਸੰਗ੍ਰਾਮ ਮੋ, ਮਹਾ ਨਿਡਰ ਮਨ ਸੋਇ ।
ਤਾ ਸਮਾਨ ਤਿਹੂੰ ਲੋਕ ਮੈ, ਬਿਰਲਾ ਗਨੀਐ ਕੋਇ ॥੩੫॥੩੩੧॥

ਸੂਰਮਾ (ਸਾਹਿਬਜ਼ਾਦਾ ਅਜੀਤ ਸਿੰਘ ਜੀ) ਯੁੱਧ ਵਿੱਚ ਲੜ ਰਿਹਾ ਸੀ, ਜਿਹੜਾ ਕਿ ਮਨ ਵਿੱਚ ਬਿਲਕੁਲ ਨਿਡਰ ਸੀ। ਤਿੰਨਾਂ ਲੋਕਾਂ ਵਿੱਚ ਉਨ੍ਹਾਂ ਦੇ ਬਰਾਬਰ ਦਾ ਕੋਈ ਵਿਰਲਾ ਹੀ ਗਿਣਿਆ ਜਾਂਦਾ ਹੈ। ॥੩੫॥੩੩੧॥

**ਸਵੈਯਾ**

ਗਾਜਤ ਸੂਰ ਮਹਾ ਰਨ ਮੈ, ਘਨ ਮੈ ਚਮਕੈ ਬਿਜਲੀ ਘਨਨਾਵੈ ।
ਤਾਰਨ ਮੈ ਜਿਮ ਚੰਦ ਦਿਵੈ, ਨ ਛਪੈ ਰਣਜੀਤ ਮਹਾ ਰਨ ਪਾਵੈ ।
ਭਾਨ ਪ੍ਰਕਾਸ ਕਿਯੋ ਜੁ ਤਬੈ, ਨਿਸ ਭਾਜਤ ਹੈ ਤਿਹ ਨੇੜ ਨ ਆਵੈ ।
ਮਾਨੋ ਪ੍ਰਕਾਮ ਕਿਯੋ ਜੁ ਤਬੈ ਸੈ ਬਾਜਿ ਸੁ ਯੋ ਦਲ ਰਾਜਨ ਕੇ ਬਿਚਲਾਵੈ ॥੩੬॥੩੩੨॥

ਮਹਾਨ ਯੁੱਧ ਵਿੱਚ ਸੂਰਮਾ (ਸਾਹਿਬਜ਼ਾਦਾ ਅਜੀਤ ਸਿੰਘ ਜੀ) ਇਸ ਤਰ੍ਹਾਂ ਗੱਜ ਰਹੇ ਸਨ, ਜਿਵੇਂ ਬੱਦਲਾਂ ਵਿੱਚ ਬਿਜਲੀ ਚਮਕ ਕੇ ਗਰਜਦੀ ਹੈ। ਜਿਵੇਂ ਤਾਰਿਆਂ ਵਿੱਚ ਚੰਦਰਮਾ ਨਹੀਂ ਛਿਪਦਾ, ਉਸੇ ਤਰ੍ਹਾਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਮਹਾਨ ਯੁੱਧ ਵਿੱਚ ਸ਼ੋਭਾ ਪਾਉਂਦੇ ਹਨ। ਜਦੋਂ ਸੂਰਜ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਰਾਤ ਭੱਜ ਜਾਂਦੀ ਹੈ ਅਤੇ ਨੇੜੇ ਨਹੀਂ ਆਉਂਦੀ। (ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ) ਐਸਾ ਪ੍ਰਾਕ੍ਰਮ ਕੀਤਾ ਕਿ ਮਾਨੋ, (ਸਾਹਿਬਜ਼ਾਦਾ ਸਾਹਿਬ) ਸ਼ਹਿਬਾਜ਼ ਬਣ ਕੇ ਰਾਜਿਆਂ ਦੀਆਂ ਫ਼ੌਜਾਂ (ਰੂਪੀ ਪੰਛੀਆਂ ਦੇ ਝੁੰਡ ਨੂੰ) ਵਿਚਲਿਤ ਕਰ ਰਿਹਾ (ਹੋਵੇ)। ॥੩੬॥੩੩੨॥

**ਦੋਹਰਾ**

ਕੇਤਨ ਦਿਨ ਇਹ ਭਾਂਤਿ ਕਰਿ ਭਯੋ ਜੁੱਧ ਸੰਗ੍ਰਾਮ ।
ਪ੍ਰਬਲ ਭਯੋ ਤਹਿ ਖਾਲਸਾ, ਰਾਜਨ ਮਾਨੀ ਆਨ ॥੩੭॥੩੩੩॥

ਕਈ ਦਿਨਾਂ ਤੱਕ ਇਸੇ ਤਰ੍ਹਾਂ ਯੁੱਧ ਹੁੰਦਾ ਰਿਹਾ। ਉੱਥੇ ਖਾਲਸਾ ਭਾਰੂ ਪਿਆ ਅਤੇ (ਅੰਤ ਵਿੱਚ) ਰਾਜਿਆਂ ਨੇ ਉਨ੍ਹਾਂ ਦੀ ਈਨ ਮੰਨ ਲਈ (ਭਾਵ, ਹਾਰ ਸਵੀਕਾਰ ਕਰ ਲਈ)। ॥੩੭॥੩੩੩॥

**ਚੌਪਈ**

ਤਬ ਉਪਾਵ ਰਾਜੇ ਇਮ ਕੀਨਾ । ਮੰਤ੍ਰੀ ਸੌਂ ਬਿਚਾਰ ਕਰਿ ਲੀਨਾ ।
ਇਹੀ ਭਾਂਤਿ ਦਾਵ ਕਰਿ ਆਵੈ । ਅਉਰ ਕਛੂ ਨਹੀਂ ਹੋਤ ਉਪਾਵੈ ॥੩੮॥੩੩੪॥

ਤਦ ਰਾਜੇ ਨੇ ਆਪਣੇ ਮੰਤਰੀ ਨਾਲ ਸਲਾਹ ਕਰਕੇ ਇਸ ਤਰ੍ਹਾਂ ਦਾ ਉਪਾਅ ਕੀਤਾ ਕਿ ਇਸੇ ਤਰ੍ਹਾਂ ਦਾਅ ਲਗਾਉਣ ਨਾਲ ਹੀ ਕੰਮ ਬਣੇਗਾ, ਹੋਰ ਕੋਈ ਉਪਾਅ ਕੰਮ ਨਹੀਂ ਆ ਰਿਹਾ। ॥੩੮॥੩੩੪॥

ਏਕ ਆਨ ਸਤਿਗੁਰੁ ਕੋ ਦੀਜੈ । ਤਬੈ ਠਾਂਵ ਅਪਨੀ ਕਰਿ ਲੀਜੈ ॥
ਗਊ ਬਾਂਧਿ ਰਾਵ ਤਹਿ ਗਯੋ । ਛਾਡੋ ਗਾਂਵ ਭਾਂਤਿ ਯਹ ਕਹਯੋ ॥੩੯॥੩੩੫॥

(ਉਨ੍ਹਾਂ ਸੋਚਿਆ ਕਿ) 'ਸਤਿਗੁਰੂ ਜੀ ਨੂੰ ਇੱਕ ਸਹੁੰ ਦੇ ਦੇਈਏ, ਤਦ ਹੀ ਆਪਣਾ ਸਥਾਨ (ਆਨੰਦਪੁਰ) ਵਾਪਸ ਲੈ ਲਈਏ।' ਰਾਜਾ (ਇੱਕ) ਗਊ ਨੂੰ (ਕਸਮ ਦੇ ਚਿੰਨ੍ਹ ਵਜੋਂ) ਉੱਥੇ ਬੰਨ੍ਹ ਕੇ ਚਲਾ ਗਿਆ। ਉਸਨੇ ਇਸ ਤਰ੍ਹਾਂ ਕਿਹਾ ਕਿ ' ( ਤੁਹਾਨੂੰ ਇਸ ਗਊ ਦੀ ਆਨ ਹੈ ਕਿ ਤੁਸੀਂ) ਇਹ ਨਗਰ ਛੱਡ ਦਿਉ।' ॥੩੯॥੩੩੫॥

ਸ੍ਰਵਨ ਸੁਨਤ ਗੋਬਿੰਦ ਸਿੰਘ ਦਾਤੇ । ਛਾਡੀ ਠਉਰ ਕਰੀ ਯਹਿ ਬਾਤੇ ।
ਪੁਰ ਨਿਰਮੋਹ ਕੀਨੋ ਬਿਸ੍ਰਾਮਾ । ਭੇਜੀ ਫਉਜ ਹਨਨ ਕੋ ਗ੍ਰਾਮਾ ॥੪੦॥੩੩੬॥

(ਰਾਜੇ ਦੀ ਇਹ ਸੌਂਹ) ਕੰਨਾਂ ਨਾਲ ਸੁਣਦਿਆਂ ਹੀ ਦਾਤਾਰ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਕੀਤਾ ਕਿ ਉਹ ਸਥਾਨ (ਆਨੰਦਪੁਰ ਸਾਹਿਬ) ਛੱਡ ਦਿੱਤਾ। ਉਨ੍ਹਾਂ ਨੇ ਨਿਰਮੋਹ ਨਾਂ ਦੇ ਨਗਰ ਵਿੱਚ ਜਾ ਕੇ ਆਰਾਮ ਕੀਤਾ। (ਪਰ ਰਾਜਿਆਂ ਨੇ ਧੋਖਾ ਕੀਤਾ ਅਤੇ) ਉਸ ਨਗਰ ਨੂੰ ਤਬਾਹ ਕਰਨ ਲਈ ਫੌਜ ਭੇਜ ਦਿੱਤੀ। ॥੪੦॥੩੩੬॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥ ਸੰਗ੍ਰਾਮ ਆਨੰਦਪੁਰ ਕਾ ਜੋ ਪਹਿਲਾ ਹੋਆ ਰਾਜੇ ਸਾਥ, ਆਠਵਾਂ ਧਿਆਇ ਸੰਪੂਰਨਮਸਤੁ ਸੁਭਮਸਤੁ ॥ ੮ ॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਵਿੱਚ ਰਾਜੇ ਨਾਲ ਹੋਏ ਆਨੰਦਪੁਰ ਦੇ ਪਹਿਲੇ ਯੁੱਧ ਦਾ ਵਰਣਨ ਕਰਨ ਵਾਲਾ ਅੱਠਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ। ॥੮॥

*****

ਅਧਿਆਇ ੯

ਨਿਰਮੋਹਗੜ੍ਹ ਦੀ ਜੰਗ

**ਦੋਹਰਾ**
ਗੋਬਿੰਦ ਸਿੰਘ ਨਿਰਮੋਹ ਮੈ, ਆਨਿ ਕਿਯੋ ਬਿਸ੍ਰਾਮ ।
ਚਲੀ ਫਉਜ ਕਹਿਲੂਰ ਕੋ, ਲੂਟਿ ਲੇਹੁ ਸਭਿ ਗ੍ਰਾਮ ॥੧॥੩੩੭॥

(ਗੁਰੂ) ਗੋਬਿੰਦ ਸਿੰਘ ਜੀ ਨੇ ਨਿਰਮੋਹ(ਗੜ੍ਹ) ਵਿੱਚ ਆ ਕੇ ਵਿਸ਼ਰਾਮ ਕੀਤਾ। (ਦੂਜੇ ਪਾਸੇ) ਕਹਿਲੂਰ ਦੀ ਫੌਜ ਨੇ ਚੜ੍ਹਾਈ ਕਰ ਦਿੱਤੀ (ਅਤੇ ਹੁਕਮ ਹੋਇਆ ਕਿ) ਸਾਰੇ ਪਿੰਡ ਲੁੱਟ ਲਵੋ ॥੧॥੩੩੭॥

**ਸਵੈਯਾ**
ਗੋਬਿੰਦ ਸਿੰਘ ਕੀ ਫਉਜ ਚਢੀ, ਅਰਿ ਘੇਰਿ ਲਿਯੇ ਸਭ ਗਾਂਵ ਗੁਜਾਰਾ ।
ਦੇਖਿ ਨਿਹਾਰ ਮਹਾ ਬਿਸੁਮਾਰ, ਪਹਾਰਿਯੈ ਕੇਤੇ ਹੀ ਮਾਰੇ ਅਪਾਰਾ ।
ਲੋਥਨ ਪੈ ਤਹਿ ਲੋਥ ਪਰੀ, ਅਰੁ ਜੋਗਨਿ ਆਨ ਕੇ ਪਤ੍ਰ ਪਸਾਰਾ ।
ਜੂਝਤ ਸਾਹਿਬ ਚੰਦ ਤਹਾਂ, ਜਹਿ ਜੋਰ ਪਰੀ ਰਨ ਮਾਹਿ ਪੁਕਾਰਾ ॥੨॥੩੩੮॥

(ਗੁਰੂ) ਗੋਬਿੰਦ ਸਿੰਘ ਜੀ ਦੀ ਫੌਜ ਨੇ ਚੜ੍ਹਾਈ ਕੀਤੀ ਅਤੇ ਦੁਸ਼ਮਣਾਂ ਦੇ ਸਾਰੇ ਪਿੰਡ ਤੇ (ਪਸ਼ੂ -) ਧਨ ਆਦਿ ਗੁਜ਼ਰਾਨ ਘੇਰ ਲਏ। ਵੇਖ ਭਾਲ ਕੇ (ਕਿ ਦੁਸ਼ਮਣ ਫ਼ੌਜ ਬੇਸ਼ੁਮਾਰ ਹੈ, (ਉਹਨਾਂ ਨੇ ਧਾਵਾ ਬੋਲ ਕੇ ਅਣਗਿਣਤ ਪਹਾੜੀ (ਸੈਨਿਕ ਯੁੱਧ ਵਿੱਚ) ਮਾਰ ਦਿੱਤੇ। ਉੱਥੇ ਲਾਸ਼ਾਂ ਉੱਤੇ ਲਾਸ਼ਾਂ ਡਿੱਗ ਪਈਆਂ ਅਤੇ ਯੋਗਣੀਆਂ (ਲਹੂ ਦੇ ਖੱਪਰ ਭਰਨ ਲਈ) ਆਪਣੇ ਪੱਤਰ (ਕਾਸੇ) ਲੈ ਕੇ ਆ ਪਹੁੰਚੀਆਂ। ਜਿੱਥੇ ਜੰਗ ਦੇ ਮੈਦਾਨ ਵਿੱਚ ਭਾਰੀ ਰੌਲਾ ਪੈ ਰਿਹਾ ਸੀ, ਉੱਥੇ (ਭਾਈ) ਸਾਹਿਬ ਚੰਦ ਜੂਝ ਰਹੇ ਸਨ (ਬਹਾਦਰੀ ਨਾਲ ਲੜ੍ਹ ਰਹੇ ਸਨ) ॥੨॥੩੩੮॥

ਟਿੱਪਣੀ:- ਭਾਈ ਸਾਹਿਬ ਚੰਦ ਜੀ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ, ਜਦੋਂ ਉਹਨਾਂ ਨੇ ਭੰਗਾਣੀ ਦੀ ਜੰਗ ਵਿੱਚ ਆਪਣੇ ਜੋਹਰ ਦਿਖਾਏ ਸਨ।

**ਦੋਹਰਾ**

ਲਿਯੈ ਪਤ੍ਰ ਜੋਗਨਿ ਅਰੀ, ਗਿੱਧ ਬਹੁਤ ਮੰਡਲਾਤ ।
ਲਰਤ ਸੂਰ ਸੰਗ੍ਰਾਮ ਮਹਿ, ਮਹਾ ਨਿਡਰ ਹੁਇ ਜਾਤ ॥੩॥੩੩੯॥

ਯੋਗਣੀਆਂ ਆਪਣੇ ਕਾਸੇ (ਖ਼ੂਨ ਨਾਲ) ਭਰਨ ਲਈ (ਉੱਥੇ ਆ ਕੇ) ਅੜ ਗਈਆਂ। ਬਹੁਤ ਸਾਰੇ ਗਿਰਝ (ਆਕਾਸ਼ ਵਿੱਚ) ਮੰਡਰਾ ਰਹੇ ਸਨ। ਸੂਰਮੇ ਜੰਗ ਦੇ ਮੈਦਾਨ ਵਿੱਚ ਬਹੁਤ ਨਿਡਰ ਹੋ ਕੇ ਲੜ ਰਹੇ ਸਨ ॥੩॥੩੩੯॥

**ਸਵੈਯਾ**

ਮਾਰ ਹੀ ਮਾਰ ਪੁਕਾਰਤ ਹੈਂ ਤਹਾਂ, ਜੂਝਤ ਸੂਰ ਮਹਾ ਰੰਗ ਰਾਤੇ ।
ਜੋਧਨ ਸੋ ਤਹਾਂ ਜੋਧ ਅਰੇ, ਨ ਟਰੇ ਨ ਡਰੇ ਸੁ ਖਰੇ ਹੀ ਲਰਾਤੇ ।
ਜੂਝਤ ਸੂਰ ਗਿਰੈ ਧਰ ਪੈ, ਸੁ ਪਰੈ ਰਨ ਮੈ ਜੁ ਮਹਾ ਹੀ ਸੁਹਾਤੇ।
ਕਾਇਰ ਏਕ ਭਜੇ ਮੁਖਿ ਮੋਰਿ ਕੈ, ਛੋਡਿ ਚਲੇ ਰਨ ਹੀ ਡਰਪਾਤੇ ॥੪॥੩੪੦॥

ਉੱਥੇ (ਯੋਧੇ) 'ਮਾਰੋ-ਮਾਰੋ' ਪੁਕਾਰ ਰਹੇ ਸਨ ਅਤੇ ਸੂਰਮੇ ਪੂਰੇ ਜੋਸ਼ ਅਤੇ ਰੰਗ ਵਿੱਚ ਰੱਤੇ ਹੋਏ ਜੂਝ ਰਹੇ ਸਨ। ਯੋਧਿਆਂ ਨਾਲ ਯੋਧੇ ਇਸ ਤਰ੍ਹਾਂ ਅੜੇ ਹੋਏ ਸਨ ਕਿ ਉਹ ਨਾ ਟਲਦੇ ਸਨ, ਨਾ ਡਰਦੇ ਸਨ, ਸਗੋਂ ਖੜ੍ਹੇ ਹੋ ਕੇ (ਭਾਵ, ਡੱਟ ਕੇ) ਲੜ ਰਹੇ ਸਨ। ਜੂਝਦੇ ਹੋਏ ਸੂਰਮੇ ਧਰਤੀ 'ਤੇ ਡਿੱਗ ਰਹੇ ਸਨ, ਜੋ ਜੰਗ ਦੇ ਮੈਦਾਨ ਵਿੱਚ ਪਏ ਹੋਏ ਬਹੁਤ ਸੋਹਣੇ ਲੱਗਦੇ ਸਨ। ਕਈ ਕਾਇਰ ਮੂੰਹ ਮੋੜ ਕੇ ਭੱਜ ਗਏ। ਉਹ ਡਰ ਕੇ ਮੈਦਾਨ ਛੱਡ ਕੇ ਚਲੇ ਗਏ॥੪॥੩੪੦॥

**ਦੋਹਰਾ**

ਲਰਤ ਜੋਰ ਸੰਗ੍ਰਾਮ ਮੈ, ਟਾਰਯੋ ਨਾਹਿ ਟਰੰਤ ।
ਏਕ ਮਾਰਿ ਦੁਇ ਦੁਇ ਕਰਤ, ਦੁਇ ਦੁਇ ਧਰਤ ਪਰੰਤ ॥੫॥੩੪੧॥

(ਸੂਰਮੇ) ਜੰਗ ਵਿੱਚ (ਪੂਰੇ) ਜ਼ੋਰ ਨਾਲ ਲੜ ਰਹੇ ਸਨ ਅਤੇ ਹਟਾਉਣ 'ਤੇ ਵੀ ਪਿੱਛੇ ਨਹੀਂ ਹਟਦੇ ਸਨ। ਉਹ ਇੱਕ ਨੂੰ ਮਾਰ ਕੇ ਦੋ ਕਰ ਦਿੰਦੇ ਸਨ

ਅਤੇ (ਦੁਸ਼ਮਣ) ਦੋ-ਦੋ (ਟੁਕੜੇ) ਹੋ ਕੇ ਧਰਤੀ 'ਤੇ ਡਿੱਗਦੇ ਜਾਂਦੇ ਸਨ ॥੫॥੩੪੧॥

**ਸਵੈਯਾ**

ਜੋਰ ਲਰੈ ਤਹਿ ਖਾਲਸਾ ਆਛੈ ਹੂ, ਮਦਤ ਸਾਹਿਬ ਚੰਦ ਕੀ ਜਾਈ ।
ਏਕ ਸੋ ਏਕ ਮਹਾਬਲੀ ਸੂਰ, ਲਰੇ ਰਨ ਮੈ ਜੁ ਕਰੈ ਹਥਿ ਆਈ ।
ਮਾਰਿ ਲਈ ਤਹਾਂ ਫੌਜ ਕਿਤੀ ਜੁ, ਰਹੀ ਸੁ ਅਤੀ ਜੁ ਦਈ ਬਿਚਲਾਈ ।
ਜੀਤ ਭਈ ਤਹਾਂ ਖਾਲਸੇ ਕੀ, ਅਰੁ ਸਾਹਿਬ ਚੰਦ ਕੀ ਲੋਥ ਉਠਾਈ ॥੬॥੩੪੨॥

ਉੱਥੇ ਖਾਲਸਾ ਵੀ ਚੰਗੇ ਜ਼ੋਰ ਨਾਲ ਲੜ੍ਹਿਆ ਅਤੇ (ਭਾਈ) ਸਾਹਿਬ ਚੰਦ ਦੀ ਮਦਦ ਲਈ ਜਾ ਪਹੁੰਚਿਆ। ਇੱਕ ਤੋਂ ਵੱਧ ਕੇ ਇੱਕ ਮਹਾਂਬਲੀ ਸੂਰਮੇ ਜੰਗ ਵਿੱਚ ਹੱਥੋ-ਹੱਥ ਦੀ ਲੜਾਈ ਕਰ ਰਹੇ ਸਨ। ਉੱਥੇ (ਦੁਸ਼ਮਣ ਦੀ) ਬਹੁਤ ਸਾਰੀ ਫੌਜ ਮਾਰ ਲਈ ਗਈ ਅਤੇ ਜੋ ਬਾਕੀ ਰਹਿ ਗਈ, ਉਸਨੂੰ ਪੂਰੀ ਤਰ੍ਹਾਂ ਭਜਾ ਦਿੱਤਾ ਗਿਆ। ਉੱਥੇ ਖਾਲਸੇ ਦੀ ਜਿੱਤ ਹੋਈ, ਅਤੇ (ਸ਼ਹੀਦ ਹੋਏ ਭਾਈ) ਸਾਹਿਬ ਚੰਦ ਜੀ ਦੀ ਮ੍ਰਿਤਕ ਦੇਹ ਨੂੰ ਚੁੱਕ ਲਿਆ ਗਿਆ ॥੬॥੩੪੨॥

**ਦੋਹਰਾ**

ਲੋਥ ਲਿਯੇ ਨਿਰਮੋਹ ਮੈ, ਆਨਿ ਦਿਯੋ ਤਿਹ ਦਾਗ ।
ਪ੍ਰਾਨ ਦਿਯੇ ਹੁਇ ਖਾਲਸਾ, ਪੂਰਨ ਤਾਕੇ ਭਾਗ ॥੭॥੩੪੩॥

ਮ੍ਰਿਤਕ ਦੇਹ ਨੂੰ ਲੈ ਕੇ ਨਿਰਮੋਹ (ਗੜ੍ਹ) ਵਿੱਚ ਲਿਆਂਦਾ ਗਿਆ ਅਤੇ ਉੱਥੇ (ਉਨ੍ਹਾਂ ਦਾ) ਸਸਕਾਰ ਕੀਤਾ ਗਿਆ। ਖਾਲਸਾ ਬਣ ਕੇ (ਉਸਨੇ) ਪ੍ਰਾਣ ਦਿੱਤੇ, (ਇਸ ਲਈ) ਉਸਦੇ ਭਾਗ ਜਾਗ ਪਏ (ਭਾਵ ਜੀਵਨ ਸਫਲ ਹੋ ਗਿਆ) ॥੭॥੩੪੩॥

**ਸਵੈਯਾ**

ਕੇਤੇ ਹੀ ਗਾਂਵ ਅਪਾਰ ਨਿਹਾਰ ਕੈ, ਮਾਰਿ ਲਏ ਜਬੈ ਖਾਲਸਾ ਧਾਯੋ ।
ਰਾਜਨ ਸੋਚ ਕਿਯੋ ਮਨ ਮੈ ਅਬ, ਜੋਰ ਹੀ ਖਾਲਸੇ ਧੂਮ ਉਠਾਯੋ ।
ਗਾਂਵਨ ਕੇ ਨਰ ਭਾਜਿ ਗਏ ਸੁ, ਬਸੈ ਬਨ ਮੈ ਨ ਰਹੈ ਠਹਰਾਯੋ॥

ਐਸੋ ਉਪਾਵ ਕੋਈ ਕਰਿਯੈ, ਯਹ ਠਉਰ ਰਹੈ, ਨਹੀਂ ਲੇਤ ਛਿਨਾਯੋ ॥੮॥੩੪੪॥

ਜਦੋਂ ਖਾਲਸੇ ਨੇ ਹਮਲਾ ਕੀਤਾ ਤਾਂ ਅਣਗਿਣਤ ਪਿੰਡਾਂ ਨੂੰ ਵੇਖ ਕੇ ਤਬਾਹ ਕਰ ਦਿੱਤਾ। (ਇਹ ਵੇਖ ਕੇ ਪਹਾੜੀ) ਰਾਜਿਆਂ ਨੇ ਮਨ ਵਿੱਚ ਸੋਚਿਆ ਕਿ ਖਾਲਸੇ ਨੇ ਤਾਂ ਬਹੁਤ ਹੀ ਜ਼ੋਰ ਫੜ ਲਿਆ ਹੈ ਅਤੇ ਅੱਤ ਮਚਾ ਦਿੱਤੀ ਹੈ। ਪਿੰਡਾਂ ਦੇ ਲੋਕ ਭੱਜ ਗਏ ਹਨ ਅਤੇ ਜੰਗਲਾਂ ਵਿੱਚ ਜਾ ਵੱਸੇ ਹਨ, ਕੋਈ ਵੀ (ਆਪਣੀ ਥਾਂ 'ਤੇ) ਟਿਕ ਕੇ ਨਹੀਂ ਰਹਿ ਰਿਹਾ। (ਰਾਜੇ ਸੋਚਣ ਲੱਗੇ ਕਿ) ਕੋਈ ਅਜਿਹਾ ਉਪਾਅ ਕਰਨਾ ਚਾਹੀਦਾ ਹੈ, ਜਿਸ ਨਾਲ ਇਹ ਥਾਂ (ਸਾਡੇ ਕੋਲ) ਬਚੀ ਰਹੇ, ਨਹੀਂ ਤਾਂ (ਖਾਲਸਾ ਇਸ ਨੂੰ) ਖੋਹ ਲਵੇਗਾ ॥੮॥੩੪੪॥

**ਦੋਹਰਾ**

ਤਬੈ ਰਾਵ ਕਹਿਲੂਰ ਕੇ, ਕੀਨੋ ਏਕ ਉਪਾਉ।
ਬਿਦਾ ਕਿਯੋ ਪ੍ਰਧਾਨ ਕੋ, ਅਬੈ ਤੁਰਕ ਪੈ ਜਾਉ ॥੯॥੩੪੫॥

ਤਦ ਕਹਿਲੂਰ ਦੇ ਰਾਜੇ (ਅਜਮੇਰ ਚੰਦ) ਨੇ ਇੱਕ ਉਪਾਅ ਕੀਤਾ। ਉਸਨੇ ਆਪਣੇ ਪ੍ਰਧਾਨ (ਮੰਤਰੀ) ਨੂੰ ਵਿਦਾ ਕੀਤਾ (ਅਤੇ ਕਿਹਾ ਕਿ) ਹੁਣੇ ਤੁਰਕਾਂ ਕੋਲ ਜਾਓ ॥੯॥੩੪੫॥

**ਸਵੈਯਾ**

ਜਾਇ ਕਹੀ ਸੁਲਤਾਨ ਹੀ ਸੌ, ਹਮ ਸੌ ਇਨ ਜੋਰਨਿ ਜੋਰਿ ਕਰੀ ਹੈ।
ਮਾਰਿ ਲਿਯੇ ਤਿਹ ਗਾਂਵ ਸਬੈ, ਜੁ ਅਬੈ ਕਹਿਲੂਰ ਪੈ ਚੋਟ ਧਰੀ ਹੈ ।
ਜਾਨੀ ਨ ਜਾਤਿ ਕਰੈਗੋ ਕਹਾਂ ਸੁ, ਯਹੈ ਬਿਧਿ ਜਾਨਿ ਕੈ ਸਿਸਟਿ ਡਰੀ ਹੈ ।
ਕੀਜੈ ਅਬੈ ਉਪਰਾਲੋ ਹਮਾਰਾ ਸੁ ਕਜੋਂ ਨ ਕਰੋ ਤੁਮਹੂ ਜੁ ਸਰੀ ਹੈ ॥੧੦॥੩੪੬॥

(ਪ੍ਰਧਾਨ ਨੇ) ਜਾ ਕੇ ਸੁਲਤਾਨ ਨੂੰ ਕਿਹਾ, "ਇਹਨਾਂ (ਸਿੱਖਾਂ) ਨੇ ਸਾਡੇ ਨਾਲ ਬਹੁਤ ਜ਼ਬਰਦਸਤੀ ਕੀਤੀ ਹੈ। ਇਹਨਾਂ ਨੇ ਸਾਡੇ ਸਾਰੇ ਪਿੰਡ ਮਾਰ ਲਏ ਹਨ (ਤਬਾਹ ਕਰ ਦਿੱਤੇ ਹਨ) ਅਤੇ ਹੁਣ ਕਹਿਲੂਰ ਉੱਤੇ ਵੀ ਹਮਲਾ ਕਰ ਦਿੱਤਾ ਹੈ। ਇਹ ਪਤਾ ਨਹੀਂ ਲੱਗ ਰਿਹਾ ਕਿ ਉਹ ਅੱਗੇ ਕੀ ਕਰਨਗੇ, ਇਹ ਹਾਲਤ ਵੇਖ ਕੇ ਸਾਰੀ ਪਰਜਾ ਡਰੀ ਹੋਈ ਹੈ। ਹੁਣ ਤੁਸੀਂ ਸਾਡੀ

ਮਦਦ ਲਈ ਕੋਈ ਉਪਰਾਲਾ ਕਰੋ। ਜਦੋਂ ਤੁਸੀਂ ਹੀ (ਸਾਨੂੰ) ਸ਼ਰਣ ਦੇਣ ਵਾਲੇ ਹੋ, (ਤਾਂ ਤੁਸੀਂ) ਸਾਡੀ ਸਹਾਇਤਾ ਕਿਉਂ ਨਹੀਂ ਕਰੋਗੇ?" ॥੧੦॥੩੪੬॥

**ਦੋਹਰਾ**

ਆਨਿ ਤੁਰਕ ਕੇ ਕਰਿ ਦਈ, ਰਾਜਾ ਕੀ ਅਰਦਾਸ ।
ਤੁਰਕ ਕਹਯੋ ਇਕ ਔਰ ਸੋ, ਜਾਹੁ ਤਾਸ ਕੇ ਪਾਸਿ ॥੧੧॥੩੪੭॥

(ਕਹਿਲੂਰ ਦੇ ਰਾਜੇ ਦੇ ਪ੍ਰਧਾਨ ਨੇ) ਆ ਕੇ ਤੁਰਕ (ਹਾਕਮ) ਅੱਗੇ ਰਾਜੇ ਦੀ ਬੇਨਤੀ ਰੱਖ ਦਿੱਤੀ। ਉਸ ਤੁਰਕ (ਹਾਕਮ) ਨੇ ਇੱਕ ਹੋਰ (ਅਧਿਕਾਰੀ) ਨੂੰ ਕਿਹਾ ਕਿ ਇਸ (ਪ੍ਰਧਾਨ) ਦੇ ਨਾਲ ਜਾਓ ॥੧੧॥੩੪੭॥

**ਸਵੈਯਾ**

ਤਉ ਸੁਲਤਾਨ ਕਹਯੋ ਇਕ ਔਰ ਸੋ ਜਾਹੁ ਅਬੈ ਇਹ ਕੈ ਸੰਗ ਭਾਈ ।
ਸੀਰੰਦ ਵਾਲੇ ਕੋ ਸੰਗਿ ਲਿਯੋ, ਮਿਲਿ ਕੈ ਸਬ ਜਾਹੁ ਕਰੋ ਜੁ ਚਢਾਈ ।
ਜਉ ਮਿਲਿ ਹੈ ਤੁ ਮਿਲਾਵਹੁ ਆਨ, ਜੁ ਨਾਹ ਮਿਲੈ ਤੁ ਕਰੋ ਹਥਿ ਆਈ ।
ਐਸੇ ਬਿਚਾਰਿ ਕੈ ਫਉਜੈ ਦਈ, ਮਿਲਕੈ ਜੁ ਸਬੈ ਸਿਰਹੰਦਿ ਮੈ ਆਈ ॥੧੨॥੩੪੮॥

ਤਦ ਸੁਲਤਾਨ ਨੇ ਇੱਕ ਹੋਰ (ਅਧਿਕਾਰੀ) ਨੂੰ ਕਿਹਾ, "ਭਾਈ, ਹੁਣੇ ਇਸਦੇ ਨਾਲ ਜਾਓ। ਸਰਹਿੰਦ ਵਾਲੇ (ਸੂਬੇਦਾਰ) ਨੂੰ ਨਾਲ ਲੈ ਲਵੋ ਅਤੇ ਸਾਰੇ ਮਿਲ ਕੇ (ਗੁਰੂ ਜੀ ਉੱਤੇ) ਚੜ੍ਹਾਈ ਕਰ ਦਿਓ। ਜੇਕਰ ਉਹ (ਗੁਰੂ ਗੋਬਿੰਦ ਸਿੰਘ) ਮਿਲ ਜਾਣ (ਭਾਵ, ਸਮਝੌਤਾ ਕਰ ਲੈਣ) ਤਾਂ ਉਹਨਾਂ ਨੂੰ ਮਿਲਾ ਲੈਣਾ, ਪਰ ਜੇ ਨਾ ਮਿਲਣ ਤਾਂ ਫਿਰ ਹੱਥੋ-ਹੱਥ ਦੀ ਲੜਾਈ ਕਰਨਾ।" ਇਸ ਤਰ੍ਹਾਂ ਵਿਚਾਰ ਕਰਕੇ ਉਸਨੇ ਫੌਜਾਂ ਦੇ ਦਿੱਤੀਆਂ, ਜੋ ਸਾਰੀਆਂ ਇਕੱਠੀਆਂ ਹੋ ਕੇ ਸਰਹਿੰਦ ਵਿੱਚ ਆ ਗਈਆਂ ॥੧੨॥੩੪੮॥

**ਦੋਹਰਾ**

ਸੀਰੰਦ ਮੈ ਸਿਰਦਾਰ ਇਕ ਰਹਿਤ ਤੁਰਕ ਕੋ ਸੋਇ ।
ਸੰਗਿ ਫਉਜ ਕੇਤੀ ਦਈ, ਚੜ੍ਹਯੋ ਨਿਡਰ ਮਨ ਹੋਇ ॥੧੩॥੩੪੯॥

ਸਰਹਿੰਦ ਵਿੱਚ ਇੱਕ ਤੁਰਕ ਸਰਦਾਰ ਰਹਿੰਦਾ ਸੀ। ਉਸਨੂੰ ਬਹੁਤ ਸਾਰੀ ਫੌਜ ਨਾਲ ਦਿੱਤੀ ਗਈ ਅਤੇ ਉਹ ਮਨ ਵਿੱਚ ਨਿਡਰ ਹੋ ਕੇ (ਨਿਰਮੋਹਗੜ੍ਹ ਵੱਲ) ਚੜ੍ਹ ਪਿਆ ॥੧੩॥੩੪੯॥

**ਦੋਹਰਾ**

ਏ ਕਉਤਕ ਤਹਿ ਮੰਡਿ ਰਹੇ, ਕਰਤ ਤਾਸ ਬੀਚਾਰ ।
ਨਗਰ ਨਗਰ ਕੀ ਸੰਗਤੇਂ, ਆ ਪਹੁੰਚੀ ਦਰਬਾਰ ॥੧੪॥੩੫੦॥

(ਇੱਕ ਪਾਸੇ) ਉੱਥੇ ਇਹ ਕੌਤਕ (ਘਟਨਾਵਾਂ) ਵਾਪਰ ਰਹੇ ਸਨ ਅਤੇ ਉਹ (ਦੁਸ਼ਮਣ) ਵਿਚਾਰਾਂ ਕਰ ਰਹੇ ਸਨ। (ਦੂਜੇ ਪਾਸੇ) ਵੱਖ-ਵੱਖ ਨਗਰਾਂ ਦੀਆਂ ਸੰਗਤਾਂ (ਗੁਰੂ ਜੀ ਦੇ) ਦਰਬਾਰ ਵਿੱਚ ਆ ਪਹੁੰਚੀਆਂ ॥੧੪॥੩੫੦॥

**ਦੋਹਰਾ**

ਰਾਖੇ ਤਬੈ ਹਜੂਰ ਪ੍ਰਭੁ, ਕਰਿ ਚਾਕਰ ਦਰਬਾਰਿ ।
ਮੁਜਰੇ ਲੀਨੇ ਤਿਨਨ ਕੇ, ਪਹਿਰਾਏ ਹਥਿਆਰ ॥੧੫॥੩੫੧॥

ਤਦ ਪ੍ਰਭੂ (ਗੁਰੂ ਜੀ) ਨੇ ਉਹਨਾਂ ਨੂੰ ਦਰਬਾਰ ਦਾ ਚਾਕਰ (ਸੇਵਕ/ਸਿਪਾਹੀ) ਬਣਾ ਕੇ ਹਜ਼ੂਰੀ ਵਿੱਚ ਰੱਖ ਲਿਆ। ਉਹਨਾਂ ਦੀਆਂ ਸਲਾਮੀਆਂ (ਨਮਸਕਾਰਾਂ) ਪ੍ਰਵਾਨ ਕੀਤੀਆਂ ਅਤੇ ਉਹਨਾਂ ਨੂੰ ਹਥਿਆਰ ਪਹਿਨਾਏ (ਭਾਵ ਫੌਜ ਵਿੱਚ ਭਰਤੀ ਕੀਤਾ) ॥੧੫॥੩੫੧॥

**ਅੜਿੱਲ**

ਮਹਾ ਕਾਤਕੀ ਜਾਨ ਕਿ ਦਰਸਨ ਕੋ ਅਏ ।
ਨਿਰਮਲ ਭਏ ਸਰੀਰ ਕਿ ਦਰਸਨ ਜਬ ਭਏ ।
ਰਾਖੇ ਸਬੈ ਹਜੂਰ ਕਿ ਪ੍ਰਭੁ ਪੂਰਨ ਧਨੀ ।
ਜੀ, ਜੋ ਵਹੁ ਕਰੈ ਸੁ ਹੋਇ, ਕਰੀ ਤਾ ਕੀ ਬਨੀ ॥੧੬॥੩੫੨॥

ਇਹ ਕੱਤਕ ਦੀ ਵੱਡੀ (ਪੂਰਨਮਾਸ਼ੀ ਦਾ ਮੇਲਾ) ਜਾਣ ਕੇ (ਸੰਗਤਾਂ) ਦਰਸ਼ਨਾਂ ਲਈ ਆਈਆਂ। ਜਦੋਂ ਉਹਨਾਂ ਨੇ (ਗੁਰੂ ਜੀ ਦੇ) ਦਰਸ਼ਨ ਕੀਤੇ ਤਾਂ ਉਹਨਾਂ ਦੇ ਤਨ (ਅਤੇ ਮਨ) ਨਿਰਮਲ ਹੋ ਗਏ। ਪੂਰਨ ਧਨੀ ਪ੍ਰਭੂ (ਗੁਰੂ ਜੀ) ਨੇ ਸਾਰਿਆਂ ਨੂੰ ਆਪਣੀ ਹਜ਼ੂਰੀ ਵਿੱਚ ਰੱਖ ਲਿਆ। ਜੀ, ਜੋ

ਉਹ (ਕਰਤਾਰ) ਕਰਦਾ ਹੈ, ਉਹੀ ਹੁੰਦਾ ਹੈ; ਉਸਦੀ ਕੀਤੀ ਹੀ ਸਫਲ ਹੁੰਦੀ ਹੈ ॥੧੬॥੩੫੨॥

**ਦੋਹਰਾ**

ਰਚਨਾ ਸਬ ਦਰਬਾਰ ਕੀ, ਜੋ ਵਹੁ ਕਰੈ ਸੁ ਹੋਇ ।
ਰਹੈ ਜੁ ਸਿੱਖ ਹਜੂਰ ਮੈ, ਤਿਹ ਸਮਾਨ ਨਹੀਂ ਕੋਇ ॥੧੭॥੩੫੩॥

ਇਹ ਸਾਰੀ ਦਰਬਾਰ ਦੀ ਰਚਨਾ (ਇਸ ਤਰ੍ਹਾਂ ਹੈ ਕਿ) ਜੋ ਉਹ (ਪ੍ਰਭੂ) ਕਰਦਾ ਹੈ, ਉਹੀ ਹੁੰਦਾ ਹੈ। ਜਿਹੜਾ ਸਿੱਖ (ਗੁਰੂ ਦੀ) ਹਜ਼ੂਰੀ ਵਿੱਚ ਰਹਿੰਦਾ ਹੈ, ਉਸਦੇ ਬਰਾਬਰ ਹੋਰ ਕੋਈ ਨਹੀਂ ਹੈ ॥੧੭॥੩੫੩॥

**ਦੋਹਰਾ**

ਪ੍ਰਭੁ ਪੂਰਨ ਸਾਮਾ ਕਰੀ, ਰਚਹੁ ਜੁਧ ਮਹਮੰਤ ।
ਸੋ ਸਮਰਥ ਕਾਰਨ ਕਰਨ, ਭ੍ਰਮਤ ਮੂੜ੍ਹ ਬਹੁ ਜੰਤ ॥੧੮॥੩੫੪॥

ਪੂਰਨ ਪ੍ਰਭੂ (ਗੁਰੂ ਜੀ) ਨੇ (ਜੰਗ ਦਾ) ਸਾਮਾਨ ਤਿਆਰ ਕੀਤਾ ਅਤੇ ਇੱਕ ਵੱਡਾ ਭਾਰੀ ਯੁੱਧ ਰਚ ਦਿੱਤਾ। ਉਹ (ਪ੍ਰਭੂ) ਸਭ ਕਾਰਨਾਂ ਨੂੰ ਕਰਨ ਵਾਲਾ ਸਮਰੱਥ ਹੈ, (ਪਰ) ਬਹੁਤ ਸਾਰੇ ਮੂਰਖ ਜੀਵ ਭਰਮ ਵਿੱਚ ਭਟਕਦੇ ਰਹਿੰਦੇ ਹਨ ॥੧੮॥੩੫੪॥

**ਤੋਟਕ ਛੰਦ**

ਲਿਯੇ ਸੰਗਿ ਸਮਾਨਨ ਔਰ ਪਠਾਨਨ, ਕੋਪਿ ਚੜ੍ਹਯੋ ਸਿਰਹੰਦ ਕੋ ਸੂਬਾ ।
ਤਿਉ ਉਤ ਤੇ ਕਹਿਲੂਰ ਕੋ ਰਾਵ, ਚੜ੍ਹਯੋ ਲਿਯੇ ਸੰਗ ਮਹਾ ਦਲ ਦੂਜਾ ।
ਐਸੇ ਹੀ ਗੂਜਰ ਔਰ ਗਵਾਰ, ਆਏ ਜੁ ਕਿਤੇ ਤਿਹ ਵਾਰ ਨ ਪਾਰੇ ।
ਯੌ ਉਮਡੇ ਚਹੂੰ ਓਰ ਘਟਾ, ਮਾਨੋ ਘੇਰਤ ਭਾਨ ਕੋ ਆਨ ਘਟਾ ਰੇ ॥੧੯॥੩੫੫॥

ਆਪਣੇ ਨਾਲ ਸਮਾਣੇ ਦੇ (ਲੜਾਕੂਆਂ) ਅਤੇ ਹੋਰ ਪਠਾਣਾਂ ਨੂੰ ਲੈ ਕੇ ਸਰਹਿੰਦ ਦਾ ਸੂਬੇਦਾਰ ਗੁੱਸੇ ਵਿੱਚ ਚੜ੍ਹ ਆਇਆ। ਇਸੇ ਤਰ੍ਹਾਂ ਦੂਜੇ ਪਾਸਿਓਂ ਕਹਿਲੂਰ ਦਾ ਰਾਜਾ (ਅਜਮੇਰ ਚੰਦ) ਵੀ ਆਪਣੇ ਨਾਲ ਵੱਡੀ ਫੌਜ ਲੈ ਕੇ ਚੜ੍ਹ ਆਇਆ। ਇਸੇ ਤਰ੍ਹਾਂ ਹੀ ਗੁੱਜਰ ਅਤੇ ਹੋਰ ਪੇਂਡੂ ਲੋਕ ਇੰਨੀ ਗਿਣਤੀ ਵਿੱਚ ਆ ਗਏ ਕਿ ਉਹਨਾਂ ਦਾ ਕੋਈ ਅੰਤ ਨਹੀਂ ਸੀ। ਇਸ

ਤਰ੍ਹਾਂ ਚਾਰੇ ਪਾਸਿਓਂ (ਫੌਜਾਂ ਦੇ) ਦਲ ਉਮਡ ਪਏ, ਜਿਵੇਂ ਸੂਰਜ ਨੂੰ ਘੇਰਨ ਲਈ ਬੱਦਲੀਆਂ ਆ ਗਈਆਂ ਹੋਣ ॥੧੯॥੩੫੫॥

**ਦੋਹਰਾ**

ਚਹੂੰ ਓਰ ਘੇਰਾ ਪਰਯੋ, ਜਿਉ ਤਾਰਨ ਮੈ ਚੰਦ।
ਤਿਹ ਸਮਾਨ ਛਬਿ ਤਬ ਧਰੀ, ਪ੍ਰਭੁ ਕੈ ਪਰਮ ਅਨੰਦ ॥੨੦॥੩੫੬॥

ਚਾਰੇ ਪਾਸਿਓਂ ਇਸ ਤਰ੍ਹਾਂ ਘੇਰਾ ਪੈ ਗਿਆ, ਜਿਵੇਂ ਤਾਰਿਆਂ ਦੇ ਵਿੱਚ ਚੰਦਰਮਾ (ਘਿਰਿਆ ਹੋਵੇ)। ਉਸ ਸਮੇਂ ਉਸੇ ਤਰ੍ਹਾਂ ਦੀ ਸ਼ੋਭਾ ਪ੍ਰਭੂ (ਗੁਰੂ ਜੀ) ਨੇ ਧਾਰਨ ਕੀਤੀ ਹੋਈ ਸੀ ਅਤੇ ਉਹ ਪਰਮ ਅਨੰਦ ਵਿੱਚ ਸਨ ॥੨੦॥੩੫੬॥

**ਸਵੈਯਾ**

ਜੈਸਾ ਨਗੀਨਾ ਅੰਗੂਠੀ ਮੈ ਹੋਤ ਸੁ ਹੋਤ ਹੈ ਚੰਦ ਜੁ ਤਾਰਿਯਨ ਮਾਹੀ ।
ਜੋ ਘਨ ਮੈ ਬਿਜਰੀ ਚਮਕੈ, ਦਮਕੈ ਤਹਾਂ ਖਾਲਸਾ ਫੌਜਨ ਮਾਹੀ ।
ਸਿੰਘ ਇਕੈ ਅਰੁ ਲੱਛ ਪਸੂ ਸਬ, ਭਾਜਤ ਦੇਖਤ ਹੀ ਬਨ ਮਾਹੀ ।
ਐਸੇ ਮਨੋ ਤਹਾ ਖਾਲਸਾ ਸਿੰਘ ਹੈ, ਔਰ ਨਹੀਂ ਸਮਤਾ ਜਗ ਮਾਹੀ ॥੨੧॥੩੫੭॥

ਜਿਵੇਂ ਮੁੰਦਰੀ ਵਿੱਚ ਨਗੀਨਾ ਹੁੰਦਾ ਹੈ ਅਤੇ ਤਾਰਿਆਂ ਵਿੱਚ ਚੰਦਰਮਾ ਹੁੰਦਾ ਹੈ; ਜਾਂ ਜਿਵੇਂ ਬੱਦਲਾਂ ਵਿੱਚ ਬਿਜਲੀ ਚਮਕਦੀ ਹੈ, ਉਸੇ ਤਰ੍ਹਾਂ ਖਾਲਸਾ (ਦੁਸ਼ਮਣ ਦੀਆਂ) ਫੌਜਾਂ ਵਿੱਚ ਦਮਕ ਰਿਹਾ ਹੈ। (ਭਾਂਵੇਂ) ਸ਼ੇਰ ਇੱਕ ਹੀ (ਹੋਵੇ) ਤੇ (ਦੂਜੇ) ਪਸ਼ੂ ਲੱਖ ਵੀ ਹੋਣ, (ਤਾਂ ਵੀ ਉਹ ਸਾਰੇ ਪਸ਼ੂ ਇੱਕੋ ਸ਼ੇਰ) ਨੂੰ ਵੇਖਦਿਆਂ ਹੀ ਜੰਗਲ ਵਿੱਚ ਭੱਜ ਜਾਂਦੇ ਹਨ। ਇਸੇ ਤਰ੍ਹਾਂ ਹੀ ਉੱਥੇ ਖਾਲਸਾ ਸਿੰਘ ਹੈ, ਜਿਸਦੇ ਬਰਾਬਰ ਦਾ ਸੰਸਾਰ ਵਿੱਚ ਹੋਰ ਕੋਈ ਨਹੀਂ ਹੈ ॥੨੧॥੩੫੭॥

**ਦੋਹਰਾ**

ਲਗੇ ਮੋਰਚੇ ਤੁਰਕ ਕੇ, ਊਪਰ ਚੜ੍ਹੀ ਕਮਾਨ ।
ਇਤ ਸਨਮੁਖ ਭਯੋ ਖਾਲਸਾ, ਹੋਤ ਬੀਰ ਸੰਗ੍ਰਾਮ ॥੨੨॥੩੫੮॥

ਤੁਰਕਾਂ ਦੇ ਮੋਰਚੇ ਲੱਗ ਗਏ ਅਤੇ ਕਮਾਨਾਂ (ਤੀਰਾਂ ਨਾਲ) ਚੜ੍ਹ ਗਈਆਂ (ਭਾਵ, ਉਹ ਹਮਲੇ ਲਈ ਤਿਆਰ ਹੋ ਗਏ)। ਇਧਰੋਂ ਖਾਲਸਾ ਵੀ ਉਹਨਾਂ ਦੇ ਸਾਹਮਣੇ ਆ ਡਟਿਆ ਅਤੇ ਸੂਰਮਿਆਂ ਦਾ ਯੁੱਧ ਸ਼ੁਰੂ ਹੋ ਗਿਆ ॥੨੨॥੩੫੮॥

**ਸਵੈਯਾ**

ਤੋਪ ਛੁਟੈ ਗਰਜੈ ਘਨ ਮੈ, ਲਰਜੈ ਹਿਯਰਾ ਸੁ ਮਰ ਜੈ ਭਯ ਮਾਹੀ ।
ਐਸੇ ਮਨੋਜ ਚਲੈ ਭਵ ਚਾਲ, ਹਲੈ ਬਸੁਧਾ ਸਮ ਤਾਸ ਕੀ ਆਹੀ ।
ਦਾਮਨਿ ਜਿਉ ਚਮਕੈ ਤਿਹ ਠਉਰ ਸੁ ਲਾਗਤ ਜਾਮ ਗਹੀ ਸੁ ਤਹਾ ਹੀ ।
ਸੇਤ ਮਨੋ ਬਰਖੈ ਘਨ ਤੇ ਤਹਾ, ਗੋਲਾ ਚਲੈ ਸਮ ਤਾਸੁ ਅਸਾਹੀ ॥੨੩॥੩੫੯॥

ਜਦੋਂ ਤੋਪ ਚੱਲਦੀ ਹੈ ਤਾਂ ਬੱਦਲਾਂ ਵਾਂਗ ਗਰਜਦੀ ਹੈ, (ਜਿਸ ਨਾਲ ਕਮਜ਼ੋਰ ਵਿਅਕਤੀ ਦਾ) ਦਿਲ ਕੰਬ ਜਾਂਦਾ ਹੈ ਅਤੇ (ਉਹ) ਡਰ ਨਾਲ ਹੀ ਮਰ ਜਾਂਦਾ ਹੈ। ਇਸ ਤਰ੍ਹਾਂ ਖ਼ਿਆਲ ਆਉਂਦਾ ਹੈ, ਜਿਵੇਂ ਭੂਚਾਲ ਆਉਣ ਨਾਲ ਧਰਤੀ ਹਿੱਲ ਜਾਂਦੀ ਹੈ। (ਤੋਪ ਦਾ ਗੋਲਾ) ਉਸ ਜਗ੍ਹਾ ਬਿਜਲੀ ਵਾਂਗੂੰ ਚਮਕਦਾ ਹੈ ਡਿੱਗਦਾ ਹੈ, ਤੇ ਜਿਸ ਵੇਲ਼ੇ ਉਹ (ਨਿਸ਼ਾਨੇ ਉੱਤੇ) ਜਾ ਲੱਗਦਾ ਹੈ, (ਵੈਰੀ ਨੂੰ) ਪਕੜ ਲੈਂਦਾ ਹੈ। ਤੋਪ ਦਾ ਗੋਲਾ ਇਸ ਤਰ੍ਹਾਂ ਚਲਦਾ ਹੈ, ਜਿਵੇਂ ਬੱਦਲਾਂ ਵਿੱਚੋਂ ਚਿੱਟੇ ਗੜ੍ਹੇ ਵਰ੍ਹ ਰਹੇ ਹੋਣ ॥੨੩॥੩੫੯॥

**ਦੋਹਰਾ**

ਜਿਹ ਜਨ ਕੇ ਗੋਲਾ ਲਗੈ, ਰਹਿਤ ਜੀਵ ਸੋਈ ਠਉਰ ।
ਮਨ ਕੀ ਮਨ ਹੀ ਮੈ ਰਹਿਤ, ਕਹਿਤ ਬਚਨ ਨਹੀਂ ਅਉਰ ॥੨੪॥੩੬੦॥

ਜਿਸ ਮਨੁੱਖ ਦੇ ਗੋਲਾ ਲੱਗ ਜਾਂਦਾ ਹੈ, ਉਸਦੇ ਪ੍ਰਾਣ ਉਸੇ ਥਾਂ 'ਤੇ ਨਿਕਲ ਜਾਂਦੇ ਹਨ। ਉਸਦੇ ਮਨ ਦੀਆਂ ਗੱਲਾਂ ਮਨ ਵਿੱਚ ਹੀ ਰਹਿ ਜਾਂਦੀਆਂ ਹਨ ਅਤੇ ਉਹ ਕੋਈ ਹੋਰ ਬਚਨ ਨਹੀਂ ਬੋਲ ਸਕਦਾ ॥੨੪॥੩੬੦॥

**ਦੋਹਰਾ**

ਘਨ ਉਮਡਯੋ ਚਹੂੰ ਓਰ ਤੇ, ਮਹਾਂ ਪ੍ਰਬਲ ਬਿਸਥਾਰ ।
ਤਿਉ ਦਲ ਸਤ੍ਰੁਨ ਕੋ ਅਯੋ, ਨਾਹ ਨ ਪਰਤ ਸੁਮਾਰ ॥੨੫॥੩੬੧॥

(ਜਿਵੇਂ) ਚਾਰੇ ਪਾਸਿਓਂ ਬਹੁਤ ਸ਼ਕਤੀਸ਼ਾਲੀ ਅਤੇ ਵਿਸ਼ਾਲ ਬੱਦਲ ਘਿਰ ਆਉਂਦਾ ਹੈ, ਉਸੇ ਤਰ੍ਹਾਂ ਦੁਸ਼ਮਣਾਂ ਦੀ ਫੌਜ ਆ ਗਈ, ਜਿਸਦੀ ਗਿਣਤੀ ਨਹੀਂ ਪਤਾ ਲੱਗਦੀ ਸੀ ॥੨੫॥੩੬੧॥

**ਸਵੈਯਾ**

ਸਜਾਮ ਘਟਾ ਉਮੰਡੈ ਚਹੂੰ ਓਰ ਤੇ, ਯੌ ਉਮੰਡੇ ਦਲ ਦੂਤ ਕੇ ਆਹੀ।
ਦਾਮਨਿ ਜੋ ਦਮਕੈ ਤਰਵਾਰ, ਲਿਯੇ ਕਰਵਾਰ ਫਿਰਾਵਤ ਤਾਹੀ ।
ਸੂਰ ਕੀ ਸੁਆਬੀ ਤੇ ਧਾਰਿ ਪਰੈ, ਘਨ ਮੈ ਮਨੋ ਤਾਸ ਕਮਾਨ ਕੀ ਨਜਾਹੀ।
ਛੂਟਤ ਤੀਰ ਮਨੋ ਰਨ ਮਧਿ ਜੁ ਸਾਵਨ ਕੀ ਬਰਖਾ ਬਰਖਾਹੀ ॥੨੬॥੩੬੨॥

ਜਿਵੇਂ ਚਾਰੇ ਪਾਸਿਓਂ ਕਾਲੀ ਘਟਾ ਉਮਡਦੀ ਹੈ, ਉਸ ਤਰ੍ਹਾਂ ਦੁਸ਼ਮਣਾਂ ਦੀਆਂ ਫੌਜਾਂ ਉਮਡ ਆਈਆਂ। (ਯੋਧਿਆਂ ਦੇ ਹੱਥਾਂ ਵਿੱਚ ਫੜੀਆਂ) ਤਲਵਾਰਾਂ ਬਿਜਲੀ ਵਾਂਗ ਲਿਸ਼ਕ ਰਹੀਆਂ ਸਨ। ਤਲਵਾਰਾਂ ਨੂੰ ਉਹ ਘੁੰਮਾ ਰਹੇ ਸਨ। ਉਨ੍ਹਾਂ ਦੀਆਂ ਕਮਾਨਾਂ ਮਾਨੋ ਇੰਝ ਹਨ, ਜਿਵੇਂ ਬੱਦਲਾਂ ਵਿੱਚ ਸੂਰਜ ਦੀ ਰੌਸ਼ਨੀ ਪੈਣ ਨਾਲ (ਸਤਰੰਗੀ ਪੀਂਘ ਬਣ ਜਾਂਦੀ) ਹੈ। ਜੰਗ ਦੇ ਮੈਦਾਨ ਵਿੱਚ ਤੀਰ ਇਸ ਤਰ੍ਹਾਂ ਚੱਲ ਰਹੇ ਸਨ, ਜਿਵੇਂ ਸਾਵਣ ਦੇ ਮਹੀਨੇ ਵਿੱਚ ਮੀਂਹ ਵਰ੍ਹ ਰਿਹਾ ਹੋਵੇ ॥੨੬॥੩੬੨॥

**ਦੋਹਰਾ**

ਚਲਤ ਤੀਰ ਗੰਭੀਰ ਜਹਿ ਅਰਜਨ ਤੀਰ ਸਮਾਨ ।
ਜਿਹ ਉਰ ਲਾਗਤ ਜਾਤ ਬਿਧ, ਛੁਟਕ ਜਾਤ ਤਿਹ ਪ੍ਰਾਨ ॥੨੭॥੩੬੩॥

(ਸਿੰਘਾਂ ਦੇ) ਤੀਰ ਅਰਜੁਨ ਦੇ ਤੀਰਾਂ ਵਾਂਗ ਭਿਆਨਕ ਚੱਲ ਰਹੇ ਸਨ। ਜਿਸਦੀ ਛਾਤੀ ਵਿੱਚ ਇਹ (ਤੀਰ) ਵੱਜ ਕੇ ਲੰਘ ਜਾਂਦਾ, ਉਸਦੇ ਪ੍ਰਾਣ ਤੁਰੰਤ ਨਿਕਲ ਜਾਂਦੇ ॥੨੭॥੩੬੩॥

**ਸਵੈਯਾ**

ਘਾਇਲ ਘੂਮਤ ਹੈ ਰਨ ਮੈ, ਜੁ ਲਰੈ ਕਰਿ ਜੋਰਿ ਕਿਯੋ ਘਨਸਾਰਾ ।
ਝੂਮਤ ਸੂਰ ਗਿਰੇ ਧਰਿ ਪੈ, ਜੁ ਪਰਯੋ ਰਨ ਜੋਰ ਮਹਾ ਬਿਕਰਾਰਾ ।
ਸ੍ਰੋਨ ਚਲਯੋ ਤਿਨ ਕੇ ਤਨ ਤੇ, ਜੁ ਧਰੀ ਛਬਿ ਯੌ ਕਰ ਲੋਥ ਕਿਨਾਰਾ ।

ਜਯੋਂ ਘਨ ਤੇ ਬਰਖਾ ਬਰਖੈ, ਜੁ ਚਲਯੋ ਪ੍ਰਵਾਹ ਰਕਤੁ ਕੋ ਧਾਰਾ ॥੨੮॥੩੬੪॥

ਜ਼ਖਮੀ ਹੋਏ ਯੋਧੇ ਮੈਦਾਨ-ਏ-ਜੰਗ ਵਿੱਚ ਘੁੰਮ-ਘੁੰਮ ਕੇ ਲੜ ਰਹੇ ਸਨ। ਉਹਨਾਂ ਨੇ ਘਮਸਾਨ ਦਾ ਯੁੱਧ ਮਚਾਇਆ ਹੋਇਆ ਸੀ। ਸੂਰਮੇ ਝੂਮਦੇ ਹੋਏ ਧਰਤੀ 'ਤੇ (ਜ਼ਖ਼ਮੀ ਹੋ ਕੇ) ਡਿੱਗ ਰਹੇ ਹਨ। ਰਣ ਦਾ ਬਹੁਤ ਭਿਆਨਕ ਜ਼ੋਰ ਪਿਆ ਹੋਇਆ ਸੀ (ਭਾਵ, ਭਿਆਨਕ ਯੁੱਧ ਹੋ ਰਿਹਾ ਸੀ)। ਉਹਨਾਂ ਦੇ ਸਰੀਰਾਂ ਵਿੱਚੋਂ ਲਹੂ ਵਹਿ ਰਿਹਾ ਸੀ। (ਇਹ ਦ੍ਰਿਸ਼) ਮਾਨੋਂ ਇੰਞ ਹੈ ਇਹ ਲਾਸ਼ਾਂ (ਖ਼ੂਨ ਦੇ ਦਰਿਆ ਦੇ) ਕਿਨਾਰੇ ਹੋਣ ਤੇ (ਯੋਧਿਆਂ ਦਾ) ਵਹਿ ਰਿਹਾ ਖ਼ੂਨ ਬੱਦਲਾਂ ਤੋਂ ਵਰ ਰਿਹਾ ਮੀਂਹ ਹੋਵੇ॥੨੮॥੩੬੪॥

**ਸੋਰਠਾ**

ਸਕਲ ਸਮਾਜ ਬਿਸਾਰ, ਜੂਝ ਸੂਰ ਰਨ ਮੈ ਪਰਤ ।
ਚਲਤ ਰਕਤ ਪਰਵਾਹ, ਇਕ ਘਾਇਲ ਰਨ ਮੈ ਫਿਰਤ ॥੨੯॥੩੬੫॥

ਸਾਰੇ ਦੁਨਿਆਵੀ (ਮੋਹ-ਮਾਇਆ) ਨੂੰ ਭੁਲਾ ਕੇ, ਸੂਰਮੇ ਜੰਗ ਵਿੱਚ ਜੂਝਦੇ ਹੋਏ ਡਿੱਗ ਰਹੇ ਹਨ। ਖ਼ੂਨ ਦੀਆਂ ਨਦੀਆਂ ਵਹਿ ਰਹੀਆਂ ਹਨ ਅਤੇ ਕਈ ਜ਼ਖਮੀ ਯੋਧੇ (ਅਜੇ ਵੀ) ਜੰਗ ਦੇ ਮੈਦਾਨ ਵਿੱਚ (ਲੜਦੇ) ਫਿਰ ਰਹੇ ਹਨ ॥੨੯॥੩੬੫॥

**ਸਵੈਯਾ**

ਖੇਲਤ ਸੂਰ ਮਹਾ ਰਨ ਮੈ, ਬਨ ਮੈ ਮਨੋ ਸਯਾਮ ਜੀ ਫਾਗ ਮਚਾਯੋ ।
ਦਉਰਤ ਸੂਰ ਲਿਯੇ ਕਰ ਮੈ ਪਿਚਕਾਰਨ ਸੋ ਜੁ ਬੰਦੂਕ ਚਲਾਯੋ ।
ਸ੍ਰੋਨਤ ਧਾਰਿ ਚਲੀ ਤਿਨ ਕੇ, ਤਨ ਤੇ ਮਨਹੁ ਲਾਲ ਗੁਲਾਲ ਲਗਾਯੋ ।
ਬਾਗੇ ਬਨੇ ਤਿਨ ਕੇ ਤਨ ਲਾਲ, ਮਨੋ ਰੰਗਰੇਜ ਰੰਗੈ ਰੰਗ ਲਜਾਯੋ ॥੩੦॥੩੬੬॥

ਸੂਰਮੇ ਜੰਗ ਦੇ ਮੈਦਾਨ ਵਿੱਚ ਇਸ ਤਰ੍ਹਾਂ ਖੇਡ ਰਹੇ ਹਨ, ਜਿਵੇਂ (ਬ੍ਰਿਜ ਦੇ) ਜੰਗਲ ਵਿੱਚ ਸ੍ਰੀ ਕ੍ਰਿਸ਼ਨ ਜੀ ਨੇ ਹੋਲੀ (ਦੇ ਤਿਉਹਾਰ ਤੇ ਰੰਗਾਂ ਨਾਲ਼) ਧੂਮ) ਮਚਾਈ ਹੋਵੇ। ਯੋਧੇ ਹੱਥਾਂ ਵਿੱਚ ਬੰਦੂਕਾਂ ਲੈ ਕੇ ਇਸ ਤਰ੍ਹਾਂ ਦੌੜ ਰਹੇ ਹਨ, ਜਿਵੇਂ ਪਿਚਕਾਰੀਆਂ ਨਾਲ (ਹੋਲੀ ਖੇਡ ਰਹੇ ਹੋਣ)। ਉਹਨਾਂ ਦੇ ਸਰੀਰਾਂ ਤੋਂ ਵਗ ਰਹੀਆਂ ਖ਼ੂਨ ਦੀਆਂ ਧਾਰਾਵਾਂ ਇੰਞ ਲੱਗ ਰਹੀਆਂ ਹਨ

ਜਿਵੇਂ ਲਾਲ ਗੁਲਾਲ ਲਗਾਇਆ ਹੋਵੇ। ਉਹਨਾਂ ਦੇ ਸਰੀਰਾਂ 'ਤੇ ਪਹਿਨੇ ਹੋਏ ਬਸਤਰ ਇਸ ਤਰ੍ਹਾਂ ਲਾਲ ਹੋ ਗਏ ਹਨ, ਜਿਵੇਂ ਕੋਈ ਲਲਾਰੀ (ਰੰਗਰੇਜ਼) ਰੰਗ ਲੈ ਕੇ (ਉਨ੍ਹਾਂ ਨੂੰ) ਰੰਗ ਗਿਆ ਹੋਵੇ ॥੩੦॥੩੬੬॥

**ਦੋਹਰਾ**

ਤਨ ਝਾਰੀ ਕਰਿ ਸੂਰਮਾ, ਸੌਨ ਰੰਗ ਭਰ ਲੀਨ ।
ਛਿਰਕ ਛਿਰਕ ਫਿਰ ਫਿਰ ਲਰਤ, ਫਾਗਨ ਕੀ ਰੁਤ ਕੀਨ ॥੩੧॥੩੬੭॥

ਸੂਰਮਿਆਂ ਨੇ ਆਪਣੇ ਸਰੀਰ ਨੂੰ (ਰੰਗ ਵਾਲੀ) ਸੁਰਾਹੀ ਬਣਾ ਕੇ, ਉਸਨੂੰ ਲਹੂ ਦੇ ਰੰਗ ਨਾਲ ਭਰ ਲਿਆ ਹੈ। ਉਹ ਇਸ (ਲਹੂ) ਨੂੰ ਇੱਕ-ਦੂਜੇ 'ਤੇ ਛਿੜਕਦੇ ਹੋਏ ਵਾਰ-ਵਾਰ ਲੜ ਰਹੇ ਹਨ, ਜਿਵੇਂ ਫੱਗਣ ਦੀ ਰੁੱਤ (ਹੋਲੀ ਦਾ ਤਿਉਹਾਰ) ਆ ਗਈ ਹੋਵੇ ॥੩੧॥੩੬੭॥

**ਸਵੈਯਾ**

ਜੋਧਨ ਜੁੱਧ ਰਚ੍ਯੋ ਰਨ ਮੈ, ਬਨ ਮੈ ਮਨੋ ਸ੍ਯਾਮ ਜੀ ਰਾਸ ਮਚਾਏ ।
ਬਾਜੇ ਬਜੇ ਰਨ ਮੈ ਜੁ ਵੇਈ, ਅਰੁ ਨਾਚਤ ਗਿੱਧ ਸਰੋਜ ਸੁਨਾਏ ।
ਝੂਮਤ ਸੂਰ ਮਹਾ ਰਨ ਮੈ, ਮਾਨੋ ਦੇਖਤ ਰਾਸ ਉਨੀਦੇ ਸੇ ਆਏ ।
ਲਾਲ ਨਿਹਾਲੀ ਕੀ ਸੇਜ ਕਿਯੇ, ਧਰ ਸੋਵਤ ਸੂਰ ਪਲੰਗ ਬਿਛਾਏ ॥੩੨॥੩੬੮॥

ਯੋਧਿਆਂ ਨੇ ਜੰਗ ਦੇ ਮੈਦਾਨ ਵਿੱਚ ਇਸ ਤਰ੍ਹਾਂ ਯੁੱਧ ਰਚਿਆ ਹੈ, ਜਿਵੇਂ ਜੰਗਲ ਵਿੱਚ ਸ੍ਰੀ ਕ੍ਰਿਸ਼ਨ ਜੀ ਨੇ ਰਾਸ ਲੀਲ੍ਹਾ ਮਚਾਈ ਹੋਵੇ। ਜੰਗ ਦੇ ਵਾਜੇ ਹੀ (ਰਾਸ ਲੀਲ੍ਹਾ ਦੇ) ਸੰਗੀਤ ਹਨ ਅਤੇ (ਇਸ ਸੰਗੀਤ ਨੂੰ) ਸੁਣ ਕੇ ਗਿਰਝਾਂ ਨੱਚ ਰਹੀਆਂ ਹਨ। ਸੂਰਮੇ ਜੰਗ ਦੇ ਮੈਦਾਨ ਵਿੱਚ ਇਸ ਤਰ੍ਹਾਂ ਝੂਮ ਰਹੇ ਹਨ, ਜਿਵੇਂ ਉਹ ਰਾਸ ਲੀਲ੍ਹਾ ਵੇਖਣ ਲਈ ਨੀਂਦ ਵਿੱਚੋਂ ਉੱਠ ਕੇ ਆਏ ਹੋਣ। (ਸ਼ਹੀਦ ਹੋਏ) ਸੂਰਮੇ ਧਰਤੀ ਰੂਪੀ ਪਲੰਘ 'ਤੇ ਲਹੂ ਦੀ ਲਾਲ ਤੁਲਾਈ ਵਿਛਾ ਕੇ (ਅੰਤਿਮ) ਨੀਂਦ ਸੌਂ ਰਹੇ ਹਨ ॥੩੨॥੩੬੮॥

**ਦੋਹਰਾ**

ਬਸੁਧਾ ਸਮ ਕੀਨੋ ਪਲੰਗ, ਰਕਤ ਨਿਹਾਲੀ ਡਾਰ ।
ਮਹਾ ਉਨੀਦੇ ਰੈਨ ਕੇ, ਸੋਵਤ ਪਾਇ ਪਸਾਰ ॥੩੩॥੩੬੯॥

ਉਹਨਾਂ ਨੇ ਪੱਧਰੀ ਧਰਤੀ ਨੂੰ ਆਪਣਾ ਪਲੰਘ ਬਣਾਇਆ ਅਤੇ ਉਸ ਉੱਤੇ ਲਹੂ ਦੀ ਤੁਲਾਈ ਵਿਛਾ ਲਈ ਹੈ। (ਉਹ ਇਸ ਤਰ੍ਹਾ) ਪੈਰ ਪਸਾਰ ਕੇ ਸੌਂ ਰਹੇ ਹਨ, ਜਿਵੇਂ ਰਾਤ ਭਰ ਜਾਗਣ ਕਾਰਨ ਬਹੁਤ ਨੀਂਦ ਵਿੱਚ ਹੋਣ ॥੩੩॥੩੬੯॥

**ਸਵੈਯਾ**

ਖੇਲਤ ਸੂਰ ਮਹਾਂ ਮਹਮੱਤ, ਮਹਾਂ ਬਲਵੰਤ ਮਹਾਂ ਰਨ ਪਾਯੋ ।
ਸ੍ਰੋਨ ਸਮੂਹ ਪ੍ਰਵਾਹ ਚਲਯੋ, ਤਹ ਜੋਗਨਿ ਪਤ੍ਰ ਸੁ ਪੂਰ ਭਰਾਯੋ ।
ਏਕ ਸੋ ਏਕ ਮਹਾਂਬਲੀ ਸੂਰ, ਗਿਰੇ ਧਰ ਪੈ ਸੁ ਯਹੈ ਛਬਿ ਛਾਯੋ ।
ਪੌਨ ਪ੍ਰਵਾਹ ਚਲੈ ਜੁ ਤਹਾਂ, ਧਰ ਤੇ ਜੁ ਉਖਾਰ ਕੈ ਰੂਖ ਗਿਰਾਯੋ ॥੩੪॥੩੭੦॥

ਮਹਾਨ ਬਲਵਾਨ ਸੂਰਮੇ (ਆਪਣੀ ਤਾਕਤ ਦੇ ਨਸ਼ੇ ਵਿੱਚ) ਮੱਤੇ ਹੋਏ (ਇਸ ਜੰਗ ਵਿੱਚ) ਖੇਡ ਰਹੇ ਹਨ ਅਤੇ ਇੱਕ ਵੱਡਾ ਯੁੱਧ ਛਿੜਿਆ ਹੋਇਆ ਹੈ। ਖ਼ੂਨ ਦਾ ਵੱਡਾ ਪ੍ਰਵਾਹ ਚੱਲ ਪਿਆ, ਜਿਸ ਨਾਲ ਯੋਗਣੀਆਂ ਨੇ ਆਪਣੇ ਕਾਸੇ ਪੂਰੀ ਤਰ੍ਹਾਂ ਭਰ ਲਏ। ਇੱਕ ਤੋਂ ਵੱਧ ਕੇ ਇੱਕ ਮਹਾਂਬਲੀ ਸੂਰਮਾ ਧਰਤੀ 'ਤੇ ਡਿੱਗ ਰਿਹਾ ਹੈ ਅਤੇ ਇਹ ਦ੍ਰਿਸ਼ ਇੰਝ ਹੈ, ਜਿਵੇਂ ਤੇਜ਼ ਹਵਾ ਦਾ ਵੇਗ ਚੱਲਿਆ ਹੋਵੇ ਅਤੇ ਉਸਨੇ ਰੁੱਖਾਂ ਨੂੰ ਜੜ੍ਹੋਂ ਪੁੱਟ ਕੇ ਸੁੱਟ ਦਿੱਤਾ ਹੋਵੇ ॥੩੪॥੩੭੦॥

**ਦੋਹਰਾ**

ਮਹਾ ਪ੍ਰਬਲ ਰਨ ਤਹ ਪਰਯੋ ਸਹਿ ਨ ਸਕਤਿ ਭੁਅ ਭਾਰ ॥
ਪਤ੍ਰ ਪੂਰਿ ਜੋਗਨਿ ਚਲਤਿ, ਸ੍ਰੋਨਤ ਕੀ ਤਹਾਂ ਧਾਰਿ ॥੩੫॥੩੭੧॥

ਉੱਥੇ ਅਜਿਹਾ ਭਿਆਨਕ ਯੁੱਧ ਹੋਇਆ ਕਿ ਧਰਤੀ ਵੀ ਉਸਦਾ ਭਾਰ ਸਹਿਣ ਨਹੀਂ ਕਰ ਸਕਦੀ।
ਯੋਗਣੀਆਂ ਖ਼ੂਨ ਦੀਆਂ ਧਾਰਾਵਾਂ ਵਿੱਚੋਂ ਆਪਣੇ ਕਾਸੇ ਭਰ ਕੇ ਚੱਲ ਰਹੀਆਂ ਸਨ ॥੩੫॥੩੭੧॥

**ਦੋਹਰਾ**

ਸਾਤਿ ਪਹਰ ਲੌ ਰਨ ਪਰਯੋ, ਮਹਾਂ ਪ੍ਰਬਲ ਇਕ ਸਾਰ ।
ਹਟੀ ਫੌਜ ਤੁਰਕਾਨ ਕੀ, ਸਤਿਗੁਰੁ ਕਿਯੋ ਬਿਚਾਰ ॥੩੬॥੩੭੨॥

ਸੱਤ ਪਹਿਰ (ਲਗਭਗ ੨੧ ਘੰਟੇ) ਤੱਕ ਲਗਾਤਾਰ ਭਿਆਨਕ ਯੁੱਧ ਹੁੰਦਾ ਰਿਹਾ। (ਅੰਤ ਵਿੱਚ) ਤੁਰਕਾਂ ਦੀ ਫੌਜ ਪਿੱਛੇ ਹਟ ਗਈ, (ਤਦ) ਸਤਿਗੁਰੂ ਜੀ ਨੇ (ਇੱਕ) ਵਿਚਾਰ ਕੀਤਾ ॥੩੬॥੩੭੨॥

**ਸਵੈਯਾ**

ਛੋਡਿ ਦਿਯੋ ਤਬ ਥਾਨ ਨਿਰਮੋਹ ਕੋ, ਪਾਰ ਭਏ ਜਬ ਸਾਇਰ ਤੀਰਾ ।
ਏਕ ਸੋ ਏਕ ਮਹਾਂ ਬਲੀ ਸੂਰ, ਪਰੀ ਚਲ ਚਾਲ ਰਹਯੋ ਨਹੀਂ ਧੀਰਾ ।
ਕੋਪ ਚਲੇ ਜੁ ਪਠਾਨ ਵੇਈ ਫਿਰਿ, ਜੁੱਧ ਮਚਯੋ ਦਰਿਆਉ ਕੇ ਨੀਰਾ ।
ਜੂਝਤ ਸੂਰ ਮਹਾ ਮਹਮੱਤ, ਨ ਚਿੰਤ ਭਏ ਤਜਿ ਦੇਹ ਸਰੀਰਾ ॥੩੭॥੩੭੩॥

ਤਦ (ਗੁਰੂ ਜੀ ਨੇ) ਨਿਰਮੋਹ (ਗੜ੍ਹ) ਦਾ ਅਸਥਾਨ ਛੱਡ ਦਿੱਤਾ ਅਤੇ ਨਦੀ ਦੇ ਕਿਨਾਰੇ ਤੋਂ ਪਾਰ ਹੋ ਗਏ। ਇੱਕ ਤੋਂ ਵੱਧ ਕੇ ਇੱਕ ਮਹਾਂਬਲੀ ਸੂਰਮੇ ਤੇਜ਼ੀ ਨਾਲ ਚੱਲ ਪਏ ਅਤੇ ਕੋਈ ਵੀ ਧੀਰਜ ਨਾ ਰੱਖ ਸਕਿਆ। ਉਹੀ ਪਠਾਣ ਗੁੱਸੇ ਵਿੱਚ ਪਿੱਛਾ ਕਰਦੇ ਹੋਏ ਆ ਗਏ ਅਤੇ ਦਰਿਆ ਦੇ ਪਾਣੀ ਕੋਲ (ਦੁਬਾਰਾ) ਯੁੱਧ ਮੱਚ ਗਿਆ। (ਆਪਣੀ ਤਾਕਤ ਦੇ ਨਸ਼ੇ ਵਿੱਚ) ਮਸਤ ਮਹਾਨ ਸੂਰਮੇ ਬਹਾਦਰੀ ਨਾਲ ਜੂਝੇ ਅਤੇ ਉਹਨਾਂ ਨੂੰ ਆਪਣਾ ਸਰੀਰ ਤਿਆਗਣ ਦੀ ਕੋਈ ਚਿੰਤਾ ਨਹੀਂ ਸੀ ॥੩੭॥੩੭੩॥

**ਦੋਹਰਾ**

ਸਵਾ ਪਹਿਰ ਲੌ ਰਨ ਪਰਯੋ, ਮਹਾ ਪ੍ਰਬਲ ਇਕ ਸਾਰ ।
ਬਹੁਤ ਸੂਰ ਜੂਝੇ ਤਹਾਂ, ਤਬ ਯਹ ਕਿਯੋ ਬਿਚਾਰ ॥੩੮॥੩੭੪॥

(ਇਹ) ਯੁੱਧ ਸਵਾ ਪਹਿਰ (ਲਗਭਗ ਪੌਣੇ ਚਾਰ ਘੰਟੇ) ਤੱਕ ਲਗਾਤਾਰ ਬੜਾ ਭਿਆਨਕ ਹੁੰਦਾ ਰਿਹਾ। ਉੱਥੇ ਬਹੁਤ ਸਾਰੇ ਸੂਰਮੇ ਸ਼ਹੀਦ ਹੋਏ, ਤਦ ਇਹ ਵਿਚਾਰ ਕੀਤਾ ਗਿਆ ॥੩੮॥੩੭੪॥

**ਸਵੈਯਾ**

ਪ੍ਰਭੂ ਸੇ ਪੁਰਖ ਕੀ ਸਰਨ ਗਹੁ ਰੇ ਮਨਾ, ਆਨ ਔਸਰ ਬਨਾ ਦਾਵ ਤੇਰੋ ।
ਖੇਲ ਕੀਨੋ ਧਨੀ, ਭਰਮ ਭੂਲੀ ਘਨੀ, ਨਾਹਿ ਰਾਖਿਓ ਮਾਨ ਕਿਉ ਹੂ ਕੇਰੋ ।

ਜੀਵ ਅਰੁ ਜੰਤ ਭਰਮਾਇ ਦੀਨੇ ਸਕਲ, ਸਬੈ ਸੰਸਾਰ ਨਿੰਦਾ ਸੁ ਹੇਰੋ ॥
ਕਿਯੋ ਸਬ ਜਾਨਿ ਪ੍ਰਮਾਨ ਏਤਾ ਕਹੋ, ਰਾਖਿਯੇ ਸਰਨਿ ਪ੍ਰਭੁ ਜੀਵ ਤੇਰੋ ॥੩੯॥੩੭੫॥

ਹੇ ਮਨ! ਉਸ ਪ੍ਰਭੂ-ਪੁਰਖ ਦੀ ਸ਼ਰਨ ਫੜ ਲੈ, ਤੇਰੇ ਲਈ ਇਹੀ ਮੌਕਾ ਅਤੇ ਦਾਅ ਬਣਿਆ ਹੈ। ਮਾਲਕ (ਪ੍ਰਭੂ) ਨੇ ਇਹ ਖੇਡ ਰਚੀ ਹੈ, (ਜਿਸ ਵਿੱਚ) ਬਹੁਤ ਸਾਰੇ ਭਰਮ ਵਿੱਚ ਭੁੱਲੇ ਹੋਏ ਹਨ, (ਪ੍ਰਭੂ ਨੇ) ਕਿਸੇ ਦਾ ਵੀ ਹੰਕਾਰ ਨਹੀਂ ਰਹਿਣ ਦਿੱਤਾ। ਉਸਨੇ ਸਾਰੇ ਜੀਵ-ਜੰਤੂਆਂ ਨੂੰ ਭਰਮ ਵਿੱਚ ਪਾ ਦਿੱਤਾ ਹੈ, (ਜਿਸ ਕਰਕੇ) ਸਾਰਾ ਸੰਸਾਰ ਨਿੰਦਿਆ ਵਿੱਚ ਲੱਗਾ ਦਿਸਦਾ ਹੈ। ਇਹ ਸਭ ਉਸੇ ਦਾ ਕੀਤਾ ਜਾਣ ਕੇ, (ਹੇ ਮਨ! ਤੂੰ ਇਸ ਨੂੰ) ਪ੍ਰਮਾਣਿਕ ਜਾਣ ਕੇ ਇੰਨਾ ਹੀ ਕਹੁ, "ਹੇ ਪ੍ਰਭੂ! ਇਹ ਜੀਵ ਤੇਰਾ ਹੈ, ਇਸਨੂੰ ਆਪਣੀ ਸ਼ਰਨ ਵਿੱਚ ਰੱਖੋ" ॥੩੯॥੩੭੫॥

**ਦੋਹਰਾ**

ਰਾਖ ਲਿਯੇ ਪ੍ਰਭੁ ਜੀ ਤਬੈ, ਐਸੋ ਕਿਯੋ ਬਿਚਾਰ ।
ਦਿਯੇ ਫੇਰ ਦਲ ਤੁਰਕ ਕੇ, ਮਹਾ ਪ੍ਰਬਲ ਬਲ ਧਾਰ ॥੪੦॥੩੭੬॥

ਤਦ ਪ੍ਰਭੂ ਜੀ (ਗੁਰੂ ਸਾਹਿਬ) ਨੇ ਅਜਿਹਾ ਵਿਚਾਰ ਕਰਕੇ (ਸਭ ਨੂੰ) ਬਚਾ ਲਿਆ। ਉਹਨਾਂ ਨੇ ਮਹਾਨ ਸ਼ਕਤੀ ਅਤੇ ਬਲ ਧਾਰਨ ਕਰਕੇ ਤੁਰਕਾਂ ਦੀਆਂ ਫੌਜਾਂ ਨੂੰ ਪਿੱਛੇ ਮੋੜ ਦਿੱਤਾ ॥੪੦॥੩੭੬॥

**ਸਵੈਯਾ**

ਗੋਬਿੰਦ ਸਿੰਘ ਮਹਾ ਬਲ ਧਾਰ, ਬਿਦਾਰ ਦਏ ਦਲ ਤੁਰਕਨ ਕੇਰੇ ।
ਐਸੀ ਭਈ ਪ੍ਰਭੁ ਕੀ ਰਚਨਾ, ਸਭਿ ਭਾਜਿ ਗਏ ਫਿਰਿ ਆਏ ਨ ਨੇਰੇ ।
ਰਾਵ ਬਿਸਾਲੀ ਕੋ ਆਨਿ ਮਿਲਯੋ, ਕਰ ਜੋਰਿ ਕਹਯੋ, "ਹਮ ਸੇਵਕ ਤੇਰੇ ।"
ਕੀਨੀ ਮਯਾ ਤਿਹ ਠਉਰ ਪ੍ਰਭੁ, ਸੁ ਕਿਯੇ ਤਿਹ ਠਾਂਵ ਤਿਹੀ ਪੁਰ ਡੇਰੇ॥੪੧॥੩੭੭॥

(ਗੁਰੂ) ਗੋਬਿੰਦ ਸਿੰਘ ਜੀ ਨੇ ਮਹਾਨ ਬਲ ਧਾਰਨ ਕਰਕੇ ਤੁਰਕਾਂ ਦੀਆਂ ਫੌਜਾਂ ਦੇ ਦਲਾਂ ਨੂੰ ਖਿੰਡਾ ਦਿੱਤਾ। ਪ੍ਰਭੂ ਦੀ ਐਸੀ ਲੀਲ੍ਹਾ ਹੋਈ ਕਿ ਸਾਰੇ (ਦੁਸ਼ਮਣ) ਭੱਜ ਗਏ ਅਤੇ ਮੁੜ ਨੇੜੇ ਨਹੀਂ ਆਏ। (ਇਸ ਤੋਂ ਬਾਅਦ)

ਬਸਾਲੀ ਦਾ ਰਾਜਾ ਆ ਕੇ (ਗੁਰੂ ਜੀ ਨੂੰ) ਮਿਲਿਆ ਅਤੇ ਹੱਥ ਜੋੜ ਕੇ ਕਿਹਾ, "ਅਸੀਂ ਤੁਹਾਡੇ ਸੇਵਕ ਹਾਂ।" ਪ੍ਰਭੂ (ਗੁਰੂ ਜੀ) ਨੇ ਉਸ ਥਾਂ 'ਤੇ ਮਿਹਰ ਕੀਤੀ ਅਤੇ ਉਸੇ ਨਗਰ (ਬਸਾਲੀ) ਵਿੱਚ ਆਪਣੇ ਡੇਰੇ ਲਾ ਲਏ ॥੪੧॥੩੭੭॥

**ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਜੁੱਧ ਨਿਰਮੋਹ (ਗੜ੍ਹ) ਕਾ ਬਰਨਨੰ ਨਾਮ**
ਨੋਵੇਂ ਅਧਿਆਇ ਸੰਪੂਰਨਮਸਤੁ ਸੁਭਮਸਤੁ ॥੯॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਦਾ 'ਨਿਰਮੋਹਗੜ੍ਹ ਦੇ ਯੁੱਧ ਦਾ ਵਰਣਨ' ਨਾਮਕ ਨੌਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ ॥੯॥

*****

ਅਧਿਆਇ ੧੦

ਬਸਾਲੀ ਤੇ ਕਲਮੋਟ ਦੀ ਜੰਗ

**ਦੋਹਰਾ**
ਸਰਬ ਖਾਲਸੇ ਠਉਰ ਤਿਹ ਉਤਰ ਕਿਯੋ ਬਿਸ੍ਰਾਮ ।
ਬਹੁਤ ਫੌਜ ਕਹਿਲੂਰ ਕੀ ਭਈ ਮੁਹਬਲ ਆਨ ॥੧॥੩੭੮॥

ਸਾਰੇ ਖਾਲਸੇ ਨੇ ਉਸ ਥਾਂ (ਬਸਾਲੀ) ਉੱਤੇ ਉਤਰ ਕੇ ਵਿਸ਼ਰਾਮ ਕੀਤਾ। (ਏਨੇ ਨੂੰ) ਕਹਿਲੂਰ ਦੀ ਬਹੁਤ ਸਾਰੀ ਫੌਜ ਤੱਤਪਰ ਹੋ ਕੇ ਆ ਪਹੁੰਚੀ ॥੧॥੩੭੮॥

**ਸਵੈਯਾ**
ਫੇਰਿ ਮਚਯੋ ਅਤਿ ਜੁੱਧ ਤਹਾਂ ਸੁ ਜਹਾਂ ਕਰ ਮੈ ਗਹਿ ਵਾਰਿ ਫਿਰਾਏ ।
ਏਕ ਸੋ ਏਕ ਮਹਾਂ ਮਹਿਮਤ ਭਿਰੇ ਬਲਵੰਤ ਸੁ ਯੌ ਰਾਜ ਗਾਏ ।
ਛੂਟਤ ਹੈ ਚਰਖੀ ਜੁ ਤਹਾਂ ਸੁ ਤੁਫੰਗ ਚਲੈਂ ਗਢ ਨੇਜਾ ਬਨਾਏ ।
ਸਾਹ ਸੋਈ ਗੁਰੁ ਗੋਬਿੰਦ ਸਿੰਘ ਹੈ ਬੈਠਿ ਝਰੋਖੇ ਗਇੰਦ ਲੜਾਏ ॥੨॥੩੭੯॥

ਉੱਥੇ ਫਿਰ ਤੋਂ ਭਾਰੀ ਯੁੱਧ ਮੱਚ ਗਿਆ, ਜਿੱਥੇ (ਯੋਧੇ) ਹੱਥਾਂ ਵਿੱਚ ਹਥਿਆਰ ਫੜ ਕੇ ਘੁੰਮਾ ਰਹੇ ਸਨ। ਇੱਕ ਤੋਂ ਵੱਧ ਕੇ ਇੱਕ ਮਹਾਨ ਅਤੇ ਬਲਵਾਨ ਯੋਧੇ, (ਜਿਨ੍ਹਾਂ ਦੀ ਬਹਾਦੁਰੀ) ਰਾਜੇ ਵੀ ਸਲਾਹੁੰਦੇ ਸਨ, ਇਸ ਤਰ੍ਹਾਂ ਆਪਸ ਵਿੱਚ ਭਿੜ ਪਏ। ਉੱਥੇ ਚੱਕਰ ਛੱਡੇ ਜਾ ਰਹੇ ਸਨ। ਬੰਦੂਕਾਂ ਚੱਲ ਰਹੀਆਂ ਸਨ। ਨੇਜ਼ਿਆਂ ਨਾਲ (ਮਾਨੋ) ਕਿਲ੍ਹਾ (ਹੀ) ਬਣਾਇਆ ਜਾ ਰਿਹਾ ਸੀ। (ਉੱਥੇ ਤਾਂ) ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਝਰੋਖੇ ਵਿੱਚ ਬੈਠ ਕੇ ਹਾਥੀਆਂ ਨੂੰ ਲੜ੍ਹਾ ਰਹੇ ਸਨ। ॥੨॥੩੭੯॥

**ਦੋਹਰਾ**
ਦਉਰ ਦਉਰ ਜੋਧਾ ਅਰਤ ਮਾਨਹੁ ਲਰਤ ਗਇੰਦ ।

ਚਲਤ ਚਾਲ ਧਰਨੀ ਹਲਤ ਬਜਤ ਸਾਰ ਕਿਲਕੰਤ ॥੩॥੩੮੦॥

ਯੋਧੇ ਦੌੜ-ਦੌੜ ਕੇ ਇਸ ਤਰ੍ਹਾਂ ਟਕਰਾ ਰਹੇ ਸਨ, ਜਿਵੇਂ ਹਾਥੀ ਲੜ੍ਹ ਰਹੇ ਹੋਣ। ਉਹਨਾਂ ਦੀ ਚਾਲ ਨਾਲ ਧਰਤੀ ਹਿੱਲ ਰਹੀ ਸੀ ਅਤੇ ਲੋਹੇ (ਦੇ ਹੱਥਿਆਰਾਂ ਦੇ ਖੜਕਣ) ਦੀਆਂ ਅਵਾਜ਼ਾਂ ਆ ਰਹੀਆਂ ਸਨ ॥੩॥੩੮੦॥

**ਸਵੈਯਾ**

ਬਾਜਤ ਸਾਰ ਸੋ ਸਾਰ ਤਹਾਂ ਚਮਕੈ ਚਿਨਗੀ ਸਮ ਤਾਰਨ ਜੈਸੀ ।
ਐਸੀ ਬਨੀ ਰੁਤਿ ਸਾਵਨ ਕੀ ਪਟਬੀਜਨ ਜੋਤਿ ਅਨੂਪ ਰਤੈਸੀ ।
ਇਉ ਉਪਜੈ ਝਨਕਾਰ ਤਹਾ ਮਾਨੋ ਸੈਲ ਪੈ ਬਾਜਤ ਹੈ ਚਮਕੈਸੀ ।
ਮਾਨੋ ਮਹਾ ਘਨ ਮੈ ਚਮਕੈ ਦਮਕੈ ਤਰਵਾਰ ਮਹਾਂ ਬਿਜਲੈਸੀ ॥੪॥੩੮੧॥

ਜਦੋਂ ਉੱਥੇ ਲੋਹੇ ਨਾਲ ਲੋਹਾ ਟਕਰਾਉਂਦਾ, ਤਾਂ ਚੰਗਿਆੜੀਆਂ ਤਾਰਿਆਂ ਵਾਂਗ ਚਮਕਦੀਆਂ ਸਨ। ਇਹ ਦ੍ਰਿਸ਼ ਸਾਵਣ ਦੀ ਰੁੱਤ ਵਰਗਾ ਬਣਿਆ ਹੋਇਆ ਸੀ, ਜਿਸ ਵਿੱਚ ਜੁਗਨੂੰਆਂ ਦੀ ਜੋਤੀ ਬਹੁਤ ਸੁੰਦਰ ਲੱਗਦੀ ਹੈ। ਉੱਥੇ (ਸ਼ਸਤਰਾਂ ਦੀ) ਝਣਕਾਰ ਇਸ ਤਰ੍ਹਾਂ ਪੈਦਾ ਹੋ ਰਹੀ ਸੀ, ਜਿਵੇਂ ਪਹਾੜ ਉੱਤੇ (ਬਿਜਲੀ) ਡਿੱਗਣ ਦੀ ਚਮਕ ਹੋਵੇ। ਤਲਵਾਰ (ਜੰਗ ਰੂਪੀ) ਵੱਡੇ ਬੱਦਲ ਵਿੱਚ ਇਸ ਤਰ੍ਹਾਂ ਦਮਕ ਰਹੀ ਸੀ, ਜਿਵੇਂ ਕੋਈ ਮਹਾਨ ਬਿਜਲੀ ਚਮਕ ਰਹੀ ਹੋਵੇ ॥੪॥੩੮੧॥

**ਦੋਹਰਾ**

ਛੁਟਤ ਮਹਾ ਬੰਦੂਕ ਤਹ ਚਲਤ ਤੀਰ ਕਿਲਕੰਤ ।
ਮਾਨੋ ਰਵਿ ਕੀ ਜੋਤਿ ਮੈ ਪ੍ਰਬਲ ਮੇਹ ਬਰਖੰਤ ॥੫॥੩੮੨॥

ਉੱਥੇ ਵੱਡੀਆਂ ਬੰਦੂਕਾਂ ਚੱਲ ਰਹੀਆਂ ਸਨ ਅਤੇ ਤੀਰ ਸੂਕਦੇ ਹੋਏ ਜਾ ਰਹੇ ਸਨ। (ਇਹ ਦ੍ਰਿਸ਼ ਇੰਝ ਸੀ), ਜਿਵੇਂ ਸੂਰਜ ਦੀ ਰੋਸ਼ਨੀ ਵਿੱਚ ਬਹੁਤ ਤੇਜ਼ ਮੀਂਹ ਪੈ ਰਿਹਾ ਹੋਵੇ ॥੫॥੩੮੨॥

**ਸਵੈਯਾ**

ਚਾਰਿ ਹੀ ਓਰਨ ਤੇ ਉਮਡਯੋ ਜੁ ਲਰੈ ਤਹ ਖਾਲਸੇ ਐਸੋ ਕਿਯੋ ਹੈ ।
ਦਾਸਨ ਜੋ ਕਰ ਮੈ ਗਹਿ ਵਾਰ ਸਬੈ ਦਲ ਮਾਰਿ ਬਿਦਾਰਿ ਦਿਯੋ ਹੈ ।

ਮਾਰਿ ਧਰੀ ਅਰਿ ਤੀਰਨ ਕੀ ਜੁ ਕਿਯੇ ਚਲਿਨੀ ਜਿਮ ਧੀਰ ਟਰਯੋ ਹੈ ।
ਭਾਜ ਗਏ ਕਹਿਲੂਰ ਕੇ ਪੂਰ ਕਰੂਰ ਭਏ ਜੁ ਗਰੂਰ ਕਿਯੋ ਹੈ ॥੬॥੩੮੩॥

(ਭਾਵੇਂ ਦੁਸ਼ਮਣ) ਚਾਰੇ ਪਾਸਿਓਂ ਉਮਡ ਕੇ ਲੜਨ ਆਇਆ, ਪਰ ਉੱਥੇ ਖਾਲਸੇ ਨੇ ਅਜਿਹਾ ਕਾਰਨਾਮਾ ਕੀਤਾ ਕਿ (ਗੁਰੂ ਦੇ) ਦਾਸਾਂ ਨੇ ਹੱਥਾਂ ਵਿੱਚ ਸ਼ਸਤਰ ਫੜ ਕੇ ਸਾਰੇ (ਦੁਸ਼ਮਣ) ਦਲ ਨੂੰ ਮਾਰ ਕੇ ਨਸ਼ਟ ਕਰ ਦਿੱਤਾ। ਉਹਨਾਂ ਨੇ ਦੁਸ਼ਮਣਾਂ 'ਤੇ ਤੀਰਾਂ ਦਾ ਅਜਿਹਾ ਮੀਂਹ ਵਰਸਾਇਆ ਕਿ ਉਹਨਾਂ (ਦੇ ਸਰੀਰਾਂ) ਨੂੰ ਛਾਣਨੀ ਵਾਂਗ ਕਰ ਦਿੱਤਾ, ਜਿਸ ਨਾਲ ਉਹਨਾਂ ਦਾ ਧੀਰਜ ਟੁੱਟ ਗਿਆ। ਕਹਿਲੂਰ ਦੇ ਫ਼ੌਜੀ, ਜੋ ਬੜੇ ਜ਼ਾਲਮ ਅਤੇ ਹੰਕਾਰੀ ਬਣੇ ਹੋਏ ਸਨ, (ਮੈਦਾਨ ਛੱਡ ਕੇ) ਭੱਜ ਗਏ ॥੬॥੩੮੩॥

**ਦੋਹਰਾ**
ਭਾਜੀ ਫੌਜ ਕਹਿਲੂਰ ਕੀ ਹੁਇ ਕਰਿ ਸਕਲ ਅਧੀਰ ।
ਮਾਨੋ ਗੁਨ ਤੇ ਛੁਟਕ ਕੈ ਭਜਯੋ ਜਾਤ ਹੈ ਤੀਰ ॥੭॥੩੮੪॥

ਕਹਿਲੂਰ ਦੀ ਸਾਰੀ ਫੌਜ ਬੇਚੈਨ ਹੋ ਕੇ ਇਸ ਤਰ੍ਹਾਂ ਭੱਜ ਗਈ,
ਜਿਵੇਂ ਕਮਾਨ ਦੀ ਡੋਰੀ ਤੋਂ ਛੁੱਟ ਕੇ ਤੀਰ (ਤੇਜ਼ੀ ਨਾਲ) ਭੱਜਿਆ ਜਾਂਦਾ ਹੈ ॥੭॥੩੮੪॥

**ਦੋਹਰਾ**
ਜੋ ਜੋ ਨਰ ਗਰਬਤ ਭਏ ਦੀਨੇ ਭਰਮ ਭੁਲਾਇ ।
ਜੋ ਜਨ ਸਿਮਰਤ ਪ੍ਰੀਤਿ ਕਰਿ ਉਇ ਲੀਨੇ ਲੜਿ ਲਾਇ ॥੮॥੩੮੫॥

ਜੋ-ਜੋ ਮਨੁੱਖ ਹੰਕਾਰ ਕਰਦੇ ਸਨ, (ਪ੍ਰਭੂ ਨੇ) ਉਹਨਾਂ ਨੂੰ ਭਰਮ ਵਿੱਚ ਪਾ ਕੇ ਭੁਲਾ ਦਿੱਤਾ। ਅਤੇ ਜਿਹੜੇ ਮਨੁੱਖ ਪ੍ਰੇਮ ਨਾਲ (ਉਸਨੂੰ) ਸਿਮਰਦੇ ਸਨ, ਉਹਨਾਂ ਨੂੰ (ਪ੍ਰਭੂ ਨੇ) ਆਪਣੇ ਨਾਲ ਲਾਈ ਰੱਖਿਆ (ਆਪਣੀ ਸ਼ਰਨ ਦਿੱਤੀ) ॥੮॥੩੮੫॥

**ਕਬਿਤੁ**
**ਕਿਯੋ ਹੈ ਪ੍ਰਕਾਸ ਜੋਤਿ ਚਮਕਤ ਹੈ ਚਹੂੰ ਓਰ**
ਦੀਸੈ ਰਵਿ ਚੰਦ ਹੂ ਮੈ ਤੇਰੀ ਸਬ ਜੋਤਿ ਹੈ ।
**ਜੇਤੇ ਹੈ ਏ ਜੀਵ ਜੰਤ ਕਰਨਹਾਰ ਤੂਹੀ ਏਕ**

ਪੂਰਿ ਰਹਯੋ ਸਰਬ ਹੀ ਮੈ ਆਪਿ ਓਤਪੋਤ ਹੈ।
**ਸੇਵਾ ਜਾਕੀ ਹੈ ਅਨੂਪ ਸੁੰਦਰ ਸਰੂਪ ਰੂਪ**
ਚਰਨ ਕਵਲ ਨਿਰਖੇ ਤੇ ਜਨ ਕੀ ਗਤਿ ਹੋਤ ਹੈ ।
**ਬਿਨਸੇ ਹੈ ਸਬੈ ਪਾਪ ਨਿਸ ਦਿਨ ਪ੍ਰਭੁ ਏਕ ਜਾਪ**
ਚਹੂੰ ਓਰ ਆਪ ਆਪ ਆਪ ਹੀ ਦਿਸੋਤ ਹੈ ॥੯॥੩੮੬॥

(ਹੇ ਪ੍ਰਭੂ!) ਤੂੰ ਆਪਣੀ ਜੋਤ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਜੋ ਚਾਰੇ ਪਾਸੇ ਚਮਕ ਰਿਹਾ ਹੈ। ਸੂਰਜ ਅਤੇ ਚੰਦਰਮਾ ਵਿੱਚ ਵੀ ਤੇਰੀ ਹੀ ਜੋਤ ਦਿਖਾਈ ਦਿੰਦੀ ਹੈ। ਜਿੰਨੇ ਵੀ ਇਹ ਜੀਵ-ਜੰਤੂ ਹਨ, (ਉਹਨਾਂ ਸਭ ਨੂੰ ਪੈਦਾ) ਕਰਨ ਵਾਲਾ ਤੂੰ ਇੱਕ ਹੀ ਹੈਂ; ਅਤੇ ਤੂੰ ਆਪ ਹੀ ਸਾਰਿਆਂ ਵਿੱਚ ਤਾਣੇ-ਪੇਟੇ ਵਾਂਗ ਸਮਾਇਆ ਹੋਇਆ ਹੈਂ। ਜਿਸ (ਪ੍ਰਭੂ) ਦੀ ਸੇਵਾ ਅਨੋਖੀ ਹੈ ਅਤੇ ਜਿਸਦਾ ਸਰੂਪ ਬਹੁਤ ਸੁੰਦਰ ਹੈ, ਉਸਦੇ ਚਰਨ-ਕਮਲਾਂ ਦੇ ਦਰਸ਼ਨ ਕਰਨ ਨਾਲ ਸੇਵਕ ਦੀ ਮੁਕਤੀ ਹੋ ਜਾਂਦੀ ਹੈ। ਦਿਨ-ਰਾਤ ਇੱਕ ਪ੍ਰਭੂ ਦਾ ਨਾਮ ਜਪਣ ਨਾਲ ਸਾਰੇ ਪਾਪ ਨਾਸ ਹੋ ਜਾਂਦੇ ਹਨ; (ਅਤੇ ਫਿਰ) ਚਾਰੇ ਪਾਸੇ ਉਹ ਆਪ ਹੀ ਆਪ ਨਜ਼ਰ ਆਉਂਦਾ ਹੈ ॥੯॥੩੮੬॥

**ਦੋਹਰਾ**
ਐਸੋ ਸਮਰਥ ਨਾਮੁ ਹੈ ਤਾ ਸਮ ਅਵਰ ਨ ਕੋਇ।
ਜੀਵਨ ਮੈ ਭਰਪੂਰ ਹੈ ਜਿਤ ਦੇਖੌ ਤਿਤ ਸੋਇ ॥੧੦॥੩੮੭॥

(ਪ੍ਰਭੂ ਦਾ) ਨਾਮ ਐਨਾ ਸਮਰੱਥ ਹੈ ਕਿ ਉਸਦੇ ਬਰਾਬਰ ਹੋਰ ਕੋਈ ਨਹੀਂ। ਉਹ ਸਾਰੇ ਜੀਵਾਂ ਵਿੱਚ ਪੂਰੀ ਤਰ੍ਹਾਂ ਸਮਾਇਆ ਹੋਇਆ ਹੈ; ਜਿੱਧਰ ਵੀ ਵੇਖਦਾ ਹਾਂ, ਉੱਧਰ ਉਹੀ ਮੌਜੂਦ ਹੈ ॥੧੦॥੩੮੭॥

**ਦੋਹਰਾ**
ਠਾਂਵ ਬਿਸਾਲੀ ਮੈ ਕਿਯੋ ਕੇਤਕ ਦਿਨ ਬਿਸ੍ਰਾਮ।
ਖੇਲਨ ਚੜ੍ਹੇ ਸਿਕਾਰ ਕੋ ਫੇਰ ਕਿਯੋ ਸੰਗਰਾਮ ॥੧੧॥੩੮੮॥

(ਗੁਰੂ ਸਾਹਿਬ ਨੇ) ਬਸਾਲੀ ਦੇ ਅਸਥਾਨ 'ਤੇ ਕੁਝ ਦਿਨ ਵਿਸ਼ਰਾਮ ਕੀਤਾ।
(ਗੁਰੂ ਜੀ) ਸ਼ਿਕਾਰ ਖੇਡਣ ਲਈ ਨਿਕਲੇ ਤੇ (ਉਨ੍ਹਾਂ ਨੇ) ਫਿਰ (ਇੱਕ ਹੋਰ) ਜੰਗ ਕੀਤੀ ॥੧੧॥੩੮੮॥

**ਕਬਿਤੁ**
**ਨਾਵ ਕੋ ਸਿਕਾਰ ਕਹਾ ਕੁਦਰਤ ਕੇ ਕਰਨਹਾਰ**
ਜੁੱਧ ਕੋ ਭਏ ਸਵਾਰ ਨਉਬਤ ਬਜਾਇ ਕੈ ।
**ਵੇ ਜੋ ਕਲਮੋਟ ਮੋ ਗਰੂਰ ਲੋਗ ਰਹਿਤੇ ਥੇ**
ਘੇਰਾ ਥਾ ਸਿੱਖੋਂ ਕੋ ਤਬ ਮਾਰਗਿ ਮੈ ਆਇ ਕੈ ।
**ਰਹੇ ਥੇ ਪਿਛਾਰੀ ਮੈ ਕੇਤੇ ਹੀ ਸਿਖ ਤਹਾਂ**
ਜੁੱਧ ਭਯੋ ਤਿਨ ਹੀ ਸੋ ਲਿਯੇ ਦੋਇ ਘਾਇ ਕੈ।
**ਕਹਾ ਥਾ ਹਜੂਰ ਜਾਇ ਸਿਖੋਂ ਨੇ ਖਾਵੰਦ ਜੂ ਸੋ**
ਘੇਰੀ ਕਲਮੋਟਿ ਧਾਇ ਸਾਹਿਬ ਨੇ ਜਾਇ ਕੈ ॥੧੨॥੩੮੯॥

ਕੁਦਰਤ ਦੇ ਮਾਲਕ (ਗੁਰੂ ਜੀ) ਲਈ ਇਹ ਨਾਮ ਦਾ ਹੀ ਸ਼ਿਕਾਰ ਸੀ, (ਅਸਲ ਵਿੱਚ ਤਾਂ) ਉਹ ਨੌਬਤ ਵਜਾ ਕੇ ਯੁੱਧ ਕਰਨ ਲਈ ਸਵਾਰ ਹੋਏ ਸਨ। ਉਹ ਜਿਹੜੇ ਕਲਮੋਟ ਵਿੱਚ ਹੰਕਾਰੀ ਲੋਕ ਰਹਿੰਦੇ ਸਨ,
ਤਦ (ਭਾਵ, ਪਿੱਛਲੇ ਕਿਸੇ ਸਮੇਂ ਵਿੱਚ) ਉਹਨਾਂ ਨੇ ਰਾਸਤੇ ਵਿੱਚ ਆ ਕੇ ਕੁਝ ਸਿੱਖਾਂ ਨੂੰ ਘੇਰ ਲਿਆ ਸੀ। ਉੱਥੇ ਕੁਝ ਸਿੱਖ ਪਿੱਛੇ ਰਹਿ ਗਏ ਸਨ, ਉਹਨਾਂ ਨਾਲ (ਕਲਮੋਟੀਆਂ ਦਾ) ਯੁੱਧ ਹੋਇਆ ਅਤੇ ਦੋ ਸਿੱਖ ਜ਼ਖਮੀ ਹੋ ਗਏ। ਸਿੱਖਾਂ ਨੇ ਹਜ਼ੂਰ ਖਾਵੰਦ ਜੀ ਪਾਸ ਜਾ ਕੇ ਇਹ ਗੱਲ ਦੱਸੀ,
(ਇਸ ਲਈ) ਸਾਹਿਬ ਜੀ ਨੇ ਜਾ ਕੇ ਤੇਜ਼ੀ ਨਾਲ ਕਲਮੋਟ ਨੂੰ ਘੇਰਾ ਪਾ ਲਿਆ ॥੧੨॥੩੮੯॥

**ਦੋਹਰਾ**
ਤਬੈ ਖਾਲਸੇ ਆਇ ਕੈ ਘੇਰ ਲਈ ਕਲਮੋਟਿ ।
ਦੁਹੂ ਓਰ ਤੇ ਪ੍ਰਬਲ ਹੀ ਭਈ ਬੰਦੂਕਨ ਚੋਟ ॥੧੩॥੩੯੦॥

ਤਦ ਖਾਲਸੇ ਨੇ ਆ ਕੇ ਕਲਮੋਟ ਨੂੰ ਘੇਰ ਲਿਆ।
ਦੋਹਾਂ ਪਾਸਿਆਂ ਤੋਂ ਬੰਦੂਕਾਂ ਦੀ ਜ਼ੋਰਦਾਰ ਗੋਲੀਬਾਰੀ ਸ਼ੁਰੂ ਹੋ ਗਈ ॥੧੩॥੩੯੦॥

**ਸਵੈਯਾ**
ਯੌ ਉਮਡਯੋ ਦਲ ਗੋਬਿੰਦ ਸਿੰਘ ਕੋ ਵਾਰ ਨ ਪਾਰ ਸੁਮਾਰਿ ਨ ਪਾਯੋ ।

ਘੇਰ ਲਿਯੋ ਕਲਮੋਟ ਕੋ ਕੋਟ ਭਈ ਜਬ ਚੋਟਿ ਤੁਫੰਗ ਚਲਾਯੋ।
ਮਾਰਿ ਕਰੀ ਤਿਨ ਕੋ ਅਤਿ ਹੀ ਜੁ ਕਰੂਰ ਭਜੇ ਪ੍ਰਭ ਕੋ ਬਿਸਰਾਯੋ ।
ਸਾਂਗ ਕਹੀਂ ਸਿਰ ਵਾਰ ਕਹੀਂ ਕਰਵਾਰ ਕਹੀ ਜੁ ਭਏ ਬਿਕਲਾਯੋ ॥੧੪॥੩੯੧॥

(ਗੁਰੂ) ਗੋਬਿੰਦ ਸਿੰਘ ਜੀ ਦਾ ਦਲ ਇਸ ਤਰ੍ਹਾਂ ਉਮਡਿਆ ਕਿ ਉਸਦਾ ਕੋਈ ਅੰਤ ਨਹੀਂ ਸੀ ਅਤੇ ਨਾ ਹੀ ਉਸਦੀ ਗਿਣਤੀ ਹੋ ਸਕਦੀ ਸੀ। ਉਹਨਾਂ ਨੇ ਕਲਮੋਟ ਦੇ ਕਿਲ੍ਹੇ ਨੂੰ ਘੇਰ ਲਿਆ ਅਤੇ ਬੰਦੂਕਾਂ ਨਾਲ ਹਮਲਾ ਕਰ ਦਿੱਤਾ। ਉਹਨਾਂ ਨੇ (ਕਲਮੋਟੀਆਂ ਦੀ) ਐਸੀ ਮਾਰ-ਕੁਟਾਈ ਕੀਤੀ ਕਿ ਉਹ ਜ਼ਾਲਮ, ਜੋ ਪ੍ਰਭੂ ਨੂੰ ਭੁਲਾਈ ਬੈਠੇ ਸਨ, ਭੱਜ ਉੱਠੇ। (ਉਹਨਾਂ 'ਤੇ) ਕਿਤੇ (ਤਾਂ) ਬਰਛੇ (ਦੇ ਵਾਰ ਹੋ ਰਹੇ ਸਨ)। ਕਿਤੇ (ਉਨ੍ਹਾਂ ਦੇ) ਸਿਰ ਉੱਤੇ ਵਾਰ (ਹੋ ਰਹੇ ਸਨ), (ਅਤੇ) ਕਿਤੇ (ਉਨ੍ਹਾਂ ਉੱਤੇ) ਤਲਵਾਰਾਂ (ਦੇ ਵਾਰ ਇਸ ਤਰ੍ਹਾਂ ਹੋ ਰਹੇ ਸਨ ਕਿ) ਉਹ ਬੇਚੈਨ ਹੋ ਗਏ ॥੧੪॥੩੯੧॥

**ਦੋਹਰਾ**
ਬਜਾਕੁਲ ਹ੍ਵੈ ਗ੍ਰਿਹ ਤੇ ਭਜਜੋ ਸਬ ਤਨ ਭਯੋ ਅਧੀਰ ।
ਸੁਧ ਨ ਭਈ ਕਛੁ ਜੁੱਧ ਕੀ ਥਰਹਰ ਕਰਤ ਸਰੀਰ ॥੧੫॥੩੯੨॥

(ਕਲਮੋਟ ਦੇ ਉਹ ਜ਼ਾਲਮ) ਘਬਰਾ ਕੇ ਘਰਾਂ ਵਿੱਚੋਂ ਭੱਜ ਗਏ ਅਤੇ ਉਹਨਾਂ ਦੇ ਸਰੀਰ ਬੇਚੈਨ ਹੋ ਗਏ। ਉਹਨਾਂ ਨੂੰ ਯੁੱਧ ਦੀ ਕੋਈ ਸੁੱਧ-ਬੁੱਧ ਨਾ ਰਹੀ ਅਤੇ ਉਹਨਾਂ ਦੇ ਸਰੀਰ ਡਰ ਨਾਲ ਕੰਬ ਰਹੇ ਸਨ ॥੧੫॥੩੯੨॥

**ਦੋਹਰਾ**
ਤਊ ਨਿਸਾਨ ਗੁਰਦੇਵ ਕੇ ਚਢੇ ਕੋਟਿ ਪਰ ਜਾਇ ।
ਨਉਬਤ ਬਾਜੀ ਫਤੇ ਕੀ ਦੀਨੇ ਦੂਤ ਭਗਾਇ ॥੧੬॥੩੯੩॥

ਤਦ ਗੁਰੂਦੇਵ ਜੀ ਦੇ ਨਿਸ਼ਾਨ (ਸਾਹਿਬ) ਕਿਲ੍ਹੇ ਉੱਤੇ ਜਾ ਕੇ ਝੁਲਾ ਦਿੱਤੇ ਗਏ। ਦੁਸ਼ਮਣਾਂ ਨੂੰ ਭਜਾ ਕੇ (ਗੁਰੂ ਸਾਹਿਬ ਜੀ ਦੀ) ਫਤਹਿ ਦੀ ਨੌਬਤ ਵੱਜਣ ਲੱਗ ਪਈ ॥੧੬॥੩੯੩॥

**ਸਵੈਯਾ**

ਮਿਲਿ ਕੈ ਕਲਮੋਟਿ ਕੇ ਲੋਗ ਸਬੈ ਫਿਰਿ ਜੁੱਧ ਕੋ ਆਨ ਭਏ ਇਕ ਠੌਰੈ ।
ਮਾਨੋ ਅੰਧੇਰੀ ਚਲੀ ਉਡਿ ਕੈ ਤਿਨ ਕੇ ਪਗ ਤੇ ਬਸੁਧਾ ਪਰ ਦਉਰੈ ॥
ਐਸੀ ਹੀ ਸਾਜਿ ਚੜ੍ਹੇ ਤਬ ਹੀ ਦਲ ਦੇਖਤ ਮੂੜ੍ਹ ਭਏ ਨਿਰਭੋਰੈ ।
ਐਸੇ ਅਜਾਨ ਮਹਾ ਅਗਿਆਨ ਸੁ ਜਾਨਤ ਹੈ ਪ੍ਰਭੁ ਕੋ ਕਛੁ ਔਰੈ ॥੧੭॥੩੯੪॥

ਕਲਮੋਟ ਦੇ ਸਾਰੇ ਲੋਕ ਇਕੱਠੇ ਹੋ ਕੇ ਫਿਰ ਤੋਂ ਯੁੱਧ ਕਰਨ ਲਈ ਇੱਕ ਥਾਂ 'ਤੇ (ਇਕੱਠੇ) ਹੋ ਗਏ। (ਉਹਨਾਂ ਦੇ ਪੈਰਾਂ ਦੀ) ਦੌੜ ਨਾਲ ਧਰਤੀ ਤੋਂ ਮਿੱਟੀ ਇਸ ਤਰ੍ਹਾਂ ਉੱਡ ਰਹੀ ਸੀ, ਜਿਵੇਂ ਹਨੇਰੀ ਚੱਲ ਪਈ ਹੋਵੇ। ਤਦ ਦੇਖਦਿਆਂ (ਦੇਖਦਿਆਂ) ਉਹ ਮੂਰਖ ਬੇਖ਼ੌਫ਼ ਹੋ ਕੇ ਇਸ ਤਰ੍ਹਾਂ ਸਜ ਕੇ ਤਦੋਂ ਉਹ (ਜੰਗ ਲਈ) ਚੜ੍ਹ ਪਏ। ਇਹ ਅਜਿਹੇ ਅਣਜਾਣ ਅਤੇ ਮਹਾਂ-ਅਗਿਆਨੀ ਹਨ, ਜੋ ਪ੍ਰਭੂ (ਗੁਰੂ ਗੋਬਿੰਦ ਸਿੰਘ ਸਾਹਿਬ ਜੀ) ਨੂੰ (ਆਮ ਬੰਦੇ ਵਾਂਗੂੰ) ਕੁਝ ਹੋਰ ਹੀ ਸਮਝਦੇ ਹਨ ॥੧੭॥੩੯੪॥

**ਦੋਹਰਾ**

ਮਿਲਿ ਕੈ ਸਭ ਕਲਮੋਟੀਅਨ ਗਹਿ ਗਾਢੇ ਮਨਿ ਧੀਰ ।
ਤਲੇ ਆਨਿ ਕਲਮੋਟ ਕੇ ਬਹੁਤ ਚਲਾਏ ਤੀਰ ॥੧੮॥੩੯੫॥

ਸਾਰੇ ਕਲਮੋਟੀਆਂ ਨੇ ਮਿਲ ਕੇ ਮਨ ਵਿੱਚ ਪੂਰਾ ਧੀਰਜ ਧਾਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਕਲਮੋਟ (ਦੇ ਕਿਲ੍ਹੇ) ਦੇ ਹੇਠਾਂ ਆ ਕੇ ਬਹੁਤ ਸਾਰੇ ਤੀਰ ਚਲਾਏ ॥੧੮॥੩੯੫॥

**ਦੋਹਰਾ**

ਸਾਹਿਬ ਸਿਉ ਕੇਤਨ ਕਹਜੋ ਦਲ ਆਏ ਹੈ ਫੇਰ ।
ਬਚਨ ਕਿਯੋ ਕਾਰਨ ਕਰਨ ਹੋਵਨ ਦੇਹੁ ਸਵੇਰਿ ॥੧੯॥੩੯੬॥

ਕਈਆਂ ਨੇ (ਗੁਰੂ) ਸਾਹਿਬ ਨੂੰ ਕਿਹਾ ਕਿ ਦੁਸ਼ਮਣ ਦਾ ਦਲ ਫਿਰ ਆ ਗਿਆ ਹੈ। ਸਭ ਕਾਰਨਾਂ ਦੇ ਕਰਨ ਵਾਲੇ (ਗੁਰੂ ਜੀ) ਨੇ ਬਚਨ ਕੀਤਾ ਕਿ "ਸਵੇਰ ਹੋਣ ਦਿਓ" ॥੧੯॥੩੯੬॥

**ਦੋਹਰਾ**

ਸਗਲ ਰੈਨ ਇਹ ਭਾਂਤਿ ਕਰਿ ਚਲੇ ਸੁ ਤੀਰ ਅਪਾਰ ।

ਕਿਸ ਹੀ ਕੇ ਲਾਗਜੋ ਨਹੀਂ ਰਾਖਿ ਲਿਯੇ ਕਰਤਾਰ ॥੨੦॥੩੯੭॥

ਇਸ ਤਰ੍ਹਾਂ ਸਾਰੀ ਰਾਤ ਉਹ ਅਣਗਿਣਤ ਤੀਰ ਚਲਾਉਂਦੇ ਰਹੇ। (ਪਰ) ਕੋਈ ਵੀ ਤੀਰ ਕਿਸੇ ਨੂੰ ਨਹੀਂ ਲੱਗਾ, ਕਰਤਾਰ ਨੇ (ਸਭ ਨੂੰ) ਬਚਾ ਲਿਆ ॥੨੦॥੩੯੭॥

**ਦੋਹਰਾ**

ਨਿਸ ਬੀਤੀ ਯਹ ਭਾਂਤਿ ਕਰਿ ਰਵਿ ਕੀਨੋ ਪ੍ਰਗਾਸ ।
ਬਿਦਾ ਕਿਯੋ ਤਾਹੀ ਸਮੈ ਪ੍ਰੇਮ ਖਾਲਸਾ ਖਾਸ ॥੨੧॥੩੯੮॥

ਇਸ ਤਰ੍ਹਾਂ ਰਾਤ ਬੀਤ ਗਈ ਅਤੇ ਸੂਰਜ ਨੇ ਪ੍ਰਕਾਸ਼ ਕਰ ਦਿੱਤਾ (ਭਾਵ, ਸਵੇਰ ਹੋ ਗਈ)। ਉਸੇ ਸਮੇਂ (ਗੁਰੂ ਜੀ ਨੇ) ਆਪਣੇ ਖਾਸ ਅਤੇ ਪਿਆਰੇ ਖਾਲਸੇ ਨੂੰ (ਹਮਲਾ ਕਰਨ ਲਈ) ਵਿਦਾ ਕੀਤਾ ॥੨੧॥੩੯੮॥

**ਸਵੈਯਾ**

ਦਉਰ ਪਰਜੋ ਦਲ ਗੋਬਿੰਦ ਸਿੰਘ ਕੋ ਬਾਜ ਚਲਜੋ ਚਿਰੀਆਨ ਪੈ ਧਾਯੋ ।
ਐਸੇ ਕੁਰੰਗ ਪੈ ਸਿੰਘ ਚਲਜੋ ਤਹਾਂ ਖਾਲਸਾ ਸਿੰਘ ਮਹਾ ਪ੍ਰਬਲਾਯੋ ।
ਦੇਖਤ ਹੀ ਤਿਹ ਕੀ ਛਬਿ ਮੂੜ ਮਹਾ ਭੈ ਮਾਨ ਮਹਾ ਭਯ ਖਾਯੋ ।
ਭਾਜ ਗਏ ਰਨ ਮੈ ਨ ਰਹੇ ਮਾਨੋ ਤੀਰ ਚਲਜੋ ਗੁਨ ਤੇ ਛੁਟਕਾਯੋ ॥੨੨॥੩੯੯॥

(ਗੁਰੂ) ਗੋਬਿੰਦ ਸਿੰਘ ਜੀ ਦਾ ਦਲ (ਦੁਸ਼ਮਣ 'ਤੇ) ਇਸ ਤਰ੍ਹਾਂ ਟੁੱਟ ਕੇ ਪਿਆ, ਜਿਵੇਂ ਬਾਜ਼ ਚਿੜੀਆਂ 'ਤੇ ਹਮਲਾ ਕਰਦਾ ਹੈ।
ਜਿਵੇਂ ਸ਼ੇਰ ਹਿਰਨ 'ਤੇ ਹਮਲਾ ਕਰਦਾ ਹੈ, ਉਸੇ ਤਰ੍ਹਾਂ ਸ਼ਕਤੀਸ਼ਾਲੀ ਖਾਲਸਾ ਸਿੰਘ ਨੇ (ਦੁਸ਼ਮਣ 'ਤੇ ਹੱਲਾ ਬੋਲ ਦਿੱਤਾ)। ਉਸ (ਖਾਲਸੇ) ਦੇ ਤੇਜ-ਪ੍ਰਤਾਪ ਨੂੰ ਵੇਖਦਿਆਂ ਹੀ ਮੂਰਖ (ਦੁਸ਼ਮਣ) ਬਹੁਤ ਜ਼ਿਆਦਾ ਡਰ ਗਏ। ਉਹ ਜੰਗ ਦੇ ਮੈਦਾਨ ਵਿੱਚ (ਡਟੇ ਨਾ ਰਹੇ ਤੇ) ਇਸ ਤਰ੍ਹਾਂ ਭੱਜ ਗਏ, ਜਿਵੇਂ ਕਮਾਨ ਦੀ ਡੋਰੀ ਤੋਂ ਛੁੱਟਿਆ ਹੋਇਆ ਤੀਰ (ਸਿੱਧਾ) ਚਲਿਆ ਜਾਂਦਾ ਹੈ ॥੨੨॥੩੯੯॥

**ਦੋਹਰਾ**

ਛੋਡਿ ਖੇਤ ਕਲਮੋਟ ਕੋ ਭਜੇ ਮੂੜ੍ਹ ਅਗਜਾਨ ।

ਫਤੇ ਭਈ ਪ੍ਰਭੁ ਪੁਰਖ ਕੀ ਰਾਜਨ ਮਾਨੀ ਆਨ ॥੨੩॥੪੦੦॥

ਮੂਰਖ ਅਤੇ ਅਗਿਆਨੀ (ਦੁਸ਼ਮਣ) ਕਲਮੋਟ ਦਾ ਮੈਦਾਨ ਛੱਡ ਕੇ ਭੱਜ ਗਏ। (ਇਸ ਤਰ੍ਹਾਂ) ਪ੍ਰਭੂ-ਪੁਰਖ (ਗੁਰੂ ਗੋਬਿੰਦ ਸਿੰਘ ਜੀ) ਦੀ ਫਤਹਿ ਹੋਈ ਅਤੇ ਰਾਜਿਆਂ ਨੇ (ਗੁਰੂ ਜੀ) ਦੀ ਈਨ ਮੰਨ ਲਈ ॥੨੩॥੪੦੦॥

**ਦੋਹਰਾ**

ਰਾਜਾ ਗੜ੍ਹ ਕਹਿਲੂਰ ਕੋ ਮਿਲਯੋ ਪ੍ਰਭੂ ਸੋ ਆਨ ।
ਸਤਿਗੁਰੁ ਕੀ ਸਰਨੀ ਗਹੀ ਚੂਕਯੋ ਮਨਿ ਅਭਿਮਾਨ ॥੨੪॥੪੦੧॥

ਕਹਿਲੂਰ ਦੇ ਕਿਲ੍ਹੇ ਦਾ ਰਾਜਾ (ਰਾਜਾ ਅਜਮੇਰ ਚੰਦ) ਆ ਕੇ ਪ੍ਰਭੂ (ਗੁਰੂ ਜੀ) ਨੂੰ ਮਿਲਿਆ। ਉਸਨੇ ਸਤਿਗੁਰੂ ਜੀ ਦੀ ਸ਼ਰਨ ਲੈ ਲਈ ਅਤੇ ਉਸਦੇ ਮਨ ਦਾ ਹੰਕਾਰ ਖਤਮ ਹੋ ਗਿਆ ॥੨੪॥੪੦੧॥

**ਦੋਹਰਾ**

ਪ੍ਰਬਲ ਭਯੋ ਤਹਾਂ ਖਾਲਸਾ ਸਤਿਗੁਰ ਕੈ ਬਲਿ ਜਾਨ ।
ਬਹੁਰਿ ਬਿਸਾਲੀ ਆਇਯੋ ਸਤਿਗੁਰੁ ਪੁਰਖ ਸੁਜਾਨ ॥੨੫॥੪੦੨॥

(ਇਹ) ਜਾਣੋ ਕਿ ਸਤਿਗੁਰੂ ਦੇ ਬਲ ਨਾਲ ਉੱਥੇ ਖਾਲਸਾ ਬਹੁਤ ਸ਼ਕਤੀਸ਼ਾਲੀ ਹੋ ਗਿਆ। ਇਸ ਤੋਂ ਬਾਅਦ, ਸੁਜਾਨ ਪੁਰਖ ਸਤਿਗੁਰੂ ਜੀ ਵਾਪਸ ਬਸਾਲੀ ਆ ਗਏ ॥੨੫॥੪੦੨॥

**ਦੋਹਰਾ**

ਸਬ ਕਉਤਕ ਆਪੇ ਕਿਯੇ ਆਪੇ ਕਿਯੋ ਉਝਾਰ ।
ਫਿਰਿ ਆਨੰਦ ਗੜ੍ਹ ਬਾਂਧਿਓ ਬਹੁ ਬਿਧਿ ਕਰਿ ਬਿਸਥਾਰ ॥੨੬॥੪੦੩॥

ਇਹ ਸਾਰੇ ਕੌਤਕ (ਪ੍ਰਭੂ ਨੇ) ਆਪ ਹੀ ਕੀਤੇ ਅਤੇ ਆਪ ਹੀ ਇਹਨਾਂ ਨੂੰ ਉਜਾੜ (ਵੀ) ਕਰ ਦਿੱਤਾ। ਫਿਰ (ਗੁਰੂ ਜੀ ਨੇ ਵਾਪਸ ਜਾ ਕੇ ਦੁਬਾਰਾ) ਬਹੁਤ ਤਰੀਕਿਆਂ ਨਾਲ ਆਨੰਦਗੜ ਬਣਾ ਕੇ ਉਸ ਦਾ ਵਿਸਥਾਰ ਕੀਤਾ॥੨੬॥੪੦੩॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥ ਜੁੱਧ ਬਿਸਾਲੀ ਕਲਮੋਟ ਕੀ ਫਤੇ ਦਸਵਾਂ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੦ ॥

ਇਸ ਤਰ੍ਹਾਂ ਸ੍ਰੀ ਗੁਰ ਸੋਭਾ ਗ੍ਰੰਥ ਦਾ 'ਬਸਾਲੀ ਅਤੇ ਕਲਮੋਟ ਦੇ ਯੁੱਧ ਦੀ ਫਤਹਿ' ਨਾਮਕ ਦਸਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ ॥ ੧੦ ॥

*****



ਅਧਿਆਇ ੧੧

ਆਨੰਦਗੜ੍ਹ ਦੀ ਦੂਜੀ ਜੰਗ

**ਦੋਹਰਾ**

ਫੇਰ ਬਸਜੋ ਆਨੰਦਗੜ੍ਹ, ਰਾਜਨ ਮਾਨੀ ਆਨ ॥
ਬੈਸਾਲੀ ਤੇ ਕੂਚ ਕਰਿ, ਬਸੇ ਪ੍ਰਭੂ ਤਿਹ ਥਾਨ ॥੧॥੪੦੪॥

(ਇਸ ਤਰ੍ਹਾਂ) ਆਨੰਦਗੜ੍ਹ ਦਾ ਨਗਰ (ਭਾਵ, ਸ੍ਰੀ ਆਨੰਦਪੁਰ ਸਾਹਿਬ) ਮੁੜ ਤੋਂ ਵੱਸ ਗਿਆ ਤੇ ਰਾਜਿਆਂ ਨੇ ਆਨ ਮੰਨ ਲਈ। ਪ੍ਰਭੂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਬਸਾਲੀ ਤੋਂ ਕੂਚ ਕਰਕੇ ਉਸ ਅਸਥਾਨ (ਆਨੰਦਪੁਰ) ਵਿਖੇ ਆ ਕੇ (ਮੁੜ ਤੋਂ) ਵੱਸਣ ਲੱਗ ਪਏ। ॥੧॥੪੦੪॥

ਦਰਸਨ ਕਰੈ ਨਿਤ ਖਾਲਸਾ, ਖੁਸੀ ਹੋਤ ਨਿਤ ਨੀਤ ॥
ਸੇਵਾ ਸਤਿਗੁਰੁ ਕੀ ਕਰੈ, ਮਨ ਅੰਤਰਿ ਕਰਿ ਪ੍ਰੀਤਿ ॥੨॥੪੦੫॥

ਖ਼ਾਲਸਾ ਹਰ ਰੋਜ਼ ਗੁਰੂ ਜੀ ਦੇ ਦਰਸ਼ਨ ਕਰਦਾ ਅਤੇ ਨਿਤਾਪ੍ਰਤੀ ਬਹੁਤ ਪ੍ਰਸੰਨ ਹੁੰਦਾ। ਉਹ ਆਪਣੇ ਮਨ ਵਿੱਚ ਡੂੰਘਾ ਪ੍ਰੇਮ ਅਤੇ ਸ਼ਰਧਾ ਧਾਰ ਕੇ ਸਤਿਗੁਰੂ ਜੀ ਦੀ ਸੇਵਾ ਕਰਦਾ। ॥੨॥੪੦੫॥

ਨਗਰ ਨਗਰ ਤੇ ਖਾਲਸਾ ਆਵਤ ਹੈ ਤਿਹ ਠਉਰ ॥
ਦਰਸ ਕਰਤ ਪ੍ਰਭੁ ਪੁਰਖ ਕੋ, ਭ੍ਰਮ ਰਹਿਤ ਨਹੀਂ ਅਉਰ ॥੩॥੪੦੬॥

ਵੱਖ-ਵੱਖ ਨਗਰਾਂ ਤੋਂ ਖ਼ਾਲਸਾ ਉਸ ਅਸਥਾਨ (ਆਨੰਦਪੁਰ) ਵਿਖੇ ਆ ਰਿਹਾ ਸੀ। ਉਹ ਉਸ ਪ੍ਰਭੂ-ਪੁਰਖ (ਸਤਿਗੁਰੂ ਜੀ) ਦੇ ਦਰਸ਼ਨ ਕਰਦੇ ਸਨ ਤੇ ਉਹਨਾਂ ਦਾ ਕੋਈ ਵੀ ਭਰਮ ਨਹੀਂ ਰਹਿੰਦਾ ਸੀ। ॥੩॥੪੦੬॥

ਨਿਕਟ ਗਾਂਵ ਜੇਤੇ ਬਸੈ, ਲਏ ਖਾਲਸੇ ਜੀਤ ॥
ਕੇਤਕ ਦਿਨ ਅਰੁ ਦੁਇ ਬਰਸ, ਯਹਿ ਬਿਧਿ ਭਏ ਬਿਤੀਤ ॥੪॥੪੦੭॥

(ਆਨੰਦਪੁਰ ਸਾਹਿਬ ਦੇ) ਨੇੜੇ ਜਿੰਨੇ ਵੀ ਪਿੰਡ ਵਸਦੇ ਸਨ, ਖ਼ਾਲਸੇ ਨੇ ਉਹਨਾਂ ਨੂੰ ਜਿੱਤ ਲਿਆ (ਭਾਵ, ਆਪਣੇ ਅਧੀਨ ਕਰ ਲਿਆ)। ਇਸੇ ਤਰ੍ਹਾਂ ਕੁਝ ਦਿਨ ਅਤੇ ਦੋ ਸਾਲ ਬਤੀਤ ਹੋ ਗਏ। ॥੪॥੪੦੭॥

**ਚੌਪਈ**

ਤਬੈ ਖਾਲਸਾ ਐਸੀ ਕਰੈ ॥ ਹੁਇ ਅਸਵਾਰ ਗਾਂਵਨ ਪੈ ਚਰੈ ॥
ਜੋ ਆਗੇ ਤੇ ਮਿਲਨੈ ਆਵੈ ॥ ਬਸਤੁ ਰਹੈ ਕਛੁ ਭੇਟ ਚੜ੍ਹਾਵੈ ॥੫॥੪੦੮॥

ਉਸ ਸਮੇਂ ਖ਼ਾਲਸਾ ਇਸ ਤਰ੍ਹਾਂ ਕਰਦਾ ਸੀ ਕਿ ਉਹ ਘੋੜਿਆਂ 'ਤੇ ਸਵਾਰ ਹੋ ਕੇ (ਇਲਾਕੇ ਦੇ) ਪਿੰਡਾਂ ਵੱਲ ਜਾਂਦਾ। ਜਿਹੜਾ ਕੋਈ ਅੱਗੋਂ ਮਿਲਣ ਲਈ ਆ ਜਾਂਦਾ ਅਤੇ ਕੁਝ ਭੇਟਾ ਚੜ੍ਹਾ ਦਿੰਦਾ, ਉਹ (ਸ਼ਾਂਤੀ ਨਾਲ) ਵੱਸਦਾ ਰਹਿੰਦਾ। ॥੫॥੪੦੮॥

ਕਰੈ ਬਿਲੰਮ ਭੇਟ ਨਹੀਂ ਦੇਈ ॥ ਤਾਕੋ ਲੂਟ ਖਾਲਸਾ ਲੇਈ ॥
ਇਹ ਬਿਧਿ ਚਰਚਾ ਭਈ ਅਪਾਰਾ ॥ ਤਬ ਰਾਜਨ ਮਨ ਮਾਹਿ ਬਿਚਾਰਾ ॥੬॥੪੦੯॥

ਜਿਹੜਾ ਭੇਟਾ ਦੇਣ ਵਿੱਚ ਦੇਰੀ ਕਰਦਾ ਜਾਂ ਨਾਂਹ-ਨੁੱਕਰ ਕਰਦਾ, ਖ਼ਾਲਸਾ ਉਸ ਨੂੰ ਲੁੱਟ ਲੈਂਦਾ। ਜਦੋਂ ਇਸ ਤਰੀਕੇ ਦੀ ਚਰਚਾ ਹਰ ਪਾਸੇ ਫੈਲ ਗਈ, ਤਦ ਪਹਾੜੀ ਰਾਜਿਆਂ ਨੇ ਆਪਣੇ ਮਨ ਵਿੱਚ ਵਿਚਾਰ ਕੀਤਾ। ॥੬॥੪੦੯॥

ਹਮਰੋ ਰਾਜ ਅਕਾਰਥ ਗਯੋ ॥ ਸਤਿਗੁਰੁ ਰਾਜ ਚਹੂੰ ਦਿਸ ਭਯੋ ॥
ਤਬ ਬਿਚਾਰ ਰਾਜਨ ਮਨ ਆਯੋ ॥ ਠਉਰ ਠਉਰ ਤੇ ਲੋਗ ਬੁਲਾਯੋ ॥੭॥੪੧੦॥

(ਰਾਜਿਆਂ ਨੇ ਸੋਚਿਆ) "ਸਾਡਾ ਰਾਜ ਤਾਂ ਵਿਅਰਥ ਹੀ ਚਲਾ ਗਿਆ ਹੈ, ਸਤਿਗੁਰੂ ਦਾ ਰਾਜ ਹੀ ਚਾਰੇ ਦਿਸ਼ਾਵਾਂ ਵਿੱਚ ਫੈਲ ਗਿਆ ਹੈ।" ਤਦ ਰਾਜਿਆਂ ਦੇ ਮਨ ਵਿੱਚ (ਇੱਕ) ਵਿਚਾਰ ਆਇਆ ਅਤੇ ਉਹਨਾਂ ਨੇ ਥਾਂ-ਥਾਂ ਤੋਂ ਆਪਣੇ ਲੋਕਾਂ (ਸਿਪਾਹੀਆਂ) ਨੂੰ ਬੁਲਾ ਲਿਆ। ॥੭॥੪੧੦॥

**ਸਵੈਯਾ**

ਤਬ ਰਾਜਨ ਯਹ ਬਿਧਿ ਕਰੀ, ਸੈਨਾ ਲਈ ਬੁਲਾਇ ॥
ਸਕਲ ਸੰਗ ਦਲ ਜੋਰਿ ਕੈ, ਨਿਕਟ ਪਹੂਚੇ ਆਇ ॥੮॥੪੧੧॥

ਤਦ ਰਾਜਿਆਂ ਨੇ ਇਹ ਤਰੀਕਾ ਅਪਣਾਇਆ ਕਿ ਆਪਣੀਆਂ ਸੈਨਾਵਾਂ ਬੁਲਾ ਲਈਆਂ। ਸਾਰੇ ਦਲਾਂ ਨੂੰ ਇਕੱਠਾ ਕਰਕੇ, ਉਹ (ਆਨੰਦਪੁਰ ਦੇ) ਨੇੜੇ ਆ ਪਹੁੰਚੇ। ॥੮॥੪੧੧॥

**ਫੇਰਿ ਲਿਖਾ ਰਾਜਨ ਕਿਯੋ, "ਸੁਨਹੁ, ਗਰੀਬ ਨਿਵਾਜ !**
ਅਬ ਛਾਡੋ ਆਨੰਦਗੜ੍ਹ, ਭਲੀ ਬਾਤ ਹੈ ਆਜ" ॥੯॥੪੧੨॥

ਫਿਰ ਰਾਜਿਆਂ ਨੇ (ਇਹ) ਕੀਤਾ ਕਿ (ਗੁਰੂ ਜੀ ਨੂੰ) ਲਿਖ ਭੇਜਿਆ, "ਹੇ ਗ਼ਰੀਬ-ਨਿਵਾਜ਼! ਸੁਣੋ। ਅੱਜ ਇਸੇ ਵਿੱਚ ਭਲਾਈ ਹੈ ਕਿ ਤੁਸੀਂ ਹੁਣ ਆਨੰਦਗੜ੍ਹ ਨੂੰ ਛੱਡ ਦਿਓ।" ॥੯॥੪੧੨॥

ਪ੍ਰਭੂ ਵਾਕ ਐਸੇ ਭਯੋ, ਬਹੁ ਬਿਧਿ ਭਏ ਤੱਯਾਰ ॥
ਠਉਰ ਠਉਰ ਧਰਿ ਮੋਰਚੇ, ਹੋਨ ਲਗੀ ਤਿਹ ਮਾਰ ॥੧੦॥੪੧੩॥

(ਇਸਦੇ ਜਵਾਬ ਵਿੱਚ) ਪ੍ਰਭੂ (ਗੁਰੂ ਜੀ) ਦਾ ਹੁਕਮ ਇਸ ਤਰ੍ਹਾਂ ਹੋਇਆ ਕਿ (ਸਿੰਘ) ਕਈ ਤਰੀਕਿਆਂ ਨਾਲ ਜੰਗ ਲਈ ਤਿਆਰ ਹੋ ਗਏ। ਥਾਂ-ਥਾਂ 'ਤੇ ਮੋਰਚੇ ਲਗਾ ਲਏ ਗਏ ਅਤੇ (ਆਨੰਦਪੁਰ ਸਾਹਿਬ ਨੂੰ ਘੇਰ ਕੇ ਬੈਠੇ) ਉਸ (ਦੁਸ਼ਮਣ) ਨੂੰ ਮਾਰਨਾ ਸ਼ੁਰੂ ਕਰ ਦਿੱਤਾ ਗਿਆ। ॥੧੦॥੪੧੩॥

ਮਿਲਿ ਰਾਜਨ ਐਸੇ ਕਿਯੋ, ਬਾਂਟਿ ਲਈ ਸਬ ਠਉਰ ॥
ਚਹੂੰ ਓਰ ਤੇ ਆਵਹੀ, ਫਉਜਾਂ ਦਉਰਾ ਦਉਰ ॥੧੧॥੪੧੪॥

ਸਾਰੇ ਰਾਜਿਆਂ ਨੇ ਮਿਲ ਕੇ ਇਸ ਤਰ੍ਹਾਂ ਕੀਤਾ ਕਿ ਉਹਨਾਂ ਨੇ ਸਾਰੇ ਇਲਾਕੇ (ਮੋਰਚੇ) ਆਪਸ ਵਿੱਚ ਵੰਡ ਲਏ। ਉਹਨਾਂ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਦੌੜ-ਦੌੜ ਕੇ ਹਮਲਾ ਕਰਨ ਲਈ ਆ ਰਹੀਆਂ ਸਨ। ॥੧੧॥੪੧੪॥

**ਸਵੈਯਾ**
ਤੋਪ ਛੁਟੈ ਗਰਜੈ ਘਨ ਜੋ, ਲਰਜੈ ਹਿਯਰਾ ਮਨੋ ਬਿੱਜ ਕੜੱਕੈ ॥

ਠਉਰ ਰਹੇ ਜਿਹ ਕੇ ਉਰਿ ਲਾਗਤ, ਹੋਤ ਹੈ ਛਾਤੀ ਕੈ ਪਾਟ ਪੜੱਕੈ ॥
ਯਾ ਬਿਧਿ ਸੋ ਤਹਿ ਗੋਲਾ ਚਲੈ, ਟਿਕ ਹੈ ਨਹੀਂ ਸੂਰਮਾ ਤਾਹੀ ਕੈ ਧੱਕੈ ॥
ਰਾਜਨ ਕੇ ਅਵਸਾਨ ਗਏ, ਜਬ ਆਨੰਦ ਕੋਟਿ ਤੇ ਤੋਪ ਛੁੜੱਕੈ ॥੧੨॥੪੧੫॥

ਜਦੋਂ ਤੋਪਾਂ ਚੱਲਦੀਆਂ, ਤਾਂ ਬੱਦਲਾਂ ਵਾਂਗ ਗਰਜਦੀਆਂ ਸਨ, ਅਤੇ ਦਿਲ ਇੰਝ ਕੰਬ ਜਾਂਦੇ, ਜਿਵੇਂ ਅਸਮਾਨੀ ਬਿਜਲੀ ਕੜਕੀ ਹੋਵੇ। ਜਿਸ ਕਿਸੇ ਦੀ ਛਾਤੀ ਵਿੱਚ ਗੋਲਾ ਵੱਜਦਾ, ਉਸਦੀ ਛਾਤੀ ਪਾਟ ਜਾਂਦੀ ਅਤੇ ਉਹ ਓਥੇ ਹੀ ਢੇਰ ਹੋ ਜਾਂਦਾ। ਇਸ ਤਰ੍ਹਾਂ ਦੇ ਤੋਪਾਂ ਦੇ ਗੋਲੇ ਚੱਲ ਰਹੇ ਸਨ ਕਿ ਵੱਡੇ-ਵੱਡੇ ਸੂਰਮੇ ਵੀ ਉਹਨਾਂ ਦੇ ਧੱਕੇ ਅੱਗੇ ਟਿਕ ਨਹੀਂ ਸਕਦੇ ਸਨ। ਜਦੋਂ ਆਨੰਦਗੜ੍ਹ ਦੇ ਕਿਲ੍ਹੇ ਤੋਂ ਤੋਪਾਂ ਚੱਲਣ ਲੱਗੀਆਂ ਤਾਂ (ਹਮਲਾਵਰ) ਰਾਜਿਆਂ ਦੇ ਹੋਸ਼-ਹਵਾਸ ਉੱਡ ਗਏ। ॥੧੨॥੪੧੫॥

**ਦੋਹਰਾ**

ਜਿਹ ਜਨ ਕੇ ਗੋਲਾ ਲਗੈ, ਰਹੈ ਜੀਵ ਸੋਈ ਠਉਰ ॥
ਮਨ ਕੀ ਮਨ ਹੀ ਮੈ ਰਹਿਤ, ਕਹਿਤ ਬਚਨ ਨਹੀਂ ਅਉਰ ॥੧੩॥੪੧੬॥

ਜਿਸ ਵਿਅਕਤੀ ਦੇ ਤੋਪ ਦਾ ਗੋਲਾ ਲੱਗ ਜਾਂਦਾ, ਉਸਦੇ ਪ੍ਰਾਣ ਉਸੇ ਥਾਂ 'ਤੇ ਨਿਕਲ ਜਾਂਦੇ। ਉਸਦੇ ਮਨ ਦੀਆਂ ਗੱਲਾਂ ਮਨ ਵਿੱਚ ਹੀ ਰਹਿ ਜਾਂਦੀਆਂ ਅਤੇ ਉਹ ਕੋਈ ਹੋਰ ਬਚਨ ਨਹੀਂ ਕਹਿ ਸਕਦਾ ਸੀ। ॥੧੩॥੪੧੬॥

**ਸਵੈਯਾ**

ਕਹਿ ਕੋ ਕਹਿ ਬਾਨ ਛੁਟੈ ਕਹਿ ਕਾਹਕ, ਐਸੇ ਅਵਾਜ ਕਰੈ ਰਨ ਮੈ ॥
ਤਹਾਂ ਡਾਰਿ ਸਵਾਰ ਪਛਾਰਤ ਘੋਰਨ, ਮਾਰਤ ਠਉਰ ਨਹੀਂ ਮਨ ਮੈ ॥
ਤਿਹ ਭਾਂਤਿ ਯਹੈ ਕਰਿ ਡਾਰਤ ਹੈਂ, ਮਾਨੋ ਦਾਧੀ ਸੀ ਚੋਬ ਖਰੀ ਬਨ ਮੈ ॥
ਗਿਰ ਹੈ ਪਰ ਹੈ ਕਰ ਹੈ ਇਹ ਭਾਂਤਿ ਸੁ, ਕੇਤਕ ਮਾਰ ਲਏ ਛਿਨ ਮੈ ॥੧੪॥੪੧੭॥

ਯੁੱਧ ਦੇ ਮੈਦਾਨ ਵਿੱਚ ਕਿਸੇ ਦਾ ਕੋਈ ਬਾਣ ਛੁੱਟਦਾ ਹੋਇਆ ਐਸੀ ਆਵਾਜ਼ ਕਰਦਾ, ਜਿਵੇਂ (ਉਹ ਉੱਡਦਾ ਤੀਰ) ਕਹਿਕਹਾ (ਲਗਾ ਰਿਹਾ ਹੋਵੇ)। ਉੱਥੇ ਘੋੜਿਆਂ ਨੂੰ ਪਛਾੜ ਕੇ ਉਸ ਦੇ ਸਵਾਰ (ਇਸ ਤਰ੍ਹਾਂ) ਮਾਰ ਰਹੇ ਸਨ, (ਜਿਵੇਂ ਲੋਥਾਂ ਨਾਲ ਭਰੇ ਜੰਗ ਦੇ ਮੈਦਾਨ ਵਿੱਚ ਹੋਰ ਲੋਥ

ਸੁੱਟਣ ਦੀ) ਥਾਂ ਨਹੀਂ (ਬਚੀ) ਸੀ। ਉਹ (ਦੁਸ਼ਮਣਾਂ ਦ ਹਾਲ) ਇਸ ਤਰ੍ਹਾਂ ਕਰ ਰਹੇ ਸਨ, ਜਿਵੇਂ ਜੰਗਲ ਵਿੱਚ (ਕੋਈ) ਸਾੜ੍ਹੀ ਹੋਈ ਲਾਠੀ ਖੜੀ ਹੋਵੇ। (ਦੁਸ਼ਮਣ) ਡਿੱਗ ਰਹੇ ਸਨ, (ਕਈ ਮਰ ਕੇ ਜੰਗ ਭੂਮੀ ਉੱਤੇ ਲਿਟੇ) ਪਏ ਸਨ, ਸਿੰਘ ਇਸ ਤਰ੍ਹਾਂ ਕਰ ਰਹੇ ਸਨ। ਪਲ ਭਰ ਵਿੱਚ ਕਿੰਨੇ ਹੀ ਵੈਰੀ ਮਾਰ ਮੁਕਾਏ। ॥੧੪॥੪੧੭॥

**ਦੋਹਰਾ**

ਤੋਪ ਬਾਨ ਗੋਲੀ ਚਲੈ, ਛੂਟਤ ਤੀਰ ਅਪਾਰ ॥
ਸਾਵਨ ਜੇ ਭਾਰੀ ਭਰਨਿ, ਇਵ ਬਰਸੇ ਨਿਤ ਸਾਰ ॥੧੫॥੪੧੮॥

ਤੋਪ, ਬੰਦੂਕ ਦੀਆਂ ਗੋਲੀਆਂ ਅਤੇ ਅਣਗਿਣਤ ਤੀਰ ਚੱਲ ਰਹੇ ਸਨ। (ਲੋਹੇ ਦੇ ਇਹ ਸ਼ਸਤਰ) ਇਸ ਤਰ੍ਹਾਂ ਵਰ੍ਹ ਰਹੇ ਸਨ, ਜਿਵੇਂ ਸਾਵਣ ਦੇ ਮਹੀਨੇ ਵਿੱਚ ਭਾਰੀ ਮੀਂਹ ਵਰ੍ਹਦਾ ਹੈ। ॥੧੫॥੪੧੮॥

ਚੜ੍ਹੇ ਸਿੰਘ ਦਲ ਸਾਜਿ ਕੈ, ਪਰੈ ਫਉਜ ਮੈ ਧਾਇ ॥
ਤਹਾਂ ਮਾਰਿ ਯਹ ਬਿਧਿ ਕਰੀ, ਰਾਜੇ ਦਿਯੇ ਉਠਾਇ ॥੧੬॥੪੧੯॥

ਸਿੰਘ ਆਪਣੇ ਦਲ ਸਜਾ ਕੇ (ਕਿਲ੍ਹੇ ਤੋਂ ਬਾਹਰ) ਚੜ੍ਹ ਪਏ ਅਤੇ ਵੈਰੀ ਦੀ ਫੌਜ ਉੱਤੇ ਧਾਵਾ ਬੋਲ ਦਿੱਤਾ। ਉਹਨਾਂ ਨੇ ਉੱਥੇ ਇਸ ਤਰ੍ਹਾਂ ਦੀ ਮਾਰ-ਧਾੜ ਕੀਤੀ ਕਿ ਪਹਾੜੀ ਰਾਜਿਆਂ ਨੂੰ ਉਠਾ ਦਿੱਤਾ (ਭਾਵ, ਭਜਾ ਦਿੱਤਾ)। ॥੧੬॥੪੧੯॥

ਬਹੁਤ ਰਾਵ ਮਾਰੇ ਤਹਾਂ, ਜੋਧਾ ਵਡੇ ਅਪਾਰ ॥
ਮਿਲਿ ਰਾਜੇ ਮਸਲਤ ਕਰਤਿ ਕਜਾ ਕਰਿਯੈ ਕਰਤਾਰ ॥੧੭॥੪੨੦॥

ਉਸ ਲੜਾਈ ਵਿੱਚ ਬਹੁਤ ਸਾਰੇ ਰਾਜੇ (ਰਾਵ) ਅਤੇ ਅਣਗਿਣਤ ਵੱਡੇ-ਵੱਡੇ ਯੋਧੇ ਮਾਰੇ ਗਏ। (ਬਾਕੀ ਬਚੇ ਹੋਏ) ਰਾਜੇ ਆਪਸ ਵਿੱਚ ਸਲਾਹ-ਮਸ਼ਵਰਾ ਕਰਨ ਲੱਗੇ, "ਹੇ ਕਰਤਾਰ! ਹੁਣ ਕੀ ਕੀਤਾ ਜਾਵੇ?" ॥੧੭॥੪੨੦॥

ਸਿੰਘ ਬਹੁਤ ਯਹ ਬਿਧਿ ਕਰਤਿ, ਤਿਹ ਸਮਾਨ ਕਹੀ ਨਾਹਿ ॥
ਬਡੇ ਸੂਰਮਾ ਅਤਿ ਬਲੀ, ਮਾਰਿ ਲਿਯੇ ਰਨ ਮਾਹਿ ॥੧੮॥੪੨੧॥

(ਰਾਜੇ ਕਹਿਣ ਲੱਗੇ) ਸਿੰਘ ਇਸ ਤਰ੍ਹਾਂ ਦੀ (ਬਹਾਦਰੀ) ਕਰਦੇ ਹਨ, ਜਿਸਦੀ ਕੋਈ (ਮਿਸਾਲ) ਨਹੀਂ (ਦਿੱਤੀ ਜਾ ਸਕਦੀ)। (ਉਹਨਾਂ ਨੇ ਸਾਡੇ) ਬਹੁਤ ਵੱਡੇ-ਵੱਡੇ ਸੂਰਮੇ ਅਤੇ ਅਤਿ ਦੇ ਬਲਵਾਨ ਯੋਧੇ (ਇਸ) ਜੰਗ ਵਿੱਚ ਮਾਰ ਲਏ ਹਨ। ॥੧੮॥੪੨੧॥

**ਚੌਪਈ**

ਰਾਜੇ ਭਾਜਿ ਤੁਰਕ ਪੈ ਆਏ। ਸਭ ਤੁਰਕਨ ਕੋ ਭੇਦ ਬਤਾਏ।
ਅਬ ਹਮਰੋ ਉਪਰਾਲੋ ਕੀਜੈ । ਆਨੰਦਗੜ੍ਹ ਹਮ ਕੋ ਲੈ ਦੀਜੈ ॥੧੯॥੪੨੨॥

ਹਾਰ ਕੇ ਪਹਾੜੀ ਰਾਜੇ ਭੱਜ ਕੇ ਤੁਰਕਾਂ (ਮੁਗ਼ਲ ਹਾਕਮਾਂ) ਕੋਲ ਗਏ। ਉਹਨਾਂ ਨੇ ਤੁਰਕਾਂ ਨੂੰ ਸਾਰਾ ਭੇਤ ਦੱਸ ਦਿੱਤਾ। (ਅਤੇ ਬੇਨਤੀ ਕੀਤੀ,) "ਹੁਣ ਤੁਸੀਂ ਸਾਡੀ (ਸਹਾਇਤਾ ਦਾ ਕੋਈ) ਉਪਰਾਲਾ ਕਰੋ ਅਤੇ ਸਾਨੂੰ ਆਨੰਦਗੜ੍ਹ (ਦਾ ਕਿਲ੍ਹਾ) ਜਿੱਤ ਕੇ ਲੈ ਦਿਉ।" ॥੧੯॥੪੨੨॥

ਤੁਰਕ ਸਭੈ ਮਿਲਿ ਕੈ ਉਠਿ ਧਾਏ । ਸਾਮਾ ਕਰੀ ਬੇਗ ਹੀ ਆਏ ॥
ਬਹੁਤ ਮੁਗਲ ਅਰ ਘਨੇ ਪਠਾਨ । ਚੜ੍ਹੇ ਸਾਜਿ ਦਲ, ਚਾਬੇ ਪਾਨ ॥੨੦॥੪੨੩॥

(ਉਹਨਾਂ ਰਾਜਿਆਂ ਦੀ ਪੁਕਾਰ ਮੰਨ ਕੇ) ਸਾਰੇ ਤੁਰਕ (ਮੁਗ਼ਲਾਂ ਦੇ ਫ਼ੌਜੀ) ਮਿਲ ਕੇ (ਆਨੰਦਪੁਰ 'ਤੇ) ਚੜ੍ਹਾਈ ਕਰਨ ਲਈ ਤਿਆਰ ਹੋ ਗਏ। ਉਹ (ਜੰਗ ਦੇ) ਸਾਮਾਨ ਨਾਲ ਤਿਆਰੀ ਕਰਕੇ ਬੜੀ ਤੇਜ਼ੀ ਨਾਲ ਆ ਪਹੁੰਚੇ। ਬਹੁਤ ਮੁਗ਼ਲ ਅਤੇ ਅਨੇਕ ਪਠਾਣ ਆਪਣੇ ਦਲਾਂ ਨੂੰ ਸਜਾ ਕੇ ਅਤੇ (ਜੰਗ ਦੇ ਜੋਸ਼ ਵਿੱਚ) ਪਾਨ ਚੱਬਦੇ ਹੋਏ ਚੜ੍ਹਾਈ ਕਰ ਆਏ। ॥੨੦॥੪੨੩॥

ਗੁੱਜਰ ਰੰਘੜ ਬਹੁਤ ਅਪਾਰ । ਬਡੇ ਬਡੇ ਜੋਧਾ ਅਸਵਾਰ ॥
ਸੀਰੰਦ ਵਾਲੇ ਹੈਂ ਹਮਰਾਹੀ । ਗੜ੍ਹ ਲਾਹੌਰ ਤੇ ਫਉਜ ਮੰਗਾਈ ॥੨੧॥੪੨੪॥

(ਪਹਾੜੀ ਰਾਜਿਆਂ ਦੀ ਮਦਦ ਲਈ) ਅਣਗਿਣਤ ਗੁੱਜਰ ਅਤੇ ਰੰਘੜ (ਆਦਿ ਵੀ ਆਏ), ਜੋ ਵੱਡੇ-ਵੱਡੇ ਯੋਧੇ ਅਤੇ (ਘੋੜ)-ਸਵਾਰ ਸਨ।

ਸਰਹਿੰਦ ਵਾਲੇ (ਸੂਬੇਦਾਰ ਦੀ ਫੌਜ) ਉਹਨਾਂ ਦੇ ਨਾਲ ਸੀ। ਲਾਹੌਰ ਤੋਂ ਵੀ ਫੌਜ ਮੰਗਵਾਈ ਗਈ। ॥੨੧॥੪੨੪॥

**ਦੋਹਰਾ**

ਬਹੁਤ ਫਉਜ਼ ਕਰ ਏਕਠੀ, ਜੰਮੂ ਸੰਗਿ ਮਿਲਾਇ ॥
ਸਭ ਰਾਜਾ ਦਲ ਜੋਰਿ ਕੈ, ਫੇਰ ਪਹੂਚੇ ਆਇ ॥੨੨॥੪੨੫॥

(ਇਸ ਤਰ੍ਹਾਂ) ਬਹੁਤ ਸਾਰੀ ਫੌਜ ਇਕੱਠੀ ਕਰਕੇ ਅਤੇ ਜੰਮੂ (ਦੇ ਰਾਜੇ) ਨੂੰ ਵੀ ਨਾਲ ਮਿਲਾ ਕੇ, (ਉਹ) ਸਾਰੇ ਰਾਜੇ ਆਪਣੇ ਦਲਾਂ ਨੂੰ ਜੋੜ ਕੇ ਫਿਰ (ਆਨੰਦਪੁਰ) ਆ ਪਹੁੰਚੇ। ॥੨੨॥੪੨੫॥

ਖਬਰ ਸੁਨੀ ਕਾਰਨ ਕਰਨ, ਫੇਰ ਕਿਯੋ ਫਰਮਾਨ ॥
ਠਉਰ ਠਉਰ ਧਰਿ ਮੋਰਚੇ, ਬੈਠਿ ਰਹੇ ਤਿਹ ਥਾਨ ॥੨੩॥੪੨੬॥

ਜਦੋਂ ਸਰਬ-ਕਾਰਨਾਂ ਦੇ ਮਾਲਕ (ਸਤਿਗੁਰੂ ਜੀ) ਨੇ (ਇਸ ਵੱਡੀ ਫੌਜ ਦੇ ਆਉਣ ਦੀ) ਖ਼ਬਰ ਸੁਣੀ, ਤਾਂ ਉਹਨਾਂ ਨੇ ਫਿਰ ਹੁਕਮ ਜਾਰੀ ਕੀਤਾ। (ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ ਸਿੰਘ) ਥਾਂ-ਥਾਂ 'ਤੇ ਮੋਰਚੇ ਲਗਾ ਕੇ ਉਹਨਾਂ ਥਾਵਾਂ 'ਤੇ ਡਟ ਗਏ। ॥੨੩॥੪੨੬॥

ਤੀਰ ਬਾਨ ਗੋਲੀ ਚਲੀ, ਬਰਖੈ ਧੂਆਂ ਧਾਰ ॥
ਤਿਹ ਪਾਛੇ ਮਿਲਿ ਸੂਰਮੇ, ਕਰਨ ਗਹੀ ਤਰਵਾਰ ॥੨੪॥੪੨੭॥

(ਇੰਞ ਉੱਥੇ ਯੁੱਧ ਸ਼ੁਰੂ ਹੋ ਗਿਆ ਅਤੇ) ਤੀਰ ਅਤੇ ਗੋਲੀਆਂ ਚੱਲਣ ਲੱਗੀਆਂ, (ਜੋ ਕਿ) ਧੂਆਂ ਧਾਰ ਵਰਸ ਰਹੀਆਂ ਸਨ। ਉਸ ਤੋਂ ਬਾਅਦ, ਸੂਰਮਿਆਂ ਨੇ ਆਪਸ ਵਿੱਚ ਜੁੜ ਕੇ ਹੱਥਾਂ ਵਿੱਚ ਤਲਵਾਰਾਂ ਫੜ ਲਈਆਂ। ॥੨੪॥੪੨੭॥

**ਸਵੈਯਾ**

ਭਭਕੇ ਸਿੰਘ ਜਬ ਜਾਇ ਰਨ ਮੈ ਪਰੈ, ਕਿਯੋ ਸੰਗ੍ਰਾਮ ਯਹਿ ਭਾਂਤਿ ਪੂਰਾ ॥
ਬਜੈ ਸਾਰ ਸੋ ਸਾਰ ਤਰਵਾਰ ਚਮਕੈ ਘਨੀ, ਮਿਲਿਤ ਦੋਨੋ ਅਨੀ ਬਜਤ ਤੂਰਾ ॥

ਛੁਟਤ ਹੈ ਤੀਰ ਤਹਾਂ ਧੀਰ ਕਿਸ ਕੀ ਰਹੈ, ਲਗੈ ਜਿਹ ਜਾਇ ਛਾਡੈ ਸਰੀਰਾ ॥
ਕਰੈ ਮਾਰ ਹੀ ਮਾਰ ਚਹੂੰ ਓਰ ਤੇ ਧਾਇ ਕੈ, ਲਰਤ ਤਿਹ ਠਉਰ ਇਹ ਭਾਂਤਿ ਸੂਰਾ ॥੨੫॥੪੨੮॥

ਜਦੋਂ (ਗੁਰੂ ਕੇ) ਸਿੰਘ ਭਬਕ ਕੇ (ਸ਼ੇਰਾਂ ਵਾਂਗ) ਜੰਗ ਦੇ ਮੈਦਾਨ ਵਿੱਚ ਜਾ ਪੈਂਦੇ, ਤਾਂ ਉਨ੍ਹਾਂ ਨੇ ਇਸ ਤਰ੍ਹਾਂ ਭਰਪੂਰ ਯੁੱਧ ਕੀਤਾ। ਲੋਹੇ ਨਾਲ ਲੋਹਾ ਖੜਕ ਰਿਹਾ ਸੀ, ਤਲਵਾਰਾਂ ਬਹੁਤ ਚਮਕ ਰਹੀਆਂ ਸਨ, ਦੋਹਾਂ ਫੌਜਾਂ ਦੇ (ਮੈਦਾਨ ਵਿੱਚ ਯੁੱਧ ਲਈ) ਮਿਲਣ 'ਤੇ ਰਣਸਿੰਘੇ ਵੱਜ ਰਹੇ ਸਨ। ਜਦੋਂ ਤੀਰ ਚੱਲਦੇ ਸਨ ਤਾਂ ਉੱਥੇ ਕਿਸੇ ਦਾ ਵੀ ਧੀਰਜ ਨਹੀਂ ਸੀ ਬੱਝਦਾ; ਜਿਸ ਨੂੰ ਵੀ ਤੀਰ ਲੱਗਦਾ, ਉਹ ਆਪਣੇ ਸਰੀਰ ਨੂੰ ਛੱਡ ਦਿੰਦਾ (ਪ੍ਰਾਣ ਤਿਆਗ ਦਿੰਦਾ)। ਸੂਰਮੇ ਚਾਰੇ ਪਾਸਿਓਂ ਹਮਲਾ ਕਰਕੇ ਮਾਰੋ-ਮਾਰ ਕਰਦੇ ਹੋਏ, ਉਸ ਥਾਂ 'ਤੇ ਇਸ ਤਰ੍ਹਾਂ ਲੜ ਰਹੇ ਸਨ। ॥੨੫॥੪੨੮॥

**ਦੋਹਰਾ**

ਏਕ ਸੂਰ ਸਨਮੁਖ ਲਰੈ, ਕਰਤ ਬੀਰ ਸੰਗ੍ਰਾਮ ॥
ਏਕ ਭਾਜਿ ਪਾਛੇ ਭਿਰੈ, ਤਿਨ ਤੇ ਹੋਤ ਨ ਕਾਮ ॥੨੬॥੪੨੯॥

ਕਈ ਸੂਰਮੇ (ਤਾਂ) ਸਾਹਮਣੇ ਹੋ ਕੇ ਬਹਾਦਰਾਂ ਵਾਲਾ ਯੁੱਧ ਕਰ ਰਹੇ ਸਨ। ਕਈ ਭੱਜ ਕੇ ਫਿਰ ਤੋਂ ਪਿੱਛੋਂ ਵਾਰ ਕਰਦਾ ਹੈ; ਅਜਿਹੇ (ਕਾਇਰ) ਤੋਂ (ਯੁੱਧ ਦਾ) ਕੋਈ ਕੰਮ ਸਿਰੇ ਨਹੀਂ ਚੜ੍ਹਦਾ। ॥੨੬॥੪੨੯॥

**ਚੌਪਈ**

ਸੂਰ ਸਬੈ ਐਸੀ ਬਿਧਿ ਕਰਹੀ ॥ ਧਾਇ ਧਾਇ ਫਉਜਨ ਮੈ ਪਰਹੀ ॥
ਭਿਰੇ ਸੂਰਮਾ ਬਹੁਤ ਅਪਾਰਾ ॥ ਕਰਤ ਮਾਰ ਕੇਤੇ ਹਥਿਆਰਾ ॥੨੭॥੪੩੦॥

ਸਾਰੇ ਸੂਰਮੇ ਇਸ ਤਰ੍ਹਾਂ ਕਰ ਰਹੇ ਸਨ ਕਿ ਉਹ ਤੇਜ਼ੀ ਨਾਲ ਹਮਲਾ ਕਰਕੇ (ਦੁਸ਼ਮਣ ਦੀਆਂ) ਫੌਜਾਂ ਵਿੱਚ ਜਾ ਪੈਂਦੇ ਸਨ। ਅਣਗਿਣਤ ਸੂਰਮੇ ਆਪਸ ਵਿੱਚ ਭਿੜ ਰਹੇ ਸਨ ਅਤੇ ਕਈ ਤਰ੍ਹਾਂ ਦੇ ਹਥਿਆਰਾਂ ਨਾਲ ਮਾਰ-ਵਢਾਈ ਕਰ ਰਹੇ ਸਨ। ॥੨੭॥੪੩੦॥

ਐਸੀ ਮਾਰ ਭਈ ਤਿਹ ਥਾਨੇ ॥ ਬਾਪਹਿ ਨਾਹਿ ਪੂਤ ਪਹਿਚਾਨੇ ॥
ਬਹੁਤ ਸੂਰ ਜੂਝੇ ਧਰਿ ਪਰ ਹੀ ॥ ਇਕ ਘਾਇਲ ਹ੍ਵੈ ਪਾਛੇ ਪਰ ਹੀ ॥੨੮॥੪੩੧॥

ਉਸ ਥਾਂ 'ਤੇ ਅਜਿਹੀ ਭਿਆਨਕ ਮਾਰ-ਵਢਾਈ ਹੋਈ ਕਿ ਪਿਉ ਆਪਣੇ ਪੁੱਤ ਨੂੰ ਵੀ ਨਹੀਂ ਸੀ ਪਛਾਣ ਸਕਦਾ। ਬਹੁਤ ਸਾਰੇ ਸੂਰਮੇ ਲੜਦੇ ਹੋਏ ਧਰਤੀ 'ਤੇ ਡਿੱਗ ਪਏ (ਸ਼ਹੀਦ ਹੋ ਗਏ) ਅਤੇ ਕਈ ਜ਼ਖਮੀ ਹੋ ਕੇ ਪਿੱਛੇ ਹਟ ਗਏ। ॥੨੮॥੪੩੧॥

ਏਕ ਸੂਰ ਸਨਮੁਖ ਉਠਿ ਧਾਵੈ ॥ ਵੇ ਮਰਨੇ ਤੇ ਬਿਲਮ ਨ ਲਾਵੈ ॥
ਪਕਰੈ ਸਸਤ੍ਰ ਅਸਤ੍ਰ ਜੋ ਲੇਹੀ ॥ ਧੁਬੀਆ ਜੋ ਅਉਰਨ ਸਿਰ ਦੇਹੀ ॥੨੯॥੪੩੨॥

ਕੋਈ ਸੂਰਮਾ (ਤਾਂ) ਸਾਹਮਣੇ ਹੋ ਕੇ ਹਮਲਾ ਕਰਦਾ ਅਤੇ ਉਹ ਮਰਨ ਤੋਂ ਜ਼ਰਾ ਵੀ ਦੇਰੀ ਨਹੀਂ ਲਗਾਉਂਦਾ (ਭਾਵ, ਜਾਨ ਦੀ ਪਰਵਾਹ ਨਹੀਂ ਕਰਦਾ)। ਉਹ ਜਿਹੜੇ ਵੀ ਸ਼ਸਤਰ-ਅਸਤਰ ਹੱਥ ਵਿੱਚ ਫੜ੍ਹ ਲੈਣ, ਉਸ ਨਾਲ ਵੈਰੀ ਦਾ ਸਿਰ ਇੰਝ ਲਾਹ ਸੁੱਟਦੇ, ਜਿਵੇਂ ਕੋਈ ਧੋਬੀ (ਕੱਪੜਿਆਂ ਨੂੰ ਪੱਥਰ 'ਤੇ) ਮਾਰਦਾ ਹੈ। ॥੨੯॥੪੩੨॥

**ਦੋਹਰਾ**

ਏਕ ਭਾਜਿ ਪੀਛੇ ਫਿਰੈ, ਏਕ ਘਾਇ ਬੇਹਾਲ ॥
ਏਕ ਜੂਝਿ ਰਣ ਮੈ ਪਰੇ, ਸਕਲੀ ਸਮਝ ਬਿਸਾਰ ॥੩੦॥੪੩੩॥

(ਯੁੱਧ ਦੀ ਭਿਆਨਕਤਾ ਕਾਰਨ) ਕੋਈ ਪਿੱਠ ਦਿਖਾ ਕੇ ਭੱਜ ਰਿਹਾ ਸੀ, ਕੋਈ ਜ਼ਖਮਾਂ ਨਾਲ ਬੇਹਾਲ ਸੀ। ਕਈ ਸੂਰਮੇ ਸਾਰੀ ਸੁੱਧ-ਬੁੱਧ ਭੁਲਾ ਕੇ ਜੰਗ ਦੇ ਮੈਦਾਨ ਵਿੱਚ ਲੜ੍ਹਦੇ ਹੋਏ ਡਿੱਗ (ਭਾਵ, ਮਰ) ਚੁੱਕੇ ਸਨ। ॥੩੦॥੪੩੩॥

ਦੇਖਿ ਤਬੈ ਰਾਜਨ ਕਹਯੋ, ਕਜਾ ਕਰਿਯੈ ਕਰਤਾਰ ॥
ਸਿੰਘ ਬਹੁਤ ਇਹ ਬਿਧਿ ਲਰਤ, ਨਾਹਿ ਨ ਪਰਤ ਸੁਮਾਰ ॥੩੧॥੪੩੪॥

ਇਹ ਸਭ ਵੇਖ ਕੇ ਤਦ ਪਹਾੜੀ ਰਾਜਿਆਂ ਨੇ ਕਿਹਾ, "ਹੇ ਕਰਤਾਰ! ਕੀ ਕਰੀਏ? ਸਿੰਘ ਇਸ ਬਹਾਦਰੀ ਨਾਲ ਲੜ ਰਹੇ ਹਨ ਕਿ ਉਹਨਾਂ ਦੀ ਗਿਣਤੀ ਦਾ ਕੋਈ ਅੰਦਾਜ਼ਾ ਹੀ ਨਹੀਂ ਲੱਗ ਰਿਹਾ (ਭਾਵ, ਅਸੀਂ ਉਹਨਾਂ ਨੂੰ ਥੋੜ੍ਹੀ ਗਿਣਤੀ ਵਿੱਚ ਸਮਝਿਆ ਸੀ, ਪਰ ਹੁਣ ਉਹ ਬਹੁਤ ਜ਼ਿਆਦਾ ਲੱਗ ਰਹੇ ਹਨ)।" ॥੩੧॥੪੩੪॥

**ਛਪੈ ਛੰਦ**
ਲਰਤ ਸਿੰਘ ਇਹ ਭਾਂਤਿ, ਫਉਜ ਮੈ ਪਰਤ ਧਾਇ ਕਰਿ ॥
ਕਾਟਤ ਹੈ ਤਿਹ ਮੂੰਡ, ਧਰਤ ਪਰ ਪਰਤ ਆਇ ਧਰ ॥
ਇਹ ਬਿਧਿ ਕਰਿ ਸੰਗ੍ਰਾਮ, ਸੂਰ ਰਨ ਮਾਹਿ ਮਚਾਵੈ ॥
ਨਿਮਖ ਬਿਲਮ ਨਹੀਂ ਕਰੈ, ਲੋਥ ਪਰ ਲੋਥ ਗਿਰਾਵੈ ॥
ਕੀਨੇ ਪ੍ਰਹਾਰ ਇਹ ਭਾਂਤਿ ਕਰ, ਦੇਖਿ ਰਾਵ ਪਾਛੇ ਫਿਰੇ ॥
ਦੀਨੇ ਬਿਡਾਰ, ਭਾਜੇ ਅਪਾਰ, ਕੇਤੇ ਸ੍ਵਾਰ ਕਰ ਮੈ ਕਰੇ ॥੩੨॥੪੩੫॥

ਸਿੰਘ ਇਸ ਤਰ੍ਹਾਂ ਲੜਦੇ ਸਨ ਕਿ ਉਹ ਦੁਸ਼ਮਣ 'ਤੇ ਹਮਲਾ ਕਰ (ਉਹਨਾਂ ਦੀ ਫ਼ੌਜ ਦੇ ਅੰਦਰ ਤੱਕ ਜਾ) ਪੈਂਦੇ ਸਨ। ਉਹ ਵੈਰੀਆਂ ਦੇ ਸਿਰ ਕੱਟ ਦਿੰਦੇ ਤੇ ਉਹਨਾਂ ਦੇ ਧੜ ਧਰਤੀ 'ਤੇ ਡਿੱਗ ਪੈਂਦੇ। ਇਸ ਤਰੀਕੇ ਨਾਲ ਸੂਰਮੇ ਯੁੱਧ ਦੇ ਮੈਦਾਨ ਵਿੱਚ (ਘਮਸਾਨ) ਮਚਾ ਰਹੇ ਸਨ। ਉਹ ਪਲ ਭਰ ਦੀ ਦੇਰੀ ਵੀ ਨਹੀਂ ਕਰਦੇ ਸਨ ਅਤੇ ਲਾਸ਼ਾਂ ਉੱਤੇ ਲਾਸ਼ਾਂ ਗਿਰਾ ਰਹੇ ਸਨ। ਉਹਨਾਂ ਦੇ ਇਸ ਤਰ੍ਹਾਂ ਦੇ ਹਮਲਿਆਂ ਨੂੰ ਵੇਖ ਕੇ ਰਾਜੇ (ਰਾਵ) ਪਿੱਛੇ ਮੁੜ ਗਏ। ਸਿੰਘਾਂ ਨੇ ਉਹਨਾਂ ਦਾ ਨਾਸ ਕਰ ਦਿੱਤਾ, ਅਣਗਿਣਤ (ਦੁਸ਼ਮਣ) ਭੱਜ ਗਏ ਅਤੇ ਕਈ ਘੋੜ-ਸਵਾਰ ਉਹਨਾਂ ਨੇ ਕਾਬੂ ਕਰ ਲਏ। ॥੩੨॥੪੩੫॥

**ਦੋਹਰਾ**
ਬਿਨਉ ਕਰੈ ਘਘਿਆਇ ਕੈ, ਇਹ ਬਿਧਿ ਕਰੈ ਕਰਾਰ ॥
"ਫੇਰ ਨ ਆਵੈ ਜੁੱਧ ਮੈ, ਜੋ ਛੂਟੈ ਇਹ ਬਾਰ" ॥੩੩॥੪੩੬॥

(ਫੜੇ ਗਏ ਸਿਪਾਹੀ) ਗਿੜਗਿੜਾ ਕੇ ਬੇਨਤੀਆਂ ਅਤੇ ਇਸ ਪ੍ਰਕਾਰ ਦੇ ਇਕਰਾਰ ਕਰਦੇ, "ਜੇਕਰ ਇਸ ਵਾਰ ਸਾਡੀ ਜਾਨ ਬਖ਼ਸ਼ ਦਿੱਤੀ ਜਾਵੇ, ਤਾਂ ਅਸੀਂ ਮੁੜ (ਕਦੇ ਵੀ ਤੁਹਾਡੇ ਵਿਰੁੱਧ) ਜੰਗ ਵਿੱਚ ਨਹੀਂ ਆਵਾਂਗੇ।" ॥੩੩॥੪੩੬॥

ਤਜੈ ਗਾਂਵ ਕਹਿਲੂਰ ਕੇ, ਬਸੈ ਅਉਰ ਦਿਸ ਜਾਇ ॥
ਛਾਡ ਦਏ ਤਾ ਤੇ ਤਬੈ, ਭਾਜੇ ਪਖ ਲਗਾਇ ॥੩੪॥੪੩੭॥

(ਉਹ ਕਹਿੰਦੇ,) "ਅਸੀਂ ਕਹਿਲੂਰ ਦੇ ਪਿੰਡ ਛੱਡ ਦੇਵਾਂਗੇ ਅਤੇ ਕਿਸੇ ਹੋਰ ਦਿਸ਼ਾ ਵਿੱਚ ਜਾ ਕੇ ਵੱਸ ਜਾਵਾਂਗੇ।" ਇਸ ਕਾਰਨ ਉਹਨਾਂ ਨੂੰ ਛੱਡ ਦਿੱਤਾ ਗਿਆ, ਅਤੇ ਉਹ (ਇੰਞ ਤੇਜ਼ੀ ਨਾਲ) ਭੱਜੇ, ਜਿਵੇਂ ਉਹਨਾਂ ਨੂੰ ਖੰਭ ਲੱਗ ਗਏ ਹੋਣ। ॥੩੪॥੪੩੭॥

(ਆਨੰਦਪੁਰ ਦਾ ਘੇਰਾ)

ਕੇਤਕ ਦਿਨ ਇਹ ਭਾਂਤਿ ਕਰ, ਬਹੁਤ ਪ੍ਰਬਲ ਭਈ ਮਾਰ ॥
ਤਬ ਰਾਜਨ ਮਸਲਤ ਕਰੀ, ਸਕਲ ਸਭਾ ਬਿਚਾਰ ॥੩੫॥੪੩੮॥

ਇਸ ਤਰ੍ਹਾਂ ਕੁਝ ਦਿਨ ਹੋਰ ਬਹੁਤ ਭਾਰੀ ਮਾਰ-ਵਢਾਈ ਹੁੰਦੀ ਰਹੀ। ਤਦ ਰਾਜਿਆਂ ਨੇ ਆਪਣੀ ਸਾਰੀ ਸਭਾ ਵਿੱਚ ਵਿਚਾਰ-ਵਟਾਂਦਰਾ ਅਤੇ ਸਲਾਹ-ਮਸ਼ਵਰਾ ਕੀਤਾ। ॥੩੫॥੪੩੮॥

ਤੁਰਕਨ ਰਾਜਨ ਸੌਂ ਕਹਜੋ, ਯਾ ਤੇ ਭਲੀ ਨ ਅਉਰ ॥
ਘੇਰ ਲੇਹੁ ਚਹੂੰ ਓਰ ਤੇ, ਬੈਠਿ ਰਹੋ ਤਿਹ ਠਉਰ ॥੩੬॥੪੩੯॥

ਤੁਰਕਾਂ (ਮੁਗ਼ਲ ਸਲਾਹਕਾਰਾਂ) ਨੇ ਰਾਜਿਆਂ ਨੂੰ ਕਿਹਾ, "ਇਸ (ਤਰ੍ਹਾਂ ਆਹਮੋ-ਸਾਹਮਣੇ ਲੜ੍ਹਨ) ਨਾਲੋਂ (ਹੋਰ) ਕੋਈ ਚੰਗੀ ਗੱਲ ਨਹੀਂ ਹੋ ਸਕਦੀ ਕਿ ਤੁਸੀਂ ਚਾਰੇ ਪਾਸਿਓਂ (ਗੁਰੂ ਜੀ ਤੇ ਉਹਨਾਂ ਦੀ ਫ਼ੌਜ ਨੂੰ) ਘੇਰਾ ਪਾ ਲਵੋ ਅਤੇ ਉਸੇ ਥਾਂ 'ਤੇ ਡਟੇ ਰਹੋ।" ॥੩੬॥੪੩੯॥

**ਚੌਪਈ**
ਗੂਜਰ ਰੰਘੜ ਅਉਰ ਪਠਾਨ ॥ ਰਾਜੇ ਪਰੇ ਚਹੂੰ ਦਿਸ ਆਨ ॥
ਘੇਰਿ ਨਗਰ ਭਾਂਤਿ ਯਹ ਕੀਨੀ ॥ ਮਨਹ ਰਸਤ ਸਬ ਹੀ ਕਰਿ ਲੀਨੀ ॥੩੭॥੪੪੦॥

ਗੁੱਜਰ, ਰੰਘੜ, ਪਠਾਣ ਅਤੇ ਰਾਜੇ, ਸਾਰੇ ਆ ਕੇ ਚਾਰੇ ਪਾਸੇ (ਘੇਰਾ) ਪਾ ਕੇ (ਬੈਠ) ਗਏ। ਉਹਨਾਂ ਨੇ ਨਗਰ (ਆਨੰਦਪੁਰ) ਨੂੰ ਇਸ ਤਰ੍ਹਾਂ ਘੇਰ ਲਿਆ, ਮਾਨੋ ਉਹਨਾਂ ਨੇ (ਬਾਹਰ ਤੋਂ ਨਗਰ ਦੇ ਅੰਦਰ) ਰਸਦ ਜਾਣੀ ਬੰਦ ਕਰ ਦਿੱਤੀ। ॥੩੭॥੪੪੦॥

ਆਵਨ ਜਾਨ ਨ ਕੋਊ ਪਾਵੈ ॥ ਤਹਾਂ ਰਸਤ ਕੈਸੇ ਕਰਿ ਆਵੈ ॥
ਕੇਤਕ ਦਿਨ ਬੀਤੇ ਬਿਧਿ ਯਾਹੀ ॥ ਏਕ ਰੁਪੀਐ ਸੇਰ ਬਿਕਾਹੀ ॥੩੮॥੪੪੧॥

(ਘੇਰਾ ਇੰਨਾ ਸਖ਼ਤ ਸੀ ਕਿ) ਕੋਈ ਵੀ ਅੰਦਰ-ਬਾਹਰ ਆ-ਜਾ ਨਹੀਂ ਸਕਦਾ ਸੀ। (ਜਦੋਂ ਆਉਣਾ-ਜਾਣਾ ਹੀ ਬੰਦ ਸੀ), ਤਾਂ ਉੱਥੇ ਰਸਦ (ਖਾਣ-ਪੀਣ ਦਾ ਸਾਮਾਨ) ਕਿਵੇਂ ਆਉਂਦੀ? ਇਸੇ ਹਾਲਤ ਵਿੱਚ ਕਈ ਦਿਨ ਬੀਤ ਗਏ ਅਤੇ (ਅੰਦਰ ਅੰਨ ਦੀ ਐਨੀ ਕਮੀ ਹੋ ਗਈ ਕਿ) ਇੱਕ ਰੁਪਏ ਦਾ ਇੱਕ ਸੇਰ (ਅਨਾਜ) ਵਿਕਣ ਲੱਗਾ। ॥੩੮॥੪੪੧॥

ਚਾਰ ਸਿਖ ਪਾਨੀ ਕੋ ਜਾਵੈ ॥ ਦੋ ਜੂਝੈ ਦੋ ਪਾਨੀ ਲਯਾਵੈ ॥
ਐਸੀ ਭਾਂਤਿ ਖੇਲ ਪ੍ਰਭੁ ਕਰੀ ॥ ਪ੍ਰਿਥੀ ਅਨਿਕ ਦੇਖਿ ਕੈ ਡਰੀ ॥੩੯॥੪੪੨॥

(ਹਾਲਾਤ ਇੰਨੇ ਮਾੜੇ ਹੋ ਗਏ ਕਿ) ਜੇਕਰ ਚਾਰ ਸਿੱਖ ਪਾਣੀ ਲੈਣ ਜਾਂਦੇ, ਤਾਂ ਉਹਨਾਂ ਵਿੱਚੋਂ ਦੋ (ਲੜਦੇ ਹੋਏ) ਸ਼ਹੀਦ ਹੋ ਜਾਂਦੇ ਅਤੇ ਦੋ ਜਣੇ ਪਾਣੀ ਲੈ ਕੇ ਵਾਪਸ ਆਉਂਦੇ। ਪ੍ਰਭੂ (ਸਤਿਗੁਰੂ ਜੀ) ਨੇ ਅਜਿਹੀ ਖੇਡ ਰਚਾਈ, ਜਿਸ ਨੂੰ ਵੇਖ ਕੇ ਧਰਤੀ ਅਨੇਕ (ਵਾਰ) ਡਰ ਗਈ ਸੀ। ॥੩੯॥੪੪੨॥

**ਦੋਹਰਾ**

ਇਹ ਬਿਧਿ ਸੋ ਭਾਰੀ ਕਠਿਨ, ਆਨਿ ਬਨੀ ਤਿਹ ਠਾਇ ॥
ਜੋ ਕਛੁ ਅੰਦਰ ਸੋ ਮਿਲੈ, ਸੋਈ ਸਿਖ ਸਬ ਖਾਇ ॥੪੦॥੪੪੩॥

ਇਸ ਤਰ੍ਹਾਂ ਉਸ ਥਾਂ 'ਤੇ ਬਹੁਤ ਔਖੀ (ਸਥਿੱਤੀ) ਆ ਬਣੀ। ਕਿਲ੍ਹੇ ਦੇ ਅੰਦਰ ਜੋ ਕੁਝ ਵੀ ਮਿਲਦਾ ਸੀ, ਸਾਰੇ ਸਿੱਖ ਉਹੀ ਖਾ ਕੇ ਗੁਜ਼ਾਰਾ ਕਰ ਰਹੇ ਸਨ। ॥੪੦॥੪੪੩॥

**ਚੌਪਈ**

ਏਕ ਰੁਪੀਯੈ ਸੇਰ ਬਿਕਾਵੈ ॥ ਸੋ ਭੀ ਢੂਢਤ ਹਾਥ ਨ ਆਵੈ ॥
ਮਿਲਿ ਜੋਧਨ ਇਹ ਭਾਂਤਿ ਨਿਹਾਰਾ ॥ ਅਪਨੇ ਮਨ ਕੇ ਬੀਚ ਬਿਚਾਰਾ ॥੪੧॥੪੪੪॥

(ਅਨਾਜ) ਇੱਕ ਰੁਪਏ ਦਾ ਇੱਕ ਸੇਰ ਵਿਕ ਰਿਹਾ ਸੀ, ਪਰ ਉਹ ਵੀ ਲੱਭਣ 'ਤੇ ਹੱਥ ਨਹੀਂ ਸੀ ਆਉਂਦਾ। ਇਹ ਹਾਲਤ ਵੇਖ ਕੇ ਯੋਧਿਆਂ (ਸਿੰਘਾਂ) ਨੇ ਮਿਲ ਕੇ ਆਪਣੇ ਮਨ ਵਿੱਚ ਵਿਚਾਰ ਕੀਤਾ। ॥੪੧॥੪੪੪॥

ਕੇਤਕ ਸਿੰਘ ਯਹੈ ਬਿਧਿ ਕਰ ਹੀ ॥ ਰਾਤਿ ਸਮੈ ਫਉਜਨ ਪਰ ਪਰ ਹੀ ॥
ਕਰਿ ਸੰਗ੍ਰਾਮ ਅੰਨ ਤਹਾਂ ਲੀਨਾ ॥ ਪੋਟ ਬਾਂਧਿ ਕੇਤਨ ਸਿਰ ਦੀਨਾ ॥੪੨॥੪੪੫॥

ਕੁਝ ਸਿੰਘ ਇਸ ਤਰ੍ਹਾਂ ਕਰਦੇ ਕਿ ਉਹ ਰਾਤ ਦੇ ਸਮੇਂ (ਦੁਸ਼ਮਣ ਦੀਆਂ) ਫੌਜਾਂ 'ਤੇ ਹਮਲਾ ਕਰ ਦਿੰਦੇ। ਉਹ ਲੜਾਈ ਕਰਕੇ ਉੱਥੋਂ ਅਨਾਜ ਖੋਹ ਲੈਂਦੇ ਅਤੇ (ਉਸ ਦੀਆਂ) ਪੋਟਲੀਆਂ ਬੰਨ੍ਹ ਕੇ ਕਈਆਂ ਦੇ ਸਿਰਾਂ 'ਤੇ ਰੱਖ ਦਿੰਦੇ (ਤਾਂ ਜੋ ਕਿਲ੍ਹੇ ਅੰਦਰ ਲਿਆਂਦਾ ਜਾ ਸਕੇ)। ॥੪੨॥੪੪੫॥

ਕੇਤਕ ਜੁੱਧ ਕਰਤ ਤਿਹ ਠਾਈ ॥ ਕੇਤਕ ਪੋਟ ਲਿਯੇ ਸਿਰ ਜਾਹੀ ॥
ਇਹ ਬਿਧਿ ਅੰਨ ਬਹੁਤ ਲੈ ਆਏ ॥ ਕੇਤਕ ਦਿਨ ਇਹ ਭਾਂਤਿ ਬਿਤਾਏ ॥੪੩॥੪੪੬॥

ਕੁਝ ਸਿੰਘ ਉਸ ਥਾਂ 'ਤੇ ਯੁੱਧ ਕਰਦੇ ਰਹਿੰਦੇ (ਤਾਂ ਕਿ ਦੁਸ਼ਮਣ ਨੂੰ ਰੋਕੀ ਰੱਖਣ) ਅਤੇ ਕੁਝ ਸਿੰਘ (ਅਨਾਜ ਦੀਆਂ) ਪੋਟਲੀਆਂ ਸਿਰ 'ਤੇ ਚੁੱਕ ਕੇ (ਕਿਲ੍ਹੇ ਵੱਲ) ਚਲੇ ਜਾਂਦੇ। ਇਸ ਤਰੀਕੇ ਨਾਲ ਉਹ ਕਾਫ਼ੀ ਅਨਾਜ ਲੈ ਆਏ ਅਤੇ ਕੁਝ ਦਿਨ ਇਸੇ ਤਰ੍ਹਾਂ ਬਤੀਤ ਕੀਤੇ। ॥੪੩॥੪੪੬॥

**ਦੋਹਰਾ**

ਤਬ ਇਹ ਬਿਧਿ ਸੂਰਨ ਕਰੀ, ਕੇਤਕ ਦਿਨ ਗੁਜਰਾਨ ॥
ਖਰਚ ਖਾਤ ਪੂਰਨ ਭਏ, ਫਿਰ ਪਹੁਚੇ ਤਿਹ ਥਾਨ ॥੪੪॥੪੪੭॥

ਤਦ ਸੂਰਮਿਆਂ ਨੇ ਇਸ ਤਰੀਕੇ ਨਾਲ ਕੁਝ ਦਿਨ ਗੁਜ਼ਾਰਾ ਕੀਤਾ। ਪਰ ਜਦੋਂ ਖਾ-ਖਰਚ ਕੇ ਉਹ (ਲਿਆਂਦਾ ਹੋਇਆ ਅਨਾਜ) ਵੀ ਖ਼ਤਮ ਹੋ ਗਿਆ, ਤਾਂ ਉਹ ਫਿਰ ਉਸੇ (ਭੁੱਖਮਰੀ ਵਾਲੀ) ਹਾਲਤ ਵਿੱਚ ਪਹੁੰਚ ਗਏ। ॥੪੪॥੪੪੭॥

ਤਬ ਰਾਜਨ ਇਹ ਬਿਧਿ ਕਰੀ, ਧਰਯੋ ਅੰਨ ਤਹਿ ਘੇਰ ॥
ਨਿਸ ਬਾਸਰ ਜਾਗਤ ਰਹੈ, ਫਉਜ ਫਿਰੈ ਚਹੂੰ ਫੇਰ ॥੪੫॥੪੪੮॥

ਤਦ ਪਹਾੜੀ ਰਾਜਿਆਂ ਨੇ ਇਹ ਤਰੀਕਾ ਵਰਤਿਆ ਕਿ ਉਹਨਾਂ ਨੇ ਆਪਣੇ ਅੰਨ-ਭੰਡਾਰਾਂ ਦੇ ਆਲੇ-ਦੁਆਲੇ ਸਖ਼ਤ ਘੇਰਾ ਪਾ ਲਿਆ। ਉਹਨਾਂ ਦੀਆਂ ਫੌਜਾਂ ਦਿਨ-ਰਾਤ ਜਾਗਦੀਆਂ ਰਹਿੰਦੀਆਂ ਅਤੇ ਚਾਰੇ ਪਾਸੇ ਗਸ਼ਤ ਕਰਦੀਆਂ। ॥੪੫॥੪੪੮॥

**ਚੌਪਈ**
ਫਿਰਤ ਫਉਜ ਤਬ ਸਿੰਘ ਨਿਹਾਰੈ ॥ ਅਬ ਕਿਹ ਬਿਧਿ ਕੀਜੈ ਬੀਚਾਰੈ ॥
ਨਾਹ ਨ ਰਾਹੁ ਕਹੌ ਕਿਤ ਜਾਵੈ ॥ ਮਾਰਗ ਕਉਨ ਰਸਤ ਲੇ ਆਵੈ ॥੪੬॥੪੪੯॥

ਜਦੋਂ ਸਿੰਘਾਂ ਨੇ ਦੁਸ਼ਮਣ ਦੀ ਫੌਜ ਨੂੰ (ਇੰਝ ਸਖ਼ਤੀ ਨਾਲ) ਗਸ਼ਤ ਕਰਦੇ ਦੇਖਿਆ, ਤਾਂ ਉਹ ਵਿਚਾਰਨ ਲੱਗੇ ਕਿ ਹੁਣ ਕੀ ਤਰੀਕਾ ਵਰਤਿਆ ਜਾਵੇ। (ਉਹਨਾਂ ਨੇ ਸੋਚਿਆ), "ਕੋਈ ਰਾਹ-ਰਸਤਾ ਨਹੀਂ ਹੈ, ਦੱਸੋ ਕਿੱਧਰ ਜਾਈਏ? ਅਜਿਹਾ ਕਿਹੜਾ ਮਾਰਗ ਹੈ ਜਿਸ ਤੋਂ ਰਾਸ਼ਨ ਲਿਆਇਆ ਜਾ ਸਕੇ?" ॥੪੬॥੪੪੯॥

ਕਰਿਹੋ ਜੁੱਧ ਹੋਨ ਸੋ ਹੋਈ ॥ ਅਬ ਮੁਖ ਫੇਰ ਚਲੋ ਮਤ ਕੋਈ ॥
ਪਰੈ ਸਿੰਘ ਫਉਜਨ ਮੈ ਧਾਈ ॥ ਕਿਯੋ ਜੁੱਧ ਸਬ ਦਿਯੇ ਉਠਾਈ ॥੪੭॥੪੫੦॥

(ਸਿੰਘਾਂ ਨੇ ਫੈਸਲਾ ਕੀਤਾ) "ਅਸੀਂ ਯੁੱਧ ਕਰਾਂਗੇ, ਜੋ ਹੋਣਾ ਹੈ ਹੋ ਜਾਵੇਗਾ। ਹੁਣ ਕੋਈ ਵੀ ਮੂੰਹ ਮੋੜ ਕੇ ਨਾ ਜਾਵੇ।" ਇਹ ਕਹਿ ਕੇ ਸਿੰਘ ਦੁਸ਼ਮਣ ਦੀਆਂ ਫੌਜਾਂ 'ਤੇ ਹਮਲਾ ਕਰਨ ਲਈ ਟੁੱਟ ਪਏ ਅਤੇ ਉਹਨਾਂ ਨੇ ਯੁੱਧ ਕਰਕੇ ਸਾਰਿਆਂ ਨੂੰ (ਮੋਰਚਿਆਂ ਤੋਂ) ਭਜਾ ਦਿੱਤਾ। ॥੪੭॥੪੫੦॥

ਟਿੱਪਣੀ:- ਇਹਨਾਂ ਭੁੱਖੇ ਭਾਣੇ ਸਿੰਘਾਂ ਨੇ ਹਮਲਾਵਰਾਂ ਦਾ ਬਹੁਤ ਬਹਾਦਰੀ ਨਾਲ ਸਾਹਮਣਾ ਕੀਤਾ ਸੀ। ਇਹ ਕੋਈ ਇੱਕ ਦੋ ਦਿਨਾਂ ਦੀ ਗੱਲ ਨਹੀਂ ਬਲਕਿ ਕਈ ਮਹੀਨਿਆਂ ਤੱਕ ਇਵੇਂ ਹੀ ਚੱਲਦਾ ਰਿਹਾ ਸੀ। ਤੁਲਨਾ ਕਰੋ, ਜ਼ਫਰਨਾਮੇ ਵਿੱਚ ਜਿੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਭੁੱਖਣ ਭਾਣੇ 40 ਸਿੰਘਾਂ ਦੀ ਤੁਲਨਾ ਮੁਗਲਾਂ ਦੀ 10 ਲੱਖ ਦੀ ਫੌਜ ਨਾਲ ਕੀਤੀ।

ਗਿਰੀ ਲੋਥ ਪੈ ਲੋਥ ਅਪਾਰਾ ॥ ਤਬ ਰਾਜਨ ਮਨ ਮਾਹਿ ਚਿਤਾਰਾ ॥
ਹੋਇ ਇਕਤ੍ਰ ਸਭ ਹੀ ਉਠਿ ਧਾਏ ॥ ਚਹੂੰ ਓਰ ਤੇ ਸੂਰ ਰਿਸਾਏ ॥੪੮॥੪੫੧॥

(ਯੁੱਧ ਵਿੱਚ) ਲਾਸ਼ਾਂ 'ਤੇ ਲਾਸ਼ਾਂ ਦੇ ਅਣਗਿਣਤ ਢੇਰ ਲੱਗ ਗਏ। ਤਦ ਰਾਜਿਆਂ ਨੇ ਮਨ ਵਿੱਚ ਵਿਚਾਰ ਕੀਤਾ। ਉਹ ਸਾਰੇ ਇਕੱਠੇ ਹੋ ਕੇ ਗੁੱਸੇ ਵਿੱਚ ਆਏ ਹੋਏ ਸੂਰਮਿਆਂ ਵਾਂਗ ਚਾਰੇ ਪਾਸਿਓਂ ਹਮਲਾ ਕਰਨ ਲਈ ਅੱਗੇ ਵਧੇ। ॥੪੮॥੪੫੧॥

**ਦੋਹਰਾ**

ਲਰਤ ਲਰਤ ਦਿਨ ਹੁਇ ਗਯੋ, ਤਬ ਰਾਜਨ ਇਵ ਕੀਨ ॥
ਚਹੂੰ ਓਰ ਦਲ ਸਾਜਿ ਕੈ, ਘੇਰ ਸਿੰਘ ਸਬ ਲੀਨ ॥੪੯॥੪੫੨॥

ਲੜਦਿਆਂ-ਲੜਦਿਆਂ ਦਿਨ ਚੜ੍ਹ ਆਇਆ। ਤਦ ਰਾਜਿਆਂ ਨੇ ਇਸ ਤਰ੍ਹਾਂ ਕੀਤਾ ਕਿ ਚਾਰੇ ਪਾਸਿਓਂ ਆਪਣੇ ਦਲਾਂ ਨੂੰ ਤਿਆਰ ਕਰਕੇ, ਉਹਨਾਂ ਨੇ ਸਾਰੇ ਸਿੰਘਾਂ ਨੂੰ ਘੇਰ ਲਿਆ। ॥੪੯॥੪੫੨॥

**ਚੌਪਈ**

ਚਹੂੰ ਓਰ ਦਲ ਪਰਾ ਅਪਾਰਾ ॥ ਮਾਰਿ ਮਾਰਿ ਕਹਿ ਉਠੇ ਪੁਕਾਰਾ ॥
ਧਿਰ ਧਿਰ ਚੋਟ ਕਰੈ ਅਤਿ ਭਾਰੀ ॥ ਲਰੈ ਸਿੰਘ ਮਾਰੈ ਕਿਲਕਾਰੀ ॥੫੦॥੪੫੩॥

ਚਾਰੇ ਪਾਸਿਓਂ ਅਣਗਿਣਤ ਫੌਜਾਂ ਪੈ ਗਈਆਂ। ਉਹ "ਮਾਰੋ-ਮਾਰੋ" ਕਹਿ ਕੇ ਪੁਕਾਰ ਉੱਠੇ। ਹਰ ਤਰਫ਼ (ਉਹ) ਬਹੁਤ ਭਾਰੀ ਚੋਟਾਂ ਕਰ ਰਹੇ ਸਨ, ਜਦਕਿ ਸਿੰਘ ਕਿਲਕਾਰੀਆਂ ਮਾਰਦੇ ਹੋਏ ਲੜ੍ਹ ਰਹੇ ਸਨ। ॥੫੦॥੪੫੩॥

ਬਰਖੈ ਤੀਰ ਮੇਹ ਅਤਿ ਭਾਰਾ ॥ ਗੋਲੀ ਲਾਗੈ ਜਾਹਿ ਦੁਸਾਰਾ ॥
ਲਗੈ ਤੇਗ ਤਿਹ ਤਨ ਬਿਸਰਾਵੈ ॥ ਪਰੈ ਬਾਨ ਕਛੁ ਬਿਲਮ ਨ ਲਾਵੈ ॥੫੧॥੪੫੪॥

ਤੀਰਾਂ ਦੀ ਭਾਰੀ ਵਰਖਾ ਹੋ ਰਹੀ ਸੀ। (ਜਿਸ ਨੂੰ) ਗੋਲ਼ੀ ਲੱਗਦੀ, (ਉਹ ਸਰੀਰ ਦੇ) ਦੂਜੇ ਪਾਸੇ ਨਿਕਲ ਜਾਂਦੀ। ਜਿਸ ਨੂੰ ਤਲਵਾਰ ਲੱਗਦੀ, ਉਹ ਆਪਣੇ ਸਰੀਰ ਦੀ ਸੁੱਧ-ਬੁੱਧ ਭੁੱਲ ਜਾਂਦਾ। ਜਿਸ ਨੂੰ ਤੀਰ ਵੱਜਦਾ, ਉਹ ਪਲ ਭਰ ਦੀ ਦੇਰੀ ਵੀ ਨਾ ਲਾਉਂਦਾ (ਭਾਵ, ਤੁਰੰਤ ਪ੍ਰਾਣ ਤਿਆਗ ਦਿੰਦਾ)। ॥੫੧॥੪੫੪॥

ਐਸੋ ਜੁੱਧ ਭਯੋ ਤਿਹ ਭਾਰਾ ॥ ਪਰੀ ਲੋਥ ਪੈ ਲੋਥ ਅਪਾਰਾ ॥
ਜਪੈ ਖਾਲਸਾ ਸੁਰਤਿ ਨ ਔਰ ॥ ਜੂਝੇ ਸਿੰਘ ਸਬੈ ਇਕ ਠਉਰ ॥੫੨॥੪੫੫॥

ਉਸ ਥਾਂ 'ਤੇ ਅਜਿਹਾ ਭਿਆਨਕ ਯੁੱਧ ਹੋਇਆ ਕਿ ਲਾਸ਼ਾਂ 'ਤੇ ਲਾਸ਼ਾਂ ਦੇ ਢੇਰ ਲੱਗ ਗਏ। ਖ਼ਾਲਸਾ (ਵਾਹਿਗੁਰੂ ਦਾ ਨਾਮ) ਜਪ ਰਿਹਾ ਸੀ ਅਤੇ ਉਹਨਾਂ ਦੀ ਸੁਰਤ ਹੋਰ ਕਿਸੇ ਪਾਸੇ ਨਹੀਂ ਸੀ। ਸਾਰੇ ਸਿੰਘ ਇੱਕੋ ਥਾਂ 'ਤੇ ਲੜਦੇ ਹੋਏ ਸ਼ਹੀਦ ਹੋ ਗਏ। ॥੫੨॥੪੫੫॥

**ਦੋਹਰਾ**

ਤਬ ਸਿੱਖਨ ਮਿਲਿ ਕੈ ਕਰੀ, ਸਤਿਗੁਰੁ ਪੈ ਅਰਦਾਸ ॥
"ਸਿੰਘ ਗਏ ਥੇ ਰਸਤ ਕੋ, ਸਬਨ ਤਜੇ ਮਿਲਿ ਸਾਸ" ॥੫੩॥੪੫੬॥

ਤਦ (ਕੁਝ) ਸਿੱਖਾਂ ਨੇ ਮਿਲ ਕੇ ਸਤਿਗੁਰੂ ਜੀ ਅੱਗੇ ਅਰਦਾਸ ਕੀਤੀ, "(ਕੁੱਝ) ਸਿੰਘ ਰਸਦ ਲੈਣ ਗਏ ਸਨ। ਉਹ ਸਾਰੇ ਇਕੱਠੇ ਹੀ ਆਪਣੇ ਪ੍ਰਾਣ ਤਿਆਗ ਗਏ ਹਨ।" ॥੫੩॥੪੫੬॥

"ਬਿਨਾ ਹੁਕਮ ਵੇ ਕਿਉਂ ਗਏ ?" ਸਤਿਗੁਰੁ ਕਹੀ ਸੁਨਾਇ ॥

ਮੁਕਤਿ ਕਿਯੋ ਤਿਨ ਸਬਨ ਕੋ, ਜੋ ਜੂਝੇ ਰਨ ਪਾਇ ॥੫੪॥੪੫੭॥

ਸਤਿਗੁਰੂ ਜੀ ਨੇ (ਅੱਗੋਂ) ਫ਼ਰਮਾਇਆ, "ਉਹ ਮੇਰੇ ਹੁਕਮ ਤੋਂ ਬਿਨਾਂ ਕਿਉਂ ਗਏ ਸਨ?" (ਪਰ ਫਿਰ ਵੀ ਆਪਣੀ ਮਿਹਰ ਸਦਕਾ) ਉਹਨਾਂ ਨੇ ਜੰਗ ਵਿੱਚ ਸ਼ਹੀਦ ਹੋਏ ਉਹਨਾਂ ਸਾਰਿਆਂ ਨੂੰ ਮੁਕਤੀ ਬਖ਼ਸ਼ ਦਿੱਤੀ। ॥੫੪॥੪੫੭॥

ਸਦਾ ਕਮਰ ਬਾਂਧੇ ਰਹੈ, ਦਰਸਨ ਦੇਖਿ ਅਘਾਇ ॥
ਜੋ ਕਛੁ ਮਿਲੈ ਹਜੂਰ ਤੇ, ਤਬੈ ਸਿੱਖ ਕਛੁ ਖਾਇ ॥੫੫॥੪੫੮॥

(ਬਾਕੀ ਸਿੰਘ) ਹਰ ਵੇਲੇ ਕਮਰਕੱਸੇ ਕਰੀ ਰੱਖਦੇ (ਤਿਆਰ-ਬਰ-ਤਿਆਰ ਰਹਿੰਦੇ) ਅਤੇ ਗੁਰੂ ਜੀ ਦੇ ਦਰਸ਼ਨ ਕਰਕੇ (ਹੀ) ਤ੍ਰਿਪਤ ਹੋ ਜਾਂਦੇ। ਜਦੋਂ ਹਜ਼ੂਰ (ਗੁਰੂ ਜੀ ਦੇ ਲੰਗਰ) ਤੋਂ ਕੁਝ ਮਿਲਦਾ, ਉਦੋਂ ਹੀ ਸਿੱਖ ਕੁਝ ਖਾਂਦੇ ਸਨ। ॥੫੫॥੪੫੮॥

ਨਿਸ ਬਾਸਰ ਜਾਗਤ ਰਹੈ, ਫਿਰਤ ਰਹੈ ਚਹੂ ਓਰ ॥
ਇਹਿ ਬਿਧਿ ਚਉਕੀ ਦੇਤ ਹੈ, ਮਤਿ ਚੜਿ ਆਵੈ ਚੋਰ ॥੫੬॥੪੫੯॥

ਉਹ ਦਿਨ-ਰਾਤ ਜਾਗਦੇ ਰਹਿੰਦੇ ਅਤੇ ਚਾਰੇ ਪਾਸੇ ਗਸ਼ਤ ਕਰਦੇ ਰਹਿੰਦੇ। ਇਸ ਤਰ੍ਹਾਂ ਉਹ ਪਹਿਰਾ ਦਿੰਦੇ ਸਨ ਤਾਂ ਜੋ ਕੋਈ ਚੋਰ (ਭਾਵ, ਦੁਸ਼ਮਣ) ਚੜ੍ਹਾਈ ਕਰਕੇ ਨਾ ਆ ਜਾਵੇ। ॥੫੬॥੪੫੯॥

**ਚੌਪਈ**

ਇਸ ਹੀ ਭਾਂਤਿ ਕਈ ਦਿਨ ਗਏ ॥ ਨਗਰ ਲੋਗ ਠਾਢੇ ਸਭਿ ਭਏ ॥
ਦਰ ਕੈ ਆਗੈ ਕਰੀ ਪੁਕਾਰਾ। "ਅੰਨ ਬਿਨਾ ਜੀਉ ਜਾਇ ਹਮਾਰਾ" ॥੫੭॥੪੬੦॥

ਇਸੇ ਤਰ੍ਹਾਂ ਕਈ ਦਿਨ ਹੋਰ (ਬੀਤ) ਗਏ। (ਅੰਤ) ਸ਼ਹਿਰ ਦੇ ਸਾਰੇ ਲੋਕ (ਇਕੱਠੇ ਹੋ ਕੇ ਗੁਰੂ ਦਰਬਾਰ ਅੱਗੇ) ਖੜੇ ਹੋ ਗਏ। (ਉਹਨਾਂ ਨੇ ਗੁਰੂ ਸਹਿਬ ਦੇ) ਦਰਵਾਜ਼ੇ ਅੱਗੇ ਪੁਕਾਰ ਕੀਤੀ, "ਅੰਨ ਤੋਂ ਬਿਨਾਂ ਸਾਡੀ ਜਾਨ ਜਾ ਰਹੀ ਹੈ।" ॥੫੭॥੪੬੦॥

ਦੇਖਹੁ ਯਹ ਹਵਾਲ ਅਬ ਭਯੋ ॥ ਰਹੇ ਸੁ ਹਾਡ ਚਾਮਿ ਉਡਿ ਗਯੋ ॥
ਬਿਨ ਭੋਜਨ ਜੀਵਨ ਅਬ ਨਾਹੀ ॥ ਸੋ ਬੀ ਜੈਹੈਂ ਸਾਂਝ ਸੁਬਾਹੀ" ॥੫੮॥੪੬੧॥

(ਉਹਨਾਂ ਕਿਹਾ), "ਵੇਖੋ, (ਹੁਣ ਸਾਡਾ) ਇਹ ਹਾਲ ਹੋ ਗਿਆ ਹੈ ਕਿ (ਸਰੀਰ 'ਤੇ ਸਿਰਫ਼) ਹੱਡੀਆਂ ਹੀ ਰਹਿ ਗਈਆਂ ਹਨ ਅਤੇ ਚੰਮ ਉੱਡ ਗਿਆ ਹੈ। ਭੋਜਨ ਤੋਂ ਬਿਨਾਂ ਹੁਣ (ਹੋਰ) ਜੀਵਨ (ਸੰਭਵ) ਨਹੀਂ ਹੈ (ਅਤੇ ਜੋ ਕੁਝ ਪ੍ਰਾਣ ਬਾਕੀ ਹਨ), ਉਹ ਵੀ ਸਵੇਰ-ਸ਼ਾਮ ਤੱਕ ਚਲੇ ਜਾਣਗੇ।" ॥੫੮॥੪੬੧॥

ਇਹ ਬਿਧਿ ਨਗਰ ਸਬੈ ਹਠਿ ਗਹਜੋ ॥ ਤਾਹਿ ਸਮੈ ਪ੍ਰਭੁ ਨੇ ਇਮ ਕਹਜੋ ॥
"ਕੇਤਕ ਦਿਨ ਤੁਮ ਔਰ ਬਿਤਾਵੋ ॥ ਫਿਰਿ ਮਨ ਇੱਛੇ ਭੋਜਨ ਖਾਵੋ" ॥੫੯॥੪੬੨॥

ਇਸ ਤਰ੍ਹਾਂ ਸਾਰੇ ਨਗਰ ਵਾਸੀਆਂ ਨੇ (ਆਨੰਦਪੁਰ ਸਾਹਿਬ ਛੱਡਣ ਦਾ) ਹਠ ਫੜ ਲਿਆ। ਉਸ ਸਮੇਂ ਪ੍ਰਭੂ (ਗੁਰੂ ਜੀ) ਨੇ ਇਸ ਤਰ੍ਹਾਂ ਕਿਹਾ, "ਤੁਸੀਂ ਕੁਝ ਦਿਨ ਹੋਰ ਬਿਤਾ ਲਵੋ, ਫਿਰ ਤੁਸੀਂ ਮਨ-ਚਾਹਿਆ ਭੋਜਨ ਖਾਵੋਗੇ।" ॥੫੯॥੪੬੨॥

**ਦੋਹਰਾ**
ਛਾਡੇ ਤੇ ਆਨੰਦ ਗੜ੍ਹ, ਹੋਤ ਬੀਰ ਸੰਗ੍ਰਾਮ ॥
ਬਡੇ ਸਿੰਘ ਜੋਧਾ ਬਲੀ, ਤੇ ਜੂਝੈ ਤਿਹ ਥਾਨ" ॥੬੦॥੪੬੩॥

(ਗੁਰੂ ਜੀ ਨੇ ਸਮਝਾਇਆ ਕਿ) "ਜੇਕਰ ਅਸੀਂ ਆਨੰਦਗੜ੍ਹ ਛੱਡ ਦਿੱਤਾ ਤਾਂ ਭਿਆਨਕ ਯੁੱਧ ਹੋਵੇਗਾ, ਜਿਸ ਵਿੱਚ ਵੱਡੇ-ਵੱਡੇ ਬਲਵਾਨ ਸਿੰਘ ਯੋਧੇ ਉਸ ਥਾਂ 'ਤੇ ਸ਼ਹੀਦ ਹੋ ਜਾਣਗੇ।" ॥੬੦॥੪੬੩॥

ਸਬ ਸਿੱਖਨ ਐਸੇ ਕਹਜੋ, "ਬੁਰਾ ਹੋਤ ਨਹੀਂ ਕੋਇ ॥
ਛਾਡਿ ਚਲੋ ਆਨੰਦ ਗੜ੍ਹ, ਭਲੀ ਬਾਤ ਹੈ ਸੋਇ" ॥੬੧॥੪੬੪॥

ਸਾਰੇ ਸਿੱਖਾਂ ਨੇ (ਅੱਗੋਂ) ਇਸ ਤਰ੍ਹਾਂ ਕਿਹਾ, "ਕੁਝ ਵੀ ਬੁਰਾ ਨਹੀਂ ਹੁੰਦਾ। ਇਸੇ ਵਿੱਚ ਭਲਾਈ ਹੈ ਕਿ ਅਸੀਂ ਆਨੰਦਗੜ੍ਹ ਛੱਡ ਕੇ ਚੱਲੀਏ।" ॥੬੧॥੪੬੪॥

**ਚੌਪਈ**

ਸਤਿਗੁਰੁ ਕਹੀ, "ਸੁਨੋ, ਬਿਧਿ ਸਾਈ। ਬੁਰਾ ਹੋਤ ਤੁਮਰੇ ਸਿਰ ਭਾਈ।"
ਯੌ ਸਬ ਸੌ ਤਉਹਦ ਲਿਖਵਾਏ। "ਹੋਹੁ ਤਯਾਰ" ਤਬੈ ਫੁਰਮਾਏ ॥੬੨॥੪੬੫॥

ਸਤਿਗੁਰੂ ਜੀ ਨੇ ਕਿਹਾ, "ਹੇ ਭਾਈ! ਸੁਣ ਲਵੋ, ਇਸ ਤਰ੍ਹਾਂ ਕਰਨ ਨਾਲ ਨੁਕਸਾਨ ਤੁਹਾਡੇ ਸਿਰ 'ਤੇ ਹੀ ਹੋਵੇਗਾ, (ਮੇਰੀ ਜ਼ਿੰਮੇਦਾਰੀ ਨਹੀਂ ਹੋਏਗੀ)" ਫਿਰ ਉਹਨਾਂ ਨੇ ਉਹਨਾਂ ਸਾਰਿਆਂ ਕੋਲੋਂ (ਇਹ) ਅਹਿਦਨਾਮਾ ਲਿਖਵਾ ਲਿਆ। ਤਦ (ਗੁਰੂ ਜੀ ਨੇ ਆਨੰਦਪੁਰ ਸਾਹਿਬ ਛੱਡ ਕੇ ਜਾਣ ਲਈ) 'ਤਿਆਰ ਹੋ ਜਾਓ' ਦਾ ਫ਼ਰਮਾਨ ਕੀਤਾ। ॥੬੨॥੪੬੫॥

ਨਗਰ ਭਯੋ ਇਹ ਭਾਂਤਿ ਤਯਾਰਾ ॥ ਬਾਂਧੇ ਬੋਝ ਲਿਯੈ ਸਿਰ ਭਾਰਾ ॥
ਸਾਮਾਂ ਸਬੈ ਕੂਚ ਕਾ ਕੀਨੋ ॥ ਆਪਨ ਬੋਝ ਆਪ ਸਿਰ ਲੀਨੋ ॥੬੩॥੪੬੬॥

(ਹੁਕਮ ਮਿਲਣ 'ਤੇ) ਨਗਰ ਇਸ ਤਰ੍ਹਾਂ ਤਿਆਰ ਹੋਇਆ ਕਿ ਸਾਰਿਆਂ ਨੇ ਭਾਰੇ-ਭਾਰੇ ਬੋਝ ਬੰਨ੍ਹ ਕੇ ਆਪਣੇ ਸਿਰਾਂ 'ਤੇ ਚੁੱਕ ਲਏ। ਸਭ ਨੇ ਕੂਚ ਕਰਨ ਦਾ ਸਾਮਾਨ ਤਿਆਰ ਕੀਤਾ ਅਤੇ ਆਪੋ-ਆਪਣਾ ਬੋਝ ਆਪਣੇ ਸਿਰ 'ਤੇ ਲੈ ਲਿਆ। ॥੬੩॥੪੬੬॥

ਟਿੱਪਣੀ:- ਆਪਣਾ ਬੋਝ ਆਪਣੇ ਸਿਰ ਲੈਣ ਦੇ ਕਥਨ ਪਿੱਛੇ ਕਵੀ ਜੀ ਦੇ ਦੋ ਅਰਥ ਨਜ਼ਰ ਆਉਂਦੇ ਹਨ। ਇੱਕ ਤਾਂ ਲੋਕਾਂ ਦਾ ਨਿੱਜੀ ਸਮਾਨ ਜੋ ਉਹਨਾਂ ਨੇ ਆਪਣੇ ਸਿਰ ਉੱਤੇ ਚੁੱਕ ਲਿਆ। ਦੂਜਾ ਬੋਝ ਗੁਰੂ ਜੀ ਦਾ ਹੁਕਮ ਨਾ ਮੰਨਣ ਦਾ ਹੈ। ਗੁਰੂ ਜੀ ਆਨੰਦਪੁਰ ਸਾਹਿਬ ਛੱਡਣਾ ਨਹੀਂ ਸੰਨ ਚਾਹੁੰਦੇ, ਪਰ ਲੋਕਾਂ ਦੀ ਜਿੱਦ ਮੰਨ ਕੇ ਉਹ ਆਨੰਦਪੁਰ ਸਾਹਿਬ ਛੱਡਣ ਲਈ ਤਿਆਰ ਹੋ ਗਏ ਸਨ।

ਸਾਮਾਂ ਸਬੈ ਕੂਚ ਕਾ ਕੀਨਾ। ਸਿੰਘਨ ਬਾਂਟਿ ਖਜਾਨਾ ਦੀਨਾ।

ਸਬਨ ਪਾਂਚ ਹਥਿਆਰ ਬਧਾਏ । ਸਿੰਘ ਸੂਰ ਬਨਿ ਬਨਿ ਸਭਿ ਆਏ ॥੬੪॥੪੬੭॥

ਕੂਚ ਕਰਨ ਲਈ ਸਾਰਾ ਸਾਮਾਨ ਤਿਆਰ ਕੀਤਾ ਗਿਆ। (ਗੁਰੂ ਜੀ ਨੇ) ਖ਼ਜ਼ਾਨਾ ਸਿੰਘਾਂ ਵਿੱਚ ਵੰਡ ਦਿੱਤਾ। ਸਾਰਿਆਂ ਨੂੰ ਪੰਜ ਹਥਿਆਰ ਬੰਨ੍ਹਵਾ ਦਿੱਤੇ। ਸਾਰੇ ਸਿੰਘ ਸੂਰਬੀਰ ਸੱਜ-ਧੱਜ ਕੇ ਆ ਗਏ। ॥੬੪॥੪੬੭॥

**ਦੋਹਰਾ**

ਔਰ ਬਸਤੁ ਜੇਤੀ ਹੁਤੀ, ਦੀਨੀ ਸਬੈ ਜਲਾਇ ॥
ਛੋਡਿ ਚਲੇ ਆਨੰਦ ਗੜ੍ਹ, ਨਿਮਖ ਬਿਲਮ ਨਹੀਂ ਲਾਇ ॥੬੫॥੪੬੮॥

ਬਾਕੀ ਜਿੰਨੀਆਂ ਵੀ ਵਸਤੂਆਂ ਸਨ, ਉਹ ਸਾਰੀਆਂ ਜਲਾ ਦਿੱਤੀਆਂ ਗਈਆਂ। (ਇਸ ਤਰ੍ਹਾਂ ਗੁਰੂ ਜੀ) ਬਿਨਾਂ ਪਲ ਭਰ ਦੀ ਦੇਰੀ ਕੀਤੇ ਆਨੰਦਗੜ੍ਹ ਛੱਡ ਕੇ ਚੱਲ ਪਏ। ॥੬੫॥੪੬੮॥

**ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਆਨੰਦ ਗੜ੍ਹ ਕਾ ਜੁੱਧ ਦੂਸਰਾ ਬਰਨਨੰ,**
ਯਾਰਵਾਂ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੧ ॥

ਇਸ ਤਰ੍ਹਾਂ ਸ੍ਰੀ ਗੁਰੂ ਸੋਭਾ ਗ੍ਰੰਥ ਵਿੱਚ 'ਆਨੰਦਗੜ੍ਹ ਦੇ ਦੂਸਰੇ ਯੁੱਧ' ਦਾ ਵਰਣਨ ਕਰਨ ਵਾਲਾ ਗਿਆਰ੍ਹਵਾਂ ਅਧਿਆਇ ਸੰਪੂਰਨ ਹੋਇਆ। ਸ਼ੁਭ ਹੋਵੇ। ॥੧੧॥

*****

ਅਧਿਆਇ ੧੨

ਸ੍ਰੀ ਦਸ਼ਮੇਸ਼ ਜੀ ਵੱਲੋਂ ਆਨੰਦਪੁਰ ਸਾਹਿਬ ਛੱਡਣਾ। ਸ਼ਾਹੀ ਟਿੱਬੀ, ਕੀਰਤਪੁਰ ਅਤੇ ਚਮਕੌਰ ਦਾ ਯੁੱਧ। ਸਾਹਿਬਜ਼ਾਦਿਆਂ ਅਤੇ ਸਿੰਘਾਂ ਦੀਆਂ ਸ਼ਹੀਦੀਆਂ।

**ਦੋਹਰਾ**

ਸਤਿਗੁਰੁ ਕ੍ਰਿਪਾ ਤੇ ਕਹੋ, ਧਿਆਵ ਬੀਰ ਸੰਗ੍ਰਾਮ ।
ਜਥਾ ਸਕਤਿ ਉਪਮਾ ਕਹੋ, ਜੋਧਨ ਕੇ ਪਰਕਾਮ ॥੧॥੪੬੯॥

ਸਤਿਗੁਰੂ ਜੀ ਦੀ ਕਿਰਪਾ ਨਾਲ, ਮੈਂ ਸੂਰਬੀਰਾਂ ਦੇ ਯੁੱਧ ਦੇ ਅਧਿਆਇ ਧਰ ਕੇ ਵਰਣਨ ਕਰਦਾ ਹਾਂ। ਆਪਣੀ ਸ਼ਕਤੀ ਅਨੁਸਾਰ ਮੈਂ (ਉਨ੍ਹਾਂ) ਯੋਧਿਆਂ ਦੇ ਮਹਾਨ ਕਾਰਨਾਮਿਆਂ ਦੀ ਉਸਤਤ ਕਰਦਾ ਹਾਂ।॥੧॥੪੬੯॥

ਸਾਹੀ ਟਿੱਬੀ ਆਨਿ ਕੈ, ਖੜੇ ਭਏ ਤਿਹ ਥਾਨ ।
ਰਾਜਾ ਅਰੁ ਤੁਰਕਾਨ ਸਬ, ਨਿਕਟਿ ਪਹੂਚੇ ਆਨ ॥੨॥੪੭੦॥

(ਗੁਰੂ ਜੀ ਸਿੱਖਾਂ ਸਮੇਤ) ਸ਼ਾਹੀ ਟਿੱਬੀ 'ਤੇ ਆ ਕੇ ਉਸ ਥਾਂ ਖੜ੍ਹੇ ਹੋ ਗਏ। (ਉਸੇ ਵੇਲੇ ਪਿੱਛਾ ਕਰਦੇ ਹੋਏ) ਰਾਜੇ ਅਤੇ ਤੁਰਕ (ਮੁਗ਼ਲ) (ਆਪਣੀਆਂ ਫ਼ੌਜਾਂ ਨਾਲ) ਨੇੜੇ ਆ ਪੁੱਜੇ।॥੨॥੪੭੦॥

ਉਦੇ ਸਿੰਘ ਲਲਕਾਰ ਕੈ, ਖੁਸੀ ਕਰੀ ਕਰਤਾਰ ।
ਸਫਲ ਜਨਮੁ ਯਹ ਭਾਂਤਿ ਕਹਿ, ਦੂਤਨ ਕਰੋ ਸੰਘਾਰ ॥੩॥੪੭੧॥

(ਭਾਈ) ਉਦੈ ਸਿੰਘ ਨੂੰ ਲਲਕਾਰ ਕੇ (ਭਾਵ, ਉਸ ਨੂੰ ਪ੍ਰੇਰਣਾ ਦੇ ਕੇ) ਕਰਤਾਰ (ਸਤਿਗੁਰੂ ਜੀ ਨੇ ਉਸ ਉੱਤੇ) (ਆਪਣੀ) ਖ਼ੁਸ਼ੀ (ਜ਼ਾਹਿਰ) ਕੀਤੀ। ਇਸ ਭਾਂਤ ਦਾ (ਯੁੱਧ ਕਰਦਿਆਂ ਸ਼ਹੀਦੀ ਪ੍ਰਾਪਤ ਕਰਨ ਵਾਲਾ)

ਇਹ ਜਨਮ ਸਫਲ ਹੈ, ਇਸਲਈ (ਤੁਸੀਂ ਇਸ ਜਗ੍ਹਾ ਡੱਟ ਕੇ) ਦੁਸ਼ਮਣਾਂ ਦਾ ਸੰਘਾਰ ਕਰੋ। ॥੩॥੪੭੧॥

ਟਿੱਪਣੀ:- ਸਤਿਗੁਰੂ ਜੀ ਨੇ ਭਾਈ ਉਦੈ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਇਹ ਡਿਊਟੀ ਲਗਾਈ ਸੀ ਕਿ ਪਿੱਛਾ ਕਰ ਰਹੀਆਂ ਫ਼ੌਜਾਂ ਨੂੰ ਰੋਕਣ ਲਈ ਇਸੀ ਜਗ੍ਹਾ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕਰੋ। ਮਹਾਰਾਜ ਜਾਣਦੇ ਸਨ ਕਿ ਪਿੱਛਾ ਕਰ ਰਹੀਆਂ ਫ਼ੌਜਾਂ ਨੂੰ ਰੋਕਣ ਵਾਲੇ ਸਿੱਖ ਇੱਥੇ ਸ਼ਹੀਦੀਆਂ ਪ੍ਰਾਪਤ ਕਰ ਜਾਣਗੇ। ਭਾਈ ਉਦੇ ਸਿੰਘ ਜੀ ਵੀ ਇਹ ਜਾਣਦੇ ਸਨ ਕਿ ਇਸ ਜਗ੍ਹਾ ਤੇ ਦੁਸ਼ਮਣ ਦੀਆਂ ਫੌਜਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨ ਦਾ ਮਤਲਬ ਸ਼ਹੀਦੀ ਪ੍ਰਾਪਤ ਕਰਨਾ ਹੀ ਹੈ। ਦੁਸ਼ਮਣ ਦੀਆਂ ਫੌਜਾਂ ਨੂੰ ਇਸ ਜਗ੍ਹਾ ਉੱਤੇ ਇੰਨੀ ਦੇਰ ਤੱਕ ਰੋਕਣਾ ਜ਼ਰੂਰੀ ਸੀ, ਜਿੰਨੀ ਦੇਰ ਤੱਕ ਬਾਕੀ ਦੇ ਸਿੱਖ ਪਰਿਵਾਰ ਸੁਰੱਖਿਅਤ ਦੂਰੀ ਤੱਕ ਨਿਕਲ ਜਾਣ।

ਉਦੇ ਸਿੰਘ ਕੋ ਛੋਰਿ ਕੈ, ਚਲਿ ਆਏ ਤਿਹ ਠਉਰ।
ਬਾਗ ਦੇਖਿ ਬੈਠੇ ਤਹਾਂ, ਨਿਕਟਿ ਗਾਂਵ ਚਮਕੌਰ ॥੪॥੪੭੨॥

ਭਾਈ ਉਦੈ ਸਿੰਘ ਨੂੰ (ਦੁਸ਼ਮਣ ਦਾ ਰਾਹ ਰੋਕਣ ਲਈ) ਉੱਥੇ ਛੱਡ ਕੇ (ਗੁਰੂ ਸਾਹਿਬ ਸਿੰਘਾਂ ਸਮੇਤ) ਅੱਗੇ ਉਸ ਥਾਂ 'ਤੇ ਚਲੇ ਆਏ। ਚਮਕੌਰ ਪਿੰਡ ਦੇ ਨੇੜੇ ਇੱਕ ਬਾਗ਼ ਦੇਖ ਕੇ ਉੱਥੇ ਬਿਰਾਜਮਾਨ ਹੋ ਗਏ। ॥੪॥੪੭੨॥

ਖਬਰਿ ਸੁਨੀ ਜਿਮੀਦਾਰ ਨੇ, ਮੱਧ ਬਸੈ ਚਮਕੌਰ ॥
ਸੁਨਤ ਬਚਨ ਤਤਕਾਲ ਹੀ, ਵਹ ਆਯੋ ਉਠਿ ਦੌਰ ॥੫॥੪੭੩॥

ਚਮਕੌਰ ਵਿੱਚ ਵੱਸਦੇ ਜ਼ਿਮੀਦਾਰ ਨੇ (ਗੁਰੂ ਜੀ ਦੇ ਆਉਣ ਦੀ) ਖ਼ਬਰ ਸੁਣੀ। ਇਹ ਬਚਨ ਸੁਣਦਿਆਂ ਹੀ ਉਹ ਤੁਰੰਤ ਦੌੜਦਾ ਹੋਇਆ (ਗੁਰੂ ਸਾਹਿਬ ਕੋਲ) ਆ ਗਿਆ। ॥੫॥੪੭੩॥

**ਹਾਥ ਜੋਰਿ ਐਸੇ ਕਹਯੋ, "ਬਿਨਤੀ ਸੁਨੋ, ਕਰਤਾਰ !**
ਬਸੋ ਮੱਧਿ ਚਮਕੌਰ ਕੈ, ਅਪਨੀ ਕ੍ਰਿਪਾ ਧਾਰਿ" ॥੬॥੪੭੪॥

(ਉਸਨੇ) ਹੱਥ ਜੋੜ ਕੇ ਇਸ ਤਰ੍ਹਾਂ ਕਿਹਾ, "ਹੇ ਕਰਤਾਰ! ਮੇਰੀ ਬੇਨਤੀ ਸੁਣੋ! (ਆਪ ਜੀ) ਆਪਣੀ ਕਿਰਪਾ ਧਾਰ ਕੇ ਚਮਕੌਰ ਦੇ ਅੰਦਰ (ਮੇਰੀ ਗੜ੍ਹੀ ਵਿੱਚ) ਨਿਵਾਸ ਕਰੋ।"। ॥੬॥੪੭੪॥

ਤਬੈ ਸ੍ਵਾਰ ਸਾਹਿਬ ਭਏ, ਛਾਡਿ ਬਾਗ ਕੀ ਠਉਰ ।
ਸਿੰਘ ਸਾਥ ਸਬ ਹੀ ਲਿਯੇ, ਆਇ ਬਸੇ ਚਮਕਉਰ ॥੭॥੪੭੫॥

ਤਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਗ਼ ਵਾਲੀ ਥਾਂ ਛੱਡ ਕੇ (ਘੋੜੇ 'ਤੇ) ਸਵਾਰ ਹੋ ਗਏ ਤੇ ਸਾਰੇ ਸਿੰਘਾਂ ਨੂੰ (ਆਪਣੇ) ਨਾਲ ਲੈ ਕੇ ਚਮਕੌਰ (ਦੀ ਗੜ੍ਹੀ) ਵਿੱਚ ਆ ਬਿਰਾਜੇ ॥੭॥੪੭੫॥

ਤਬ ਦੂਤਨ ਕੀਨੇ ਲਿਖੇ, ਤੁਮ ਚਲਿ ਆਯੋ ਦਉਰ ।
ਸਿੰਘ ਰਹੇ ਹੈਂ ਆਨਿ ਕੈ, ਨਿਕਟਿ ਗਾਂਵ ਚਮਕਉਰ ॥੮॥੪੭੬॥

ਤਦ (ਵੈਰੀਆਂ ਦੇ) ਦੂਤਾਂ ਨੇ ਲਿਖ ਕੇ ਸੁਨੇਹੇ ਭੇਜੇ ਕਿ ਤੁਸੀਂ ਛੇਤੀ ਦੌੜ ਕੇ ਆ ਜਾਉ, (ਕਿਉਂਕਿ ਗੁਰੂ ਜੀ ਆਪਣੇ ਨਾਲ ਆਪਣੇ) ਸਿੰਘ ਲੈ ਕੇ ਚਮਕੌਰ ਪਿੰਡ ਦੇ ਨੇੜੇ ਆ ਕੇ ਰੁਕੇ ਹੋਏ ਹਨ। ॥੮॥੪੭੬॥

ਠਉਰ ਠਉਰ ਕੀਨੇ ਲਿਖੇ, ਐਸੇ ਦੂਤ ਗਵਾਰ ।
ਉਦੈ ਸਿੰਘ ਪੀਛੇ ਰਹਾ, ਸੁਨਹੁ ਤਾਹਿ ਬੀਚਾਰ ॥੯॥੪੭੭॥

ਇਸ ਤਰ੍ਹਾਂ ਉਨ੍ਹਾਂ ਮੂਰਖ ਜਾਸੂਸਾਂ ਨੇ ਥਾਂ-ਥਾਂ 'ਤੇ (ਸੁਨੇਹੇ) ਲਿਖ ਭੇਜੇ। (ਸ਼ਾਹੀ ਟਿੱਬੀ ਤੇ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ) ਉਦੈ ਸਿੰਘ (ਜੀ ਦੁਸ਼ਮਣਾਂ ਨੂੰ ਰੋਕਣ ਲਈ) ਪਿੱਛੇ ਰਹਿ ਗਏ ਸਨ। (ਹੁਣ) ਉਨ੍ਹਾਂ ਦਾ ਹਾਲ ਸੁਣੋ। ॥੯॥੪੭੭॥

ਰਾਜਾ ਅਰੁ ਤੁਰਕਾਨ ਸਬ, ਨਿਕਟਿ ਪਹੂਚੇ ਆਇ ।
ਉਦੇ ਸਿੰਘ ਤਿਨ ਮੈ ਪਰਯੋ, ਨਿਮਖ ਬਿਲਮ ਨਹੀਂ ਲਾਇ ॥੧੦॥੪੭੮॥

ਰਾਜਿਆਂ ਅਤੇ ਤੁਰਕਾਂ ਦੀਆਂ ਸਾਰੀਆਂ ਫੌਜਾਂ (ਜਦੋਂ) ਨੇੜੇ ਆ ਪਹੁੰਚੀਆਂ,

ਤਾਂ ਭਾਈ ਉਦੈ ਸਿੰਘ ਨੇ ਪਲ ਭਰ ਦੀ ਵੀ ਦੇਰੀ ਨਾ ਲਾਈ ਅਤੇ ਉਨ੍ਹਾਂ ਉੱਤੇ (ਸ਼ੇਰ ਵਾਂਗ ਹਮਲਾ ਕਰ ਕੇ) ਜਾ ਪਏ। ॥੧੦॥੪੭੮॥

**ਝੂਲਨਾ ਸਵੈਯਾ**

ਦਉਰ ਕੈ ਧਾਇ ਜਬ ਜਾਇ ਰਨਿ ਮੈ ਪਰਯੋ, ਭਲੇ ਅਸਵਾਰ ਐਸੇ ਪਛਾਰੇ ।
ਗਿਰੀ ਹੈ ਲੋਥ ਛਬਿ ਯੌ ਧਰੀ ਤਾਹਿ ਕੀ, ਬਸਤ੍ਰ ਸੂਕੇ ਧਰੇ ਸਰ ਕਿਨਾਰੇ ।
ਸੌਨ ਕੈ ਰੰਗ ਮੈ ਲਾਲ ਹੁਇ ਭੁਇ ਪਰੇ, ਮਨੋ ਰੰਗਰੇਜ ਰੰਗ ਰੰਗ ਡਾਰੇ ।
ਪਉਨ ਪਰਵਾਹ ਯਹ ਭਾਂਤਿ ਭਾਰੀ ਬਹਯੋ, ਗਿਰੇ ਹੈਂ ਰੂਖ ਐਸੇ ਅਪਾਰੇ ॥੧੧॥੪੭੯॥

ਜਦੋਂ ਉਨ੍ਹਾਂ ਨੇ ਦੌੜ ਕੇ ਜੰਗ ਦੇ ਮੈਦਾਨ ਵਿੱਚ ਧਾਵਾ ਬੋਲਿਆ, ਤਾਂ ਚੰਗੇ-ਚੰਗੇ ਘੋੜਸਵਾਰਾਂ ਨੂੰ (ਮਾਰ) ਸੁੱਟਿਆ। (ਦੁਸ਼ਮਣ ਦੀ) ਡਿੱਗੀ ਹੋਈ ਲੋਥ ਦਾ ਦ੍ਰਿਸ਼ ਇੰਝ ਸੀ, ਜਿਵੇਂ ਕਿਸੇ ਨੇ ਸਰੋਵਰ ਕੰਢੇ ਕੱਪੜੇ ਸੁੱਕਣੇ ਪਾਏ ਹੋਣ। ਉਹ ਲਹੂ ਨਾਲ ਲੱਥਪੱਥ ਹੋ ਕੇ ਧਰਤੀ 'ਤੇ ਇੰਝ ਡਿੱਗੇ ਪਏ ਸਨ, ਮਾਨੋ ਕਿਸੇ ਲਲਾਰੀ ਨੇ ਰੰਗ ਹੀ ਰੰਗ ਖਿਲਾਰ ਦਿੱਤੇ ਹੋਣ। (ਉਸਦੀ ਬਹਾਦਰੀ ਦੀ) ਤੇਜ਼ ਹਨੇਰੀ ਅਜਿਹੀ ਚੱਲੀ ਕਿ (ਦੁਸ਼ਮਣ ਰੂਪੀ) ਅਣਗਿਣਤ ਰੁੱਖ ਧਰਤੀ 'ਤੇ ਡਿੱਗ ਪਏ। ॥੧੧॥੪੭੯॥

**ਦੋਹਰਾ**

ਪਹਰ ਏਕ ਲੌ ਰਨ ਪਰਯੋ, ਮਹਾਂ ਪ੍ਰਬਲ ਇਕ ਸਾਰ ।
ਉਦੈ ਸਿੰਘ ਜੂਝੈ ਤਬੈ, ਸਤਿਗੁਰੁ ਸਰਨ ਬਿਚਾਰ ॥੧੨॥੪੮੦॥

ਇੱਕ ਪਹਿਰ ਤੱਕ ਬਹੁਤ ਭਿਆਨਕ ਅਤੇ ਲਗਾਤਾਰ ਯੁੱਧ ਹੁੰਦਾ ਰਿਹਾ। ਤਦ ਸਤਿਗੁਰੂ ਜੀ ਦੀ ਸ਼ਰਨ (ਲੈਣ ਦਾ) ਵਿਚਾਰ ਕਰ ਕੇ ਭਾਈ ਉਦੈ ਸਿੰਘ ਜੂਝ (ਸ਼ਹੀਦ ਹੋ) ਗਏ। ॥੧੨॥੪੮੦॥

**ਸਵੈਯਾ**

**ਕੇਤੇ ਸਿੰਘ ਸਾਥ ਲੈ ਲੈ ਹਥਿਆਰ ਹਾਥ,**
ਪਰੈ ਧਾਇ ਫਉਜਨ ਮੈ ਭਾਰੀ ਰਨ ਕਰ ਹੀ ।
**ਕਿਨਹੂੰ ਤਰਵਾਰ ਕਿਨਹੀ ਲੀਨੀ ਬਰਛੀ ਸੰਭਾਰਿ,**

ਮੁਖ ਤੇ ਕਹਿ ਮਾਰਿ ਮਾਰਿ ਧਾਇ ਧਾਇ ਪਰ ਹੀ।
**ਕੋਊ ਚਲਾਵੈ ਬਾਨ, ਕਿਸ ਹੀ ਕਰ ਮੈ ਕਮਾਨ,**
ਮਾਰਤ ਹੈ ਤੀਰ ਧੀਰ ਲਗੇ ਤੇ ਨ ਧਰ ਹੀ ।
**ਐਸੀ ਕਰੀ ਹੈ ਮਾਰਿ, ਨਾਹ ਨ ਕਛੁ ਵਾਰਿ ਪਾਰਿ,**
ਲੋਥ ਕੈ ਕਿਯੇ ਪਹਾਰ, ਐਸੇ ਸਿੰਘ ਲਰ ਹੀ ॥੧੩॥੪੮੧॥

(ਭਾਈ ਉਦੈ ਸਿੰਘ ਜੀ ਦੇ) ਕਿੰਨੇ ਹੀ (ਸਾਥੀ) ਸਿੰਘ ਹੱਥਾਂ ਵਿੱਚ ਹਥਿਆਰ ਲੈ ਕੇ, ਫ਼ੌਜਾਂ ਉੱਤੇ ਧਾਵਾ ਬੋਲ ਕੇ ਭਾਰੀ ਜੰਗ ਕਰ ਰਹੇ ਸਨ। ਕਿਸੇ ਨੇ ਤਲਵਾਰ ਅਤੇ ਕਿਸੇ ਨੇ ਬਰਛੀ ਸੰਭਾਲੀ ਹੋਈ ਸੀ, ਅਤੇ ਮੂੰਹੋਂ 'ਮਾਰੋ-ਮਾਰੋ' ਕਹਿੰਦੇ ਹੋਏ (ਵੈਰੀਆਂ 'ਤੇ) ਟੁੱਟ ਪੈਂਦੇ ਸਨ। ਕੋਈ ਤੀਰ ਚਲਾ ਰਿਹਾ ਸੀ, ਕਿਸੇ ਦੇ ਹੱਥ ਵਿੱਚ ਕਮਾਨ ਸੀ, ਉਹ ਧੀਰਜਵਾਨ ਯੋਧੇ ਅਜਿਹੇ ਤੀਰ ਮਾਰਦੇ ਸਨ ਕਿ (ਜਿਸਨੂੰ ਲੱਗਦਾ) ਉਹ ਮੁੜ ਧਰਤੀ 'ਤੇ (ਖੜ੍ਹਾ) ਨਹੀਂ ਸੀ ਰਹਿੰਦਾ। ਉਨ੍ਹਾਂ ਨੇ ਅਜਿਹੀ ਮਾਰ-ਵੱਢ ਮਚਾਈ, ਜਿਸਦਾ ਕੋਈ ਉਰਲਾ-ਪਾਰਲਾ ਬੰਨਾ ਨਹੀਂ ਸੀ, ਇਸ ਤਰ੍ਹਾਂ ਸਿੰਘ ਲੜ ਰਹੇ ਸਨ ਕਿ ਉਨ੍ਹਾਂ ਨੇ ਲੋਥਾਂ ਦੇ ਪਹਾੜ ਖੜ੍ਹੇ ਕਰ ਦਿੱਤੇ। ॥੧੩॥੪੮੧॥

**ਦੋਹਰਾ**

ਪਹਿਰ ਏਕ ਲੌ ਯੋ ਲਰੇ, ਸਿੰਘ ਤਬੈ ਇਕ ਸਾਰ ।
ਲਰਤ ਲਰਤ ਜੂਝੇ ਸਬੈ, ਸਤਿਗੁਰੁ ਸਰਨ ਬਿਚਾਰ ॥੧੪॥੪੮੨॥

ਇੱਕ ਪਹਿਰ ਤੱਕ ਸਿੰਘ ਇਸੇ ਤਰ੍ਹਾਂ ਲਗਾਤਾਰ ਲੜ੍ਹਦੇ ਰਹੇ। ਲੜ੍ਹਦੇ-ਲੜ੍ਹਦੇ ਸਾਰੇ ਹੀ ਸਤਿਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਜੂਝ (ਸ਼ਹੀਦ ਹੋ) ਗਏ। ॥੧੪॥੪੮੨॥

ਤਾਹਿ ਸਮੈ ਦਲ ਦੇਖਿ ਕੈ, ਹੋਇ ਰਹੇ ਹੈਰਾਨ ।
ਆਪ ਕਰਨ ਕਾਰਨ ਤਹਾਂ, ਦੇਖਿ ਰਹੇ ਸਬ ਥਾਨ ॥੧੫॥੪੮੩॥

(ਦੂਜੇ ਪਾਸੇ ਚਮਕੌਰ ਵਿਖੇ) ਉਸ ਸਮੇਂ ਦੁਸ਼ਮਣ ਦੀ ਫੌਜ (ਸਿੰਘਾਂ ਦੀ ਬਹਾਦਰੀ) ਦੇਖ ਕੇ ਹੈਰਾਨ ਹੋ ਰਹੀ ਸੀ। ਜਗਤ ਦੇ ਮੂਲ ਕਾਰਨ (ਗੁਰੂ ਜੀ) ਆਪ ਉੱਥੇ ਸਾਰੇ ਦ੍ਰਿਸ਼ ਨੂੰ ਦੇਖ ਰਹੇ ਸਨ। ॥੧੫॥੪੮੩॥

ਲਿਖੇ ਬਹੁਤ ਚਮਕੌਰ ਤੇ, ਤਬੈ ਪਹੁਚੇ ਆਨ।

ਕਰਿ ਸਾਮਾ ਫਿਰਿ ਜੁੱਧ ਕੀ, ਸਬ ਪਹੁਚੇ ਤਿਹ ਥਾਨ ॥੧੬॥੪੮੪॥

(ਜਾਸੂਸਾਂ ਵੱਲੋਂ) ਚਮਕੌਰ ਤੋਂ ਲਿਖੇ ਗਏ ਬਹੁਤ (ਸੁਨੇਹੇ) ਦੁਸ਼ਮਣ ਫ਼ੌਜਾਂ ਤੱਕ ਪੁੱਜ ਗਏ। ਫਿਰ ਉਹ ਯੁੱਧ ਦਾ ਸਾਮਾਨ ਤਿਆਰ ਕਰਕੇ ਸਾਰੇ ਉਸ ਥਾਂ ਪਹੁੰਚ ਗਏ। ॥੧੬॥੪੮੪॥

ਠਉਰ ਠਉਰ ਧਰਿ ਮੋਰਚੇ, ਤਬੈ ਪਹੂਚੇ ਆਇ ।
ਰਚਜੋ ਜੁੱਧ ਤਾਹੀ ਸਮੈ, ਦਈ ਪਲੀਤੀ ਲਾਇ ॥੧੭॥੪੮੫॥

ਥਾਂ-ਥਾਂ 'ਤੇ ਮੋਰਚੇ ਲਗਾ ਕੇ ਉਸ ਸਮੇਂ ਉਹ (ਗੜ੍ਹੀ ਦੇ ਨੇੜੇ) ਆ ਪਹੁੰਚੇ। ਉਸੇ ਸਮੇਂ ਯੁੱਧ ਦੀ ਸ਼ੁਰੂਆਤ ਹੋ ਗਈ, (ਉਹਨਾਂ ਨੇ ਤੋਪਾਂ ਦੇ ਬਾਰੂਦ ਨੂੰ) ਪਲੀਤਾ ਲਾ ਦਿੱਤਾ। ॥੧੭॥੪੮੫॥

ਚਹੂ ਓਰ ਸਬ ਦਲ ਖਰੇ, ਬੀਚ ਸਿੰਘ ਗੋਬਿੰਦ ।
ਤਾਹਿ ਸਮੈ ਛਬਿ ਯੌ ਕਹੌ, ਜਯੋ ਤਾਰਨ ਮੈ ਚੰਦ ॥੧੮॥੪੮੬॥

ਚਾਰੇ ਪਾਸੇ ਸਾਰੀਆਂ (ਦੁਸ਼ਮਣ) ਫੌਜਾਂ ਖੜ੍ਹੀਆਂ ਸਨ ਅਤੇ ਵਿਚਕਾਰ ਗੁਰੂ ਗੋਬਿੰਦ ਸਿੰਘ ਜੀ ਸਨ। (ਕਵੀ ਜੀ ਆਖਦੇ ਹਨ), ਮੈਂ ਉਸ ਸਮੇਂ ਦੀ ਸੋਭਾ ਇਸ ਤਰ੍ਹਾਂ ਬਿਆਨ ਕਰਦਾ ਹਾਂ, ਜਿਵੇਂ ਤਾਰਿਆਂ ਵਿੱਚ ਚੰਦਰਮਾ (ਸੁਸ਼ੋਭਿਤ ਹੋਵੇ)। ॥੧੮॥੪੮੬॥

ਗਿਰਦ ਆਇ ਸਬ ਦਲ ਖਰੇ, ਖੇਤ ਬਾਰ ਜਿਉ ਹੋਇ ।
ਤਿਹ ਸਮਾਨ ਘੇਰਾ ਪਰੇ, ਚਹੁ ਦਿਸ ਰਾਹ ਨ ਕੋਇ ॥੧੯॥੪੮੭॥

(ਦੁਸ਼ਮਣ ਦੀਆਂ ਸਾਰੀਆਂ) ਫੌਜਾਂ ਨੇ ਆ ਕੇ ਇਸ ਤਰ੍ਹਾਂ ਘੇਰਾ ਪਾ ਲਿਆ, ਜਿਵੇਂ ਖੇਤ ਦੇ ਦੁਆਲੇ ਵਾੜ ਹੁੰਦੀ ਹੈ। ਅਜਿਹਾ ਘੇਰਾ ਪਿਆ ਹੋਇਆ ਸੀ ਕਿ ਚਾਰੇ ਪਾਸੇ (ਨਿਕਲਣ ਦਾ) ਕੋਈ ਰਸਤਾ ਨਹੀਂ ਸੀ। ॥੧੯॥੪੮੭॥

**ਸਵੈਯਾ**
ਮਾਨੋ ਘਟਾ ਉਮਡੀ ਚਹੂੰ ਓਰ ਤੇ, ਯੌ ਉਮਡੇ ਦਲ ਦੂਤ ਕੇ ਆਈ ।
ਘੇਰਿ ਲਈ ਚਮਕੌਰ ਸਬੈ ਸੁ, ਰਹਯੋ ਨਹੀਂ ਰਾਹ ਕਹੋ ਕਿਤ ਜਾਹੀ।
ਚਾਰੋ ਦਿਸਾ ਦਲ ਆਨ ਪਰੇ, ਤਹ ਦੇਖਤ ਸਿੰਘ ਉਠੇ ਭਭਕਾਹੀ ।

ਸਾਹਿਬ ਸਿਉ ਤਬ ਲੇਤ ਖੁਸੀ, ਮਨ ਮੈ ਕਰਿ ਆਨੰਦ ਜੂਝਨ ਜਾਹੀ ॥੨੦॥੪੮੮॥

ਮਾਨੋ ਚਾਰੇ ਪਾਸਿਓਂ ਘਟਾਵਾਂ ਉਮਡ ਆਈਆਂ ਹੋਣ, ਇਸ ਤਰ੍ਹਾਂ ਦੁਸ਼ਮਣਾਂ ਦੇ ਦਲ ਉਮਡ ਕੇ ਆ ਗਏ। ਉਨ੍ਹਾਂ ਸਾਰਿਆਂ ਨੇ ਚਮਕੌਰ (ਦੀ ਗੜ੍ਹੀ) ਨੂੰ ਘੇਰ ਲਿਆ, ਕਿਧਰੇ ਵੀ ਜਾਣ ਦਾ ਕੋਈ ਰਾਹ ਨਹੀਂ ਰਿਹਾ। (ਜਦੋਂ) ਚਾਰੇ ਦਿਸ਼ਾਵਾਂ ਤੋਂ (ਦੁਸ਼ਮਣ) ਦਲ ਆ ਕੇ ਟੁੱਟ ਪਏ, ਤਾਂ ਉਨ੍ਹਾਂ ਨੂੰ ਵੇਖ ਕੇ ਸਿੰਘ ਗੁੱਸੇ ਵਿੱਚ ਭਬਕ ਉੱਠੇ। ਉਹ ਸਾਹਿਬ (ਗੁਰੂ ਜੀ ਤੋਂ ਜੰਗ ਦੀ ਆਗਿਆ ਦੀ) ਖ਼ੁਸ਼ੀ ਲੈਂਦੇ ਹਨ ਅਤੇ ਮਨ ਵਿੱਚ ਆਨੰਦ ਮਨਾਉਂਦੇ ਹੋਏ ਜੂਝਣ ਲਈ ਜਾਂਦੇ ਹਨ। ॥੨੦॥੪੮੮॥

ਆਜ ਮਨਜੂਰ ਪਰੇ ਦਰ ਗੋਬਿੰਦ ਸਿੰਘ ਹੀ ਕੈ ਜੁ ਕਹੈ ਸਬ ਹੀ ।
ਕਰਿ ਮੈ ਗਹਿ ਵਾਰ ਜੁਝਾਰ ਬਡੇ, ਰਨ ਮਾਹਿ ਪਰੇ ਨ ਰਹੇ ਤਬ ਹੀ ।
ਸਬ ਆਪਸ ਮੋ ਮਿਲਿ ਲੇਤ ਖੁਸੀ, ਐਸੋ ਅਬ ਦਾਵ ਭਯੋ ਨ ਕਬ ਹੀ ।
ਸਬ ਅੰਤ ਕੀ ਬਾਰ ਸੰਭਾਰ ਪ੍ਰਭੂ, ਕਰ ਹੈ ਇਵ ਸਾਰ ਲਰੈ ਜਬ ਹੀ ॥੨੧॥੪੮੯॥

ਸਾਰੇ (ਸਿੰਘ) ਆਖ ਰਹੇ ਸਨ ਕਿ ਅੱਜ (ਉਹ) ਗੁਰੂ ਗੋਬਿੰਦ ਸਿੰਘ ਜੀ ਦੇ ਦਰ 'ਤੇ (ਸ਼ਹੀਦੀ ਲਈ) ਪ੍ਰਵਾਨ ਹੋ ਚੁੱਕੇ ਹਨ। ਹੱਥਾਂ ਵਿੱਚ ਹਥਿਆਰ ਫੜ ਕੇ, ਉਹ ਜੂਝਣ ਵਾਲੇ ਵੱਡੇ (ਯੋਧੇ) ਜੰਗ ਦੇ (ਮੈਦਾਨ) ਵਿੱਚ ਕੁੱਦ ਪਏ ਅਤੇ (ਇੱਕ ਪਲ ਵੀ) ਉੱਥੇ (ਖੜ੍ਹੇ) ਨਾ ਰਹੇ। ਸਾਰੇ ਆਪਸ ਵਿੱਚ ਮਿਲ ਕੇ (ਗੁਰੂ ਜੀ ਤੋਂ ਸ਼ਹੀਦੀ ਲਈ ਆਗਿਆ ਲੈ ਕੇ) ਖ਼ੁਸ਼ੀ ਪ੍ਰਾਪਤ ਕਰ ਰਹੇ ਹਨ, (ਕਿਉਂਕਿ) ਅਜਿਹਾ ਸੁਭਾਗਾ ਮੌਕਾ ਪਹਿਲਾਂ ਕਦੇ ਨਹੀਂ ਆਇਆ। ਉਹ ਸਾਰੇ ਆਪਣੇ ਅੰਤਿਮ ਸਮੇਂ ਪ੍ਰਭੂ ਨੂੰ ਯਾਦ ਕਰਦੇ ਹਨ, ਜੋ ਯੁੱਧ ਕਰਨ ਵੇਲੇ ਉਹਨਾਂ ਦੀ ਇਸੇ ਤਰ੍ਹਾਂ ਸਾਰ ਲਵੇਗਾ। ॥੨੧॥੪੮੯॥

ਗਰਜ ਕੈ ਸਿੰਘ ਜੋ ਜਾਇ ਰਨ ਮੈ ਪਰੇ, ਕਿਯੋ ਹੈ ਲੋਹ ਐਸੇ ਬਤਾਏ।
ਕਿਸੀ ਕਰਵਾਰ ਜਮਧਾਰ ਨੇਜਾ ਕਿਸੀ, ਕਿਸੀ ਬੰਦੂਕ ਤੀਰੋ ਚਲਾਏ ।
ਸੂਰ ਸੰਭਾਰਿ ਹਥਿਆਰ ਪਾਂਚੋ ਕਰੇ, ਮਾਰਿ ਹੀ ਮਾਰਿ ਜੋਧਾ ਗਿਰਾਏ ।
ਭਏ ਭੈਮਾਨ ਪੈ ਜਾਨਿ ਐਸੀ ਸਮੈ, ਕਾਲ ਕੇ ਰੂਪ ਇਮ ਸਿੰਘ ਆਏ ॥੨੨॥੪੯੦॥

ਜਦੋਂ ਸਿੰਘ ਗਰਜ ਕੇ ਜੰਗ ਵਿੱਚ ਕੁੱਦ ਪਏ, ਤਾਂ ਉਨ੍ਹਾਂ ਨੇ ਲੋਹ (ਯੁੱਧ) ਕਰ ਕੇ ਦੱਸ (ਦਿਖਾ) ਦਿੱਤਾ ਕਿ (ਜੰਗ) ਇਵੇਂ ਕੀਤੀ ਜਾਂਦੀ ਹੈ। ਕਿਸੇ ਨੇ ਤਲਵਾਰ, ਕਿਸੇ ਨੇ ਕਟਾਰ, ਕਿਸੇ ਨੇ ਨੇਜ਼ਾ, ਅਤੇ ਕਿਸੇ ਨੇ ਬੰਦੂਕ ਤੇ ਤੀਰ ਚਲਾਏ। ਸੂਰਮਿਆਂ ਨੇ ਪੰਜੇ ਸ਼ਸਤਰ ਸੰਭਾਲ ਕੇ ਮਾਰ-ਮਾਰ ਕੇ (ਦੁਸ਼ਮਣ) ਯੋਧਿਆਂ ਨੂੰ (ਯੁੱਧ-ਭੂਮੀ 'ਤੇ) ਗਿਰਾ ਦਿੱਤਾ। ਇਹ ਜਾਣ ਕੇ ਦੁਸ਼ਮਣ ਭੈਭੀਤ ਹੋ ਗਏ ਕਿ ਇਸ ਸਮੇਂ ਇੰਞ ਸਿੰਘ ਕਾਲ ਦਾ ਰੂਪ ਧਾਰ ਕੇ ਆਏ ਹਨ। ॥੨੨॥੪੯੦॥

**ਚੌਪਈ**

ਦਉਰ ਦਉਰ ਫਉਜਨ ਮੈ ਪਰ ਹੀ।
ਸਿੰਘ ਸਬੈ ਐਸੀ ਬਿਧਿ ਕਰ ਹੀ।
ਬਜੇ ਸਾਰ ਸੋ ਸਾਰ ਅਪਾਰਾ ।
ਝੜ ਝੜਾਕ ਬਾਜੈ ਝੁਨਕਾਰਾ ॥੨੩॥੪੯੧॥

ਉਹ ਦੌੜ-ਦੌੜ ਕੇ ਦੁਸ਼ਮਣ ਦੀਆਂ ਫੌਜਾਂ ਵਿੱਚ (ਜਾ) ਵੜਦੇ ਸਨ। ਸਾਰੇ ਸਿੰਘ ਇਸੇ ਤਰ੍ਹਾਂ ਕਰ ਰਹੇ ਸਨ। ਲੋਹੇ 'ਤੇ ਬਹੁਤ ਲੋਹਾ ਵੱਜ ਰਿਹਾ ਸੀ। (ਹਥਿਆਰਾਂ ਦੇ) ਝੜ੍ਹਨ (ਟੁੱਟਣ) ਦੀਆਂ ਝੁਣਕਾਰਾਂ ਗੂੰਜ ਰਹੀਆਂ ਸਨ। ॥੨੩॥੪੯੧॥

ਪੜ ਪੜਾਕ ਧਰਤੀ ਪਰ ਪਰਹੀ।
ਜੂਝੇ ਸੂਰ ਬਹੁਤ ਤਹਿ ਮਰਹੀ ।
ਇਕ ਘਾਇਲ ਹ੍ਵੈ ਗਿਰੇ ਬਿਹਾਲਾ ।
ਏਕਨ ਆਪ ਤਜੇ ਤਤਕਾਲਾ ॥੨੪॥੪੯੨॥

ਧੜਾ-ਧੜ (ਸਰੀਰ) ਧਰਤੀ 'ਤੇ ਡਿੱਗ ਰਹੇ ਸਨ। ਬਹੁਤ ਸਾਰੇ ਸੂਰਮੇ ਉੱਥੇ ਜੂਝ ਕੇ ਮਰ ਰਹੇ ਸਨ। ਕਈ ਜ਼ਖਮੀ ਹੋ ਕੇ ਬੇਹਾਲ ਹੋਇਆ ਡਿੱਗ ਪੈਂਦੇ ਸਨ, ਅਤੇ ਕਈ ਤੁਰੰਤ ਆਪਣੇ ਪ੍ਰਾਣ ਤਿਆਗ ਦਿੰਦੇ ਸਨ। ॥੨੪॥੪੯੨॥

ਇਕ ਭਾਜੇ ਫਿਰਿ ਨਿਕਟਿ ਨ ਆਵੈ ।
ਇਕ ਸਨਮੁਖਿ ਹ੍ਵੈ ਜੁੱਧ ਮਚਾਵੈ ।
ਲਰੈ ਸਿੰਘ ਇਹ ਭਾਂਤਿ ਅਪਾਰੇ ।

ਚੜੀ ਖੁਮਾਰ ਭਏ ਮਤਵਾਰੇ ॥੨੫॥੪੯੩॥

ਕੁਝ (ਵੈਰੀ) ਡਰ ਕੇ ਭੱਜ ਜਾਂਦੇ ਅਤੇ ਮੁੜ ਨੇੜੇ ਨਹੀਂ ਸਨ ਆਉਂਦੇ, (ਜਦਕਿ) ਕੁਝ ਸਾਹਮਣੇ ਹੋ ਕੇ ਯੁੱਧ ਕਰ ਰਹੇ ਸਨ।
(ਉਹਨਾਂ ਨਾਲ) ਸਿੰਘ ਇਸ ਤਰ੍ਹਾਂ ਬਹੁਤ (ਢੰਗਾਂ ਨਾਲ) ਲੜ੍ਹ ਰਹੇ ਸਨ; ਉਨ੍ਹਾਂ ਨੂੰ (ਸ਼ਹੀਦੀ ਦਾ) ਅਜਿਹਾ ਖੁਮਾਰ ਚੜ੍ਹਿਆ ਕਿ ਉਹ ਮਸਤ ਹੋ ਗਏ। ॥੨੫॥੪੯੩॥

ਗੋਲੀ ਲਾਗੈ ਜਾਇ ਗਿਰੀਨੇ । ਬਸਤ੍ਰ ਲਾਲ ਅੰਗ ਸਬ ਕੀਨੇ ।
ਚਹੂ ਓਰ ਚਮਕੈ ਤਰਵਾਰੀ । ਛੁਟੈ ਤੀਰ ਕਛੁ ਵਾਰ ਨ ਪਾਰੀ ॥੨੬॥੪੯੪॥

(ਉਨ੍ਹਾਂ ਦੇ ਸਰੀਰ 'ਤੇ) ਗੋਲੀਆਂ ਲੱਗਦੀਆਂ ਸਨ, ਜਿਸ ਨਾਲ (ਸੂਰਮੇ) ਡਿੱਗ ਪੈਂਦੇ। ਉਨ੍ਹਾਂ ਦੇ ਸਾਰੇ ਕੱਪੜੇ ਅਤੇ ਸਰੀਰ ਲਹੂ ਨਾਲ ਲਾਲ ਹੋ ਗਏ ਸਨ। ਚਾਰੇ ਪਾਸੇ ਤਲਵਾਰਾਂ ਚਮਕ ਰਹੀਆਂ ਸਨ, ਅਤੇ ਤੀਰਾਂ ਦੀ ਅਜਿਹੀ ਵਰਖਾ ਹੋ ਰਹੀ ਸੀ ਜਿਸਦਾ ਕੋਈ ਉਰਲਾ-ਪਾਰਲਾ ਬੰਨਾ ਨਹੀਂ ਸੀ। ॥੨੬॥੪੯੪॥

ਗੋਲੀ ਲਾਗੈ ਜਾਹਿ ਦੁਸਾਰਾ । ਬਰਸੈ ਸੇਤ ਮੇਹਿ ਅਤਿ ਭਾਰਾ ।
ਜੂਝੈ ਸਿੰਘ ਸਬੈ ਇਕ ਸਾਰਾ । ਜਪੈ ਖਾਲਸਾ ਬਾਰੰਬਾਰਾ ॥੨੭॥੪੯੫॥

ਜਿਸ ਨੂੰ ਗੋਲੀ ਲੱਗ ਜਾਂਦੀ, ਉਹ (ਗੋਲ਼ੀ ਉਸਦੇ ਸਰੀਰ ਵਿੱਚੋਂ) ਪਾਰ ਹੋ ਜਾਂਦੀ। (ਬੰਦੂਕਾਂ 'ਚੋਂ) ਗੋਲੀਆਂ ਦੀ ਅਜਿਹੀ ਭਾਰੀ ਵਰਖਾ ਹੋ ਰਹੀ ਸੀ ਜਿਵੇਂ ਮੀਂਹ ਪੈ ਰਿਹਾ ਹੋਵੇ। ਸਾਰੇ ਸਿੰਘ ਇੱਕ-ਮਨ ਹੋ ਕੇ ਜੂਝ ਰਹੇ ਸਨ ਅਤੇ ਖ਼ਾਲਸਾ ਵਾਰ ਵਾਰ (ਵਾਹਿਗੁਰੂ) ਦਾ ਜਾਪ ਕਰ ਰਿਹਾ ਸੀ। ॥੨੭॥੪੯੫॥

**ਦੋਹਰਾ**
ਤਾਹਿ ਸਮੈ ਕਾਰਨ ਕਰਨ, ਲੀਨੋ ਸਿੰਘ ਬੁਲਾਇ ।
ਕਹੀ ਸਿੰਘ ਰਣਜੀਤ ਸੋ, "ਦੂਤਨ ਦੇਹੁ ਸਜਾਇ॥੨੮॥੪੯੬॥

ਉਸ ਸਮੇਂ ਜਗਤ ਦੇ ਮੂਲ ਕਾਰਨ (ਗੁਰੂ ਜੀ) ਨੇ (ਸਾਹਿਬਜ਼ਾਦਾ ਅਜੀਤ) ਸਿੰਘ ਜੀ ਨੂੰ ਬੁਲਾ ਲਿਆ। ਉਨ੍ਹਾਂ ਨੇ (ਸਾਹਿਬਜ਼ਾਦਾ) ਰਣਜੀਤ ਸਿੰਘ ਜੀ ਨੂੰ ਕਿਹਾ, "ਜਾਓ ਅਤੇ ਦੁਸ਼ਮਣਾਂ ਨੂੰ ਸਜ਼ਾ ਦਿਓ।" ॥੨੮॥੪੯੬॥

ਟਿੱਪਣੀ:- ਕਬੀਰ ਸੈਨਾਪਤੀ ਜੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਵੱਡੇ ਸਪੁੱਤਰ ਦਾ ਨਾਮ ਰਣਜੀਤ ਸਿੰਘ ਵੀ ਦਿੱਤਾ ਹੈ।

ਬਿਨਉ ਕਰੀ ਕਰਿ ਜੋਰਿ ਕੈ, "ਖੁਸੀ ਕਰਉ ਕਰਤਾਰ ।
ਕਰਉ ਬੀਰ ਸੰਗ੍ਰਾਮ ਮੈ, ਦੇਖਉ ਆਪਿ ਨਿਹਾਰਿ" ॥੨੯॥੪੯੭॥

(ਸਾਹਿਬਜ਼ਾਦਾ ਜੀ) ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਕਰਤਾਰ! ਮੇਰੇ 'ਤੇ ਖੁਸ਼ੀ (ਕਿਰਪਾ) ਕਰੋ। ਮੈਂ ਵੀਰਤਾ ਨਾਲ ਯੁੱਧ ਕਰਾਂਗਾ, ਤੁਸੀਂ ਆਪ ਨਜ਼ਰ ਰੱਖ ਕੇ ਵੇਖਣਾ।" ॥੨੯॥੪੯੭॥

**ਸਵੈਯਾ**

**ਭਈ ਅਸ ਵਾਜ, "ਅਬ ਜਾਹ, ਰਣਜੀਤ ਸਿੰਘ !**
ਤੁਮ ਕਰੋ ਸੰਗ੍ਰਾਮ ਦੂਤਨ ਸੰਘਾਰੋ ।"
**ਖੁਸੀ ਤਾਹੀ ਸਮੈ ਲਈ ਗੁਰਦੇਵ ਸੌ,**
ਆਨ ਰਨ ਮਾਹਿ ਦਲ ਕੋ ਨਿਹਾਰੋ ।
**ਕਰੀ ਆਵਾਜ਼, "ਅਬ ਆਉ ਅਰਮਾਨ ਜਿਹ,"**
ਸਕਲ ਦਲ ਦੇਖਿ ਦਉਰੇ ਅਪਾਰੋ ।
**ਘੇਰ ਚਹੂ ਦਿਸ ਲਿਯੋ ਆਨਿ ਤੁਰਕਾਨ ਨੇ,**
ਕਰਤ ਸੰਗ੍ਰਾਮ ਰਣਜੀਤ ਭਾਰੋ ॥੩੦॥੪੯੮॥

ਤਦੋਂ ਹੁਕਮ ਹੋਇਆ, "ਹੇ ਰਣਜੀਤ ਸਿੰਘ! ਹੁਣ ਜਾਉ! ਤੁਸੀਂ ਯੁੱਧ ਕਰੋ ਅਤੇ ਦੁਸ਼ਮਣਾਂ ਦਾ ਨਾਸ਼ ਕਰੋ।" ਉਸੇ ਸਮੇਂ ਗੁਰਦੇਵ ਜੀ ਤੋਂ ਖ਼ੁਸ਼ੀ (ਨਾਲ ਆਗਿਆ) ਲੈ ਕੇ, ਉਹਨਾਂ ਨੇ ਜੰਗ ਦੇ ਮੈਦਾਨ ਵਿੱਚ ਆ ਕੇ ਦੁਸ਼ਮਣ ਦਲ ਵੱਲ ਵੇਖਿਆ। ਉਹਨਾਂ ਨੇ ਆਵਾਜ਼ ਮਾਰੀ, "ਜਿਸ ਕਿਸੇ ਦੇ ਮਨ ਵਿੱਚ ਕੋਈ ਅਰਮਾਨ (ਲੜ੍ਹਨ ਦਾ) ਹੈ, ਉਹ ਹੁਣ (ਸਾਹਮਣੇ) ਆਵੇ!" ਇਹ ਸੁਣ ਕੇ ਸਾਰੀ ਦੁਸ਼ਮਣ ਫ਼ੌਜ ਉਸ ਵੱਲ ਦੌੜ ਪਈ। ਤੁਰਕਾਂ ਨੇ ਆ ਕੇ ਉਹਨਾਂ ਨੂੰ ਚਾਰੇ ਪਾਸਿਓਂ ਘੇਰ ਲਿਆ, ਅਤੇ (ਸਾਹਿਬਜ਼ਾਦਾ) ਰਣਜੀਤ ਸਿੰਘ ਭਾਰੀ ਯੁੱਧ ਕਰਨ ਲੱਗ ਪਏ। ॥੩੦॥੪੯੮॥

**ਛਪੈ ਛੰਦ**

ਤਾ ਦਿਨ ਗਡਹੁ ਰਣ ਖੰਭ, ਸਿੰਘ ਰਣਜੀਤ ਧਰਤਿ ਪਰ ।
ਧਰਤਿ ਲਰਜਿ ਉਠੀ ਧੂਰ ਭਾਨੁ ਛਿਪ ਗਯੋ ਆਪ ਘਰ ।
ਪਵਨ ਮੰਦ ਹੁਇ ਰਹੀ, ਰੈਨਿ ਭਈ ਦਿਵਸ ਛਿਪਾਨੇ ।
ਲਰਜੇ ਸਕਲ ਅਕਾਸ, ਤੋਪ ਛੂਟੀ ਪਰਮਾਨੇ ।
ਬਜਯੋ ਨਿਸਾਨ ਤਿਹੂ ਲੋਕ ਮੈ ਸੁਨਿ ਦੇਵਨ ਮਨ ਭਉ ਭਯੋ ।
ਚੜ਼ਿ ਚੜ਼ਿ ਬਿਬਾਨ ਦੇਖਨ ਚਲੇ, ਸੁ ਸੰਕਰ ਸਮੇਤ ਨਹੀਂ ਕੋ ਰਹਯੋ ॥੩੧॥੪੯੯॥

ਉਸ ਦਿਨ ਸਿੰਘ ਰਣਜੀਤ ਨੇ ਧਰਤੀ 'ਤੇ ਜੰਗ ਦਾ ਥੰਮ੍ਹ (ਰਣਖੰਭ) ਗੱਡ ਦਿੱਤਾ। ਧਰਤੀ ਕੰਬ ਉੱਠੀ, ਧੂੜ (ਅਸਮਾਨ 'ਤੇ ਛਾ ਗਈ) ਅਤੇ ਸੂਰਜ ਆਪਣੇ ਘਰ ਵਿੱਚ ਜਾ ਛਿਪਿਆ। ਹਵਾ ਹੌਲੀ ਹੋ ਗਈ ਅਤੇ ਦਿਨ ਛਿਪ ਜਾਣ 'ਤੇ ਰਾਤ ਵਰਗਾ ਹਨੇਰਾ ਹੋ ਗਿਆ। ਸਾਰਾ ਆਕਾਸ਼ ਕੰਬ ਗਿਆ। ਇਹ ਪੱਕੀ ਤਰ੍ਹਾਂ ਜਾਣ ਲਉ ਕਿ ਤੋਪਾਂ ਚੱਲ ਪਈਆਂ। ਉਸਦੇ (ਯੁੱਧ ਦੇ) ਨਗਾਰੇ ਦੀ ਗੂੰਜ ਤਿੰਨਾਂ ਲੋਕਾਂ ਵਿੱਚ ਸੁਣਾਈ ਦਿੱਤੀ, ਜਿਸਨੂੰ ਸੁਣ ਕੇ ਦੇਵਤਿਆਂ ਦੇ ਮਨ ਵਿੱਚ ਡਰ ਪੈਦਾ ਹੋ ਗਿਆ। ਦੇਵਤੇ ਸ਼ਿਵ ਜੀ ਸਮੇਤ, ਆਪਣੇ ਵਿਮਾਨਾਂ 'ਤੇ ਚੜ੍ਹ ਕੇ (ਇਹ ਯੁੱਧ) ਵੇਖਣ ਚੱਲੇ, ਕੋਈ ਵੀ ਪਿੱਛੇ ਨਾ ਰਿਹਾ। ॥੩੧॥੪੯੯॥

**ਦੋਹਰਾ**

ਤਹਾਂ ਆਨਿ ਜੋਗਨਿ ਖਰੀ, ਨਾਰਦ ਵਾਵੈ ਤੂਰ ।
ਜੀਤ ਸਿੰਘ ਰਣ ਮੈ ਮੰਡਿਯੋ, ਹੋਤ ਪਤ੍ਰ ਭਰਪੂਰਿ ॥੩੨॥੫੦੦॥

ਉੱਥੇ (ਲਹੂ ਪੀਣ ਲਈ) ਜੋਗਣੀਆਂ ਆ ਖੜ੍ਹੀਆਂ ਅਤੇ (ਜਸ ਗਾਉਣ ਲਈ) ਨਾਰਦ ਆਪਣਾ ਤੂਰ (ਵਾਜਾ) ਵਜਾਉਣ ਲੱਗਾ। (ਸਾਹਿਬਜ਼ਾਦਾ) ਜੀਤ ਸਿੰਘ (ਅਸਲ ਵਿੱਚ ਰਣਜੀਤ ਸਿੰਘ) ਰਣਭੂਮੀ ਵਿੱਚ (ਇਸ ਤਰ੍ਹਾਂ ) ਡੱਟ ਗਏ ਕਿ (ਜੋਗਣੀਆਂ ਦੇ) ਪਾਤਰ ਭਰਨ ਲੱਗੇ। ॥੩੨॥੫੦੦॥

ਚਹੂੰ ਓਰ ਦਲ ਦੇਖਿ ਕੈ, ਕਰ ਮੈ ਗਹੀ ਕਮਾਨ ।
ਇਹ ਬਿਧਿ ਚਲਤ ਅਪਾਰ ਸਰ, ਸਾਵਨ ਮੇਹ ਸਮਾਨ ॥੩੩॥੫੦੧॥

ਚਾਰੇ ਪਾਸੇ ਦੁਸ਼ਮਣ ਦਲ ਨੂੰ ਵੇਖ ਕੇ, ਉਹਨਾਂ ਨੇ ਹੱਥ ਵਿੱਚ ਕਮਾਨ ਫੜ ਲਈ। (ਉਹਨਾਂ ਦੇ ਹੱਥੋਂ) ਤੀਰ ਇਸ ਤਰ੍ਹਾਂ ਚੱਲ ਰਹੇ ਸਨ, ਜਿਵੇਂ ਸਾਵਣ ਦੇ ਮਹੀਨੇ ਵਿੱਚ ਮੀਂਹ ਵਰ੍ਹਦਾ ਹੈ। ॥੩੩॥੫੦੧॥

ਜਿਹ ਸਰ ਲਾਗਤ ਜਾਇ ਕੈ, ਰਹਿਤ ਨਾਇ ਅਰਮਾਨ ।
ਮਾਨਹੁ ਮੰਡਪ ਖੋਖਰੋ, ਗਿਰ ਗਿਰ ਪਰਤ ਪਠਾਨ ॥੩੪॥੫੦੨॥

ਜਿਸ ਨੂੰ (ਵੀ) ਜਾ ਕੇ ਤੀਰ ਲੱਗਦਾ, ਉਸਦਾ (ਹੋਰ ਯੁੱਧ ਕਰਨ ਦਾ) ਅਰਮਾਨ ਬਾਕੀ ਨਹੀਂ ਸੀ ਰਹਿੰਦਾ। ਪਠਾਣ ਇੰਝ ਡਿੱਗ-ਡਿੱਗ ਕੇ (ਧਰਤੀ ਉੱਤੇ) ਪੈ ਰਹੇ ਸਨ, ਜਿਵੇਂ ਉਹ ਖੋਖਲੇ ਮਹਿਲ ਹੋਣ। ॥੩੪॥੫੦੨॥

**ਛਪੈ ਛੰਦ**

ਕਰ ਮੈ ਗਹੈ ਕਮਾਨ, ਜੁੱਧ ਕੀਨੋ ਅਸਰਾ ਸਰ ।
ਜਿਹ ਉਰ ਮਾਰਤ ਤੀਰ, ਫੋਰ ਬਖਤਰ ਸੁ ਜਾਤ ਸਰ ।
ਲਗੈ ਤਾਹਿ ਕੋ ਆਨ, ਮਾਨ ਕਰਿ ਰਹਿਤ ਸੋਇ ਕਰ ।
ਭੂਲਤ ਹੈ ਘਰ ਬਾਰ, ਸਬੈ ਸੁਧ ਜਾਤ ਬਿਸਰ ਕਰ ।
ਮਾਰੇ ਪਠਾਨ ਇਹ ਭਾਂਤਿ ਕਰਿ, ਜੀਤ ਸਿੰਘ ਤਿਨ ਮੈ ਪਰੋ ।
ਕਰ ਸੋ ਕਮਾਨ ਤਜਿ ਸਾਂਗ ਗਹਿ ਸੁ ਕੇਤੇ ਹਥਿਆਰਨ ਲਰੋ ॥੩੫॥੫੦੩॥

ਹੱਥ ਵਿੱਚ ਕਮਾਨ ਫੜ ਕੇ, ਉਹਨਾਂ ਨੇ ਤੀਰਾਂ ਨਾਲ ਅਜਿਹਾ ਯੁੱਧ ਕੀਤਾ ਕਿ ਉਹ ਜਿਸਦੀ ਛਾਤੀ ਵਿੱਚ ਤੀਰ ਮਾਰਦੇ, ਉਹ ਉਸਦੀ ਸੰਜੋਅ (ਜ਼ਰਾ-ਬਕਤਰ) ਨੂੰ ਚੀਰਦਾ ਹੋਇਆ ਲੰਘ ਜਾਂਦਾ ਸੀ। ਜਿਸ ਨੂੰ ਵੀ ਉਹ ਆ ਕੇ ਲੱਗਦਾ, ਉਹ ਹੰਕਾਰ ਛੱਡ ਦਿੰਦਾ ਤੇ (ਧਰਤੀ ਉੱਤੇ ਸਦਾ ਲਈ) ਸੌਂ ਜਾਂਦਾ। ਉਹ ਆਪਣਾ ਘਰ-ਬਾਰ ਭੁੱਲ ਜਾਂਦਾ ਅਤੇ ਉਸਨੂੰ ਆਪਣੀ ਸਾਰੀ ਸੁੱਧ-ਬੁੱਧ ਵਿਸਰ ਜਾਂਦੀ ਸੀ। ਇਸ ਤਰ੍ਹਾਂ ਪਠਾਣਾਂ ਨੂੰ ਮਾਰਦੇ ਹੋਏ ਜੀਤ ਸਿੰਘ (ਰਣਜੀਤ ਸਿੰਘ) ਜੀ ਉਨ੍ਹਾਂ ਵਿੱਚ ਜਾ ਵੜੇ। (ਫਿਰ ਉਹਨਾਂ ਨੇ) ਹੱਥ ਵਿਚੋਂ ਕਮਾਨ ਛੱਡ ਕੇ ਬਰਛਾ ਫੜ ਲਿਆ ਅਤੇ ਹੋਰ ਕਈ ਹਥਿਆਰਾਂ ਨਾਲ ਲੜ੍ਹੇ। ॥੩੫॥੫੦੩॥

**ਦੋਹਰਾ**

ਦੌਰਯੋ ਦਲ ਮੈ ਧਾਇ ਕੈ, ਲੈ ਕਰ ਸਾਂਗ ਬਨਾਇ ।
ਮਾਰਤ ਜਿਹ ਅਸਵਾਰ ਕੇ, ਛਿਨ ਮੈ ਦੇਤ ਗਿਰਾਇ ॥੩੬॥੫੦੪॥

ਉਹਨਾਂ ਨੇ ਹੱਥ ਵਿੱਚ ਬਰਛਾ ਲੈ ਕੇ ਦੁਸ਼ਮਣ ਦਲ ਉੱਤੇ ਧਾਵਾ ਬੋਲ ਦਿੱਤਾ। ਜਿਸ ਵੀ ਘੋੜਸਵਾਰ ਨੂੰ ਉਹ (ਬਰਛਾ) ਮਾਰ ਦਿੰਦੇ, ਉਸਨੂੰ ਪਲ ਭਰ ਵਿੱਚ ਧਰਤੀ 'ਤੇ ਸੁੱਟ ਦਿੰਦੇ। ॥੩੬॥੫੦੪॥

**ਸਵੈਯਾ**

ਚਲੋ ਰਣਜੀਤ ਜਬ ਜਾਇ ਰਣ ਮੈ ਪਰੋ, ਕਿਯੋ ਸੰਗ੍ਰਾਮ ਐਸੇ ਅਪਾਰੇ ।
ਲੋਥ ਪਰ ਲੋਥ ਤਹਿ ਡਾਰਿ ਕੇਤੀ ਦਈ, ਭਬਕ ਕਰਿ ਰਕਤ ਹੁਇ ਚਲੇ ਨਾਰੇ ।
ਲਿਯੇ ਕਰਿ ਸਾਂਗ ਤਿਹ ਆਂਗ ਪਰ ਧਰਤਿ ਹੈਂ, ਤਬੈ ਤਤਕਾਲ ਤਿਹ ਠਉਰ ਮਾਰੇ ।
ਭੁਜਨ ਪੈ ਜੋਰ ਕਰ ਲੇਤ ਉਠਾਇ ਕੈ, ਸਬਨ ਦਿਖਲਾਇ ਭੁਇ ਮਾਹਿ ਡਾਰੇ ॥੩੭॥੫੦੫॥

ਜਦੋਂ ਸਾਹਿਬਜ਼ਾਦਾ ਰਣਜੀਤ ਸਿੰਘ ਜੀ ਚੱਲ ਕੇ ਜੰਗ ਦੇ ਮੈਦਾਨ ਵਿੱਚ ਜਾ ਹਮਲਾਵਰ ਹੋਏ, ਤਾਂ ਉਹਨਾਂ ਨੇ ਅਜਿਹਾ ਬੇਮਿਸਾਲ ਯੁੱਧ ਕੀਤਾ। ਉਹਨਾਂ ਨੇ ਉੱਥੇ ਲੋਥਾਂ ਉੱਤੇ ਕਈ ਲੋਥਾਂ ਪਾ ਦਿੱਤੀਆਂ, ਅਤੇ ਲਹੂ ਦੇ ਨਾਲੇ ਫੁੱਟ ਕੇ ਵਹਿ ਤੁਰੇ। ਉਹ ਹੱਥ ਵਿੱਚ ਫੜੇ ਨੇਜ਼ੇ ਨੂੰ ਜਿਸਦੇ ਸਰੀਰ 'ਤੇ ਵੀ ਮਾਰ ਦਿੰਦੇ, ਉਸਨੂੰ ਉਸੇ ਥਾਂ 'ਤੇ ਤੁਰੰਤ ਮਾਰ ਦਿੰਦੇ। ਉਹ (ਕਈ ਵਾਰ) ਆਪਣੀਆਂ ਭੁਜਾਵਾਂ ਦੇ ਜ਼ੋਰ ਨਾਲ (ਦੁਸ਼ਮਣ ਨੂੰ ਨੇਜ਼ੇ ਸਮੇਤ) ਉੱਪਰ ਚੁੱਕ ਲੈਂਦੇ, ਸਾਰਿਆਂ ਨੂੰ ਵਿਖਾਉਂਦੇ ਅਤੇ ਫਿਰ ਧਰਤੀ 'ਤੇ ਸੁੱਟ ਦਿੰਦੇ।॥੩੭॥੫੦੫॥

**ਦੋਹਰਾ**

ਲੇਤ ਪਰੋਇ ਪਠਾਨ ਕੋ, ਸਭਹਨ ਸਾਂਗ ਦਿਖਲਾਇ ।
ਦੇਖਤ ਹੀ ਸਬ ਕਰਤ ਹੈਂ, ਅਰੇ ਖੁਦਾਇ ਖੁਦਾਇ ॥੩੮॥੫੦੬॥

ਉਹ ਸਭਨਾਂ ਨੂੰ (ਆਪਣਾ) ਬਰਛਾ ਦਿਖਾਉਂਦੇ ਹੋਏ ਪਠਾਣ ਨੂੰ (ਆਪਣੇ ਉਸੇ ਬਰਛੇ ਵਿੱਚ) ਪਿਰੋ ਲੈਂਦੇ ਸਨ। (ਉਹਨਾਂ ਦਾ ਇਹ ਪ੍ਰਾਕ੍ਰਮ) ਵੇਖਦੇ

ਹੀ ਸਾਰੇ (ਵੈਰੀ) 'ਹਾਏ ਖ਼ੁਦਾ! ਹਾਏ ਖ਼ੁਦਾ!' ਪੁਕਾਰ ਉੱਠਦੇ ਸਨ। ॥੩੮॥੫੦੬॥

**ਸਵੈਯਾ**

ਭਾਂਤਿ ਇਹ ਜੁੱਧ ਰਣਜੀਤ ਭਾਰੀ ਕਿਯੋ, ਸਭੈ ਦਲ ਵਾਹਿ ਵਾਹਿ ਕਹਿ ਪੁਕਾਰੇ ।
ਤਹਾਂ ਮਾਰ ਸਾਂਗਨ ਧਰੀ, ਸਿੰਘ ਐਸੀ ਕਰੀ, ਲੋਥ ਪਰ ਲੋਥ ਕੀਨੇ ਕਿਨਾਰੇ ।
ਰਕਤ ਦਰੀਆਉ ਹੁਇ ਚਲੈ ਤਿਹ ਮਧਿ ਤੇ, ਬਹਜੋ ਪਰਵਾਹਿ ਨਹੀਂ ਵਾਰ ਪਾਰੇ ।
ਅਸ੍ਵ ਪੈਰਤ ਫਿਰੈ, ਸੂਰ ਐਸੀ ਕਰੈ, ਆਪਨੇ ਹਾਥ ਦਲ ਯੌ ਸੰਘਾਰੇ ॥੩੯॥੫੦੭॥

ਸਾਹਿਬਜ਼ਾਦਾ ਰਣਜੀਤ ਸਿੰਘ ਜੀ ਨੇ ਇਸ ਤਰ੍ਹਾਂ ਦਾ ਭਾਰੀ ਯੁੱਧ ਕੀਤਾ ਕਿ ਸਾਰਾ (ਦੁਸ਼ਮਣ) ਦਲ ਵੀ 'ਵਾਹ-ਵਾਹ' ਕਹਿ ਕੇ ਪੁਕਾਰ ਉੱਠਿਆ। ਸਾਹਿਬਜ਼ਾਦਾ ਰਣਜੀਤ ਸਿੰਘ ਜੀ ਨੇ ਉੱਥੇ ਬਰਛੇ ਨਾਲ ਅਜਿਹੀ ਮਾਰ ਮਚਾਈ ਕਿ ਲੋਥਾਂ ਉੱਤੇ ਲੋਥਾਂ ਦੇ ਢੇਰ (ਇੱਕ) ਪਾਸੇ ਲਗਾ ਦਿੱਤੇ। ਉਸ (ਜੰਗ ਦੇ ਮੈਦਾਨ) ਵਿੱਚੋਂ ਲਹੂ ਦਰਿਆ ਬਣ ਕੇ ਵਹਿ ਤੁਰਿਆ, ਜਿਸਦੇ ਵਹਾਅ ਦਾ ਕੋਈ ਉਰਲਾ-ਪਾਰਲਾ ਬੰਨਾ ਨਹੀਂ ਸੀ। ਘੋੜੇ ਉਸ (ਲਹੂ ਦੇ ਦਰਿਆ) ਵਿੱਚ ਤੈਰ ਰਹੇ ਸਨ, ਸੂਰਮਾ ਅਜਿਹੀ ਬਹਾਦਰੀ ਦਿਖਾ ਰਿਹਾ ਸੀ। ਉਹਨਾਂ ਨੇ ਆਪਣੇ ਹੱਥਾਂ ਨਾਲ (ਵੈਰੀ ਦੇ) ਦਲ ਇੰਝ ਮਾਰ ਦਿੱਤੇ। ॥੩੯॥੫੦੭॥

**ਦੋਹਰਾ**

ਕਰਤ ਮਾਰਿ ਚਾਰੋ ਦਿਸਾ, ਜੀਤ ਸਿੰਘ ਅਸਵਾਰ ।
ਸਾਂਗ ਤਜੀ ਕਰਿ ਤੇ ਤਬੈ, ਗਹਿ ਲੀਨੀ ਤਰਵਾਰ ॥੪੦॥੫੦੮॥

ਘੋੜੇ 'ਤੇ ਸਵਾਰ ਹੋ ਕੇ, ਸਾਹਿਬਜ਼ਾਦਾ ਜੀਤ ਸਿੰਘ (ਰਣਜੀਤ ਸਿੰਘ) ਜੀ ਚਾਰੇ ਪਾਸੇ ਮਾਰੋ-ਮਾਰ ਕਰ ਰਹੇ ਸਨ। ਫਿਰ ਉਹਨਾਂ ਨੇ ਹੱਥ ਵਿਚੋਂ ਨੇਜ਼ਾ ਛੱਡ ਦਿੱਤਾ ਅਤੇ ਤਲਵਾਰ ਫੜ ਲਈ। ॥੪੦॥੫੦੮॥

**ਸਵੈਯਾ**

ਟੂਟ ਕੈ ਸਾਂਗ ਦੁਇ ਟੂਕ ਹੁਇ ਭੁਇ ਪਰੀ, ਗਹੀ ਤਰਵਾਰ ਦਲ ਬਹੁਤ ਮਾਰੇ ।
ਏਕ ਕੇ ਸੀਸ ਧਰਿ ਦੁਇ ਟੁਕਰੇ ਕਰੈ, ਦੁਇ ਕੇ ਸੀਸ ਧਰਿ ਕਰਤ ਚਾਰੇ ।
ਭਾਂਤਿ ਇਹ ਪੂਰ ਪਰਵਾਹ ਦੀਨੇ ਕਈ, ਰਕਤ ਦਰੀਆਉ ਮੈ ਪਰੇ ਸਾਰੇ ।
ਗਿਰੇ ਬਿਕਰਾਲ ਬੇਹਾਲ ਸੁਧ ਕਛੁ ਨਹੀਂ, ਪਰੇ ਰਣ ਮਾਹਿ ਸਬ ਕਛੁ ਬਿਸਾਰੇ ।।੪੧।੫੦੯।।

(ਸਾਹਿਬਜ਼ਾਦਾ ਰਣਜੀਤ ਸਿੰਘ ਜੀ ਦਾ) ਨੇਜ਼ਾ ਟੁੱਟ ਕੇ ਦੋ ਟੋਟੇ ਹੋ ਕੇ ਧਰਤੀ 'ਤੇ ਡਿੱਗ ਪਿਆ, (ਤਾਂ ਉਹਨਾਂ ਨੇ) ਤਲਵਾਰ ਫੜ ਲਈ ਅਤੇ ਬਹੁਤ ਸਾਰੇ ਦੁਸ਼ਮਣ ਸੈਨਿਕ ਮਾਰ ਦਿੱਤੇ। ਉਹ ਇੱਕ (ਦੁਸ਼ਮਣ) ਦੇ ਸਿਰ 'ਤੇ ਵਾਰ ਕਰਕੇ ਉਸਦੇ ਦੋ ਟੁਕੜੇ ਕਰ ਦਿੰਦੇ, ਅਤੇ ਦੋ (ਦੁਸ਼ਮਣਾਂ) ਦੇ ਸਿਰਾਂ ਉੱਤੇ (ਵਾਰ ਕਰਕੇ ਉਨ੍ਹਾਂ ਦੇ) ਚਾਰ ਟੁਕੜੇ ਕਰ ਦਿੰਦੇ। ਇਸ ਤਰ੍ਹਾਂ ਉਸਨੇ (ਲਹੂ ਦੇ) ਕਈ ਹੜ੍ਹ ਵਗਾ ਦਿੱਤੇ, ਅਤੇ ਸਾਰੇ (ਵੈਰੀ) ਉਸ ਲਹੂ ਦੇ ਦਰਿਆ ਵਿੱਚ ਡਿੱਗ ਪਏ। ਭਿਆਨਕ ਵੈਰੀ ਬੇਸੁੱਧ ਹੋ ਕੇ ਡਿੱਗ ਪਏ; ਉਹ ਜੰਗ ਦੇ ਮੈਦਾਨ ਵਿੱਚ ਸਭ ਕੁਝ ਭੁੱਲ-ਭੁਲਾ ਕੇ ਪਏ ਸਨ ਅਤੇ ਉਨ੍ਹਾਂ ਨੂੰ ਕੋਈ ਸੁੱਧ ਨਹੀਂ ਸੀ। ।।੪੧।੫੦੯।।

**ਦੋਹਰਾ**

ਬਹੁਤ ਜੁੱਧ ਭਾਰੀ ਭਯੋ, ਨਿਕਟ ਗਾਂਵ ਚਮਕਉਰ ।
ਜਿਹ ਕੇ ਮਾਰਤ ਵਾਰ ਗਹਿ, ਤਿਹ ਮਾਰਤ ਹੈ ਠਉਰ ॥੪੨॥੫੧੦॥

ਚਮਕੌਰ ਪਿੰਡ ਦੇ ਨੇੜੇ ਬਹੁਤ ਭਾਰੀ ਯੁੱਧ ਹੋਇਆ। ਉਹ ਜਿਸ 'ਤੇ ਵੀ (ਹਥਿਆਰ) ਪਕੜ ਕੇ ਵਾਰ ਕਰਦੇ, ਉਸਨੂੰ ਉਸੇ ਥਾਂ 'ਤੇ ਮਾਰ ਦਿੰਦੇ ਸਨ। ॥੪੨॥੫੧੦॥

ਕਿਯੋ ਜੁੱਧ ਇਹ ਭਾਂਤਿ ਕਰਿ, ਬਲੀ ਸਿੰਘ ਰਣਜੀਤਿ ॥
ਬਡੇ ਸੂਰਮਾ ਜੇ ਹੁਤੇ, ਚੁਨਿ ਮਾਰੇ ਇਹ ਰੀਤਿ ॥੪੩॥੫੧੧॥

ਬਲਵਾਨ ਸਾਹਿਬਜ਼ਾਦਾ ਰਣਜੀਤ ਸਿੰਘ ਜੀ ਨੇ ਇਸ ਪ੍ਰਕਾਰ ਦਾ ਯੁੱਧ ਕੀਤਾ। ਜਿਹੜੇ ਵੱਡੇ ਸੂਰਮੇ ਸਨ, ਉਨ੍ਹਾਂ (ਸਾਹਿਬਜ਼ਾਦਾ ਜੀ) ਨੇ ਉਨ੍ਹਾਂ ਨੂੰ ਇਸ ਤਰ੍ਹਾਂ ਚੁਣ-ਚੁਣ ਕੇ ਮਾਰ ਦਿੱਤਾ। ॥੪੩॥੫੧੧॥

**ਸਵੈਯਾ**

ਲਰਤ ਰਣਜੀਤ ਤਿਹ ਠੋਰ ਐਸਾ ਕਿਯੋ, ਕਈ ਦਲ ਮਥਨ ਕੈ ਮਾਰਿ ਡਾਰੇ ।
ਲਈ ਤਰਵਾਰ ਅਰੁ ਵਾਰ ਐਸੇ ਕਰੇ, ਕਰੈ ਦੁਇ ਟੂਕ ਭੁਇ ਮਾਹਿ ਡਾਰੇ ।
ਸ੍ਰੋਨ ਭਾਰੀ ਬਹਯੋ ਉਮਗ ਦਰੀਆਉ ਜੋ, ਪਰੀ ਹੈ ਲੋਥ ਮਾਨੋ ਕਿਨਾਰੇ ।
ਅਸ੍ਵ ਪੈਰਤ ਫਿਰੈ, ਸੂਰ ਐਸੀ ਕਰੈ, ਕਿਯੋ ਸੰਗ੍ਰਾਮ ਐਸੇ ਅਪਾਰੇ ॥੪੪॥੫੧੨॥

(ਸਾਹਿਬਜ਼ਾਦਾ) ਰਣਜੀਤ ਸਿੰਘ ਜੀ ਨੇ ਉਸ ਥਾਂ 'ਤੇ ਲੜਦਿਆਂ ਅਜਿਹਾ (ਯੁੱਧ) ਕੀਤਾ ਕਿ ਕਈ ਦੁਸ਼ਮਣ ਦਲਾਂ ਨੂੰ ਮਥ ਕੇ ਮਾਰ ਸੁੱਟਿਆ। ਉਹਨਾਂ ਨੇ ਤਲਵਾਰ ਲੈ ਕੇ ਅਜਿਹੇ ਵਾਰ ਕੀਤੇ ਕਿ (ਵੈਰੀਆਂ ਦੇ) ਦੋ-ਦੋ ਟੁਕੜੇ ਕਰਕੇ ਧਰਤੀ 'ਤੇ ਸੁੱਟ ਦਿੱਤੇ। ਲਹੂ ਦਾ ਭਾਰੀ ਦਰਿਆ ਉੱਛਲ ਕੇ ਵਹਿ ਤੁਰਿਆ, ਜਿਸਦੇ ਕੰਢਿਆਂ 'ਤੇ ਲੋਥਾਂ ਇੰਝ ਪਈਆਂ ਸਨ ਜਿਵੇਂ ਕੰਢੇ ਬਣੇ ਹੋਣ। ਘੋੜੇ ਉਸ (ਲਹੂ ਦੇ ਦਰਿਆ) ਵਿੱਚ ਤੈਰ ਰਹੇ ਸਨ, ਸੂਰਮਾ (ਸਾਹਿਬਜ਼ਾਦਾ) ਅਜਿਹੀ ਬਹਾਦਰੀ ਦਿਖਾ ਰਿਹਾ ਸੀ। ਉਨ੍ਹਾਂ ਨੇ ਐਸਾ ਅਪਾਰ ਸੰਗਰਾਮ ਕੀਤਾ। ॥੪੪॥੫੧੨॥

**ਦੋਹਰਾ**

**ਲਰਤ ਸੂਰ ਸੰਗ੍ਰਾਮ ਮੈ, ਕਰਿ ਲੀਨੈ ਤਰਵਾਰ ।**
ਬਡੇ ਸੂਰ ਮਾਰੇ ਤਹਾਂ, ਫਉਜਨ ਕੇ ਸਿਰਦਾਰ ॥੪੫॥੫੧੩॥

(ਉਹ) ਸੂਰਬੀਰ (ਸਾਹਿਬਜ਼ਾਦਾ ਸਾਹਿਬ) ਹੱਥ ਵਿੱਚ ਤਲਵਾਰ ਲੈ ਕੇ ਜੰਗ ਦੇ ਮੈਦਾਨ ਵਿੱਚ ਲੜ੍ਹ ਰਹੇ ਸਨ। ਉਹਨਾਂ ਨੇ ਉੱਥੇ ਵੱਡੇ-ਵੱਡੇ ਸੂਰਮੇ ਮਾਰ ਸੁੱਟੇ, (ਜੋ ਆਪਣੀਆਂ) ਫ਼ੌਜਾਂ ਦੇ ਸਰਦਾਰ ਸਨ। ॥੪੫॥੫੧੩॥

ਤਬ ਸਬ ਕਟਕ ਇਕਤ੍ਰ ਹ੍ਵੈ, ਪਰੇ ਚਹੂ ਦਿਸ ਧਾਇ ।
ਕਰ ਮੈ ਗਹਿ ਕਰਵਾਰ ਸਬ, ਨਿਕਟ ਪਹੂਚੇ ਆਇ ॥੪੬॥੫੧੪॥

ਤਦ ਸਾਰੀ ਦੁਸ਼ਮਣ ਫੌਜ ਇਕੱਠੀ ਹੋ ਕੇ ਚਾਰੇ ਪਾਸੇ ਤੋਂ (ਸਾਹਿਬਜ਼ਾਦੇ ਉੱਤੇ) ਟੁੱਟ ਪਈ। ਸਾਰੇ ਜਣੇ ਹੱਥਾਂ ਵਿੱਚ ਤਲਵਾਰਾਂ ਫੜ ਕੇ (ਸਾਹਿਬਜ਼ਾਦੇ ਦੇ) ਨੇੜੇ ਆ ਪਹੁੰਚੇ। ॥੪੬॥੫੧੪॥

**ਸਵੈਯਾ**

ਦੇਖਿ ਤਬੈ ਬਿਧਿ ਐਸੀ ਭਈ, ਰੁਤਿ ਫਾਗਨ ਜੋ ਮਾਨੋ ਖੇਲਨ ਆਯੋ ।
ਲਾਗਤਿ ਸਾਂਗਨ ਤੇਗਨਿ ਤੀਰ, ਤੁਫੰਗਨ ਸ੍ਰੋਨ ਚਲਯੋ ਭਭਕਾਯੋ ।
ਤਾਹਿ ਸਮੈ ਛਬਿ ਐਸੀ ਭਈ, ਮਾਨੋ ਲਾਲ ਗੁਲਾਲ ਕੋ ਰੰਗ ਬਨਾਯੋ ।
ਬਾਗੋ ਬਨੋ ਜਿਹ ਕੇ ਗਲਿ ਲਾਲ, ਮਾਨੋ ਰੰਗਰੇਜ ਅਬੈ ਰੰਗ ਲਜਾਯੋ ॥੪੭॥੫੧੫॥

(ਯੁੱਧ ਦੀ) ਇਹ ਸਥਿਤੀ ਵੇਖ ਕੇ ਇੰਞ ਲੱਗ ਰਿਹਾ ਸੀ, ਮਾਨੋ ਕੋਈ (ਯੋਧਾ) ਫੱਗਣ (ਹੋਲੀ) ਦਾ ਤਿਉਹਾਰ ਖੇਡਣ ਆਇਆ ਹੋਵੇ। ਨੇਜ਼ਿਆਂ, ਤਲਵਾਰਾਂ, ਤੀਰਾਂ ਅਤੇ ਬੰਦੂਕਾਂ ਦੇ ਵੱਜਣ ਨਾਲ, ਲਹੂ ਫੁਹਾਰਿਆਂ ਵਾਂਗ ਵਹਿ ਤੁਰਿਆ। ਉਸ ਸਮੇਂ ਅਜਿਹਾ ਸੁੰਦਰ ਦ੍ਰਿਸ਼ ਬਣ ਗਿਆ, ਮਾਨੋ ਲਾਲ ਗੁਲਾਲ ਦਾ ਰੰਗ ਤਿਆਰ ਕੀਤਾ ਗਿਆ ਹੋਵੇ। ਜਿਸ ਯੋਧੇ ਦਾ ਬਾਣਾ (ਖ਼ੂਨ ਨਾਲ) ਲਾਲ ਸੀ, ਉਹ ਇੰਞ ਲੱਗ ਰਿਹਾ ਸੀ ਮਾਨੋ ਕੋਈ ਲਲਾਰੀ ਹੁਣੇ-ਹੁਣੇ (ਤਾਜ਼ਾ) ਰੰਗ ਲਿਆਇਆ ਹੋਵੇ। ॥੪੭॥੫੧੫॥

**ਦੋਹਰਾ**

ਤਨ ਝਾਰੀ ਕਰਿ ਸੂਰਮਾ, ਸੋਨ ਰੰਗ ਭਰਿ ਲੀਨ ।
ਛਿਰਕਿ ਛਿਰਕਿ ਤਨ ਰੰਗਿਯੋ, ਫਾਗਨ ਕੀ ਰੁਤਿ ਕੀਨ ॥੪੮॥੫੧੬॥

ਸੂਰਮੇ ਨੇ (ਆਪਣੇ) ਸਰੀਰ ਨੂੰ ਇੱਕ ਪਿਚਕਾਰੀ ਬਣਾ ਲਿਆ ਅਤੇ (ਉਸਨੂੰ) ਲਹੂ ਦੇ ਰੰਗ ਨਾਲ ਭਰ ਲਿਆ। ਉਸਨੇ (ਇਸ ਪਿਚਕਾਰੀ ਨਾਲ ਦੁਸ਼ਮਣਾਂ ਦੇ) ਸਰੀਰਾਂ 'ਤੇ ਛਿੜਕ-ਛਿੜਕ ਕੇ ਉਨ੍ਹਾਂ ਨੂੰ ਰੰਗ ਦਿੱਤਾ ਅਤੇ ਫੱਗਣ ਦੀ ਰੁੱਤ ਕਾਇਮ ਕਰ ਦਿੱਤੀ (ਭਾਵ, ਹੋਲੀ ਦਾ ਤਿਉਹਾਰ ਬਣਾ ਦਿੱਤਾ)। ॥੪੮॥੫੧੬॥

**ਸਵੈਯਾ**

ਆਨ ਜੋਗਨਿ ਖਰੀ, ਲਿਯੇ ਪਤ੍ਰ ਅਰੀ, ਕਰੋ ਭਰਪੂਰ ਰਣਜੀਤ ਪਜਾਰੇ ॥
ਤੁਮ ਬਿਨਾ ਕੌਨ ਯਹ ਪਤ੍ਰ ਪੂਰਾ ਕਰੇ, ਕਉਨ ਸੰਗ੍ਰਾਮ ਯੌ ਕਰੇ ਭਾਰੇ ।
ਗਿੱਧ ਮੰਡਲਾਤ ਅਰੁ ਨਾਚ ਨਾਰਦ ਕਰੈ, ਸੂਰ ਅਨਗਨਤ ਤਹਾਂ ਠੌਰ ਮਾਰੇ ।

ਜੁੱਧ ਭਾਰੀ ਭਯੋ ਮਧਿ ਚਮਕਉਰ ਕੇ, ਕਿਯੋ ਸੰਗ੍ਰਾਮ ਐਸੇ ਅਪਾਰੇ ॥੪੯॥੫੧੭॥

(ਉੱਥੇ) ਯੋਗਣੀਆਂ ਆ ਖੜ੍ਹੀਆਂ, ਹੱਥਾਂ ਵਿੱਚ (ਖ਼ਾਲੀ) ਖੱਪਰ ਫੜ ਕੇ ਅੜ ਕੇ (ਕਹਿਣ ਲੱਗੀਆਂ), "ਹੇ ਪਿਆਰੇ ਰਣਜੀਤ! (ਸਾਡੇ ਇਹ ਖੱਪਰ) ਭਰ ਦੇ।" "ਤੁਹਾਡੇ ਬਿਨਾਂ ਹੋਰ ਕੌਣ ਇਹ ਖੱਪਰ ਪੂਰਾ ਭਰੇਗਾ, ਅਤੇ ਕੌਣ ਇਸ ਤਰ੍ਹਾਂ ਦਾ ਭਾਰੀ ਯੁੱਧ ਕਰੇਗਾ?" ਗਿਰਝਾਂ (ਅਸਮਾਨ ਵਿੱਚ) ਮੰਡਰਾ ਰਹੀਆਂ ਸਨ ਅਤੇ ਨਾਰਦ (ਖੁਸ਼ੀ ਵਿੱਚ) ਨੱਚ ਰਿਹਾ ਸੀ, (ਕਿਉਂਕਿ) ਅਣਗਿਣਤ ਸੂਰਮੇ ਉਸ ਥਾਂ ਮਾਰੇ ਗਏ ਸਨ। ਚਮਕੌਰ ਦੇ ਵਿਚਕਾਰ ਇਹ ਭਾਰੀ ਯੁੱਧ ਹੋਇਆ, ਜਿਸ ਵਿੱਚ ( ਸਾਹਿਬਜ਼ਾਦਾ ਰਣਜੀਤ ਸਿੰਘ ਨੇ) ਅਜਿਹਾ ਬੇਮਿਸਾਲ ਸੰਗਰਾਮ ਕੀਤਾ। ॥੪੯॥੫੧੭॥

**ਦੋਹਰਾ**

ਲਗੀ ਕਾਰ ਅਸਵਾਰ ਕੈ, ਕੀਨੇ ਕਾਮ ਅਪਾਰ ।
ਪਿਯੋ ਪਿਆਲਾ ਪ੍ਰੇਮ ਕਾ, ਮਗਨ ਭਯੋ ਅਸਵਾਰ ॥੫੦॥੫੧੮॥

ਘੋੜਸਵਾਰ (ਸਾਹਿਬਜ਼ਾਦਾ ਰਣਜੀਤ ਸਿੰਘ) ਨੂੰ ਅਜਿਹੀ ਕਾਰੀ (ਸੱਟ) ਲੱਗੀ, ਜਿਸ ਨੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਉਹ (ਗੁਰੂ ਦੇ) ਪ੍ਰੇਮ ਦਾ ਪਿਆਲਾ ਪੀ ਕੇ (ਪ੍ਰਭੂ-ਭਗਤੀ ਵਿੱਚ) ਮਗਨ ਹੋ ਗਏ। ॥੫੦॥੫੧੮॥

ਤਾਹਿ ਸਮੈ ਐਸੇ ਕਹਯੋ, ਗੋਬਿੰਦ ਸਰਨ ਬਿਚਾਰ ।
"ਆਜ ਖਾਸ ਭਏ ਖਾਲਸਾ, ਸਤਿਗੁਰੁ ਕੈ ਦਰਬਾਰ" ॥੫੧॥੫੧੯॥

ਉਸ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਰਮਾਤਮਾ ਦੀ ਸ਼ਰਣ ਵਿਚਾਰ ਕੇ ਇੰਞ ਆਖਿਆ,"ਅੱਜ ਖ਼ਾਲਸਾ ਸਤਿਗੁਰੂ ਦੇ ਦਰਬਾਰ ਵਿੱਚ 'ਖ਼ਾਸ' (ਪ੍ਰਵਾਨ) ਹੋ ਗਿਆ ਹੈ।" ॥੫੧॥੫੧੯॥

**ਸਵੈਯਾ**

ਰਾਸ ਰਚੈ ਬਨ ਮੈ ਹਰਿ ਜੀ, ਛਬਿ ਤਾ ਦਿਨ ਤਾਹੀ ਕਿਯੋ ਰਣ ਪਾਯੋ ।
ਬਾਜਤ ਸਾਰ ਸੋ ਸਾਰ ਅਪਾਰ, ਕਰੈ ਝੁਨਕਾਰ ਸੁ ਯੌ ਧੁਨਿ ਲਾਯੋ ।
ਸੂਰ ਸਭੈ ਮਿਲਿ ਖੇਲਤ ਫਾਗਨ, ਦੇਖਤ ਰਾਸ ਉਨੀਦੇ ਹੀ ਆਯੋ ।

ਲਾਲ ਨਿਹਾਲੀ ਕੀ ਸੇਜ ਕਿਯੇ ਸਰ, ਸੋਵਤ ਸੂਰ ਪਲੰਘ ਬਿਛਾਯੋ ॥੫੨॥੫੨੦॥

ਜਿਵੇਂ ਹਰੀ (ਕ੍ਰਿਸ਼ਨ) ਜੀ ਜੰਗਲ ਵਿੱਚ ਰਾਸ ਲੀਲਾ ਰਚਾਉਂਦੇ ਹਨ, ਉਸੇ ਤਰ੍ਹਾਂ ਦੀ ਸੋਭਾ ਵਾਲਾ ਰਣ ਉਸ ਦਿਨ ਕੀਤਾ ਗਿਆ ਸੀ। ਲੋਹੇ ਨਾਲ ਲੋਹੇ ਦੇ ਟਕਰਾਉਣ ਨਾਲ ਅਜਿਹੀ ਛੁਣਕਾਰ ਪੈਦਾ ਹੋ ਰਹੀ ਸੀ, ਮਾਨੋ (ਰਾਸ ਲੀਲਾ ਦਾ) ਸੰਗੀਤ ਵੱਜ ਰਿਹਾ ਹੋਵੇ। ਸਾਰੇ ਸੂਰਮੇ ਮਿਲ ਕੇ ਫੱਗਣ (ਹੋਲੀ) ਖੇਡ ਰਹੇ ਸਨ, ਅਤੇ ਇਸ ਰਾਸ (ਯੁੱਧ-ਲੀਲਾ) ਨੂੰ ਵੇਖ ਕੇ ਉਹ (ਮਸਤੀ ਵਿੱਚ) ਊਂਘਦੇ ਹੋਏ (ਸ਼ਹਾਦਤ ਲਈ) ਆ ਰਹੇ ਸਨ। ਤੀਰਾਂ ਦੇ ਬਿਸਤਰ ਰੂਪ ਪਲੰਘ ਉੱਤੇ ਲਹੂ ਦੀ ਲਾਲ ਚਾਦਰ ਵਿਛਾ ਕੇ, ਸੂਰਮੇ (ਸਦਾ ਲਈ) ਸੌਂ ਗਏ। ॥੫੨॥੫੨੦॥

**ਦੋਹਰਾ**

ਹਿਤ ਚਿਤ ਕੈ ਤਾਹੀ ਸਮੈ, ਚਰਨ ਕਵਲ ਸੋ ਧਯਾਨ ।
ਵਾਹਗੁਰੂ ਮੁਖ ਤੇ ਯੋ, ਸਮੈ ਅੰਤ ਕੀ ਤਾਨ ॥੫੩॥੫੨੧॥

ਉਸ ਸਮੇਂ ਪੂਰੇ ਹਿਰਦੇ ਅਤੇ ਚਿੱਤ ਨਾਲ, (ਸਾਹਿਬਜ਼ਾਦਾ ਜੀ ਨੇ) ਗੁਰੂ ਜੀ ਦੇ ਚਰਨ-ਕਮਲਾਂ ਵਿੱਚ ਧਿਆਨ ਲਗਾਇਆ। ਅੰਤ ਦੇ ਸਮੇਂ ਦੀ ਸੁਰ ਵਿੱਚ ਉਹਨਾਂ ਨੇ ਮੁੱਖ ਤੋਂ 'ਵਾਹਿਗੁਰੂ' ਉਚਾਰਿਆ। ॥੫੩॥੫੨੧॥

**ਸਵੈਯਾ**

ਦੇਖਨ ਕੋ ਬਿਧਿ ਯੋ ਹੀ ਭਈ, ਪ੍ਰਭੁ ਕੀ ਗਤਿ ਕੀ ਕੋਊ ਕਾ ਮਿਤਿ ਜਾਨੇ ।
ਜੂਝ ਪਰੇ ਕਿ ਗਏ ਕਿਤਹੂੰ ਦਿਸ, ਦੇਖਿ ਰਹੈ ਕਿਨਹੂ ਨ ਪਛਾਨੇ ।
ਲੋਥਨ ਮੈ ਨਹੀਂ ਲੋਥ ਪਰੀ, ਨਿਕਸੇ ਕਿਤਹੂ ਕਿਨਹੂ ਨਹੀਂ ਮਾਨੇ ।
ਏਕ ਬਿਚਾਰ ਬਿਚਾਰ ਕਿਯੋ, ਕੋਉ ਤਾਕੋ ਬਿਚਾਰ ਬਿਚਾਰ ਨ ਆਨੇ ॥੫੪॥੫੨੨॥

(ਸਾਹਿਬਜ਼ਾਦਾ ਰਣਜੀਤ ਸਿੰਘ ਬਾਰੇ) ਵੇਖਣ ਨੂੰ ਤਾਂ ਇਉਂ ਹੀ ਹੋਇਆ, ਪਰ ਪ੍ਰਭੂ ਦੀ ਖੇਡ ਦੀ ਹੱਦ ਕੌਣ ਜਾਣ ਸਕਦਾ ਹੈ? ਕੀ ਉਹ ਜੂਝ (ਸ਼ਹੀਦ ਹੋ) ਗਏ ਜਾਂ ਕਿਸੇ ਹੋਰ ਪਾਸੇ ਚਲੇ ਗਏ, ਸਾਰੇ ਵੇਖਦੇ ਰਹਿ ਗਏ, ਪਰ ਕੋਈ ਵੀ ਉਸ (ਸਥਿੱਤੀ) ਨੂੰ ਪਛਾਣ ਨਾ ਸਕਿਆ। ਲੋਥਾਂ ਦੇ ਢੇਰ ਵਿੱਚ (ਉਹਨਾਂ ਦੀ) ਲੋਥ ਨਹੀਂ ਮਿਲੀ। ਉਹ ਕਿਧਰੇ ਸੁਰੱਖਿਅਤ

ਨਿਕਲ ਗਏ, ਇਹ ਗੱਲ ਵੀ ਕਿਸੇ ਨੇ ਨਹੀਂ ਮੰਨੀ। ਹਰ ਕੋਈ ਆਪੋ-ਆਪਣਾ ਵਿਚਾਰ ਬਣਾ ਰਿਹਾ ਸੀ, ਪਰ ਕੋਈ ਵੀ ਕਿਸੇ ਦੂਸਰੇ ਦੇ ਵਿਚਾਰ ਨੂੰ ਮੰਨਣ ਲਈ ਤਿਆਰ ਨਹੀਂ ਸੀ। ॥੫੪॥੫੨੨॥

**ਦੋਹਰਾ**

ਜਬ ਦੇਖਯੋ ਜੁਝਾਰ ਸਿੰਘ, ਸਮਾ ਪਹੂਯੋ ਆਨ ।
ਦੌਰਯੋ ਦਲ ਮੈਂ ਧਾਇ ਕੈ, ਕਰ ਮੈ ਗਹੀ ਕਮਾਨ ॥੫੫॥੫੨੩॥

ਜਦੋਂ (ਸਾਹਿਬਜ਼ਾਦਾ) ਜੁਝਾਰ ਸਿੰਘ ਜੀ ਨੇ ਦੇਖਿਆ ਕਿ (ਹੁਣ ਜੂਝਣ ਦਾ) ਸਮਾਂ ਆ ਗਿਆ ਹੈ, ਤਾਂ ਉਨ੍ਹਾਂ ਨੇ ਹੱਥ ਵਿੱਚ ਕਮਾਨ ਫੜ ਕੇ ਦੁਸ਼ਮਣ ਦਲ ਵਿੱਚ ਧਾਵਾ ਬੋਲਣ ਲਈ ਦੌੜ ਪਏ। ॥੫੫॥੫੨੩॥

**ਸਵੈਯਾ**

ਦਲ ਮੈ ਜੁ ਧਸਯੋ ਬਲਵੰਤ ਬਲੀ, ਇਹ ਭਾਂਤਿ ਸੋ ਤੀਰ ਚਲਾਵਤ ਹੈ ।
ਜਿਹ ਕੇ ਉਰਿ ਮਾਰਤ ਦੇਤ ਗਿਰਾਇ, ਪਰੇ ਰਨ ਮੈ ਬਿਲਲਾਵਤ ਹੈ।
ਗਿਰੀ ਲੋਥ ਪੈ ਲੋਥ ਅਪਾਰ ਤਹਾਂ, ਖਰੀ ਜੋਗਨ ਪਤ੍ਰ ਪੂਰਾਵਤ ਹੈ ।
ਇਹ ਭਾਂਤਿ ਜੁਝਾਰ ਕਰੈ ਰਨ ਮਾਰਿ, ਸੁ ਯੌ ਰਣ ਮੈ ਰਣ ਪਾਵਤ ਹੈ ॥੫੬॥੫੨੪॥

ਜਦੋਂ ਉਹ ਮਹਾਂਬਲੀ ਯੋਧਾ ਦੁਸ਼ਮਣ ਦਲ ਵਿੱਚ ਜਾ ਧਸੇ, (ਤਾਂ ਉਹ) ਇਸ ਤਰ੍ਹਾਂ ਤੀਰ ਚਲਾ ਰਹੇ ਸਨ ਕਿ ਜਿਸਦੀ ਛਾਤੀ ਵਿੱਚ ਵੀ ਮਾਰਦੇ, (ਉਸਨੂੰ ਧਰਤੀ 'ਤੇ) ਸੁੱਟ ਦਿੰਦੇ ਅਤੇ (ਉਹ ਦੁਸ਼ਮਣ) ਰਣ-ਭੂਮੀ ਵਿੱਚ ਪਿਆ ਵਿਲਕਦਾ ਸੀ। ਉੱਥੇ ਲੋਥ 'ਤੇ ਲੋਥ ਡਿੱਗ ਰਹੀ ਸੀ ਅਤੇ ਯੋਗਣੀਆਂ ਖੜ੍ਹੀਆਂ (ਆਪਣੇ) ਪਾਤਰ (ਖੱਪਰ) ਭਰਵਾ ਰਹੀਆਂ ਸਨ। ਇਸ ਤਰ੍ਹਾਂ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਰਣਭੂਮੀ ਵਿੱਚ ਮਾਰ ਕਰ ਰਹੇ ਸਨ, (ਜਿਵੇਂ ਆਖ ਰਹੇ ਹੋਣ ਕਿ) ਜੰਗ ਦੇ ਮੈਦਾਨ ਵਿੱਚ ਇਸ ਤਰ੍ਹਾਂ ਜੰਗ ਕਰੀਦੀ ਹੁੰਦੀ ਹੈ॥੫੬॥੫੨੪॥

**ਛਪੈ ਛੰਦ**

ਕਰ ਮੈ ਗਹੇ ਕਮਾਨ, ਤੀਰ ਯਹ ਭਾਂਤਿ ਚਲਾਵੈ ।
ਜਿਹ ਉਰਿ ਮਾਰਤ ਧਾਇ, ਜਾਤਿ ਬਿਧਿ ਬਿਲਮ ਨ ਲਾਵੈ ।
ਨਿਕਸੈ ਜਾਇ ਦੁਸਾਰ, ਗਿਰੈ ਅਸਵਾਰ ਅੰਤ ਤਹਿ ।

ਛਿਨ ਮੈ ਤਜੈ ਸੁ ਪ੍ਰਾਨ, ਤੀਰ ਲਾਗੰਤ ਜਾਇ ਜਿਹ ।
ਮਾਰੋ ਪਠਾਨ ਯਹ ਭਾਂਤਿ ਕਹਿ, ਚਹੂੰ ਓਰ ਲੋਟੈ ਪਰੈ ।
ਨਾਹ ਨ ਸੁਮਾਰ, ਏਤੇ ਅਪਾਰ, ਐਸੇ ਜੁਝਾਰ ਤਿਨ ਮੈ ਲਰੈ ॥੫੭॥੫੨੫॥

ਉਹ ਹੱਥ ਵਿੱਚ ਕਮਾਨ ਫੜ ਕੇ ਇਸ ਤਰ੍ਹਾਂ ਤੀਰ ਚਲਾਉਂਦੇ ਸਨ ਕਿ ਜਿਸਦੀ ਛਾਤੀ ਵਿੱਚ ਵੀ ਮਾਰਦੇ, ਉਸਨੂੰ ਬਿਨਾਂ ਦੇਰੀ ਕੀਤਿਆਂ ਵਿੰਨ੍ਹ ਜਾਂਦਾ ਸੀ। ਉਹ ਤੀਰ ਦੂਜੇ ਪਾਸਿਓਂ ਨਿਕਲ ਜਾਂਦਾ ਅਤੇ ਘੋੜਸਵਾਰ ਅੰਤ ਵਿੱਚ ਧਰਤੀ 'ਤੇ ਡਿੱਗ ਪੈਂਦਾ ਸੀ। ਜਿਸ ਨੂੰ ਵੀ ਜਾ ਕੇ ਤੀਰ ਲੱਗਦਾ, ਉਹ ਪਲ ਭਰ ਵਿੱਚ ਪ੍ਰਾਣ ਤਿਆਗ ਦਿੰਦਾ ਸੀ। ਇਸ ਤਰ੍ਹਾਂ ਨਾਲ ਉਹਨਾਂ ਨੇ (ਕਈ) ਪਠਾਣ (ਯੁੱਧ ਵਿੱਚ) ਮਾਰ ਦਿੱਤੇ ਤੇ (ਕਈ ਪਠਾਣ ਜੰਗ ਦੇ ਮੈਦਾਨ ਵਿੱਚ (ਜ਼ਖ਼ਮੀ ਹੋਏ) ਚਾਰੇ ਪਾਸੇ ਲਿਟਦੇ ਫਿਰਦੇ ਸਨ। "ਮਾਰੋ ਪਠਾਣ!" ਕਹਿ ਕੇ ਉਹ ਚਾਰੇ ਪਾਸੇ (ਦੁਸ਼ਮਣਾਂ ਨੂੰ) ਢੇਰ ਕਰ ਰਿਹਾ ਸੀ। ਉਨ੍ਹਾਂ ਦੀ ਕੋਈ ਗਿਣਤੀ ਨਹੀਂ ਸੀ, ਇੰਨੇ ਬੇਸ਼ੁਮਾਰ ਸਨ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਉਨ੍ਹਾਂ ਵਿੱਚ ਇਸ ਤਰ੍ਹਾਂ ਲੜ੍ਹ ਰਹੇ ਸਨ। ॥੫੭॥੫੨੫॥

**ਦੋਹਰਾ**

ਚਹੂੰ ਓਰ ਦਲ ਦੇਖ ਕੈ, ਨਿਕਟਿ ਪਹੂਚੇ ਆਇ ।
ਤਬ ਨੇਜਾ ਕਰ ਮੈ ਲਿਯੋ, ਨਿਮਖ ਬਿਲਮ ਨਹੀਂ ਲਾਇ ॥੫੮॥੫੨੬॥

ਜਦੋਂ ਉਨ੍ਹਾਂ ਨੇ ਦੇਖਿਆ ਕਿ ਚਾਰੇ ਪਾਸੇ ਤੋਂ ਦੁਸ਼ਮਣ ਦਲ ਨੇੜੇ ਆ ਪਹੁੰਚਿਆ ਹੈ, ਤਦ ਉਨ੍ਹਾਂ ਨੇ ਪਲ ਭਰ ਦੀ ਵੀ ਦੇਰੀ ਨਾ ਲਾਈ ਅਤੇ ਹੱਥ ਵਿੱਚ ਨੇਜ਼ਾ ਫੜ ਲਿਆ। ॥੫੮॥੫੨੬॥

**ਕਬਿਤੁ**

**ਐਸੇ ਹੀ ਚਲਿਓ ਜਬ ਬਰਛੀ ਫਿਰਾਵੈ ਹਾਥ,**
ਲੇਤ ਹੈ ਪਰੋਇ ਮਾਨੋ ਫੂਲ ਪੋਈਅਤ ਹੈ ।
**ਗੂੰਦਬੇ ਕੋ ਹਾਰ ਝਾਰ, ਝਾਰ ਡਾਰੀ ਘਨਸਾਰ,**
ਪਉਨ ਪਰਵਾਹ ਬਹਯੋ ਐਸੋ ਜੋਈਅਤ ਹੈ ।
**ਬਰਛਾ ਲਗਾਵੈ ਜਾਹਿ, ਲੇਤ ਹੈ ਪਰੋਇ ਤਾਹਿ,**
ਸਬਨ ਦਿਖਲਾਇ ਡਾਰ ਯੌ ਬਿਰੋਈਅਤਿ ਹੈ ।

**ਸ੍ਰੋਨ ਕੋ ਅਗਮ ਨੀਰ, ਦੇਖ ਕੈ ਰਹੈ ਨ ਧੀਰ,**
ਤਾਹੀ ਮੈ ਜੁ ਲੋਥ ਡਾਰ ਯੌ ਡੁਬੋਈਅਤ ਹੈ ॥੫੯॥੫੨੭॥

ਜਦੋਂ ਉਹ ਇਸ ਤਰ੍ਹਾਂ ਹੱਥ ਵਿੱਚ ਬਰਛੀ ਘੁਮਾਉਂਦੇ ਹੋਏ ਚੱਲੇ, ਤਾਂ ਉਹ (ਵੈਰੀਆਂ ਨੂੰ ਬਰਛੀ ਵਿੱਚ) ਇੰਝ ਪਿਰੋ ਲੈਂਦੇ ਸਨ, ਜਿਵੇਂ (ਮਾਲੀ ਵੱਲੋਂ ਹਾਰ ਬਣਾਉਣ ਲੀ) ਫੁੱਲਾਂ ਨੂੰ ਪਰੋਇਆ ਜਾਂਦਾ ਹੈ। (ਮਾਨੋ) ਹਾਰ ਗੁੰਦਣ ਲਈ, ਉਹ (ਨੇਜ਼ੇ ਵਿੱਚ ਪਰੋਏ ਵੈਰੀਆਂ ਨੂੰ) ਇਸ ਤਰ੍ਹਾਂ ਝਾੜਦੇ ਸਨ, ਜਿਵੇਂ (ਹਾਰ ਲਈ) ਕਪੂਰ ਝਾੜਿਆ ਜਾਂਦਾ ਹੈ। ਅਜਿਹਾ ਦ੍ਰਿਸ਼ ਦਿਸਦਾ ਸੀ ਕਿ ਮਾਨੋ (ਉਨ੍ਹਾਂ ਦੀ ਬਹਾਦਰੀ ਦੀ) ਹਵਾ ਦਾ ਤੇਜ਼ ਵਹਾਅ ਚੱਲ ਰਿਹਾ ਹੋਵੇ। ਉਹ ਜਿਸ (ਦੇ ਵੀ ਸ਼ਰੀਰ) ਨੂੰ ਵੀ ਬਰਛਾ ਲਗਾ ਦਿੰਦੇ, ਉਸੇ ਨੂੰ ਵਿੱਚ ਪਰੋ ਲੈਂਦੇ, ਅਤੇ ਸਾਰਿਆਂ ਨੂੰ ਵਿਖਾ ਕੇ ਇਸ ਤਰ੍ਹਾਂ (ਧਰਤੀ 'ਤੇ) ਸੁੱਟ ਦਿੰਦੇ ਸਨ। ਉੱਥੇ ਲਹੂ ਦਾ ਅਥਾਹ ਪਾਣੀ (ਦਰਿਆ) ਵਗ ਰਿਹਾ ਸੀ, ਜਿਸਨੂੰ ਵੇਖ ਕੇ ਧੀਰਜ ਨਹੀਂ ਸੀ ਰਹਿੰਦਾ, ਉਹ ਉਸ ਵਿੱਚ ਹੀ ਲੋਥਾਂ ਨੂੰ ਸੁੱਟ ਕੇ ਇਸ ਤਰ੍ਹਾਂ ਡੁਬੋ ਦਿੰਦੇ ਸਨ। ॥੫੯॥੫੨੭॥

**ਸਵੈਯਾ**
ਯਾ ਬਿਧਿ ਸੋ ਲਰ ਹੈ ਤਹ ਸੂਰਮਾ, ਕੇਤਕ ਮਾਰਿ ਲਏ ਛਿਨ ਮਾਹੀ ।
ਡਾਰ ਸਵਾਰ ਬਿਥਾਰ ਘਨੇ, ਤਿਹ ਦੇਖਤ ਭਾਜਿ ਪਰੇ ਹਟਿ ਜਾਹੀ ।
ਮਾਰ ਹੀ ਮਾਰ ਪੁਕਾਰਤ ਹੈ, ਸਬ ਤੀਰ ਤੁਫੰਗਨ ਚੋਟ ਚਲਾਹੀ ।
**ਯਾ ਬਿਧਿ ਦੇਖਿ ਗਹੀ ਕਰਿ ਤੇਗ** ਸੁ ਸਿੰਘ ਪਰੋ ਰਣ ਮੈ ਭਭਕਾਹੀ ॥੬੦॥੫੨੮॥

ਉਹ ਸੂਰਮਾ ਉੱਥੇ ਇਸ ਵਿਧੀ ਨਾਲ ਲੜ ਰਿਹਾ ਸੀ ਕਿ ਪਲ ਭਰ ਵਿੱਚ ਹੀ ਉਨ੍ਹਾਂ ਨੇ ਕਿੰਨੇ ਹੀ ਵੈਰੀ ਮਾਰ ਲਏ। ਉਨ੍ਹਾਂ ਨੇ ਬਹੁਤ ਸਾਰੇ ਘੋੜਸਵਾਰਾਂ ਨੂੰ ਧਰਤੀ 'ਤੇ ਢੇਰ ਕਰ ਦਿੱਤਾ, ਜਿਸ ਨੂੰ ਵੇਖ ਕੇ (ਬਾਕੀ) ਪਿੱਛੇ ਹਟ ਕੇ ਭੱਜਣ ਲੱਗੇ। ਉਹ (ਦੁਸ਼ਮਣ) 'ਮਾਰੋ-ਮਾਰੋ' ਕਹਿ ਰਹੇ ਸਨ, ਅਤੇ (ਸਾਹਿਬਜ਼ਾਦਾ ਜੀ ਉੱਤੇ) ਸਾਰੇ (ਵੈਰੀ) ਤੀਰਾਂ ਅਤੇ ਬੰਦੂਕਾਂ ਨਾਲ ਵਾਰ ਕਰ ਰਹੇ ਸਨ। ਇਹ ਸਥਿਤੀ ਵੇਖ ਕੇ, ਉਨ੍ਹਾਂ (ਸਾਹਿਬਜ਼ਾਦਾ ਜੀ) ਨੇ (ਆਪਣੇ) ਹੱਥ ਵਿੱਚ ਤਲਵਾਰ ਫੜ ਲਈ, ਅਤੇ ਉਹ ਸ਼ੇਰ (ਸਾਹਿਬਜ਼ਾਦਾ ਜੁਝਾਰ ਸਿੰਘ) ਗ਼ੁੱਸੇ ਵਿੱਚ ਭਬਕ ਕੇ ਰਣ-ਭੂਮੀ ਵਿੱਚ ਕੁੱਦ ਪਿਆ। ॥੬੦॥੫੨੮॥

ਕਰਤ ਸੰਗ੍ਰਾਮ ਜੋ ਜਾਇ ਰਣ ਮੈ ਪਰੋ, ਮਾਰੋ ਇਹ ਭਾਂਤਿ ਨਹਿ ਟਰਤ ਸੂਰਾ ।
ਲਿਯੇ ਤਰਵਾਰ ਅਰੁ ਵਾਰ ਐਸੇ ਕਰੇ, ਏਕ ਤੇ ਦੋਇ ਕਰਿ ਕਰਤ ਪੂਰਾ ।
ਲੋਥ ਪਰ ਲੋਥ ਤਹ ਡਾਰ ਕੇਤੀ ਦਈ, ਪਉਨ ਪਰਵਾਹ ਚਲ ਪਰਤ ਕੂਰਾ ।
ਮਾਰ ਤੇਗਨ ਧਰੀ, ਸਿੰਘ ਐਸੀ ਕਰੀ, ਲਰਤ ਜੁਝਾਰ ਬਾਜੰਤ ਤੂਰਾ ॥੬੧॥੫੨੯॥

(ਸਾਹਿਬਜ਼ਾਦਾ ਜੁਝਾਰ ਸਿੰਘ ਜੀ) ਯੁੱਧ ਕਰਦਾ ਹੋਇਆ ਜਦੋਂ ਰਣ-ਭੂਮੀ ਵਿੱਚ ਕੁੱਦ ਪਏ, ਤਾਂ ਉਨ੍ਹਾਂ ਨੇ ਇਸ ਤਰ੍ਹਾਂ ਦੀ ਮਾਰ ਮਚਾਈ ਤੇ (ਉਹ) ਸੂਰਮਾ (ਯੁੱਧ ਤੋਂ) ਨਹੀਂ ਟਲਿਆ। ਉਨ੍ਹਾਂ ਨੇ ਤਲਵਾਰ ਫੜ ਕੇ ਅਜਿਹੇ ਵਾਰ ਕੀਤੇ ਕਿ ਇੱਕ ਤੋਂ ਦੋ ਪੂਰੇ ਟੁਕੜੇ ਕਰ ਦਿੰਦੇ ਸਨ। ਉਨ੍ਹਾਂ ਨੇ ਉੱਥੇ ਲੋਥਾਂ 'ਤੇ (ਕਈ) ਲੋਥਾਂ ਡੇਗ ਦਿੱਤੀਆਂ, (ਅਤੇ ਵੈਰੀ) ਤੇਜ਼ ਹਵਾ ਦੇ ਵਹਾਅ ਵਿੱਚ ਉੱਡਦੇ ਹੋਏ ਕੂੜੇ ਵਾਂਗ ਸਨ। ਉਸ ਸਿੰਘ ਨੇ ਐਸੀ (ਜੰਗ) ਕੀਤੀ ਕਿ ਤਲਵਾਰਾਂ ਦੀ ਮਾਰ ਮਚਾ ਦਿੱਤੀ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਲੜ੍ਹ ਰਹੇ ਸਨ ਤੇ ਤੂਰ ਵਜ ਰਹੇ ਸਨ। ॥੬੧॥੫੨੯॥

ਦਲ ਮੈ ਜੁ ਧਸਯੋ ਕਰ ਮੈ ਗਹਿ ਤੇਗ, ਕਰੀ ਬਿਧਿ ਯੋ ਮਿਲਿ ਸੂਰਨ ਸੰਗੇ ।
ਹਾਥ ਸੋ ਵਾਰ ਗਹੇ ਜਿਨ ਕੇ, ਤਿਨ ਕੇ ਸਿਰ ਦੇਤ ਹੈ ਤੇਗਨ ਸੰਗੇ ।
ਯਾ ਬਿਧਿ ਸੋ ਰਨ ਡਾਰਤ ਹੈ, ਮਿਲ ਕੈ ਸਬ ਸੂਰ ਗਏ ਤਿਹ ਸੰਗੇ ।
ਦੇਖਿ ਜੁਝਾਰ ਰਹਯੋ ਤਬ ਹੀ, ਅਬ ਕਉਨ ਉਪਾਵ ਕਰੌ ਪ੍ਰਭੁ ਸੰਗੇ ॥੬੨॥੫੩੦॥

(ਉਹ) ਹੱਥ ਵਿੱਚ ਤਲਵਾਰ ਫੜ ਕੇ (ਦੁਸ਼ਮਣ) ਦਲ ਵਿੱਚ ਜਾ ਵੜੇ, (ਤਾਂ ਉਨ੍ਹਾਂ ਦੇ ਨਾਲ ਦੇ ਸਾਥੀ ਸਿੰਘ ਸੂਰਮਿਆਂ ਨੇ ਵੀ ਇਹ ਵਿਧੀ ਵਰਤੀ। ਜਿਨ੍ਹਾਂ (ਦੁਸ਼ਮਣਾਂ ਦੇ ਕੀਤੇ ਹੋਏ) ਵਾਰ (ਸਿੰਘਾਂ ਆਪਣੇ) ਹੱਥਾਂ ਨਾਲ (ਆਪਣੀਆਂ ਢਾਲਾਂ ਉੱਤੇ) ਰੋਕੇ, ਉਨ੍ਹਾਂ ਦੇ ਸਿਰਾਂ ਉੱਤੇ ਉਹ (ਆਪਣੀਆਂ) ਤੇਗ਼ਾਂ ਨਾਲ ਵਾਰ ਕਰ ਦਿੰਦੇ। ਇਸ ਵਿਧੀ ਨਾਲ ਸੂਰਮੇ ਰਣ ਵਿੱਚ ਲੜ੍ਹ ਰਹੇ ਸਨ। ਇਸ ਤਰੀਕੇ ਨਾਲ਼ ਉਹ ਲੜ੍ਹ ਰਹੇ ਸਨ। ਸਾਰੇ ਸੂਰਮੇ ਮਿਲ ਕੇ ਉਨਾਂ ਦੇ ਨਾਲ ਹੀ (ਜੰਗ ਵਿੱਚ) ਗਏ। (ਆਖ਼ਿਰ ਜਦੋਂ ਸਾਹਿਬਜ਼ਾਦਾ)

ਜੁਝਾਰ ਸਿੰਘ ਜੀ (ਇਕੱਲੇ) ਰਹਿ ਗਏ ਅਤੇ (ਸੋਚਣ ਲੱਗੇ) ਕਿ ਹੇ ਪ੍ਰਭੂ! ਹੁਣ ਮੈਂ ਕੀ ਉਪਾਅ ਕਰਾਂ? ॥੬੨॥੫੩੦॥

ਜੋਰ ਜੁਰਾਵਰ ਸਿੰਘ ਚੜ੍ਹੋ, ਰਨ ਮੈ ਜੁ ਪਰੋ ਤਿਹ ਐਸੇ ਕਰੋ ਹੈ ।
ਏਕ ਸੋ ਏਕ ਕੋ ਦੋਇ ਕਰੇ, ਦੁਇ ਚਾਰ ਕਰੈ ਦਲ ਐਸੋ ਦਰੋ ਹੈ ।
ਇਤ ਤੇ ਉਤ ਜਾਇ ਫਿਰੈ ਉਤ ਤੇ, ਫਿਰਿ ਮੱਧ ਪਰੈ ਨਹਿ ਨੈਕ ਡਰੋ ਹੈ ।
ਸਾਂਗਨ ਨੇਜਨ ਤੀਰਨ ਤੇਗਨ, ਸੂਰਨ ਕੇ ਸੰਗ ਐਸੋ ਲਰੋ ਹੈ ॥੬੩॥੫੩੧॥

(ਇਸ ਤੋਂ ਬਾਅਦ) ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ (ਜੰਗ ਕਰਨ ਲਈ) ਜ਼ੋਰ ਨਾਲ ਚੜ੍ਹ ਪਏ। ਉਨ੍ਹਾਂ ਨੇ ਇਸ ਤਰ੍ਹਾਂ ਕੀਤਾ ਕਿ ਜੰਗ (ਦੇ ਮੈਦਾਨ) ਵਿੱਚ ਧਾਵਾ ਕਰ ਦਿੱਤਾ। ਉਹ ਇੱਕ ਤੋਂ ਦੋ ਅਤੇ ਦੋ ਤੋਂ ਚਾਰ ਟੁਕੜੇ ਕਰਦੇ ਹੋਏ ਦੁਸ਼ਮਣ ਦਲ ਨੂੰ ਦਰੜ੍ਹ ਰਹੇ ਸਨ। ਉਹ ਇੱਧਰ ਤੋਂ ਉੱਧਰ ਤੇ ਉੱਧਰ ਤੋਂ ਇੱਧਰ (ਲੜ੍ਹਦੇ) ਜਾਂਦੇ ਫਿਰ ਰਹੇ ਸਨ। (ਕਦੇ ਉਹ ਦੁਸ਼ਮਣ ਦਲ ਦੇ ਵਿਚਕਾਰ ਜਾ ਹਮਲਾ) ਕਰ ਦਿੰਦੇ। ਉਹ ਬਿਲਕੁਲ ਵੀ ਨਹੀਂ ਡਰ ਰਹੇ ਸਨ। ਨੇਜ਼ਿਆਂ, ਬਰਛਿਆਂ, ਤੀਰਾਂ ਅਤੇ ਤਲਵਾਰਾਂ ਨਾਲ ਉਨ੍ਹਾਂ ਨੇ ਸੂਰਮੇ (ਵੈਰੀਆਂ) ਨਾਲ ਇਸ ਤਰ੍ਹਾਂ ਯੁੱਧ ਕੀਤਾ। ॥੬੩॥੫੩੧॥

**ਕਬਿੱਤੁ**
**ਖੈਂਚਤ ਖੜਗ ਜਦ ਮਾਰਤ ਸੜਕ ਗਿਰ,**
ਪੜਤ ਤੜਕ ਅਸਵਾਰ ਆਗੇ ਤਾਹੀ ਕੇ ।
**ਗਿਰਤ ਬਿਹਾਲ ਬਿਕਰਾਲ ਸੁਧ ਨਾਹੀਂ ਕਛੁ,**
ਲੋਟਤ ਧਰਤਿ ਜੋ ਕਪੋਤ ਸੁਤ ਸਾਹੀ ਕੇ ।
**ਐਸੇ ਮਾਰੇ ਅਸਵਾਰ ਏਕ ਏਕ ਝਾਰ ਝਾਰ,**
ਮਾਨੋ ਕੋ ਬੇਗ ਬਜਾਰ ਮਾਹਿ ਪਤਿ ਬਿਰਖਾਹੀ ਕੇ ।
**ਕੌਨ ਹੈ ਕਹੈ ਬਿਚਾਰ, ਨਾਹੀਂ ਕਛੁ ਪਾਰਾਵਾਰ,**
ਜੁਰਾਵਰ ਸਿੰਘ ਦਲ ਮਾਰੇ ਰਾਈ ਰਾਈ ਕੇ ॥੬੪॥੫੩੨॥

ਜਦੋਂ ਉਹ (ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ) ਤਲਵਾਰ ਖਿੱਚ ਕੇ ਸੜਾਕ ਦੀ ਆਵਾਜ਼ ਨਾਲ ਵਾਰ ਕਰਦੇ, ਤਾਂ ਘੋੜਸਵਾਰ ਤੜਾਕ ਕਰਕੇ ਉਸਦੇ ਅੱਗੇ ਡਿੱਗ ਪੈਂਦਾ। ਉਹ ਭਿਆਨਕ ਵੈਰੀ ਬੇਹਾਲ ਹੋ ਕੇ ਡਿੱਗਦੇ ਸਨ, ਉਨ੍ਹਾਂ ਨੂੰ ਕੋਈ ਸੁੱਧ ਨਾ ਰਹਿੰਦੀ, ਜਿਵੇਂ ਬਾਜ਼ ਨੂੰ ਦੇਖ ਕੇ ਕਬੂਤਰ

ਦੇ ਬੱਚੇ ਧਰਤੀ 'ਤੇ ਲੇਟ ਜਾਂਦੇ ਹਨ। ਉਨ੍ਹਾਂ ਨੇ ਇੱਕ-ਇੱਕ ਘੋੜਸਵਾਰ ਨੂੰ ਝਾੜ-ਝਾੜ ਕੇ ਇੰਝ ਮਾਰਿਆ, ਜਿਵੇਂ ਤੇਜ਼ ਹਵਾ ਵਿੱਚ ਰੁੱਖਾਂ ਦੇ ਪੱਤੇ ਝੜਦੇ ਹਨ। ਇਸ ਵਿਚਾਰ ਨੂੰ ਕੌਣ ਬਿਆਨ ਕਰ ਸਕਦਾ ਹੈ? ਉਨ੍ਹਾਂ ਦੀ ਮਾਰ ਦਾ ਕੋਈ ਹੱਦ-ਬੰਨਾ ਨਹੀਂ ਸੀ; ਜ਼ੋਰਾਵਰ ਸਿੰਘ ਜੀ ਨੇ ਦੁਸ਼ਮਣ ਦਲ ਨੂੰ ਰਾਈ-ਰਾਈ (ਟੋਟੇ-ਟੋਟੇ) ਕਰਕੇ ਮਾਰ ਸੁੱਟਿਆ। ॥੬੪॥੫੩੨॥

**ਦੋਹਰਾ**

ਪਟਕ ਪੁਟਕ ਕੈ ਕਟਕ ਕੋ, ਝਟਕਿ ਨਿਕਸਿ ਗਯੋ ਪਾਰ ।
ਜੋਰਾਵਰ ਪ੍ਰਭੁ ਜੋਰ ਕਰਿ, ਰਾਖ ਲਿਯੋ ਕਰਤਾਰ ॥੬੫॥੫੩੩॥

(ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ) ਦੁਸ਼ਮਣ ਫੌਜ ਨੂੰ ਪਟਕ ਕੇ, ਇੱਕ ਝਟਕੇ ਨਾਲ (ਘੇਰੇ ਵਿਚੋਂ) ਪਾਰ ਨਿਕਲ ਗਏ।
ਕਰਤਾਰ ਨੇ ਆਪਣਾ ਜ਼ੋਰ ਵਰਤ ਕੇ, (ਸਾਹਿਬਜ਼ਾਦਾ) ਜ਼ੋਰਾਵਰ ਸਿੰਘ ਜੀ ਨੂੰ ਬਚਾ ਲਿਆ। ॥੬੫॥੫੩੩॥

ਸੰਤ ਸਿੰਘ ਤਾਹੀ ਸਮੈ, ਗਹਿ ਲੀਨੀ ਤਰਵਾਰ ।
ਦੌਰਜੋ ਦਲ ਮੈ ਧਾਇ ਕੈ, ਫੇਰ ਨ ਐਸੀ ਬਾਰ ॥੬੬॥੫੩੪॥

ਉਸੇ ਸਮੇਂ (ਭਾਈ) ਸੰਤ ਸਿੰਘ ਜੀ ਨੇ ਹੱਥ ਵਿੱਚ ਤਲਵਾਰ ਫੜ ਲਈ।
(ਉਹ ਇਹ ਸੋਚ ਕੇ) ਦੌੜ ਕੇ ਦੁਸ਼ਮਣ ਦਲ ਉੱਤੇ ਧਾਵਾ ਕਰ ਦਿੱਤਾ ਕਿ ਅਜਿਹਾ ਮੌਕਾ ਮੁੜ ਨਹੀਂ ਮਿਲਣਾ। ॥੬੬॥੫੩੪॥

**ਕਬਿੱਤੁ**

**ਐਸੋ ਲਲਕਾਰਤ ਹੈ, ਪਾਸ ਤੇ ਪਚਾਰਤ ਹੈ,**
ਸੂਰਨ ਕੋ ਮਾਰਤ ਹੈ, ਡਾਰਤ ਹੈ ਰਨ ਮੋ ।
**ਤੀਖੀ ਤਰਵਾਰ ਸਿੰਘ ਤਾਹੀ ਸੌ ਕਰੈ ਜੁ ਵਾਰ,**
ਚਮਕੈ ਯਾ ਭਾਂਤਿ ਮਾਨੋ ਦਾਮਨਿ ਜੋ ਘਨ ਮੋ ।
**ਤੀਰਨ ਸੋ ਭਯੋ ਮੇਹ, ਲਗੇ ਉਰ ਭਿਜੀ ਦੇਹ,**
ਲਾਗ ਰਹੇ ਯਾਹੀ ਬਿਧਿ ਰੋਮਨ ਜੋ ਤਨ ਮੋ ।
**ਐਸੀ ਭਈ ਹੈ ਮਾਰ, ਨਾਹ ਨ ਕਛੁ ਪਾਰਾਵਾਰ,**
ਮਾਨੋ ਆਜ ਫੂਲ ਡੋਲ ਖੇਲ ਚਲੇ ਬਨ ਮੋ ॥੬੭॥੫੩੫॥

ਉਹ ਇਸ ਤਰ੍ਹਾਂ ਲਲਕਾਰਦਾ ਹੈ, ਕੋਲੋਂ ਦੀ ਵੰਗਾਰਦਾ ਹੈ, ਸੂਰਮਿਆਂ ਨੂੰ ਮਾਰਦਾ ਹੈ ਅਤੇ ਰਣ-ਭੂਮੀ ਵਿੱਚ ਸੁੱਟਦਾ ਹੈ। ਉਸ ਕੋਲ ਤਿੱਖੀ ਤਲਵਾਰ ਹੈ, ਉਸੇ ਨਾਲ਼ ਉਹ ਸਿੰਘ ਜਦੋਂ ਵਾਰ ਕਰਦਾ ਹੈ, ਤਾਂ ਉਹ ਇੰਝ ਚਮਕਦੀ ਹੈ, ਜਿਵੇਂ ਬੱਦਲਾਂ ਵਿੱਚ ਬਿਜਲੀ ਹੋਵੇ। (ਉਸ 'ਤੇ) ਤੀਰਾਂ ਦਾ ਮੀਂਹ ਵਰ੍ਹਿਆ, ਜੋ ਛਾਤੀ ਵਿੱਚ ਲੱਗੇ ਅਤੇ ਸਰੀਰ (ਲਹੂ ਨਾਲ) ਭਿੱਜ ਗਿਆ। (ਤੀਰ) ਸਰੀਰ ਵਿੱਚ ਇੰਝ ਲੱਗੇ ਹੋਏ ਸਨ ਜਿਵੇਂ ਤਨ 'ਤੇ ਰੋਮ ਹੁੰਦੇ ਹਨ। ਅਜਿਹੀ ਮਾਰ-ਵੱਢ ਹੋਈ, ਜਿਸਦਾ ਕੋਈ ਹੱਦ-ਬੰਨਾ ਨਹੀਂ ਸੀ; (ਸਿੰਘ ਇੰਝ ਸ਼ਹੀਦ ਹੋਏ) ਮਾਨੋ ਅੱਜ ਉਹ ਜੰਗਲ ਵਿੱਚ ਫੁੱਲਾਂ ਦਾ ਤਿਉਹਾਰ ਖੇਡਣ ਚੱਲੇ ਹੋਣ। ॥੬੭॥੫੩੫॥

ਟਿੱਪਣੀ:- ਫੂਲਡੋਲ ਹੋਲੀ ਵਰਗਾ ਇੱਕ ਪੁਰਾਣਾ ਉੱਤਸਵ ਹੈ, ਜਿਸ ਵਿੱਚ ਇੱਕ ਦੂਜੇ ਉੱਤੇ ਰੰਗਾਂ ਦੀ ਬਜਾਇ ਫੁੱਲ ਸੁੱਟੇ ਜਾਂਦੇ ਹਨ। ਰਾਜਸਥਾਨ ਵਿੱਚ ਇਸੀ ਪੁਰਾਣੇ ਉੱਤਸਵ ਨੂੰ 19ਵੀ ਸਦੀ ਵਿੱਚ ਇੱਕ ਮੇਲੇ ਦਾ ਰੂਪ ਦੇ ਦਿੱਤਾ ਗਿਆ, ਜਿਹੜਾ ਹੁਣ ਵੀ ਹਰ ਸਾਲ ਪੰਜ ਦਿਨ ਲੱਗਦਾ ਹੈ। ਭਾਵੇਂ ਰਾਜਸਥਾਨ ਦਾ ਇਹ ਵਿਸ਼ੇਸ਼ ਮੇਲਾ 19ਵੀਂ ਸਦੀ ਵਿੱਚ ਹੀ ਸ਼ੁਰੂ ਹੋਇਆ, ਪਰ ਇੱਕ ਉੱਤਸਵ ਦੇ ਰੂਪ ਵਿੱਚ ਇਸ ਨੂੰ ਕਈ ਸਦੀਆਂ ਤੋਂ ਮਨਾਇਆ ਜਾਂਦਾ ਰਿਹਾ ਹੈ।

**ਸਵੈਯਾ**

ਪਰੇ ਜੋ ਜਾਇ ਖੁਨਸਾਇ ਤਾਹੀ ਸਮੈ, ਕਿਯੋ ਸੰਗ੍ਰਾਮ ਐਸੇ ਅਪਾਰੇ ।
ਤੇਗ ਸੰਭਾਰ ਕੈ, ਦੇਤ ਅਸਵਾਰ ਕੈ, ਕਰੈ ਦੋ ਟੂਕ ਭੁਇ ਮਾਹਿ ਡਾਰੇ ।
ਝਾਰਿ ਕੈ ਸ੍ਵਾਰ ਤੇ ਜੀਨ ਖਾਲੀ ਕਿਯੇ, ਸੂਰ ਅਨੇਕ ਤਿਹ ਠਉਰ ਮਾਰੇ ।
ਬਹੁਤ ਘਾਇਲ ਭਯੋ, ਸ੍ਰੋਨ ਤਨ ਤੇ ਗਯੋ, ਜੂਝ ਕੈ ਖੇਤ ਮੈ ਯੌ ਬਿਚਾਰੇ ॥੬੮॥੫੩੬॥

ਜਦੋਂ ਉਹ (ਸੰਤ ਸਿੰਘ) ਉਸ ਸਮੇਂ ਗੁੱਸੇ ਵਿੱਚ ਆ ਕੇ (ਵੈਰੀਆਂ 'ਤੇ) ਟੁੱਟ ਪਿਆ, ਤਾਂ ਉਸਨੇ ਅਜਿਹਾ ਬੇਮਿਸਾਲ ਯੁੱਧ ਕੀਤਾ। ਉਹ ਤਲਵਾਰ ਸੰਭਾਲ ਕੇ ਘੋੜਸਵਾਰ 'ਤੇ ਵਾਰ ਕਰਦਾ, ਅਤੇ ਉਸਦੇ ਦੋ ਟੁਕੜੇ ਕਰਕੇ ਧਰਤੀ 'ਤੇ ਸੁੱਟ ਦਿੰਦਾ। ਉਸਨੇ ਸਵਾਰਾਂ ਨੂੰ (ਘੋੜਿਆਂ ਤੋਂ) ਝਾੜ ਕੇ ਕਾਠੀਆਂ ਖਾਲੀ ਕਰ ਦਿੱਤੀਆਂ, ਅਤੇ ਉਸ ਥਾਂ ਅਨੇਕਾਂ ਸੂਰਮੇ ਮਾਰ ਦਿੱਤੇ। ਉਹ ਬਹੁਤ ਜ਼ਖ਼ਮੀ ਹੋ ਗਿਆ, ਸਰੀਰ ਵਿਚੋਂ ਲਹੂ ਵਹਿ ਗਿਆ,

ਅਤੇ ਖੇਤ (ਰਣ-ਭੂਮੀ) ਵਿੱਚ ਜੂਝਦਿਆਂ ਉਸਨੇ ਇਸ ਤਰ੍ਹਾਂ ਵਿਚਾਰਿਆ। ॥੬੮॥੫੩੬॥

**ਦੋਹਰਾ**

ਕਹੈ ਖਾਲਸਾ ਖਾਲਸਾ, ਦੂਸਰ ਅਉਰ ਨ ਆਸ ।
ਵਾਹਿਗੁਰੂ ਮੁਖ ਤੇ ਕਹਜੋ, ਸੰਤ ਸਿੰਘ ਤਜੇ ਸਾਸ ॥੬੯॥੫੩੭॥

(ਉਹ ਵਾਰ-ਵਾਰ) 'ਖ਼ਾਲਸਾ - ਖ਼ਾਲਸਾ' ਕਹਿ ਰਿਹਾ ਸੀ, (ਕਿਉਂਕਿ) ਉਸਨੂੰ ਕਿਸੇ ਹੋਰ ਦੀ ਕੋਈ ਆਸ ਨਹੀਂ ਸੀ। ਮੂੰਹ ਤੋਂ 'ਵਾਹਿਗੁਰੂ' ਕਹਿ ਕੇ, (ਭਾਈ) ਸੰਤ ਸਿੰਘ ਨੇ ਪ੍ਰਾਣ ਤਿਆਗ ਦਿੱਤੇ। ॥੬੯॥੫੩੭॥

ਬਹੁਤ ਸੂਰ ਜੂਝੇ ਤਹਾਂ ਜੋਧਾ ਬਡੇ ਅਪਾਰ ।
ਗਹਿ ਕਮਾਨ ਤਾਹੀ ਸਮੈ, ਭਏ ਆਪ ਅਸਵਾਰ ॥੭੦॥੫੩੮॥

ਉੱਥੇ ਬਹੁਤ ਸਾਰੇ ਵੱਡੇ ਅਤੇ ਅਪਾਰ ਯੋਧੇ ਤੇ ਸੂਰਮੇ ਜੂਝ ਗਏ।
ਉਸੇ ਸਮੇਂ (ਗੁਰੂ ਜੀ ਨੇ) ਕਮਾਨ ਫੜ ਲਈ ਅਤੇ ਆਪ ਘੋੜੇ 'ਤੇ ਸਵਾਰ ਹੋ ਗਏ। ॥੭੦॥੫੩੮॥

**ਸਵੈਯਾ**

ਤਬ ਹੀ ਗਹਿ ਬਾਨ ਕਮਾਨ ਗਹੀ, ਕਰ ਮੈ ਸਜਿ ਕੈ ਦਲ ਕੌ ਉਠਿ ਧਾਏ ।
ਮਾਰਤ ਤੀਰ ਬਿਲੰਮੁ ਨਹੀਂ ਕਛੁ, ਚੋਟ ਪੈ ਚੋਟ ਕਰੈ ਧੁਨਿ ਲਾਏ ।
ਤਾਹਿ ਸਮੈ ਪ੍ਰਭੁ ਕੌਤਕ ਕੈ, ਇਕ ਦੂਤ ਨੇ ਚੋਟ ਕਰੀ ਖੁਨਸਾਏ।
ਯੌ ਪ੍ਰਭੁ ਜੀ ਕਰਨੀ ਇਵ ਹੀ, ਇਕ ਉਂਗਲ ਪੋਰ ਰਹੀ ਤਿਹ ਠਾਏ ॥੭੧॥੫੩੯॥

(ਗੁਰੂ ਸਾਹਿਬ ਨੇ) ਤਦ ਹੀ ਬਾਣ ਫੜ ਲਏ (ਤੇ ਫਿਰ ਹੱਥ ਵਿੱਚ) ਕਮਾਨ (ਵੀ) ਫੜ ਲਈ। (ਹੱਥਾਂ ਵਿੱਚ ਇੰਝ ਸ਼ਸਤਰ) ਸਜਾ ਕੇ ਉਨ੍ਹਾਂ ਦੁਸ਼ਮਣ ਦਲ ਵੱਲ ਧਾਵਾ ਕਰ ਦਿੱਤਾ। ਉਹ ਬਿਨ੍ਹਾਂ ਦੇਰੀ ਕੀਤਿਆਂ ਤੀਰ ਮਾਰਦੇ ਸਨ, ਅਤੇ ਇੱਕ ਸੁਰ ਵਿੱਚ ਚੋਟ 'ਤੇ ਚੋਟ ਕਰਦੇ ਸਨ। ਉਸ ਸਮੇਂ ਪ੍ਰਭੂ ਨੇ ਇੱਕ ਕੌਤਕ ਕੀਤਾ; ਇੱਕ ਦੁਸ਼ਮਣ ਨੇ ਗੁੱਸੇ ਵਿੱਚ ਆ ਕੇ ਵਾਰ ਕੀਤਾ।

ਪ੍ਰਭੂ ਜੀ ਦੀ ਕਰਨੀ ਅਜਿਹੀ ਹੋਈ ਕਿ ਉਸ ਥਾਂ 'ਤੇ ਸਿਰਫ ਇੱਕ ਉਂਗਲੀ ਦਾ ਪੋਟਾ ਹੀ ਜ਼ਖ਼ਮੀ ਹੋਇਆ। ॥੭੧॥੫੩੯॥

**ਦੋਹਰਾ**

ਪ੍ਰਭੁ ਰਚਨਾ ਐਸੀ ਭਈ, ਚਲੇ ਅਵਰ ਦਿਸ ਧਾਇ ।
ਪੈ ਕਿਨਹੂ ਦੇਖਯੋ ਨਹੀਂ, ਇਮ ਪ੍ਰਭੁ ਭਏ ਸਹਾਇ ॥੭੨॥੫੪੦॥

ਪ੍ਰਭੂ ਦੀ ਰਚਨਾ ਅਜਿਹੀ ਹੋਈ ਕਿ ਉਹ (ਉੱਥੋਂ) ਕਿਸੇ ਹੋਰ ਦਿਸ਼ਾ ਵੱਲ ਚਲੇ ਗਏ। ਪਰ ਕਿਸੇ ਨੇ ਵੀ ਉਨ੍ਹਾਂ ਨੂੰ (ਜਾਂਦਿਆਂ) ਨਹੀਂ ਵੇਖਿਆ; ਇਸ ਤਰ੍ਹਾਂ ਪ੍ਰਭੂ ਸਹਾਇਕ ਹੋਏ। ॥੭੨॥੫੪੦॥

**ਸਵੈਯਾ**

ਜੋ ਦਲ ਮੈ ਦਲ ਬਾਕੀ ਰਹੇ, ਮਿਲਿ ਕੈ ਸਬ ਹੀ ਚਮਕੌਰ ਪੈ ਧਾਏ ।
ਸਾਹਿਬਜ਼ਾਦੇ ਲਿਯੇ ਗਹਿ ਕੈ, ਮਿਲਿ ਕੈ ਜਿਨ ਕੋ ਸਬ ਸੀਰੰਦ ਲਾਏ ।
ਭਾਰੀ ਜਬਾਬ ਜੁਝਾਰ ਦਏ, ਸੁਨਿ ਕੈ ਸਬ ਦੂਤਨ ਅੰਗ ਪਿਰਾਏ ।
ਯੋ ਪ੍ਰਭੁ ਕੋ ਕਰਨੀ ਤਬ ਹੀ, ਦੋਊ ਜੂਝਤ ਹੀ ਪ੍ਰਭੁ ਲੋਕ ਸਿਧਾਏ ॥੭੩॥੫੪੧॥

ਜੋ ਦੁਸ਼ਮਣ ਦਲ ਬਾਕੀ ਰਹਿ ਗਿਆ ਸੀ, ਉਹ ਸਾਰੇ ਮਿਲ ਕੇ ਚਮਕੌਰ (ਦੀ ਗੜ੍ਹੀ) 'ਤੇ ਟੁੱਟ ਪਏ। (ਉੱਥੋਂ ਉਨ੍ਹਾਂ ਨੇ) ਸਾਹਿਬਜ਼ਾਦਿਆਂ ਨੂੰ ਫੜ ਲਿਆ, ਜਿਨ੍ਹਾਂ ਨੂੰ ਸਾਰੇ ਮਿਲ ਕੇ ਸਰਹਿੰਦ ਲੈ ਆਏ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ (ਸੂਬੇ ਨੂੰ) ਕਰਾਰੇ ਜਵਾਬ ਦਿੱਤੇ, ਜਿਨ੍ਹਾਂ ਨੂੰ ਸੁਣ ਕੇ ਸਾਰੇ ਦੁਸ਼ਮਣਾਂ ਦੇ ਸਰੀਰ ਪੀੜ ਨਾਲ ਭਰ ਗਏ। ਪ੍ਰਭੂ ਦੀ ਕਰਨੀ ਤਦ ਅਜਿਹੀ ਹੋਈ, ਕਿ ਉਹ ਦੋਵੇਂ ਜੂਝਦੇ ਹੋਏ ਪ੍ਰਭੂ ਦੇ ਲੋਕ ਨੂੰ ਸਿਧਾਰ ਗਏ। ॥੭੩॥੫੪੧॥

**ਦੋਹਰਾ**

ਧੰਨਿ ਧੰਨਿ ਗੁਰਦੇਵ ਸੁਤ, ਤਨ ਕੋ ਲੋਭ ਨ ਕੀਨ ।
ਧਰਮ ਰਾਖਿ ਕਲਿ ਮੋ ਗਏ, ਦਾਦੇ ਸੋ ਜਸੁ ਲੀਨ ॥੭੪॥੫੪੨॥

ਧੰਨ ਹਨ, ਧੰਨ ਹਨ ਗੁਰਦੇਵ ਜੀ ਦੇ ਸਪੁੱਤਰ, ਜਿਨ੍ਹਾਂ ਨੇ ਆਪਣੇ ਸਰੀਰ ਦਾ ਕੋਈ ਲਾਲਚ ਨਹੀਂ ਕੀਤਾ। ਉਹ ਕਲਯੁੱਗ ਵਿੱਚ ਧਰਮ ਦੀ ਰੱਖਿਆ

ਕਰਕੇ ਗਏ, ਅਤੇ ਆਪਣੇ ਦਾਦਾ ਜੀ (ਸ੍ਰੀ ਗੁਰੂ ਤੇਗ਼ ਬਹਾਦਰ ਜੀ) ਵਰਗਾ ਜਸ ਪ੍ਰਾਪਤ ਕੀਤਾ। ॥੭੪॥੫੪੨॥

ਫਤੇ ਸਿੰਘ ਜੁਝਾਰ ਸਿੰਘ, ਇਹ ਬਿਧਿ ਤਜੇ ਪ੍ਰਾਨ ।
ਪ੍ਰਗਟ ਭਏ ਤਿਹੁ ਲੋਕ ਮੈ, ਜਾਨਤ ਸਕਲ ਜਹਾਨ ॥੭੫॥੫੪੩॥

(ਸਾਹਿਬਜ਼ਾਦਾ) ਫਤਹਿ ਸਿੰਘ ਜੀ ਅਤੇ (ਸਾਹਿਬਜ਼ਾਦਾ) ਜੁਝਾਰ ਸਿੰਘ ਜੀ ਨੇ ਇਸ ਵਿਧੀ ਨਾਲ ਪ੍ਰਾਣ ਤਿਆਗੇ। ਉਹ ਤਿੰਨਾਂ ਲੋਕਾਂ ਵਿੱਚ ਪ੍ਰਗਟ ਹੋ ਗਏ ਅਤੇ ਇਹ ਗੱਲ ਸਾਰਾ ਸੰਸਾਰ ਜਾਣਦਾ ਹੈ। ॥੭੫॥੫੪੩॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਜੁੱਧ ਚਮਕੌਰ ਬਰਨਨੰ ਨਾਮ ਬਾਰ੍ਹਵਾਂ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੨ ॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਦਾ 'ਚਮਕੌਰ ਦੇ ਯੁੱਧ ਦਾ ਵਰਣਨ' ਨਾਮ ਦਾ ਬਾਰ੍ਹਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ॥ ੧੨ ॥

*****

ਅਧਿਆਇ ੧੩

ਮੁਕਤਸਰ ਦੀ ਜੰਗ। ਜ਼ਫ਼ਰਨਾਮਾ

**ਦੋਹਰਾ**
ਨਿਰੰਕਾਰ ਅਪਾਰ ਗਤਿ, ਬਹੁ ਬਿਧਿ ਕਰਿ ਬਿਸਥਾਰ ॥
ਸਬੈ ਛਾਡਿ ਛਿਨ ਮੈ ਦਿਯੋ, ਰਹਜੋ ਸੁ ਏਕੰਕਾਰ ॥੧॥੫੪੪॥

ਉਸ ਨਿਰੰਕਾਰ ਦੀ ਗਤੀ (ਲੀਲ੍ਹਾ) ਬੇਅੰਤ ਹੈ, ਜਿਸਨੇ ਕਈ ਤਰੀਕਿਆਂ ਨਾਲ ਇਹ ਸੰਸਾਰ ਰੂਪੀ ਪਸਾਰਾ ਕੀਤਾ ਹੈ। ਉਸਨੇ ਇੱਕ ਪਲ ਵਿੱਚ ਹੀ ਸਭ ਕੁਝ ਛੱਡ ਦਿੱਤਾ ਅਤੇ ਆਪ ਇਕੱਲਾ (ਏਕੰਕਾਰ) ਰੂਪ ਵਿੱਚ ਰਹਿ ਗਿਆ। ॥੧॥੫੪੪॥

**ਸਵੈਯਾ**
ਛੋੜ ਚਮਕੌਰ ਕਰਤਾਰ ਤਾਹੀ ਸਮੈ, ਰੂਪ ਯੌ ਧਾਰਿ ਦਿਸ ਔਰ ਆਯੋ ॥
ਛੋੜ ਧਨ ਧਾਮ ਸੁਤ ਬੰਧ ਦਾਰਾ ਸਬੈ, ਏਕ ਅੰਕਾਰ ਹੋ ਯੌ ਦਿਖਾਯੋ ॥
ਸਰਬ ਸਮਾਨ ਛਿਨ ਮਾਹਿ ਐਸੇ ਤਜੇ, ਭੇਖ ਨਿਰਬਾਨ ਕੇ ਰੂਪ ਆਯੋ ॥
ਸਿੰਘ ਗੋਬਿੰਦ ਇਮ ਫੇਰ ਰਚਨਾ ਰਚੀ, ਧਰਨਿ ਅਕਾਸ ਤਾ ਤੇ ਟਿਕਾਯੋ॥੨॥੫੪੫॥

ਉਸੇ ਸਮੇਂ ਕਰਤਾਰ (ਗੁਰੂ ਗੋਬਿੰਦ ਸਿੰਘ ਜੀ) ਨੇ ਚਮਕੌਰ (ਦੀ ਗੜ੍ਹੀ) ਨੂੰ ਛੱਡ ਕੇ, ਇਸ ਤਰ੍ਹਾਂ (ਕੋਈ ਦੂਸਰਾ) ਰੂਪ ਧਾਰ ਕੇ ਦੂਸਰੀ ਦਿਸ਼ਾ ਵੱਲ ਆ ਗਏ। ਧਨ, ਘਰ, ਪੁੱਤਰ, ਰਿਸ਼ਤੇਦਾਰ ਅਤੇ ਪਤਨੀ, ਸਭ ਕੁਝ ਛੱਡ ਕੇ ਉਹਨਾਂ ਨੇ ਇਕੱਲੇ (ਏਕੰਕਾਰ) ਹੋ ਕੇ ਵਿਖਾ ਦਿੱਤਾ। ਉਹਨਾਂ ਨੇ ਸਾਰਾ ਸਾਮਾਨ ਇੱਕ ਪਲ ਵਿੱਚ ਹੀ ਇਸ ਤਰ੍ਹਾਂ ਤਿਆਗ ਦਿੱਤਾ, ਤੇ ਉਹ ਨਿਰਬਾਣ (ਸਾਧੂ) ਦੇ ਰੂਪ ਵਿੱਚ ਆਏ। ਇਸ ਤਰ੍ਹਾਂ ਗੋਬਿੰਦ ਸਿੰਘ ਜੀ ਨੇ ਫਿਰ ਤੋਂ ਨਵੀਂ ਖੇਡ ਰਚੀ, ਜਿਸ ਨਾਲ ਧਰਤੀ ਅਤੇ ਆਕਾਸ਼ ਟਿਕੇ ਹੋਏ ਹਨ। ॥੨॥੫੪੫॥

**ਦੋਹਰਾ**

ਨਿਰੰਕਾਰ ਆਕਾਰ ਕਰਿ, ਮਨਸਾ ਮਨਿ ਬੀਚਾਰ ॥
ਮੁਕਤ ਕਰਨ ਸੰਸਾਰ ਕੋ, ਪ੍ਰਗਟ ਭਯੋ ਕਰਤਾਰ ॥੩॥੫੪੬॥

ਨਿਰੰਕਾਰ ਨੇ ਆਪਣੇ ਮਨ ਵਿੱਚ ਇੱਛਾ ਧਾਰ ਕੇ ਅਤੇ ਵਿਚਾਰ ਕਰਕੇ ਆਕਾਰ (ਸਰੀਰਕ ਰੂਪ) ਧਾਰਨ ਕੀਤਾ। ਸੰਸਾਰ ਨੂੰ ਮੁਕਤ ਕਰਨ ਵਾਸਤੇ ਹੀ ਕਰਤਾਰ (ਗੁਰੂ ਜੀ) ਪ੍ਰਗਟ ਹੋਏ। ॥੩॥੫੪੬॥

ਕਰਨ ਕਰਾਵਨ ਹਾਰ ਪ੍ਰਭੁ, ਸਮਰਥ ਸਿੰਘ ਗੋਬਿੰਦ ॥
ਕਲਾ ਧਾਰਿ ਪ੍ਰਗਟ ਭਯੋ, ਚਹੁ ਦਿਸ ਭਯੋ ਅਨੰਦ ॥੪॥੫੪੭॥

ਸਭ ਕੁਝ ਕਰਨ ਅਤੇ ਕਰਵਾਉਣ ਵਾਲੇ ਪ੍ਰਭੂ, ਗੁਰੂ ਗੋਬਿੰਦ ਸਿੰਘ ਜੀ, ਪੂਰੀ ਤਰ੍ਹਾਂ ਸਮਰੱਥ ਹਨ। ਉਹ ਆਪਣੀ ਸ਼ਕਤੀ ਧਾਰਨ ਕਰਕੇ ਪ੍ਰਗਟ ਹੋਏ, ਜਿਸ ਨਾਲ ਚਾਰੇ ਦਿਸ਼ਾਵਾਂ ਵਿੱਚ ਆਨੰਦ ਛਾ ਗਿਆ। ॥੪॥੫੪੭॥

**ਸਵੈਯਾ**
ਕਲਿ ਮੈ ਕਲਿ ਧਾਰਿ ਅਕਾਰਿ ਕਿਯੋ, ਕਰਿ ਆਪਨ ਦੂਤ ਸੰਘਾਰਨ ਕੋ ॥
ਚਮਕੀ ਦਿਸ ਚਾਰ ਹੂੰ ਜੋਤਿ ਮਹਾ, ਜਗ ਪਾਪ ਸਮੂਹ ਬਿਡਾਰਨ ਕੋ ॥
ਕਰਿ ਖਾਲਸ ਜਾਪ ਦਏ ਹਰਿ ਨੇ, ਹਥਿਆਰ ਅਪਾਰ ਜੁਝਾਰਨ ਕੋ ॥
ਗੁਰੁ ਗੋਬਿੰਦ ਸਿੰਘ ਕਿਯੋ ਇਤਨਾ, ਭਵ ਸਾਗਰ ਪਾਰ ਉਤਾਰਨ ਕੋ ॥੫॥੫੪੮॥

ਆਪਣੇ ਹੱਥਾਂ ਨਾਲ ਦੁਸ਼ਮਣਾਂ ਦਾ ਸੰਘਾਰ ਕਰਨ ਲਈ ਕਲਯੁਗ ਵਿੱਚ (ਗੁਰੂ ਜੀ ਨੇ) ਕਲ (ਸ਼ਕਤੀ) ਧਾਰਨ ਕਰਕੇ ਆਕਾਰ (ਸਰੀਰਕ ਰੂਪ) ਲਿਆ। ਸੰਸਾਰ ਦੇ ਸਾਰੇ ਪਾਪਾਂ ਦੇ ਸਮੂਹ ਨੂੰ ਨਸ਼ਟ ਕਰਨ ਲਈ ਉਹਨਾਂ ਦੀ ਮਹਾਨ ਜੋਤ ਚਾਰੇ ਦਿਸ਼ਾਵਾਂ ਵਿੱਚ ਚਮਕੀ। ਹਰੀ (ਪ੍ਰਭੂ) ਨੇ ਖਾਲਸਾ ਸਾਜ ਕੇ (ਨਾਮ ਦਾ) ਜਾਪ ਦਿੱਤਾ ਅਤੇ ਯੋਧਿਆਂ ਨੂੰ ਲੜਨ ਲਈ ਬੇਅੰਤ ਹਥਿਆਰ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਭ ਕੁਝ ਸੰਸਾਰ-ਸਮੁੰਦਰ ਤੋਂ ਪਾਰ ਉਤਾਰਨ ਲਈ ਕੀਤਾ। ॥੫॥੫੪੮॥

**ਚੌਪਈ**
ਰੂਪ ਅਨੇਕ ਪ੍ਰਭੁ ਇਮ ਧਾਰੇ । ਜੀਵ ਕਹਾ ਗਤਿ ਤਾਹਿ ਬਿਚਾਰੇ ।

ਤਬ ਪ੍ਰਭੁ ਬੈਰਾਰਨ ਮਹਿ ਆਏ । ਸਭ ਸਿੰਘਨ ਮਿਲਿ ਦਰਸਨ ਪਾਏ ॥੬॥੫੪੯॥

ਪ੍ਰਭੂ ਨੇ ਇਸ ਤਰ੍ਹਾਂ ਅਨੇਕਾਂ ਰੂਪ ਧਾਰਨ ਕੀਤੇ ਹਨ। ਭਲਾ ਜੀਵ ਉਸਦੀ ਗਤੀ (ਲੀਲ੍ਹਾ) ਨੂੰ ਕਿਵੇਂ ਸਮਝ ਸਕਦਾ ਹੈ? ਤਦ ਪ੍ਰਭੂ (ਗੁਰੂ ਜੀ) ਬੈਰਾੜਾਂ ਦੇ ਇਲਾਕੇ (ਮਾਲਵੇ) ਵਿੱਚ ਆਏ, ਜਿੱਥੇ ਸਾਰੇ ਸਿੰਘਾਂ ਨੇ ਮਿਲ ਕੇ ਉਹਨਾਂ ਦੇ ਦਰਸ਼ਨ ਕੀਤੇ। ॥੬॥੫੪੯॥

ਜਨਮ ਜਨਮ ਕੀ ਮੈਲ ਬਿਨਾਸੀ । ਨੈਨਨ ਦੇਖਯੋ ਪ੍ਰਭੁ ਅਬਿਨਾਸੀ ।
ਚਿੰਤਾ ਫਿਕਰ ਗਯੋ ਦੁਖ ਦੂਰੇ । ਦੀਨੇ ਦਰਸ ਜਬੈ ਗੁਰੁ ਪੂਰੇ ॥੭॥੫੫੦॥

ਜਦੋਂ ਸਿੱਖਾਂ ਨੇ ਆਪਣੇ ਨੈਣਾਂ ਨਾਲ (ਆਪਣੇ) ਅਬਿਨਾਸ਼ੀ ਪ੍ਰਭੂ (ਗੁਰੂ ਗੋਬਿੰਦ ਸਿੰਘ ਜੀ) ਨੂੰ ਦੇਖਿਆ, ਤਾਂ ਜਨਮ ਜਨਮ ਦੀ (ਉਨ੍ਹਾਂ ਦੀ) ਮੈਲ ਨਸ਼ਟ ਹੋ ਗਈ। ਜਦੋਂ ਪੂਰੇ ਗੁਰੂ ਜੀ ਨੇ ਦਰਸ਼ਨ ਦਿੱਤੇ, ਤਾਂ (ਸਿੱਖਾਂ ਦੀ) ਸਾਰੀ ਚਿੰਤਾ, ਫਿਕਰ ਅਤੇ ਦੁੱਖ ਦੂਰ ਹੋ ਗਏ। ॥੭॥੫੫੦॥

ਟਿੱਪਣੀ:- ਗੁਰੂ ਸਾਹਿਬ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ ਛੱਡਣ ਤੋਂ ਬਾਅਦ ਇਹਨਾਂ ਸਿੱਖਾਂ ਨੂੰ ਗੁਰੂ ਸਾਹਿਬ ਜੀ ਬਾਰੇ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਸੀ। ਮਾਲਵੇ ਦੇਸ਼ ਵਿੱਚ ਗੁਰੂ ਜੀ ਦੇ ਦਰਸ਼ਨ ਕਰਕੇ ਉਨਾਂ ਦੇ ਸਾਰੇ ਫਿਕਰ ਤੇ ਦੁੱਖ ਦੂਰ ਹੋ ਗਏ।

ਅਉਗੁਨ ਮੇਟਿ ਸਬੈ ਗੁਨ ਕੀਨੇ । ਐਸਾ ਦਾਨ ਦਯਾ ਕਰਿ ਦੀਨੇ।
ਅਧਮ ਕਰਮ ਤਜਿ ਨਿਰਮਲ ਭਏ । ਸਤਿਗੁਰੁ ਸਰਨਿ ਸਿਖ ਜੋ ਗਏ ॥੮॥੫੫੧॥

ਜੋ ਵੀ ਸਿੱਖ ਸਤਿਗੁਰੂ ਦੀ ਸ਼ਰਨ ਵਿੱਚ ਆਏ, (ਗੁਰੂ ਜੀ ਨੇ) ਉਹਨਾਂ ਦੇ ਸਾਰੇ ਔਗੁਣ ਮਿਟਾ ਕੇ ਉਹਨਾਂ ਨੂੰ ਗੁਣਾਂ ਨਾਲ ਭਰ ਦਿੱਤਾ। ਦਇਆ ਕਰਕੇ ਉਹਨਾਂ ਨੇ (ਇਹ) ਅਜਿਹਾ ਦਾਨ ਦਿੱਤਾ। ਉਹ ਸਾਰੇ ਨੀਚ ਕਰਮਾਂ ਨੂੰ ਤਿਆਗ ਕੇ ਪਵਿੱਤਰ ਹੋ ਗਏ। ॥੮॥੫੫੧॥

**ਦੋਹਰਾ**

ਸਾਇਰ ਏਕ ਅਪਾਰ ਸਰ, ਸੁਭਰ ਭਯੋ ਤਿਹ ਨੀਰ ।
ਤਿਹ ਸਰ ਕੀਨੀ ਛਾਵਨੀ, ਗੋਬਿੰਦ ਸਿੰਘ ਗਹੀਰ ॥੯॥੫੫੨॥

ਉੱਥੇ ਇੱਕ ਵੱਡੇ ਸਮੁੰਦਰ ਵਰਗਾ ਸਰੋਵਰ ਸੀ, ਜੋ ਪਾਣੀ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ। ਉਸ ਡੂੰਘੇ (ਗਿਆਨ ਵਾਲੇ) ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਸ ਸਰੋਵਰ ਦੇ ਕੰਢੇ ਆਪਣੀ ਛਾਉਣੀ ਬਣਾਈ। ॥੯॥੫੫੨॥

ਟਿੱਪਣੀ:- ਕਵੀ ਜੀ ਨੇ ਇੱਥੇ ਖਿਦਰਾਣੇ ਦੀ ਢਾਬ ਦਾ ਜ਼ਿਕਰ ਕੀਤਾ ਹੈ।

**ਸਵੈਯਾ**

ਸਿੰਘ ਗੋਬਿੰਦ ਤਿਹ ਠਉਰ ਕੀਨੀ ਮਯਾ, ਬਜੈ ਘਨਘੋਰ ਅਨਾਹਦ ਪੂਰਾ ॥
ਪਢੈ ਸਿੰਘ ਦਿਨ ਰੈਨਿ ਤਿਹ ਠਉਰ ਇਹ ਭਾਂਤਿ, ਬਾਨੀ ਗੁਰੁ ਮਾਰੂ ਸੁ ਬਾਜੰਤ ਤੂਰਾ ॥
ਕਥੈ ਮੁਖਿ ਪਾਠ ਕਵਿ ਛੰਦ ਸੰਗ੍ਰਾਮ ਕੇ, ਸੁਨਤ ਆਨੰਦ ਸੋ ਸਬੈ ਸੂਰਾ ॥
ਭਯੋ ਜੈਕਾਰ ਤ੍ਰਈ ਲੋਕ ਚਉਦਹ ਭਵਨ, ਸੁਨੇ ਤੇ ਦੂਤ ਕਾਂਪੇ ਸਰੀਰਾ ॥੧੦॥੫੫੨॥

ਗੁਰੂ ਗੋਬਿੰਦ ਸਿੰਘ ਜੀ ਨੇ ਉਸ ਥਾਂ 'ਤੇ ਮਿਹਰ ਕੀਤੀ; ਉੱਥੇ (ਨਾਮ ਦੇ) ਬੱਦਲਾਂ ਦੀ ਗਰਜ ਵਰਗਾ ਪੂਰਨ ਅਨਾਹਦ ਸ਼ਬਦ ਵੱਜ ਰਿਹਾ ਸੀ। ਉਸ ਸਥਾਨ 'ਤੇ ਸਿੰਘ ਦਿਨ-ਰਾਤ ਇਸ ਤਰ੍ਹਾਂ ਗੁਰੂ ਦੀ ਬਾਣੀ ਪੜ੍ਹਦੇ ਅਤੇ ਮਾਰੂ ਰਾਗ ਵਿੱਚ ਵਾਜੇ ਵਜਾਉਂਦੇ ਸਨ। ਕਵੀ ਆਪਣੇ ਮੁਖ ਤੋਂ ਯੁੱਧ ਦੇ ਛੰਦਾਂ ਦਾ ਪਾਠ ਕਰਦੇ ਸਨ, ਜਿਸਨੂੰ ਸੁਣ ਕੇ ਸਾਰੇ ਸੂਰਮੇ ਆਨੰਦਿਤ ਹੁੰਦੇ ਸਨ। ਤਿੰਨਾਂ ਲੋਕਾਂ ਅਤੇ ਚੌਦਾਂ ਭਵਨਾਂ ਵਿੱਚ ਜੈ- ਜੈਕਾਰ ਹੋ ਗਈ, ਜਿਸ ਨੂੰ ਸੁਣ ਕੇ (ਦੁਸ਼ਮਣ) ਦੂਤਾਂ ਦੇ ਸਰੀਰ ਕੰਬ ਗਏ। ॥੧੦॥੫੫੨॥

**ਸਵੈਯਾ**

ਭਨਕ ਪ੍ਰਭੁ ਕੀ ਤਬੈ ਸੁਨੀ ਦੂਤਾਨ ਨੇ, ਫੌਜ ਸੀਗਾਰ ਕੇ ਫੇਰਿ ਧਾਏ।
ਦੇਖ ਐਸੇ ਕਹਜੋ ਜਾਹੁ ਸੰਗ੍ਰਾਮ ਕੋ, ਫੇਰ ਵੇ ਫੌਜ ਲੈ ਤੁਰਕ ਆਏ ।
ਸਿੰਘ ਚਾਰੋ ਦਿਸਾ ਦੌਰ ਦਲ ਮੈ ਪਰੇ, ਸਿੰਘ ਸਿੰਘਾਨ ਹੂਜੈ ਸਹਾਏ ।

ਮਾਰਿ ਐਸੀ ਕਰੈ ਸੂਰ ਤਾਹੀ ਸਮੈ, ਭਏ ਗਹਿਗੱਡਿ ਦਲ ਯੌ ਗਿਰਾਏ ॥੧੧॥੫੫੪॥

ਜਦੋਂ ਦੁਸ਼ਮਣਾਂ ਨੇ ਪ੍ਰਭੂ (ਗੁਰੂ ਜੀ) ਦੇ ਉੱਥੇ ਹੋਣ ਦੀ ਭਣਕ ਸੁਣੀ, ਤਾਂ ਉਹ ਆਪਣੀਆਂ ਫੌਜਾਂ ਤਿਆਰ ਕਰਕੇ ਫਿਰ (ਹਮਲਾ ਕਰਨ ਲਈ) ਆ ਗਏ। (ਆਪਣੇ ਸੈਨਾਪਤੀਆਂ ਨੂੰ) ਇਸ ਤਰ੍ਹਾਂ ਹੁਕਮ ਦੇ ਕੇ ਕਿ "ਜਾ ਕੇ ਯੁੱਧ ਕਰੋ", ਤੁਰਕ ਆਪਣੀ ਫੌਜ ਲੈ ਕੇ ਫਿਰ ਆ ਪਹੁੰਚੇ। ਸਿੰਘ ਚਰੇ ਪਾਸਿਓਂ ਦੌੜ ਕੇ ਦੁਸ਼ਮਣ ਦੀ ਫੌਜ ਵਿੱਚ ਜਾ ਪਏ ਅਤੇ (ਹਰ) ਇੱਕ ਸਿੰਘ ਦੂਜੇ ਸਿੰਘਾਂ ਦਾ ਸਹਾਇਕ ਬਣਿਆ। ਸੂਰਮਿਆਂ ਨੇ ਉਸ ਸਮੇਂ ਅਜਿਹੀ ਮਾਰ-ਕਾਟ ਕੀਤੀ ਕਿ ਚੰਗੀ ਤਰ੍ਹਾਂ ਡੱਟ ਕੇ ਉਹਨਾਂ ਨੇ (ਦੁਸ਼ਮਣ) ਦਲ ਨੂੰ (ਮਾਰ ਕੇ) ਕੇ ਸੁੱਟ ਦਿੱਤਾ। ॥੧੧॥੫੫੪॥

ਖੇਤ ਕਿਸਾਨ ਤਿਹ ਭਾਂਤਿ ਐਸਾ ਕਿਯੋ, ਧਰਨ ਤੇ ਧਰਤਿ ਪੈ ਮੂੰਡ ਡਾਰੇ ।
ਤੇਗ ਚੌਗਾਨ ਅਰੁ ਸੀਸ ਬੰਟਾ ਕਰੇ, ਖੇਲਤੇ ਸਿੰਘ ਗੋਬਿੰਦ ਪਜਾਰੇ ।
ਲੋਥ ਬਿਚਾਰ ਬਿਸਥਾਰ ਕੇਤਾ ਕਹੌ, ਪੌਨ ਪਰਵਾਹ ਪਤ ਹੋਤ ਝਾਰੇ ।
ਮਾਰ ਅਪਾਰ ਤਹ ਠੌਰ ਐਸੀ ਭਈ, ਭਾਜਿ ਕੈ ਦੂਤ ਸਾਰੇ ਸਿਧਾਰੇ ॥੧੨॥੫੫੫॥

(ਸਿੰਘਾਂ ਨੇ) ਯੁੱਧ-ਖੇਤਰ ਦਾ ਹਾਲ ਇਸ ਤਰ੍ਹਾਂ ਕਰ ਦਿੱਤਾ, ਜਿਵੇਂ (ਕੋਈ) ਕਿਸਾਨ ਖੇਤ ਵਿੱਚ (ਕੰਮ ਕਰਦਾ ਹੈ); (ਦੁਸ਼ਮਣਾਂ ਦੇ) ਸਿਰ ਧੜਾਂ ਤੋਂ ਵੱਖ ਕਰਕੇ ਧਰਤੀ 'ਤੇ ਸੁੱਟ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਸਿੰਘ ਤਲਵਾਰ ਦੀ ਚੌਗਾਨ (ਖੁੱਦੋ ਖੂੰਡੀ ਦੀ ਖੇਡ) ਅਤੇ ਸਿਰਾਂ ਦਾ ਗੇਂਦ ਬਣਾ ਕੇ ਖੇਡ ਰਹੇ ਸਨ। ਮੈਂ ਲਾਸ਼ਾਂ ਦੇ ਵਿਸਥਾਰ ਦਾ ਕੀ ਵਰਣਨ ਕਰਾਂ, ਉਹ ਇੰਝ ਲੱਗ ਰਹੀਆਂ ਸਨ ਜਿਵੇਂ ਤੇਜ਼ ਹਵਾ ਦੇ ਵਗਣ ਨਾਲ ਰੁੱਖਾਂ ਤੋਂ ਪੱਤੇ ਝੜ ਜਾਂਦੇ ਹਨ। ਉਸ ਥਾਂ 'ਤੇ ਅਜਿਹੀ ਭਾਰੀ ਮਾਰ-ਕਾਟ ਹੋਈ ਕਿ ਸਾਰੇ ਦੁਸ਼ਮਣ (ਮੈਦਾਨ 'ਚੋਂ) ਭੱਜ ਗਏ। ॥੧੨॥੫੫੫॥

ਭਾਜਿ ਤੁਰਕਾਨ ਮੈਦਾਨ ਛੋਡੈ ਤਬੈ, ਖੇਤ ਸਿੰਘਾਨ ਕੇ ਹਾਥ ਆਯੋ ।
ਕਿਯੋ ਬਿਚਾਰ ਕਰਤਾਰ ਮਨ ਮੈ ਇਤੋ, ਸਾਹ ਕੋ ਭੇਦ ਚਾਹਿਯੈ ਸੁਨਾਯੋ ।
ਦਯਾ ਕੋ ਸਿੰਘ ਤਿਹ ਸਾਜਿ ਸੀਗਾਰ ਕੈ, ਖੁਸੀ ਕਰਤਾਰ ਕਰਿਕੈ ਪਠਾਯੋ ।

ਕਰੀ ਤਸਲੀਮ ਤਿਹ ਹੁਕਮ ਕੋ ਦੇਖ ਕੈ, ਸੀਸ ਪੈ ਬਾਂਧਿ ਤਾਂਤੇ ਸਿਧਾਯੋ ॥੧੩॥੫੫੬॥

ਤਦ ਤੁਰਕ ਮੈਦਾਨ ਛੱਡ ਕੇ ਭੱਜ ਗਏ, ਤਾਂ (ਯੁੱਧ ਦਾ) ਖੇਤਰ ਸਿੰਘਾਂ ਦੇ ਹੱਥ ਆ ਗਿਆ। ਤਦ ਕਰਤਾਰ (ਗੁਰੂ ਜੀ) ਨੇ ਮਨ ਵਿੱਚ ਇਹ ਵਿਚਾਰ ਕੀਤਾ ਕਿ (ਬਾਦਸ਼ਾਹ) ਔਰੰਗਜ਼ੇਬ ਨੂੰ (ਸਾਰੀ ਸੱਚਾਈ ਦਾ) ਭੇਤ ਸੁਣਾਉਣਾ ਚਾਹੀਦਾ ਹੈ। ਇਸ ਕਾਰਜ ਲਈ ਭਾਈ ਦਇਆ ਸਿੰਘ ਜੀ ਨੂੰ ਤਿਆਰ ਕਰਕੇ, ਕਰਤਾਰ (ਗੁਰੂ ਜੀ) ਨੇ ਖੁਸ਼ੀ ਨਾਲ ਉਹਨਾਂ ਨੂੰ ਭੇਜਿਆ। ਉਹਨਾਂ (ਦਇਆ ਸਿੰਘ ਜੀ) ਨੇ ਹੁਕਮ ਨੂੰ ਦੇਖ ਕੇ ਸਲਾਮ ਕੀਤੀ ਅਤੇ ਉਸ ਨੂੰ ਸਿਰ 'ਤੇ ਬੰਨ੍ਹ ਕੇ ਉੱਥੋਂ ਚੱਲ ਪਏ। ॥੧੩॥੫੫੬॥

ਕਹੀ ਸਮਝਾਇ ਕਰਤਾਰ ਤਾਹੀ ਸਮੈ, ਲਿਖਾ ਔਰੰਗੇ ਕੇ ਹਾਥ ਦੀਜੋ ।
ਸਾਥ ਸਹਾਇ ਯੌ ਜਾਨ ਮੇਰਾ ਬਚਨ, ਨਾਹਿ ਮਨ ਮਾਹਿ ਕਛੁ ਸੰਕ ਕੀਜੋ ।
ਤੀਨ ਦੋ ਪਾਂਚ ਲੈ ਖਾਲਸੇ ਪਾਸਿ ਤੇ, ਖਰਚ ਦਰਬਾਰ ਬੀਚਾਰੁ ਲੀਜੋ ।
ਸਾਹਿ ਪੈ ਜਾਇ ਦਰਿ ਆਇ ਦਰਬਾਰ ਮੈ, ਬੇਗ ਫਰਮਾਨ ਤਯਾਰ ਕੀਜੋ ॥੧੪॥੫੫੭॥

ਉਸ ਸਮੇਂ ਕਰਤਾਰ (ਗੁਰੂ ਜੀ) ਨੇ ਸਮਝਾ ਕੇ ਕਿਹਾ, "ਇਹ ਲਿਖਤ (ਜ਼ਫ਼ਰਨਾਮਾ) ਔਰੰਗਜ਼ੇਬ ਦੇ ਹੱਥ ਵਿੱਚ ਹੀ ਦੇਣਾ। ਮੇਰੀ ਸਹਾਇਤਾ ਤੇਰੇ ਨਾਲ ਹੈ, ਇਹ ਮੇਰਾ ਵਚਨ (ਵਾਅਦਾ) ਹੈ। (ਇਸ ਬਾਰੇ ਆਪਣੇ) ਮਨ ਵਿੱਚ ਕੋਈ ਵੀ ਸ਼ੰਕਾ ਨਹੀਂ ਕਰਨੀ। ਅੱਠ ਰੁਪਏ (ਦਿੱਲੀ ਦੀ) ਖ਼ਾਲਸਾ (ਸੰਗਤ) ਤੋਂ (ਖ਼ਰਚ ਲਈ) ਲੈਣਾ ਲੈਣਾ ਤੇ ਉਸਨੂੰ ਗੁਰੂ ਦਰਬਾਰ ਦੇ ਖ਼ਰਚ ਵਿੱਚ ਵਿਚਾਰ ਲੈਣਾ (ਭਾਵ, ਉਸ ਰਕਮ ਨੂੰ ਗੁਰੂ ਦਰਬਾਰ ਦੇ ਖ਼ਰਚ ਵਿੱਚ ਲਿੱਖ ਦੇਣਾ)। ਬਾਦਸ਼ਾਹ ਦੇ ਦਰਬਾਰ ਵਿੱਚ ਪਹੁੰਚ ਕੇ (ਉਸ ਤੋਂ ਜਵਾਬੀ) ਫ਼ਰਮਾਨ ਛੇਤੀ ਤਿਆਰ ਕਰਵਾਉਣਾ।" ॥੧੪॥੫੫੭॥

**ਦੋਹਰਾ**

ਬਿਦਾ ਭਯੋ ਤਾਹੀ ਸਮੈ, ਪ੍ਰਭ ਕੋ ਸੀਸ ਨਿਵਾਇ ।
ਅਹਿਦੀ ਭੇਸ ਬਨਾਇ ਕੈ, ਚਲਯੋ ਸਿੰਘ ਤਬ ਧਾਇ ॥੧੫॥੫੫੮॥

ਉਸੇ ਵੇਲੇ ਉਹ (ਭਾਈ ਦਇਆ ਸਿੰਘ) ਪ੍ਰਭੂ (ਗੁਰੂ ਜੀ) ਨੂੰ ਸੀਸ ਨਿਵਾ ਕੇ ਵਿਦਾ ਹੋਏ। ਅਹਿਦੀ (ਹਲਕਾਰਾ) ਦਾ ਭੇਸ ਬਣਾ ਕੇ ਉਹ ਸਿੰਘ ਤੇਜ਼ੀ ਨਾਲ ਚੱਲ ਪਿਆ। ॥੧੫॥੫੫੮॥

**ਭੁਜੰਗ ਪ੍ਰਯਾਤ ਛੰਦ**

ਕਿਯੋ ਅਹਿਦੀਯੰ ਭੇਸ ਬੇਗੰ ਸਿਧਾਯੋ । ਤਿਨੈ ਗਾਵ ਗਾਵੰ ਬਿਗਾਰੰ ਬੁਲਾਯੋ ।
ਕਿਯੇ ਕੂਚ ਕੇਤੇ ਕਰੀ ਐਲਗਾਰੰ। ਕਿਤੇ ਦਯੋਸ ਮੈ ਆਇ ਦਿੱਲੀ ਮਝਾਰੰ॥੧੬॥੫੫੯॥

ਅਹਿਦੀ ਦਾ ਭੇਸ ਬਣਾ ਕੇ ਉਹ ਤੇਜ਼ੀ ਨਾਲ ਚੱਲ ਪਏ। (ਰਾਹ ਵਿੱਚ ਲੋੜ ਅਨੁਸਾਰ) ਉਹਨਾਂ ਨੇ ਪਿੰਡ-ਪਿੰਡ ਦੇ ਬੇਗਾਰੀਆਂ ਨੂੰ ਬੁਲਾਇਆ (ਜੋ ਉਹਨਾਂ ਦੇ ਸਫ਼ਰ ਵਿੱਚ ਮਦਦ ਕਰਦੇ)। ਕਈ ਪੜਾਅ ਤੈਅ ਕਰਦੇ ਹੋਏ ਅਤੇ ਸਫ਼ਰ ਕਰਦੇ ਹੋਏ ਉਹ ਕੁਝ ਦਿਨਾਂ ਵਿੱਚ ਦਿੱਲੀ ਆ ਪਹੁੰਚੇ। ॥੧੬॥੫੫੯॥

ਟਿੱਪਣੀ:- ਮੁਗ਼ਲ ਸਲਤਨਤ ਦੇ ਸਮੇਂ ਸ਼ਾਹੀ ਹੁਕਮ ਲੈ ਕੇ ਜਾਣ ਵਾਲੇ ਇੱਕ ਸਰਕਾਰੀ ਅਧਿਕਾਰੀ ਨੂੰ ਅਹਿਦੀ ਕਿਹਾ ਜਾਂਦਾ ਸੀ। ਇਹ ਇੱਕ ਵਿਸ਼ੇਸ਼ ਅਹੁਦਾ ਹੋਇਆ ਕਰਦਾ ਸੀ। ਸਰਕਾਰੀ ਟੈਕਸ ਦੀ ਵਸੂਲੀ ਵਗ਼ੈਰਾ ਲਈ ਵੀ ਅਹਦੀ ਨੂੰ ਭੇਜਿਆ ਜਾਂਦਾ ਸੀ।

ਮਿਲੀ ਸਾਧ ਸੰਗਤਿ ਮਹਾ ਸੂਖ ਪਾਯੋ । ਹੁਕਮ ਕਾਢਿ ਕੈ ਤਾਹਿ ਤਾਤੇ ਬਚਾਯੋ ।
ਲਿਯੇ ਦਾਮ ਜੇਤੇ ਲਿਖੇ ਤਾਹਿ ਨਾਮੰ । ਚਲੇ ਕੂਚ ਕੈ ਕੈ ਕਿਯੋ ਏਹ ਕਾਮੰ ॥੧੭॥੫੬੦॥

(ਉੱਥੇ) ਉਨ੍ਹਾਂ ਨੂੰ (ਦਿੱਲੀ ਦੀ ਸਥਾਨਕ) ਸਾਧ ਸੰਗਤ ਮਿਲੀ ਅਤੇ ਬਹੁਤ ਸੁੱਖ ਪ੍ਰਾਪਤ ਕੀਤਾ। (ਗੁਰੂ ਜੀ ਦਾ) ਹੁਕਮਨਾਮਾ ਕੱਢ ਕੇ ਉਹਨਾਂ (ਸੰਗਤ) ਨੂੰ ਪੜ੍ਹ ਕੇ ਸੁਣਾਇਆ। ਜਿੰਨੇ ਪੈਸੇ (ਗੁਰੂ ਜੀ ਨੇ ਆਪਣੇ ਹੁਕਮ ਵਿੱਚ) ਲਿਖੇ ਸਨ, ਉਹ ਸੰਗਤ ਤੋਂ ਲੈ ਲਏ ਅਤੇ ਇਹ ਕੰਮ ਕਰਕੇ ਉਹ (ਅੱਗੇ) ਚੱਲ ਪਏ। ॥੧੭॥੫੬੦॥

ਟਿੱਪਣੀ:- 'ਬਚਾਯੋ' ਲਫ਼ਜ਼ ਦਾ ਮੂਲ 'ਵਾਚਨ' ਵਿੱਚ ਹੈ, ਜਿਸ ਦਾ ਅਰਥ 'ਪੜ੍ਹਨਾ' ਜਾਂ 'ਪੜ੍ਹ ਕੇ ਸੁਣਾਉਣਾ' ਹੈ।

ਆਏ ਆਗਰੇ ਕਾਮ ਕੈ ਕੈ ਸਿਧਾਏ । ਲਖੀ ਚੰਬਲੰ ਛੋੜਿ ਗੁੱਲੇਰ ਧਾਏ ।
ਆਏ ਨਰਵਰੰ ਕਾਲ ਬਾਗੰ ਸਿਰਜੈਨੰ । ਦਈ ਛੋੜਿਕੈ ਸੋਇ ਆਏ ਉਜੈਨੰ ॥੧੮॥੫੬੧॥

ਆਗਰੇ ਆ ਕੇ ਅਤੇ ਉੱਥੋਂ ਦਾ ਕੰਮ ਕਰਕੇ ਉਹ ਅੱਗੇ ਵਧੇ। ਚੰਬਲ (ਨਦੀ) ਨੂੰ ਜਾ ਦੇਖਿਆ (ਤੇ ਫਿਰ ਉਸਨੂੰ) ਛੱਡ ਕੇ ਗਵਾਲੀਅਰ ਵੱਲ ਵਧੇ। ਫਿਰ ਨਰਵਰ, ਕਾਲਾਬਾਗ ਅਤੇ ਸਿਰੋਂਜ ਨੂੰ ਪਿੱਛੇ ਛੱਡ ਕੇ ਉਹ ਉਜੈਨ ਆ ਪਹੁੰਚੇ। ॥੧੮॥੫੬੧॥

ਲਖੀ ਨਰਬਦਾ ਪਾਰ ਪੈ ਲੇ ਸਿਧਾਰੇ । ਗਏ ਮਾਲਵੇ ਕੇ ਮਹਾ ਕੋਸ ਭਾਰੇ ।
ਗੜੰ ਦੇਖਿਅੰ ਸੇਰ ਤਾ ਤੇ ਪਧਾਰੰ । ਆਏ ਨੱਗ੍ਰ ਬੁੱਰਾਨ ਪੂਰੰ ਮਝਾਰੰ ॥੧੯॥੫੬੨॥

ਨਰਬਦਾ ਨਦੀ ਨੂੰ ਵੇਖ ਕੇ ਅਤੇ ਉਸਨੂੰ ਪਾਰ ਕਰਕੇ ਉਹ ਅੱਗੇ ਚੱਲ ਪਏ। ਮਾਲਵੇ ਦੇ ਇਲਾਕੇ ਦੇ ਲੰਮੇ ਪੈਂਡੇ ਤੈਅ ਕੀਤੇ। ਫਿਰ ਅਸੀਰਗੜ੍ਹ ਦਾ ਕਿਲ੍ਹਾ ਦੇਖ ਕੇ ਉੱਥੋਂ ਚੱਲ ਪਏ ਅਤੇ ਬੁਰਹਾਨਪੁਰ ਨਗਰ ਵਿੱਚ ਆ ਗਏ। ॥੧੯॥੫੬੨॥

ਕਿਯੋ ਬਾਹਨੰ ਅਸ੍ਵ ਤਾਤੇ ਸਿਧਾਯੋ । ਕਿਯੇ ਕੂਚ ਔਰੰਗਬਾਦੰ ਸੁ ਆਯੋ ।
ਕਿਯੋ ਕਾਮ ਤਾ ਤੇ ਤਹਾ ਤੇ ਸਿਧਾਯੰ । ਤਬੈ ਲਸਕਰ ਅਹਮਦਾ ਨਗ੍ਰ ਆਯੰ॥੨੦॥੫੬੩॥

ਉੱਥੋਂ ਘੋੜੇ 'ਤੇ ਸਵਾਰ ਹੋ ਕੇ ਅੱਗੇ ਚੱਲ ਪਏ ਅਤੇ ਕੂਚ ਕਰਦੇ ਹੋਏ ਔਰੰਗਾਬਾਦ ਆ ਪਹੁੰਚੇ। ਉੱਥੋਂ ਦਾ ਕੰਮ ਕਰਕੇ ਜਦੋਂ ਉਹ ਅੱਗੇ ਵਧੇ, ਤਾਂ (ਅੰਤ ਵਿੱਚ) ਅਹਿਮਦਨਗਰ ਵਿੱਚ (ਬਾਦਸ਼ਾਹ ਦੇ) ਲਸ਼ਕਰ ਕੋਲ ਆ ਪਹੁੰਚੇ। ॥੨੦॥੫੬੩॥

**ਭੁਜੰਗ ਪ੍ਰਯਾਤ ਛੰਦ**
ਸਮੈ ਸੋਦਰੰ ਬੇਦਰੰ ਸਿੰਘ ਆਯੋ । ਕਿਨੀ ਗੰਜ ਮੈ ਜੇਠ ਸਿੰਘੰ ਬਤਾਯੋ ।

ਰਹੇ ਧਾਮ ਤਾ ਕੇ ਸੁ ਰੈਨੰ ਬਿਤਾਯੋ । ਭਈ ਭੋਰ ਤੇ ਧਰਮਸਾਲੰ ਸਿਧਾਯੋ ॥੨੧॥੫੬੪॥

ਉਸ ਸਮੇਂ ਸਿੰਘ (ਭਾਈ ਦਇਆ ਸਿੰਘ ਜੀ) ਸ੍ਰੀ ਸੋਦਰੁ (ਰਹਿਰਾਸ ਸਾਹਿਬ ਦੇ ਪਾਠ, ਭਾਵ ਸ਼ਾਮ ਦੇ) ਵੇਲੇ ਬਿਨ੍ਹਾਂ ਦੇਰੀ ਤੋਂ ਉਸ ਨਗਰ ਵਿੱਚ ਆਏ। ਉੱਥੇ ਕਿਸੇ ਨੇ ਉਹਨਾਂ ਨੂੰ 'ਗੰਜ' (ਬਜ਼ਾਰ) ਵਿੱਚ ਭਾਈ ਜੇਠਾ ਸਿੰਘ ਦਾ (ਪਤਾ) ਦੱਸਿਆ। ਉਹਨਾਂ ਦੇ ਘਰ ਰਹਿ ਕੇ ਰਾਤ ਬਤੀਤ ਕੀਤੀ ਅਤੇ ਸਵੇਰ ਹੁੰਦਿਆਂ ਹੀ ਧਰਮਸ਼ਾਲਾ ਵੱਲ ਚਲੇ ਗਏ। ॥੨੧॥੫੬੪॥
ਸਵੈਯਾ

ਸਿੰਘ ਤਾਹੀ ਸਮੈ ਆਨ ਦੱਛਨ ਦਿਸਾ, ਮੇਲਿ ਸਤਿਸੰਗ ਬੀਚਾਰ ਕੀਨਾ ।
ਕਹੋ ਜਿਹ ਭਾਂਤਿ ਤਿਹ ਭਾਂਤਿ ਅਰਜੀ ਕਰੋ, ਸਾਹ ਕੋ ਲਿਖਾ ਸਿੰਘ ਗੋਬਿੰਦ ਦੀਨਾ ।
ਬਾਕ ਬੀਚਾਰ ਬਿਸਥਾਰ ਕੇਤਾ ਭਯੋ, ਭਰਮ ਭੂਲੇ ਜਿਵੇਂ ਬੇਦਿਰੀਨਾ ।
ਹੁਕਮ ਕਰਤਾਰ ਕਾ ਮਾਨ ਕੈ ਖਾਲਸੇ ਪ੍ਰੀਤਿ ਸੋ ਆਪਨੇ ਸੀਸ ਲੀਨਾ ॥੨੨॥੫੬੫॥

ਉਸ ਸਮੇਂ ਦੱਖਣ ਦਿਸ਼ਾ ਵਿੱਚ ਆ ਕੇ ਸਿੰਘ (ਭਾਈ ਦਇਆ ਸਿੰਘ) ਨੇ ਸਤਿਸੰਗਤ ਨੂੰ ਮਿਲ ਕੇ ਵਿਚਾਰ ਕੀਤੀ। ਉਹਨਾਂ ਨੇ ਕਿਹਾ, "ਜਿਸ ਤਰ੍ਹਾਂ ਤੁਸੀਂ ਆਖੋ, ਮੈਂ ਉਸ ਤਰ੍ਹਾਂ ਹੀ ਕਰਾਂ, ਤਾਂ ਕਿ ਗੁਰੂ ਗੋਬੰਦ ਸਿੰਘ ਸਾਹਿਬ ਨੇ ਜਿਹੜਾ (ਜ਼ਫਰਨਾਮਾ) ਬਾਦਸ਼ਾਹ ਲਈ ਲਿੱਖ ਕੇ ਦਿੱਤਾ ਹੈ, (ਉਸਨੂੰ ਬਾਦਸ਼ਾਹ ਤੱਕ ਪਹੁੰਚਾ ਸਕੀਏ। ਇਸ ਬਚਨ 'ਤੇ ਕਿੰਨਾ ਹੀ ਵਿਚਾਰ-ਵਟਾਂਦਰਾ ਹੋਇਆ। ਲੋਕ ਭਰਮ ਵਿੱਚ ਭੁੱਲੇ ਹੋਏ ਸਨ। (ਪਰ ਸੱਚੇ) ਖਾਲਸੇ ਨੇ ਕਰਤਾਰ ਦੇ ਹੁਕਮ ਨੂੰ ਮੰਨ ਕੇ ਪ੍ਰੀਤ ਨਾਲ ਆਪਣੇ ਸਿਰ 'ਤੇ ਕਬੂਲ ਕੀਤਾ। ॥੨੨॥੫੬੫॥

**ਦੋਹਰਾ**
ਮਨ ਬਚ ਕਰਮ ਕਰਿ ਭਾਵਨੀ, ਅਤਿ ਹਿਤ ਚਿਤਿ ਮਨ ਲਾਇ ।
ਨਿਸਦਿਨ ਸੇਵਾ ਸਿੰਘ ਕੀ, ਕਰੇ ਖਾਲਸਾ ਜਾਇ ॥੨੩॥੫੬੬॥

ਖਾਲਸੇ ਨੇ ਮਨ, ਬਚਨ ਅਤੇ ਕਰਮ ਨਾਲ ਸ਼ਰਧਾ ਧਾਰ ਕੇ ਅਤੇ ਮਨ ਵਿੱਚ ਬਹੁਤ ਪ੍ਰੇਮ ਨਾਲ (ਭਾਈ ਦਇਆ) ਸਿੰਘ ਜੀ ਦੀ ਸੇਵਾ ਕੀਤੀ। ਉਹ ਦਿਨ-ਰਾਤ ਜਾ ਕੇ ਸੇਵਾ ਕਰਦੇ ਰਹੇ। ॥੨੩॥੫੬੬॥

**ਚੌਪਈ**

ਮਾਇਆ ਕੇ ਮਦ ਜੋ ਜਨ ਫੂਲੇ । ਐਡੇ ਫਿਰੈ ਹੁਕਮ ਤੇ ਭੂਲੇ।
ਫੀਕੇ ਬੈਨ ਕਹੈ ਅਤਿ ਭਾਰੀ । ਪ੍ਰਭ ਕੀ ਕ੍ਰਿਆ ਨ ਨੈਕ ਬਿਚਾਰੀ ॥੨੪॥੫੬੭॥

ਜਿਹੜੇ ਲੋਕ ਮਾਇਆ ਦੇ ਨਸ਼ੇ ਵਿੱਚ ਹੰਕਾਰੀ ਹੋਏ ਪਏ ਸਨ, (ਉਹ ਗੁਰੂ ਦੇ) ਹੁਕਮ ਨੂੰ ਭੁੱਲ ਕੇ ਆਕੜੇ ਫਿਰਦੇ ਸਨ। ਉਹ ਬਹੁਤ ਫਿੱਕੇ ਅਤੇ ਚੁੱਭਵੇਂ ਬਚਨ ਬੋਲਦੇ ਸਨ ਅਤੇ ਉਹਨਾਂ ਨੇ ਪ੍ਰਭੂ ਦੀ ਲੀਲ੍ਹਾ ਨੂੰ ਜਰਾ ਵੀ ਨਹੀਂ ਵਿਚਾਰਿਆ। ॥੨੪॥੫੬੭॥

ਜਿਹ ਦਿਸ ਘਾਤ ਸਿੰਘ ਕਛੁ ਧਰੈ । ਇਹੀ ਉਪਾਵ ਅਰਜ ਕੋ ਕਰੈ ।
ਤਾਕੀ ਭਨਕ ਮੂੜ੍ਹ ਸੁਨਿ ਪਾਵੈ ॥ ਤਿਹ ਢਿਗ ਜਾਇ ਮਨੈ ਕਰਿ ਆਵੈ ॥੨੫॥੫੬੮॥

ਜਦੋਂ ਵੀ ਸਿੰਘ (ਭਾਈ ਦਇਆ ਸਿੰਘ) ਕਿਸੇ ਪਾਸੇ ਕੋਈ ਜੁਗਤ ਬਣਾਉਂਦੇ ਜਾਂ (ਮੁਲਾਕਾਤ ਦੀ) ਅਰਜ਼ੀ ਦਾ ਕੋਈ ਉਪਾਅ ਕਰਦੇ, ਤਾਂ ਉਹ ਮੂਰਖ ਲੋਕ ਉਸਦੀ ਸੂਹ ਪਾ ਲੈਂਦੇ ਅਤੇ ਉਸ (ਅਧਿਕਾਰੀ) ਕੋਲ ਜਾ ਕੇ (ਕੰਮ ਲਈ) ਮਨ੍ਹਾਂ ਕਰ ਆਉਂਦੇ ਸਨ। ॥੨੫॥੫੬੮॥

ਅਨਿਕ ਉਪਾਵ ਸਿੰਘ ਨੇ ਕਰੇ । ਛੰਦ ਬੰਦ ਕਛੁ ਨੈਕ ਨ ਸਰੇ ।
ਲਿਖੀ ਕਥਾ ਪ੍ਰਭੁ ਪਾਸ ਪਠਾਈ । ਦਯਾ ਕਰੋ ਇਮ ਹੋਹੁ ਸਹਾਈ ॥੨੬॥੫੬੯॥

(ਭਾਈ ਦਇਆ) ਸਿੰਘ ਨੇ ਅਨੇਕ ਉਪਾਅ ਕੀਤੇ, ਪਰ ਕੋਈ ਵੀ ਦਾਉ ਪੇਚ ਸਿਰੇ ਨਾ ਚੜ੍ਹਿਆ। (ਅੰਤ ਵਿੱਚ) ਉਹਨਾਂ ਨੇ ਸਾਰੀ ਗੱਲ ਲਿਖ ਕੇ ਪ੍ਰਭੂ (ਗੁਰੂ ਜੀ) ਪਾਸ ਭੇਜੀ ਕਿ "ਦਇਆ ਕਰੋ ਅਤੇ ਇਸ ਤਰ੍ਹਾਂ ਮੇਰੇ ਸਹਾਇਕ ਬਣੋ।" ॥੨੬॥੫੬੯॥

**ਸੋਰਠਾ**

ਦਯਾ ਸਿੰਘ ਅਰਦਾਸ ਲਿਖਿ ਭੇਜੀ ਪ੍ਰਭੁ ਕੋ ਤਬੈ ।
"ਆਪਨ ਕਾਜ ਸੁਧਾਰ, ਹੁਇ ਸਹਾਇ ਪ੍ਰਭੁ ਜੀ! ਅਬੈ"॥੨੭॥੫੭੦॥

ਭਾਈ ਦਇਆ ਸਿੰਘ ਜੀ ਨੇ ਉਸ ਸਮੇਂ ਪ੍ਰਭੂ (ਗੁਰੂ ਜੀ) ਨੂੰ (ਇਹ) ਅਰਦਾਸ ਲਿੱਖ ਕੇ ਭੇਜੀ: "ਹੇ ਪ੍ਰਭੂ ਜੀ! ਹੁਣ ਤੁਸੀਂ ਆਪ ਹੀ ਸਹਾਇਕ ਹੋ ਕੇ ਆਪਣਾ ਇਹ ਕਾਰਜ ਸਵਾਰੋ।" ॥੨੭॥੫੭੦॥

**ਦੋਹਰਾ**

ਜੋਰੀ ਏਕ ਬੁਲਾਇ ਕੈ, ਕਾਸਦ ਕਰਾ ਤਯਾਰ ।
ਸੋ ਪਠਏ ਪ੍ਰਭੁ ਪੈ ਤਬੈ, ਆ ਪਹੁਚੇ ਦਰਬਾਰ ॥੨੮॥੫੭੧॥

(ਭਾਈ ਦਇਆ ਸਿੰਘ ਜੀ ਨੇ) ਇੱਕ ਜੋੜੀ (ਦੋ ਵਿਅਕਤੀ) ਬੁਲਾ ਕੇ ਉਹਨਾਂ ਨੂੰ ਸੰਦੇਸ਼ਵਾਹਕ (ਕਾਸਦ) ਬਣਾ ਕੇ ਤਿਆਰ ਕੀਤਾ। ਉਹਨਾਂ ਨੂੰ ਉਸੇ ਵੇਲੇ ਪ੍ਰਭੂ (ਗੁਰੂ ਜੀ) ਵੱਲ ਭੇਜ ਦਿੱਤਾ ਗਿਆ ਅਤੇ ਉਹ (ਕੁਝ ਸਮੇਂ ਵਿੱਚ ਗੁਰੂ ਮਹਾਰਾਜ ਜੀ ਦੇ) ਦਰਬਾਰ ਵਿੱਚ ਆ ਪਹੁੰਚੇ। ॥੨੮॥੫੭੧॥

ਪ੍ਰਭੂ ਬਾਚ ਅਰਦਾਸ ਕੋ, ਪਾਂਚ ਹੁਕਮੁ ਲਿਖਿ ਦੀਨ ।
ਆਪਨ ਕਾਜ ਸੁਧਾਰਨੇ, ਆਪ ਸਹਾਇ ਇਮ ਕੀਨ ॥੨੯॥੫੭੨॥

ਪ੍ਰਭੂ (ਗੁਰੂ ਜੀ) ਨੇ ਅਰਦਾਸ ਨੂੰ ਪੜ੍ਹਿਆ ਅਤੇ (ਜਵਾਬ ਵਿੱਚ) ਪੰਜ ਹੁਕਮ ਲਿਖ ਕੇ ਦਿੱਤੇ। ਆਪਣਾ ਕਾਰਜ ਸਵਾਰਨ ਲਈ, ਉਹਨਾਂ ਨੇ ਇਸ ਤਰ੍ਹਾਂ ਆਪ ਸਹਾਇਤਾ ਕੀਤੀ। ॥੨੯॥੫੭੨॥

ਕਾਸਦ ਫਿਰ ਇਤ ਤੇ ਚਲੇ, ਤੇ ਮਾਰਗ ਮੰਝਾਰ ।
ਅਬ ਲੀਲਾ ਉਤ ਕੀ ਕਹੋ, ਜੋ ਕੀਨੀ ਕਰਤਾਰ ॥੩੦॥੫੭੩॥

ਸੰਦੇਸ਼ਵਾਹਕ ਫਿਰ ਇੱਧਰੋਂ (ਗੁਰੂ ਜੀ ਦੇ ਦਰਬਾਰ ਤੋਂ) ਚੱਲ ਪਏ ਅਤੇ ਉਹ (ਅਜੇ) ਰਸਤੇ ਵਿੱਚ ਹੀ ਸਨ। (ਕਵੀ ਕਹਿੰਦਾ ਹੈ ਕਿ) ਹੁਣ ਮੈਂ ਉੱਧਰ (ਦੱਖਣ ਵਿੱਚ) ਦੀ ਲੀਲ੍ਹਾ ਦੱਸਦਾ ਹਾਂ, ਜੋ ਕਰਤਾਰ ਨੇ ਵਰਤਾਈ। ॥੩੦॥੫੭੩॥

**ਚੌਪਈ**
ਕਾਬੂ ਏਕ ਸਿੰਘ ਕਰਿ ਆਯੋ । ਸਿੰਘ ਸਾਥ ਉਨ ਭੇਦ ਬਨਾਯੋ ।
ਤਾਹਿ ਬਿਚਾਰ ਅਰਜ ਇਮ ਕਰੀ । ਵਰਕੀ ਹਾਥ ਸਾਹ ਕੇ ਪਰੀ ॥੩੧॥੫੭੪॥

(ਇਸੇ ਦੌਰਾਨ, ਉੱਧਰ ਦੱਖਣ ਵਿੱਚ) (ਭਾਈ ਦਇਆ) ਸਿੰਘ ਜੀ ਨੇ ਇੱਕ ਪਹੁੰਚ ਵਾਲੇ (ਅਧਿਕਾਰੀ) ਨੂੰ ਆਪਣੇ ਵੱਲ ਕਰ ਲਿਆ। ਉਸ (ਅਧਿਕਾਰੀ) ਨੇ ਸਿੰਘ ਨਾਲ ਇੱਕ ਗੁਪਤ ਯੋਜਨਾ ਬਣਾਈ। ਉਸ ਦੀ ਸਲਾਹ ਨਾਲ ਬੇਨਤੀ ਇਸ ਤਰੀਕੇ ਨਾਲ ਕੀਤੀ ਗਈ ਕਿ ਪੱਤਰ (ਵਰਕੀ) ਸਿੱਧਾ ਬਾਦਸ਼ਾਹ (ਔਰੰਗਜ਼ੇਬ) ਦੇ ਹੱਥ ਵਿੱਚ ਪਹੁੰਚ ਗਿਆ। ॥੩੧॥੫੭੪॥

ਤਾ ਮੈ ਲੀਲਾ ਲਿਖੀ ਅਪਾਰਾ । ਭਾਂਤਿ ਭਾਂਤਿ ਸੋ ਸਾਹ ਬਿਚਾਰਾ ।
ਤਾ ਕੀ ਤਨਿਕ ਭਨਕ ਇਮ ਕਹੀ । ਸਰਬ ਕਥਾ ਕੀ ਮਿਤਿ ਨਹੀਂ ਲਹੀ ॥੩੨॥੫੭੫॥

ਉਸ (ਜ਼ਫ਼ਰਨਾਮੇ) ਵਿੱਚ (ਗੁਰੂ ਜੀ ਦੀ) ਬੇਅੰਤ ਲੀਲ੍ਹਾ ਲਿਖੀ ਹੋਈ ਸੀ। ਬਾਦਸ਼ਾਹ ਨੇ ਉਸ ਨੂੰ ਕਈ ਤਰੀਕਿਆਂ ਨਾਲ ਵਿਚਾਰਿਆ। (ਕਵੀ ਕਹਿੰਦਾ ਹੈ ਕਿ) ਮੈਂ ਤਾਂ ਸਿਰਫ ਉਸਦੀ ਇੱਕ ਮਾਮੂਲੀ ਜਿਹੀ ਝਲਕ ਹੀ ਦੱਸੀ ਹੈ, ਕਿਉਂਕਿ ਸਾਰੀ ਕਥਾ ਦੀ ਡੂੰਘਾਈ ਨੂੰ ਮੈਂ ਨਹੀਂ ਜਾਣਦਾ। ॥੩੨॥੫੭੫॥

**ਸਵੈਯਾ**
ਸਾਹਿ ਔਰੰਗ ਕੋ ਲਿਖਾ ਯਹ ਭਾਂਤਿ ਸੌ, ਚਾਹਤਾ ਆਪ ਤੁਹਿ ਪਾਸ ਆਯੋ ।
ਕੌਲ ਬਿਕੌਲ ਸਬ ਲੋਗ ਤੇਰੇ ਭਏ, ਜੰਗ ਕੋ ਭੇਦ ਐਸੇ ਬਤਾਯੋ ।
ਰਾਵ ਰਾਜੇ ਘਨੇ, ਆਨ ਰਨ ਮੈ ਤਨੇ, ਭਏ ਹੈ ਅਨਮਨੇ ਤਿਤਨ ਘਾਯੋ ।
ਦੇਖਿ ਕੈ ਚੇਤ ਬਿਚਾਰ ਏਤਾ ਯਹੀ, ਸਿੰਘ ਤੁਹਿ ਪਾਸਿ ਯਾ ਤੇ ਪਠਾਯੋ ॥੩੩॥੫੭੬॥

ਬਾਦਸ਼ਾਹ ਔਰੰਗਜ਼ੇਬ ਨੂੰ ਇਸ ਤਰ੍ਹਾਂ ਲਿਖਿਆ ਸੀ, "ਮੈਂ ਆਪ ਤੇਰੇ ਪਾਸ ਆਉਣਾ ਚਾਹੁੰਦਾ ਸੀ, ਪਰ ਤੇਰੇ ਸਾਰੇ ਲੋਕ (ਅਹਿਲਕਾਰ) ਆਪਣੇ

ਵਚਨਾਂ ਤੋਂ ਮੁੱਕਰ ਗਏ ਹਨ।" ਜੰਗ ਦਾ ਭੇਤ ਇਸ ਤਰ੍ਹਾਂ ਦੱਸਿਆ। "ਬਹੁਤ ਸਾਰੇ ਰਾਜੇ-ਰਾਣੇ ਜੰਗ ਦੇ ਮੈਦਾਨ ਤਣ (ਕੇ ਖੜ੍ਹ) ਗਏ, (ਪਰ ਮੇਰੀ ਫ਼ੌਜ ਹੱਥੋਂ ਜ਼ਖ਼ਮੀ ਹੋ ਕੇ ਉਦਾਸ ਹੋ ਗਏ। ਇਹ ਸਭ ਕੁਝ ਦੇਖ ਕੇ ਅਤੇ ਵਿਚਾਰ ਕੇ ਹੀ ਮੈਂ ਇਹ ਸਿੰਘ ਤੇਰੇ ਕੋਲ ਭੇਜਿਆ ਹੈ।" ॥੩੩॥੫੭੬॥

**ਭੁਜੰਗ ਪ੍ਰਯਾਤ ਛੰਦ**

ਮਹਾ ਬੋਝ ਹੈ ਸੀਸ ਪੈ ਜਾਨ ਤੇਰੇ । ਭਏ ਕੌਲ ਬਿਕੌਲ ਸੋ ਲੋਗ ਤੇਰੇ ।
ਲਿਖਾ ਹੈ ਤੁਝੇ ਜਾਨ ਈਮਾਨ ਸੰਗੇ । ਕਰੋਗੇ ਕਹਾ ਜੀਵ ਕਰਤਾਰ ਮੰਗੇ ॥੩੪॥੫੭੭॥

(ਪੱਤਰ ਵਿੱਚ ਲਿਖਿਆ ਸੀ) "ਇਹ ਜਾਣ ਲੈ ਕਿ ਤੇਰੇ ਸਿਰ 'ਤੇ (ਪਾਪਾਂ ਦਾ) ਬਹੁਤ ਵੱਡਾ ਬੋਝ ਹੈ। ਤੇਰੇ ਲੋਕ ਆਪਣੇ ਕੀਤੇ ਹੋਏ ਕੌਲ-ਇਕਰਾਰਾਂ ਤੋਂ ਮੁੱਕਰ ਗਏ ਹਨ। ਮੈਂ ਤੈਨੂੰ ਇਹ ਪੱਤਰ ਪੂਰੇ ਈਮਾਨ ਨਾਲ ਲਿਖਿਆ ਹੈ। (ਦੱਸ,) ਤੂੰ ਕੀ ਕਰੇਂਗਾ ਜਦੋਂ ਕਰਤਾਰ ਤੇਰੇ ਪਾਸੋਂ ਤੇਰੀ ਜਿੰਦ ਮੰਗੇਗਾ?" ॥੩੪॥੫੭੭॥

ਸੁਖਨ ਮਰਦ ਕੋ ਜਾਨ ਮੈ ਜਾਨ ਰਾਖੇ । ਸੁਖਨ ਬੇਸੁਖਨ ਅਉਰ ਕੀ ਅਉਰ ਭਾਖੇ ।
ਦਿਲੋ ਜਾਨ ਸੇ ਕਾਮ ਕੋ ਜਾਨ ਕੀਜੈ । ਕਰੋਗੇ ਜਰੂਰੀ ਨਹੀਂ ਢੀਲ ਦੀਜੈ ॥੩੫॥੫੭੮॥

"ਇੱਕ ਸੱਚਾ ਮਰਦ ਆਪਣੇ ਬਚਨ ਦੀ ਖਾਤਰ ਆਪਣੀ ਜਾਨ ਵੀ ਦੇ ਦਿੰਦਾ ਹੈ, ਜਦਕਿ ਬੇ-ਵਚਨਾ ਮਨੁੱਖ ਕਹਿੰਦਾ ਕੁਝ ਹੋਰ ਹੈ ਤੇ ਕਰਦਾ ਕੁਝ ਹੋਰ ਹੈ। ਇਸ ਲਈ ਇਸ ਕੰਮ ਨੂੰ ਦਿਲ ਤੇ ਜਾਨ ਨਾਲ ਸਹੀ ਤਰੀਕੇ ਨਾਲ ਕਰਨਾ ਚਾਹੀਦਾ ਹੈ। ਜੋ ਜ਼ਰੂਰੀ ਹੈ, ਉਸਨੂੰ ਕਰਨ ਵਿੱਚ ਦੇਰੀ ਨਾ ਕਰੋ।" ॥੩੫॥੫੭੮॥

ਕਿ ਅਸਵਾਰ ਹਜਾਰ ਸੋ ਸਾਥ ਆਵੈ । ਭਲੀ ਫੌਜ ਸੌ ਸਿੰਘ ਡੰਕਾ ਬਜਾਵੈ ।
ਕਿਲੇਦਾਰ ਔ ਫੌਜਦਾਰੰ ਅਪਾਰੇ । ਸੂਬੇ ਜਾਤ ਹੈ ਰਾਹ ਕੈ ਬੀਚ ਸਾਰੇ ॥੩੬॥੫੭੯॥

"ਜਾਂ ਤਾਂ (ਮੈਨੂੰ ਇਜਾਜ਼ਤ ਹੋਵੇ ਕਿ) ਮੈਂ ਹਜ਼ਾਰਾਂ ਸਵਾਰਾਂ ਦੇ ਨਾਲ ਆਵਾਂ ਅਤੇ ਸਿੰਘ ਆਪਣੀ ਚੰਗੀ ਫੌਜ ਨਾਲ (ਜਿੱਤ ਦਾ) ਨਗਾਰਾ ਵਜਾਉਂਦਾ ਹੋਇਆ ਆਵੇ, (ਨਹੀਂ ਤਾਂ ਫ਼ਰਮਾਨ ਜਾਰੀ ਕਰੋ ਕਿਉਂਕਿ) ਰਸਤੇ ਵਿੱਚ ਬੇਅੰਤ ਕਿਲ੍ਹੇਦਾਰ, ਫੌਜਦਾਰ ਅਤੇ ਸੂਬੇਦਾਰ ਮਿਲਦੇ ਹਨ (ਜੋ ਰੁਕਾਵਟ ਪਾ ਸਕਦੇ ਹਨ)।" ॥੩੬॥੫੭੯॥

ਯਾ ਫਰਮਾਨ ਕੋ ਤਯਾਰ ਕੈ ਭੇਜ ਦੀਜੈ । ਲਿਖਾ ਠਉਰ ਹੀ ਠਉਰ ਕੋ ਆਪ ਕੀਜੈ ॥
ਹੁਕਮ ਸਾਹ ਕਾ ਜੋ ਕਬੀ ਹਾਥ ਆਵੈ। ਚਲੈ ਕੂਚ ਕੈ ਕੈ ਯਹੀ ਮੋਹਿ ਭਾਵੈ ॥੩੭॥੫੮੦॥

"ਇਸ ਲਈ ਇੱਕ ਸ਼ਾਹੀ ਫ਼ਰਮਾਨ ਤਿਆਰ ਕਰਕੇ ਭੇਜ ਦਿਓ। ਰਸਤੇ ਦੀ ਹਰ ਥਾਂ ਲਈ ਹਦਾਇਤਾਂ ਤੁਸੀਂ ਆਪ ਲਿਖੋ। ਜੇਕਰ ਬਾਦਸ਼ਾਹ ਦਾ ਹੁਕਮ ਮੇਰੇ ਹੱਥ ਆ ਜਾਵੇ, ਤਾਂ ਮੈਂ ਕੂਚ ਕਰਕੇ ਚੱਲ ਪਵਾਂਗਾ, ਮੇਰੀ ਇਹੀ ਇੱਛਾ ਹੈ।" ॥੩੭॥੫੮੦॥

**ਸਵੈਯਾ**
ਦੇਖਿ ਬੀਚਾਰ ਮਨ ਮਾਹਿ ਏਤਾ ਕਹਜੋ, ਕਉਨ ਸੰਜੋਗ ਕਰਤਾਰ ਆਵੈ ।
ਲਿਖਾ ਕੈ ਦੇਹੁ ਤਾਕੀਦ ਦਰਬਾਰ ਮੈ, ਸਿੰਘ ਤਤਕਾਲ ਯਾ ਤੇ ਸਿਧਾਵੈ ।
ਗੁਰਜ ਬਰਦਾਰ ਫੁਰਮਾਨ ਭੇਜਾ ਤਬੈ, ਸਿੰਘ ਗੋਬਿੰਦ ਕੇ ਪਾਸ ਜਾਵੈ ।
ਜੋਰ ਕਰਿ ਬੇਨਤੀ ਜਾਇ ਐਸੇ ਕਹੋ, ਰਹੋ ਤਿਹ ਠਉਰ ਜਹਾ ਜੀਵ ਆਵੈ॥੩੮॥੫੮੧॥

(ਪੱਤਰ) ਦੇਖ ਕੇ ਅਤੇ ਵਿਚਾਰ ਕੇ (ਔਰੰਗਜ਼ੇਬ ਨੇ) ਆਪਣੇ ਮਨ ਵਿੱਚ ਕਿਹਾ, "ਕਿਸ ਚੰਗੇ ਸੰਜੋਗ ਨਾਲ ਕਰਤਾਰ (ਗੁਰੂ ਜੀ) ਆਪ ਆ ਰਹੇ ਹਨ?" (ਉਸਨੇ ਹੁਕਮ ਦਿੱਤਾ,) "ਦਰਬਾਰ ਵਿੱਚ ਤੁਰੰਤ ਇੱਕ ਹੁਕਮ ਲਿਖ ਕੇ ਦਿਓ, ਤਾਂ ਜੋ ਇਹ ਸਿੰਘ ਤੁਰੰਤ ਇੱਥੋਂ ਰਵਾਨਾ ਹੋ ਸਕੇ।" ਤਦ ਉਸਨੇ ਇੱਕ ਗੁਰਜ-ਬਰਦਾਰ (ਸ਼ਾਹੀ ਚੋਬਦਾਰ) ਨੂੰ ਫ਼ਰਮਾਨ ਦੇ ਕੇ ਭੇਜਿਆ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਕੋਲ ਜਾਵੇ ਅਤੇ ਹੱਥ ਜੋੜ ਕੇ ਬੇਨਤੀ ਕਰੇ ਕਿ "ਜਿੱਥੇ ਤੁਹਾਡਾ ਮਨ ਕਰੇ, ਤੁਸੀਂ ਉਸੇ ਥਾਂ 'ਤੇ ਰਹੋ (ਭਾਵ, ਤੁਸੀਂ ਆਜ਼ਾਦ ਹੋ)।" ॥੩੮॥੫੮੧॥

**ਦੋਹਰਾ**
ਗੁਰਜਦਾਰ ਫੁਰਮਾਨ ਲੈ, ਦਯਾ ਸਿੰਘ ਕੈ ਸੰਗਿ ।
ਬਿਦਾ ਕਿਯੇ ਤਾਹੀ ਸਮੈ, ਬਾਦਸਾਹ ਔਰੰਗ ॥੩੯॥੫੮੨॥

ਬਾਦਸ਼ਾਹ ਔਰੰਗਜ਼ੇਬ ਨੇ ਉਸੇ ਸਮੇਂ ਗੁਰਜਦਾਰ ਨੂੰ ਫ਼ਰਮਾਨ ਦੇ ਕੇ ਭਾਈ ਦਇਆ ਸਿੰਘ ਜੀ ਦੇ ਨਾਲ ਵਿਦਾ ਕੀਤਾ। ॥੩੯॥੫੮੨॥

**ਭੁਜੰਗ ਪ੍ਰਯਾਤ ਛੰਦ**
ਗੁਰਜਦਾਰ ਅਰੁ ਸਿੰਘ ਤਾ ਤੇ ਸਿਧਾਏ । ਲਿਖੇ ਪਾਂਚ ਦਰਬਾਰ ਤੇ ਹੁਕਮੁ ਆਏ ।
ਭਯੋ ਧੀਰਜੰ ਜੀਵ ਮੈ ਸਾਂਤਿ ਆਈ। ਹੁਕਮੁ ਵਾਰ ਬੀਚਾਰ ਕੈ ਕੈ ਸੁਨਾਈ ॥੪੦॥੫੮੩॥

ਗੁਰਜਦਾਰ ਅਤੇ ਸਿੰਘ (ਭਾਈ ਦਇਆ ਸਿੰਘ ਜੀ) ਉੱਥੋਂ ਚੱਲ ਪਏ। (ਇਸੇ ਦੌਰਾਨ, ਗੁਰੂ ਜੀ ਦੇ) ਦਰਬਾਰ ਤੋਂ ਲਿਖੇ ਹੋਏ ਪੰਜ ਹੁਕਮ (ਜੋ ਕਾਸਦ ਲੈ ਕੇ ਚੱਲੇ ਸਨ) ਵੀ ਆ ਪਹੁੰਚੇ। (ਇਹਨਾਂ ਹੁਕਮਾਂ ਨਾਲ) ਮਨ ਨੂੰ ਧੀਰਜ ਆਇਆ ਅਤੇ ਸ਼ਾਂਤੀ ਮਿਲੀ। ਉਹਨਾਂ ਨੇ (ਸੰਗਤ ਨੂੰ) ਗੁਰੂ ਜੀ ਦੇ ਹੁਕਮ ਵਾਰੀ-ਵਾਰੀ ਵਿਚਾਰ ਕੇ ਸੁਣਾਏ। ॥੪੦॥੫੮੩॥

**ਪਉੜੀ**
ਬਿਰਦ ਬਾਣੇ ਦੀ ਪੈਜ ਰਖਦਾ ਆਇਆ ।
ਹੁਕਮਾਂ ਦੇ ਵਿਚਿ ਲਿਖਿ ਸਤਿਗੁਰਾਂ ਪਠਾਇਆ ।
ਕਛੁ ਨ ਕਰੋ ਵਿਸਵਸਾ, ਇਉਂ ਫੁਰਮਾਇਆ ।
ਸੁਣਿਆ ਮਨ ਸੰਤੋਖ, ਬਹੁਤ ਸੁਖ ਪਾਇਆ ।
ਜੀ, ਨਿੰਦਕ ਮੁੱਠੇ ਰੋਇ, ਜਿਨੀ ਜਨਮੁ ਗਵਾਇਆ ॥੪੧॥੫੮੪॥

(ਸਤਿਗੁਰੂ) ਆਪਣੇ ਮੁੱਢ-ਕਦੀਮਾਂ ਦੇ ਸੁਭਾਅ (ਬਿਰਦ) ਅਤੇ ਬਾਣੇ ਦੀ ਇੱਜ਼ਤ (ਪੈਜ) ਰੱਖਦੇ ਆਏ ਹਨ। ਸਤਿਗੁਰਾਂ ਨੇ ਆਪਣੇ ਹੁਕਮਾਂ ਵਿੱਚ ਲਿਖ ਕੇ ਭੇਜਿਆ (ਅਤੇ) ਇਸ ਤਰ੍ਹਾਂ ਫ਼ਰਮਾਇਆ ਕਿ (ਮਨ ਵਿੱਚ) ਕੁੱਝ ਵੀ ਸ਼ੰਕਾ ਨਾ ਕਰਨਾ। ਇਹ ਸੁਣ ਕੇ (ਸੰਗਤ ਦੇ) ਮਨ ਨੂੰ ਸੰਤੋਖ ਆਇਆ

ਅਤੇ ਬਹੁਤ ਸੁੱਖ ਮਿਲਿਆ। ਜੀ, ਜਿਨ੍ਹਾਂ ਨਿੰਦਕਾਂ ਨੇ ਆਪਣਾ ਜਨਮ ਗੁਆ ਲਿਆ, ਉਹ ਠੱਗੇ ਗਏ ਹੁਣ ਰੋਂਦੇ ਹਨ। ॥੪੧॥੫੮੪॥

ਟਿੱਪਣੀ:- ਕਵੀ ਜੀ ਵੱਲੋਂ ਵਰਤੇ ਲਫ਼ਜ਼ 'ਵਿਸਵਸਾ' ਦਾ ਮੂਲ ਅਰਬੀ ਭਾਸ਼ਾ ਦੇ ਲਫ਼ਜ਼ 'ਵਸਵਾਸ' ਵਿੱਚ ਹੈ, ਜਿਸ ਦਾ ਅਰਥ ਹੈ, 'ਧੜਕਾ', 'ਖਟਕਾ', 'ਸ਼ੰਕਾ'।

ਖਾਸ ਕਲਮ ਕਰਤਾਰ ਲਿਖਿਆ, ਨਾ ਡਰੋ ।
ਦਯਾ ਸਿੰਘ ਕੇ ਨਾਲ, ਕੰਮ ਸਾਮਲ ਕਰੋ ।
ਨਿਮਖ ਬਿਲਮ ਨਹੀਂ ਹੋਇ, ਕਾਰ ਐਸੀ ਕਰੋ ।
ਸਤਿਗੁਰੁ ਸੋ ਕਰਿ ਪ੍ਰੀਤਿ, ਦੁਰਮਤਿ ਮਨ ਤੇ ਹਰੋ ।
ਜੀ, ਜੁਗੁ ਜੁਗੁ ਹੋਇ ਸਹਾਇ, ਧਿਆਨ ਤਿਨ ਕਾ ਧਰੋ ॥੪੨॥੫੮੫॥

ਕਰਤਾਰ (ਗੁਰੂ ਜੀ) ਨੇ ਖ਼ਾਸ ਕਲਮ (ਭਾਵ, ਆਪਣੇ ਹੱਥ) ਨਾਲ ਲਿਖਿਆ, "ਤੁਸੀਂ ਡਰੋ ਨਾ। ਭਾਈ ਦਇਆ ਸਿੰਘ ਜੀ ਦੇ ਨਾਲ ਮਿਲ ਕੇ ਕੰਮ ਕਰੋ। ਅਜਿਹਾ ਕੰਮ ਕਰੋ ਕਿ ਇੱਕ ਪਲ ਦੀ ਵੀ ਦੇਰੀ ਨਾ ਹੋਵੇ। ਸਤਿਗੁਰੂ ਨਾਲ ਪ੍ਰੀਤ ਪਾਓ ਅਤੇ ਮਨ ਵਿਚੋਂ ਖੋਟੀ ਮੱਤ ਨੂੰ ਦੂਰ ਕਰੋ। ਜੀ, ਜੋ ਜੁਗਾਂ-ਜੁਗਾਂਤਰਾਂ ਤੋਂ ਸਹਾਈ ਹੁੰਦਾ ਆਇਆ ਹੈ, ਉਸੇ ਦਾ ਧਿਆਨ ਧਰੋ।" ॥੪੨॥੫੮੫॥

ਸੁਣਿਆ ਸੁਖ ਸਮੂਹ, ਦੁੱਖ ਗਵਾਇਆ ।
ਬਿਨਸੇ ਸਗਲ ਕਲੇਸ, ਭਰਮ ਚੁਕਾਇਆ ।
**ਚਿੰਤਾ ਫਿਕਰ ਬਿਸਾਰ, ਇਉਂ ਫੁਰਮਾਇਆ :**
"ਰਹੋ ਸਤਸੰਗਿ ਨਿਸੰਗਿ, ਦੁਖ ਲਗੇ ਨ ਕਾਇਆ"।
ਜੀ, ਕਰਿ ਸੰਤਨ ਕੋ ਪ੍ਰੀਤਿ, ਮੇਲ ਸਵਾਇਆ ॥੪੩॥੫੮੬॥

(ਗੁਰੂ ਜੀ ਦੇ ਹੁਕਮ) ਸੁਣ ਕੇ ਸਾਰੇ ਸੁੱਖ ਪ੍ਰਾਪਤ ਹੋ ਗਏ ਅਤੇ ਦੁੱਖ ਦੂਰ ਹੋ ਗਿਆ। ਸਾਰੇ ਕਲੇਸ਼ ਮਿਟ ਗਏ ਅਤੇ ਭਰਮ ਖ਼ਤਮ ਹੋ ਗਿਆ। ਗੁਰੂ ਜੀ ਨੇ ਫ਼ਰਮਾਇਆ, "ਸਾਰੀ ਚਿੰਤਾ ਅਤੇ ਫ਼ਿਕਰ ਭੁਲਾ ਕੇ ਬਿਨਾਂ ਕਿਸੇ ਝਿਜਕ ਦੇ ਸਤਿਸੰਗ ਵਿੱਚ ਰਹੋ, ਕੋਈ ਦੁੱਖ ਨਹੀਂ ਲੱਗੇਗਾ।" ਜੀ, ਸੰਤਾਂ ਨਾਲ ਪ੍ਰੀਤ ਕਰਨ ਨਾਲ ਮੇਲ-ਜੋਲ ਹੋਰ ਵਧਦਾ ਹੈ। ॥੪੩॥੫੮੬॥

ਜੋ ਜਨ ਕਰਸੀ ਕਾਰ, ਹੁਕਮ ਇਉਂ ਲਿਖਿਆ ।
ਤਿਸ ਦੀ ਪੂਰਨ ਘਾਲ, ਪੂਰੀ ਦੀਖਿਆ ।
ਤਿਸ ਨੂੰ ਸੋਭ ਅਪਾਰ, ਸਤਿਗੁਰੁ ਦੀਖਿਆ ।
ਜਰਾ ਮਰਨ ਨਹੀਂ ਹੋਇ, ਜਮ ਪੰਥੁ ਨ ਪੇਖਿਆ ।
ਜੀ, ਜੋ ਜਨ ਸਦਾ ਹਜੂਰਿ ਜੁਗੋ ਜੁਗੁ ਰਖਿਆ ॥੪੪॥੫੮੭॥

ਹੁਕਮ ਵਿੱਚ ਇਸ ਤਰ੍ਹਾਂ ਲਿਖਿਆ ਸੀ, "ਜੋ ਮਨੁੱਖ ਇਸ ਕਾਰਜ ਨੂੰ ਕਰੇਗਾ, ਉਸ ਦੀ ਘਾਲ-ਕਮਾਈ ਸੰਪੂਰਨ ਹੋਵੇਗੀ ਅਤੇ ਉਸਦੀ ਸਿੱਖਿਆ (ਦੀਖਿਆ) ਪੂਰੀ ਹੋਵੇਗੀ। ਸਤਿਗੁਰੂ ਵੱਲੋਂ ਦਿੱਤੀ ਦੀਖਿਆ ਨਾਲ ਉਸਨੂੰ ਬੇਅੰਤ ਸ਼ੋਭਾ ਮਿਲੇਗੀ। ਉਸਨੂੰ ਬੁਢੇਪਾ ਜਾਂ ਮੌਤ ਨਹੀਂ ਆਵੇਗੀ ਅਤੇ ਉਹ ਜਮ ਦਾ ਰਾਸਤਾ ਨਹੀਂ ਦੇਖੇਗਾ। ਜੀ, ਅਜਿਹੇ ਸੇਵਕ ਨੂੰ (ਗੁਰੂ) ਜੁਗਾਂ-ਜੁਗਾਂਤਰਾਂ ਲਈ ਆਪਣੀ ਹਜ਼ੂਰੀ ਵਿੱਚ ਰੱਖਦਾ ਹੈ।" ॥੪੪॥੫੮੭॥

ਜੋ ਕਹਿਆ ਕਰਤਾਰ, ਕਿਉਂ ਬਿਰਥਾ ਜਾਵਏ ।
ਜੋ ਮੰਨੈ ਸੋ ਪ੍ਰਵਾਨ, ਇਉਂ ਹੀ ਭਾਵਏ ।
ਸਿਰ ਸਾਹਾਂ ਦੇ ਸਾਹ, ਹੁਕਮ ਮਨਾਵਏ ।
ਮੰਨੇ ਸੋ ਜਿਣ ਜਾਇ, ਪਦਵੀ ਪਾਵਏ ।
ਜੀ, ਗੋਬਿੰਦ ਸਿੰਘ ਧਿਆਇ, ਤਾਂ ਬਣ ਆਵਏ ॥੪੫॥੫੮੮॥

ਜੋ ਕਰਤਾਰ ਨੇ ਕਿਹਾ ਹੈ, ਉਹ ਵਿਅਰਥ ਕਿਵੇਂ ਜਾ ਸਕਦਾ ਹੈ? ਜੋ (ਹੁਕਮ) ਮੰਨਦਾ ਹੈ, ਉਹੀ ਪ੍ਰਵਾਨ ਹੁੰਦਾ ਹੈ, ਇਹੀ ਉਸ (ਪ੍ਰਭੂ) ਨੂੰ ਚੰਗਾ ਲੱਗਦਾ ਹੈ। ਉਹ ਬਾਦਸ਼ਾਹਾਂ ਦਾ ਬਾਦਸ਼ਾਹ ਸਭ ਤੋਂ ਆਪਣਾ ਹੁਕਮ ਮਨਵਾਉਂਦਾ ਹੈ। ਜੋ ਮੰਨਦਾ ਹੈ, ਉਹ ਜਿੱਤ ਜਾਂਦਾ ਹੈ ਅਤੇ (ਉੱਚੀ) ਪਦਵੀ ਪ੍ਰਾਪਤ ਕਰਦਾ ਹੈ। ਜੀ, ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਕਰੇ, ਤਾਂ (ਸਾਰੇ ਕੰਮ) ਬਣ ਜਾਂਦੇ ਹਨ। ॥੪੫॥੫੮੮॥

ਬਚਨ ਸੁਣੇ ਕਰਤਾਰ ਕਾ, ਜੋ ਰਿਦੈ ਬਸਾਵੈ ।
ਮਨ ਇੱਛੇ ਫਲ ਪਾਵਏ, ਜੋ ਕਾਰ ਕਮਾਵੈ ।
ਮੂਰਖ ਕਬੈ ਨ ਚੇਤਈ, ਮਨ ਮੈ ਗਰਬਾਵੈ ।
ਕਾਗ ਕਪੂਰ ਤਿਆਗ ਕੈ, ਦੁਰਗੰਧਿ ਲੁਭਾਵੈ ।
ਜੀ, ਜੋ ਭਾਵੀ ਅੰਕੂਰ ਹੋਇ, ਸੋ ਪ੍ਰਗਟ ਆਵੈ ॥੪੬॥੫੮੯॥

ਜੋ (ਮਨੁੱਖ) ਕਰਤਾਰ ਦੇ ਬਚਨ ਸੁਣ ਕੇ ਦਿਲ ਵਿੱਚ ਵਸਾ ਲੈਂਦਾ ਹੈ ਅਤੇ ਉਸ ਅਨੁਸਾਰ ਕਾਰਜ ਕਰਦਾ ਹੈ, ਉਹ ਮਨ-ਇੱਛਤ ਫਲ ਪਾਉਂਦਾ ਹੈ। ਮੂਰਖ ਕਦੇ ਵੀ ਚੇਤੰਨ ਨਹੀਂ ਹੁੰਦਾ ਅਤੇ ਮਨ ਵਿੱਚ ਹੰਕਾਰ ਕਰਦਾ ਹੈ। ( ਜਿਵੇਂ) ਕਾਂ ਕਪੂਰ ਨੂੰ ਛੱਡ ਕੇ ਦੁਰਗੰਧ ਵੱਲ ਖਿੱਚਿਆ ਜਾਂਦਾ ਹੈ। ਜੀ, (ਅਸਲ ਵਿੱਚ) ਕਿਸਮਤ ਦਾ ਜੋ ਬੀਜ ਅੰਦਰ ਹੁੰਦਾ ਹੈ, ਉਹੀ ਪ੍ਰਗਟ ਹੁੰਦਾ ਹੈ। ॥੪੬॥੫੮੯॥

ਇਕ ਨਿੰਦਕ ਇਕ ਖਾਲਸਾ, ਕਰਤੇ ਇਉਂ ਭਾਇਆ ।
ਜੁਗ ਜੁਗ ਖੇਲ ਵਰਤਦਾ, ਏਵੇਂ ਹੁੰਦਾ ਆਇਆ ।
ਜਿਸ ਨੂੰ ਰਖੇ ਰਹੈ ਸੋ, ਜਿਨਿ ਧੁਰੋਂ ਲਿਖਾਇਆ ।
ਮੂਰਖ ਏਕ ਨ ਜਾਣਨੀ, ਦੂਜੇ ਭਰਮਾਇਆ ।
ਜੀ, ਜਮਪੁਰਿ ਬਧੇ ਮਾਰੀਅਨਿ, ਫਿਰਿ ਪੱਛੋਤਾਇਆ ॥੪੭॥੫੯੦॥

ਇੱਕ ਪਾਸੇ ਨਿੰਦਕ ਅਤੇ ਦੂਜੇ ਪਾਸੇ ਖਾਲਸਾ, ਕਰਤਾਰ ਨੂੰ (ਇਹ ਵਿਰੋਧ) ਇਸੇ ਤਰ੍ਹਾਂ ਚੰਗਾ ਲੱਗਦਾ ਹੈ। ਇਹ ਖੇਡ ਜੁਗਾਂ-ਜੁਗਾਂ ਤੋਂ ਚੱਲ ਰਹੀ ਹੈ ਅਤੇ ਇਸੇ ਤਰ੍ਹਾਂ ਹੁੰਦਾ ਆਇਆ ਹੈ। ਜਿਸਦੀ ਰੱਖਿਆ ਉਹ (ਪ੍ਰਭੂ) ਆਪ ਕਰਦਾ ਹੈ ਅਤੇ ਜਿਸਦੇ ਭਾਗਾਂ ਵਿੱਚ ਧੁਰੋਂ ਲਿਖਿਆ ਹੈ, ਉਹੀ ਬਚਦਾ ਹੈ। ਮੂਰਖ ਲੋਕ ਇੱਕ (ਪ੍ਰਭੂ ਨੂੰ) ਨਹੀਂ ਜਾਣਦੇ ਅਤੇ ਦਵੈਤ-ਭਾਵ ਵਿੱਚ ਭਰਮੇ ਰਹਿੰਦੇ ਹਨ। ਜੀ, ਅਜਿਹੇ ਲੋਕ ਜਮਪੁਰੀ ਵਿੱਚ ਬੰਨ੍ਹ ਕੇ ਮਾਰੇ ਜਾਂਦੇ ਹਨ ਅਤੇ ਫਿਰ ਪਛਤਾਉਂਦੇ ਹਨ। ॥੪੭॥੫੯੦॥

ਸਤਿ ਸੰਗਤਿ ਵਿਚ ਬੈਠਿ ਕੈ ਬੋਲੈ ਹੰਕਾਰੋ ।
ਭੈ ਸਾਇਰ ਕਿਉਂ ਲੰਘਸੀ, ਕਿਉਂ ਉਤਰੇ ਪਾਰੋ ।
ਕਿਉਂ ਕਰਿ ਦਰਗਹਿ ਸਿਝਸੀ, ਕਰਿ ਦੇਖਿ ਬਿਚਾਰੋ ।
ਲੋਹਾ ਕੰਚਨ ਕਿਉਂ ਥੀਏ, ਭਾਵੈ ਜਿਉ ਜਾਰੋ ।
ਜੀ, ਸਤਿਗੁਰੁ ਪਾਰਸ ਜੇ ਮਿਲੈ, ਛਿਨ ਮੈ ਨਿਸਤਾਰੋ ॥੪੮॥੫੯੧॥

(ਜਿਹੜਾ) ਸਤਿਸੰਗਤ ਵਿੱਚ ਬੈਠ ਕੇ ਹੰਕਾਰ ਭਰੇ ਬਚਨ ਬੋਲਦਾ ਹੈ, ਉਹ (ਸੰਸਾਰ ਰੂਪੀ) ਡਰਾਉਣੇ ਸਮੁੰਦਰ ਨੂੰ ਕਿਵੇਂ ਪਾਰ ਕਰੇਗਾ? ਉਹ ਕਿਨਾਰੇ ਕਿਵੇਂ ਲੱਗੇਗਾ? ਵਿਚਾਰ ਕਰਕੇ ਦੇਖੋ ਕਿ ਉਹ ਰੱਬ ਦੀ ਦਰਗਾਹ ਵਿੱਚ ਕਿਵੇਂ ਸੁਰਖਰੂ ਹੋਵੇਗਾ? ਲੋਹਾ ਭਾਵੇਂ ਜਿਵੇਂ ਵੀ ਸਾੜਿਆ ਜਾਵੇ, ਉਹ ਸੋਨਾ ਨਹੀਂ ਬਣ ਸਕਦਾ। ਜੀ, (ਪਰ) ਜੇਕਰ ਪਾਰਸ ਰੂਪੀ ਸਤਿਗੁਰੂ

ਮਿਲ ਪਵੇ ਤਾਂ ਇੱਕ ਪਲ ਵਿੱਚ ਹੀ ਉਸਦਾ ਪਾਰ-ਉਤਾਰਾ ਹੋ ਜਾਂਦਾ ਹੈ। ॥੪੮॥੫੯੧॥

ਅਤਿ ਅਪਰਾਧੀ ਜੇ ਥੀਐ, ਕੁਲ ਕੀ ਘਾਤ ਕਰੇ ।
ਖੋਟੋ ਖੋਟ ਕਮਾਵਈ, ਇਤ ਮੰਦੇ ਅਮਲ ਕਰੇ ।
ਪਰ ਨਿੰਦਾ ਚੋਰੀ ਕਰੇ, ਹਰਿ ਜਸੁ ਨਹਿ ਉਚਰੇ ।
ਬਚਨ ਕਰੇ ਹਿਤ ਲਾਇ, ਪਰ ਧਨ ਨਿਤ ਹਰੇ ।
ਜੀ, ਸਤਿਗੁਰੁ ਚਾਹੇ ਬਖਸ ਕੈ, ਤਿਹ ਕੋ ਸਾਧੁ ਕਰੇ ॥੪੯॥੫੯੨॥

ਜੇ ਕੋਈ ਵੱਡਾ ਅਪਰਾਧੀ ਹੋਵੇ, ਭਾਵੇਂ ਆਪਣੀ ਕੁੱਲ ਦਾ ਨਾਸ਼ ਕਰਨ ਵਾਲਾ ਹੋਵੇ, ਖੋਟੇ ਤੋਂ ਖੋਟਾ ਕੰਮ ਕਰੇ ਅਤੇ ਇੱਥੇ ਮੰਦੇ ਕਰਮ ਕਰੇ, ਦੂਜਿਆਂ ਦੀ ਨਿੰਦਿਆ ਤੇ ਚੋਰੀ ਕਰੇ, ਪਰਮਾਤਮਾ ਦੀ ਸਿਫ਼ਤ-ਸਾਲਾਹ ਮੂੰਹੋਂ ਨਾ ਬੋਲੇ, ਗੱਲਾਂ ਪ੍ਰੇਮ ਨਾਲ ਕਰੇ, ਪਰ ਨਿੱਤ ਪਰਾਇਆ ਧਨ ਚੁਰਾਵੇ। ਜੀ, (ਅਜਿਹੇ ਪਾਪੀ ਨੂੰ ਵੀ) ਜੇ ਸਤਿਗੁਰੂ ਚਾਹੇ ਤਾਂ ਬਖ਼ਸ਼ ਕੇ ਉਸਨੂੰ ਸਾਧੂ ਬਣਾ ਸਕਦਾ ਹੈ। ॥੪੯॥੫੯੨॥

ਸਭ ਤੇਰੀ ਤੂ ਸਭਸਿ ਦਾ, ਕੋ ਕਿਧਰ ਜਾਵੈ ।
ਪੁਤ ਕੁਪੁਤੀ ਜੇ ਕਰੇ, ਪਿਉ ਮੁਖਹੁ ਨ ਪਾਵੈ ।
ਭਾਵੈ ਕੇਤਾ ਭਰਮਣਾ, ਜੇ ਸਰਣੀ ਆਵੈ ।
ਅਉਗੁਣ ਮੇਟੇ ਗੁਣ ਕਰੇ, ਭੀ ਮਾਹਿ ਸਮਾਵੈ ॥
ਜੀ, ਗੋਬਿੰਦ ਸਿੰਘ ਦਇਆਲ ਹੈ, ਸਤਿਸੰਗ ਮਿਲਾਵੈ ॥੫੦॥੫੯੩॥

(ਹੇ ਪ੍ਰਭੂ!) ਸਭ ਕੁਝ ਤੇਰਾ ਹੈ ਅਤੇ ਤੂੰ ਸਭ ਦਾ ਹੈ, ਕੋਈ ਕਿੱਧਰ ਜਾ ਸਕਦਾ ਹੈ? ਜੇ ਪੁੱਤਰ ਗਲਤ ਰਾਹ ਪੈ ਜਾਵੇ, ਤਾਂ ਪਿਤਾ ਉਸਨੂੰ ਮੂੰਹ ਨਹੀਂ ਲਾਉਂਦਾ, ਪਰ ਉਹ ਭਾਵੇਂ ਕਿੰਨਾ ਵੀ ਭਟਕ ਲਵੇ, ਜੇਕਰ (ਪਿਤਾ ਦੀ) ਸ਼ਰਨ ਵਿੱਚ ਆ ਜਾਵੇ, ਤਾਂ (ਪਿਤਾ) ਉਸਦੇ ਔਗੁਣ ਮਿਟਾ ਕੇ, ਉਸਨੂੰ ਗੁਣਾਂ ਨਾਲ ਭਰ ਦਿੰਦਾ ਹੈ ਅਤੇ (ਗਲਵੱਕੜੀ) ਵਿੱਚ ਲੈ ਲੈਂਦਾ ਹੈ। ਜੀ, (ਉਸੇ ਤਰ੍ਹਾਂ) ਗੁਰੂ ਗੋਬਿੰਦ ਸਿੰਘ ਜੀ ਦਇਆਲੂ ਹਨ, ਉਹ (ਭੁੱਲਿਆਂ ਨੂੰ ਵੀ) ਸਤਿਸੰਗਤ ਨਾਲ ਮਿਲਾ ਦਿੰਦੇ ਹਨ। ॥੫੦॥੫੯੩॥

ਜੋ ਕਹਿਆ ਕਰਤਾਰ, ਸੋ ਰਿਦੈ ਬਸਾਵਣਾ।
ਤਜਿ ਪ੍ਰਪੰਚ ਬਿਕਾਰ, ਨਹੀ ਲਲਚਾਵਣਾ ।

ਦੂਜਾ ਭਾਵ ਮਿਟਾਇ, ਇਕੈ ਧਿਆਵਣਾ ।
ਚਰਣ ਕਮਲ ਸੋ ਪ੍ਰੀਤਿ, ਭਰਮ ਚੁਕਾਵਣਾ ।
ਜੀ, ਬਾਂਧਿ ਪਾਂਚ ਹਥਿਆਰ, ਦਰਸਨੁ ਆਵਣਾ ॥੫੧॥੫੯੪॥

ਜੋ ਕਰਤਾਰ ਨੇ ਕਿਹਾ ਹੈ, ਉਸਨੂੰ ਦਿਲ ਵਿੱਚ ਵਸਾਉਣਾ ਚਾਹੀਦਾ ਹੈ। ਦੁਨਿਆਵੀ ਛਲ-ਕਪਟ ਅਤੇ ਵਿਕਾਰਾਂ ਨੂੰ ਤਿਆਗ ਕੇ ਮਨ ਨੂੰ ਲਲਚਾਉਣਾ ਨਹੀਂ ਚਾਹੀਦਾ। ਦਵੈਤ-ਭਾਵ ਮਿਟਾ ਕੇ ਸਿਰਫ਼ ਇੱਕ (ਪ੍ਰਭੂ) ਨੂੰ (ਹੀ) ਧਿਆਉਣਾ ਚਾਹੀਦਾ ਹੈ। (ਗੁਰੂ ਦੇ) ਚਰਨ-ਕਮਲਾਂ ਨਾਲ ਪ੍ਰੀਤ ਪਾ ਕੇ ਸਾਰੇ ਭਰਮ ਦੂਰ ਕਰਨੇ ਚਾਹੀਦੇ ਹਨ। ਜੀ, ਪੰਜ ਹਥਿਆਰ ਸਜਾ ਕੇ (ਗੁਰੂ ਦੇ) ਦਰਸ਼ਨਾਂ ਲਈ ਆਉਣਾ ਚਾਹੀਦਾ ਹੈ। ॥੫੧॥੫੯੪॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਕਲਾ ਪ੍ਰਗਾਸ ਨਉਰੰਗੇ ਕਉ ਹੁਕਮ ਆਇਆ ਬਰਨਨੰ ਨਾਮੁ ਤੇਰਵਾਂ ਅਧਿਆਇ ਸੰਪੂਰਨਮਸਤੁ ਸੁਭਮਸਤੁ ॥੧੩॥

ਇਸ ਤਰ੍ਹਾਂ ਸ੍ਰੀ ਗੁਰੂ ਸੋਭਾ ਗ੍ਰੰਥ ਵਿੱਚ 'ਕਲਾ ਪ੍ਰਗਾਸ ਅਤੇ ਔਰੰਗਜ਼ੇਬ ਨੂੰ ਹੁਕਮਨਾਮਾ ਆਉਣ' ਦਾ ਵਰਣਨ ਕਰਨ ਵਾਲਾ ਤੇਰ੍ਹਵਾਂ ਅਧਿਆਇ ਸੰਪੂਰਨ ਹੋਇਆ। ਸ਼ੁਭ ਹੋਵੇ। ॥੧੩॥

*****

ਅਧਿਆਇ ੧੪

ਦੱਖਣ ਵੱਲ ਕੂਚ। ਔਰੰਗਜ਼ੇਬ ਦੀ ਮੌਤ। ਬਘੌਰ ਦੀ ਜੰਗ।

**ਦੋਹਰਾ**

ਬਹੁਤ ਦਿਵਸ ਬੀਤਯੋ ਤਹਾਂ ਪ੍ਰਗਟ ਕਹੋ ਬਿਚਾਰ ॥
ਦਯਾ ਸਿੰਘ ਇਤ ਤੇ ਚਲਯੋ ਉਤ ਤੇ ਸਿਰਜਨਹਾਰ ॥ ੧ ॥੫੯੫॥

ਉੱਥੇ (ਕਲਮੋਟ ਵਿਖੇ) ਬਹੁਤ ਦਿਨ ਬੀਤ ਗਏ, ਇਹ ਵਿਚਾਰ (ਮੈਂ) ਪ੍ਰਗਟ ਰੂਪ ਵਿੱਚ ਕਹਿ ਰਿਹਾ ਹਾਂ। ਇਧਰੋਂ ਭਾਈ ਦਯਾ ਸਿੰਘ ਜੀ ਚੱਲ ਪਏ ਅਤੇ ਉਧਰੋਂ ਸਿਰਜਣਹਾਰ (ਗੁਰੂ ਗੋਬਿੰਦ ਸਿੰਘ ਜੀ) ਵੀ (ਦੱਖਣ ਵੱਲ ਕੂਚ ਕਰਨ ਲਈ) ਚੱਲ ਪਏ। ॥੧॥੫੯੫॥

**ਦੋਹਰਾ**

ਦਯਾ ਸਿੰਘ ਦੱਛਨ ਦਿਸਾ ਲਾਗੀ ਬਹੁਤ ਅਵਾਰ ॥
ਸਿੰਘਨ ਕੋ ਸਾਹਿਬ ਕਹਯੋ "ਸਬੈ ਹੋਹੁ ਤਯਾਰ" ॥ ੨ ॥੫੯੬॥

ਭਾਈ ਦਯਾ ਸਿੰਘ ਜੀ ਨੂੰ ਦੱਖਣ ਦਿਸ਼ਾ ਵੱਲ ਗਿਆਂ ਬਹੁਤ ਦੇਰ ਹੋ ਗਈ ਸੀ। (ਇਸ ਲਈ) ਸਾਹਿਬ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਸਿੰਘਾਂ ਨੂੰ ਕਿਹਾ, "ਤੁਸੀਂ ਸਾਰੇ ਤਿਆਰ ਹੋ ਜਾਵੋ।" ॥੨॥੫੯੬॥

**ਸੋਰਠਾ**

ਮਾਰਵਾਰ ਕੇ ਰਾਹ ਦਿਸ ਦੱਛਨ ਕੋ ਕੂਚ ਹੈ ॥
"ਸਬੈ ਹੋਹੁ ਤਯਾਰ" ਪ੍ਰਭੁ ਇਮ ਕਹੀ ਸੁਨਾਇ ਕੈ ॥ ੩ ॥੫੯੭॥

"(ਸਾਡਾ) ਮਾਰਵਾੜ ਦੇ ਰਸਤੇ ਰਾਹੀਂ ਦੱਖਣ ਦਿਸ਼ਾ ਵੱਲ ਕੂਚ ਹੈ। ਸਾਰੇ ਤਿਆਰ ਹੋ ਜਾਵੋ," ਪ੍ਰਭੂ ਜੀ ਨੇ ਇਸ ਤਰ੍ਹਾਂ (ਬਚਨ) ਕਹਿ ਕੇ ਸੁਣਾਇਆ। ॥੩॥੫੯੭॥

**ਸਵੈਯਾ**

ਭਏ ਤੱਯਾਰ ਹਥਜਾਰ ਪਾਂਚੋ ਕਸੇ ਸਿੰਘ ਤਿਹ ਠੌਰ ਬਨ ਬੇਗ ਆਏ ॥
ਏਕ ਸੌ ਏਕ ਬਲਵੰਤ ਸੂਰਾ ਸਰਸ ਟਾਂਕ ਦੁਇ ਤੀਨ ਆਫੂ ਚੜ੍ਹਾਏ ॥
ਦੇਖਿ ਕਰਤਾਰ ਤਿਹ ਓਰ ਐਸੇ ਕਯੋ "ਅਨੀ ਕੇ ਜੁਆਨ ਹੈ ਦਿਸਟਿ ਆਏ" ॥
"ਅਸੁ ਬਾਨੀ ਸਰਸ ਸਾਜਿ ਸੀਗਾਰ ਕੇ ਬੇਗ ਲੇ ਆਵ" ਐਸੇ ਬਤਾਏ ॥੪॥੫੯੮॥

(ਹੁਕਮ ਸੁਣ ਕੇ) ਸਿੰਘ ਪੰਜੇ ਹਥਿਆਰ ਕਸ ਕੇ ਤਿਆਰ ਹੋ ਗਏ ਅਤੇ ਛੇਤੀ ਹੀ ਉਸ ਥਾਂ 'ਤੇ ਸੱਜ ਕੇ ਆ ਗਏ। ਇੱਕ ਤੋਂ ਵੱਧ ਇੱਕ ਬਲਵਾਨ ਅਤੇ ਸ੍ਰੇਸ਼ਠ ਸੂਰਮੇ ਸਨ, ਜਿਨ੍ਹਾਂ ਨੇ ਦੋ-ਤਿੰਨ ਟੰਕ ਅਫੀਮ ਦਾ ਸੇਵਨ ਕੀਤਾ ਹੋਇਆ ਸੀ। ਕਰਤਾਰ (ਗੁਰੂ ਜੀ) ਨੇ ਉਹਨਾਂ ਵੱਲ ਵੇਖ ਕੇ ਇਸ ਤਰ੍ਹਾਂ ਕਿਹਾ, "ਇਹ ਤਾਂ ਫੌਜ ਦੇ ਜਵਾਨ ਨਜ਼ਰ ਆ ਰਹੇ ਹਨ।" ਫਿਰ (ਆਪਣੇ ਸੇਵਕਾਂ ਨੂੰ) ਇਸ ਤਰ੍ਹਾਂ ਦੱਸਿਆ, "ਸੋਹਣੀ ਬਨਾਵਟ ਵਾਲੇ ਘੋੜੇ ਨੂੰ ਸ਼ਿੰਗਾਰ ਕੇ, ਸਜਾ ਕੇ ਛੇਤੀ ਲੈ ਆਓ।" ॥੪॥੫੯੮॥

**ਸਵੈਯਾ**

ਤੁਰਕੀ ਅਸੁ ਅੱਛ ਸੁਪੱਛਿ ਬਡੋ ਤਿਹ ਉਪਰ ਪਾਖਰ ਆਨਿ ਧਰੀ ॥
ਛਬਿ ਸੋਹਤ ਜੀਨ ਜਰਾਇਨ ਕੀ ਸਬ ਸਾਜਿ ਸਮੇਤ ਅਨੂਪ ਖਰੀ ॥
ਗਜਮੋਤਿਨ ਕੇ ਗੁਲ ਬੰਦਨ ਕੇ ਕਲਗੀ ਸਿਰ ਸੋਭ ਜਰਾਵ ਜਰੀ ॥
ਬਰਨੌ ਛਬਿ ਯੋ ਜਲ ਚਾਲ ਚਲੈ ਛਿਪ ਹੈ ਤਿਹ ਦੇਖਤ ਹੂਰ ਪਰੀ ॥੫॥੫੯੯॥

ਉਹ ਇੱਕ ਬਹੁਤ ਹੀ ਵਧੀਆ, ਉੱਚ ਨਸਲ ਦਾ ਤੁਰਕੀ ਘੋੜਾ ਸੀ, ਜਿਸ ਉੱਤੇ ਲਿਆ ਕੇ ਪਾਖਰ (ਲੋਹੇ ਦਾ ਕਵਚ) ਪਾਈ ਗਈ। ਉਸ ਉੱਤੇ ਜੜਾਊ ਕਾਠੀ ਦੀ ਸੁੰਦਰਤਾ ਸ਼ੋਭ ਰਹੀ ਸੀ ਅਤੇ ਉਹ ਸਾਰੇ ਸਾਜ਼-ਸਮਾਨ ਸਮੇਤ ਬਹੁਤ ਅਨੂਪਮ ਲੱਗ ਰਿਹਾ ਸੀ। ਉਸਦੇ ਗਲ ਵਿੱਚ ਗਜਮੋਤੀਆਂ ਦੇ ਹਾਰ ਅਤੇ ਗੁਲੂਬੰਦ ਸਨ ਅਤੇ ਸਿਰ ਉੱਤੇ ਜੜਾਊ ਕਲਗੀ ਸੋਭਾ ਦੇ ਰਹੀ ਸੀ। ਮੈਂ ਉਸਦੀ ਸੁੰਦਰਤਾ ਦਾ ਵਰਣਨ ਕਿਵੇਂ ਕਰਾਂ, ਉਹ ਪਾਣੀ ਵਾਂਗ ਤਰਲ ਚਾਲ ਚੱਲਦਾ ਸੀ। ਉਸਨੂੰ ਵੇਖ ਕੇ ਹੂਰਾਂ-ਪਰੀਆਂ ਵੀ (ਆਪਣੀ ਸੁੰਦਰਤਾ 'ਤੇ ਸ਼ਰਮਿੰਦਾ ਹੋ ਕੇ) ਛਿਪ ਜਾਂਦੀਆਂ ਸਨ। ॥੫॥੫੯੯॥

ਟਿੱਪਣੀ: ਇਸ ਛੰਦ ਦੀ ਪਹਿਲੀ ਪੰਕਤੀ ਦੇ ਪਹਿਲੇ ਹਿੱਸੇ ਦੀ ਤੁਲਨਾ ਸ੍ਰੀ ਕਲਕੀ ਅਵਤਾਰ ਦੀ ਇਸ ਪੰਕਤੀ ਦੇ ਪਹਿਲੇ ਹਿੱਸੇ ਨਾਲ਼ ਕਰੋ:-

ਤੁਰਕੱਛਿ ਤੁਰੰਗ ਸਪੱਛ ਬਡੋ ਕਰਿ ਕਾਢ ਕ੍ਰਿਪਾਨ ਖਪਾਵਹਗੇ।।

**ਦੋਹਰਾ**

ਚੰਚਲ ਚਪਲ ਚਲਾਕ ਹੈ ਅਰੁ ਗਤਿ ਅਨਿਕ ਅਪਾਰ ॥
ਬਰਨ ਚਿਹਨ ਸੁੰਦਰ ਸਰਸ ਰੂਪ ਦਿਯੋ ਕਰਤਾਰ ॥੬॥੬੦੦॥

ਉਹ ਘੋੜਾ ਬਹੁਤ ਚੰਚਲ, ਫੁਰਤੀਲਾ ਅਤੇ ਚਲਾਕ ਹੈ ਅਤੇ ਉਸਦੀ ਚਾਲ ਅਨੇਕ (ਤਰ੍ਹਾਂ ਦੀ) ਤੇ ਬੇਮਿਸਾਲ ਹੈ। ਉਸਦਾ ਰੰਗ ਅਤੇ ਸਰੀਰਕ ਚਿੰਨ੍ਹ ਬਹੁਤ ਸੁੰਦਰ ਅਤੇ ਸ੍ਰੇਸ਼ਠ ਹਨ; ਕਰਤਾਰ ਨੇ ਉਸਨੂੰ (ਅਜਿਹਾ ਸੁੰਦਰ) ਰੂਪ ਦਿੱਤਾ ਹੈ। ॥੬॥੬੦੦॥

**ਦੋਹਰਾ**

ਅਰਦਾਸ ਕੀਨੀ ਅਰਦਾਸਿਯੇ "ਸੁਨਿਯੈ ਕ੍ਰਿਪਾ ਧਾਰਿ ॥
ਅਤਿ ਸੁੰਦਰ ਬਾਣੀ ਸਰਸ ਭਯੋ ਅਸ੍ਵ ਤਯਾਰ" ॥੭॥੬੦੧॥

(ਘੋੜਾ ਤਿਆਰ ਕਰਕੇ) ਅਰਦਾਸੀਏ ਸਿੰਘ ਨੇ ਅਰਦਾਸ (ਬੇਨਤੀ) ਕੀਤੀ, "(ਹੇ ਸਤਿਗੁਰੂ ਜੀ), ਕ੍ਰਿਪਾ ਕਰ ਕੇ ਸੁਣੋ ਜੀ! ਅਤਿ ਸੁੰਦਰ ਬਨਾਵਟ ਵਾਲਾ ਪ੍ਰਸੰਨ ਘੋੜਾ ਤਿਆਰ ਹੋ ਗਿਆ ਹੈ।" ॥੭॥੬੦੧॥

**ਸਵੈਯਾ**

ਤਾਹਿ ਸਮੈ ਪ੍ਰਭੁ ਨੇ ਇਸਨਾਨ ਕਿਯੋ ਕਰਿ ਕੈ ਹਥਿਆਰ ਸੰਭਾਰੇ ॥
ਲੈ ਤਿਨ ਕੋ ਇਸਨਾਨ ਦਿਯੋ ਕਰਿ ਆਪਿ ਅਗੋਛਨ ਪੋਛ ਸੁਧਾਰੇ ॥
ਕਾਢਿ ਤਿਨੈ ਚਮਕਾਇ ਚਹੂ ਦਿਸ ਮਿਆਨਨ ਮੈ ਜਬ ਹੀ ਨਿਰਵਾਰੇ ॥
ਖੇਲ ਅਪਾਰ ਕਰੇ ਕਰਤਾਰ ਜਨ ਜੀਵ ਕਹਾ ਗਤਿ ਤਾਹਿ ਬਿਚਾਰੇ ॥੮॥੬੦੨॥

ਉਸੇ ਸਮੇਂ ਪ੍ਰਭੂ (ਗੁਰੂ ਜੀ) ਨੇ ਇਸ਼ਨਾਨ ਕੀਤਾ ਅਤੇ (ਇਸ਼ਨਾਨ) ਕਰਕੇ ਆਪਣੇ ਹਥਿਆਰਾਂ ਦੀ ਸੰਭਾਲ ਕੀਤੀ। ਉਹਨਾਂ ਨੇ ਸ਼ਸਤਰਾਂ ਨੂੰ ਲੈ ਕੇ ਇਸ਼ਨਾਨ ਕਰਵਾਇਆ (ਧੋਤਾ) ਅਤੇ ਫਿਰ ਆਪ ਉਹਨਾਂ ਨੂੰ ਕੱਪੜੇ ਨਾਲ

ਪੂੰਝ ਕੇ ਸਾਫ਼ ਕੀਤਾ। ਜਦੋਂ ਉਹਨਾਂ ਨੇ ਸ਼ਸਤਰਾਂ ਨੂੰ ਮਿਆਨਾਂ ਵਿੱਚੋਂ ਕੱਢ ਕੇ ਚਾਰੇ ਪਾਸੇ ਚਮਕਾਇਆ ਅਤੇ ਫਿਰ ਵਾਪਸ ਮਿਆਨਾਂ ਵਿੱਚ ਪਾਇਆ (ਤਾਂ ਇਹ ਦ੍ਰਿਸ਼ ਅਲੌਕਿਕ ਸੀ)। ਕਰਤਾਰ ਅਜਿਹੇ ਅਪਾਰ ਕੌਤਕ ਕਰਦੇ ਹਨ, ਭਲਾ ਇੱਕ ਆਮ ਜੀਵ ਉਹਨਾਂ ਦੀ ਗਤੀ ਨੂੰ ਕੀ ਵਿਚਾਰ ਸਕਦਾ ਹੈ? ॥੮॥੬੦੨॥

**ਦੋਹਰਾ**

ਤੋਸਕਚੀ ਤਾਹੀ ਸਮੈ ਬਸਤ੍ਰ ਸਬੈ ਕਰ ਕੀਨ ॥
ਆਗੇ ਸਤਿਗੁਰ ਕੇ ਧਰੇ ਪਹਰ ਤਬੈ ਸਬ ਲੀਨ ॥੯॥੬੦੩॥

ਉਸੇ ਸਮੇਂ ਤੋਸ਼ੇਖਾਨੀਏ (ਬਸਤਰਾਂ ਦੀ ਦੇਖ-ਰੇਖ ਕਰਨ ਵਾਲੇ ਸੇਵਾਦਾਰ) ਨੇ ਸਾਰੇ ਬਸਤਰ ਹੱਥਾਂ ਵਿੱਚ ਲੈ ਕੇ ਸਤਿਗੁਰੂ ਜੀ ਦੇ ਅੱਗੇ ਰੱਖੇ, ਅਤੇ ਤਦੋਂ ਗੁਰੂ ਜੀ ਨੇ ਉਹ ਸਾਰੇ (ਬਸਤਰ) ਪਹਿਨ ਲਏ। ॥੯॥੬੦੩॥

**ਸਵੈਯਾ**

ਸੀਸ ਪੈ ਤਾਜ ਲੈ ਸੋਨ ਕਲਗੀ ਧਰੀ ਲਾਲ ਹੀਰੇ ਜਰੀ ਜਗਮਗਾਵੈ ॥
ਹੀਰ ਪੰਨਾ ਖਰੇ ਓਰ ਮੋਤੀ ਜਰੇ ਝਲਕ ਛਬਿ ਸੋਭ ਤਾਕੀ ਸੁਹਾਵੈ ॥
ਝੋਕ ਐਸੇ ਲਸੈ ਜੋਤਿ ਫੁੰਦਨ ਦਿਸੈ ਸੋਭ ਅਪਾਰ ਨਹੀ ਬਰਨਿ ਆਵੈ ॥
ਪ੍ਰਗਟਿ ਪ੍ਰਚੰਡਿ ਤ੍ਰਈ ਲੋਕ ਸੋਭਾ ਕਰੈ ਪੇਖ ਤਿਹ ਸੰਤ ਸੁਖ ਸਰਬ ਪਾਵੈ ॥੧੦॥੬੦੪॥

ਸੀਸ 'ਤੇ ਸੁੰਦਰ ਦਸਤਾਰ ਸਜਾ ਕੇ ਉਸ ਉੱਤੇ ਸੋਨੇ ਦੀ ਕਲਗੀ ਧਾਰਨ ਕੀਤੀ, ਜੋ ਲਾਲਾਂ ਅਤੇ ਹੀਰਿਆਂ ਨਾਲ ਜੜੀ ਹੋਈ ਜਗਮਗਾ ਰਹੀ ਸੀ। ਇਸ ਵਿੱਚ ਹੀਰੇ, ਪੰਨੇ ਅਤੇ ਹੋਰ ਮੋਤੀ ਵੀ ਜੜੇ ਹੋਏ ਸਨ, ਅਤੇ ਇਸ ਦੀ ਝਲਕ ਅਤੇ ਸ਼ੋਭਾ ਬਹੁਤ ਸੁਹਾਵਣੀ ਲੱਗ ਰਹੀ ਸੀ। (ਗੁਰੂ ਸਾਹਿਬ ਜੀ ਦੀ) ਕਲਗ਼ੀ ਇਸ ਤਰ੍ਹਾਂ ਚਮਕ ਰਹੀ ਸੀ ਤੇ ਇਸਦੇ ਫੁੰਦਿਆਂ (ਤੁੱਰਿਆਂ) ਦੀ ਜੋਤ (ਇਸ ਤਰ੍ਹਾਂ) ਦਿੱਸ ਰਹੀ ਸੀ ਕਿ ਉਸਦੀ ਅਪਾਰ ਸੁੰਦਰਤਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਉਸ ਪ੍ਰਚੰਡ ਤੇਜ ਨੇ ਤਿੰਨਾਂ ਲੋਕਾਂ ਵਿੱਚ ਸ਼ੋਭਾ ਕਰ ਦਿੱਤੀ, ਜਿਸਨੂੰ ਵੇਖ ਕੇ ਸੰਤ-ਜਨਾਂ ਨੇ ਸਰਬ-ਸੁੱਖ ਪ੍ਰਾਪਤ ਕੀਤਾ। ॥੧੦॥੬੦੪॥

**ਸਵੈਯਾ**

ਚਿਲਤਾ ਕਰਿ ਕੈ ਸਬ ਸਾਜ ਹੀ ਸੋਂ ਬਰਨੋਂ ਹਥਿਆਰ ਕਹੋ ਸਬ ਹੀ ॥
ਕਟਿ ਸੋ ਤਰਵਾਰ ਬਨੀ ਜਮ ਧਾਰ ਆਲੀ ਬੰਦ ਢਾਲ ਫਬੈ ਜਬ ਹੀ ॥
ਦਿਸ ਦਾਹਨ ਬਾਨ ਕਮਾਣ ਸਜੈ ਕਰ ਮੈ ਬਰਛਾ ਚਮਕੈ ਅਬ ਹੀ ॥
ਸਬ ਦੂਤਨ ਛਾਰ ਕਰੌ ਛਿਨ ਮੈ ਕਹਿ ਗੋਬਿੰਦ ਸਿਘ ਚੜ੍ਹੇ ਤਬ ਹੀ ॥੧੧॥੬੦੫॥

ਸਰੀਰ 'ਤੇ ਪੂਰੇ ਸਾਜ਼ੋ-ਸਾਮਾਨ ਸਮੇਤ ਸੰਜੋਅ ਪਹਿਨ ਕੇ (ਗੁਰੂ ਸਾਹਿਬ ਤਿਆਰ ਹੋ ਗਏ), ਮੈਂ ਹੁਣ ਸਾਰੇ ਸ਼ਸਤਰਾਂ ਦਾ ਵਰਣਨ ਕਰਦਾ ਹਾਂ। ਲੱਕ ਨਾਲ ਤਲਵਾਰ ਸ਼ੋਭ ਰਹੀ ਤੇ ਖ਼ੰਜਰ ਵੀ। (ਅੰਗਰਖੇ ਦੇ ਲਟਕਦੇ) ਸ੍ਰੇਸ਼ਠ ਬੰਦ ਅਤੇ ਢਾਲ ਵੀ ਬਹੁਤ ਫੱਬ ਰਹੇ ਸਨ। ਸੱਜੇ ਪਾਸੇ ਤੀਰ-ਕਮਾਨ ਸਜਾਏ ਹੋਏ ਸਨ ਅਤੇ ਹੁਣ ਹੱਥ ਵਿੱਚ ਬਰਛਾ ਚਮਕ ਰਿਹਾ ਸੀ। "ਮੈਂ ਸਾਰੇ ਦੁਸ਼ਟਾਂ ਨੂੰ ਇੱਕ ਛਿਣ ਵਿੱਚ ਸੁਆਹ ਕਰ ਦਿਆਂਗਾ," ਇਹ ਕਹਿ ਕੇ ਗੋਬਿੰਦ ਸਿੰਘ ਜੀ (ਘੋੜੇ 'ਤੇ) ਸਵਾਰ ਹੋ ਗਏ। ॥੧੧॥੬੦੫॥

**ਦੋਹਰਾ**

ਵਾਹਗੁਰੂ ਜੀ ਕੀ ਫਤੇ ਕਹਿ ਕੈ ਭਏ ਸਵਾਰ ॥
ਭਯੋ ਡੰਕ ਤ੍ਰਿਹੁ ਲੋਕ ਮੈ ਚੜ੍ਹਤ ਕਰੀ ਕਰਤਾਰ ॥੧੨॥੬੦੬॥

"ਵਾਹਿਗੁਰੂ ਜੀ ਕੀ ਫ਼ਤਹਿ" ਕਹਿ ਕੇ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ। ਜਦੋਂ ਕਰਤਾਰ ਨੇ ਚੜ੍ਹਾਈ ਕੀਤੀ ਤਾਂ ਤਿੰਨਾਂ ਲੋਕਾਂ ਵਿੱਚ (ਉਹਨਾਂ ਦੇ ਨਗਾਰੇ ਦਾ) ਡੰਕਾ ਵੱਜ ਗਿਆ। ॥੧੨॥੬੦੬॥

**ਸਵੈਯਾ**

ਡੰਕਨ ਘੋਰ ਸੁ ਘੋਰ ਭਈ ਸੁਨਿ ਕੈ ਪੁਰੀਆ ਸਬ ਹੀ ਲਰਜੀ ॥
ਲਰਜੇ ਸਸਿ ਭਾਨੁ ਭਯਾਨ ਭਏ ਕਿਹ ਕਾਰਨ ਕਾਜਿ ਚੜ੍ਹਯੋ ਹਰਿ ਜੀ ॥
ਤ੍ਰਈ ਲੋਕ ਅਲੋਕ ਸਬੈ ਲਰਜੇ ਸਿਵ ਜੀ ਕੈਲਾਸਪਤਿ ਯੋ ਡਰ ਜੀ ॥
ਸੁਨ ਸੇਸ ਮਹੇਸ ਸੁਰੇਸ ਬਡੇ ਲਰਜੇ ਸਿੰਘ ਗੋਬਿੰਦ ਕੇ ਡਰ ਜੀ ॥੧੩॥੬੦੭॥

ਨਗਾਰਿਆਂ ਦੀ ਭਿਆਨਕ ਗੂੰਜ ਹੋਈ, ਜਿਸਨੂੰ ਸੁਣ ਕੇ ਸਾਰੀਆਂ ਪੁਰੀਆਂ ਕੰਬ ਗਈਆਂ। ਚੰਦ ਅਤੇ ਸੂਰਜ ਵੀ ਡਰ ਨਾਲ ਕੰਬ ਗਏ (ਅਤੇ ਸੋਚਣ ਲੱਗੇ) ਕਿ ਹਰੀ (ਗੁਰੂ) ਜੀ ਕਿਸ ਕਾਰਨ (ਸਫ਼ਰ ਦੇ ਇਸ) ਕਾਰਜ ਲਈ

ਚੜ੍ਹਾਈ ਕਰ ਰਹੇ ਹਨ। ਤਿੰਨੇ ਦਿਸਦੇ ਅਤੇ ਅਣਦਿਸਦੇ ਲੋਕ ਕੰਬ ਗਏ। ਕੈਲਾਸ਼ਪਤੀ ਸ਼ਿਵ ਜੀ ਵੀ ਡਰ ਗਏ। ਵੱਡੇ-ਵੱਡੇ ਸ਼ੇਸ਼ਨਾਗ, ਮਹੇਸ਼ ਅਤੇ ਸੁਰੇਸ਼ (ਇੰਦਰ) ਵੀ, ਗੋਬਿੰਦ ਸਿੰਘ ਜੀ ਦੇ (ਤੇਜ ਦੇ) ਡਰ ਨਾਲ ਕੰਬ ਉੱਠੇ। ॥੧੩॥੬੦੭॥

**ਸਵੈਯਾ**

ਭਏ ਭੈਮਾਨ ਪਾਤਾਰ ਆਕਾਸ ਕਹਜੋ ਕਰਤਾਰ ਦਿਸ ਦਛਿ ਆਨੋ ॥
ਕੌਨ ਕਾਰਨ ਪ੍ਰਭੁ ਫੇਰ ਦੱਛਨ ਦਿਸਾ ਭਏ ਹੈਂ ਸਵਾਰ ਕੈਸੇ ਕਿ ਮਾਨੋ ॥
ਸਿਧ ਸਾਧਕ ਸਭੌ ਭਏ ਭੈਮਾਨ ਅਬ ਕੌਨ ਕੀ ਕਾਨ ਗੁਰੁ ਕੀ ਨਸਾਨੋ ॥
ਡੰਕ ਕੀ ਘੋਰ ਸੁਨਿ ਲੰਕ ਕੰਪੀ ਚੜ੍ਹੇ ਸਿੰਘ ਗੋਬਿੰਦ ਐਸੇ ਬਖਾਨੋ ॥੧੪॥੬੦੮॥

ਪਾਤਾਲ ਅਤੇ ਆਕਾਸ਼ ਭੈਭੀਤ ਹੋ ਗਏ ਅਤੇ ਕਹਿਣ ਲੱਗੇ ਕਿ ਕਰਤਾਰ ਦੱਖਣ ਦਿਸ਼ਾ ਵੱਲ ਆ ਰਹੇ ਹਨ। "ਪ੍ਰਭੂ ਜੀ ਕਿਸ ਕਾਰਨ ਮੁੜ ਦੱਖਣ ਦਿਸ਼ਾ ਵੱਲ ਸਵਾਰ ਹੋਏ ਹਨ, ਇਸਨੂੰ ਕਿਵੇਂ ਸਮਝਿਆ ਜਾਵੇ?" ਸਾਰੇ ਸਿੱਧ-ਸਾਧਕ ਵੀ ਡਰ ਗਏ (ਅਤੇ ਕਹਿਣ ਲੱਗੇ), "ਹੁਣ ਗੁਰੂ ਜੀ ਦੇ ਤੀਰ ਦਾ ਨਿਸ਼ਾਨਾ ਕੌਣ ਹੈ?" ਨਗਾਰੇ ਦੀ ਗੂੰਜ ਸੁਣ ਕੇ ਲੰਕਾ ਵੀ ਕੰਬ ਗਈ ਅਤੇ ਸਾਰੇ ਇਹੀ ਬਖਾਨ ਕਰ ਰਹੇ ਸਨ ਕਿ "ਗੋਬਿੰਦ ਸਿੰਘ ਜੀ ਨੇ ਚੜ੍ਹਾਈ ਕਰ ਦਿੱਤੀ ਹੈ।" ॥੧੪॥੬੦੮॥

ਟਿੱਪਣੀ:- ਕਵੀ ਜੀ ਨੇ ਪੰਗਤੀ ਲਿਖੀ ਹੈ, "ਕੌਨ ਕਾਰਨ ਪ੍ਰਭੂ ਫੇਰ ਦੱਛਨ ਦਿਸਾ ਭਏ ਹੈਂ ਸਵਾਰ ਕੈਸੇ ਕਿ ਮਾਨੋ"। ਇਸ ਵਿੱਚ ਪ੍ਰਭੂ ਜੀ ਦਾ ਫੇਰ ਤੋਂ ਦੱਖਣ ਦਿਸ਼ਾ ਵੱਲ ਜਾਣ ਦਾ ਜ਼ਿਕਰ ਹੈ। ਗੁਰੂ ਗੋਬਿੰਦ ਸਿੰਘ ਜੀ ਇਸ ਤੋਂ ਪਹਿਲਾਂ ਕਦੇ ਵੀ ਦੱਖਣ ਵੱਲ ਨਹੀਂ ਗਏ। ਇੱਥੇ ਕਵੀ ਦਾ ਭਾਵ ਇਹ ਹੈ ਕਿ ਸ੍ਰੀ ਰਾਮ ਜੀ ਦੇ ਰੂਪ ਵਿੱਚ ਪਹਿਲਾਂ ਪ੍ਰਭੂ ਜੀ ਦੱਖਣ ਗਏ ਸਨ ਤੇ ਹੁਣ ਫਿਰ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿੱਚ ਉਸੀ ਦਿਸ਼ਾ ਵੱਲ ਜਾ ਰਹੇ ਹਨ।

**ਦੋਹਰਾ**

ਕਰਤ ਕੂਚ ਆਏ ਤਹਾਂ ਰਜਪੂਤਨ ਕੇ ਦੇਸ ॥
ਆਨਿ ਆਨਿ ਰਾਜਾ ਮਿਲੇ ਜੋਧਾ ਬਡੇ ਨਰੇਸ ॥੧੫॥੬੦੯॥

ਕੂਚ ਕਰਦੇ ਹੋਏ ਗੁਰੂ ਜੀ ਉੱਥੇ ਰਾਜਪੂਤਾਂ ਦੇ ਦੇਸ਼ (ਰਾਜਪੂਤਾਨਾ) ਵਿੱਚ ਆ ਪਹੁੰਚੇ। ਉੱਥੇ ਵੱਡੇ-ਵੱਡੇ ਯੋਧੇ ਅਤੇ ਰਾਜੇ ਆ-ਆ ਕੇ (ਗੁਰੂ ਜੀ ਨੂੰ) ਮਿਲੇ। ॥੧੫॥੬੦੯॥

**ਚੌਪਈ**

ਸਿੰਘਨ ਸਿਖਨ ਮਨ ਮੈ ਆਨੀ ॥ ਉਨ ਉਚਰੀ ਪ੍ਰਭੁ ਸੋ ਇਮ ਬਾਨੀ ॥
"ਹੋਹੁ ਦਯਾਲ ਬਿਆਹ ਪ੍ਰਭੁ ਕਰੋ ॥ ਤਉ ਇਹ ਮਗ ਪਗ ਆਗੈ ਧਰੋ" ॥੧੬॥੬੧੦॥

(ਇੱਥੇ) ਸਿੰਘਾਂ ਅਤੇ ਸਿੱਖਾਂ ਨੇ ਆਪਣੇ ਮਨ ਵਿੱਚ ਇੱਕ ਵਿਚਾਰ ਲਿਆਂਦਾ। ਉਹਨਾਂ ਨੇ ਪ੍ਰਭੂ (ਗੁਰੂ ਜੀ) ਅੱਗੇ ਇਸ ਤਰ੍ਹਾਂ ਬੇਨਤੀ ਕੀਤੀ: "ਹੇ ਪ੍ਰਭੂ! ਦਿਆਲ ਹੋਵੋ ਅਤੇ ਵਿਆਹ ਕਰਵਾਓ। ਤਾਂ ਹੀ ਇਸ ਰਸਤੇ 'ਤੇ ਅੱਗੇ ਕਦਮ ਰੱਖੋ।" ॥੧੬॥੬੧੦॥

**ਰੂਆਮਲ ਛੰਦ**

ਸੁਨਤ ਬਚਨ ਬਿਗਾਸ ਸੋ ਪ੍ਰਭੁ ਸਬ ਸਾਮਾ ਕੀਨ ॥
ਹੁਕਮੁ ਸਿੰਘਨ ਕੋ ਕਿਯੋ ਮੰਗਵਾਇ ਸਭ ਕਛੁ ਲੀਨ ॥
ਸਾਜ ਸਾਮਾਨੋ ਸਬੈ ਆਨੰਦ ਤੂਰ ਬਜਾਇ ॥
ਬਿਆਹ ਕਰਿ ਕੈ ਆਪਨਾ ਪ੍ਰਭੁ ਚਲੇ ਤਾ ਤੇ ਧਾਇ ॥੧੭॥੬੧੧॥

(ਸਿੱਖਾਂ ਦੇ) ਬਚਨ ਸੁਣ ਕੇ ਪ੍ਰਭੂ ਜੀ ਨੇ ਖ਼ੁਸ਼ ਹੋ ਕੇ ਵਿਆਹ ਦਾ ਸਾਰਾ ਸਾਮਾਨ ਤਿਆਰ ਕੀਤਾ। ਉਹਨਾਂ ਨੇ ਸਿੰਘਾਂ ਨੂੰ ਹੁਕਮ ਦਿੱਤਾ ਅਤੇ ਸਭ ਕੁਝ ਮੰਗਵਾ ਲਿਆ। ਸਾਰਾ ਸਾਜ਼ੋ-ਸਾਮਾਨ ਸਜਾਇਆ ਗਿਆ ਅਤੇ ਖ਼ੁਸ਼ੀ ਦੇ ਵਾਜੇ ਵਜਾਏ ਗਏ। ਆਪਣਾ ਵਿਆਹ ਕਰਕੇ ਪ੍ਰਭੂ ਜੀ ਉਥੋਂ ਤੇਜ਼ੀ ਨਾਲ ਅੱਗੇ ਚੱਲ ਪਏ। ॥੧੭॥੬੧੧॥

**ਦੋਹਰਾ**

ਦਯਾ ਸਿੰਘ ਤਾਹੀ ਦਿਸਾ ਮਿਲਾ ਪ੍ਰਭੂ ਸੋ ਆਇ ॥
ਗੁਰਜਦਾਰ ਦਿੱਲੀ ਗਯੋ ਵਹਿ ਉਸ ਰਾਹਿ ਨ ਜਾਇ ॥੧੮॥੬੧੨॥

ਉਸੇ ਦਿਸ਼ਾ ਤੋਂ ਭਾਈ ਦਯਾ ਸਿੰਘ ਜੀ ਵੀ ਆ ਕੇ ਪ੍ਰਭੂ ਜੀ ਨੂੰ ਮਿਲੇ। (ਬਾਦਸ਼ਾਹ ਵੱਲੋਂ ਭੇਜਿਆ) ਗੁਰਜਬਰਦਾਰ ਦਿੱਲੀ ਨੂੰ ਚਲਾ ਗਿਆ। ਉਹ

(ਭਾਈ ਦਇਆ ਸਿੰਘ ਜੀ ਵਾਲੇ) ਉਸ ਰਸਤੇ 'ਤੇ ਨਹੀਂ ਗਿਆ। ॥੧੮॥੬੧੨॥

**ਦੋਹਰਾ**

ਜਿਹ ਗਾਵਨ ਖਾਲਸਾ ਪਰੇ ਲੂਟ ਕੂਟ ਤਿਹ ਲੇਤ ॥
ਗਾਵ ਬਚੇ ਰਾਜਾ ਮਿਲੇ ਭੇਟ ਪ੍ਰਭੂ ਸੋ ਦੇਤ ॥੧੯॥੬੧੩॥

ਜਿਨ੍ਹਾਂ ਪਿੰਡਾਂ 'ਤੇ ਖ਼ਾਲਸਾ ਚੜ੍ਹਾਈ ਕਰਦਾ ਸੀ, ਉਨ੍ਹਾਂ ਨੂੰ ਲੁੱਟ-ਕੁੱਟ ਲੈਂਦਾ ਸੀ। (ਪਰ) ਜਿਨ੍ਹਾਂ ਪਿੰਡਾਂ ਦੇ ਰਾਜੇ ਆ ਕੇ ਪ੍ਰਭੂ ਜੀ ਨੂੰ ਭੇਟਾ ਦਿੰਦੇ ਸਨ, ਉਹ ਪਿੰਡ ਬਚ ਜਾਂਦੇ ਸਨ। ॥੧੯॥੬੧੩॥

**ਦੋਹਰਾ**

ਜੋ ਰਾਜਾ ਕਰਿ ਜੋਰਿ ਕੈ ਮਿਲਤ ਪ੍ਰਭੂ ਸੋ ਧਾਇ ॥
ਬਸ ਹੈ ਦੇਸ ਅਨੰਦ ਸੋਂ ਤਾਂ ਢਿਗ ਕੋਇ ਨ ਜਾਇ ॥੨੦॥੬੧੪॥

ਜਿਹੜਾ ਵੀ ਰਾਜਾ ਹੱਥ ਜੋੜ ਕੇ ਭੱਜ ਕੇ ਪ੍ਰਭੂ ਜੀ ਨੂੰ ਆ ਮਿਲਦਾ ਸੀ, ਉਸਦਾ ਦੇਸ਼ ਅਨੰਦ ਨਾਲ ਵੱਸਦਾ ਰਹਿੰਦਾ ਸੀ ਅਤੇ ਉਸਦੇ ਨੇੜੇ ਕੋਈ (ਨੁਕਸਾਨ ਪਹੁੰਚਾਉਣ ਲਈ) ਨਹੀਂ ਜਾਂਦਾ ਸੀ। ॥੨੦॥੬੧੪॥

ਜੋ ਮਨ ਮੈ ਗਰਬਤਿ ਰਹੈ ਮਿਲਨਾ ਉਨ ਨਹੀ ਕੀਨ ॥
ਲੂਟ ਕੂਟ ਕੈ ਖਾਲਸੇ ਭੁੰਚ ਤਾਹਿ ਕਉ ਲੀਨ ॥੨੧॥੬੧੫॥

ਜਿਹੜੇ (ਰਾਜੇ) ਮਨ ਵਿੱਚ ਹੰਕਾਰ ਕਰਦੇ ਰਹੇ ਅਤੇ ਉਹਨਾਂ ਨੇ (ਗੁਰੂ ਜੀ ਨੂੰ) ਆ ਕੇ ਮਿਲਣਾ ਨਾ ਕੀਤਾ, ਖਾਲਸੇ ਨੇ ਉਹਨਾਂ (ਦੇ ਇਲਾਕਿਆਂ) ਨੂੰ ਲੁੱਟ-ਕੁੱਟ ਕੇ ਉਹਨਾਂ ਦੇ ਪਦਾਰਥਾਂ ਨੂੰ ਵਰਤ ਲਿਆ। ॥੨੧॥੬੧੫॥

ਕੂਚ ਕਰਤ ਮਾਰਗ ਚਲਤ ਇਹੀ ਭਾਂਤਿ ਸੋ ਜਾਤ ॥
ਆਗੇ ਕੋ ਮਾਰਗਿ ਨਹੀ ਸੁਨੀ ਪ੍ਰਭੂ ਇਮ ਬਾਤ ॥੨੨॥੬੧੬॥

ਇਸੇ ਤਰ੍ਹਾਂ ਕੂਚ ਕਰਦੇ ਹੋਏ ਅਤੇ ਰਸਤੇ 'ਤੇ ਚਲਦੇ ਹੋਏ (ਜਦੋਂ ਅੱਗੇ ਜਾ ਰਹੇ ਸਨ), ਤਾਂ ਪ੍ਰਭੂ ਜੀ ਨੇ ਇਹ ਗੱਲ ਸੁਣੀ ਕਿ "ਅੱਗੇ ਜਾਣ ਲਈ ਕੋਈ ਰਸਤਾ ਨਹੀਂ ਹੈ।" ॥੨੨॥੬੧੬॥

**ਚੌਪਈ**
ਵੁਹ ਦਿਸ ਛੋੜ ਅਵਰ ਦਿਸ ਧਾਏ ॥ ਕੂਚ ਕਰਤ ਕੇਤਕ ਇਵ ਆਏ ॥
ਚੜਿ ਘਾਟੀ ਕੇ ਪਾਰ ਸਿਧਾਨੇ ॥ ਪ੍ਰਭੁ ਸੋ ਬਾਤ ਕਹੀ ਇਕ ਆਨੇ ॥੨੩॥੬੧੭॥

ਉਹ ਦਿਸ਼ਾ ਛੱਡ ਕੇ (ਸਿੰਘ) ਦੂਜੀ ਦਿਸ਼ਾ ਵੱਲ ਤੇਜ਼ੀ ਨਾਲ ਗਏ। ਇਸ ਤਰ੍ਹਾਂ ਕੂਚ ਕਰਦੇ ਹੋਏ ਕੁਝ ਸਿੰਘ ਇੱਕ ਘਾਟੀ ਚੜ੍ਹ ਕੇ ਉਸਦੇ ਪਾਰ ਚਲੇ ਗਏ। ਉਹਨਾਂ ਨੇ ਆ ਕੇ ਪ੍ਰਭੂ ਜੀ ਨੂੰ ਇੱਕ ਖ਼ਬਰ ਦੱਸੀ। ॥੨੩॥੬੧੭॥

"ਔਰੰਗ ਸ਼ਾਹ ਗਉਨ ਕਰਿ ਗਯੋ ॥ ਜਗ ਤੇ ਬਿਦਾ ਭਾਂਤਿ ਯਹ ਭਯੋ ॥
ਛੋੜਿ ਗਯੋ ਸਬ ਮੁਲਕ ਖਜਾਨਾ ॥ ਕਾਲ ਗ੍ਰਸਜੋ ਬਲ ਕਛੁ ਨ ਬਸਾਨਾ" ॥੨੪॥੬੧੮॥

(ਉਹਨਾਂ ਨੇ ਦੱਸਿਆ,) "ਬਾਦਸ਼ਾਹ ਔਰੰਗਜ਼ੇਬ ਚਲਾਣਾ ਕਰ ਗਿਆ ਹੈ। ਉਹ ਇਸ ਸੰਸਾਰ ਤੋਂ ਇਸ ਤਰ੍ਹਾਂ ਵਿਦਾ ਹੋ ਗਿਆ ਹੈ। ਉਹ ਸਾਰਾ ਦੇਸ਼ ਅਤੇ ਖਜ਼ਾਨਾ (ਇੱਥੇ ਹੀ) ਛੱਡ ਗਿਆ ਹੈ। ਕਾਲ ਨੇ ਉਸਨੂੰ ਗ੍ਰਸ ਲਿਆ ਅਤੇ ਉਸਦਾ ਕੋਈ ਵੀ ਜ਼ੋਰ ਨਹੀਂ ਚੱਲਿਆ।" ॥੨੪॥੬੧੮॥

**ਦੋਹਰਾ**
ਕੂਚ ਕਿਯੋ ਪ੍ਰਭੁ ਨੇ ਤਬੈ ਲੈ ਘੋਰਨ ਕੋ ਸੰਗ ॥
ਭਾਂਤਿ ਅਨੇਕਨ ਦੇਖਿਯੈ ਜਾ ਸੁਲਤਾਨੀ ਜੰਗ ॥੨੫॥੬੧੯॥

(ਇਹ ਸੁਣ ਕੇ) ਤਦੋਂ ਪ੍ਰਭੂ ਜੀ ਨੇ ਘੋੜਿਆਂ (ਦੀ ਫ਼ੌਜ) ਨੂੰ ਨਾਲ ਲੈ ਕੇ ਕੂਚ ਕੀਤਾ। (ਹੁਣ) ਬਾਦਸ਼ਾਹੀ (ਤਖ਼ਤ) ਲਈ ਹੋਣ ਵਾਲੀ ਜੰਗ ਦੇ ਅਨੇਕਾਂ (ਤਰ੍ਹਾਂ ਦੇ ਨਜ਼ਾਰੇ) ਵੇਖਣ ਨੂੰ ਮਿਲਣਗੇ। ॥੨੫॥੬੧੯॥

**ਚੌਪਈ**
ਕੇਤਕ ਦਿਨ ਪ੍ਰਭੁ ਔਰ ਬਿਤਾਏ ॥ ਕੂਚ ਮੁਕਾਮ ਕਰਤ ਚਲਿ ਆਏ ॥
ਬਿਰਛ ਏਕ ਦੀਰਘ ਅਤਿ ਘਨਾ ॥ ਸੁੰਦਰ ਸਰੁ ਸਰੂਪ ਤਿਹ ਬਨਾ ॥੨੬॥੬੨੦॥

ਪ੍ਰਭੂ ਜੀ ਨੇ ਕੁਝ ਹੋਰ ਦਿਨ ਬਿਤਾਏ ਅਤੇ (ਕਦੇ) ਕੂਚ ਤੇ (ਕਦੇ) ਪੜਾਅ ਕਰਦੇ ਹੋਏ ਅੱਗੇ ਚੱਲਦੇ ਆਏ। (ਇੱਕ ਥਾਂ) ਇੱਕ ਬਹੁਤ ਵੱਡਾ ਅਤੇ ਸੰਘਣਾ ਰੁੱਖ ਸੀ, ਅਤੇ ਉਸਦੇ ਨੇੜੇ ਇੱਕ ਸੁੰਦਰ ਸਰੋਵਰ ਬਣਿਆ ਹੋਇਆ ਸੀ। ॥੨੬॥੬੨੦॥

**ਦੋਹਰਾ**

ਅਧਿਕ ਠਉਰ ਦੇਖੀ ਤਹਾਂ ਹੁਇ ਹੈ ਤਹਾਂ ਨ ਘਾਮ ॥
ਉਤਰ ਰਹੇ ਤਾਹੀ ਤਲੇ ਕੀਨੇ ਤਹਾਂ ਮੁਕਾਮ ॥੨੭॥੬੨੧॥

ਉੱਥੇ (ਰੁੱਖ ਥੱਲੇ) ਬਹੁਤ ਜ਼ਿਆਦਾ ਥਾਂ ਵੇਖੀ, ਜਿੱਥੇ ਧੁੱਪ ਵੀ ਨਹੀਂ ਸੀ ਪੈ ਸਕਦੀ। (ਇਹ ਵੇਖ ਕੇ) ਉਹ ਉਸੇ (ਰੁੱਖ) ਦੇ ਹੇਠਾਂ ਉੱਤਰ ਗਏ ਅਤੇ ਉੱਥੇ ਹੀ ਪੜਾਅ ਕਰ ਲਿਆ। ॥੨੭॥੬੨੧॥

ਕੀਚਕ ਭੂਮਿ ਦੇਖਨ ਨਿਮਿਤ ਗਏ ਪ੍ਰਭੂ ਤਿਹ ਠਉਰ ॥
ਆਨ ਪਹੂਚੇ ਤਾਹਿ ਦਿਸ ਨਿਕਟਿ ਸਹਰ ਬਾਘਉਰ ॥੨੮॥੬੨੨॥

'ਕੀਚਕ' ਦੀ ਭੂਮੀ (ਮਹਾਂਭਾਰਤ ਦੇ ਪਾਤਰ ਕੀਚਕ ਦੀ ਮੌਤ ਵਾਲੀ ਥਾਂ) ਵੇਖਣ ਲਈ ਪ੍ਰਭੂ ਜੀ ਉਸ ਥਾਂ 'ਤੇ ਗਏ। ਉਸ ਦਿਸ਼ਾ ਵਿੱਚ ਚੱਲ ਕੇ ਉਹ ਬਘੌਰ ਸ਼ਹਿਰ ਦੇ ਨੇੜੇ ਆ ਪਹੁੰਚੇ। ॥੨੮॥੬੨੨॥

**ਚੌਪਈ**

ਸਹਰ ਬਾਘੌਰ ਆਪ ਜੇ ਆਏ ॥ ਲੋਗ ਤਹਾਂ ਕੇ ਅਤਿ ਡਰ ਪਾਏ ॥
ਤਿਨਹੂ ਕਰੀ ਜੁੱਧ ਕੀ ਸਾਮਾ ॥ ਕਬਹੂ ਲੂਟਿ ਲੇਹ ਏ ਧਾਮਾ ॥੨੯॥੬੨੩॥

ਜਦੋਂ ਗੁਰੂ ਜੀ ਆਪ ਬਘੌਰ ਸ਼ਹਿਰ (ਦੇ ਨੇੜੇ) ਆਏ, ਤਾਂ ਉੱਥੋਂ ਦੇ ਲੋਕ ਬਹੁਤ ਡਰ ਗਏ। ਉਹਨਾਂ ਨੇ ਵੀ ਜੰਗ ਦੀ ਤਿਆਰੀ ਕਰ ਲਈ (ਇਹ ਸੋਚ ਕੇ ਕਿ) "ਕਿਤੇ ਇਹ (ਸਾਡੇ) ਘਰਾਂ ਨੂੰ ਨਾ ਲੁੱਟ ਲੈਣ।" ॥੨੯॥੬੨੩॥

ਅਤਿ ਅਪਾਰ ਜਿਨ ਫੌਜ ਨਿਹਾਰੀ ॥ ਸੂਰਬੀਰ ਜੋਧਾ ਹਿਤਕਾਰੀ ॥
ਕਰਿ ਸਾਮਾਨ ਦੇਸ ਇਹ ਆਏ ॥ ਇਨ ਕੇ ਭੇਦ ਜਾਤ ਨਹੀ ਪਾਏ ॥੩੦॥੬੨੪॥

(ਸ਼ਹਿਰ ਦੇ ਲੋਕਾਂ ਨੇ ਸੋਚਿਆ) "ਇਹਨਾਂ ਦੀ ਬਹੁਤ ਵੱਡੀ ਫੌਜ ਦਿਸ ਰਹੀ ਹੈ, ਜਿਸ ਵਿੱਚ ਸੂਰਬੀਰ, ਯੋਧੇ ਅਤੇ ਉਹਨਾਂ ਦੇ ਹਿਤੈਸ਼ੀ ਹਨ। ਇਹ ਪੂਰੀ ਤਿਆਰੀ ਕਰਕੇ ਇਹ (ਸਾਡੇ) ਦੇਸ਼ ਵਿੱਚ ਆਏ ਹਨ। ਇਹਨਾਂ ਦਾ ਭੇਤ ਪਾਇਆ ਨਹੀਂ ਜਾ ਰਿਹਾ।" ॥੩੦॥੬੨੪॥

ਗਹਿ ਗਹਿ ਸਸਤ੍ਰ ਬਸਤ੍ਰ ਗਹਿ ਗਾਢੇ ॥ ਕਰਿ ਸਾਮਾਨ ਜੁੱਧ ਕੋ ਠਾਢੇ ॥
ਪੂਛਨ ਕੋ ਇਕ ਪਠਿਯੋ ਬਾਰੀ ॥ ਪੂਛੋ ਇਨੇ ਜਾਇ ਬਿਧਿ ਸਾਰੀ ॥੩੧॥੬੨੫॥

ਉਹ ਲੋਕ ਸ਼ਸਤਰ ਫੜ ਕੇ ਅਤੇ ਕੱਪੜੇ ਕੱਸ ਕੇ, ਜੰਗ ਦਾ ਸਾਮਾਨ ਤਿਆਰ ਕਰਕੇ ਖੜ੍ਹੇ ਹੋ ਗਏ। ਉਹਨਾਂ ਨੇ ਪੁੱਛ-ਗਿੱਛ ਕਰਨ ਲਈ ਇੱਕ ਬਾਰੀ ਨੂੰ ਭੇਜਿਆ (ਅਤੇ ਕਿਹਾ), "ਜਾ ਕੇ ਇਹਨਾਂ ਤੋਂ ਸਾਰੀ ਗੱਲ ਪੁੱਛੋ।" ॥੩੧॥੬੨੫॥

ਟਿੱਪਣੀ: ਭਾਰਤ ਦੇ ਕਈ ਸੂਬਿਆਂ ਵਿੱਚ ਇੱਕ ਖ਼ਾਸ ਕੌਮ ਦੇ ਲੋਕ ਵੱਸਦੇ ਹਨ, ਜਿਨ੍ਹਾਂ ਨੂੰ ਬਾਰੀ ਆਖਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਇਸ ਭਾਈਚਾਰੇ ਨਾਲ਼ ਸੰਬੰਧਿਤ ਬਹੁਤੇ ਲੋਕ ਘਰੇਲੂ ਕੰਮ ਕਰਨ ਵਾਲੇ ਨੌਕਰਾਂ ਵਜੋਂ ਰੋਜ਼ਗਾਰ ਕਰਦੇ ਸਨ।

ਪੰਜਾਬ ਵਿੱਚ ਪੁਰਾਣੇ ਸਮਿਆਂ ਵਿੱਚ ਪਿੰਡਾਂ ਵਿੱਚ ਕਈ ਕਿੱਤਿਆਂ ਦੇ ਲੋਕਾਂ ਨੂੰ ਬਾਰੀ ਕਿਹਾ ਜਾਂਦਾ ਰਿਹਾ ਹੈ ਤੇ ਇਸਦਾ ਸੰਬੰਧ ਭਾਰਤ ਦੇ ਹੋਰ ਕੁੱਝ ਹਿੱਸਿਆਂ ਵਿੱਚ ਵੱਸਦੇ ਬਾਰੀ ਭਾਈਚਾਰੇ ਨਾਲ਼ ਸੰਬੰਧ ਨਹੀਂ ਹੈ।

ਚਲਿ ਆਯੋ ਵੁਹ ਪ੍ਰਭੁ ਕੇ ਧਾਮਾ ॥ ਦੋਇ ਕਰਿ ਜੋਰਿ ਕਿਯੋ ਪ੍ਰਨਾਮਾ ॥
ਪੂਛੀ ਬਾਤ ਪ੍ਰਭੁ ਪਹਿ ਜਾਏ ॥ "ਕਵਨ ਭੂਮਿ ਤੇ ਯਾ ਦਿਸ ਆਏ?" ॥੩੨॥੬੨੬॥

ਉਹ ਬਾਰੀ ਚੱਲ ਕੇ ਪ੍ਰਭੂ ਜੀ ਦੇ ਡੇਰੇ 'ਤੇ ਆਇਆ। ਉਸਨੇ ਦੋਵੇਂ ਹੱਥ ਜੋੜ ਕੇ ਪ੍ਰਣਾਮ ਕੀਤਾ। ਉਸਨੇ ਪ੍ਰਭੂ ਜੀ ਕੋਲ ਜਾ ਕੇ ਪੁੱਛਿਆ, "ਤੁਸੀਂ ਕਿਸ ਧਰਤੀ ਤੋਂ ਇਸ ਪਾਸੇ ਆਏ ਹੋ?" ॥੩੨॥੬੨੬॥

ਨਗਰ ਲੋਗ ਮਨ ਮੈ ਅਤਿ ਡਰ ਹੀ ॥ ਇਹ ਬਿਧਿ ਅਰਜ ਪ੍ਰਭੂ ਸੋ ਕਰ ਹੀ ॥
"ਡੇਰਾ ਨਿਕਟਿ ਸਹਰ ਕੇ ਦਏ ॥ ਲੂਟਨ ਕਾਜ ਆਨ ਠਹਰਏ" ॥੩੩॥੬੨੭॥

(ਉਸਨੇ ਕਿਹਾ,) "ਨਗਰ ਦੇ ਲੋਕ ਮਨ ਵਿੱਚ ਬਹੁਤ ਡਰੇ ਹੋਏ ਹਨ।" ਉਸਨੇ ਪ੍ਰਭੂ ਜੀ ਅੱਗੇ ਇਸ ਤਰ੍ਹਾਂ ਬੇਨਤੀ ਕੀਤੀ: "ਤੁਸੀਂ ਸ਼ਹਿਰ ਦੇ ਨੇੜੇ ਡੇਰਾ ਲਾਇਆ ਹੈ, (ਲੋਕ ਸੋਚਦੇ ਹਨ ਕਿ) ਤੁਸੀਂ ਲੁੱਟਣ ਦੇ ਮਕਸਦ ਨਾਲ ਇੱਥੇ ਆ ਕੇ ਠਹਿਰੇ ਹੋ।" ॥੩੩॥੬੨੭॥

ਧਰਮ ਸਿੰਘ ਪ੍ਰਭੁ ਤਹਾਂ ਪਠਾਯੋ ॥ ਬਾਰੀ ਸਿੰਘ ਤਾਹਿ ਲੈ ਆਯੋ ॥
ਗੁਰੂ ਪੀਰ ਤਾਕੇ ਘਰਿ ਜਾਈ ॥ ਸਰਬ ਕਥਾ ਇਹ ਭਾਂਤਿ ਬਤਾਈ ॥੩੪॥੬੨੮॥

ਪ੍ਰਭੂ ਜੀ ਨੇ ਉੱਥੇ ਭਾਈ ਧਰਮ ਸਿੰਘ ਜੀ ਨੂੰ ਭੇਜਿਆ। ਉਹ ਸਿੰਘ ਉਸ ਬਾਰੀ ਨੂੰ (ਨਾਲ) ਲੈ ਗਿਆ ਅਤੇ (ਸ਼ਹਿਰ ਵਾਲਿਆਂ ਦੇ) ਗੁਰੂ ਦੇ ਘਰ ਜਾ ਕੇ, ਸਾਰੀ ਗੱਲ ਇਸ ਤਰ੍ਹਾਂ ਸਮਝਾਈ। ॥੩੪॥੬੨੮॥

"ਕੀਚਕ ਜੁੱਧ ਠਉਰ ਤਿਹ ਭਯੋ ॥ ਦੇਖਨ ਤਾਹਿ ਆਪ ਪ੍ਰਭੁ ਅਯੋ ॥
ਤੁਮ ਮਨ ਮੈ ਕਛੁ ਸੰਕ ਨ ਆਨੋ ॥ ਹਮਰੀ ਬਾਤ ਸਤਿ ਕਰਿ ਜਾਨੋ" ॥੩੫॥੬੨੯॥

(ਭਾਈ ਧਰਮ ਸਿੰਘ ਨੇ ਕਿਹਾ,) "ਇਸ ਥਾਂ 'ਤੇ ਕੀਚਕ ਦਾ ਯੁੱਧ ਹੋਇਆ ਸੀ। ਉਸਨੂੰ ਵੇਖਣ ਲਈ ਪ੍ਰਭੂ ਜੀ ਆਪ ਆਏ ਹਨ। ਤੁਸੀਂ ਆਪਣੇ ਮਨ ਵਿੱਚ ਕੋਈ ਸ਼ੰਕਾ ਨਾ ਲਿਆਉ ਅਤੇ ਸਾਡੀ ਗੱਲ ਨੂੰ ਸੱਚ ਕਰਕੇ ਜਾਣੋ।" ॥੩੫॥੬੨੯॥

ਤਾਤੇ ਤਿਨ ਨ ਸਾਂਤਿ ਮਨਿ ਆਈ ॥ ਇਨ ਕੀ ਬਾਤਿ ਉਨ ਨ ਮਨਿ ਭਾਈ ॥
ਧਰਮ ਸਿੰਘ ਪ੍ਰਭੁ ਪੈ ਤਬ ਆਏ ॥ ਔਰ ਠੌਰ ਡੇਰਾ ਫੁਰਮਾਏ ॥੩੬॥੬੩੦॥

ਫਿਰ ਵੀ ਉਹਨਾਂ (ਸ਼ਹਿਰ ਦੇ ਲੋਕਾਂ) ਦੇ ਮਨ ਨੂੰ ਸ਼ਾਂਤੀ ਨਾ ਆਈ। ਉਹਨਾਂ ਨੂੰ ਇਹਨਾਂ (ਸਿੰਘਾਂ) ਦੀ ਗੱਲ 'ਤੇ ਯਕੀਨ ਨਾ ਆਇਆ। ਤਦ ਭਾਈ ਧਰਮ ਸਿੰਘ ਜੀ ਪ੍ਰਭੂ ਜੀ ਕੋਲ ਵਾਪਸ ਆ ਗਏ ਅਤੇ (ਸਾਰੀ ਗੱਲ ਸੁਣ ਕੇ) ਗੁਰੂ ਜੀ ਨੇ ਕਿਸੇ ਹੋਰ ਥਾਂ 'ਤੇ ਡੇਰਾ ਕਰਨ ਦਾ ਹੁਕਮ ਦਿੱਤਾ। ॥੩੬॥੬੩੦॥

ਲਕਰੀ ਘਾਸ ਨੀਰ ਤਹਾਂ ਘਨਾ ॥ ਬਾਗ ਅਜਾਇਬ ਅਦਭੁਤ ਬਨਾ ॥
ਤਿਹ ਢਿਗ ਉਤਰਿ ਕਿਯੋ ਬਿਸ੍ਰਾਮਾ ॥ ਗੋਬਿੰਦ ਸਿੰਘ ਗੁਰੂ ਤਿਹ ਨਾਮਾ ॥੩੭॥੬੩੧॥

(ਜਿਸ ਨਵੀਂ ਥਾਂ ਗਏ) ਉੱਥੇ ਲੱਕੜੀ, ਘਾਹ ਅਤੇ ਪਾਣੀ ਬਹੁਤ ਸੀ। ਉੱਥੇ ਇੱਕ ਅਨੋਖਾ ਅਤੇ ਅਦਭੁੱਤ ਬਾਗ ਬਣਿਆ ਹੋਇਆ ਸੀ। ਉਸਦੇ ਕੋਲ ਉੱਤਰ ਕੇ ਉਹਨਾਂ ਨੇ ਵਿਸ਼ਰਾਮ ਕੀਤਾ, ਜਿਨ੍ਹਾਂ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਹੈ। ॥੩੭॥੬੩੧॥

ਤਾ ਕੋ ਲੋਗ ਮਿਲਨ ਜੇ ਆਏ ॥ ਤਿਨਨ ਇਨਾਮ ਪ੍ਰਭੁ ਫੁਰਮਾਏ ॥
ਤਿਨ ਕੇ ਸੰਗਿ ਤਾਹਿ ਜੇ ਗਏ ॥ ਕੀਚਕ ਜੁੱਧ ਭੀਮ ਸੋ ਭਏ ॥੩੮॥੬੩੨॥

ਜਿਹੜੇ ਲੋਕ ਉਹਨਾਂ (ਗੁਰੂ ਜੀ) ਨੂੰ ਮਿਲਣ ਆਏ, ਪ੍ਰਭੂ ਜੀ ਨੇ ਉਹਨਾਂ ਨੂੰ ਇਨਾਮ ਦੇਣ ਦਾ ਫ਼ਰਮਾਨ ਕੀਤਾ। (ਫਿਰ ਗੁਰੂ ਜੀ) ਉਹਨਾਂ (ਸਥਾਨਕ ਲੋਕਾਂ) ਦੇ ਨਾਲ ਉਸ ਥਾਂ 'ਤੇ ਗਏ, ਜਿੱਥੇ ਕੀਚਕ ਦਾ ਭੀਮ ਨਾਲ ਯੁੱਧ ਹੋਇਆ ਸੀ। ॥੩੮॥੬੩੨॥

ਬਰਕਨਦਾਜ਼ ਸੰਗਿ ਪ੍ਰਭੁ ਲਏ ॥ ਔਰ ਸਿੰਘ ਪ੍ਰਭੁ ਸੰਗਿ ਨ ਗਏ ॥
ਜਿਨ ਕੇ ਨਾਮ ਪ੍ਰਭੁ ਫੁਰਮਾਏ ॥ ਤੇਈ ਸਿੰਘ ਸਾਥ ਕੋ ਧਾਏ ॥੩੯॥੬੩੩॥

ਪ੍ਰਭੂ ਜੀ ਨੇ (ਕੁਝ) ਬੰਦੂਕਚੀ (ਬਰਕ-ਅੰਦਾਜ਼) ਆਪਣੇ ਨਾਲ ਲਏ। ਬਾਕੀ ਹੋਰ ਸਿੰਘ ਪ੍ਰਭੂ ਜੀ ਦੇ ਨਾਲ ਨਹੀਂ ਗਏ। ਜਿਨ੍ਹਾਂ ਸਿੰਘਾਂ ਦੇ ਨਾਮ ਪ੍ਰਭੂ ਜੀ ਨੇ ਲਏ, ਸਿਰਫ਼ ਉਹੀ ਨਾਲ ਜਾਣ ਲਈ ਤੇਜ਼ੀ ਨਾਲ ਆਏ। ॥੩੯॥੬੩੩॥

ਕੋਸ ਏਕ ਊਚੇ ਚੜਿ ਆਏ ॥ ਦੇਖੀ ਠਾਵ ਤਬੈ ਫੁਰਮਾਏ ॥
ਵੇ ਜੋ ਸਿੰਘ ਸਾਥਿ ਲੈ ਆਨੇ ॥ ਠਉਰ ਠਉਰ ਕੀਨੇ ਪ੍ਰਭੁ ਥਾਨੇ ॥੪੦॥੬੩੪॥

(ਉਸ ਥਾਂ ਤੋਂ) ਲਗਭਗ ਇੱਕ ਕੋਹ ਦੀ ਉੱਚੀ ਚੜ੍ਹਾਈ ਚੜ੍ਹ ਕੇ ਆਏ। ਉਸ ਥਾਂ ਨੂੰ ਵੇਖ ਕੇ ਤਦ (ਪ੍ਰਭੂ ਜੀ ਨੇ) ਹੁਕਮ ਦਿੱਤਾ। ਜਿਹੜੇ ਸਿੰਘ ਉਹ ਨਾਲ ਲੈ ਕੇ ਆਏ ਸਨ, ਪ੍ਰਭੂ ਜੀ ਨੇ ਉਹਨਾਂ ਨੂੰ ਥਾਂ-ਥਾਂ 'ਤੇ ਪਹਿਰੇ ਉੱਤੇ ਤਾਇਨਾਤ ਕਰ ਦਿੱਤਾ। ॥੪੦॥੬੩੪॥

ਸਿੰਘਨ ਠਉਰ ਬਾਂਟਿ ਇਮ ਦਈ ॥ ਆਪਿ ਬਾਟਿ ਡੇਰਨ ਕੀ ਲਈ ॥
ਕੇਤਕ ਦਿਨ ਤਿਹ ਠਉਰ ਬਿਹਾਨੇ ॥ ਊਠਿ ਰੂਖ ਬਾਗਨ ਕੇ ਖਾਨੇ ॥੪੧॥੬੩੫॥

(ਗੁਰੂ ਜੀ ਨੇ) ਸਿੰਘਾਂ ਨੂੰ ਇਸ ਤਰ੍ਹਾਂ ਥਾਂਵਾਂ ਵੰਡ ਦਿੱਤੀਆਂ ਅਤੇ ਆਪ ਡੇਰੇ ਵਾਲੇ ਪਾਸੇ ਚਲੇ ਗਏ। ਉਸ ਥਾਂ 'ਤੇ ਕੁਝ ਦਿਨ ਬੀਤ ਗਏ। (ਫੌਜ ਦੇ) ਊਠਾਂ ਨੇ ਬਾਗਾਂ ਦੇ ਰੁੱਖ ਖਾ ਲਏ। ॥੪੧॥੬੩੫॥

ਮਾਲੀ ਭਾਜਿ ਰਾਵ ਪੈ ਅਏ ॥ "ਸਗਰੇ ਰੂਖ ਬਾਗ ਕੇ ਗਏ ॥
ਭੋਜਨ ਹੇਤ ਊਠ ਜੇ ਆਏ ॥ ਤੋਰਿ ਤੋਰਿ ਸਬ ਹੀ ਉਨ ਖਾਏ" ॥੪੨॥੬੩੬॥

ਬਾਗਾਂ ਦੇ ਮਾਲੀ ਭੱਜ ਕੇ (ਬਘੌਰ ਦੇ) ਰਾਉ ਕੋਲ ਗਏ (ਅਤੇ ਕਿਹਾ), "ਬਾਗ ਦੇ ਸਾਰੇ ਰੁੱਖ ਖਤਮ ਹੋ ਗਏ ਹਨ। ਭੋਜਨ ਲਈ ਜਿਹੜੇ ਊਠ ਆਏ ਸਨ, ਉਹਨਾਂ ਨੇ ਸਾਰੇ ਰੁੱਖ ਤੋੜ-ਤੋੜ ਕੇ ਖਾ ਲਏ ਹਨ।" ॥੪੨॥੬੩੬॥

ਸੁਨਤ ਬਚਨ ਮਨ ਮਾਹਿ ਰਿਸਾਨੇ ॥ ਕੋਪ ਭਰੇ ਅਤਿ ਹੀ ਗਰਬਾਨੇ ॥
ਕ੍ਰਪ ਪ੍ਰਭੁ ਸੋ ਕਛੁ ਨਾਹਿ ਬਸਾਨੀ ॥ ਮਨ ਮੈ ਰਾਖਿ ਬਾਤ ਇਮ ਠਾਨੀ ॥੪੩॥੬੩੭॥

ਇਹ ਬਚਨ ਸੁਣਦਿਆਂ ਹੀ (ਰਾਉ) ਮਨ ਵਿੱਚ ਗੁੱਸੇ ਹੋ ਗਿਆ। ਉਹ ਕ੍ਰੋਧ ਨਾਲ ਭਰ ਗਿਆ ਅਤੇ ਬਹੁਤ ਹੰਕਾਰ ਵਿੱਚ ਆ ਗਿਆ। (ਪਰ) ਕ੍ਰੋਧਵਾਨ

ਪ੍ਰਭੂ (ਗੁਰੂ ਜੀ) ਦੇ ਸਾਹਮਣੇ ਉਸਦਾ ਕੋਈ ਵੱਸ ਨਹੀਂ ਸੀ ਚੱਲਦਾ, (ਇਸ ਲਈ) ਉਸਨੇ ਗੱਲ ਮਨ ਵਿੱਚ ਰੱਖ ਕੇ (ਬਦਲਾ ਲੈਣ ਦੀ) ਠਾਣ ਲਈ। ॥੪੩॥੬੩੭॥

ਸਿੰਘ ਏਕ ਕਿਹੀ ਕਾਜ ਸਿਧਾਯੋ ॥ ਤਿਨ ਕੇ ਦੇਸ ਮਾਹਿ ਵੁਹ ਆਯੋ ॥
ਤਨਿਕ ਮਨਕ ਤਿਨ ਸੋ ਭਈ ਰਾਰਾ ॥ ਜੁੱਧ ਭਯੋ ਤਿਨ ਹੂੰ ਸੰਗਿ ਭਾਰਾ ॥੪੪॥੬੩੮॥

ਇੱਕ ਸਿੰਘ ਕਿਸੇ ਕੰਮ ਲਈ (ਸ਼ਹਿਰ ਵੱਲ) ਗਿਆ। ਉਹ ਉਹਨਾਂ (ਬਘੌਰ ਦੇ ਲੋਕਾਂ) ਦੇ ਇਲਾਕੇ ਵਿੱਚ ਆ ਗਿਆ। ਉਹਨਾਂ ਨਾਲ ਉਸਦੀ ਮਾਮੂਲੀ ਝੜਪ ਹੋ ਗਈ, (ਜੋ ਵਧ ਕੇ) ਉਹਨਾਂ ਨਾਲ ਭਾਰੀ ਯੁੱਧ ਵਿੱਚ ਬਦਲ ਗਈ। ॥੪੪॥੬੩੮॥

ਕੋਪਿ ਸਿੰਘ ਭਗਵਤੀ ਨਿਕਾਰੀ ॥ ਕੇਤਕ ਦੂਤ ਹਨੇ ਬਲਕਾਰੀ ॥
ਜੁੱਧ ਹੋਤ ਸਭ ਸਿੰਘ ਨਿਹਾਰੇ ॥ ਗਹਿ ਗਹਿ ਸਸਤ੍ਰ ਉਠੇ ਲਲਕਾਰੇ ॥੪੫॥੬੩੯॥

ਉਸ ਸਿੰਘ ਨੇ ਗੁੱਸੇ ਵਿੱਚ ਆ ਕੇ ਆਪਣੀ ਭਗਵਤੀ (ਤਲਵਾਰ) ਕੱਢ ਲਈ ਅਤੇ ਕਈ ਬਲਕਾਰੀ ਦੁਸ਼ਮਣਾਂ ਨੂੰ ਮਾਰ ਦਿੱਤਾ। ਇਸ ਯੁੱਧ ਨੂੰ ਹੁੰਦਾ ਵੇਖ ਕੇ ਬਾਕੀ ਸਾਰੇ ਸਿੰਘ ਵੀ ਸ਼ਸਤਰ ਫੜ ਕੇ ਲਲਕਾਰਦੇ ਹੋਏ ਉੱਠ ਖੜ੍ਹੇ ਹੋਏ। ॥੪੫॥੬੩੯॥

**ਦੋਹਰਾ**

ਬੈਠੇ ਸਿੰਘ ਪਹਾਰ ਪੈ ਦੇਖ੍ਯੋ ਜੁੱਧ ਨਿਹਾਰ ॥
ਦਈ ਪਲੀਤੀ ਤਿਨੋਂ ਨੇ ਹੁਇ ਗਏ ਲੋਗ ਸਥਾਰ ॥੪੬॥੬੪੦॥

ਪਹਾੜੀ 'ਤੇ ਬੈਠੇ ਸਿੰਘਾਂ ਨੇ ਯੁੱਧ ਨੂੰ ਧਿਆਨ ਨਾਲ ਵੇਖਿਆ। ਜਦੋਂ ਉਹਨਾਂ ਨੇ (ਤੋਪਾਂ/ਬੰਦੂਕਾਂ ਨੂੰ) ਪਲੀਤਾ ਲਾਇਆ, ਤਾਂ (ਦੁਸ਼ਮਣ ਦੇ) ਲੋਕ ਢੇਰ ਹੋ ਗਏ। ॥੪੬॥੬੪੦॥

ਕੋਪ ਭਯੋ ਮਨ ਮੈ ਤਬੈ ਨਿਕਸੇ ਸੂਰ ਰਿਸਾਇ ॥
ਰਣ ਮੰਡਨ ਜੋਧਾ ਚਲੇ ਨਿਮਖ ਬਿਲਮ ਨਹੀਂ ਲਾਇ ॥੪੭॥੬੪੧॥

ਤਦ (ਸਿੰਘਾਂ ਦੇ) ਮਨ ਵਿੱਚ ਕ੍ਰੋਧ ਪੈਦਾ ਹੋਇਆ ਅਤੇ ਸੂਰਮੇ ਗੁੱਸੇ ਵਿੱਚ (ਆਪਣੇ ਮੋਰਚਿਆਂ ਤੋਂ) ਨਿਕਲੇ। ਯੋਧੇ ਰਣ-ਭੂਮੀ ਵਿੱਚ ਡਟਣ ਲਈ ਇੱਕ ਪਲ ਦੀ ਵੀ ਦੇਰੀ ਕੀਤੇ ਬਿਨ੍ਹਾਂ ਚੱਲ ਪਏ। ॥੪੭॥੬੪੧॥

**ਸਵੈਯਾ**

ਕੋਪ ਕੈ ਸੂਰ ਜੋ ਜਾਇ ਬੁਰਜੋ ਚੜ੍ਹੇ ਕਿਯੋ ਸੰਗ੍ਰਾਮ ਘਮਸਾਨ ਭਾਰੀ ॥
ਚਲੇ ਤੀਰ ਗੰਭੀਰ ਬੰਦੂਕ ਛੂਟੈ ਘਨੀ ਆਨਿ ਲਾਗੀ ਅਨੀ ਯੌ ਬਿਚਾਰੀ ॥
ਗਰਜ ਘਨ ਜੋ ਕਰੀ ਲਰਜ ਐਸੀ ਪਰੀ ਕੋਪ ਕੈ ਤੋਪ ਛੋਰੀ ਸੁ ਸਾਰੀ ॥
ਪਤ੍ਰ ਪੂਰਨ ਭਰਨ ਆਨਿ ਜੋਗਨਿ ਅਰੀ ਡਾਕਿਨੀ ਚਾਵਡੀ ਚੀਤਕਾਰੀ ॥੪੮॥੬੪੨॥

ਸੂਰਮਿਆਂ ਨੇ ਕ੍ਰੋਧਿਤ ਹੋ ਕੇ (ਕਿਲ੍ਹੇ ਦੇ) ਬੁਰਜਾਂ 'ਤੇ ਜਾ ਚੜ੍ਹਾਈ ਕੀਤੀ ਅਤੇ ਭਾਰੀ ਘਮਸਾਨ ਦਾ ਯੁੱਧ ਕੀਤਾ। ਗੰਭੀਰ ਤੀਰ ਚੱਲੇ ਅਤੇ ਬਹੁਤ ਸਾਰੀਆਂ ਬੰਦੂਕਾਂ ਛੁੱਟੀਆਂ, ਜਿਨ੍ਹਾਂ ਨੇ (ਦੁਸ਼ਮਣ ਦੀ) ਮੋਹਰਲੀ ਕਤਾਰ ਨੂੰ ਆਣ ਮਾਰਿਆ। (ਤੋਪਾਂ ਨੇ) ਬੱਦਲਾਂ ਵਾਂਗ ਅਜਿਹੀ ਗਰਜ ਕੀਤੀ ਕਿ ਕੰਬਣੀ ਛਿੜ ਗਈ ਅਤੇ ਗੁੱਸੇ ਵਿੱਚ ਸਾਰੀਆਂ ਤੋਪਾਂ ਦਾਗ ਦਿੱਤੀਆਂ। ਯੋਗਣੀਆਂ (ਖ਼ੂਨ ਨਾਲ) ਆਪਣੇ ਖੱਪਰ ਭਰਨ ਲਈ ਆ ਗਈਆਂ ਅਤੇ ਡਾਕਣੀਆਂ ਤੇ ਚੁੜੇਲਾਂ ਖੁਸ਼ੀ ਵਿੱਚ ਚੀਕਾਂ ਮਾਰ ਰਹੀਆਂ ਸਨ। ॥੪੮॥੬੪੨॥

**ਚੌਪਈ**

ਸੂਰ ਸੂਰ ਕੀ ਓਰ ਨਿਹਾਰੈ ॥ ਪਕਰੈ ਸਸਤ੍ਰ ਤਾਹਿ ਚੁਨਿ ਮਾਰੈ ॥
ਜਿਉ ਭੁਯੰਗ ਅੰਗ ਕੋਊ ਗ੍ਰਸੈ ॥ ਤੈਸੇ ਸਸਤ੍ਰ ਸੂਰ ਕੋ ਡਸੈ ॥੪੯॥੬੪੩॥

ਇੱਕ ਸੂਰਮਾ ਦੂਜੇ ਸੂਰਮੇ ਵੱਲ ਵੇਖਦਾ, ਸ਼ਸਤਰ ਫੜ ਕੇ ਉਸਨੂੰ ਚੁਣ ਕੇ ਮਾਰਦਾ। ਜਿਵੇਂ ਸੱਪ ਕਿਸੇ ਅੰਗ ਨੂੰ ਡੱਸ ਲੈਂਦਾ ਹੈ, ਉਵੇਂ ਹੀ ਸ਼ਸਤਰ ਦੁਸ਼ਮਣ ਸੂਰਮੇ ਨੂੰ ਡੱਸ ਰਿਹਾ ਸੀ। ॥੪੯॥੬੪੩॥

ਤਨਿਕ ਮਨਕ ਮਨ ਮੈ ਨਹੀਂ ਰਹੈ ॥ ਜਿਹ ਤਨ ਵਾਰ ਸੂਰ ਕੋ ਬਹੈ ॥
ਲਾਗੈ ਵਾਰ ਸੂਰ ਤਿਹ ਕਾਰੀ ॥ ਭੂਲੇ ਦੇਹ ਗ੍ਰੇਹ ਸੁਧਿ ਸਾਰੀ ॥੫੦॥੬੪੪॥

ਜਿਸ ਦੇ ਸਰੀਰ 'ਤੇ ਸੂਰਮੇ ਦਾ ਵਾਰ ਚੱਲਦਾ ਸੀ, ਉਸਦੇ ਮਨ ਵਿੱਚ ਥੋੜ੍ਹਾ ਜਿਹਾ ਵੀ ਮਾਣ (ਬਾਕੀ) ਨਹੀਂ ਸੀ ਰਹਿੰਦਾ। ਸੂਰਮੇ ਦਾ ਉਹ ਘਾਤਕ ਵਾਰ ਲੱਗਦਿਆਂ ਹੀ ਉਹ ਆਪਣੇ ਸਰੀਰ ਅਤੇ ਘਰ-ਬਾਰ ਦੀ ਸਾਰੀ ਸੁੱਧ-ਬੁੱਧ ਭੁੱਲ ਜਾਂਦਾ ਸੀ। ॥੫੦॥੬੪੪॥

ਪਰੇ ਭੂਮਿ ਕਪਰਾ ਜਿਮ ਡਾਰੇ ॥ ਰੰਗ ਰੰਗ ਰੰਗਰੇਜ ਸੁਧਾਰੇ ॥
ਐਸੀ ਭਾਂਤਿ ਸੂਰ ਤਹਾਂ ਪਰੇ ॥ ਦੋਇ ਰਾਤ ਅਰੁ ਦੁਇ ਦਿਨ ਲਰੇ ॥੫੧॥੬੪੫॥

(ਸੂਰਮੇ) ਧਰਤੀ 'ਤੇ ਇਸ ਤਰ੍ਹਾਂ (ਬੇਜਾਨ) ਪਏ ਸਨ, ਜਿਵੇਂ ਲਲਾਰੀ (ਰੰਗਰੇਜ਼) ਨੇ ਕੱਪੜੇ ਰੰਗ ਰੰਗ ਕੇ (ਸੁਕਾਉਣ ਲਈ) ਪਾਏ ਹੋਣ। ਇਸ ਤਰ੍ਹਾਂ ਸੂਰਮੇ ਉੱਥੇ ਪੈ ਗਏ। (ਇਹ ਲੜਾਈ ਉਨ੍ਹਾਂ ਨੇ) ਦੋ ਦਿਨ ਅਤੇ ਦੋ ਰਾਤਾਂ ਤੱਕ ਲੜੀ। ॥੫੧॥੬੪੫॥

**ਦੋਹਰਾ**

ਜਬ ਤੀਸਰ ਦਿਨ ਆਇਓ ਤਬ ਪ੍ਰਭ ਕਹੀ ਸੁਨਾਇ ॥
"ਧਰਮ ਸਿੰਘ ! ਤੁਮ ਯੌ ਕਰੋ ਦੇਹੁ ਦਰੇਰਾ ਜਾਇ" ॥੫੨॥੬੪੬॥

ਜਦੋਂ ਤੀਜਾ ਦਿਨ ਆਇਆ, ਤਦ ਪ੍ਰਭੂ ਜੀ ਨੇ (ਇਹ ਬਚਨ) ਕਹਿ ਕੇ ਸੁਣਾਇਆ, "ਹੇ ਧਰਮ ਸਿੰਘ! ਤੁਸੀਂ ਇੰਞ ਕਰੋ, ਜਾ ਕੇ (ਦੁਸ਼ਮਣ 'ਤੇ) ਜ਼ੋਰਦਾਰ ਹੱਲਾ ਬੋਲ ਦਿਓ।" ॥੫੨॥੬੪੬॥

ਧਰਮ ਸਿੰਘ ਧਾਯੋ ਤਬੈ ਲਏ ਸਿੰਘ ਲਲਕਾਰ ॥
ਦਰਵਾਜੇ ਢੂਕੇ ਸਬੈ ਕਰਤ ਮਾਰ ਹੀ ਮਾਰ ॥੫੩॥੬੪੭॥

ਤਦ ਭਾਈ ਧਰਮ ਸਿੰਘ ਜੀ ਨੇ ਸਿੰਘਾਂ ਨੂੰ ਨਾਲ ਲੈ ਕੇ ਲਲਕਾਰਿਆ ਅਤੇ ਹਮਲਾ ਕਰ ਦਿੱਤਾ। ਉਹ ਸਾਰੇ ਮਾਰੋ-ਮਾਰ ਕਰਦੇ ਹੋਏ (ਕਿਲ੍ਹੇ ਦੇ) ਦਰਵਾਜ਼ੇ ਤੱਕ ਪਹੁੰਚ ਗਏ। ॥੫੩॥੬੪੭॥

**ਸਵੈਯਾ**

ਸਸਤ੍ਰ ਸੰਭਾਰ ਲਲਕਾਰ ਸਿੰਘਾਨ ਕੀ ਗਰਜ ਕੈ ਸੂਰ ਐਸੇ ਸਿਧਾਏ ॥

ਆਨ ਦੇਵਾਰ ਤਿਨ ਲੰਗ ਗੜ ਕੀ ਲਈ ਕਿਯੋ ਘਮਸਾਨ ਕੇਤਾਨ ਘਾਏ ॥
ਮਾਰ ਅਪਾਰ ਹਥਿਆਰ ਭਾਰੀ ਭਏ ਸੂਰ ਪੈ ਸੂਰ ਗਿਰ ਕਾਮ ਆਏ ॥
ਛੋਡਿ ਕੈ ਪੌਰ ਕੀ ਠੌਰ ਐਸੇ ਗਏ ਸਿੰਘ ਚਲ ਪੌਰ ਕੀ ਠੌਰ ਆਏ ॥੫੪॥੬੪੮॥

ਸ਼ਸਤਰ ਸੰਭਾਲ ਕੇ ਲਲਕਾਰ ਕੇ ਸ਼ੇਰਾਂ ਵਾਂਗੂੰ ਗਰਜਦੇ ਹੋਏ (ਸਿੰਘ) ਸੂਰਮੇ ਗਰਜਦੇ ਹੋਏ ਇਸ ਤਰ੍ਹਾਂ (ਜੰਗ ਲਈ) ਚੱਲ ਪਏ। ਉਹਨਾਂ ਨੇ ਕਿਲ੍ਹੇ ਦੀ ਕੰਧ ਨੂੰ ਪਾਰ ਕਰ ਲਿਆ ਅਤੇ ਘਮਸਾਨ ਯੁੱਧ ਕਰਕੇ ਕਈਆਂ ਨੂੰ ਘਾਉ ਲਗਾ ਦਿੱਤੇ। ਭਾਰੀ ਹਥਿਆਰਾਂ ਨਾਲ ਅਪਾਰ ਮਾਰ-ਵੱਢ ਹੋਈ, ਸੂਰਮੇ 'ਤੇ ਸੂਰਮਾ ਡਿੱਗ ਕੇ ਕੰਮ ਆ ਰਿਹਾ ਸੀ। (ਦੁਸ਼ਮਣ) ਦਰਵਾਜ਼ੇ ਦੀ ਥਾਂ ਛੱਡ ਕੇ ਇਸ ਤਰ੍ਹਾਂ ਭੱਜ ਗਏ ਕਿ ਸਿੰਘ ਅੱਗੇ ਵੱਧ ਕੇ ਦਰਵਾਜ਼ੇ ਵਾਲੀ ਥਾਂ 'ਤੇ ਆ ਪਹੁੰਚੇ। ॥੫੪॥੬੪੮॥

**ਦੋਹਰਾ**

ਦਰਵਾਜੇ ਆਏ ਤਬੈ ਸਿੰਘ ਸਬੈ ਖੁਨਸਾਇ ॥
ਮਸਲਤਿ ਕੈ ਐਸੇ ਕਿਯੋ ਦੀਨੀ ਆਗ ਲਗਾਇ ॥੫੫॥੬੪੯॥

(ਜਦੋਂ) ਸਾਰੇ ਸਿੰਘ ਚਿੜ੍ਹ ਕੇ ਦਰਵਾਜ਼ੇ 'ਤੇ ਆ ਪਹੁੰਚੇ, ਤਾਂ ਉਹਨਾਂ ਨੇ ਸਲਾਹ ਕਰਕੇ ਇਸ ਤਰ੍ਹਾਂ ਕੀਤਾ ਕਿ (ਦਰਵਾਜ਼ੇ ਨੂੰ) ਅੱਗ ਲਗਾ ਦਿੱਤੀ। ॥੫੫॥੬੪੯॥

**ਸੋਰਠਾ**

ਜਲ ਬਲ ਭਯੋ ਅੰਗਾਰ ਦਰਵਾਜਾ ਟੂਟੋ ਤਬੈ ॥
ਸਿੰਘ ਸਬੈ ਇਕ ਸਾਰ ਅੰਦਰ ਕੋ ਧਾਏ ਜਬੈ ॥੫੬॥੬੫੦॥

(ਦਰਵਾਜ਼ਾ) ਸੜ੍ਹ-ਬਲ ਕੇ ਅੰਗਿਆਰ ਹੋ ਗਿਆ ਅਤੇ ਤਦ ਟੁੱਟ ਗਿਆ। ਜਦੋਂ ਇਹ ਹੋਇਆ, ਤਾਂ ਸਾਰੇ ਸਿੰਘ ਇਕੱਠੇ ਹੋ ਕੇ ਅੰਦਰ ਨੂੰ ਧਾਅ ਪਏ। ॥੫੬॥੬੫੦॥

**ਸਵੈਯਾ**

ਤੋਰਿ ਕੈ ਪਉਰ ਜਬੈ ਸਿੰਘ ਆਗੇ ਗਏ ਸਾਮੁਹੇ ਸੂਰ ਲਲਕਾਰ ਆਏ ॥
ਗਹੇ ਤਰਵਾਰ ਲਲਕਾਰ ਐਸੇ ਪਰੇ ਜਾਨ ਦਰੀਆਉ ਜੋ ਉਮਡਿ ਆਏ ॥

ਸੂਰ ਅਰੁ ਸਿੰਘ ਮਿਲਿ ਜੁੱਧ ਐਸੋ ਭਯੋ ਲੋਹ ਲੁਹਾਰ ਜੈਸੇ ਬਜਾਏ ॥
ਚੋਟ ਪੈ ਚੋਟ ਅਰੁ ਓਟ ਕਰਤਾਰ ਕੀ ਸਾਰ ਕੀ ਬਾਰ ਮੈ ਸਿੰਘ ਧਾਏ ॥੫੭॥੬੫੧॥

ਜਦੋਂ ਸਿੰਘ ਦਰਵਾਜ਼ੇ ਨੂੰ ਤੋੜ ਕੇ ਅੱਗੇ ਵਧੇ, ਤਾਂ ਸਾਹਮਣਿਓਂ (ਦੁਸ਼ਮਣ) ਸੂਰਮੇ ਲਲਕਾਰਦੇ ਹੋਏ ਆ ਗਏ। (ਸਿੰਘਾਂ ਨੇ) ਤਲਵਾਰਾਂ ਫੜ ਕੇ ਇਸ ਤਰ੍ਹਾਂ ਲਲਕਾਰ ਕੇ ਹਮਲਾ ਕੀਤਾ, ਮਾਨੋ ਕੋਈ ਦਰਿਆ ਉਮਡ ਆਇਆ ਹੋਵੇ। (ਦੁਸ਼ਮਣ ਦੇ) ਸੂਰਮਿਆਂ ਅਤੇ ਸਿੰਘਾਂ ਵਿੱਚ ਮਿਲ ਕੇ ਅਜਿਹਾ ਯੁੱਧ ਹੋਇਆ, ਜਿਵੇਂ ਲੁਹਾਰ ਲੋਹੇ 'ਤੇ ਸੱਟਾਂ ਮਾਰਦਾ ਹੈ। ਸੱਟ 'ਤੇ ਸੱਟ ਵੱਜ ਰਹੀ ਸੀ ਅਤੇ ਕਰਤਾਰ ਦੀ ਓਟ-ਆਸਰਾ ਸੀ; ਸਿੰਘ (ਨਗਰ ਦੀ ਸੁਰੱਖਿਆ ਲਈ ਬਣਾਈ) ਲੋਹੇ ਦੀ ਵਾੜ ਵਿੱਚ ਤੇਜ਼ੀ ਨਾਲ ਜਾ ਪਏ।॥੫੭॥੬੫੧॥

**ਚੌਪਈ**

ਮਿਲਿ ਸੂਰਨ ਸੂੰ ਰਨ ਇਮ ਕੀਨਾ ॥ ਤਨ ਮਨ ਅਰਪਿ ਪ੍ਰਾਨ ਕਰਿ ਦੀਨਾ ॥
ਤਨ ਅਪਨੇ ਕੋ ਲੋਭ ਨ ਜਾਨਾ ॥ ਭਿਰੇ ਸੂਰ ਯੋਧਾ ਬਲਵਾਨਾ ॥੫੮॥੬੫੨॥

(ਸਿੰਘਾਂ ਨੇ) ਦੁਸ਼ਮਣ ਸੂਰਮਿਆਂ ਨਾਲ ਮਿਲ ਕੇ ਇਸ ਤਰ੍ਹਾਂ ਯੁੱਧ ਕੀਤਾ ਕਿ ਆਪਣਾ ਤਨ, ਮਨ ਅਤੇ ਪ੍ਰਾਣ ਅਰਪਣ ਕਰ ਦਿੱਤੇ। ਉਹਨਾਂ ਨੇ ਆਪਣੇ ਸਰੀਰ ਦਾ ਕੋਈ ਮੋਹ ਨਾ ਜਾਣਿਆ ਅਤੇ ਉਹ ਬਲਵਾਨ ਸੂਰਮੇ ਯੋਧੇ (ਦੁਸ਼ਮਣਾਂ ਨਾਲ) ਭਿੜ ਗਏ। ॥੫੮॥੬੫੨॥

ਗਹਿ ਗਹਿ ਭੁਜਾ ਭੁਜਨ ਤੇ ਲੇਹੀ ॥ ਸੀਸ ਫਿਰਾਇ ਡਾਰਿ ਕੈ ਦੇਹੀ ॥
ਜੋ ਧੁਬੀਆ ਪਟ ਪੈ ਪਟ ਡਾਰੇ ॥ ਤੈਸੇ ਸੂਰ ਸੂਰ ਕੋ ਮਾਰੇ ॥੫੯॥੬੫੩॥

(ਸਿੰਘ ਆਪਣੀਆਂ) ਬਾਂਹਾਂ ਨਾਲ਼ (ਵੈਰੀਆਂ ਦੀਆਂ) ਬਾਹਾਂ ਫੜ ਲੈਂਦੇ ਤੇ ਸਿਰਾਂ ਤੋਂ ਮਰੋੜ ਕੇ ਸੁੱਟ ਦਿੰਦੇ ਸਨ। ਜਿਵੇਂ ਧੋਬੀ ਕੱਪੜੇ ਨੂੰ ਫੱਟੇ ਉੱਤੇ ਪਟਕਾ-ਪਟਕਾ ਕੇ ਮਾਰਦਾ ਹੈ, ਉਸੇ ਤਰ੍ਹਾਂ ਸੂਰਮੇ (ਦੁਸ਼ਮਣ) ਸੂਰਮਿਆਂ ਨੂੰ ਮਾਰ ਰਹੇ ਸਨ। ॥੫੯॥੬੫੩॥

ਪਰੀ ਲੋਥ ਪੈ ਲੋਥ ਅਪਾਰਾ ॥ ਗਿਰੇ ਪਖਰੀਆ ਵਾਰ ਨ ਪਾਰਾ ॥
ਲੈ ਲੈ ਸੂਰ ਪ੍ਰੇਮ ਕੇ ਪਜਾਲੇ ॥ ਪੀ ਪੀ ਮਗਨ ਭਏ ਮਤਵਾਲੇ ॥੬੦॥੬੫੪॥

ਲੋਥਾਂ 'ਤੇ ਲੋਥਾਂ ਦੇ ਅਣਗਿਣਤ ਢੇਰ ਲੱਗ ਗਏ। ਕਵਚ-ਧਾਰੀ ਘੋੜਸਵਾਰ ਬੇਹਿਸਾਬ ਡਿੱਗ ਰਹੇ ਸਨ। ਸੂਰਮੇ (ਗੁਰੂ ਦੇ) ਪ੍ਰੇਮ ਦੇ ਪਿਆਲੇ ਲੈ-ਲੈ ਕੇ ਪੀ ਰਹੇ ਸਨ ਅਤੇ ਪੀ-ਪੀ ਕੇ ਮਗਨ ਹੋ ਕੇ ਮਤਵਾਲੇ ਹੋ ਰਹੇ ਸਨ। ॥੬੦॥੬੫੪॥

**ਦੋਹਰਾ**

ਬਹੁਤ ਸੂਰ ਮਾਰੇ ਤਹਾਂ ਭਾਜੇ ਅਨਿਕ ਅਪਾਰ ॥
ਦੂਜੇ ਦਰਵਾਜੇ ਗਏ ਸਿੰਘ ਸਭੈ ਇਕ ਸਾਰ ॥੬੧॥੬੫੫॥

(ਸਿੰਘਾਂ ਨੇ) ਉੱਥੇ ਬਹੁਤ ਸਾਰੇ ਸੂਰਮੇ ਮਾਰ ਦਿੱਤੇ ਅਤੇ ਅਣਗਿਣਤ (ਦੁਸ਼ਮਣ) ਭੱਜ ਗਏ। ਫਿਰ ਸਾਰੇ ਸਿੰਘ ਇਕੱਠੇ ਹੋ ਕੇ ਦੂਜੇ ਦਰਵਾਜ਼ੇ ਵੱਲ ਗਏ। ॥੬੧॥੬੫੫॥

ਧਾਇ ਪਰੇ ਤਾ ਮੈ ਸਬੈ ਦੀਨੇ ਦੂਤ ਭਗਾਇ ॥
ਤੀਜੇ ਦਰਵਾਜੇ ਅਰੇ ਸਿੰਘ ਸੂਰ ਖੁਨਸਾਇ ॥੬੨॥੬੫੬॥

ਉਹਨਾਂ ਸਾਰਿਆਂ ਨੇ ਉਸ (ਦਰਵਾਜ਼ੇ) ਉੱਤੇ (ਵੀ) ਹਮਲਾ ਕਰ ਦਿੱਤਾ ਅਤੇ ਦੁਸ਼ਮਣਾਂ ਨੂੰ ਭਜਾ ਦਿੱਤਾ। (ਅੱਗੇ ਜਾ ਕੇ) ਚਿੜ੍ਹੇ ਹੋਏ ਸਿੰਘ ਸੂਰਮੇ ਤੀਜੇ ਦਰਵਾਜ਼ੇ 'ਤੇ ਜਾ ਅੜੇ। ॥੬੨॥੬੫੬॥

**ਚੌਪਈ**

ਤਾ ਮੈ ਘਮੰਡ ਰਹੇ ਬਲਵਾਨਾ ॥ ਨੇਕ ਨ ਮਾਨਤ ਤਿਨ ਕੀ ਆਨਾ ॥
ਏਕ ਸਿੰਘ ਪ੍ਰਭੁ ਪੈ ਚਲਿ ਆਯੋ ॥ ਆਨਿ ਤਾਹਿ ਤਹਿ ਭੇਦ ਬਤਾਯੋ ॥੬੩॥੬੫੭॥

ਉਸ (ਤੀਜੇ ਦਰਵਾਜ਼ੇ) ਦੇ ਅੰਦਰ ਬਲਵਾਨ (ਯੋਧੇ) ਹੰਕਾਰ ਵਿੱਚ ਭਰੇ ਹੋਏ ਸਨ, ਜੋ ਸਿੰਘਾਂ ਦੀ ਈਨ ਬਿਲਕੁਲ ਨਹੀਂ ਸਨ ਮੰਨ ਰਹੇ। ਇੱਕ

ਸਿੰਘ ਚੱਲ ਕੇ ਪ੍ਰਭੂ ਜੀ ਕੋਲ ਆਇਆ ਅਤੇ ਉਸਨੇ ਆ ਕੇ ਉੱਥੋਂ ਦਾ ਸਾਰਾ ਭੇਤ ਦੱਸਿਆ। ॥੬੩॥੬੫੭॥

**ਦੋਹਰਾ**

ਏਕ ਸਿੰਘ ਪ੍ਰਭੁ ਸੋ ਕਹਯੋ ਵਹ ਜੋ ਅਧਿਕ ਪਹਾਰ ॥
ਤੋਪ ਜਾਇ ਤਾ ਪੈ ਚੜੇ ਭਾਜੇ ਭਰਮ ਗਵਾਰ ॥੬੪॥੬੫੮॥

ਇੱਕ ਸਿੰਘ ਨੇ ਪ੍ਰਭੂ ਜੀ ਨੂੰ ਕਿਹਾ, "ਉਹ ਜਿਹੜੀ ਉੱਚੀ ਪਹਾੜੀ ਹੈ, ਜੇਕਰ ਉਸ ਉੱਤੇ ਤੋਪ ਲਿਜਾ ਕੇ ਚੜ੍ਹਾ ਦਿੱਤੀ ਜਾਵੇ ਤਾਂ ਇਹ ਮੂਰਖ (ਦੁਸ਼ਮਣ) ਘਬਰਾ ਕੇ ਭੱਜ ਜਾਣਗੇ।" ॥੬੪॥੬੫੮॥

ਜਬਰ ਜੰਗ ਪ੍ਰਭੁ ਨੇ ਲਈ ਤਾ ਅਸਥਾਨ ਚੜ੍ਹਾਇ ॥
ਕੇਤਕ ਚੋਟਨ ਕੇ ਚਲਤ ਦੀਨੇ ਦੂਤ ਭਗਾਇ ॥੬੫॥੬੫੯॥

ਪ੍ਰਭੂ ਜੀ ਨੇ ਇੱਕ ਜਬਰਜੰਗ (ਤੋਪ) ਲੈ ਕੇ ਉਸ ਥਾਂ 'ਤੇ ਚੜ੍ਹਾ ਦਿੱਤੀ। ਕੁਝ ਗੋਲੇ ਚੱਲਣ ਨਾਲ ਹੀ (ਉਹਨਾਂ ਨੇ) ਦੁਸ਼ਮਣਾਂ ਨੂੰ ਭਜਾ ਦਿੱਤਾ। ॥੬੫॥੬੫੯॥

**ਚੌਪਈ**

ਤੀਜੀ ਪਉਰ ਪਰ ਸਿੰਘ ਜੋ ਧਾਏ ॥ ਜੋ ਕਛੁ ਹਾਥ ਲਗਾ ਸੋ ਲਜਾਏ ॥
ਪ੍ਰਭੁ ਸੋ ਆਨਿ ਕਹੀ ਇਮ ਬਾਤਾ ॥ "ਗੜ੍ਹ ਦੇਖਉ ਚਲਿ ਪੁਰਖ ਬਿਧਾਤਾ" ॥੬੬॥੬੬੦॥

ਜਿਹੜੇ ਸਿੰਘ ਤੀਜੇ ਦਰਵਾਜ਼ੇ 'ਤੇ ਹਮਲਾ ਕਰਨ ਗਏ ਸਨ, ਉਹਨਾਂ ਦੇ ਹੱਥ ਜੋ ਕੁਝ ਵੀ ਲੱਗਿਆ, ਉਹ ਲੈ ਆਏ। ਉਹਨਾਂ ਨੇ ਆ ਕੇ ਪ੍ਰਭੂ ਜੀ ਨੂੰ ਇਸ ਤਰ੍ਹਾਂ ਬੇਨਤੀ ਕੀਤੀ, "ਹੇ ਪੁਰਖ ਬਿਧਾਤਾ! ਚੱਲ ਕੇ ਕਿਲ੍ਹਾ ਵੇਖੋ ਜੀ।" ॥੬੬॥੬੬੦॥

ਸੁਨਤ ਬਚਨ ਪ੍ਰਭੁ ਅਧਿਕ ਰਿਸਾਯੋ ॥ ਤਾਹਿ ਸਮੈ ਮਨ ਮੈ ਇਮ ਆਯੋ ॥
ਅਵਰ ਬਿਚਾਰ ਕਛੂ ਨਹੀ ਕੀਨਾ ॥ ਭਏ ਸਵਾਰ ਕੂਚ ਕਰਿ ਦੀਨਾ ॥੬੭॥੬੬੧॥

ਇਹ ਬਚਨ ਸੁਣ ਕੇ ਪ੍ਰਭੂ ਜੀ ਬਹੁਤ ਨਾਰਾਜ਼ ਹੋਏ। ਉਸੇ ਸਮੇਂ ਉਹਨਾਂ ਦੇ ਮਨ ਵਿੱਚ ਇਹ (ਖ਼ਿਆਲ) ਆਇਆ। ਉਹਨਾਂ ਨੇ ਹੋਰ ਕੋਈ ਵਿਚਾਰ ਨਾ ਕੀਤਾ, ਤੇ (ਘੋੜੇ 'ਤੇ) ਸਵਾਰ ਹੋਏ ਅਤੇ (ਉੱਥੋਂ) ਕੂਚ ਕਰ ਦਿੱਤਾ। ॥੬੭॥੬੬੧॥

ਕੂਚ ਕਿਯੇ ਸਾਹਿਬ ਚਲਿ ਆਏ ॥ ਪਰੀ ਬਹੀਰ ਸਿੰਘ ਸਭ ਧਾਏ ॥
ਖਬਰ ਕੂਚ ਕੀ ਉਨ ਸੁਨਿ ਪਾਈ ॥ ਦਉਰੀ ਫੌਜ ਫੇਰਿ ਚਲਿ ਆਈ ॥੬੮॥੬੬੨॥

ਸਾਹਿਬ ਜੀ ਕੂਚ ਕਰਕੇ ਅੱਗੇ ਚੱਲ ਪਏ। (ਸਾਰਾ) ਵਹੀਰ (ਵੀ) ਨਾਲ ਹੋ ਤੁਰਿਆ ਅਤੇ ਸਾਰੇ ਸਿੰਘ ਵੀ ਦੌੜ ਪਏ। ਜਦੋਂ ਉਹਨਾਂ (ਦੁਸ਼ਮਣਾਂ) ਨੇ ਕੂਚ ਦੀ ਖ਼ਬਰ ਸੁਣੀ, ਤਾਂ ਉਹਨਾਂ ਦੀ ਫ਼ੌਜ ਦੌੜ ਕੇ ਫਿਰ ਪਿੱਛਾ ਕਰਦੀ ਹੋਈ ਆ ਗਈ। ॥੬੮॥੬੬੨॥

**ਦੋਹਰਾ**

ਸਿੰਘ ਪਿਛਾਰੀ ਮੈ ਰਹੈ ਆਈ ਫੌਜ ਅਪਾਰ ॥
ਜੁੱਧ ਭਯੋ ਜੂਝੇ ਕਿਤੇ ਘਾਇਲ ਭਏ ਅਪਾਰ ॥੬੯॥੬੬੩॥

ਸਿੰਘ ਪਿਛਲੇ ਪਾਸੇ (ਪਿਛਲੀ ਟੁਕੜੀ ਵਿੱਚ) ਰਹਿ ਗਏ ਸਨ, (ਜਦੋਂ) ਦੁਸ਼ਮਣ ਦੀ ਵੱਡੀ ਫ਼ੌਜ ਆ ਪਹੁੰਚੀ। (ਦੁਬਾਰਾ) ਯੁੱਧ ਹੋਇਆ, ਜਿਸ ਵਿੱਚ ਕਈ ਸਿੰਘ ਸ਼ਹੀਦ ਹੋ ਗਏ ਅਤੇ ਬੇਅੰਤ ਜ਼ਖ਼ਮੀ ਹੋ ਗਏ। ॥੬੯॥੬੬੩॥

ਜੁੱਧ ਕਰਤ ਜੋਧਾ ਸਬੈ ਚਲਿ ਆਏ ਤਿਹ ਥਾਨ ॥
ਆਪ ਪ੍ਰਭੂ ਠਾਢੇ ਜਹਾਂ ਤਹਾਂ ਪਹੂਚੇ ਆਨ ॥੭੦॥੬੬੪॥

ਸਾਰੇ ਯੋਧੇ ਯੁੱਧ ਕਰਦੇ-ਕਰਦੇ ਉਸ ਥਾਂ 'ਤੇ ਆ ਗਏ, ਜਿੱਥੇ ਪ੍ਰਭੂ ਜੀ ਆਪ ਖੜ੍ਹੇ ਸਨ। ਉਹ (ਲੜਦੇ-ਲੜਦੇ) ਉੱਥੇ ਆ ਪਹੁੰਚੇ। ॥੭੦॥੬੬੪॥

ਦੁਇ ਰਾਜਾ ਜੋਧਾ ਬਲੀ ਭਏ ਮੁਹਬਲ ਆਨ ॥
ਗਹਿ ਕਮਾਨ ਸਰ ਸਾਂਧਯੋ ਸਤਿਗੁਰੁ ਪੁਰਖ ਸੁਜਾਨ ॥੭੧॥੬੬੫॥

(ਦੁਸ਼ਮਣਾਂ ਦੇ) ਦੋ ਬਲਵਾਨ ਯੋਧੇ ਰਾਜੇ ਤਤਪਰ ਹੋ ਕੇ ਆਏ। (ਉਹਨਾਂ ਨੂੰ ਵੇਖ ਕੇ) ਸੁਜਾਨ ਸਤਿਗੁਰੂ ਪੁਰਖ ਨੇ ਕਮਾਨ ਫੜ ਕੇ ਤੀਰ ਤਾਣ ਲਿਆ। ॥੭੧॥੬੬੫॥

ਤਾਂਹਿ ਸਮੈ ਐਸੇ ਕਹਯੋ "ਧਰਮ ਸਿੰਘ ! ਚਲਿ ਆਵ ॥
ਏਕ ਰਾਵ ਹਨਿ ਹੋ ਅਬੈ ਦੂਸਰ ਪੈ ਤੁਮ ਜਾਵ" ॥੭੨॥੬੬੬॥

ਉਸੇ ਸਮੇਂ (ਗੁਰੂ ਜੀ ਨੇ) ਇਸ ਤਰ੍ਹਾਂ ਕਿਹਾ, "ਹੇ ਧਰਮ ਸਿੰਘ! ਇਧਰ ਆ। ਇੱਕ ਰਾਜੇ ਨੂੰ ਤਾਂ ਮੈਂ ਹੁਣੇ ਮਾਰਦਾ ਹਾਂ, ਦੂਜੇ ਉੱਤੇ ਤੂੰ ਜਾ ਕੇ ਵਾਰ ਕਰ।" ॥੭੨॥੬੬੬॥

**ਸਵੈਯਾ**
ਸਿੰਘ ਜੋ ਭਭਕ ਕੇ ਲਪਕ ਐਸੀ ਕਰੀ ਬੇਗ ਹੀ ਰਾਵ ਕੇ ਪਾਸ ਧਾਯੋ ॥
ਰਾਵ ਇਕ ਵਾਰ ਕੀਨੇ ਨ ਕੀਨੇ ਗਹੀ ਸਿੰਘ ਤਰਵਾਰ ਇਕ ਵਾਰ ਲਾਯੋ ॥
ਘਾਵ ਕਾਰੀ ਭਯੋ ਸ੍ਰੋਨ ਤਨ ਤੇ ਗਯੋ ਹੋਸ ਭੂਲੀ ਸਬੈ ਭੂਮਿ ਆਯੋ ॥
ਕਾਟਿ ਕੈ ਸੀਸ ਤਿਹ ਬੇਗ ਹੀ ਲੈ ਲਿਯੋ ਦੂਸਰੋ ਰਾਵ ਮਨ ਮੈ ਰਿਸਾਯੋ ॥੭੩॥੬੬੭॥

(ਹੁਕਮ ਸੁਣ ਕੇ) ਭਾਈ ਧਰਮ ਸਿੰਘ ਜੀ ਨੇ ਗਰਜ ਕੇ ਅਜਿਹੀ ਝਪਟ ਮਾਰੀ ਕਿ ਤੇਜ਼ੀ ਨਾਲ ਉਸ ਰਾਜੇ ਕੋਲ ਪਹੁੰਚ ਗਏ। ਰਾਜੇ ਨੇ ਇੱਕ ਵਾਰ ਕੀਤਾ ਜਾਂ ਨਹੀਂ। ਪਰ ਸਿੰਘ ਨੇ ਤਲਵਾਰ ਪਕੜੀ ਤੇ ਇੱਕ ਵਾਰ ਕੀਤਾ। (ਤਲਵਾਰ ਦੇ ਉਸ ਵਾਰ ਨਾਲ ਰਾਵ ਦੇ) ਡੂੰਘਾ ਜ਼ਖ਼ਮ ਹੋ ਗਿਆ ਤੇ ਸਰੀਰ ਵਿੱਚੋਂ ਖ਼ੂਨ ਵਹਿ ਪਿਆ। ਉਸਨੂੰ ਸਾਰੀ ਹੋਸ਼ ਭੁੱਲ ਗਈ (ਤੇ ਉਹ) ਜ਼ਮੀਨ 'ਤੇ ਆ (ਡਿੱਗਿਆ)। (ਭਾਈ ਧਰਮ ਸਿੰਘ ਜੀ ਨੇ) ਤੁਰੰਤ ਹੀ ਉਸਦਾ ਸਿਰ ਕੱਟ ਕੇ ਲੈ ਲਿਆ। (ਇਹ ਵੇਖ ਕੇ) ਦੂਜਾ ਰਾਜਾ ਮਨ ਵਿੱਚ ਬਹੁਤ ਗੁੱਸੇ ਹੋਇਆ। ॥੭੩॥੬੬੭॥

ਪਕਰਿ ਕੈ ਸਸਤ੍ਰ ਸੰਭਾਰਿ ਤਾ ਪੈ ਪਰੋ ਚਾਹਤੋ ਵਾਰਿ ਤਿਹ ਓਰ ਪਾਯੋ ॥
ਆਪ ਸੰਭਾਰਿ ਸਰਿ ਸਾਧ ਤਾਹੀ ਸਮੈ ਐਚ ਕੈ ਤੀਰ ਐਸੇ ਚਲਾਯੋ ॥
ਤੋਰ ਹਿਯ ਕੋ ਗਯੋ ਪਾਰ ਪੈਲੇ ਭਯੋ ਜੂਝਿ ਕੈ ਰਾਵ ਸੁਰਗੈ ਸਿਧਾਯੋ ॥

ਭਾਜਿ ਕੇ ਫੌਜ ਬਾਘੌਰ ਦੌਰੀ ਗਈ ਸਿੰਘ ਗੋਬਿੰਦ ਡੰਕਾ ਬਜਾਯੋ ॥੨੪॥੬੬੮॥

(ਦੂਜਾ ਰਾਜਾ) ਸ਼ਸਤਰ ਫੜ ਕੇ ਸੰਭਲਿਆ ਅਤੇ ਸਿੰਘ ਉੱਤੇ ਵਾਰ ਕਰਨ ਹੀ ਵਾਲਾ ਸੀ ਕਿ ਗੁਰੂ ਜੀ ਨੇ ਉਸਨੂੰ ਵੇਖ ਲਿਆ। ਆਪ (ਗੁਰੂ ਜੀ) ਨੇ ਸੰਭਲ ਕੇ ਉਸੇ ਸਮੇਂ ਤੀਰ ਤਾਣਿਆ ਅਤੇ ਖਿੱਚ ਕੇ ਇਸ ਤਰ੍ਹਾਂ ਚਲਾਇਆ ਕਿ ਉਹ ਤੀਰ ਉਸਦਾ ਦਿਲ ਚੀਰਦਾ ਹੋਇਆ ਪਾਰ ਲੰਘ ਗਿਆ। ਉਹ ਰਾਜਾ ਜੂਝ ਕੇ ਸੁਰਗਾਂ ਨੂੰ ਸਿਧਾਰ ਗਿਆ। (ਆਪਣੇ ਸਰਦਾਰਾਂ ਨੂੰ ਮਰਿਆ ਵੇਖ) ਬਘੌਰ ਦੀ ਫੌਜ ਭੱਜ ਗਈ ਅਤੇ ਗੋਬਿੰਦ ਸਿੰਘ ਜੀ ਨੇ ਜਿੱਤ ਦਾ ਨਗਾਰਾ ਵਜਾਇਆ। ॥੨੪॥੬੬੮॥

**ਦੋਹਰਾ**

ਚਲੀ ਫਉਜ ਬਾਘੌਰ ਕੋ ਮਾਰਿ ਲਏ ਸਿਰਦਾਰ ॥
ਕੂਚ ਜਹਾਨਾਬਾਦ ਕੋ ਕਰਿ ਦੀਨੋ ਕਰਤਾਰ ॥੨੫॥੬੬੯॥

(ਦੁਸ਼ਮਣ ਦੇ) ਸਰਦਾਰਾਂ ਨੂੰ ਮਾਰ ਕੇ ਬਘੌਰ ਦੀ (ਬਾਕੀ) ਫ਼ੌਜ (ਆਪਣੇ ਸ਼ਹਿਰ ਨੂੰ) ਚਲੀ ਗਈ। (ਇਸ ਤੋਂ ਬਾਅਦ) ਕਰਤਾਰ ਨੇ ਜਹਾਨਾਬਾਦ (ਦਿੱਲੀ) ਵੱਲ ਕੂਚ ਕਰ ਦਿੱਤਾ। ॥੨੫॥੬੬੯॥

ਸ਼ਾਹ ਜਹਾਨਾਬਾਦ ਕੋ ਕੀਨੋ ਕੂਚ ਅਪਾਰ ॥
ਕਥਾ ਸਾਹਿ ਕੇ ਗਉਨ ਕੀ ਕਰਤ ਤਾਸ ਬੀਚਾਰ ॥੨੬॥੬੭੦॥

(ਗੁਰੂ ਜੀ ਨੇ) ਸ਼ਾਹਜਹਾਨਾਬਾਦ (ਦਿੱਲੀ) ਵੱਲ ਵੱਡਾ ਕੂਚ ਕੀਤਾ। ਹੁਣ ਬਾਦਸ਼ਾਹ (ਔਰੰਗਜ਼ੇਬ) ਦੇ ਚਲਾਣੇ ਦੀ ਕਥਾ ਦਾ ਵਿਚਾਰ ਕਰਦੇ ਹਾਂ। ॥੨੬॥੬੭੦॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਕ੍ਰੀਚਕ ਭੂਮਿ ਦੇਖਬੋ ਬਾਘੌਰ ਜੁੱਧ ਬਰਨਨੰ ਚੌਦਸਮੋ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੪ ॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਵਿਖੇ 'ਕੀਚਕ ਭੂਮੀ ਦੇਖਣਾ ਅਤੇ ਬਘੌਰ ਦੇ ਯੁੱਧ ਦਾ ਵਰਣਨ' ਨਾਮਕ ਚੌਧਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ। ॥੧੪॥

*****

ਅਧਿਆਇ ੧੫

ਬਾਦਸ਼ਾਹਤ ਲਈ ਜੰਗਾਂ। ਬਹਾਦੁਰ ਸ਼ਾਹ ਦਾ ਬਾਦਸ਼ਾਹ ਬਣਨਾ।

**ਦੋਹਰਾ**

ਦਿਸ ਦਛਨ ਅਹਿਮਦਨਗਰ ਅਜਬ ਅਜਾਇਬ ਥਾਨ ॥
ਕਰਮ ਕਾਮ ਤਾ ਦਿਸ ਰਹਯੋ ਨਉਰੰਗ ਸਾਹ ਸੁਜਾਨ ॥੧॥੬੭੧॥

ਦੱਖਣ ਦਿਸ਼ਾ ਵਿੱਚ ਅਹਿਮਦਨਗਰ ਇੱਕ ਅਜੀਬ ਅਤੇ ਅਨੋਖਾ ਸਥਾਨ ਹੈ। ਉਸੇ (ਦੱਖਣ) ਦਿਸ਼ਾ ਵਿੱਚ ਸਿਆਣੇ ਬਾਦਸ਼ਾਹ ਔਰੰਗਜ਼ੇਬ (ਰਾਜ ਦੇ) ਕੰਮ ਕਾਜ ਕਰ ਰਿਹਾ ਸੀ॥੧॥੬੭੧॥

**ਚੌਪਈ**

ਅਹਿਮਦਨਗਰ ਅਜਬ ਇਕ ਥਾਨਾਂ ॥ ਨਉਰੰਗ ਸਾਹ ਤਹਾਂ ਠਹਰਾਨਾ ॥
ਤੇਰਹ ਮਾਸ ਤਾਹਿ ਭੁਅ ਰਹਯੋ ॥ ਪਾਯੋ ਕਾਲ ਕਾਲ ਬਸਿ ਭਯੋ ॥੨॥੬੭੨॥

ਅਹਿਮਦਨਗਰ ਇੱਕ ਅਜੀਬ ਥਾਂ ਹੈ। ਉੱਥੇ ਔਰੰਗਜ਼ੇਬ ਠਹਿਰਿਆ ਹੋਇਆ ਸੀ। ਉਹ ਤੇਰ੍ਹਾਂ ਮਹੀਨੇ ਉਸ ਧਰਤੀ 'ਤੇ ਰਿਹਾ। (ਅੰਤ ਵਿੱਚ) ਸਮੇਂ ਦੇ ਨਾਲ਼ ਉਹ ਮੌਤ ਦੇ ਵੱਸ ਪੈ ਗਿਆ। ॥੨॥੬੭੨॥

ਸਹਰਨ ਸਹਰ ਧੂਮ ਪਰਿ ਗਈ ॥ ਭਾਰੀ ਬਾਤ ਅਨਿਕ ਬਿਧਿ ਭਈ ॥
ਅਨਿਕ ਠਉਰ ਇਹ ਭਾਂਤਿ ਲੁਟਾਨੀ ॥ ਰਾਜ ਬਿਰਾਜੀ ਸਬਹਨ ਜਾਨੀ ॥੩॥੬੭੩॥

ਸ਼ਹਿਰ-ਸ਼ਹਿਰ ਵਿੱਚ (ਉਸਦੀ ਮੌਤ ਦੀ) ਧੁੰਮ ਪੈ ਗਈ ਅਤੇ ਇਹ ਵੱਡੀ ਘਟਨਾ ਕਈ ਤਰ੍ਹਾਂ ਨਾਲ ਵਾਪਰੀ। ਇਸ ਕਾਰਨ ਕਈ ਥਾਵਾਂ 'ਤੇ ਲੁੱਟ-ਮਾਰ ਹੋਈ। ਸਾਰਿਆਂ ਨੇ ਜਾਣ ਲਿਆ ਕਿ ਹੁਣ ਰਾਜ-ਗੱਦੀ ਖ਼ਾਲੀ ਹੋ ਗਈ ਹੈ। ॥੩॥੬੭੩॥

ਸੁਨੀ ਖਬਰ ਆਜਮ ਚਲਿ ਆਯੋ ॥ ਸਬ ਲਸਕਰ ਉਨਿ ਆਨਿ ਬਚਾਯੋ ॥
ਸੀਸ ਆਪਨੇ ਛਤ੍ਰ ਝੁਲਾਨਾ ॥ ਫੇਰੀ ਦਿਸਿ ਦੱਛਨ ਮੈ ਆਨਾ ॥੪॥੬੭੪॥

(ਪਿਤਾ ਦੀ ਮੌਤ ਦੀ) ਖ਼ਬਰ ਸੁਣ ਕੇ ਆਜ਼ਮ (ਸ਼ਾਹ) ਚੱਲ ਕੇ ਆ ਗਿਆ ਅਤੇ ਉਸਨੇ ਆ ਕੇ ਸਾਰੇ ਲਸ਼ਕਰ ਨੂੰ ਬਚਾਇਆ (ਭਾਵ ਸੰਭਾਲਿਆ)। ਉਸਨੇ ਆਪਣੇ ਸਿਰ 'ਤੇ ਛਤਰ ਝੁਲਾ ਲਿਆ ਅਤੇ ਦੱਖਣ ਦਿਸ਼ਾ ਵਿੱਚ ਆਪਣੀ ਹਕੂਮਤ ਦਾ ਐਲਾਨ ਕਰ ਦਿੱਤਾ। ॥੪॥੬੭੪॥

**ਦੋਹਰਾ**
ਤਬ ਆਜਮ ਬੈਠੇ ਤਖਤ ਮਨ ਮੈ ਹਰਖ ਬਢਾਇ ॥
ਕਰਿ ਸਾਮਾ ਸੰਗ੍ਰਾਮ ਕੀ ਚਲਜੋ ਬਿਲਮ ਨਹੀਂ ਲਾਇ ॥੫॥੬੭੫॥

ਤਦ ਆਜ਼ਮ ਮਨ ਵਿੱਚ ਬਹੁਤ ਖੁਸ਼ੀ ਵਧਾ ਕੇ ਤਖ਼ਤ 'ਤੇ ਬੈਠ ਗਿਆ। (ਆਪਣੇ ਭਰਾ ਬਹਾਦਰ ਸ਼ਾਹ ਨਾਲ) ਜੰਗ ਦਾ ਸਾਮਾਨ ਤਿਆਰ ਕਰਕੇ, ਉਸਨੇ ਬਿਨਾਂ ਦੇਰੀ ਕੀਤਿਆਂ (ਉੱਤਰ ਵੱਲ) ਕੂਚ ਕਰ ਦਿੱਤਾ। ॥੫॥੬੭੫॥

**ਚੌਪਈ**
ਜਬ ਤੇ ਨਉਰੰਗ ਸਾਹ ਸਿਧਾਨਾ ॥ ਆਜ਼ਮ ਰਾਜ ਆਪਨੋ ਜਾਨਾ ॥
ਛਤ੍ਰ ਆਪਨੇ ਸੀਸ ਝੁਲਾਯੋ ॥ ਡੰਕਾ ਦੇਤ ਹਿੰਦ ਕੋ ਆਯੋ ॥੬॥੬੭੬॥

ਜਦੋਂ ਤੋਂ ਔਰੰਗਜ਼ੇਬ ਚਲਾਣਾ ਕਰ ਗਿਆ, (ਉਸਦੇ ਤੀਸਰੇ ਪੁੱਤਰ ਤੇ ਬਹਾਦੁਰ ਸ਼ਾਹ ਦੇ ਛੋਟੇ ਭਰਾ) ਆਜ਼ਮ ਸ਼ਾਹ ਨੇ ਰਾਜ ਨੂੰ ਆਪਣਾ ਹੀ ਜਾਣਿਆ। ਉਸਨੇ ਆਪਣੇ ਸਿਰ 'ਤੇ ਛਤਰ ਝੁਲਾਇਆ ਅਤੇ (ਜਿੱਤ ਦਾ) ਨਗਾਰਾ ਵਜਾਉਂਦਾ ਹੋਇਆ ਹਿੰਦੁਸਤਾਨ (ਉੱਤਰ ਭਾਰਤ) ਵੱਲ ਆਇਆ। ॥੬॥੬੭੬॥

ਤਾ ਕੀ ਖਬਰ ਸਾਹਿ ਸੁਨਿ ਪਾਈ ॥ ਕੂਚ ਕਿਯੋ ਕਛੁ ਬਿਲਮ ਨ ਲਾਈ ॥
ਦਿੱਲੀ ਨਿਕਟਿ ਆਪ ਜਬ ਆਯੋ ॥ ਲਿਖਾ ਕਿਯੋ ਪ੍ਰਭੁ ਪਾਸ ਪਠਾਯੋ ॥੭॥੬੭੭॥

ਉਸ (ਆਜ਼ਮ ਦੇ ਆਉਣ) ਦੀ ਖ਼ਬਰ (ਜਦੋਂ) ਸ਼ਾਹ (ਬਹਾਦਰ ਸ਼ਾਹ) ਨੇ ਸੁਣੀ, ਤਾਂ ਉਸਨੇ ਬਿਨਾਂ ਦੇਰੀ ਕੀਤਿਆਂ ਕੂਚ ਕਰ ਦਿੱਤਾ। ਜਦੋਂ ਉਹ ਆਪ ਦਿੱਲੀ ਦੇ ਨੇੜੇ ਆਇਆ, ਤਾਂ ਉਸਨੇ (ਇੱਕ ਪੱਤਰ) ਲਿੱਖ ਕੇ ਪ੍ਰਭੂ ਜੀ (ਗੁਰੂ ਗੋਬਿੰਦ ਸਿੰਘ ਜੀ) ਕੋਲ ਭੇਜਿਆ। ॥੭॥੬੭੭॥

**ਦੋਹਰਾ**

ਕਰਿ ਜੋਰੇ ਐਸੇ ਕਹਯੋ "ਨਿਮਖ਼ ਬਿਲਮ ਨਹੀਂ ਲਾਇ ॥
ਇਹ ਸੁਲਤਾਨੀ ਜੰਗ ਮੈ ਤੁਮ ਪ੍ਰਭੁ ਹੋਹੁ ਸਹਾਇ" ॥੮॥੬੭੮॥

(ਉਸਨੇ ਪੱਤਰ ਵਿੱਚ) ਹੱਥ ਜੋੜ ਕੇ ਇਸ ਤਰ੍ਹਾਂ ਕਿਹਾ, "ਇੱਕ ਪਲ ਦੀ ਵੀ ਦੇਰੀ ਨਾ ਲਗਾਓ। ਬਾਦਸ਼ਾਹੀ ਲਈ ਹੋਣ ਵਾਲੀ ਇਸ ਜੰਗ ਵਿੱਚ, ਹੇ ਪ੍ਰਭੂ! ਤੁਸੀਂ ਮੇਰੀ ਸਹਾਇਤਾ ਕਰੋ।" ॥੮॥੬੭੮॥

**ਚੌਪਈ**

ਤੇਈ ਬਾਤ ਪ੍ਰਭੁ ਨੇ ਸੁਨਿ ਪਾਈ ॥ ਲਿਖਯੋ ਦਿਲਾਸਾ ਤਾਹਿ ਪਠਾਈ ॥
"ਸੰਕਾ ਨੇਕ ਜੀਵ ਨਹੀਂ ਆਨੋ ॥ ਨਿਹਚੈ ਰਾਜ ਆਪਨਾ ਜਾਨੋ" ॥੯॥੬੭੯॥

ਉਹੀ ਗੱਲ ਪ੍ਰਭੂ ਜੀ ਨੇ ਸੁਣੀ (ਪੜ੍ਹੀ), ਤਾਂ ਉਸਨੂੰ ਦਿਲਾਸਾ ਲਿਖ ਕੇ ਭੇਜਿਆ। (ਗੁਰੂ ਜੀ ਨੇ ਲਿਖਿਆ,) "ਆਪਣੇ ਮਨ ਵਿੱਚ ਰਤਾ ਜਿੰਨਾ ਵੀ ਸ਼ੱਕ ਨਾ ਲਿਆਓ। ਨਿਸ਼ਚੇ ਹੀ ਰਾਜ ਨੂੰ ਆਪਣਾ ਜਾਣੋ।" ॥੯॥੬੭੯॥

ਤਾ ਤੇ ਸਾਂਤਿ ਸਾਹ ਮਨਿ ਆਈ ॥ ਕਰਿ ਨਿਹਚੇ ਪ੍ਰਭੁ ਸੋ ਲਿਵ ਲਾਈ ॥
ਆਨਿ ਜਾਜਊ ਜੁੱਧ ਮਚਾਯੋ ॥ ਆਜਮ ਮਾਰਗ ਜਾਤ ਨ ਪਾਯੋ ॥੧੦॥੬੮੦॥

ਉਸ (ਭਰੋਸੇ) ਤੋਂ (ਬਹਾਦਰ) ਸ਼ਾਹ ਦੇ ਮਨ ਨੂੰ ਸ਼ਾਂਤੀ ਆ ਗਈ। ਉਸਨੇ ਨਿਸ਼ਚਾ ਕਰਕੇ ਪ੍ਰਭੂ ਜੀ ਨਾਲ ਲਿਵ ਲਗਾ ਲਈ। (ਫਿਰ) ਜਾਜੌ ਦੇ ਮੈਦਾਨ ਵਿੱਚ ਆ ਕੇ ਯੁੱਧ ਭਖਾ ਦਿੱਤਾ, (ਜਿਸ ਵਿੱਚ) ਆਜ਼ਮ ਨੂੰ ਭੱਜਣ ਦਾ ਰਾਹ ਨਾ ਮਿਲਿਆ। ॥੧੦॥੬੮੦॥

ਬਜੋ ਸਾਰ ਪੈ ਸਾਰ ਅਪਾਰਾ ॥ ਕੀਨੋ ਪ੍ਰਬਲ ਸਬਲ ਰਣ ਭਾਰਾ ॥
ਪ੍ਰਬਲ ਕਥਾ ਕਰਿ ਅਲਪ ਸੁਨਾਈ ॥ ਆਜਮ ਮੀਚ ਭਾਇ ਇਹ ਆਈ ॥੧੧॥੬੮੧॥

(ਰਣਭੂਮੀ ਵਿੱਚ) ਫੌਲਾਦ 'ਤੇ ਫੌਲਾਦ ਦੇ ਅਣਗਿਣਤ ਵਾਰ ਵੱਜੇ। ਬਹੁਤ ਜ਼ਬਰਦਸਤ ਅਤੇ ਭਾਰੀ ਯੁੱਧ ਕੀਤਾ। ਇਸ ਵੱਡੀ ਕਥਾ ਨੂੰ ਮੈਂ ਸੰਖੇਪ ਵਿੱਚ ਸੁਣਾਇਆ ਹੈ; ਆਜ਼ਮ ਦੀ ਮੌਤ ਇਸ ਤਰ੍ਹਾਂ ਹੋਈ। ॥੧੧॥੬੮੧॥

**ਸਵੈਯਾ**

ਚੜੋ ਦਲ ਸਾਜਿ ਪੈ ਲਾਜ ਨੈਨਾ ਭਰੇ ਸਾਹ ਆਜਮ ਅਰੇ ਜੋਰ ਕੀਨੋ ॥
ਭਿਰੇ ਮਹਮੰਤ ਬਲਵੰਤ ਸੂਰਾ ਸਰਸ ਏਕ ਤੇ ਏਕ ਕੋਊ ਨਹੀਂ ਹੀਨੋ ॥
ਪਰੀ ਹੈ ਮਾਰ ਸਿਰਦਾਰ ਜੂਝੇ ਘਨੇ ਗਿਰੋ ਸੁਲਤਾਨ ਜਬ ਡਗਮਗੀਨੋ ॥
ਰਾਜ ਕੇ ਕਾਜ ਸੰਗ੍ਰਾਮ ਭਾਰਥ ਕਿਯੋ ਲੋਹ ਕੀ ਲਾਜ ਪੈ ਜੀਵ ਦੀਨੋ ॥੧੨॥੬੮੨॥

(ਆਜ਼ਮ ਨੇ) ਦਲ ਸਜਾ ਕੇ ਚੜ੍ਹਾਈ ਕੀਤੀ, ਪਰ ਅੱਖਾਂ ਵਿੱਚ (ਹਾਰ ਦੀ) ਸ਼ਰਮ ਭਰੀ ਹੋਈ ਸੀ; ਸ਼ਾਹ ਆਜ਼ਮ ਨੇ ਅੜ ਕੇ ਬਹੁਤ ਜ਼ੋਰ ਲਗਾਇਆ। ਬਲਵਾਨ ਅਤੇ ਸ੍ਰੇਸ਼ਠ ਮਹਾਂਬਲੀ ਸੂਰਮੇ ਆਪਸ ਵਿੱਚ ਭਿੜੇ, ਕੋਈ ਵੀ ਇੱਕ-ਦੂਜੇ ਤੋਂ ਘੱਟ ਨਹੀਂ ਸੀ। ਬਹੁਤ ਮਾਰ-ਵੱਢ ਹੋਈ, ਵੱਡੇ-ਵੱਡੇ ਸਰਦਾਰ ਸ਼ਹੀਦ ਹੋਏ, ਅਤੇ ਜਦੋਂ ਸੁਲਤਾਨ (ਆਜ਼ਮ) ਆਪ ਡਿੱਗਿਆ, ਤਾਂ (ਉਸਦੀ ਫੌਜ) ਡਗਮਗਾ ਗਈ। ਰਾਜ ਦੇ ਲਈ ਉਸਨੇ ਮਹਾਂਭਾਰਤ ਵਰਗਾ ਯੁੱਧ ਕੀਤਾ ਅਤੇ ਲੋਹੇ (ਦੀ ਤਲਵਾਰ) ਦੀ ਲਾਜ ਰੱਖਦਿਆਂ ਆਪਣਾ ਜੀਵਨ ਦੇ ਦਿੱਤਾ। ॥੧੨॥੬੮੨॥

**ਦੋਹਰਾ**

ਸਾਨੀ ਆਜਮ ਸਾਹ ਕੀ ਅਵਰ ਨਹੀ ਸੁਲਤਾਨ ॥
ਲੋਹ ਲਾਜ ਜਿਨ ਰਣ ਵਿਖੈ ਐਸੀ ਕਰੀ ਨਿਦਾਨ ॥੧੩॥੬੮੩॥

ਆਜ਼ਮ ਸ਼ਾਹ ਵਰਗਾ ਹੋਰ ਕੋਈ ਸੁਲਤਾਨ ਨਹੀਂ ਹੈ, ਜਿਸਨੇ ਅੰਤ ਵਿੱਚ ਰਣ-ਭੂਮੀ ਅੰਦਰ ਲੋਹੇ (ਸ਼ਸਤਰਾਂ) ਦੀ ਲਾਜ ਇਸ ਤਰ੍ਹਾਂ ਰੱਖੀ ਹੋਵੇ। ॥੧੩॥੬੮੩॥

ਜੂਝ ਮਰੇ ਰਣ ਮੋ ਤਬੈ ਸੁਤਨ ਸਹਿਤ ਇਮ ਜਾਨ ॥
ਐਸੀ ਕਿਨਹੂ ਨਾ ਕਰੀ ਜਾਨਤ ਸਕਲ ਜਹਾਨ ॥੧੪॥੬੮੪॥

ਜਾਣ ਲਵੋ ਕਿ ਉਹ ਆਪਣੇ ਪੁੱਤਰਾਂ ਸਮੇਤ ਰਣ-ਭੂਮੀ ਵਿੱਚ ਇਸ ਤਰ੍ਹਾਂ ਜੂਝ ਕੇ ਮਰਿਆ। ਸਾਰਾ ਸੰਸਾਰ ਜਾਣਦਾ ਹੈ ਕਿ ਅਜਿਹੀ (ਬਹਾਦਰੀ) ਹੋਰ ਕਿਸੇ ਨੇ ਨਹੀਂ ਕੀਤੀ। ॥੧੪॥੬੮੪॥

**ਸਵੈਯਾ**

ਸੁਨੀ ਜੋ ਸਾਹਿ ਬਿਗਸਾਇ ਐਸੇ ਕਹਜੋ "ਸੁਕਰ ਦਰਗਾਹ ਤੇਰੀ ਅਲਾਹੀ ॥
ਕਿਯੋ ਹੈ ਫੈਜੁ ਮੁਹਿ ਆਪਨੋ ਜਾਨਿ ਕੈ ਰਹਿਮ ਕੀ ਨਜਰ ਤੇ ਫਤੇ ਪਾਈ ॥
ਬੀਰ ਜੋਧਾ ਬਲੀ ਧਾਂਕ ਜਾ ਕੀ ਭਲੀ ਸੰਗ ਥੇ ਖੂਬ ਜਾ ਕੇ ਸਿਪਾਹੀ ॥
ਜੀਵ ਤਾ ਕਾ ਲਿਯੋ ਤਾਜ ਹਮ ਕੋ ਦਿਯੋ ਅਜਬ ਹੈ ਖੇਲ ਤੇਰੇ ਖੁਦਾਈ" ॥੧੫॥੬੮੫॥

(ਜਿੱਤ ਦੀ ਖ਼ਬਰ) ਸੁਣ ਕੇ ਸ਼ਾਹ (ਬਹਾਦਰ ਸ਼ਾਹ) ਨੇ ਖੁਸ਼ ਹੋ ਕੇ ਇਸ ਤਰ੍ਹਾਂ ਕਿਹਾ, "ਹੇ ਅੱਲਾ! ਤੇਰੀ ਦਰਗਾਹ ਵਿੱਚ (ਮੈਂ ਤੇਰਾ) ਸ਼ੁਕਰ ਕਰਦਾ ਹਾਂ। ਤੂੰ ਮੈਨੂੰ ਆਪਣਾ ਜਾਣ ਕੇ ਮੇਰੇ 'ਤੇ ਕਿਰਪਾ ਕੀਤੀ ਹੈ ਅਤੇ ਤੇਰੀ ਰਹਿਮਤ ਦੀ ਨਜ਼ਰ ਨਾਲ ਹੀ ਮੈਂ ਫ਼ਤਹਿ ਪਾਈ ਹੈ। ਉਹ (ਆਜ਼ਮ) ਅਜਿਹਾ ਵੀਰ, ਯੋਧਾ ਤੇ ਬਲੀ ਸੀ, ਜਿਸਦੀ ਬਹੁਤ ਧਾਂਕ ਸੀ ਅਤੇ ਜਿਸਦੇ ਨਾਲ ਬਹੁਤ ਚੰਗੇ ਸਿਪਾਹੀ ਸਨ। (ਹੇ ਖੁਦਾ!) ਤੂੰ ਉਸਦਾ ਜੀਵਨ ਲੈ ਲਿਆ ਅਤੇ ਤਾਜ ਮੈਨੂੰ ਦੇ ਦਿੱਤਾ। ਹੇ ਖ਼ੁਦਾ! ਤੇਰੀ ਖੇਡ ਅਜੀਬ ਹੈ।" ॥੧੫॥੬੮੫॥

**ਦੋਹਰਾ**

ਸੁਕਰ ਕਿਯੋ ਦਰਗਾਹਿ ਮੈ ਜੁੱਧ ਫਤੇ ਜਬ ਕੀਨ ॥
ਛਤ੍ਰ ਸੀਸ ਅਪਨੇ ਤਬੈ ਸਾਹਿ ਬਹਾਦੁਰ ਲੀਨ ॥੧੬॥੬੮੬॥

ਜਦੋਂ ਜੰਗ ਫ਼ਤਹਿ ਕਰ ਲਈ, ਤਾਂ (ਬਹਾਦਰ ਸ਼ਾਹ ਨੇ) ਰੱਬੀ ਦਰਗਾਹ ਵਿੱਚ ਸ਼ੁਕਰਾਨਾ ਕੀਤਾ। ਤਦ ਬਹਾਦਰ ਸ਼ਾਹ ਨੇ ਆਪਣੇ ਸਿਰ ਉੱਤੇ ਛਤਰ (ਝੁਲਾ) ਲਿਆ। ॥੧੬॥੬੮੬॥

**ਚੌਪਈ**

ਸਾਹ ਬਹਾਦਰ ਛਤ੍ਰ ਝੁਲਾਨਾ ॥ ਫੇਰੀ ਦੇਸ ਦੇਸ ਮੈ ਆਨਾ ॥
ਕਿਯੇ ਮੁਕਾਮ ਆਗਰੇ ਮਾਹੀਂ ॥ ਚਾਰ ਮਾਸ ਬਰਸਾਤ ਬਿਤਾਈ ॥੧੭॥੬੮੭॥

ਬਹਾਦਰ ਸ਼ਾਹ ਨੇ (ਬਾਦਸ਼ਾਹ ਬਣ ਕੇ ਆਪਣੇ ਸਿਰ ਉੱਤੇ) ਛਤਰ ਝੁਲਾਇਆ ਅਤੇ ਦੇਸ਼-ਦੇਸ਼ ਵਿੱਚ ਆਪਣੀ ਆਨ (ਹਕੂਮਤ) ਕਾਇਮ ਕੀਤੀ। ਉਸਨੇ ਆਗਰੇ ਵਿੱਚ ਪੜਾਅ ਕੀਤਾ ਅਤੇ ਉੱਥੇ ਹੀ ਬਰਸਾਤ ਦੇ ਚਾਰ ਮਹੀਨੇ ਬਿਤਾਏ। ॥੧੭॥੬੮੭॥

**ਦੋਹਰਾ**

ਬਾਦਸਾਹ ਢਿਗ ਆਗਰੇ ਰਹਿਤ ਤਾਹਿ ਬੀਚਾਰ ॥
ਸ਼ਾਹਜਹਾਨਾਬਾਦ ਮੈ ਆ ਪਹੁੰਚਜੋ ਕਰਤਾਰ ॥੧੮॥੬੮੮॥

(ਇੱਕ ਪਾਸੇ) ਬਾਦਸ਼ਾਹ ਆਗਰੇ ਦੇ ਨੇੜੇ ਰਹਿਣ ਦਾ ਵਿਚਾਰ ਕਰ ਰਿਹਾ ਸੀ। (ਦੂਜੇ ਪਾਸੇ) ਕਰਤਾਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਸ਼ਾਹਜਹਾਨਾਬਾਦ (ਦਿੱਲੀ) ਵਿਖੇ ਆ ਪਹੁੰਚੇ। ॥੧੮॥੬੮੮॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਮਜਕੂਰ ਬਾਦਸਾਹੀ ਕਾ ਪੰਦ੍ਰਹਵਾਂ ਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੫ ॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਵਿਖੇ ਬਾਦਸ਼ਾਹੀ ਦੇ ਜ਼ਿਕਰ ਦਾ ਪੰਦਰ੍ਹਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ। ॥੧੫॥

*****

ਅਧਿਆਇ ੧੬

ਗੁਰੂ ਗੋਬਿੰਦ ਸਿੰਘ ਜੀ ਦੀ ਬਾਦਸ਼ਾਹ ਨਾਲ ਮੁਲਾਕਾਤ।

**ਚੌਪਈ**

ਦਿੱਲੀ ਨਿਕਟ ਪ੍ਰਭੂ ਜਬ ਆਏ ॥ ਸੰਗਤਿ ਖਬਰਿ ਸੁਨੀ ਸੁਖ ਪਾਏ ॥
ਅਨਿਕ ਹੁਲਾਸ ਜੀਵ ਮੈ ਆਯੋ ॥ ਸਰਬ ਖਾਲਸਾ ਲੈਨਿ ਸਿਧਾਯੋ ॥੧॥੬੮੯॥

ਜਦੋਂ ਪ੍ਰਭੂ (ਗੁਰੂ ਗੋਬਿੰਦ ਸਿੰਘ ਸਾਹਿਬ) ਜੀ ਦਿੱਲੀ ਦੇ ਨੇੜੇ ਆਏ, ਤਾਂ ਸੰਗਤ ਨੇ (ਇਹ) ਖ਼ਬਰ ਸੁਣ ਕੇ ਬਹੁਤ ਸੁੱਖ ਪਾਇਆ। ਉਹਨਾਂ ਦੇ ਮਨ ਵਿੱਚ ਬਹੁਤ ਚਾਅ ਪੈਦਾ ਹੋਇਆ ਅਤੇ ਸਾਰਾ ਖ਼ਾਲਸਾ (ਗੁਰੂ ਜੀ ਨੂੰ) ਲੈਣ ਲਈ ਚੱਲ ਪਿਆ। ॥੧॥੬੮੯॥

ਗਾਡੀ ਰਥ ਕੇਤਨ ਮੰਗਵਾਏ ॥ ਘੋਰਨ ਪੈ ਚੜਿ ਅਨਿਕ ਸਿਧਾਏ ॥
ਪਾਯ ਪਯਾਦਨ ਕੇਤਕ ਚਾਲੇ ॥ ਪੀ ਪੀ ਨੈਨ ਪਾਨ ਕੇ ਪਿਆਲੇ ॥੨॥੬੯੦॥

ਕਈ (ਸਿੱਖਾਂ ਨੇ) ਗੱਡੀਆਂ ਅਤੇ ਰੱਥ ਮੰਗਵਾਏ। ਅਨੇਕਾਂ ਲੋਕ ਘੋੜਿਆਂ 'ਤੇ ਚੜ੍ਹ ਕੇ ਚੱਲ ਪਏ। ਕੁਝ ਪੈਦਲ ਹੀ ਤੁਰ ਪਏ। (ਉਹਨਾਂ ਦੀਆਂ) ਅੱਖਾਂ (ਦਰਸ਼ਨਾਂ ਦੇ) ਅੰਮ੍ਰਿਤ ਪਿਆਲੇ ਪੀ ਰਹੀਆਂ ਹੋਣ (ਭਾਵ ਦਰਸ਼ਨਾਂ ਲਈ ਬਹੁਤ ਤਾਂਘ ਵਿੱਚ ਸਨ)। ॥੨॥੬੯੦॥

**ਮਧੁਭਾਰ ਛੰਦ**

ਕਰਿ ਕੈ ਬਿਚਾਰੁ ॥ ਸਿਖੰ ਅਪਾਰੁ ॥
ਸਬਦੰ ਉੱਚਾਰੁ ॥ ਏਕੋ ਨਿਹਾਰੁ ॥੩॥੬੯੧॥

ਇਹ ਵਿਚਾਰ ਕਰਕੇ, ਅਣਗਿਣਤ ਸਿੱਖ ਸ਼ਬਦ ਦਾ ਉਚਾਰਨ ਕਰਦੇ ਹੋਏ, ਇੱਕ (ਪ੍ਰਭੂ) ਨੂੰ ਹੀ ਵੇਖ ਰਹੇ ਸਨ। ॥੩॥੬੯੧॥

ਭਵ ਭੈ ਉਤਾਰੁ ॥ ਭਰਮੰ ਬਿਦਾਰੁ ॥
ਹੁਇ ਹਰਖਵੰਤੁ ॥ ਪੇਖ੍ਯੋ ਬਿਅੰਤ ॥੪॥੬੯੨॥

(ਉਹ ਕਹਿ ਰਹੇ ਸਨ,) "ਹੇ ਸੰਸਾਰ ਦੇ ਡਰ ਨੂੰ ਉਤਾਰਨ ਵਾਲੇ! ਭਰਮ ਨੂੰ ਨਾਸ਼ ਕਰਨ ਵਾਲੇ!" ਜਦੋਂ ਉਹਨਾਂ ਨੇ ਬਹੁਤ ਖ਼ੁਸ਼ ਹੋ ਕੇ ਬੇਅੰਤ (ਪ੍ਰਭੂ) ਨੂੰ ਵੇਖਿਆ। ॥੪॥੬੯੨॥

ਚਿੰਤਾ ਬਿਸਾਰੁ ॥ ਦਿੜ ਜੀਵ ਧਾਰੁ ॥
ਮਨ ਮੈ ਅਨੰਦ ॥ ਸਬ ਤੋਰਿ ਫੰਦ ॥੫॥੬੯੩॥

ਉਹਨਾਂ ਨੇ ਚਿੰਤਾ ਭੁਲਾ ਦਿੱਤੀ, ਮਨ ਵਿੱਚ ਦ੍ਰਿੜਤਾ ਧਾਰਨ ਕੀਤੀ, ਅਤੇ ਸਾਰੇ (ਮਾਇਆ ਦੇ) ਜਾਲ ਤੋੜ ਕੇ ਮਨ ਵਿੱਚ ਅਨੰਦ ਪ੍ਰਾਪਤ ਕੀਤਾ।॥੫॥੬੯੩॥

ਹੁਇ ਕੈ ਖਲਾਸ ॥ ਮਨ ਪੂਰਿ ਆਸ ॥
ਚਰਨੰ ਨਿਵਾਸ ॥ ਦਾਸਾਨ ਦਾਸ ॥੬॥੬੯੪॥

(ਮਾਇਆ ਤੋਂ) ਮੁਕਤ ਹੋ ਕੇ, ਉਹਨਾਂ ਦੇ ਮਨ ਦੀ ਆਸ ਪੂਰੀ ਹੋ ਗਈ ਅਤੇ ਉਹਨਾਂ ਨੇ (ਪ੍ਰਭੂ ਦੇ) ਦਾਸਾਂ ਦੇ ਦਾਸ ਬਣ ਕੇ ਚਰਨਾਂ ਵਿੱਚ ਨਿਵਾਸ (ਦੀ ਕਾਮਨਾ) ਕੀਤੀ। ॥੬॥੬੯੪॥

**ਦੋਹਰਾ**

ਮਨ ਬਚ ਕ੍ਰਮ ਕਰ ਭਾਵਨੀ ਸਤਿਗੁਰ ਸੋ ਲਿਵ ਲਾਇ ॥
ਅਨੰਦ ਭਯੋ ਪ੍ਰਭੁ ਪੇਖਿਓ ਸਿਖਨ ਸਤਿਗੁਰ ਆਇ ॥੭॥੬੯੫॥

ਮਨ, ਬਚਨ ਅਤੇ ਕਰਮ ਨਾਲ ਸ਼ਰਧਾ ਧਾਰ ਕੇ, ਸਿੱਖਾਂ ਨੇ ਸਤਿਗੁਰੂ ਨਾਲ ਲਿਵ ਲਗਾਈ। ਜਦੋਂ ਸਤਿਗੁਰੂ ਜੀ ਸਿੱਖਾਂ ਕੋਲ ਆਏ, ਤਾਂ ਪ੍ਰਭੂ ਜੀ ਦੇ ਦਰਸ਼ਨ ਕਰਕੇ ਉਹਨਾਂ ਨੂੰ ਬਹੁਤ ਆਨੰਦ ਪ੍ਰਾਪਤ ਹੋਇਆ। ॥੭॥੬੯੫॥

**ਅੜਿੱਲ**

ਸਾਹ ਜਹਾਨਾਬਾਦ ਪ੍ਰਭੁ ਜਬ ਆਇ ਕੈ ॥ ਕੌਤਕ ਕਰੇ ਅਪਾਰ ਪ੍ਰਭੁ ਬਿਗਸਾਇ ਕੈ ॥
ਜਮਨਾ ਕੇ ਤਟ ਪਾਰ ਜਹਾਂ ਡੇਰਾ ਕਿਯੇ ॥ ਜੀ ਕੀਨੋ ਸਿਸਟਿ ਉਧਾਰ ਦਰਸ ਐਸੇ ਦਿਯੇ ॥੮॥੬੯੬॥

ਜਦੋਂ ਪ੍ਰਭੂ ਜੀ ਸ਼ਾਹਜਹਾਨਾਬਾਦ (ਦਿੱਲੀ) ਵਿਖੇ ਆਏ, ਤਾਂ ਉਹਨਾਂ ਨੇ ਪ੍ਰਸੰਨ ਹੋ ਕੇ ਅਪਾਰ ਕੌਤਕ ਕੀਤੇ। ਜਿੱਥੇ ਉਹਨਾਂ ਨੇ ਜਮਨਾ ਨਦੀ ਦੇ ਕੰਢੇ 'ਤੇ ਡੇਰਾ ਕੀਤਾ, ਉੱਥੇ ਉਹਨਾਂ ਨੇ ਅਜਿਹੇ ਦਰਸ਼ਨ ਦਿੱਤੇ ਕਿ ਸਾਰੀ ਸ੍ਰਿਸ਼ਟੀ ਦਾ ਉਧਾਰ ਕਰ ਦਿੱਤਾ। ॥੮॥੬੯੬॥

**ਚੌਪਈ**
ਕੇਤਕ ਦਿਨ ਤਿਹ ਠਉਰ ਬਿਤਾਏ ॥ ਫੇਰ ਕੂਚ ਪ੍ਰਭੁ ਨੇ ਫੁਰਮਾਏ ॥
ਚਲਤ ਚਲਤ ਆਏ ਤਿਹ ਥਾਨਾ ॥ ਮਥੁਰਾ ਨਗਰ ਪ੍ਰਭੂ ਮਨਿ ਭਾਨਾ ॥੯॥੬੯੭॥

ਕੁਝ ਦਿਨ ਉਸ ਥਾਂ 'ਤੇ ਬਿਤਾਉਣ ਤੋਂ ਬਾਅਦ, ਪ੍ਰਭੂ ਜੀ ਨੇ ਫਿਰ ਕੂਚ ਕਰਨ ਦਾ ਹੁਕਮ ਦਿੱਤਾ। ਚਲਦੇ-ਚਲਦੇ ਉਹ ਉਸ ਥਾਂ 'ਤੇ ਆਏ, ਜਿੱਥੇ ਮਥੁਰਾ ਨਗਰ ਸੀ, ਜੋ ਪ੍ਰਭੂ ਜੀ ਦੇ ਮਨ ਨੂੰ ਬਹੁਤ ਭਾਇਆ। ॥੯॥੬੯੭॥

ਦੇਖੀ ਠਵਰ ਪ੍ਰਭੂ ਬਿਗਸਾਏ ॥ ਸੂਰਜ ਕੁੰਡ ਧਾਮ ਫੁਰਮਾਏ ॥
ਤਬ ਬਿਸਰਾਂਤ ਦਿਸਟਿ ਹਰ ਆਨਾ ॥ ਕੇਤਕ ਦੀਉ ਦਿਜਨ ਕੋ ਦਾਨਾ ॥੧੦॥੬੯੮॥

ਉਸ ਥਾਂ ਨੂੰ ਵੇਖ ਕੇ ਪ੍ਰਭੂ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਸੂਰਜਕੁੰਡ ਵਿਖੇ ਪੜਾਅ ਕਰਨ ਦਾ ਫ਼ਰਮਾਨ ਕੀਤਾ। ਫਿਰ ਹਰੀ (ਗੁਰੂ ਜੀ) ਨੇ ਵਿਸ਼ਰਾਮ ਘਾਟ ਨੂੰ ਆ ਕੇ ਵੇਖਿਆ। (ਉੱਥੇ) ਉਹਨਾਂ ਨੇ ਬ੍ਰਾਹਮਣਾਂ ਨੂੰ ਕਿੰਨਾ ਹੀ ਦਾਨ ਦਿੱਤਾ। ॥੧੦॥੬੯੮॥

ਟਿੱਪਣੀ: ਸੂਰਜਕੁੰਡ ਮਥੁਰਾ ਦੇ ਸੂਰਜ ਘਾਟ ਉੱਤੇ ਹੀ ਸਥਿੱਤ ਹੈ। ਗੁਰੂ ਸਾਹਿਬ ਵੇਲੇ ਇਹ ਬਹੁਤ ਖੁੱਲ੍ਹਾ ਇਲਾਕਾ ਸੀ, ਇਸਲਈ ਬਾਹਰੋਂ ਆਏ ਯਾਤਰੀ ਇਸ ਜਗ੍ਹਾ ਯਮੁਨਾ ਦੇ ਕਿਨਾਰੇ ਕੈਂਪ ਲਗਾਇਆ ਕਰਦੇ ਸਨ। ਇਸੇ ਤਰ੍ਹਾਂ, ਵਿਸ਼ਰਾਮ ਘਾਟ ਵੀ ਮਥੁਰਾ ਦਾ ਇੱਕ ਪ੍ਰਸਿੱਧ ਤੇ

ਇਤਿਹਾਸਿਕ ਘਾਟ ਹੈ। ਇਹ ਮਾਨਤਾ ਹੈ ਕਿ ਕੰਸ ਨੂੰ ਮਾਰਣ ਮਗਰੋਂ ਸ੍ਰੀ ਕ੍ਰਿਸ਼ਨ ਜੀ ਅਤੇ ਸ੍ਰੀ ਬਲਰਾਮ ਜੀ ਨੇ ਇਸੇ ਘਾਟ ਉੱਤੇ ਆ ਕੇ ਵਿਸ਼ਰਾਮ ਕੀਤਾ ਸੀ।

ਮਥੁਰਾ ਦੇਖਿ ਪ੍ਰਭੂ ਜਬ ਆਏ ॥ ਪੁਨਿ ਬਿੰਦ੍ਰਾਬਨ ਆਪ ਸਿਧਾਏ ॥
ਦੇਖੀ ਕੁੰਜ ਗਲੀ ਸਬ ਠਉਰਾ ॥ ਦੇਖੀ ਛਾਵ ਅਧਿਕ ਇਕ ਅਉਰਾ ॥੧੧॥੬੯੯॥

ਜਦੋਂ ਪ੍ਰਭੂ ਜੀ ਮਥੁਰਾ ਵੇਖ ਕੇ ਆਏ, ਤਾਂ ਫਿਰ ਆਪ ਬਿੰਦਰਾਬਨ ਵੱਲ ਚੱਲ ਪਏ। ਉੱਥੇ ਉਹਨਾਂ ਨੇ ਕੁੰਜ ਗਲੀਆਂ ਅਤੇ ਸਾਰੀਆਂ ਥਾਂਵਾਂ ਵੇਖੀਆਂ। ਇੱਕ ਥਾਂ 'ਤੇ ਉਹਨਾਂ ਨੇ ਬਹੁਤ ਸੰਘਣੀ ਅਤੇ ਅਲੌਕਿਕ ਛਾਂ ਵੇਖੀ। ॥੧੧॥੬੯੯॥

**ਦੋਹਰਾ**

ਆਪ ਆਨ ਬੈਠੇ ਤਹਾਂ ਅਰੁ ਮਿਸਟਾਂਨ ਮੰਗਾਇ ॥
ਰਾਖ ਦਿਯੋ ਮੈਦਾਨ ਮੈ ਬਨਚਰ ਭੁੰਚਤ ਖਾਇ ॥੧੨॥੭੦੦॥

ਆਪ ਉਸ ਥਾਂ 'ਤੇ ਆ ਕੇ ਬੈਠ ਗਏ ਅਤੇ ਮਠਿਆਈ ਮੰਗਵਾਈ। ਉਸਨੂੰ ਮੈਦਾਨ ਵਿੱਚ ਰੱਖ ਦਿੱਤਾ, ਜਿਸਨੂੰ ਬਾਂਦਰ (ਬਨਚਰ) ਖੁਸ਼ੀ-ਖੁਸ਼ੀ ਖਾਣ ਲੱਗੇ। ॥੧੨॥੭੦੦॥

ਆਪਸ ਮੈ ਲਰ ਲਰ ਮਰਤ ਕਿਲਕਤਿ ਅਤਿ ਖੁਨਸਾਇ ॥
ਕਉਤਕ ਤਿਨ ਕੇ ਅਨਿਕ ਬਿਧਿ ਦੇਖਿ ਪ੍ਰਭੂ ਬਿਗਸਾਇ ॥੧੩॥੭੦੧॥

ਉਹ (ਬਾਂਦਰ) ਆਪਸ ਵਿੱਚ ਲੜ-ਲੜ ਮਰ ਰਹੇ ਸਨ ਅਤੇ ਗੁੱਸੇ ਵਿੱਚ ਆ ਕੇ ਬਹੁਤ ਕਿਲਕਾਰੀਆਂ ਮਾਰ ਰਹੇ ਸਨ। ਉਹਨਾਂ ਦੇ ਅਨੇਕਾਂ ਤਰ੍ਹਾਂ ਦੇ ਇਹ ਕੌਤਕ ਵੇਖ ਕੇ ਪ੍ਰਭੂ ਜੀ ਮੁਸਕਰਾ ਪਏ। ॥੧੩॥੭੦੧॥

ਅਨਿਕ ਭਾਂਤਿ ਲੀਲਾ ਕਰੀ ਬਿੰਦ੍ਰਾਬਨ ਮੈ ਆਇ ॥
ਗਉਨ ਕਿਯੋ ਪ੍ਰਭੁ ਨੇ ਤਬੈ ਚਲੇ ਆਗਰੇ ਧਾਇ ॥੧੪॥੭੦੨॥

ਬਿੰਦਰਾਬਨ ਵਿੱਚ ਆ ਕੇ (ਪ੍ਰਭੂ ਜੀ ਨੇ) ਅਨੇਕਾਂ ਤਰ੍ਹਾਂ ਦੀਆਂ ਲੀਲ੍ਹਾਵਾਂ ਕੀਤੀਆਂ। ਫਿਰ ਪ੍ਰਭੂ ਜੀ ਨੇ ਉੱਥੋਂ ਚਾਲੇ ਪਾ ਦਿੱਤੇ ਅਤੇ ਤੇਜ਼ੀ ਨਾਲ ਆਗਰੇ ਵੱਲ ਚੱਲ ਪਏ। ॥੧੪॥੭੦੨॥

**ਚੌਪਈ**

ਕੂਚ ਕਿਯੋ ਤਾ ਤੇ ਉਠਿ ਧਾਏ ॥ ਪੰਥ ਚਲਤ ਕੇਤਕ ਦਿਨ ਲਾਏ ॥
ਕੋਸ ਚਾਰ ਆਗਰ ਜਬ ਰਹਾ ॥ ਕਰੋ ਮੁਕਾਮ ਪ੍ਰਭੂ ਇਮ ਕਹਾ ॥੧੫॥੭੦੩॥

ਉੱਥੋਂ ਕੂਚ ਕਰਕੇ ਉਹ ਤੇਜ਼ੀ ਨਾਲ ਅੱਗੇ ਵਧੇ। ਰਸਤਾ ਤੈਅ ਕਰਦਿਆਂ ਕੁਝ ਦਿਨ ਲੱਗ ਗਏ। ਜਦੋਂ ਆਗਰਾ ਚਾਰ ਕੋਹ ਰਹਿ ਗਿਆ, ਤਾਂ ਪ੍ਰਭੂ ਜੀ ਨੇ ਕਿਹਾ, "ਇੱਥੇ ਪੜਾਅ ਕਰੋ।" ॥੧੫॥੭੦੩॥

**ਦੋਹਰਾ**

ਬਾਗ ਏਕ ਦੇਖਯੋ ਤਹਾਂ ਉਤਰ ਕਿਯੋ ਬਿਸਰਾਮ ॥
ਕੋਸ ਦੋਇ ਤਾ ਤੇ ਰਹੇ ਬਾਦਸਾਹ ਕੇ ਧਾਮ ॥੧੬॥੭੦੪॥

ਉੱਥੇ ਇੱਕ ਬਾਗ ਵੇਖ ਕੇ (ਗੁਰੂ ਜੀ) ਉੱਤਰ ਗਏ ਅਤੇ ਵਿਸ਼ਰਾਮ ਕੀਤਾ। ਉਸ ਥਾਂ ਤੋਂ ਬਾਦਸ਼ਾਹ ਦਾ ਨਿਵਾਸ ਸਿਰਫ਼ ਦੋ ਕੋਹ ਦੂਰ ਸੀ। ॥੧੬॥੭੦੪॥

ਖਾਨਖਾਨਾ ਸੁਨਿ ਕੈ ਤਬੈ ਦੀਨੇ ਲੋਗ ਪਠਾਇ ॥
ਬਿਨੈ ਕਰੀ ਕਰ ਜੋਰਿ ਕੈ "ਦਰਸ ਦਿਖਾਵੋ ਆਇ" ॥੧੭॥੭੦੫॥

ਖ਼ਾਨ-ਏ-ਖ਼ਾਨਾਂ (ਮੁਨਇਮ ਖ਼ਾਨ) ਨੇ (ਗੁਰੂ ਜੀ ਦੇ ਆਉਣ ਬਾਰੇ) ਸੁਣ ਕੇ ਉਦੋਂ ਹੀ ਆਪਣੇ ਬੰਦੇ ਭੇਜ ਦਿੱਤੇ। (ਉਹਨਾਂ ਨੇ) ਹੱਥ ਜੋੜ ਕੇ ਬੇਨਤੀ ਕੀਤੀ, "ਆ ਕੇ ਦਰਸ਼ਨ ਦਿਖਾਓ ਜੀ।" ॥੧੭॥੭੦੫॥

ਟਿੱਪਣੀ: ਖ਼ਾਨ-ਏ-ਖ਼ਾਨਾਂ, ਭਾਵ ਖ਼ਾਨਾਂ ਦਾ ਖ਼ਾਨ ਜਾਂ ਸਰਦਾਰਾਂ ਦਾ ਸਰਦਾਰ, ਇੱਕ ਅਹੁਦਾ ਸੀ, ਜੋ ਕਿ ਮੁਗ਼ਲ ਸਲਤਨਤ ਦੇ ਸਮੇਂ ਹੋਇਆ ਕਰਦਾ ਸੀ। ਇੱਥੇ ਜਿਸ ਖ਼ਾਨਖ਼ਾਨਾਂ ਦਾ ਜ਼ਿਕਰ ਆਇਆ ਹੈ, ਉਸਦਾ ਨਾਮ ਮੁਨਇਮ ਖ਼ਾਨ ਸੀ।

ਲੋਹਗੜ੍ਹ ਦੇ ਕਿਲ੍ਹੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਘੇਰਣ ਗਈ ਮੁਗ਼ਲ ਫ਼ੌਜ ਦੀ ਅਗਵਾਈ ਇਸੇ ਮੁਨਇਮ ਖ਼ਾਨ ਨੇ ਕੀਤੀ ਸੀ, ਹਾਲਾਂਕਿ ਬਾਬਾ ਜੀ ਇਸ ਘੇਰੇ ਵਿੱਚ ਨਿਕਲ ਗਏ ਸਨ। ਐਸਾ ਕਿਹਾ ਜਾਂਦਾ ਰਿਹਾ ਹੈ ਕਿ ਮੁਨਇਮ ਖ਼ਾਨ ਨੇ ਜਾਣਬੁੱਝ ਕੇ ਬਾਬਾ ਬੰਦਾ ਸਿੰਘ ਜੀ ਨੂੰ ਘੇਰੇ ਵਿੱਚੋਂ ਨਿਕਲ ਜਾਣ ਦਾ ਮੌਕਾ ਦਿੱਤਾ। ਇਸੇ ਕਰਕੇ ਬਾਦਸ਼ਾਹ ਬਹਾਦੁਰ ਸ਼ਾਹ ਮੁਨਇਮ ਖ਼ਾਨ ਨਾਲ ਨਾਰਾਜ਼ ਹੋ ਗਿਆ ਸੀ।

**ਚੌਪਈ**

ਅਨਿਕ ਭਾਂਤਿ ਪ੍ਰਭੁ ਫੌਜ ਸੁਧਾਰੀ ॥ ਸੂਰਬੀਰ ਜੋਧਾ ਹਿਤਕਾਰੀ ॥
ਲੈ ਕੇ ਸੰਗ ਆਪਿ ਪ੍ਰਭੁ ਧਾਯੋ ॥ ਲਸਕਰ ਬਾਦਸਾਹ ਕੇ ਆਯੋ ॥੧੮॥੭੦੬॥

ਪ੍ਰਭੂ ਜੀ ਨੇ ਅਨੇਕਾਂ ਤਰ੍ਹਾਂ ਨਾਲ ਆਪਣੀ ਫੌਜ ਨੂੰ ਸਜਾਇਆ, ਜਿਸ ਵਿੱਚ ਸੂਰਬੀਰ, ਯੋਧੇ ਅਤੇ ਹਿਤੈਸ਼ੀ ਸਨ। ਉਹਨਾਂ ਨੂੰ ਨਾਲ ਲੈ ਕੇ ਪ੍ਰਭੂ ਜੀ ਆਪ ਤੇਜ਼ੀ ਨਾਲ ਚੱਲੇ ਅਤੇ ਬਾਦਸ਼ਾਹ ਦੇ ਲਸ਼ਕਰ (ਡੇਰੇ) ਵਿੱਚ ਆ ਪਹੁੰਚੇ। ॥੧੮॥੭੦੬॥

ਡੇਹਰਾ ਬਾਗ ਅਜਬ ਇਕ ਥਾਨਾ ॥ ਬਸਿ ਹੈ ਤਹਾਂ ਖਾਨ ਹੀ ਖਾਨਾ ॥
ਕ੍ਰਿਪਾ ਧਾਰਿ ਤਹਾਂ ਘਰਿ ਆਏ ॥ ਤਿਸਹਿ ਆਨਿ ਕੈ ਦਰਸ ਦਿਖਾਏ ॥੧੯॥੭੦੭॥

'ਡੇਹਰਾ ਬਾਗ' ਇੱਕ ਅਨੋਖੀ ਥਾਂ ਸੀ, ਜਿੱਥੇ ਖ਼ਾਨ-ਏ-ਖ਼ਾਨਾਂ ਦਾ ਨਿਵਾਸ ਸੀ। (ਗੁਰੂ ਜੀ) ਕ੍ਰਿਪਾ ਕਰਕੇ ਉਸਦੇ ਘਰ ਆਏ ਅਤੇ ਉਸਨੂੰ ਆ ਕੇ ਦਰਸ਼ਨ ਦਿੱਤੇ। ॥੧੯॥੭੦੭॥

**ਦੋਹਰਾ**

ਦਰਸ ਦੇਖਿ ਐਸੇ ਕਹਯੋ "ਬਹੁਤ ਕ੍ਰਿਪਾ ਤੁਮ ਕੀਨ ॥
ਅਪਨੇ ਹੀ ਮੁਹਿ ਜਾਨਿ ਕੈ ਦਰਸ ਆਪਨੇ ਦੀਨ" ॥੨੦॥੭੦੮॥

(ਗੁਰੂ ਜੀ ਦੇ) ਦਰਸ਼ਨ ਕਰਕੇ ਉਸਨੇ ਇਸ ਤਰ੍ਹਾਂ ਕਿਹਾ, "ਤੁਸੀਂ ਬਹੁਤ ਕਿਰਪਾ ਕੀਤੀ ਹੈ, ਜੋ ਮੈਨੂੰ ਆਪਣਾ ਹੀ ਜਾਣ ਕੇ ਤੁਸੀਂ ਆਪਣੇ ਦਰਸ਼ਨ ਦਿੱਤੇ ਹਨ।" ॥੨੦॥੭੦੮॥

**ਚੌਪਈ**

ਚਰਨ ਕੰਵਲ ਕੋ ਹਾਥ ਚਲਾਏ ॥ ਥਾਪੀ ਦਈ ਪ੍ਰਭੂ ਬਿਗਸਾਏ ॥
ਤਬ ਤਿਨ ਅਪਨੇ ਹਾਲ ਦਿਖਾਯੋ ॥ ਰਛਾ ਕਰੀ ਪ੍ਰਭੂ ਫੁਰਮਾਯੋ ॥੨੧॥੭੦੯॥

(ਖਾਨਖਾਨਾ ਨੇ) ਗੁਰੂ ਜੀ ਦੇ ਚਰਨ-ਕੰਵਲਾਂ ਨੂੰ ਹੱਥ ਲਾਏ। ਪ੍ਰਭੂ ਜੀ ਨੇ ਖ਼ੁਸ਼ ਹੋ ਕੇ ਉਸਨੂੰ ਥਾਪੀ ਦਿੱਤੀ। ਤਦ ਉਸਨੇ ਆਪਣਾ ਹਾਲ ਸਮਝਾਇਆ। ਪ੍ਰਭੂ ਜੀ ਨੇ (ਉਸਦੀ) ਰੱਖਿਆ ਦਾ ਬਚਨ ਕੀਤਾ। ॥੨੧॥੭੦੯॥

ਹਾਥ ਜੋਰਿ ਇਹ ਭਾਂਤਿ ਬਤਾਏ ॥ ਉਤਰੋ ਧਾਮ ਪ੍ਰਭੂ ਤੁਮ ਜਾਏ ॥
ਆਦਰ ਬਹੁਤ ਪ੍ਰਭੂ ਕਾ ਕੀਨਾ ॥ ਤਾਹੀ ਸਮੈ ਬਿਦਾ ਕਰਿ ਦੀਨਾ ॥੨੨॥੭੧੦॥

(ਜਾਣ ਲੱਗਿਆਂ) ਉਸਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪ੍ਰਭੂ! ਤੁਸੀਂ ਜਾ ਕੇ ਆਪਣੇ ਨਿਵਾਸ-ਅਸਥਾਨ 'ਤੇ ਆਰਾਮ ਕਰੋ।" (ਉਸ ਨੇ) ਪ੍ਰਭੂ ਜੀ ਦਾ ਬਹੁਤ ਆਦਰ-ਸਤਿਕਾਰ ਕੀਤਾ ਅਤੇ ਉਸੇ ਸਮੇਂ (ਗੁਰੂ ਜੀ ਨੂੰ) ਵਿਦਾ ਕਰ ਦਿੱਤਾ। ॥੨੨॥੭੧੦॥

**ਦੋਹਰਾ**

ਬਿਦਾ ਭਏ ਤਾਹੀ ਸਮੈ ਚਲਿ ਆਏ ਤਿਹ ਥਾਨ ॥
ਠਉਰ ਏਕ ਦੇਖੀ ਤਹਾਂ ਰਾਤ ਕਰੀ ਗੁਜਰਾਨ ॥੨੩॥੭੧੧॥

ਉਸੇ ਸਮੇਂ ਵਿਦਾ ਹੋ ਕੇ (ਗੁਰੂ ਜੀ) ਉਸ ਥਾਂ 'ਤੇ ਚਲੇ ਆਏ। ਉੱਥੇ ਇੱਕ ਥਾਂ ਵੇਖ ਕੇ ਉਹਨਾਂ ਨੇ ਰਾਤ ਗੁਜ਼ਾਰੀ। ॥੨੩॥੭੧੧॥

ਮੇਹ ਕਹੈ ਬਰਖੋਂ ਅਬੈ ਬਹੁਰ ਨ ਐਸੋ ਦਾਵ ॥
ਆਪਿ ਪ੍ਰਭੂ ਆਏ ਤਹਾਂ ਕਰੋਂ ਆਜ ਛਿਰਕਾਵ ॥੨੪॥੭੧੨॥

(ਉਸ ਸਮੇਂ ਜਿਵੇਂ) ਮੀਂਹ (ਬੱਦਲ) ਕਹਿ ਰਿਹਾ ਸੀ, "ਮੈਂ ਹੁਣੇ ਵਰਸਾਂਗਾ, ਅਜਿਹਾ ਮੌਕਾ ਮੁੜ ਕੇ ਨਹੀਂ ਮਿਲਣਾ। ਜਦੋਂ ਪ੍ਰਭੂ ਜੀ ਆਪ ਇੱਥੇ ਆਏ ਹਨ, ਤਾਂ ਮੈਂ ਅੱਜ ਛਿੜਕਾਅ ਕਰਾਂਗਾ।" ॥੨੪॥੨੧੨॥

**ਦੋਹਰਾ**

ਰੈਨਿ ਗਈ ਬਾਸਰ ਭਯੋ ਭਏ ਆਪ ਅਸਵਾਰ ॥
ਬਾਗ ਏਕ ਨਿਰਖ੍ਯੋ ਜਬੈ ਡੇਰਾ ਕਿਯੋ ਬਿਚਾਰ ॥੨੫॥੨੧੩॥

ਰਾਤ ਬੀਤ ਗਈ ਅਤੇ ਦਿਨ ਚੜ੍ਹ ਗਿਆ, (ਤਾਂ ਗੁਰੂ ਜੀ) ਆਪ (ਘੋੜੇ 'ਤੇ) ਸਵਾਰ ਹੋਏ। ਜਦੋਂ ਉਹਨਾਂ ਨੇ ਇੱਕ ਬਾਗ ਵੇਖਿਆ ਤਾਂ ਉੱਥੇ ਡੇਰਾ ਲਾਉਣ ਦਾ ਵਿਚਾਰ ਕੀਤਾ। ॥੨੫॥੨੧੩॥

ਆਪ ਪ੍ਰਭੂ ਤਾਹੀ ਸਮੈ ਕਿਯੋ ਬਾਗ ਮੈ ਧਾਮ ॥
ਠਉਰ ਬਾਂਟ ਸਬ ਕੋ ਦਈ ਕਿਯੋ ਤਾਹਿ ਬਿਸ੍ਰਾਮ ॥੨੬॥੨੧੪॥

ਪ੍ਰਭੂ ਜੀ ਨੇ ਉਸ ਸਮੇਂ ਉਸ ਬਾਗ ਵਿੱਚ ਆਪਣਾ ਨਿਵਾਸ ਕੀਤਾ। ਉਹਨਾਂ ਨੇ ਸਾਰਿਆਂ ਨੂੰ (ਰਹਿਣ ਲਈ) ਥਾਂ ਵੰਡ ਦਿੱਤੀ ਅਤੇ ਉੱਥੇ ਵਿਸ਼ਰਾਮ ਕੀਤਾ। ॥੨੬॥੨੧੪॥

ਕੇਤਕ ਦਿਨ ਬੀਤਤ ਭਏ ਯਾਦਿ ਸਾਹਿ ਇਮ ਕੀਨ ॥
"ਪ੍ਰਭੁ ਆਏ ਕਾਰਨ ਕਵਨ ਹਮ ਕੋ ਦਰਸ ਨ ਦੀਨ" ॥੨੭॥੨੧੫॥

ਜਦੋਂ ਕੁਝ ਦਿਨ ਬੀਤ ਗਏ ਤਾਂ (ਬਹਾਦਰ) ਸ਼ਾਹ ਨੇ ਇਸ ਤਰ੍ਹਾਂ ਯਾਦ ਕੀਤਾ (ਸੋਚਿਆ), "ਪ੍ਰਭੂ ਜੀ ਆਏ ਹੋਏ ਹਨ, ਪਰ ਕੀ ਕਾਰਨ ਹੈ ਕਿ ਉਹਨਾਂ ਨੇ ਮੈਨੂੰ ਦਰਸ਼ਨ ਨਹੀਂ ਦਿੱਤੇ?" ॥੨੭॥੨੧੫॥

ਕਹਿ ਭੇਜੀ ਪ੍ਰਭ ਸੋਂ ਤਬੈ "ਦਯਾ ਕਰੋ ਕਰਤਾਰ ॥
ਦਰਸ ਦਿਖਾਯੋ ਆਪਨਾ ਅਪਨੀ ਕ੍ਰਿਪਾ ਧਾਰਿ" ॥੨੮॥੨੧੬॥

ਤਦ ਉਸਨੇ ਪ੍ਰਭੂ ਜੀ ਨੂੰ ਸੁਨੇਹਾ ਭੇਜਿਆ, "ਹੇ ਕਰਤਾਰ! ਦਇਆ ਕਰੋ। ਆਪਣੀ ਕਿਰਪਾ ਧਾਰ ਕੇ ਮੈਨੂੰ ਆਪਣੇ ਦਰਸ਼ਨ ਦਿਖਾਓ।" ॥੨੮॥੭੧੬॥

**ਚੌਪਈ**

ਸੂਰ ਸਿੰਘ ਪ੍ਰਭ ਨਿਕਟ ਬੁਲਾਏ ॥ 'ਹੋਹੁ ਤਯਾਰ" ਤਬੈ ਫੁਰਮਾਏ ॥
ਚੜ੍ਹਤ ਕਰੀ ਐਸੇ ਪ੍ਰਭੁ ਧਾਏ ॥ ਡੇਰਨ ਬਾਦਸਾਹ ਕੇ ਆਏ ॥੨੯॥੭੧੭॥

(ਸੁਨੇਹਾ ਮਿਲਣ 'ਤੇ) ਪ੍ਰਭੂ ਜੀ ਨੇ ਸੂਰਮੇ ਸਿੰਘਾਂ ਨੂੰ ਨੇੜੇ ਬੁਲਾਇਆ ਅਤੇ ਤਦ ਹੁਕਮ ਦਿੱਤਾ, "ਤਿਆਰ ਹੋ ਜਾਓ।" ਇਸ ਤਰ੍ਹਾਂ ਤਿਆਰੀ ਕਰਕੇ ਪ੍ਰਭੂ ਜੀ ਤੇਜ਼ੀ ਨਾਲ ਚੱਲ ਪਏ ਅਤੇ ਬਾਦਸ਼ਾਹ ਦੇ ਡੇਰਿਆਂ ਵਿੱਚ ਆ ਪਹੁੰਚੇ। ॥੨੯॥੭੧੭॥

**ਦੋਹਰਾ**

ਆਨ ਸਾਹ ਕੇ ਧਾਮ ਪਰ ਸੂਰ ਖਰੇ ਤਹਾਂ ਕੀਨ ॥
ਆਪ ਧਾਇ ਅੰਦਰਿ ਗਏ ਸਿੰਘ ਸੰਗਿ ਇਕ ਲੀਨ ॥੩੦॥੭੧੮॥

ਬਾਦਸ਼ਾਹ ਦੇ ਨਿਵਾਸ 'ਤੇ ਆ ਕੇ, (ਗੁਰੂ ਜੀ ਨੇ ਆਪਣੇ ਸਿੱਖ) ਸੂਰਮਿਆਂ ਨੂੰ ਉੱਥੇ ਹੀ ਖੜ੍ਹੇ ਰਹਿਣ ਲਈ ਕਿਹਾ। ਆਪ ਇੱਕ ਸਿੰਘ ਨੂੰ ਨਾਲ ਲੈ ਕੇ ਤੇਜ਼ੀ ਨਾਲ ਅੰਦਰ ਚਲੇ ਗਏ। ॥੩੦॥੭੧੮॥

ਖਾਸ ਡੇਵਢੀ ਆਨ ਕੈ ਸਿੰਘ ਤਹਾਂ ਖਲਵਾਇ ॥
ਆਪ ਪ੍ਰਭੂ ਅੰਦਰਿ ਗਏ ਅਪਨੋ ਰੂਪ ਬਨਾਇ ॥੩੧॥੭੧੯॥

ਖ਼ਾਸ ਡਿਉੜ੍ਹੀ 'ਤੇ ਆ ਕੇ, ਉਸ ਸਿੰਘ ਨੂੰ ਉੱਥੇ ਖੜ੍ਹਾ ਕਰਕੇ, ਪ੍ਰਭੂ ਜੀ ਆਪ ਆਪਣਾ (ਸੁੰਦਰ) ਰੂਪ ਸਜਾ ਕੇ ਅੰਦਰ ਗਏ। ॥੩੧॥੭੧੯॥

**ਚੌਪਈ**

ਚੜ੍ਹੀ ਕਮਾਨ ਸਸਤ੍ਰ ਸਬ ਸਾਰੇ ॥ ਕਲਗੀ ਕੀ ਛਬਿ ਅਪਰ ਅਪਾਰੇ ॥
ਲਟਕਤ ਚਲਤ ਤਹਾ ਚਲਿ ਆਏ ॥ ਸਾਹ ਪਾਸ ਬੈਠੇ ਇਮ ਜਾਏ ॥੩੨॥੭੨੦॥

(ਗੁਰੂ ਜੀ ਨੇ) ਕਮਾਨ ਚੜ੍ਹਾਈ ਹੋਈ ਸੀ ਅਤੇ ਸਾਰੇ ਸ਼ਸਤਰ ਸਜਾਏ ਹੋਏ ਸਨ। ਉਹਨਾਂ ਦੀ ਕਲਗੀ ਦੀ ਸ਼ੋਭਾ ਬੇਅੰਤ ਸੀ। ਉਹ ਮਸਤ ਚਾਲ ਚਲਦੇ ਹੋਏ ਉੱਥੇ ਆਏ ਅਤੇ ਇਸ ਤਰ੍ਹਾਂ ਜਾ ਕੇ ਬਾਦਸ਼ਾਹ ਦੇ ਕੋਲ ਬੈਠ ਗਏ। ॥੩੨॥੭੨੦॥

ਸਾਹ ਆਪ ਤਿਹ ਓਰ ਨਿਹਾਰਾ ॥ ਦਰਸਨ ਦੇਖਿ ਭਯੋ ਮਤਵਾਰਾ ॥
ਤਨ ਮਨ ਧਨ ਤੇ ਅਧਿਕ ਬਿਕਾਨਾ ॥ ਕੰਵਲ ਦੇਖਿ ਜਯੋਂ ਭੰਵਰ ਲੁਭਾਨਾ ॥੩੩॥੭੨੧॥

ਬਾਦਸ਼ਾਹ ਨੇ ਆਪ ਉਹਨਾਂ ਵੱਲ ਵੇਖਿਆ ਅਤੇ ਦਰਸ਼ਨ ਕਰਕੇ ਮਸਤ ਹੋ ਗਿਆ। ਉਹ ਆਪਣਾ ਤਨ, ਮਨ, ਅਤੇ ਧਨ ਪੱਖੋਂ (ਜਿਵੇਂ ਗੁਰੂ ਸਾਹਿਬ ਅੱਗੇ) ਵਿੱਕ ਗਿਆ, ਜਿਵੇਂ ਕੰਵਲ ਦੇ ਫੁੱਲ ਨੂੰ ਵੇਖ ਕੇ ਭੌਰਾ ਲੁਭਾਇਮਾਨ ਹੋ ਜਾਂਦਾ ਹੈ। ॥੩੩॥੭੨੧॥

ਧੰਨ ਧੰਨ ਪ੍ਰਭੁ ! ਅਲਖ ਅਪਾਰਾ ॥ ਨਿਹਚਲ ਕੀਨੋ ਰਾਜ ਹਮਾਰਾ ॥
ਦਯਾ ਧਾਰਿ ਹਮਰੇ ਘਰਿ ਆਏ ॥ ਤਖਤ ਬਖਤ ਤੁਮ ਤੇ ਪ੍ਰਭੁ ! ਪਾਏ" ॥੩੪॥੭੨੨॥

(ਬਾਦਸ਼ਾਹ ਨੇ ਕਿਹਾ,) "ਹੇ ਅਲੱਖ ਅਤੇ ਅਪਾਰ ਪ੍ਰਭੂ! ਤੁਸੀਂ ਧੰਨ ਹੋ! ਤੁਸੀਂ ਸਾਡਾ ਰਾਜ ਸਥਿਰ ਕੀਤਾ ਹੈ। ਤੁਸੀਂ ਦਇਆ ਕਰਕੇ ਸਾਡੇ ਘਰ ਆਏ ਹੋ। ਹੇ ਪ੍ਰਭੂ! ਮੈਂ ਇਹ ਤਖ਼ਤ ਅਤੇ ਕਿਸਮਤ ਤੁਹਾਡੇ ਤੋਂ ਹੀ ਪਾਏ ਹਨ।" ॥੩੪॥੭੨੨॥

ਕਲਗੀ ਔਰ ਧੁਕਧੁਕੀ ਆਨੀ ॥ ਖਿਲਅਤ ਏਕ ਸਾਹ ਮਨ ਮਾਨੀ ॥
ਸਾਹ ਪ੍ਰਭੂ ਕੋ ਭੇਟ ਚੜ੍ਹਾਈ ॥ "ਖੁਸੀ ਕਰੋ ਤੁਮ ਸੋ ਬਨਿ ਆਈ" ॥੩੫॥੭੨੩॥

ਬਾਦਸ਼ਾਹ ਨੇ ਇੱਕ ਕਲਗੀ ਅਤੇ ਇੱਕ ਧੁਕਧੁਕੀ (ਗਲੇ ਦਾ ਗਹਿਣਾ) ਲਿਆਂਦੀ। ਇੱਕ ਮਨ-ਪਸੰਦ ਖਿੱਲਤ (ਸਿਰੋਪਾਓ) ਵੀ ਲਿਆਂਦੀ। ਬਾਦਸ਼ਾਹ ਨੇ ਇਹ ਭੇਟਾ ਪ੍ਰਭੂ ਜੀ ਨੂੰ ਚੜ੍ਹਾਈ ਅਤੇ ਕਿਹਾ, "(ਤੁਸੀਂ ਇਸ ਨੂੰ) ਖ਼ੁਸ਼ੀ ਨਾਲ (ਪ੍ਰਵਾਨ) ਕਰੋ। (ਇਹ ਮੇਰੀ ਕਿਸਮਤ ਹੈ ਕਿ ਮੇਰੀ) ਤੁਹਾਡੇ ਨਾਲ (ਨੇੜਤਾ) ਬਣ ਗਈ ਹੈ।" ॥੩੫॥੭੨੩॥

ਤਾਹਿ ਸਮੈ ਪ੍ਰਭੁ ਨੇ ਫੁਰਮਾਯੋ ॥ ਅੰਦਰਿ ਸਾਹਿ ਪੈ ਸਿੰਘ ਬੁਲਾਯੋ ॥
ਬਸਤ੍ਰ ਤਾਹਿ ਪਾਸ ਉਠਵਾਏ ॥ ਬਿਦਾ ਭਏ ਪ੍ਰਭੁ ਡੇਰੇ ਆਏ ॥੩੬॥੧੨੪॥

ਉਸੇ ਸਮੇਂ ਪ੍ਰਭੂ ਜੀ ਨੇ ਹੁਕਮ ਦਿੱਤਾ ਅਤੇ (ਬਾਹਰ ਖੜ੍ਹੇ) ਸਿੰਘ ਨੂੰ ਅੰਦਰ ਬਾਦਸ਼ਾਹ ਕੋਲ ਬੁਲਾਇਆ। ਉਹ ਬਸਤਰ (ਭੇਟਾ) ਉਸ ਸਿੰਘ ਤੋਂ ਚੁਕਵਾਏ ਅਤੇ ਵਿਦਾ ਹੋ ਕੇ ਪ੍ਰਭੂ ਜੀ ਆਪਣੇ ਡੇਰੇ ਆ ਗਏ। ॥੩੬॥੧੨੪॥

ਕਰਤ ਅਨੰਦ ਕੇਲ ਪ੍ਰਭੁ ਘਨੀ ॥ ਪ੍ਰਭੁ ਕੀ ਉਪਮਾ ਪ੍ਰਭੁ ਕੋ ਬਨੀ ॥
ਏਕ ਦਿਵਸ ਕੀ ਕਥਾ ਬਖਾਨੋ ॥ ਉਮਡੀ ਸਜਾਮ ਘਟਾ ਅਤਿ ਮਾਨੋ ॥੩੭॥੧੨੫॥

ਪ੍ਰਭੂ ਜੀ ਬਹੁਤ ਅਨੰਦ ਅਤੇ ਖੇਡ ਕਰਦੇ ਹਨ। ਪ੍ਰਭੂ ਦੀ ਵਡਿਆਈ ਪ੍ਰਭੂ ਨੂੰ ਹੀ ਫਬਦੀ ਹੈ। (ਹੁਣ) ਇੱਕ ਦਿਨ ਦੀ ਕਥਾ ਬਿਆਨ ਕਰਦਾ ਹਾਂ। (ਉਸ ਦਿਨ) ਇੰਝ ਲੱਗ ਰਿਹਾ ਸੀ ਮਾਨੋ ਕਾਲੀਆਂ ਘਟਾਵਾਂ ਬਹੁਤ ਉਮਡ ਆਈਆਂ ਹੋਣ। ॥੩੭॥੧੨੫॥

**ਸਵੈਯਾ**

ਮਾਨੋ ਘਟਾ ਉਮਡੀ ਚਹੂ ਓਰਨ ਤੇ ਰੰਗ ਸਜਾਮ ਬਨੇ ਗਜ ਆਏ ॥ ਮਾਤੇ ਮਤੰਗ ਭਿਰੇ ਯਹ ਭਾਂਤਿਨਿ ਜੇਤੀ ਕਹੋ ਸਬ ਤੇਤੀ ਸਰਾਏ ॥ ਪੇਲ ਦਿਯੋ ਗਜ ਨੇ ਗਜ ਕੌ ਇਤ ਤੇ ਉਤ ਕੋ ਯਹ ਭਾਂਤਿ ਉਠਾਏ ॥ ਸਾਹਨ ਸਾਹ ਪ੍ਰਭੂ ਹਮਰੋ ਤਿਹ ਬੈਠ ਝਰੋਖੇ ਗਇੰਦ ਲਰਾਏ ॥੩੮॥੧੨੬॥

(ਇਹ ਕਾਲੀਆਂ ਘਟਾਵਾਂ ਨਹੀਂ ਸਨ, ਸਗੋਂ) ਕਾਲੇ ਰੰਗ ਦੇ ਹਾਥੀ ਸਜ-ਧਜ ਕੇ ਚਾਰੇ ਪਾਸਿਓਂ ਉਮਡ ਕੇ ਆਏ ਸਨ। ਮਸਤ ਹਾਥੀ ਇਸ ਤਰ੍ਹਾਂ ਆਪਸ ਵਿੱਚ ਭਿੜ ਪਏ। ਜਿੰਨੀ ਵੀ ਮੈਂ (ਉਸ ਬਾਰੇ) ਆਖਾਂ, ਉਹ ਸਭ ਸਰਾਹਨਾ ਹੀ ਹੈ (ਭਾਵ, ਉਨ੍ਹਾਂ ਦੋਹਾਂ ਦੀ ਹੀ ਤਾਕਤ ਸਰਾਹਨਾ ਕਰਨ ਯੋਗ ਹੀ ਸੀ। ਕਿਸੇ ਵਿੱਚ ਵੀ ਕਮੀ ਨਹੀਂ ਸੀ)। (ਜੇਕਰ) ਇੱਧਰੋਂ ਇੱਕ ਹਾਥੀ ਨੇ ਦੂਜੇ ਨੂੰ ਧੱਕ ਦਿੱਤਾ, (ਫਿਰ ਦੂਜੇ ਨੇ ਵੀ) ਉੱਧਰ ਤੋਂ ਉਠਾ

ਦਿੱਤਾ। ਸ਼ਾਹਾਂ ਦੇ ਸ਼ਾਹ ਸਾਡੇ ਪ੍ਰਭੂ ਜੀ, ਝਰੋਖੇ ਵਿੱਚ ਬੈਠ ਕੇ ਇਸ ਤਰ੍ਹਾਂ ਹਾਥੀਆਂ ਨੂੰ ਲੜ੍ਹਾ ਰਹੇ ਸਨ। ॥੩੮॥੭੨੬॥

ਥਾਨਨ ਤੇ ਛੁਟ ਕੈ ਦੋਊ ਕੁੰਚਰ ਤੋਰਿ ਜੰਜੀਰਨ ਸਾਮੁਹੇ ਆਏ ॥ ਸੂੰਡ ਸੋ ਸੂੰਡ ਮਿਲਾਇ ਦਈ ਪਗ ਸੋ ਪਗ ਜੋਰਿ ਕਰੇ ਖੁਨਸਾਏ ॥ ਰੀਝ ਪਰੀ ਬਿਗਸਜੋ ਕਰਤਾ ਤਿਨ ਕੇ ਸਿਰਦਾਰਨ ਦਾਮ ਦਿਵਾਏ ॥ ਸਾਹਨ ਸਾਹ ਪ੍ਰਭੂ ਹਮਰੋ ਤਿਹ ਬੈਠ ਝਰੋਖੇ ਗਇੰਦ ਲਰਾਏ ॥੩੯॥੭੨੭॥

ਦੋਵੇਂ ਹਾਥੀ ਆਪਣੀਆਂ ਥਾਵਾਂ ਤੋਂ ਛੁੱਟ ਕੇ ਅਤੇ ਜ਼ੰਜੀਰਾਂ ਤੋੜ ਕੇ ਸਾਹਮਣੇ ਆਏ। ਸੁੰਡ ਨਾਲ ਸੁੰਡ ਮਿਲਾ ਦਿੱਤੀ ਅਤੇ ਪੈਰ ਨਾਲ ਪੈਰ ਜੋੜ ਕੇ ਗੁੱਸੇ ਵਿੱਚ ਆ ਗਏ। (ਇਹ ਵੇਖ ਕੇ) ਕਰਤਾਰ ਖ਼ੁਸ਼ ਹੋਏ ਅਤੇ ਉਹਨਾਂ ਦੇ ਸਰਦਾਰਾਂ (ਮਹਾਵਤਾਂ) ਨੂੰ ਇਨਾਮ ਦਿਵਾਏ। ਸ਼ਾਹਾਂ ਦੇ ਸ਼ਾਹ ਸਾਡੇ ਪ੍ਰਭੂ ਜੀ, ਝਰੋਖੇ ਵਿੱਚ ਬੈਠ ਕੇ ਇਸ ਤਰ੍ਹਾਂ ਹਾਥੀਆਂ ਨੂੰ ਲੜ੍ਹਾ ਰਹੇ ਸਨ। ॥੩੯॥੭੨੭॥

ਦਉਰ ਕੇ ਧਾਇ ਬਰੋਬਰ ਜਾਇ ਮਿਲੇ ਦੋਊ ਆਇ ਸੁਨੋ ਗਜ ਖਾਏ ॥ ਆਪਸ ਮੋ ਮਿਲ ਟੱਕਰ ਲੇਤ ਕਰੇ ਇਹ ਭਾਂਤਨਿ ਜੋਰ ਸਵਾਏ ॥ ਏਕ ਭਜੇ ਇਕ ਪਾਛੇ ਪਰੇ ਅਤਿ ਪੇਲਤ ਜਾਤ ਮਰਾ ਬਲ ਲਾਏ ॥ ਸਾਹਨ ਸਾਹ ਪ੍ਰਭੂ ਹਮਰੋ ਤਿਹ ਬੈਠ ਝਰੋਖੇ ਗਇੰਦ ਲਰਾਏ ॥੪੦॥੭੨੮॥

ਸੁਣੋ, ਦੋਵੇਂ ਹਾਥੀ ਦੌੜ ਕੇ ਇੱਕ ਦੂਜੇ ਦੇ ਬਰਾਬਰ ਆ ਮਿਲਦੇ ਅਤੇ ਆਪਸ ਵਿੱਚ (ਇੱਕ ਦੂਜੇ ਦੀਆਂ ਟੱਕਰਾਂ) ਸਹਾਰਦੇ। ਇੱਕ ਭੱਜਿਆ ਅਤੇ ਦੂਜਾ ਉਸਦੇ ਪਿੱਛੇ ਪੈ ਗਿਆ ਅਤੇ ਪੂਰਾ ਜ਼ੋਰ ਲਾ ਕੇ ਉਸਨੂੰ ਧੱਕੀ ਜਾ ਰਿਹਾ ਸੀ। ਸ਼ਾਹਾਂ ਦੇ ਸ਼ਾਹ ਸਾਡੇ ਪ੍ਰਭੂ ਜੀ, ਝਰੋਖੇ ਵਿੱਚ ਬੈਠ ਕੇ ਇਸ ਤਰ੍ਹਾਂ ਹਾਥੀਆਂ ਨੂੰ ਲੜ੍ਹਾ ਰਹੇ ਸਨ। ॥੪੦॥੭੨੮॥

**ਦੋਹਰਾ**

ਲੀਲਾ ਅਨਿਕ ਅਨੇਕ ਬਿਧਿ ਅਨਦਿਨ ਕਰਤ ਬਿਹਾਤ ॥
ਸਬ ਕਉਤਕ ਕੈਸੇ ਕਹੋ ਕਛੁ ਕਛੁ ਬਰਨਤ ਜਾਤ ॥੪੧॥੭੨੯॥

(ਪ੍ਰਭੂ ਜੀ) ਹਰ ਰੋਜ਼ ਅਨੇਕਾਂ ਤਰ੍ਹਾਂ ਦੀਆਂ ਲੀਲ੍ਹਾਵਾਂ ਕਰਦੇ ਹੋਏ ਦਿਨ ਬਿਤਾਉਂਦੇ ਸਨ। ਮੈਂ ਸਾਰੇ ਕੌਤਕ ਕਿਵੇਂ ਕਹਿ ਸਕਦਾ ਹਾਂ? ਕੁਝ-ਕੁਝ ਹੀ ਵਰਣਨ ਕੀਤੇ ਜਾ ਸਕਦੇ ਹਨ। ॥੪੧॥੭੨੯॥

**ਚੌਪਈ**

ਕੇਤਕ ਮਾਸ ਅਵਰ ਦਿਸ ਭਏ ॥ ਅਨੰਦ ਕੇਲ ਸੋ ਦਿਵਸ ਬਿਤਏ ॥
ਦੇਸ ਦੇਸ ਤੇ ਸੰਗਤਿ ਆਵੈ ॥ ਦਰਸਨ ਅਗਮ ਪੁਰਖ ਕੋ ਪਾਵੈ ॥੪੨॥੭੩੦॥

ਕੁਝ ਹੋਰ ਮਹੀਨੇ ਬੀਤ ਗਏ। (ਪ੍ਰਭੂ ਜੀ ਨੇ) ਅਨੰਦ ਅਤੇ ਖੇਡਾਂ ਵਿੱਚ ਦਿਨ ਬਿਤਾਏ। ਦੇਸ਼-ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਅਤੇ ਅਗੰਮ ਪੁਰਖ (ਪ੍ਰਭੂ) ਦੇ ਦਰਸ਼ਨ ਪ੍ਰਾਪਤ ਕਰਦੀਆਂ। ॥੪੨॥੭੩੦॥

ਕਛੁ ਇਕ ਕਥਾ ਸਾਹ ਕੀ ਆਈ ॥ ਚਾਹਤ ਸਾਹ ਅਵਰ ਦਿਸ ਜਾਈ ॥
ਰਾਜਪੂਤਨ ਪੈ ਅਤਿ ਧੁਨਿ ਲਾਏ ॥ ਸਾਹ ਬਹਾਦੁਰ ਉਤੈ ਸਿਧਾਏ ॥੪੩॥੭੩੧॥

(ਹੁਣ) ਕੁਝ ਕਥਾ ਬਾਦਸ਼ਾਹ ਦੀ (ਮੈਨੂੰ ਯਾਦ) ਆਈ ਹੈ। ਬਾਦਸ਼ਾਹ ਕਿਸੇ ਹੋਰ ਦਿਸ਼ਾ (ਰਾਜਪੂਤਾਨਾ) ਵੱਲ ਜਾਣਾ ਚਾਹੁੰਦਾ ਸੀ। ਰਾਜਪੂਤਾਂ ਉੱਤੇ (ਹਮਲਾ ਕਰਨ ਦੀ) ਉਸਨੇ ਧੁਨ ਲਾਈ ਹੋਈ ਸੀ, (ਇਸ ਲਈ) ਬਹਾਦਰ ਸ਼ਾਹ ਉਧਰ ਨੂੰ ਚੱਲ ਪਿਆ। ॥੪੩॥੭੩੧॥

**ਦੋਹਰਾ**

ਬਾਗ ਛੋੜਿ ਪ੍ਰਭੁ ਜੀ ਤਬੈ ਗਉਨ ਤਹਾਂ ਤੇ ਕੀਨ ॥
ਐਤਬਾਰਪੁਰ ਆਨ ਕੈ ਧਾਮ ਤਾਲ ਪਰ ਦੀਨ ॥੪੪॥੭੩੨॥

ਤਦ ਪ੍ਰਭੂ ਜੀ ਨੇ ਵੀ ਉਹ ਬਾਗ ਛੱਡ ਦਿੱਤਾ ਅਤੇ ਉੱਥੋਂ ਚਾਲੇ ਪਾ ਦਿੱਤੇ। ਇਤਮਾਦਪੁਰ (ਨਾਮਕ ਥਾਂ) 'ਤੇ ਆ ਕੇ, ਇੱਕ ਤਾਲਾਬ ਦੇ ਕੰਢੇ ਆਪਣਾ ਨਿਵਾਸ ਕੀਤਾ। ॥੪੪॥੭੩੨॥

ਟਿੱਪਣੀ: ਇਤਮਾਦਪੁਰ ਆਗਰਾ ਤੋਂ ਤਕਰੀਬਨ 19 ਕਿਲੋਮੀਟਰ ਦੀ ਦੂਰੀ ਉੱਤੇ ਹੈ

**ਚੌਪਈ**

ਅਲਪ ਦਿਵਸ ਕਛੁ ਤਹਾਂ ਬਿਤਾਏ ॥ ਸਾਹਿਬ ਜੋਰਾਵਰ ਸਿੰਘ ਜੀ ਆਏ ॥
ਅਨੰਦ ਭਯੋ ਬਿਧਿ ਅਨਿਕ ਅਪਾਰਾ ॥ ਦਯਾ ਕਰੀ ਪੂਰਨ ਕਰਤਾਰਾ ॥੪੫॥੭੩੩॥

ਕੁੱਝ ਥੋੜ੍ਹੇ ਜਿਹੇ ਦਿਨ ਉੱਥੇ ਬਿਤਾਏ, (ਤਾਂ ਉੱਥੇ) ਸਾਹਿਬ ਜ਼ੋਰਾਵਰ ਸਿੰਘ ਜੀ ਆ ਗਏ। (ਉਹਨਾਂ ਦੇ ਆਉਣ 'ਤੇ) ਅਨੇਕਾਂ ਤਰ੍ਹਾਂ ਦਾ ਅਪਾਰ ਆਨੰਦ ਹੋਇਆ। ਪੂਰਨ ਕਰਤਾਰ ਨੇ ਦਇਆ ਕੀਤੀ। ॥੪੫॥੭੩੩॥

ਅਨਿਕ ਭਾਂਤਿ ਮੰਗਲ ਗੁਣ ਗਾਏ ॥ ਅਨਿਕ ਭਾਂਤਿ ਬਾਜਨ ਬਜਵਾਏ ॥
ਯਾਚਤਿ ਜਾਚਕ ਆਨਿ ਅਪਾਰਾ ॥ ਦਿਯੇ ਇਨਾਮ ਅਨਿਕ ਬਿਸਥਾਰਾ ॥੪੬॥੭੩੪॥

ਅਨੇਕਾਂ ਤਰ੍ਹਾਂ ਦੇ ਖੁਸ਼ੀ ਦੇ ਗੀਤ ਗਾਏ ਗਏ। ਅਨੇਕਾਂ ਪ੍ਰਕਾਰ ਦੇ ਵਾਜੇ ਵਜਵਾਏ ਗਏ। ਅਣਗਿਣਤ ਮੰਗਤੇ ਆ ਕੇ ਮੰਗਣ ਲੱਗੇ, ਅਤੇ (ਗੁਰੂ ਜੀ ਨੇ) ਬਹੁਤ ਸਾਰੇ ਇਨਾਮ ਵਿਸਥਾਰ ਨਾਲ ਵੰਡੇ। ॥੪੬॥੭੩੪॥

ਐਸੀ ਦਾਤ ਕਰੀ ਪ੍ਰਭੁ ਦਾਤੇ ॥ ਅਲਖ ਨਿਰੰਜਨ ਪੁਰਖ ਬਿਧਾਤੇ ॥
ਅਨਿਕ ਭਾਂਤਿ ਪ੍ਰਭੁ ਜੀ ਬਿਗਸਾਨਾ ॥ ਅਨਿਕ ਹੁਲਾਸ ਜੀਵ ਮੈ ਆਨਾ ॥੪੭॥੭੩੫॥

ਦਾਤਾ ਪ੍ਰਭੂ, ਜੋ ਅਲੱਖ, ਨਿਰੰਜਨ, ਪੁਰਖ ਅਤੇ ਵਿਧਾਤਾ ਹਨ, ਨੇ ਅਜਿਹੀ ਦਾਤ ਕੀਤੀ। ਪ੍ਰਭੂ ਜੀ ਅਨੇਕਾਂ ਤਰੀਕਿਆਂ ਨਾਲ ਪ੍ਰਸੰਨ ਹੋਏ ਅਤੇ ਉਹਨਾਂ ਦੇ ਮਨ ਵਿੱਚ ਬਹੁਤ ਉਤਸ਼ਾਹ ਆਇਆ। ॥੪੭॥੭੩੫॥

ਅਨਿਕ ਬਧਾਵਾ ਅਨਦਿਨ ਗਾਵਤ ॥ ਸਰਬ ਅਨੰਦ ਸਿੱਖ ਸਬ ਪਾਵਤ ॥
ਕੇਤਕ ਦਿਵਸਨ ਅਵਰ ਬਿਤਾਯੋ ॥ ਕੀਨੋ ਕੂਚ ਸਾਹ ਪੈ ਧਾਯੋ ॥੪੮॥੭੩੬॥

ਹਰ ਰੋਜ਼ ਅਨੇਕਾਂ ਵਧਾਈਆਂ ਗਾਈਆਂ ਜਾਂਦੀਆਂ ਸਨ। ਸਾਰੇ ਸਿੱਖ ਸਰਬ-ਅਨੰਦ ਪ੍ਰਾਪਤ ਕਰ ਰਹੇ ਸਨ। ਕੁਝ ਹੋਰ ਦਿਨ ਬਿਤਾ ਕੇ, (ਗੁਰੂ ਜੀ ਨੇ ਵੀ) ਕੂਚ ਕੀਤਾ ਅਤੇ ਬਾਦਸ਼ਾਹ ਵੱਲ ਤੇਜ਼ੀ ਨਾਲ ਚੱਲ ਪਏ। ॥੪੮॥੭੩੬॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਮੁਲਾਕਾਤ ਬਾਦਸਾਹ ਕੀ ਬਰਨਨੰ ਸੋਲ੍ਹਵਾਂ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੬ ॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਵਿਖੇ ਬਾਦਸ਼ਾਹ ਨਾਲ ਮੁਲਾਕਾਤ ਦੇ ਵਰਣਨ ਦਾ ਸੋਲ੍ਹਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ। ॥੧੬॥

*****

ਅਧਿਆਇ ੧੭

ਚਿਤੌੜ ਵਿਖੇ ਜੰਗ

**ਭੁਜੰਗ ਪ੍ਰਯਾਤ ਛੰਦ**
ਚਲੇ ਕੂਚ ਦਰਿ ਕੂਚ ਕਰਿ ਕੂਚ ਐਸੇ । ਕਹੇ ਆਪਨੇ ਆਪ ਹੀ ਆਪ ਜੈਸੇ ।
ਗਏ ਮਜਲ ਦਰਿ ਮਜਲ ਐਸੇ ਸਿਧਾਏ। ਤਬੈ ਸਾਹ ਕੇ ਕਟਕ ਕੇ ਨਿਕਟ ਆਏ ॥੧॥੭੩੭॥

(ਗੁਰੂ ਸਾਹਿਬ ਦੇ ਲਸ਼ਕਰ) ਇਸ ਤਰ੍ਹਾਂ ਲਗਾਤਾਰ ਕੂਚ ਕਰਦੇ ਹੋਏ ਚੱਲਦੇ ਰਹੇ, ਜਿਵੇਂ (ਗੁਰੂ ਸਾਹਿਬ) ਆਪ ਹੀ ਉਨ੍ਹਾਂ ਨੂੰ ਆਖਦੇ ਰਹੇ। ਉਹ ਪੜਾਅ-ਦਰ-ਪੜਾਅ ਇਸ ਤਰ੍ਹਾਂ ਅੱਗੇ ਵਧਦੇ ਗਏ ਅਤੇ ਤਦ ਉਹ ਬਾਦਸ਼ਾਹ ਦੇ ਲਸ਼ਕਰ ਦੇ ਨੇੜੇ ਪਹੁੰਚ ਗਏ। ॥੧॥੭੩੭॥

ਚਲੇ ਸਾਹ ਕੇ ਸਾਥ ਹੀ ਸਾਥ ਮਾਨੋ । ਕਿਯੇ ਕੂਚ ਕੇਤੇ ਇਸੀ ਭਾਂਤਿ ਜਾਨੋ ।
ਲਈ ਘੇਰ ਅਜਮੇਰ ਕਰਿ ਜੇਰ ਧਾਯੋ । ਨਿਕਟ ਜੋਧਪੁਰ ਜਾਇ ਡੰਕਾ ਬਜਾਯੋ ॥੨॥੭੩੮॥

ਉਹ (ਗੁਰੂ ਸਾਹਿਬ) ਮਾਨੋ ਬਾਦਸ਼ਾਹ ਦੇ ਨਾਲ-ਨਾਲ ਹੀ ਚੱਲ ਰਹੇ ਸਨ। ਇਸੇ ਤਰ੍ਹਾਂ ਉਹਨਾਂ ਨੇ ਕਈ ਕੂਚ ਕੀਤੇ। (ਬਾਦਸ਼ਾਹ ਨੇ) ਅਜਮੇਰ ਨੂੰ ਘੇਰ ਕੇ ਉਸਨੂੰ ਆਪਣੇ ਅਧੀਨ ਕਰ ਲਿਆ ਅਤੇ ਫਿਰ ਜੋਧਪੁਰ ਦੇ ਨੇੜੇ ਜਾ ਕੇ (ਜਿੱਤ ਦਾ) ਨਗਾਰਾ ਵਜਾਇਆ। ॥੨॥੭੩੮॥

ਤਬੈ ਰਾਜਪੂਤਾਨ ਐਸੇ ਨਿਹਾਰੋ । ਪਰੋ ਆਨਿ ਕੈ ਸਾਹ ਲੈ ਕਟਕ ਭਾਰੋ ।
ਲਰੈ ਕੈ ਭਜੈ ਕੈ ਮਰੈ ਜੁੱਧ ਕੈ ਕੈ । ਕਿਯੋ ਰਾਜ ਬੀਚਾਰ ਮੰਤ੍ਰੀਆਨ ਲੈ ਕੈ ॥੩॥੭੩੯॥

ਤਦ ਰਾਜਪੂਤਾਂ ਨੇ ਦੇਖਿਆ ਕਿ ਬਾਦਸ਼ਾਹ ਆਪਣੀ ਭਾਰੀ ਫੌਜ ਲੈ ਕੇ ਆ ਪਹੁੰਚਿਆ ਹੈ। ਉਹਨਾਂ ਨੇ ਆਪਣੇ ਮੰਤਰੀਆਂ ਨਾਲ ਮਿਲ ਕੇ ਇਹ ਵਿਚਾਰ ਕੀਤਾ ਕਿ ਲੜਿਆ ਜਾਵੇ, ਭੱਜਿਆ ਜਾਵੇ ਜਾਂ ਯੁੱਧ ਕਰਕੇ ਮਰਿਆ ਜਾਵੇ। ॥੩॥੭੩੯॥

ਕਿਯੇ ਮੰਤ੍ਰ ਕੇਤੇ ਰਿਦੇ ਏਕ ਆਨੇ । ਕਿਯੋ ਕਾਮ ਐਸੇ ਭਲੀ ਭਾਂਤਿ ਜਾਨੋ । ਮਿਲੋ ਸਾਹ ਸੋ ਜੀਤ ਸਿੰਘਾਨ ਰਾਜਾ । ਫਤੇ ਕਾ ਤਬਰ ਸਾਹ ਕਾ ਅੰਤ ਬਾਜਾ ॥੪।।੭੪੦।।

ਬਹੁਤ ਸਾਰੀਆਂ ਸਲਾਹਾਂ ਕਰਨ ਤੋਂ ਬਾਅਦ ਉਹ ਇੱਕ ਵਿਚਾਰ 'ਤੇ ਪਹੁੰਚੇ। ਉਹਨਾਂ ਨੇ ਇਹ ਕੰਮ ਕੀਤਾ, ਇਸਨੂੰ ਚੰਗੀ ਤਰ੍ਹਾਂ ਸਮਝ ਲਵੋ। ਰਾਜਾ ਅਜੀਤ ਸਿੰਘ ਬਾਦਸ਼ਾਹ (ਬਹਾਦੁਰ ਸ਼ਾਹ) ਨੂੰ ਜਾ ਮਿਲਿਆ। ਅੰਤ ਵਿੱਚ, ਬਾਦਸ਼ਾਹ ਦੀ ਜਿੱਤ ਦਾ ਨਗਾਰਾ ਵੱਜਿਆ। ॥੪॥੭੪੦॥

ਟਿੱਪਣੀ: ਜੋਧਪੁਰ ਦਾ ਅਜੀਤ ਸਿੰਘ 15 ਫ਼ਰਵਰੀ, 1708 ਨੂੰ ਬਹਾਦੁਰ ਸ਼ਾਹ ਨੂੰ ਮੇੜਤਾ ਦੇ ਨੇੜੇ ਅਨੰਦਪੁਰ ਵਿੱਚ ਮਿਲਿਆ। 11 ਮਾਰਚ ਨੂੰ ਉਸ ਨੂੰ ਮਹਾਰਾਜਾ ਦਾ ਟਾਈਟਲ ਦਿੱਤਾ ਗਿਆ। ਮਗਰੋਂ ਉਹ ਸ਼ਾਹੀ ਮੁਗ਼ਲ ਕੈਂਪ ਵਿੱਚੋਂ ਖਿਸਕ ਗਿਆ ਅਤੇ 18 ਜੁਲਾਈ, 1708 ਨੂੰ ਦੁਬਾਰਾ ਜੋਧਪੁਰ ਉੱਤੇ ਆਪਣੀ ਆਜ਼ਾਦ ਹਕੂਮਤ ਕਾਇਮ ਕਰ ਲਈ। ਮਗਰੋਂ, ਬਾਦਸ਼ਾਹ ਫ਼ਰੁਖ਼ਸੀਅਰ ਦੇ ਸਮੇਂ ਮਹਾਰਾਜਾ ਅਜੀਤ ਸਿੰਘ ਨੇ ਆਪਣੀ ਧੀ ਦਾ ਡੋਲਾ ਫ਼ਰੁਖ਼ਸੀਅਰ ਨਾਲ ਵਿਆਹ ਲਈ ਦਿੱਤਾ।

ਕਿਯੋ ਸਾਹ ਅਜਮੇਰ ਮੈ ਖ਼ੂਬ ਥਾਨਾ । ਗਏ ਜੋ ਉਦੇਪੁਰ ਡਰਾ ਅੰਤ ਰਾਨਾ ।
ਤਿਨੈ ਸਾਜ ਕੈ ਪੁਤ੍ਰ ਤਾ ਪੈ ਪਠਾਯੋ । ਮਿਲਾ ਸਾਹ ਸੋ ਆਨ ਆਨੰਦ ਪਾਯੋ ॥੫॥੭੪੧॥

ਬਾਦਸ਼ਾਹ ਨੇ ਅਜਮੇਰ ਵਿੱਚ ਆਪਣਾ ਪੱਕਾ ਥਾਣਾ ਕਾਇਮ ਕਰ ਲਿਆ। ਜੋ ਉਦੈਪੁਰ ਗਏ, ਉੱਥੇ ਦਾ ਰਾਣਾ (ਇਹ ਸੁਣ ਕੇ) ਆਖ਼ਰਕਾਰ ਡਰ ਗਿਆ। ਉਸਨੇ ਆਪਣੇ ਪੁੱਤਰ ਨੂੰ ਤਿਆਰ ਕਰਕੇ ਉਸ (ਬਾਦਸ਼ਾਹ) ਕੋਲ ਭੇਜਿਆ। ਉਹ ਬਾਦਸ਼ਾਹ ਨੂੰ ਆ ਕੇ ਮਿਲਿਆ ਅਤੇ (ਅਧੀਨਗੀ ਕਬੂਲ ਕਰਕੇ) ਆਨੰਦ ਪ੍ਰਾਪਤ ਕੀਤਾ। ॥੫॥੭੪੧॥

ਜਬੈ ਸਾਹ ਨੇ ਜੀਵ ਮੈ ਮੰਤ੍ਰ ਆਨਾ । ਤਬੈ ਦੱਛਨੰ ਦੇਸ ਕੀਨੋ ਪਯਾਨਾ ।
ਚਲੈ ਕੂਚ ਦਰ ਕੂਚ ਕਰਿ ਕੂਚ ਭਾਰੇ । ਲਿਯੇ ਸੰਗ ਸੀਪਾਹ ਉਮਰਾਵ ਸਾਰੇ ॥੬॥੭੪੨॥

ਜਦੋਂ ਬਾਦਸ਼ਾਹ ਨੇ ਆਪਣੇ ਮਨ ਵਿੱਚ ਸਲਾਹ ਬਣਾਈ, ਤਦ ਉਸਨੇ ਦੱਖਣ ਦੇਸ਼ ਵੱਲ ਕੂਚ ਕਰ ਦਿੱਤਾ। ਉਹ ਲਗਾਤਾਰ ਭਾਰੀ ਕੂਚ ਕਰਦੇ ਹੋਏ ਚੱਲ ਪਏ ਅਤੇ ਆਪਣੇ ਨਾਲ ਸਾਰੇ ਸਿਪਾਹੀ ਅਤੇ ਉਮਰਾਵ (ਅਮੀਰ-ਵਜ਼ੀਰ) ਲੈ ਲਏ। ॥੬॥੭੪੨॥

ਚਲੇ ਸਾਹਿਬੰ ਸਾਹ ਕੇ ਸਾਥ ਸਾਥੰ । ਕਰੇ ਜੋ ਚਲਿਤ ਆਪ ਹੀ ਆਪ ਨਾਥੰ ।
ਤਬੈ ਨਿਕਟ ਚੀਤੌਰ ਕੇ ਆਪ ਆਯੋ । ਜੋਰਾਵਰ ਸਿੰਘੰ ਸਾਥ ਦੇਖੰ ਸਿਧਾਯੋ ॥੭॥੭੪੩॥

ਸਾਹਿਬ (ਗੁਰੂ ਗੋਬਿੰਦ ਸਿੰਘ ਜੀ) ਵੀ ਬਾਦਸ਼ਾਹ ਦੇ ਨਾਲ-ਨਾਲ ਚੱਲ ਪਏ। ਨਾਥ (ਪ੍ਰਭੂ) ਆਪ ਹੀ ਆਪਣੇ ਕੌਤਕ ਕਰਦੇ ਰਹੇ। ਤਦ ਆਪ ਜੀ (ਗੁਰੂ ਜੀ) ਚਿਤੌੜ ਦੇ ਨੇੜੇ ਆਏ। (ਸਾਹਿਬਜ਼ਾਦਾ) ਜ਼ੋਰਾਵਰ ਸਿੰਘ ਜੀ (ਕਿਲ੍ਹੇ ਨੂੰ) ਦੇਖਣ ਲਈ ਨਾਲ ਚੱਲ ਪਏ। ॥੭॥੭੪੩॥

ਚੜੋ ਜਾਇ ਚੀਤੌਰ ਕਰਿ ਕਾਮ ਐਸੇ । ਨਫਰ ਦੋਇ ਕੈ ਤੀਨ ਥੇ ਸਾਥ ਤੈਸੇ ।
ਨਫਰ ਘਾਸ ਕੋ ਦੋਇ ਨੀਚੇ ਪਠਾਏ। ਭਲੀ ਭਾਂਤਿ ਸੋ ਆਪਿ ਡੰਕਾ ਬਜਾਏ ॥੮॥੭੪੪॥

ਉਹ (ਜ਼ੋਰਾਵਰ ਸਿੰਘ ਜੀ) ਚਿਤੌੜ 'ਤੇ ਜਾ ਚੜ੍ਹੇ ਅਤੇ ਇਸ ਤਰ੍ਹਾਂ ਕੰਮ ਕੀਤਾ: ਉਹਨਾਂ ਦੇ ਨਾਲ ਦੋ-ਤਿੰਨ ਸੇਵਕ ਸਨ। ਉਹਨਾਂ ਨੇ ਦੋ ਸੇਵਕਾਂ ਨੂੰ ਘਾਹ ਲੈਣ ਲਈ ਹੇਠਾਂ ਭੇਜਿਆ ਅਤੇ ਆਪ ਚੰਗੀ ਤਰ੍ਹਾਂ ਨਾਲ ਨਗਾਰਾ ਵਜਾਉਣ ਲੱਗੇ। ॥੮॥੭੪੪॥

ਭਈ ਡੰਕ ਕੀ ਘੋਰ ਸੁਨਿ ਚੋਰ ਦੌਰੇ । ਮਿਲੇ ਘਾਸ ਲੇਤੇ ਭਈ ਬਾਤ ਔਰੇ ।

ਮਹਾ ਕੋਪ ਕੋਪੇ ਕਿਯੇ ਕਾਮ ਭਾਰੇ । ਕਿਯਾ ਜੁੱਧ ਕੇਤਾ ਦੁਊ ਅੰਤ ਮਾਰੇ ॥੯॥੭੪੫॥

ਨਗਾਰੇ ਦੀ ਉੱਚੀ ਆਵਾਜ਼ ਸੁਣ ਕੇ (ਇਲਾਕੇ ਦੇ) ਚੋਰ-ਲੁਟੇਰੇ ਦੌੜ ਕੇ ਆਏ। ਉਹਨਾਂ ਨੇ (ਸਿੰਘਾਂ ਨੂੰ) ਘਾਹ ਲੈਂਦੇ ਹੋਏ ਦੇਖਿਆ ਅਤੇ ਮਾਮਲਾ ਵਿਗੜ ਗਿਆ। ਬਹੁਤ ਗੁੱਸੇ ਵਿੱਚ ਆ ਕੇ ਉਹਨਾਂ (ਲੁਟੇਰਿਆਂ) ਨੇ ਵੱਡਾ ਹਮਲਾ ਕਰ ਦਿੱਤਾ। ਬਹੁਤ ਯੁੱਧ ਹੋਇਆ ਅਤੇ ਅੰਤ ਵਿੱਚ ਦੋਵੇਂ ਸਿੰਘ ਮਾਰੇ ਗਏ (ਸ਼ਹੀਦ ਹੋ ਗਏ)। ॥੯॥੭੪੫॥

ਚਲੋ ਕ੍ਰੋਧ ਸੋ ਕੋਪ ਕੈ ਅੰਤ ਆਏ । ਤਿਨੇ ਆਨਿ ਤਿਹ ਠੌਰ ਐਸੇ ਬਤਾਏ ।
ਤਜੌ ਹਾਥ ਤੇ ਵਾਰ ਹਥਿਆਰ ਸਾਰੇ । ਕਹੈ ਬੈਨ ਭਾਰੀ ਸੁ ਐਸੇ ਨਿਹਾਰੇ ॥੧੦॥੭੪੬॥

(ਇਹ ਖ਼ਬਰ ਸੁਣ ਕੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ) ਗੁੱਸੇ ਨਾਲ ਭਰ ਕੇ ਓਥੇ ਆ ਪਹੁੰਚੇ। ਉਹਨਾਂ ਨੇ ਉਸ ਥਾਂ 'ਤੇ ਆ ਕੇ (ਲੁਟੇਰਿਆਂ ਨੂੰ) ਇਸ ਤਰ੍ਹਾਂ ਕਿਹਾ ਅਤੇ ਉਹਨਾਂ ਵੱਲ ਤੱਕ ਕੇ ਭਾਰੀ (ਰੋਹ ਭਰੇ) ਬਚਨ ਕਹੇ: "ਸਾਰੇ ਹਥਿਆਰ ਆਪਣੇ ਹੱਥਾਂ ਵਿਚੋਂ ਛੱਡ ਦਿਓ।" ॥੧੦॥੭੪੬॥

**ਭੁਜੰਗ ਪ੍ਰਯਾਤ ਛੰਦ**

ਲਏ ਬਾਣ ਪਾਣੰ ਘਨੇ ਵਾਰਿ ਕੀਨੇ । ਕਿਤੇ ਦੁਸਟ ਮਾਰੇ ਤਹਾਂ ਡਾਰਿ ਦੀਨੇ ।
ਬਚੇ ਜੇ ਭਜੇ ਜਾਇ ਤੇਈ ਪੁਕਾਰੇ । ਚੜ੍ਹੇ ਦੁਸਟਿ ਕੇਤੇ ਨਹੀਂ ਵਾਰ ਪਾਰੇ ॥੧੧॥੭੪੭॥

(ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਨੇ) ਹੱਥ ਵਿੱਚ ਤੀਰ-ਕਮਾਨ ਲੈ ਕੇ ਕਈ ਵਾਰ ਕੀਤੇ। ਕਿੰਨੇ ਹੀ ਦੁਸ਼ਟ ਮਾਰ ਕੇ ਉੱਥੇ ਹੀ ਸੁੱਟ ਦਿੱਤੇ। ਜਿਹੜੇ ਬਚ ਗਏ, ਉਹ ਭੱਜ ਗਏ ਅਤੇ (ਹੋਰ ਸਾਥੀਆਂ ਨੂੰ) ਜਾ ਕੇ ਪੁਕਾਰਿਆ। ਹੋਰ ਕਿੰਨੇ ਹੀ ਦੁਸ਼ਟ ਚੜ੍ਹ ਕੇ ਆਏ। ਉਹਨਾਂ ਦਾ ਕੋਈ ਪਾਰਾਵਾਰ ਨਹੀਂ ਸੀ। ॥੧੧॥੭੪੭॥

ਨਹੀਂ ਬਾਰ ਲਾਗੀ ਘਨੇ ਦੁਸਟਿ ਆਏ । ਚਹੂੰ ਓਰ ਤੇ ਆਨਿ ਕੈ ਸਸਤ੍ਰ ਬਾਹੇ ।
ਗਡੀ ਭੂਮਿ ਤੇ ਆਪ ਬਰਛੀ ਉਖਾਰੀ । ਲਈ ਹਾਥਿ ਮਾਹੀ ਕਿਯੇ ਵਾਰਿ ਭਾਰੀ ॥੧੨॥੭੪੮॥

ਕੋਈ ਦੇਰ ਨਹੀਂ ਲੱਗੀ ਸੀ ਕਿ ਬਹੁਤ ਸਾਰੇ ਦੁਸ਼ਟ ਆ ਗਏ। ਉਹਨਾਂ ਨੇ ਚਾਰੇ ਪਾਸਿਓਂ ਆ ਕੇ ਹਥਿਆਰ ਚਲਾਏ। (ਸਾਹਿਬਜ਼ਾਦਾ ਜੀ ਨੇ) ਜ਼ਮੀਨ ਵਿੱਚ ਗੱਡੀ ਹੋਈ ਇੱਕ ਬਰਛੀ ਪੁੱਟ ਲਈ, ਉਸਨੂੰ ਹੱਥ ਵਿੱਚ ਫੜਿਆ ਅਤੇ ਭਾਰੀ ਵਾਰ ਕੀਤੇ। ॥੧੨॥੭੪੮॥

ਗਿਰੀ ਲੋਥ ਪੈ ਲੋਥ ਐਸੇ ਪੁਕਾਰੇ । ਕਹੂੰ ਡਾਰ ਤੇ ਤੋਰਿ ਕੈ ਫੂਲ ਡਾਰੇ ।
ਗੁਹੇ ਭਾਂਤਿ ਤਾ ਕੀ ਕਿਧੋ ਹਾਰ ਕੀਨੇ । ਭਏ ਅੰਤ ਬਾਸੀ ਤਊ ਡਾਰਿ ਦੀਨੇ ॥੧੩॥੭੪੯॥

(ਕਵੀ ਜੀ) ਕਹਿੰਦੇ ਹਨ ਕਿ ਲਾਸ਼ ਉੱਤੇ ਲਾਸ਼ ਇਸ ਤਰ੍ਹਾਂ ਡਿੱਗੀ, ਜਿਵੇਂ ਕਿਸੇ ਨੇ ਟਾਹਣੀ ਤੋਂ ਫੁੱਲ ਤੋੜ-ਤੋੜ ਕੇ ਸੁੱਟੇ ਹੋਣ। ਇੰਞ ਲੱਗਦਾ ਸੀ ਜਿਵੇਂ ਉਹਨਾਂ (ਲਾਸ਼ਾਂ) ਦਾ ਹਾਰ ਪਰੋ ਦਿੱਤਾ ਹੋਵੇ, ਤੇ ਫਿਰ ਬਾਸੀ ਹੋ ਗਏ, ਇਸਲਈ ਉੱਥੇ ਸੁੱਟ ਦਿੱਤੇ ਗਏ। ॥੧੩॥੭੪੯॥

ਚਹੂੰ ਓਰ ਤੇ ਚੋਰ ਕਰਿ ਸੋਰ ਦੌਰੇ । ਮਹਾ ਅੰਤ ਆਏ ਭਈ ਬਾਤ ਔਰੇ ।
ਤਹਾਂ ਆਨਿ ਕੈ ਸਸਤ੍ਰ ਪੈ ਸਸਤ੍ਰ ਝਾਰੇ । ਕਹਾਂ ਕੈ ਬਖਾਨੋ ਲਗੇ ਵਾਰਿ ਭਾਰੇ ॥੧੪॥੭੫੦॥

ਚਾਰੇ ਪਾਸਿਆਂ ਤੋਂ ਲੁਟੇਰੇ ਰੌਲਾ ਪਾਉਂਦੇ ਹੋਏ ਦੌੜ ਕੇ ਆਏ। ਬਹੁਤ ਜ਼ਿਆਦਾ ਗਿਣਤੀ ਵਿੱਚ ਆ ਜਾਣ ਕਾਰਨ ਹਾਲਾਤ ਹੋਰ ਵਿਗੜ ਗਏ। ਉਹਨਾਂ ਨੇ ਉੱਥੇ ਆ ਕੇ ਹਥਿਆਰਾਂ ਉੱਤੇ ਹਥਿਆਰ ਵਰਸਾਏ। ਮੈਂ ਕੀ ਦੱਸਾਂ, ਬਹੁਤ ਭਾਰੀ ਵਾਰ ਹੋਣ ਲੱਗੇ। ॥੧੪॥੭੫੦॥

ਲਗਯੋ ਵਾਰ ਐਸੇ ਬਹਯੋ ਸ੍ਰੋਨ ਭਾਰੀ । ਭਯੋ ਲਾਲ ਬਾਗਾ ਭਿਜੀ ਦੇਹ ਸਾਰੀ ।
ਕਹੂੰ ਰੈਨ ਜਾਗਾ ਕਿਧੋ ਪ੍ਰੇਮ ਮਾਤਾ । ਚੜ੍ਹੀ ਜੋ ਖੁਮਾਰੀ ਚਲੈ ਡਗਮਗਾਤਾ ॥੧੫॥੭੫੧॥

(ਸਾਹਿਬਜ਼ਾਦੇ ਦੇ) ਅਜਿਹੇ ਵਾਰ ਲੱਗੇ ਕਿ ਬਹੁਤ ਲਹੂ ਵਹਿ ਤੁਰਿਆ। ਉਹਨਾਂ ਦਾ ਚੋਲਾ ਲਾਲ ਹੋ ਗਿਆ ਅਤੇ ਸਾਰਾ ਸਰੀਰ (ਖ਼ੂਨ ਨਾਲ) ਭਿੱਜ ਗਿਆ। (ਉਹ ਇਸ ਤਰ੍ਹਾਂ ਸਨ) ਜਿਵੇਂ ਕੋਈ ਰਾਤ ਭਰ ਜਾਗਿਆ ਹੋਵੇ ਜਾਂ ਪ੍ਰੇਮ ਵਿੱਚ ਮਸਤ ਹੋਵੇ। ਉਹ (ਇੰਝ) ਡਗਮਗਾਉਂਦੇ ਹੋਏ ਚੱਲ ਰਹੇ ਸਨ, ਜਿਵੇਂ ਉਨ੍ਹਾਂ ਨੂੰ ਖੁਮਾਰੀ ਚੜ੍ਹੀ ਹੋਵੇ। ॥੧੫॥੭੫੧॥

ਫਿਰੈ ਝੂਮਤਾ ਝੂਲਤਾ ਸਸਤ੍ਰ ਲੈ ਕੇ । ਘਨੇ ਦੁਸਟ ਮਾਰੇ ਮਹਾ ਜੁਧ ਕੈ ਕੈ ।
ਕਿਯੋ ਅੰਤ ਸਾਕਾ ਭਲੀ ਭਾਂਤਿ ਸੂਰੇ । ਕ੍ਰਿਆ ਕਾਲ ਕੀ ਕੈ ਭਏ ਅੰਤ ਪੂਰੈ ॥੧੬॥੭੫੨॥

ਉਹ ਹੱਥ ਵਿੱਚ ਹਥਿਆਰ ਲੈ ਕੇ ਝੂਮਦੇ ਅਤੇ ਝੂਲਦੇ ਹੋਏ (ਜੰਗ ਦੇ ਮੈਦਾਨ ਵਿੱਚ) ਘੁੰਮ ਰਹੇ ਸਨ। ਉਹਨਾਂ ਨੇ ਭਿਆਨਕ ਯੁੱਧ ਕਰਕੇ ਬਹੁਤ ਸਾਰੇ ਦੁਸ਼ਟਾਂ ਨੂੰ ਮਾਰਿਆ। ਅੰਤ ਵਿੱਚ ਉਸ ਸੂਰਮੇ ਨੇ ਚੰਗੀ ਤਰ੍ਹਾਂ ਸਾਕਾ ਕੀਤਾ। ਕਾਲ (ਅਕਾਲ ਪੁਰਖ) ਦੀ ਕਰਨੀ ਨੂੰ ਪੂਰਾ ਕਰਕੇ ਉਹ ਅੰਤ ਵਿੱਚ ਸੰਪੂਰਨ ਹੋ ਗਏ (ਸ਼ਹੀਦੀ ਪਾ ਗਏ)। ॥੧੬॥੭੫੨॥

ਨਹੀਂ ਜਾਨ ਜਾਈ ਕਹਾ ਖੇਲ ਕੀਨਾ । ਗਿਰੇ ਜੂਝ ਕੈ ਕੈ ਕਹੂ ਗੋਨ ਕੀਨਾ ।
ਲਰਯੋ ਸਿੰਘ ਦੂਜਾ ਵਹੈ ਅੰਤ ਘਾਯੋ । ਕਿਧੋਂ ਭਾਜਿ ਕੈ ਸਾਹਿਬੰ ਪਾਸ ਆਯੋ ॥੧੭॥੭੫੩॥

ਇਹ ਜਾਣਿਆ ਨਹੀਂ ਜਾ ਸਕਦਾ ਕਿ (ਉਸ ਵੇਲੇ) ਕੀ ਕੌਤਕ ਵਾਪਰਿਆ। ਕੀ ਉਹ ਜੂਝ ਕੇ ਡਿੱਗ ਪਏ ਜਾਂ ਕਿਤੇ ਚਲੇ ਗਏ? ਦੂਜਾ ਸਿੰਘ ਵੀ ਲੜਿਆ ਅਤੇ ਅੰਤ ਵਿੱਚ ਜ਼ਖਮੀ ਹੋ ਗਿਆ। ਜਾਂ ਫਿਰ ਉਹ ਬਚ ਕੇ ਸਾਹਿਬ (ਗੁਰੂ ਜੀ) ਕੋਲ ਆ ਗਿਆ, (ਇਸ ਬਾਰੇ ਪੱਕਾ ਪਤਾ ਨਹੀਂ ਲੱਗਾ)। ॥੧੭॥੭੫੩॥

ਸੁਨੀ ਸਾਹਿਬੰ ਫਉਜ ਤਾਤੇ ਪਠਾਈ । ਤਹਾਂ ਕੀ ਨਿਸਾਨੀ ਤਹਾਂ ਬੇਗ ਆਈ ।

ਲਖੀ ਜਾਇ ਕੈ ਬੈਨ ਐਸੇ ਉਚਾਰੇ । ਬਡੋ ਸੂਰਮਾ ਹੈ ਕਿਯੋ ਲੋਹ ਭਾਰੇ ॥੧੮॥੭੫੪॥

ਜਦੋਂ ਸਾਹਿਬ (ਗੁਰੂ ਜੀ) ਨੇ ਇਹ ਖ਼ਬਰ ਸੁਣੀ ਤਾਂ ਉਹਨਾਂ ਨੇ ਉੱਥੇ ਫ਼ੌਜ ਭੇਜੀ। ਉੱਥੋਂ ਦੀ ਕੋਈ ਨਿਸ਼ਾਨੀ ਛੇਤੀ ਹੀ (ਗੁਰੂ ਜੀ ਕੋਲ) ਲਿਆਂਦੀ ਗਈ। ਉਸਨੂੰ ਦੇਖ ਕੇ (ਗੁਰੂ ਜੀ ਨੇ) ਇਸ ਤਰ੍ਹਾਂ ਬਚਨ ਉਚਾਰੇ: "ਉਹ ਬਹੁਤ ਵੱਡਾ ਸੂਰਮਾ ਸੀ, ਉਸਨੇ ਭਾਰੀ ਜੰਗ ਕੀਤਾ ਹੈ।" ॥੧੮॥੭੫੪॥

ਤਹਾਂ ਤਾਤ ਹੀ ਕਾਲ ਕਾਲੈ ਰਲਾਯੋ । ਮਿਲੀ ਜੋਤਿ ਸੋ ਜੋਤਿ ਨਹਿ ਅੰਤ ਪਾਯੋ ।
ਕਿਯੋ ਖੇਲ ਕਰਤਾਰ ਨਹਿ ਜਾਤ ਜਾਨੀ । ਕਹਾ ਕੈ ਦਿਖਾਈ ਕਹਾ ਦਿਸਟਿ ਆਨੀ ॥੧੯॥੭੫੫॥

ਉਸੇ ਵੇਲੇ ਕਾਲ (ਅਕਾਲ ਪੁਰਖ) ਨੇ ਉਸਨੂੰ ਆਪਣੇ ਵਿੱਚ ਮਿਲਾ ਲਿਆ। ਉਹਨਾਂ ਦੀ ਜੋਤ (ਪਰਮਾਤਮਾ ਦੀ) ਜੋਤ ਵਿੱਚ ਇਸ ਤਰ੍ਹਾਂ ਮਿਲ ਗਈ ਕਿ ਉਸਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਕਰਤਾਰ ਦਾ ਇਹ ਖੇਲ ਸਮਝਿਆ ਨਹੀਂ ਜਾ ਸਕਦਾ। ਕੀ ਕਹਿ ਕੇ ਦੱਸੀਏ ਕਿ ਉੱਥੇ ਕੀ ਨਜ਼ਾਰਾ ਦੇਖਿਆ। ॥੧੯॥੭੫੫॥

ਚਲੇ ਜੋ ਤਹਾ ਤੇ ਘਨੇ ਕੂਚ ਕੀਨੇ । ਨਹੀਂ ਰਾਹ ਆਗੇ ਸੁਨੀ ਸਾਹ ਜੀ ਨੇ ।
ਗਏ ਨਰਬਦਾ ਪੈ ਮੁਕਾਮੰ ਬਤਾਏ । ਕਿਤੇ ਦਯੋਸ ਬੀਤੇ ਤਹਾਂ ਤੇ ਸਿਧਾਏ ॥੨੦॥੭੫੬॥

ਉੱਥੋਂ ਚੱਲ ਕੇ (ਬਾਦਸ਼ਾਹ ਅਤੇ ਗੁਰੂ ਜੀ ਦੇ ਲਸ਼ਕਰਾਂ ਨੇ) ਕਈ ਕੂਚ ਕੀਤੇ। ਬਾਦਸ਼ਾਹ ਨੇ ਸੁਣਿਆ ਕਿ ਅੱਗੇ ਰਸਤਾ ਨਹੀਂ ਹੈ। (ਇਸ ਲਈ) ਉਹ ਨਰਬਦਾ ਨਦੀ 'ਤੇ ਚਲੇ ਗਏ ਅਤੇ ਉੱਥੇ ਪੜਾਅ ਕੀਤਾ। ਜਦੋਂ ਕੁਝ ਦਿਨ ਬੀਤ ਗਏ, ਤਾਂ ਉੱਥੋਂ ਅੱਗੇ ਚੱਲ ਪਏ। ॥੨੦॥੭੫੬॥

**ਭੁਜੰਗ ਪ੍ਰਯਾਤ ਛੰਦ**

ਗਏ ਨਰਬਦਾ ਪਾਰ ਕਰਿ ਕੂਚ ਕੇਤੇ । ਰਹੇ ਸਿੰਘ ਪੀਛੇ ਲੜੇ ਘਾਸ ਲੇਤੇ।

ਤਹਾਂ ਜੁੱਧ ਕੀਨੇ ਘਨੇ ਲੋਗ ਮਾਰੇ । ਭਜੇ ਛੋਡਿ ਕੈ ਘਾਸ ਤੇ ਜਾ ਪੁਕਾਰੇ ॥੨੧॥੭੫੭॥

(ਗੁਰੂ ਜੀ ਅਤੇ ਬਾਦਸ਼ਾਹ ਦੇ ਲਸ਼ਕਰ) ਨਰਬਦਾ ਨਦੀ ਪਾਰ ਕਰਕੇ ਕਈ ਪੜਾਅ ਅੱਗੇ ਚਲੇ ਗਏ। ਕੁਝ ਸਿੰਘ ਪਿੱਛੇ ਘਾਹ ਲੈਣ ਲਈ ਰਹਿ ਗਏ ਸਨ, ਉਹਨਾਂ ਨੂੰ ਲੜ੍ਹਨਾ ਪਿਆ। ਉਹਨਾਂ ਨੇ ਉੱਥੇ ਯੁੱਧ ਕੀਤਾ ਅਤੇ ਕਈ (ਹਮਲਾਵਰ) ਲੋਕਾਂ ਨੂੰ ਮਾਰ ਦਿੱਤਾ। (ਜੋ ਬਚ ਗਏ) ਉਹ ਘਾਹ ਦੇ ਮੈਦਾਨ ਨੂੰ ਛੱਡ ਕੇ ਭੱਜ ਗਏ ਅਤੇ (ਆਪਣੇ ਸਾਥੀਆਂ ਨੂੰ) ਜਾ ਕੇ ਪੁਕਾਰਿਆ। ॥੨੧॥੭੫੭॥

ਤਬੈ ਸਿੰਘ ਦਰਬਾਰ ਲੈ ਘਾਸ ਆਏ । ਚੜ੍ਹੇ ਫਉਜ ਲੈ ਕੇ ਘਨੇ ਤੁਰਤ ਧਾਏ ।
ਤਬੈ ਭੇਦ ਸਿੰਘਾਨ ਐਸੇ ਉਚਾਰੋ । ਲਿਯੋ ਘਾਸ ਤਿਹ ਠੇਰ ਕੇ ਜੁੱਧ ਭਾਰੋ॥੨੨॥੭੫੮॥

ਤਦ ਸਿੰਘ ਘਾਹ ਲੈ ਕੇ ਦਰਬਾਰ (ਗੁਰੂ ਜੀ ਦੇ ਕੈਂਪ) ਵਿੱਚ ਆਏ। (ਪਿੱਛੇ) ਫ਼ੌਜ ਲੈ ਕੇ ਤੁਰੰਤ ਹਮਲਾ ਕਰਨ ਆ ਗਏ। ਤਦ ਸਿੰਘਾਂ ਨੇ (ਗੁਰੂ ਜੀ ਨੂੰ) ਸਾਰਾ ਭੇਤ ਇਸ ਤਰ੍ਹਾਂ ਦੱਸਿਆ: "ਜਿਸ ਥਾਂ ਤੋਂ ਅਸੀਂ ਘਾਹ ਲਿਆ ਹੈ, ਉੱਥੇ ਸਾਡਾ ਭਾਰੀ ਯੁੱਧ ਹੋਇਆ ਹੈ।" ॥੨੨॥੭੫੮॥

ਚਲੀ ਕ੍ਰੋਧ ਕੈ ਫਉਜ ਤਿਹ ਠਉਰ ਆਈ । ਕਰੈਗੇ ਮਹਾ ਜੁੱਧ ਐਸੇ ਬਤਾਈ ।
ਕਹੀ ਸਾਹਿਬੰ ਨੇਕ ਠਾਢੋ ਨਿਹਾਰੋ । ਨਹੀਂ ਜੁੱਧ ਕੀ ਠਉਰ ਐਸੇ ਬਿਚਾਰੋ ॥੨੩॥੭੫੯॥

(ਦੁਸ਼ਮਣ ਦੀ) ਫ਼ੌਜ ਗੁੱਸੇ ਨਾਲ ਭਰ ਕੇ ਉਸ ਥਾਂ 'ਤੇ ਆ ਗਈ ਅਤੇ ਕਹਿਣ ਲੱਗੀ ਕਿ ਉਹ ਭਾਰੀ ਯੁੱਧ ਕਰਨਗੇ। ਸਾਹਿਬ (ਗੁਰੂ ਜੀ) ਨੇ ਕਿਹਾ, "ਜ਼ਰਾ ਰੁਕ ਕੇ ਦੇਖੋ। ਇਹ ਯੁੱਧ ਕਰਨ ਲਈ ਸਹੀ ਥਾਂ ਨਹੀਂ ਹੈ," ਉਹਨਾਂ ਨੇ ਇਸ ਤਰ੍ਹਾਂ ਵਿਚਾਰ ਪ੍ਰਗਟ ਕੀਤੇ। ॥੨੩॥੭੫੯॥

ਇਤੇ ਮੈ ਚਲੇ ਧਾਮ ਕੇ ਅੰਤ ਆਏ । ਤਹਾਂ ਸਾਹਿਬੰ ਸਿੰਘ ਬਾਣੰ ਚਲਾਏ ।

ਲਿਯੇ ਮਾਰਿ ਅਸਵਾਰ ਦੋ ਤੀਨ ਜੈਸੇ । ਰਹੀ ਥਕਤਿ ਹ੍ਵੈ ਕੈ ਭਲੀ ਫਉਜ ਐਸੇ ॥੨੪॥੭੬੦॥

ਇਸੇ ਦੌਰਾਨ (ਦੁਸ਼ਮਣ ਜਿਵੇਂ ਆਪ ਹੀ) ਚੱਲ ਕੇ ਅੰਤਕ ਧਾਮ (ਭਾਵ, ਯਮਪੁਰੀ ਵਿੱਚ) ਆ ਗਏ। ਉੱਥੇ ਸਾਹਿਬ ਦੇ ਸਿੰਘਾਂ ਨੇ ਤੀਰ ਚਲਾਏ। ਉਹਨਾਂ ਨੇ ਦੋ-ਤਿੰਨ ਘੋੜ-ਸਵਾਰ ਮਾਰ ਲਏ। ਇਸ ਨਾਲ ਹੀ (ਦੁਸ਼ਮਣ ਦੀ) ਚੰਗੀ-ਭਲੀ ਫ਼ੌਜ ਥੱਕ ਕੇ ਰੁਕ ਗਈ। ॥੨੪॥੭੬੦॥

ਤਬੈ ਸਾਹਿਬੰ ਬੈਨ ਐਸੇ ਉਚਾਰੰ । ਸੁਲਹਿ ਕਾਜ ਕੋ ਮਾਨ ਸਿੰਘੰ ਨਿਹਾਰੇ ।
ਦਈ ਸੀਖ ਤਾਕੋ ਤਹਾਂ ਹੀ ਪਠਾਯੋ । ਤਹਾਂ ਤੇ ਚਲ ਸਿੰਘ ਤਿਹ ਠੋਰ ਆਯੋ ॥੨੫॥੭੬੧।

ਤਦ ਸਾਹਿਬ (ਗੁਰੂ ਜੀ) ਨੇ ਇਸ ਤਰ੍ਹਾਂ ਬਚਨ ਕਹੇ। ਉਹਨਾਂ ਨੇ ਸੁਲ੍ਹਾ-ਸਫ਼ਾਈ ਦੇ ਕੰਮ ਲਈ ਭਾਈ ਮਾਨ ਸਿੰਘ ਵੱਲ ਦੇਖਿਆ। ਉਸਨੂੰ ਸਿੱਖਿਆ (ਹਦਾਇਤਾਂ) ਦੇ ਕੇ ਉੱਥੇ ਹੀ ਭੇਜ ਦਿੱਤਾ। ਉੱਥੋਂ ਚੱਲ ਕੇ ਉਹ ਸਿੰਘ (ਮਾਨ ਸਿੰਘ) ਉਸ (ਦੁਸ਼ਮਣ ਦੀ) ਥਾਂ 'ਤੇ ਆਇਆ। ॥੨੫॥੭੬੧॥

ਕਹੀ ਬਾਤ ਕੇਤੀ ਨਹੀਂ ਏਕ ਜਾਨੀ । ਕਰੈਗਾ ਮਹਾ ਜੁੱਧ ਯੌ ਬਾਤ ਮਾਨੀ ।
ਮਹਾ ਮੰਦ ਕੋਪੇ ਘਨੇ ਵਾਰ ਕੀਨੇ । ਨਹੀਂ ਵਾਰ ਕੀਨਾ ਤਉ ਸਿੰਘ ਜੀ ਨੇ ॥੨੬॥੭੬੨॥

(ਮਾਨ ਸਿੰਘ ਨੇ) ਕਈ ਗੱਲਾਂ ਕਹੀਆਂ, ਪਰ ਉਹਨਾਂ (ਦੁਸ਼ਮਣਾਂ) ਨੇ ਇੱਕ ਵੀ ਨਾ ਮੰਨੀ। ਉਹ ਤਾਂ ਵੱਡਾ ਯੁੱਧ ਕਰਨ ਦੀ ਗੱਲ 'ਤੇ ਹੀ ਅੜੇ ਰਹੇ। ਬਹੁਤ ਜ਼ਿਆਦਾ ਗ਼ੁੱਸੇ ਵਿੱਚ ਆ ਕੇ ਉਹਨਾਂ ਨੇ ਕਈ ਵਾਰ ਕੀਤੇ, ਪਰ ਫਿਰ ਵੀ ਸਿੰਘ ਜੀ (ਮਾਨ ਸਿੰਘ) ਨੇ (ਜਵਾਬੀ) ਵਾਰ ਨਹੀਂ ਕੀਤਾ। ॥੨੬॥੭੬੨॥

ਬਿਨਾ ਹੁਕਮ ਕੈਸੇ ਕਰੌ ਜੁਧ ਭਾਰਾ । ਇਹੈ ਜਾਨਿ ਕੈ ਜੀਵ ਨਹਿ ਵਾਰ ਡਾਰਾ ।

ਗਿਰੌ ਝੂਮ ਕੇ ਵਾਰ ਕੇਤਾਨ ਲਾਗੇ । ਦਿਯੋ ਸੀਸ ਆਪੰ ਪ੍ਰਭੂ ਪੁਰਖ ਆਗੇ ॥੨੭॥੭੬੩॥

(ਮਾਨ ਸਿੰਘ ਨੇ ਸੋਚਿਆ,) "ਮੈਂ (ਗੁਰੂ ਦੇ) ਹੁਕਮ ਤੋਂ ਬਿਨਾਂ ਭਾਰੀ ਯੁੱਧ ਕਿਵੇਂ ਕਰਾਂ?" ਆਪਣੇ ਮਨ ਵਿੱਚ ਇਹੀ ਜਾਣ ਕੇ ਉਹਨਾਂ ਨੇ ਵਾਰ ਨਹੀਂ ਕੀਤਾ। ਜਦੋਂ ਉਹਨਾਂ 'ਤੇ ਕਈ ਵਾਰ ਲੱਗੇ, ਤਾਂ ਉਹ ਝੂਮ ਕੇ ਡਿੱਗ ਪਏ। ਇਸ ਤਰ੍ਹਾਂ ਉਹਨਾਂ ਨੇ ਪ੍ਰਭੂ-ਪੁਰਖ (ਗੁਰੂ ਸਾਹਿਬ) ਦੇ (ਹੁਕਮ) ਅੱਗੇ ਆਪਣਾ ਸੀਸ ਦੇ ਦਿੱਤਾ। ॥੨੭॥੭੬੩॥

ਤਊ ਕੋਪ ਦੁਸਟਾਨ ਗੋਲੀ ਚਲਾਈ । ਗਿਰੈ ਦੋਇ ਕੈ ਤੀਨ ਸਿੰਘੰ ਤਹਾ ਈ ।
ਇਤੇ ਮਾਹਿ ਔਰੇ ਘਨੇ ਲੋਗ ਆਏ। ਕਿਯਾ ਬੀਚਿ ਤਾਕਾ ਤਹਾ ਤੇ ਪਠਾਏ ॥੨੮॥੭੬੪॥

(ਮਾਨ ਸਿੰਘ ਦੇ ਡਿੱਗਣ ਤੋਂ) ਬਾਅਦ ਵੀ ਗੁੱਸੇ ਵਿੱਚ ਆਏ ਦੁਸ਼ਟਾਂ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਦੋ ਜਾਂ ਤਿੰਨ ਹੋਰ ਸਿੰਘ ਉੱਥੇ ਹੀ ਡਿੱਗ ਪਏ (ਸ਼ਹੀਦ ਹੋ ਗਏ)। ਏਨੇ ਵਿੱਚ (ਉਸ ਜਗ੍ਹਾ) ਹੋਰ ਬਹੁਤ ਲੋਕ ਆ ਗਏ। ਉਹਨਾਂ ਨੇ ਵਿੱਚ ਪੈ ਕੇ (ਝਗੜਾ ਰੁਕਵਾਇਆ) ਅਤੇ ਉਹਨਾਂ (ਹਮਲਾਵਰਾਂ) ਨੂੰ ਉੱਥੋਂ ਭੇਜ ਦਿੱਤਾ। ॥੨੮॥੭੬੪॥

**ਦੋਹਰਾ**

ਇਹੈ ਹੋਇ ਬੀਤੀ ਤਹਾਂ, ਕੇਤੇ ਦਿਵਸ ਬਿਹਾਇ ।
ਬੁਰਹਾਨੰ ਪੁਰ ਜਾਇ ਕੈ, ਬਸੇ ਧਾਮ ਮੈ ਧਾਇ ॥੨੯॥੭੬੫॥

ਉੱਥੇ ਇਹ ਸਭ ਕੁਝ ਵਾਪਰਿਆ ਅਤੇ (ਉਸ ਮਗਰੋਂ) ਕਈ ਦਿਨ ਬੀਤ ਗਏ। (ਇਸ ਤੋਂ ਬਾਅਦ ਗੁਰੂ ਜੀ) ਬੁਰਹਾਨਪੁਰ ਜਾ ਕੇ, ਤੇਜ਼ੀ ਨਾਲ ਆਪਣੇ ਟਿਕਾਣੇ 'ਤੇ ਵੱਸ ਗਏ। ॥੨੯॥੭੬੫॥

ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਜੁੱਧ ਸਾਹਿਬਜ਼ਾਦੇ ਕਾ ਅਰੁ ਮਜ਼ਕੂਰ ਰਾਹ ਕਾ ਸਤਾਰ੍ਹਵਾਂ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੭ ॥

ਅਰਥ: ਇਸ ਤਰ੍ਹਾਂ ਸ੍ਰੀ ਗੁਰੂ ਸੋਭਾ ਗ੍ਰੰਥ ਵਿੱਚ ਸਾਹਿਬਜ਼ਾਦੇ ਦੇ ਯੁੱਧ ਅਤੇ ਰਸਤੇ ਦੇ ਹਾਲਾਤ ਦਾ ਵਰਣਨ ਕਰਨ ਵਾਲਾ ਸਤਾਰ੍ਹਵਾਂ ਅਧਿਆਇ ਸੰਪੂਰਨ ਹੋਇਆ। ਸ਼ੁਭ ਹੋਵੇ। ॥੧੭॥

*****

ਅਧਿਆਇ ੧੮

ਗੁਰੂ ਜੀ ਦਾ ਜੋਤੀ ਜੋਤਿ ਸਮਾਉਣਾ

**ਭੁਜੰਗ ਪ੍ਰਯਾਤ ਛੰਦ**
ਕਿਤੇ ਦਿਵਸ ਬੀਤੇ ਚਲਾ ਸਾਹ ਆਗੇ । ਪ੍ਰਭੁ ਕੋ ਕਿਤੇ ਦਿਵਸ ਤਿਹ ਠਉਰ ਲਾਗੇ ।
ਲਿਖਾ ਸਾਹ ਫਰਮਾਨ,"ਨਹਿ ਢੀਲ ਕੀਜੈ । ਹਮੈ ਆਨ ਕੈ ਅਪਨਾ ਦਰਸ ਦੀਜੈ"॥੧॥੭੬੬॥

ਕੁਝ ਦਿਨ ਬੀਤ ਗਏ ਅਤੇ ਬਾਦਸ਼ਾਹ (ਬਹਾਦਰ ਸ਼ਾਹ ਹੋਰ) ਅੱਗੇ ਵੱਲ ਚੱਲ ਪਿਆ। (ਪਰ) ਗੁਰੂ ਸਾਹਿਬ ਨੂੰ ਉਸੇ ਥਾਂ 'ਤੇ ਹੀ ਕੁਝ ਦਿਨ ਲੱਗ ਗਏ। ਬਾਦਸ਼ਾਹ ਨੇ ਫ਼ਰਮਾਨ ਲਿਖਿਆ, "ਦੇਰੀ ਨਾ ਕੀਤੀ ਜਾਵੇ, ਸਾਨੂੰ ਆ ਕੇ ਆਪਣੇ ਦਰਸ਼ਨ ਦਿਉ।"॥੧॥੭੬੬॥

ਲਿਖਾ ਸਾਹ ਕਾ ਜੋ ਤਿਹੀ ਠਉਰ ਆਯਾ । ਲਿਯਾ ਹਾਥ ਮਾਹੀ ਹਿਯੇ ਕੰਠ ਲਾਯਾ ।
ਪੜਾ ਥਾ ਅੰਕ ਤਹਾਂ ਐਸੇ ਉਚਾਰੇ । ਕਿਯਾ ਕੂਚ ਤਾਹੀ ਸਮੈ ਨਾ ਸੰਭਾਰੇ॥੨॥੭੬੭॥

ਜਦੋਂ ਉਸ ਥਾਂ 'ਤੇ ਬਾਦਸ਼ਾਹ ਦਾ ਲਿਖਿਆ ਹੋਇਆ (ਫ਼ਰਮਾਨ ਗੁਰੂ ਜੀ ਕੋਲ) ਉਸੀ ਥਾਂ ਤੇ ਆਇਆ, ਤਾਂ (ਗੁਰੂ ਜੀ ਨੇ) ਉਸਨੂੰ ਹੱਥ ਵਿੱਚ ਲੈ ਕੇ ਹਿਰਦੇ ਅਤੇ ਗਲੇ ਨਾਲ ਲਗਾਇਆ। ਉਸ ਵਿੱਚ ਲਿਖੇ ਹੋਏ ਅੱਖਰਾਂ ਨੂੰ ਪੜ੍ਹਿਆ ਅਤੇ ਇਸ ਤਰ੍ਹਾਂ (ਆਪਣੇ ਸਿੰਘਾਂ ਨੂੰ ਕੂਚ ਕਰਨ ਲਈ) ਕਿਹਾ (ਤੇ ਆਪ) ਉਸੇ ਸਮੇਂ ਬਿਨਾਂ ਕੁਝ ਸੰਭਾਲਿਆਂ (ਭਾਵ, ਬਿਨਾਂ ਦੇਰੀ ਕੀਤਿਆਂ) ਕੂਚ ਕਰ ਦਿੱਤਾ॥੨॥੭੬੭॥

ਨਹੀਂ ਫੌਜ ਲੀਨੀ ਤਹਾਂ ਤੇ ਸਿਧਾਏ । ਕਿਯੇ ਕੂਚ ਤਪਤੀਯ ਕੇ ਪਾਰ ਆਏ ।

ਤਹਾਂ ਸਿੰਘ ਆਏ, ਕਿਯੇ ਖੂਬ ਸਾਮਾ । ਕਿਯੇ ਤੀਨ ਕੈ ਚਾਰ ਤਾਹੀ ਮੁਕਾਮਾ ॥੩॥੭੬੮॥

(ਗੁਰੂ ਜੀ ਨੇ ਨਾਲ) ਕੋਈ ਵੱਡੀ ਫ਼ੌਜ ਨਹੀਂ ਲਈ ਅਤੇ ਉੱਥੋਂ ਚੱਲ ਪਏ। ਕੂਚ ਕਰਕੇ ਉਹ ਤਾਪਤੀ ਨਦੀ ਦੇ ਪਾਰ ਆ ਗਏ। (ਮਗਰੋਂ ਪਿੱਛੇ ਰਹਿ ਗਏ) ਸਿੰਘ ਉੱਥੇ ਆਏ ਅਤੇ ਉਨ੍ਹਾਂ ਨੇ ਬਹੁਤ ਵਧੀਆ ਪ੍ਰਬੰਧ ਕੀਤੇ। ਉਸ ਥਾਂ 'ਤੇ ਤਿੰਨ-ਚਾਰ ਪੜਾਅ ਕੀਤੇ॥੩॥੭੬੮॥

ਕਿਤੇ ਸਿੰਘ ਰਾਖੇ, ਕਿਤੇ ਸਾਥ ਲੀਨੇ । ਕਿਤੇ ਦੇਸ ਹੀ ਦੇਸ ਕੋ ਭੇਜ ਦੀਨੇ ॥
ਕਿਤੇ ਦਿਵਸ ਬੀਤੇ ਤਹਾਂ ਤੇ ਸਿਧਾਏ । ਮਿਲੇ ਸਾਹ ਸੋ, ਸਾਹ ਡੰਕਾ ਬਜਾਏ ॥੪॥੭੬੯॥

ਕੁਝ ਸਿੰਘਾਂ ਨੂੰ (ਉੱਥੇ ਹੀ) ਰੱਖਿਆ, ਕੁਝ ਨੂੰ ਨਾਲ ਲੈ ਲਿਆ ਅਤੇ ਕੁਝ ਨੂੰ ਵੱਖ-ਵੱਖ ਦੇਸ਼ਾਂ-ਪ੍ਰਦੇਸ਼ਾਂ ਵੱਲ ਭੇਜ ਦਿੱਤਾ। ਕੁਝ ਦਿਨ ਬੀਤਣ 'ਤੇ ਉੱਥੋਂ ਚੱਲ ਪਏ। (ਜਦੋਂ ਜਾ ਕੇ) ਬਾਦਸ਼ਾਹ ਨੂੰ ਮਿਲੇ, ਤਾਂ ਬਾਦਸ਼ਾਹ ਨੇ (ਸਵਾਗਤ ਵਿੱਚ) ਨਗਾਰੇ ਵਜਵਾਏ॥੪॥੭੬੯॥

ਸਰੇ ਹੀ ਸੁਆਰੀ ਪ੍ਰਭੂ ਦਰਸ ਦੀਨਾ । ਹਰਖਵੰਤ ਹੁਇ ਕੈ ਬਿਦਾ ਸਾਹ ਕੀਨਾ ।
ਬਿਦਾ ਹੋਇ ਕੈ ਆਪਨੇ ਧਾਮ ਆਏ । ਚਲੇ ਸਾਥ ਹੀ ਸਾਥ ਤਾ ਤੇ ਸਿਧਾਏ ॥੫॥੭੭੦॥

ਗੁਰੂ ਸਾਹਿਬ ਨੇ ਸਵਾਰੀ ਉੱਤੇ ਹੀ (ਭਾਵ, ਘੋੜੇ 'ਤੇ ਬੈਠਿਆਂ ਹੀ) ਦਰਸ਼ਨ ਦਿੱਤਾ। ਬਾਦਸ਼ਾਹ ਨੇ ਬਹੁਤ ਖ਼ੁਸ਼ ਹੋ ਕੇ (ਗੁਰੂ ਜੀ ਨੂੰ) ਵਿਦਾ ਕੀਤਾ। ਵਿਦਾ ਹੋ ਕੇ (ਗੁਰੂ ਜੀ) ਆਪਣੇ ਡੇਰੇ 'ਤੇ ਆਏ ਅਤੇ ਫਿਰ ਉੱਥੋਂ (ਬਾਦਸ਼ਾਹ ਦੇ) ਨਾਲ ਹੀ ਚੱਲ ਪਏ॥੫॥੭੭੦॥

ਘਨੇ ਕੂਚ ਕੀਨੇ, ਕਿਤੇ ਦਿਵਸ ਲਾਏ । ਚਲੇ ਬਾਨ ਗੰਗਾਨ ਪੈ ਅੰਤ ਆਏ ।
ਸੁਨੀ ਠਉਰ ਨਾਦੇਰ ਹੈ ਨਾਉ ਤਾ ਕਾ । ਕਿਯਾ ਧਾਮ ਤਾਹੀ ਗੁਰੂ ਨਾਮ ਜਾ ਕਾ ॥੬॥੭੭੧॥

ਬਹੁਤ (ਥਾਵਾਂ ਉੱਤੇ ਪੜਾਅ ਕਰਕੇ ਫਿਰ) ਕੂਚ ਕੀਤੇ ਅਤੇ ਕਈ ਦਿਨ ਲੱਗ ਗਏ। ਆਖ਼ਿਰਕਾਰ ਚੱਲਦੇ-ਚੱਲਦੇ 'ਬਾਣ ਗੰਗਾ' (ਦੇ ਕੰਢੇ 'ਤੇ) ਆ ਪਹੁੰਚੇ। ਸੁਣਿਆ ਹੈ ਕਿ ਜਿਸ ਥਾਂ ਦਾ ਨਾਮ ਨਾਂਦੇੜ ਹੈ, ਗੁਰੂ ਸਾਹਿਬ ਨੇ, ਜਿਨ੍ਹਾਂ ਦਾ ਨਾਮ (ਸਰਵ-ਉੱਚ ਹੈ), ਉੱਥੇ ਹੀ ਆਪਣਾ ਨਿਵਾਸ ਅਸਥਾਨ ਬਣਾ ਲਿਆ॥੬॥੭੭੧॥

ਟਿੱਪਣੀ:- ਭਾਰਤ ਵਿੱਚ 'ਬਾਣ ਗੰਗਾ' ਦੇ ਨਾਮ ਨਾਲ਼ ਕਈ ਨਦੀਆਂ ਅਤੇ ਸਰੋਵਰ ਹਨ। ਇੱਥੇ ਜਿਸ ਬਾਣ ਗੰਗਾ ਦਾ ਜ਼ਿਕਰ ਹੈ, ਉਹ ਅਜੋਕੇ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿੱਚ ਰਾਮਸੇਜ ਪਹਾੜੀਆਂ ਦੇ ਕੋਲੋਂ ਨਿਕਲਦੀ ਹੈ। ਇਹ ਬਾਣ ਗੰਗਾ ਅੰਤ ਵਿੱਚ ਗੋਦਾਵਰੀ ਨਦੀ ਵਿੱਚ ਮਿਲ ਜਾਂਦੀ ਹੈ। ਨਾਂਦੇੜ ਗੋਦਾਵਰੀ ਨਦੀ ਦੇ ਕੰਢੇ ਉੱਤੇ ਸਥਿੱਤ ਹੈ। ਬਾਣ ਗੰਗਾ ਨਦੀ ਨਾਂਦੇੜ ਤੋਂ ਬਹੁਤ ਪਹਿਲਾਂ ਹੀ ਗੋਦਾਵਰੀ ਨਦੀ ਵਿੱਚ ਮਿਲ ਜਾਂਦੀ ਹੈ।

ਕਹਾ ਸਾਹ ਤਿਹ ਠਉਰ ਕੀਨੇ ਮੁਕਾਮਾ । ਰਹੇ ਮਿਸਲ ਦਰ ਮਿਸਲ ਕਰ ਲੋਗ ਸਾਮਾ ।
ਕਿਤੇ ਦਿਵਸ ਬੀਤੇ ਤਿਹੀ ਠਉਰ ਆਏ । ਕਥਾ ਅੰਤ ਕੀ ਜੰਤ ਭਾਖੋ ਸੁਨਾਏ ॥੭॥੭੭੨॥

ਬਾਦਸ਼ਾਹ ਨੇ ਕਿਹਾ, (ਤਾਂਗੁਰੂ ਸਾਹਿਬ ਜੀ ਨੇ) ਉਸ ਥਾਂ 'ਤੇ ਪੜਾਅ ਕਰ ਲਿਆ। ਸਾਰੇ ਲੋਕ ਆਪਣੇ-ਆਪਣੇ ਦਲਾਂ ਅਨੁਸਾਰ ਪ੍ਰਬੰਧ ਕਰਕੇ ਠਹਿਰ ਗਏ। ਉਸ ਥਾਂ 'ਤੇ ਆਏ ਹੋਏ ਕਿੰਨੇ ਹੀ ਦਿਨ ਬੀਤ ਗਏ। (ਕਵੀ ਸੈਨਾਪਤੀ ਜੀ ਕਹਿੰਦੇ ਹਨ ਕਿ) ਹੇ ਸੱਜਣੋ! ਹੁਣ ਮੈਂ ਤੁਹਾਨੂੰ ਅੰਤ (ਦੇ ਸਮੇਂ) ਦੀ ਕਥਾ ਸੁਣਾਉਂਦਾ ਹਾਂ॥੭॥੭੭੨॥

ਸੁਨੀ ਸਾਖ ਐਸੇ ਪਠਾਣ ਏਕ ਆਯੋ । ਕਛੂ ਬਾਤ ਕੈ ਕੈ ਪ੍ਰਭੂ ਪਾਸ ਧਾਯੋ ।
ਘਰੀ ਦੋਇ ਕੈ ਤੀਨ ਕੈ ਬੈਨ ਮੀਠੇ। ਨਹੀਂ ਘਾਤ ਲਾਗੀ ਘਨੇ ਲੋਗ ਡੀਠੇ ॥੮॥੭੭੩॥

ਇਸ ਤਰ੍ਹਾਂ ਦੀ ਸਾਖੀ ਸੁਣੀ ਹੈ ਕਿ ਇੱਕ ਪਠਾਣ ਆਇਆ। ਉਹ ਕੁਝ ਗੱਲਾਂ ਕਰਕੇ ਗੁਰੂ ਜੀ ਦੇ ਕੋਲ ਪਹੁੰਚਿਆ। ਦੋ-ਤਿੰਨ ਘੜੀਆਂ ਉਹ ਮਿੱਠੀਆਂ ਗੱਲਾਂ ਕਰਦਾ ਰਿਹਾ। ਉਸ ਦਾ ਦਾਅ ਨਾ ਲੱਗਾ, ਕਿਉਂਕਿ ਉਸਨੇ ਬਹੁਤ ਸਾਰੇ ਲੋਕਾਂ ਨੂੰ (ਗੁਰੂ ਜੀ ਦੇ ਆਸ-ਪਾਸ) ਦੇਖਿਆ॥੮॥੭੭੩॥

ਬਿਦਾ ਹੋਇ ਕੈ ਧਾਮ ਕੋ ਬੇਗ ਧਾਯੋ । ਗਏ ਦਿਵਸ ਦੋ ਤੀਨ ਸੋ ਫੇਰਿ ਆਯੋ ।
ਘਰੀ ਤੀਨ ਕੈ ਚਾਰ ਕੇ ਬੈਠ ਐਸੇ । ਨਹੀਂ ਘਾਤ ਲਾਗੀ ਚਲਾ ਅੰਤ ਤੈਸੇ ॥੯॥੭੭੪॥

(ਗੁਰੂ ਜੀ ਤੋਂ) ਵਿਦਾ ਹੋ ਕੇ ਉਹ ਤੇਜ਼ੀ ਨਾਲ ਆਪਣੇ ਟਿਕਾਣੇ 'ਤੇ ਚਲਾ ਗਿਆ। ਦੋ-ਤਿੰਨ ਦਿਨ ਗੁਜ਼ਰਨ 'ਤੇ ਉਹ ਫਿਰ ਆ ਗਿਆ। ਤਿੰਨ-ਚਾਰ ਘੜੀਆਂ ਇਸੇ ਤਰ੍ਹਾਂ ਬੈਠਾ ਰਿਹਾ। ਉਸਦਾ ਦਾਅ ਫਿਰ ਨਾ ਲੱਗਾ ਅਤੇ ਅੰਤ ਵਿੱਚ ਉਸੇ ਤਰ੍ਹਾਂ ਚਲਾ ਗਿਆ॥੯॥੭੭੪॥

ਇਸੀ ਭਾਂਤਿ ਸੋ ਦਾਯ ਕੇ ਤਾਨ ਆਯੋ । ਨਹੀਂ ਘਾਤ ਲਾਗੀ, ਨਹੀਂ ਦਾਵ ਪਾਯੋ ।
ਘਨੀ ਬਾਰ ਆਯਾ, ਲਿਯੋ ਭੇਦ ਸਾਰਾ । ਸਮਾ ਸਜਾਮ ਕਾ ਕਾਮ ਕਾ, ਯੌ ਬਿਚਾਰਾ ॥੧੦॥੭੭੫॥

ਇਸੇ ਤਰ੍ਹਾਂ ਉਹ ਦਾਅ ਲਾਉਣ ਦੀ ਤਾਕ ਵਿੱਚ ਆਉਂਦਾ ਰਿਹਾ, ਪਰ ਉਸਦਾ ਵਾਰ ਨਾ ਹੋ ਸਕਿਆ, ਉਸਨੂੰ ਮੌਕਾ ਨਾ ਮਿਲਿਆ। ਉਹ ਕਈ ਵਾਰ ਆਇਆ ਅਤੇ ਸਾਰਾ ਭੇਦ ਲੈ ਲਿਆ। ਉਸਨੇ ਵਿਚਾਰਿਆ ਕਿ (ਇਸ) ਕੰਮ ਲਈ ਸ਼ਾਮ ਦਾ ਸਮਾਂ ਹੀ ਠੀਕ ਹੈ॥੧੦॥੭੭੫॥

ਦਿਨੰ ਏਕ ਸਜਾਮੰ ਸਮੇ ਦੁਸਟ ਆਯੋ । ਸੁਨੀ ਸਾਹਿਬੰ ਅੰਤ ਤਾ ਕੋ ਬੁਲਾਯੋ ।
ਢਿਗੰ ਜਾਇ ਬੈਠਾ ਕਿ ਪ੍ਰਸਾਦਿ ਦੀਨਾ । ਗਹੀ ਮੁਸਟਿ ਲੈ ਦੁਸਟਿ ਮੁਖਿ ਮਾਹਿ ਕੀਨਾ ॥੧੧॥੭੭੬॥

ਇੱਕ ਦਿਨ ਸ਼ਾਮ ਦੇ ਸਮੇਂ ਉਹ ਦੁਸ਼ਟ ਆਇਆ। (ਸਭ ਕੁਝ) ਜਾਣਨ ਵਾਲੇ ਸਾਹਿਬ (ਗੁਰੂ ਜੀ) ਨੇ ਅੰਤ ਉਸਨੂੰ ਬੁਲਾਇਆ। ਉਹ ਕੋਲ ਜਾ ਕੇ

ਬੈਠ ਗਿਆ ਅਤੇ (ਗੁਰੂ ਜੀ ਨੇ) ਉਸਨੂੰ ਪ੍ਰਸ਼ਾਦ ਦਿੱਤਾ। ਉਸ ਦੁਸ਼ਟ ਨੇ ਮੁੱਠੀ ਭਰ ਕੇ (ਪ੍ਰਸ਼ਾਦ) ਲਿਆ ਅਤੇ ਆਪਣੇ ਮੂੰਹ ਵਿੱਚ ਪਾ ਲਿਆ॥੧੧॥੭੭੬॥

ਨਹੀਂ ਸਿੰਘ ਕੋਈ ਤਹਾਂ ਪਾਸ ਔਰੇ । ਰਹੋ ਏਕ ਹੀ ਊਂਘ ਸੋਈ ਗਯੋ ਰੇ ॥
ਇਤੇ ਮੈ ਪ੍ਰਭੁ ਆਪਿ ਬਿਸ੍ਰਾਮ ਲੀਨਾ । ਗਹੀ ਦੁਸਟ ਜਮਧਾਰ ਉਰਿ ਵਾਰ ਕੀਨਾ ॥੧੨॥੭੭੭॥

ਉੱਥੇ ਨੇੜੇ ਹੋਰ ਕੋਈ ਸਿੰਘ ਨਹੀਂ ਸੀ। ਇੱਕ (ਸੇਵਾਦਾਰ) ਸੀ, ਪਰ ਉਹ ਵੀ ਊਂਘ ਰਿਹਾ ਸੀ। ਏਨੇ ਨੂੰ ਪ੍ਰਭੂ (ਗੁਰੂ ਜੀ) ਨੇ ਆਪ ਆਰਾਮ ਕੀਤਾ (ਲੇਟ ਗਏ)। ਉਸ ਦੁਸ਼ਟ ਨੇ ਜਮਧਾਰ (ਕਟਾਰ) ਫੜ ਕੇ (ਗੁਰੂ ਜੀ ਦੇ) ਹਿਰਦੇ 'ਤੇ ਵਾਰ ਕਰ ਦਿੱਤਾ॥੧੨॥੭੭੭॥

ਕਿਯੋ ਵਾਰ ਐਸਾ ਕਿ ਦੂਜਾ ਲਗਾਯੋ । ਲਗੇ ਔਰ ਕੇ ਆਪਨਾ ਵਾਰ ਲਾਯੋ ।
ਕਿਯੋ ਵਾਰ ਏਕੈ ਨਹੀਂ ਔਰ ਕੀਨਾ । ਲਿਯਾ ਮਾਰਿ ਕੈ ਦੁਸਟਿ ਜਾਨੈ ਨ ਦੀਨਾ ॥੧੩॥੭੭੮॥

(ਪਠਾਣ ਨੇ) ਇੱਕ ਵਾਰ ਕੀਤਾ ਅਤੇ ਦੂਜਾ ਕਰਨ ਲੱਗਾ। ਇਸ ਤੋਂ ਪਹਿਲਾਂ ਕਿ ਉਹ ਦੂਜਾ ਵਾਰ ਕਰਦਾ, (ਗੁਰੂ ਜੀ ਨੇ) ਆਪਣਾ ਵਾਰ ਕੀਤਾ। (ਗੁਰੂ ਜੀ ਨੇ) ਸਿਰਫ਼ ਇੱਕ ਹੀ ਵਾਰ ਕੀਤਾ, ਹੋਰ ਨਹੀਂ। ਉਸ ਦੁਸ਼ਟ ਨੂੰ ਮਾਰ ਲਿਆ ਅਤੇ ਉਸਨੂੰ (ਜ਼ਿੰਦਾ) ਜਾਣ ਨਹੀਂ ਦਿੱਤਾ॥੧੩॥੭੭੮॥

ਕਰੀ ਆਪ ਅਵਾਜ ਹੈ ਅੰਤ ਕੋਈ। ਚਹੂੰ ਓਰ ਤੇ ਆਇ ਦੇਖੰਤ ਸੋਈ।
ਭਜੇ ਤਾਹਿ ਸਾਥੀ ਘਨੇ ਸਿੰਘ ਧਾਏ । ਲਿਯੇ ਮਾਰਿ ਦੋਨੋ ਨਹੀਂ ਜਾਨਿ ਪਾਏ ॥੧੪॥੭੭੯॥

(ਗੁਰੂ ਜੀ ਨੇ) ਆਪ ਆਵਾਜ਼ ਦਿੱਤੀ, "ਹੈ ਕੋਈ?" ਚਾਰੇ ਪਾਸਿਆਂ ਤੋਂ (ਸਿੰਘ) ਆ ਕੇ ਦੇਖਣ ਲੱਗੇ। ਉਸ (ਹਮਲਾਵਰ) ਦੇ ਸਾਥੀ ਭੱਜ ਪਏ, (ਪਰ) ਬਹੁਤ ਸਾਰੇ ਸਿੰਘਾਂ ਨੇ ਧਾਵਾ ਬੋਲ ਦਿੱਤਾ। ਉਨ੍ਹਾਂ ਦੋਹਾਂ ਨੂੰ ਵੀ ਮਾਰ ਲਿਆ ਅਤੇ ਉਨ੍ਹਾਂ ਨੂੰ ਭੱਜਣ ਨਹੀਂ ਦਿੱਤਾ॥੧੪॥੭੭੯॥

ਭਯੋ ਸੋਰ ਅਪਾਰ ਤਿਹ ਠਉਰ ਐਸੇ । ਪ੍ਰਲੈ ਕਾਲ ਕੀ ਘੋਰ ਸੁਨੀਅੰਤ ਜੈਸੇ।
ਭਏ ਧੀਰ ਅਧੀਰ ਨਾ ਧੀਰ ਆਯੋ । ਲਏ ਕਾਢਿ ਕੈ ਖੜਗ ਨਹਿ ਜਾਤ ਲਾਯੋ ॥੧੫॥੭੮੦॥

ਉਸ ਥਾਂ 'ਤੇ ਇਸ ਤਰ੍ਹਾਂ ਬੇਅੰਤ ਰੌਲਾ ਪੈ ਗਿਆ, ਜਿਵੇਂ ਪ੍ਰਲੋਕ ਦੇ ਸਮੇਂ ਦੀ ਭਿਆਨਕ ਗਰਜ ਸੁਣਾਈ ਦਿੰਦੀ ਹੋਵੇ। ਧੀਰਜਵਾਨ ਵੀ ਬੇਚੈਨ ਹੋ ਗਏ, ਕਿਸੇ ਨੂੰ ਵੀ ਧੀਰਜ ਨਹੀਂ ਆ ਰਿਹਾ ਸੀ। (ਸਿੰਘਾਂ ਨੇ) ਤਲਵਾਰਾਂ ਮਿਆਨਾਂ ਵਿੱਚੋਂ ਕੱਢ ਲਈਆਂ, ਪਰ ਉਹ ਚਲਾਈਆਂ ਨਾ ਜਾ ਸਕੀਆਂ (ਕਿਉਂਕਿ ਕਾਤਿਲ ਗੁਰੂ ਜੀ ਦੇ ਹੱਥੋਂ ਮਾਰਿਆ ਜਾ ਚੁੱਕਾ ਸੀ)॥੧੫॥੭੮੦॥

ਕਹੀ ਆਪ ਨੇ, "ਵਾਰ ਨਹਿ ਕੋਇ ਡਾਰੋ । ਮੁਆ ਹੈ ਕਦੀ ਕਾ ਯਹਾਂ ਤੇ ਉਤਾਰੋ ।"
ਲਿਯਾ ਤਾਹਿ ਉਤਾਰ ਐਸੇ ਬਿਚਾਰਾ । ਪ੍ਰਭੂ ਅੰਗ ਬਾਗਾ ਕਿਧੋ ਰੰਗ ਡਾਰਾ ॥੧੬॥੭੮੧॥

(ਗੁਰੂ ਜੀ) ਨੇ ਆਪ ਕਿਹਾ, "ਇਸ 'ਤੇ ਹੋਰ ਕੋਈ ਵਾਰ ਨਾ ਕਰੋ। ਇਹ ਤਾਂ ਕਦੋਂ ਦਾ ਮਰ ਚੁੱਕਾ ਹੈ, ਇਸ ਨੂੰ ਇੱਥੋਂ ਹਟਾਓ।" (ਸਿੰਘਾਂ ਨੇ) ਉਸ (ਹਮਲਾਵਰ ਦੀ ਲਾਸ਼) ਨੂੰ ਇਹ ਸੋਚ ਕੇ ਹਟਾਇਆ ਕਿ ਸ਼ਾਇਦ ਪ੍ਰਭੂ ਦੇ ਬਸਤਰ 'ਤੇ ਕੋਈ ਰੰਗ ਡੁੱਲ੍ਹ ਗਿਆ ਹੈ (ਭਾਵ, ਉਨ੍ਹਾਂ ਨੂੰ ਜ਼ਖ਼ਮ ਦਾ ਪਤਾ ਨਹੀਂ ਲੱਗਾ)॥੧੬॥੭੮੧॥

ਕਿਨੀ ਨਾ ਨਿਹਾਰਾ, ਪ੍ਰਭੂ ਘਾਵ ਲਾਗੇ । ਰਹੈ ਝੂਮਿ ਕੈ ਜ੍ਵਾਨ ਦੀਨੇ ਨ ਆਗੇ ।
ਤਬੈ ਆਨਿ ਸਿੰਘਾਨ ਉਰਿ ਹਾਥ ਲਾਏ । ਲਗੇ ਘਾਵ ਕਾਰੀ ਤਬੈ ਦਿਸਟਿ ਆਏ ॥੧੭॥੭੮੨॥

ਕਿਸੇ ਨੇ ਇਹ ਨਹੀਂ ਦੇਖਿਆ ਕਿ ਪ੍ਰਭੂ (ਗੁਰੂ ਜੀ) ਦੇ ਜ਼ਖ਼ਮ ਲੱਗਾ ਹੈ। (ਗੁਰੂ ਜੀ) ਮਸਤ ਰਹੇ ਅਤੇ ਨੌਜਵਾਨਾਂ (ਸਿੰਘਾਂ) ਨੂੰ ਅੱਗੇ ਨਾ ਆਉਣ

ਦਿੱਤਾ। ਫਿਰ ਜਦੋਂ ਸਿੰਘਾਂ ਨੇ ਆ ਕੇ (ਗੁਰੂ ਜੀ ਦੇ) ਹਿਰਦੇ 'ਤੇ ਹੱਥ ਲਾਇਆ, ਤਦ ਉਨ੍ਹਾਂ ਨੂੰ ਡੂੰਘੇ ਜ਼ਖ਼ਮ ਦਿਖਾਈ ਦਿੱਤੇ॥੧੭॥੭੮੨॥

ਕਿਯੋ ਸੋਕ ਸਿੰਘਾਨ ਦੁਇ ਹਾਥ ਮਾਰੇ । "ਕਹਾਂ ਖੇਲ ਕੀਨੀ ਕਹੋ ਕਰਨਹਾਰੇ ?"
ਤਬੈ ਸਾਹਿਬੰ ਬੈਨ ਇਹ ਭਾਂਤਿ ਕੀਨੇ । "ਕਰੀ ਮੁਹਿ ਰਛ੍ਯਾ ਸ੍ਰੀ ਕਾਲ ਜੀ ਨੇ" ॥੧੮॥੭੮੩॥

ਸਿੰਘਾਂ ਨੇ (ਅਫ਼ਸੋਸ ਵਿੱਚ) ਦੋਵੇਂ ਹੱਥ ਮਾਰ ਕੇ ਸੋਗ ਕੀਤਾ (ਅਤੇ ਕਿਹਾ), "ਹੇ ਕਰਨਹਾਰ! ਇਹ ਤੂੰ ਕੀ ਖੇਡ ਰਚਾਈ ਹੈ?" ਤਦ ਸਾਹਿਬ (ਗੁਰੂ ਜੀ) ਨੇ ਇਸ ਤਰ੍ਹਾਂ ਬਚਨ ਕੀਤੇ: "ਮੇਰੀ ਰੱਖਿਆ ਸ੍ਰੀ ਕਾਲ (ਪੁਰਖ) ਜੀ ਨੇ ਆਪ ਕੀਤੀ ਹੈ।"॥੧੮॥੭੮੩॥

ਸੁਨੇ ਬੈਨ ਐਸੇ ਕਛੁ ਧੀਰ ਆਯੋ । ਤਬੈ ਜਾਇ ਸਿੰਘਾਨ ਸਾਥਜੰ ਬੁਲਾਯੋ ।
ਤਹਾਂ ਤਾਹਿ ਕਿਰੀਆਨਿ ਕੈ ਘਾਵ ਸੀਨਾ । ਉਠੇ ਜੋ ਪ੍ਰਭੂ ਤੋਰਿ ਕੈ ਤਾਹਿ ਦੀਨਾ ॥੧੯॥੭੮੪॥

(ਗੁਰੂ ਜੀ ਦੇ) ਅਜਿਹੇ ਬਚਨ ਸੁਣ ਕੇ (ਸਿੰਘਾਂ ਨੂੰ) ਕੁਝ ਧੀਰਜ ਆਇਆ। ਤਦ ਸਿੰਘਾਂ ਨੇ ਜਾ ਕੇ (ਜ਼ਖ਼ਮ ਸਿਊਣ ਵਾਲੇ) ਸਾਥੀ ਨੂੰ ਬੁਲਾਇਆ। ਉਸਨੇ ਉੱਥੇ (ਆ ਕੇ ਟਾਂਕੇ ਸਿਊਣ ਵਾਲੀ) ਡੋਰੀ ਨਾਲ਼ ਜ਼ਖ਼ਮ ਨੂੰ ਸਿਊਂ ਦਿੱਤਾ। ਜਦੋਂ ਪ੍ਰਭੂ (ਗੁਰੂ ਜੀ ਬਿਸਤਰ ਤੋਂ ਉੱਠੇ , ਤਾਂ ਉਹ ਟਾਂਕੇ ਫਿਰ) ਟੁੱਟ ਗਏ॥੧੯॥੭੮੪॥

ਕਰੀ ਔਰ ਕਿਰੀਆਨ ਰੈਨੰ ਬਿਤਾਈ । ਭਏ ਭੋਰ ਤਿਹ ਠਉਰ ਮਲਮੰ ਲਗਾਈ ।
ਦਿਨੰ ਤੀਨ ਕੈ ਚਾਰ ਐਸੇ ਬਿਹਾਏ । ਤਬੈ ਦਰਸ ਕੈ ਕਾਜ ਬਹੁ ਸਿੰਘ ਆਏ ॥੨੦॥੭੮੫॥

ਹੋਰ ਟਾਂਕੇ ਲਗਾ ਕੇ ਰਾਤ ਬਿਤਾਈ। ਸਵੇਰ ਹੋਣ 'ਤੇ ਉਸ ਥਾਂ (ਜ਼ਖ਼ਮ) 'ਤੇ ਮਰਹਮ ਲਗਾਈ ਗਈ। ਇਸੇ ਤਰ੍ਹਾਂ ਤਿੰਨ-ਚਾਰ ਦਿਨ ਬੀਤ ਗਏ। ਤਦ ਬਹੁਤ ਸਿੰਘ (ਗੁਰੂ ਜੀ ਦੇ) ਦਰਸ਼ਨਾਂ ਵਾਸਤੇ ਆਏ॥੨੦॥੭੮੫॥

ਉਨੇ ਆਨ ਦਰ ਪਾਸ ਅਰਦਾਸ ਕੀਨੀ । ਸੁਨੀ ਜੋ ਪ੍ਰਭੂ ਕਾਨ ਸੋ ਮਾਨ ਲੀਨੀ ।
ਦਿਯੋ ਦਰਸ ਦੀਵਾਨ ਕੈ ਕੈ ਅਪਾਰਾ । ਦਯਾਵੰਤ ਹ੍ਵੈ ਕੈ ਸਬੋਂ ਕੋ ਨਿਹਾਰਾ ॥੨੧॥੭੮੬॥

ਉਨ੍ਹਾਂ (ਸਿੰਘਾਂ) ਨੇ ਦਰਵਾਜ਼ੇ 'ਤੇ ਆ ਕੇ ਅਰਦਾਸ ਕੀਤੀ। ਪ੍ਰਭੂ ਨੇ (ਉਸ ਅਰਦਾਸ ਨੂੰ) ਆਪਣੇ ਕੰਨਾਂ ਨਾਲ ਸੁਣਿਆ ਅਤੇ ਪ੍ਰਵਾਨ ਕਰ ਲਿਆ। (ਗੁਰੂ ਜੀ ਨੇ) ਇੱਕ ਵੱਡਾ ਦੀਵਾਨ ਸਜਾ ਕੇ ਦਰਸ਼ਨ ਦਿੱਤਾ ਅਤੇ ਦਇਆਵਾਨ ਹੋ ਕੇ ਸਾਰਿਆਂ ਵੱਲ ਮਿਹਰ ਦੀ ਨਜ਼ਰ ਕੀਤੀ॥੨੧॥੭੮੬॥

**ਦੋਹਰਾ**
ਦਰਸ ਦਯਾ ਕਰਿ ਕੈ ਦਿਯੋ, ਬਹੁਰਿ ਬਿਦਾ ਸਬ ਕੀਨ ।
ਉਪਮਾ ਅਪਰ ਅਪਾਰ ਕੀ, ਨਉਤਨ ਨਵਲ ਨਵੀਨ ॥੨੨॥੭੮੭॥

(ਗੁਰੂ ਸਾਹਿਬ ਜੀ ਨੇ) ਦਇਆ ਕਰਕੇ (ਸਿੱਖਾਂ ਨੂੰ) ਦਰਸ਼ਨ ਦਿੱਤੇ ਅਤੇ ਫਿਰ ਸਭ ਨੂੰ ਵਿਦਾ ਕੀਤਾ। ਉਸ ਬੇਅੰਤ ਪ੍ਰਭੂ ਦੀ ਉਸਤਤਿ ਸਦਾ ਨਵੀਂ, ਨਿਆਰੀ ਅਤੇ ਤਾਜ਼ੀ ਹੈ॥੨੨॥੭੮੭॥

**ਮਧੁਭਾਰ ਛੰਦ**
ਕੀਨੇ ਬਿਚਾਰ । ਉਪਮਾ ਅਪਾਰ ।
ਨਉਤਨ ਨਵੀਨ । ਸਾਹਿਬ ਪ੍ਰਬੀਨ ॥੨੩॥੭੮੮॥

(ਸਿੰਘਾਂ ਨੇ) ਵਿਚਾਰ ਕੀਤਾ, (ਉਸ ਪ੍ਰਭੂ ਦੀ) ਉਸਤਤਿ ਬੇਅੰਤ ਹੈ। (ਉਹ) ਸਦਾ ਨਵਾਂ-ਨਕੋਰ ਹੈ ਅਤੇ (ਸਾਡਾ) ਸਾਹਿਬ ਪੂਰਨ ਤੌਰ 'ਤੇ ਪ੍ਰਬੀਨ ਹੈ॥੨੩॥੭੮੮॥

ਭਵ ਭੈ ਉਤਾਰ । ਭਰਮੰ ਬਿਦਾਰ ।
ਅਪਰੰ ਅਪਾਰ । ਐਸੇ ਨਿਹਾਰ ॥੨੪॥੭੮੯॥

(ਉਹ) ਸੰਸਾਰ ਦੇ ਡਰ ਨੂੰ ਦੂਰ ਕਰਨ ਵਾਲਾ ਅਤੇ ਭਰਮਾਂ ਨੂੰ ਨਾਸ਼ ਕਰਨ ਵਾਲਾ ਹੈ। ਉਹ ਬੇਅੰਤ ਅਤੇ ਅਪਰੰਪਾਰ ਹੈ, ਉਸਨੂੰ ਇਸ ਤਰ੍ਹਾਂ ਦੇਖੋ (ਭਾਵ, ਜਾਣੋ)॥੨੪॥੭੮੯॥

ਨਹਿ ਵਾਰ ਪਾਰ । ਸਾਹਿਬ ਸੁਮਾਰ ।
ਬੇਅੰਤ ਅੰਤ । ਨਹਿ ਤੰਤ ਮੰਤ ॥੨੫॥੭੯੦॥

ਉਸ (ਮਾਲਕ) ਦਾ ਨਾ ਉਰਲਾ ਪਾਰ ਹੈ ਨਾ ਪਰਲਾ (ਭਾਵ, ਉਹ ਹੱਦਾਂ-ਬੰਨਿਆਂ ਤੋਂ ਰਹਿਤ ਹੈ)। ਸਾਹਿਬ (ਦੀ ਹਸਤੀ) ਗਿਣਤੀ-ਮਿਣਤੀ ਤੋਂ ਪਰ੍ਹੇ ਹੈ। ਉਹ ਬੇਅੰਤ ਹੈ, ਉਸਦਾ ਕੋਈ ਅੰਤ ਨਹੀਂ ਹੈ ਅਤੇ ਉਸ ਨੂੰ (ਸਮਝਣ ਲਈ) ਕੋਈ ਤੰਤਰ-ਮੰਤਰ ਨਹੀਂ ਹੈ॥੨੫॥੭੯੦॥

ਸਿਮਰੰਤ ਸੰਤ । ਜਾਨੰਤ ਕੰਤ ।
ਹੈ ਅੰਗ ਸੰਗ । ਅਨਭੈ ਅਨੰਗ ॥੨੬॥੭੯੧॥

ਸੰਤ (ਜਨ) ਉਸਨੂੰ ਸਿਮਰਦੇ ਹਨ ਅਤੇ (ਉਸ ਨੂੰ ਹੀ ਆਪਣਾ) ਕੰਤ (ਮਾਲਕ) ਜਾਣਦੇ ਹਨ। ਉਹ (ਪ੍ਰਭੂ) ਅੰਗ-ਸੰਗ (ਸਹਾਈ) ਹੈ, ਨਿਡਰ ਹੈ ਅਤੇ ਸਰੀਰ-ਰਹਿਤ ਹੈ॥੨੬॥੭੯੧॥

ਸਿਖੰ ਅਪਾਰ । ਕਰਿ ਕੈ ਬਿਚਾਰ ।
ਸਬਦੰ ਉਚਾਰ । ਏਕੋ ਨਿਹਾਰ ॥੨੭॥੭੯੨॥

ਬੇਅੰਤ ਸਿੱਖ ਵਿਚਾਰ ਕਰਕੇ ਸ਼ਬਦ ਦਾ ਉਚਾਰਨ ਕਰਦੇ ਹਨ ਅਤੇ (ਹਰ ਥਾਂ) ਇੱਕ ਪ੍ਰਭੂ ਨੂੰ ਹੀ ਦੇਖਦੇ ਹਨ॥੨੭॥੭੯੨॥

ਭਵ ਮੈ ਉਤਾਰ । ਭਰਮੰ ਬਿਦਾਰ ।
ਹੋਇ ਹਰਖਵੰਤ । ਪੇਖਯੋ ਬਿਅੰਤ ॥੨੮॥੭੯੩॥

(ਉਹ) ਸੰਸਾਰ (ਸਮੁੰਦਰ) ਤੋਂ ਪਾਰ ਹੋ ਜਾਂਦੇ ਹਨ, ਉਨ੍ਹਾਂ ਦੇ ਭਰਮ ਨਾਸ਼ ਹੋ ਜਾਂਦੇ ਹਨ। ਉਹ ਖੁਸ਼ੀ ਨਾਲ ਭਰ ਜਾਂਦੇ ਹਨ (ਕਿਉਂਕਿ) ਉਨ੍ਹਾਂ ਨੇ ਬੇਅੰਤ ਪ੍ਰਭੂ ਦੇ ਦਰਸ਼ਨ ਕਰ ਲਏ ਹੁੰਦੇ ਹਨ॥੨੮॥੭੯੩॥

ਚਿੰਤਾ ਬਿਸਾਰ । ਦਿੜ ਜੀਵ ਧਾਰ ।
ਮਨ ਮੈ ਅਨੰਦ । ਸਬ ਤੋਰ ਫੰਦ ॥੨੯॥੭੯੪॥

(ਉਹ) ਚਿੰਤਾਵਾਂ ਨੂੰ ਭੁਲਾ ਦਿੰਦੇ ਹਨ ਅਤੇ ਆਪਣੇ ਮਨ ਵਿੱਚ ਦ੍ਰਿੜਤਾ ਧਾਰਨ ਕਰਦੇ ਹਨ। ਉਨ੍ਹਾਂ ਦੇ ਮਨ ਵਿੱਚ ਆਨੰਦ ਹੁੰਦਾ ਹੈ, (ਕਿਉਂਕਿ ਉਨ੍ਹਾਂ ਨੇ ਮਾਇਆ ਦੇ) ਸਾਰੇ ਫੰਦੇ ਤੋੜ ਦਿੱਤੇ ਹੁੰਦੇ ਹਨ॥੨੯॥੭੯੪॥

ਹੁਇ ਕੈ ਖਲਾਸ । ਮਨ ਪੂਰ ਆਸ ।
ਚਰਨੰ ਨਿਵਾਸ । ਕੀਨੋ ਬਿਲਾਸ ॥੩੦॥੭੯੫॥

(ਮਾਇਆ ਦੇ ਬੰਧਨਾਂ ਤੋਂ) ਮੁਕਤ ਹੋ ਕੇ, ਉਨ੍ਹਾਂ ਦੇ ਮਨ ਦੀ ਆਸ ਪੂਰੀ ਹੋ ਜਾਂਦੀ ਹੈ। (ਪ੍ਰਭੂ ਦੇ) ਚਰਨਾਂ ਵਿੱਚ ਨਿਵਾਸ ਕਰਕੇ, ਉਨ੍ਹਾਂ ਨੇ ਆਤਮਿਕ ਆਨੰਦ ਮਾਣਿਆ ਹੈ॥੩੦॥੭੯੫॥

**ਦੋਹਰਾ**
ਮਨ ਬਚ ਕਰਮ ਕਰਿ ਭਾਵਨੀ, ਸਤਿਗੁਰ ਸਿਉ ਲਿਵ ਲਾਇ ।
ਸਾਂਤਿ ਭਈ ਤਿਹ ਤੇ ਤਬੈ, ਕੀਨੋ ਦਰਸਨ ਆਇ ॥੩੧॥੭੯੬॥

ਮਨ, ਬਚਨ ਅਤੇ ਕਰਮ ਦੁਆਰਾ ਸ਼ਰਧਾ ਨਾਲ ਸਤਿਗੁਰੂ ਨਾਲ ਸੁਰਤਿ ਜੋੜ ਕੇ, (ਸਿੰਘਾਂ ਨੇ) ਆ ਕੇ ਦਰਸ਼ਨ ਕੀਤਾ ਅਤੇ ਤਦ ਉਨ੍ਹਾਂ ਨੂੰ ਸ਼ਾਂਤੀ ਪ੍ਰਾਪਤ ਹੋਈ॥੩੧॥੭੯੬॥

**ਭੁਜੰਗ ਪ੍ਰਯਾਤ ਛੰਦ**
ਦਿਯੋ ਦਰਸ ਐਸੇ ਕਹਾ ਕੈ ਉਚਾਰੋ । ਬਿਦਾ ਹੋਇ ਲੀਨਾ ਸਬੀ ਤੈ ਨਿਹਾਰੋ ।
ਕਿਤੇ ਦਿਵਸ ਬੀਤੇ ਸਮੈ ਅੰਤ ਆਯੋ । "ਕਰੋ ਬੇਗ ਪ੍ਰਸਾਦਿ" ਐਸੇ ਬਤਾਯੋ ॥੩੨॥੭੯੭॥

(ਗੁਰੂ ਜੀ ਨੇ) ਇਸ ਤਰ੍ਹਾਂ ਦਰਸ਼ਨ ਦਿੱਤੇ, (ਇਸ ਬਾਰੇ) ਮੈਂ ਹੋਰ ਕੀ ਕਹਿ ਕੇ ਦੱਸਾਂ? ਦੇਖੋ, (ਉਸ ਤੋਂ ਬਾਅਦ) ਉਨ੍ਹਾਂ ਨੇ ਸਾਰਿਆਂ ਤੋਂ ਵਿਦਾ ਲੈ ਲਈ। ਕਈ ਦਿਨ ਬੀਤ ਗਏ ਅਤੇ ਅੰਤ ਦਾ ਸਮਾਂ ਆ ਗਿਆ। (ਗੁਰੂ ਜੀ ਨੇ) ਇਸ ਤਰ੍ਹਾਂ ਕਿਹਾ, "ਛੇਤੀ ਪ੍ਰਸ਼ਾਦ (ਭੋਜਨ) ਤਿਆਰ ਕਰੋ।"॥੩੨॥੭੯੭॥

ਕਛੂ ਭੋਜਨੰ ਖਾਇ ਕੈ ਨੀਰ ਪੀਨਾ । ਭਰੋਸਾ ਸਬੋ ਕੋ ਭਲੀ ਭਾਂਤਿ ਦੀਨਾ । ਗਈ ਅਰਧ ਰਾਤੰ ਘਰੀ ਚਾਰ ਅਉਰੇ । ਭਏ ਸਬਦ ਰੂਪੀ ਕਰੀ ਬਾਤ ਅਉਰੇ ॥੩੩॥੭੯੮॥

ਥੋੜ੍ਹਾ ਜਿਹਾ ਭੋਜਨ ਛਕ ਕੇ ਪਾਣੀ ਪੀਤਾ। (ਉਨ੍ਹਾਂ ਨੇ) ਸਾਰਿਆਂ ਨੂੰ ਚੰਗੀ ਤਰ੍ਹਾਂ ਭਰੋਸਾ ਦਿੱਤਾ। ਜਦੋਂ ਅੱਧੀ ਰਾਤ ਬੀਤ ਗਈ ਅਤੇ (ਅਗਲੇ ਪਹਿਰ ਦੀਆਂ) ਚਾਰ ਘੜੀਆਂ ਬਾਕੀ ਸਨ, ਉਹ ਸ਼ਬਦ-ਰੂਪ ਹੋ ਗਏ ਅਤੇ ਹੋਰ ਹੀ ਗੱਲ ਕਰ ਦਿੱਤੀ, (ਭਾਵ, ਆਪਣਾ ਭਾਣਾ ਵਰਤਾ ਦਿੱਤਾ)। ॥੩੩॥੭੯੮॥

**ਦੋਹਰਾ**

ਟੇਰਿ ਕਰੀ ਤਾਹੀ ਸਮੈ, ਜਾਗੇ ਸਿੰਘ ਅਪਾਰੁ ।
ਵਾਹਗੁਰੂ ਜੀ ਕੀ ਫਤੇ, ਕਹੀ ਅੰਤ ਕੀ ਬਾਰੁ ॥੩੪॥੭੯੯॥

ਉਸੇ ਸਮੇਂ (ਗੁਰੂ ਜੀ ਨੇ) ਆਵਾਜ਼ ਦਿੱਤੀ, (ਜਿਸਨੂੰ ਸੁਣ ਕੇ) ਬੇਅੰਤ ਸਿੰਘ ਜਾਗ ਪਏ। ਉਨ੍ਹਾਂ ਨੇ ਅੰਤਿਮ ਵਾਰ "ਵਾਹਿਗੁਰੂ ਜੀ ਕੀ ਫ਼ਤਹਿ" ਕਹੀ॥੩੪॥੭੯੯॥

ਸੁਨਿ ਸੰਦੇਸ ਬਿਸਮੈ ਭਏ, ਅਤਿ ਭਯਾਨ ਮਨ ਹੋਇ ।
ਮਨ ਕੀ ਮਨ ਹੀ ਮੈ ਰਹੀ, ਪੂਛੀ ਬਾਤ ਨ ਕੋਇ ॥੩੫॥੮੦੦॥

(ਇਹ) ਸੰਦੇਸ਼ ਸੁਣ ਕੇ (ਸਿੰਘ) ਹੈਰਾਨ ਹੋ ਗਏ ਅਤੇ ਉਨ੍ਹਾਂ ਦੇ ਮਨ ਵਿੱਚ ਬਹੁਤ ਭੈ ਪੈਦਾ ਹੋ ਗਿਆ। ਮਨ ਦੀ ਗੱਲ ਮਨ ਵਿੱਚ ਹੀ ਰਹਿ ਗਈ, (ਕੋਈ ਵੀ ਅੱਗੋਂ) ਕੋਈ ਗੱਲ ਨਾ ਪੁੱਛ ਸਕਿਆ॥੩੫॥੮੦੦॥

**ਸਵੈਯਾ**

ਬਿਸਮੈ ਸਬ ਹੋਇ ਰਹੇ ਮਨ ਮੈ, ਕਛੁ ਕੀ ਕਛੁ ਹੋਇ ਗਈ ਅਬ ਹੀ ।
ਮਿਲ ਕੈ ਸਬ ਸਿੰਘਨ ਤਾਹਿ ਸਮੈ, ਇਹ ਭਾਂਤਿ ਬਿਚਾਰ ਕਿਯੋ ਤਬ ਹੀ ।
"ਸਸਕਾਰ ਕਰੋ ਨਿਸ ਹੀ ਕੈ ਸਮੈ, ਨਿਕਸੈ ਨਹੀ ਭਾਨੁ ਕਹਯੋ ਜਬ ਹੀ ।
ਇਮ ਕਾਰਨ ਕਾਰਜ ਕੋ ਕਰ ਹੀ, ਮਿਲਿ ਜੋਤਿ ਸੋ ਜੋਤਿ ਗਈ ਤਬ ਹੀ ॥੩੬॥੮੦੧॥

ਸਾਰੇ ਮਨ ਵਿੱਚ ਹੈਰਾਨ ਹੋ ਗਏ ਕਿ ਹੁਣੇ ਹੀ ਕੁੱਝ ਦਾ ਕੁੱਝ ਹੋ ਗਿਆ ਹੈ (ਭਾਵ, ਅਨਹੋਣੀ ਵਾਪਰ ਗਈ ਹੈ)। ਉਸੇ ਸਮੇਂ ਸਾਰੇ ਸਿੰਘਾਂ ਨੇ ਮਿਲ ਕੇ ਇਸ ਤਰ੍ਹਾਂ ਵਿਚਾਰ ਕੀਤਾ: "(ਗੁਰੂ ਜੀ ਦੇ ਸ਼ਰੀਰ ਦਾ ਅੰਤਿਮ)-ਸੰਸਕਾਰ ਰਾਤ ਦੇ ਸਮੇਂ ਹੀ ਕਰ ਦਿਓ, ਜਿਵੇਂ (ਗੁਰੂ ਜੀ ਨੇ) ਕਿਹਾ ਸੀ ਕਿ ਸੂਰਜ ਨਹੀਂ ਨਿਕਲਣਾ ਚਾਹੀਦਾ।" ਇਸ ਹੁਕਮ ਅਨੁਸਾਰ ਕਾਰਜ ਕਰਦਿਆਂ ਹੀ, (ਗੁਰੂ ਜੀ ਦੀ) ਜੋਤਿ ਪਰਮ ਜੋਤਿ ਵਿੱਚ ਮਿਲ ਗਈ॥੩੬॥੮੦੧॥

**ਦੋਹਰਾ**
ਸੰਮਤ ਸਤ੍ਰਹ ਸੈ ਭਏ, ਪੈਂਸਠ ਬਰਖ ਪ੍ਰਮਾਨ ।
ਕਾਤਕ ਸੁਦਿ ਭਈ ਪੰਚਮੀ, ਨਿਸ ਕਾਰਨ ਕਰਿ ਜਾਨ ॥੩੭॥੮੦੨॥

ਸੰਮਤ ਸਤਾਰਾਂ ਸੌ ਪੈਂਹਠ (1765 ਬਿਕਰਮੀ) ਦਾ ਸਾਲ ਸੀ। ਕੱਤਕ ਮਹੀਨੇ ਦੀ ਸੁਦੀ ਪੰਚਮੀ ਸੀ, ਇਸ ਕਾਰਜ (ਜੋਤੀ-ਜੋਤ ਸਮਾਉਣ) ਨੂੰ ਰਾਤ ਦੇ ਸਮੇਂ ਹੋਇਆ ਜਾਣੋ॥੩੭॥੮੦੨॥

**ਸਵੈਯਾ**
ਕੈਸੇ ਕਹੌਂ ਨਹੀ ਜਾਤ ਕਹੀ, ਕਿਤ ਕੀ ਕਿਤ ਹੀ ਸਰ ਫੇਰ ਧਰੀ ।
ਕਹਜੋ ਕਛੁ ਔਰ ਕਰੀ ਕਛੁ ਔਰ ਸੁ ਔਰ ਕੀ ਔਰ ਹੀ ਹੋਇ ਪਰੀ ।
ਤਿਹ ਨਾਹ ਨ ਅੰਤ ਬਿਅੰਤ ਸੁ ਸੰਤ, ਇਕੰਤ ਜਪੰਤ ਅਗੰਤ ਹਰੀ।
ਜਿਯ ਜਾਨਤ ਹੈ ਕਛੁ ਕੀ ਕਛੁ ਹੀ, ਬਿਧਨਾ ਕਛੂ ਔਰ ਕੀ ਔਰ ਕਰੀ ॥੩੮॥੮੦੩॥

ਮੈਂ ਕਿਵੇਂ ਕਹਾਂ? ਇਹ ਗੱਲ ਕਹੀ ਨਹੀਂ ਜਾਂਦੀ, ਗੱਲ ਕਿੱਥੋਂ ਦੀ ਕਿੱਥੇ ਹੀ ਪਹੁੰਚ ਗਈ। ਕਿਹਾ ਕੁਝ ਹੋਰ ਸੀ, ਕੀਤਾ ਕੁਝ ਹੋਰ ਅਤੇ ਹੋ ਕੁਝ ਹੋਰ ਹੀ ਗਿਆ। ਉਸ ਬੇਅੰਤ ਪ੍ਰਭੂ ਦਾ ਕੋਈ ਅੰਤ ਨਹੀਂ, ਜਿਸ ਅਗੰਮ ਹਰੀ ਨੂੰ ਸੰਤ ਇਕਾਂਤ ਵਿੱਚ ਜਪਦੇ ਹਨ। ਦਿਲ ਵਿੱਚ ਤਾਂ ਕੁਝ ਹੋਰ ਹੀ ਜਾਣਦੇ ਸੀ, ਪਰ ਵਿਧਾਤਾ ਨੇ ਕੁਝ ਹੋਰ ਦੀ ਹੋਰ ਹੀ ਕਰ ਦਿੱਤੀ॥੩੮॥੮੦੩॥

**ਦੋਹਰਾ**
ਦੇਖਨ ਕੌ ਯੌ ਹੀ ਭਈ, ਜਾਨਤ ਸਗਲ ਜਹਾਨ ।
ਕਿਯਾ ਚਰਿਤ੍ਰ ਕਰਤਾਰ ਕੋ, ਨਹਿ ਕਹਿ ਸਕਤ ਵਖਾਨ ॥੩੯॥੮੦੪॥

ਦੇਖਣ ਨੂੰ ਇਹੀ ਹੋਇਆ, ਜਿਸਨੂੰ ਸਾਰਾ ਸੰਸਾਰ ਜਾਣਦਾ ਹੈ। ਕਰਤਾਰ ਦਾ ਚਰਿੱਤਰ (ਖੇਡ) ਕੀ ਹੈ, ਇਸਨੂੰ ਬਿਆਨ ਕਰਕੇ ਨਹੀਂ ਕਿਹਾ ਜਾ ਸਕਦਾ॥੩੯॥੮੦੪॥

**ਚੌਪਈ**

ਏਕ ਦਿਵਸ ਕਾਰਨ ਤੇ ਆਗੇ। ਮਿਲਿ ਕੈ ਸਿੰਘ ਪੂਛਨੈ ਲਾਗੇ।
"ਕਵਨ ਰੂਪ ਆਪਨ ਪ੍ਰਭੁ ਕੀਨੋ?" ਤਿਨ ਕੋ ਜ੍ਵਾਬ ਭਾਂਤਿ ਇਹ ਦੀਨੋ॥੪੦॥੮੦੫॥

ਇਸ ਘਟਨਾ ਤੋਂ ਪਹਿਲਾਂ ਇੱਕ ਦਿਨ ਸਿੰਘਾਂ ਨੇ ਮਿਲ ਕੇ ਪੁੱਛਣ ਲੱਗੇ, "ਹੇ ਪ੍ਰਭੂ! (ਤੁਹਾਡੇ ਤੋਂ ਬਾਅਦ) ਤੁਹਾਡਾ ਸਰੂਪ ਕਿਹੜਾ ਹੋਵੇਗਾ?" (ਗੁਰੂ ਜੀ ਨੇ) ਉਨ੍ਹਾਂ ਨੂੰ ਇਸ ਤਰ੍ਹਾਂ ਜਵਾਬ ਦਿੱਤਾ॥੪੦॥੮੦੫॥

ਤਾਹਿ ਸਮੈ ਗੁਰੁ ਬੈਨ ਸੁਨਾਯੋ। ਖਾਲਸ ਅਪਨੋ ਰੂਪ ਬਤਾਯੋ।
"ਖਾਲਸ ਹੀ ਸੋ ਹੈ ਮਮ ਕਾਮਾ। ਬਖਸ ਕਿਯੋ ਖਾਲਸ ਕੋ ਜਾਮਾ ॥੪੧॥੮੦੬॥

ਉਸ ਸਮੇਂ ਗੁਰੂ ਜੀ ਨੇ ਬਚਨ ਸੁਣਾਏ ਅਤੇ ਖ਼ਾਲਸੇ ਨੂੰ ਆਪਣਾ ਰੂਪ ਦੱਸਿਆ। (ਉਨ੍ਹਾਂ ਕਿਹਾ), "ਮੇਰਾ ਸਾਰਾ ਕਾਰਜ-ਵਿਹਾਰ ਖਾਲਸੇ ਨਾਲ ਹੀ ਹੈ। ਮੈਂ ਆਪਣਾ ਜਾਮਾ (ਸਰੂਪ) ਖ਼ਾਲਸੇ ਨੂੰ ਬਖ਼ਸ਼ ਦਿੱਤਾ ਹੈ।"॥੪੧॥੮੦੬॥

**ਦੋਹਰਾ**

ਖਾਲਸ ਮੇਰੋ ਰੂਪ ਹੈ, ਹੌ ਖਾਲਸ ਕੇ ਪਾਸ।
ਆਦਿ ਅੰਤ ਹੀ ਹੋਤ ਹੈ, ਖਾਲਸ ਹੀ ਮੈ ਬਾਸ ॥੪੨॥੮੦੭॥

"ਖ਼ਾਲਸਾ (ਹੀ) ਮੇਰਾ ਰੂਪ ਹੈ, ਅਤੇ ਮੈਂ ਖ਼ਾਲਸੇ ਦੇ ਕੋਲ (ਵੱਸਦਾ) ਹਾਂ। ਸ਼ੁਰੂ ਤੋਂ ਲੈ ਕੇ ਅੰਤ ਤੱਕ, ਮੇਰਾ ਵਾਸਾ ਖ਼ਾਲਸੇ ਵਿੱਚ ਹੀ ਹੈ।"॥੪੨॥੮੦੭॥

**ਲੋਟਨ ਛੰਦ**

ਖਾਲਸ ਖਾਸ ਕਹਾਵੈ ਸੋਈ । ਜਾ ਕੈ ਹਿਰਦੈ ਭਰਮੁ ਨ ਹੋਈ।
ਭਰਮ ਭੇਖ ਤੇ ਰਹੈ ਨਿਆਰਾ । ਸੋ ਖਾਲਸ ਸਤਿਗੁਰੂ ਹਮਾਰਾ ।"
ਸਤਿਗੁਰੂ ਹਮਾਰਾ, ਅਪਰ ਅਪਾਰਾ, ਸਬਦ ਬਿਚਾਰਾ, ਅਜਰ ਜਰੀ ।
ਹਿਰਦੇ ਧਰਿ ਧਿਆਨੀ, ਉਚਰੀ ਬਾਨੀ, ਪਦ ਨਿਰਬਾਨੀ, ਅਪਰ ਪਰੀ ।
ਗਤਿ ਮਿਤਿ ਅਪਾਰੰ, ਬਹੁ ਬਿਸਥਾਰੰ, ਵਾਰੁ ਨ ਪਾਰੰ, ਕਿਆ ਕਥਨੰ ।
ਤਵ ਜੋਤਿ ਪ੍ਰਕਾਸੀ, ਸਰਬ ਨਿਵਾਸੀ, ਸਰਬ ਉਦਾਸੀ, ਤਵ ਸਰਣੰ ॥੪੩॥੮੦੮॥

"ਉਹੀ ਖ਼ਾਸ ਖ਼ਾਲਸਾ ਕਹਾਉਂਦਾ ਹੈ, ਜਿਸਦੇ ਹਿਰਦੇ ਵਿੱਚ ਕੋਈ ਭਰਮ ਨਹੀਂ ਹੁੰਦਾ। ਜੋ ਭਰਮ ਅਤੇ (ਬਾਹਰੀ) ਭੇਖ ਤੋਂ ਵੱਖਰਾ ਰਹਿੰਦਾ ਹੈ, ਉਹ ਖ਼ਾਲਸਾ ਹੀ ਸਾਡਾ ਸਤਿਗੁਰੂ ਹੈ।" ਸਾਡਾ ਸਤਿਗੁਰੂ, ਜੋ ਅਪਰ-ਅਪਾਰ ਹੈ, ਉਸਨੇ ਸ਼ਬਦ ਨੂੰ ਵਿਚਾਰ ਕੇ ਨਾ ਜਰਨ ਵਾਲੀ ਸ਼ਕਤੀ ਨੂੰ ਜਰਿਆ ਹੈ। ਹਿਰਦੇ ਵਿੱਚ ਧਿਆਨ ਧਰ ਕੇ, ਉਸਨੇ ਬਾਣੀ ਦਾ ਉਚਾਰਨ ਕੀਤਾ, ਨਿਰਵਾਣ ਪਦ (ਪ੍ਰਾਪਤ ਕਰਨ ਵਾਲਾ) ਹੈ ਅਤੇ ਸਭ ਤੋਂ ਪਰੇ ਹੈ। ਉਸਦੀ ਗਤੀ ਅਤੇ ਮਾਪ ਬੇਅੰਤ ਹੈ, ਉਸਦਾ ਵਿਸਥਾਰ ਬਹੁਤ ਵੱਡਾ ਹੈ, ਉਸਦਾ ਕੋਈ ਉਰਵਾਰ-ਪਾਰ ਨਹੀਂ, ਉਸ ਬਾਰੇ ਕੀ ਕਿਹਾ ਜਾ ਸਕਦਾ ਹੈ? (ਹੇ ਪ੍ਰਭੂ!) ਤੇਰੀ ਜੋਤਿ ਪ੍ਰਕਾਸ਼ਮਾਨ ਹੈ, ਤੂੰ ਸਭ ਵਿੱਚ ਵੱਸਦਾ ਹੈਂ, (ਪਰ ਫਿਰ ਵੀ) ਸਭ ਤੋਂ ਨਿਰਲੇਪ ਹੈਂ, ਮੈਂ ਤੇਰੀ ਸ਼ਰਨ ਵਿੱਚ ਹਾਂ॥੪੩॥੮੦੮॥

ਕਵੀਸਰੋਵਾਚ । ਦੋਹਰਾ
ਓਟ ਤਿਹਾਰੀ ਧਰਤਿ ਹੌ, ਅਵਰ ਨ ਜਾਨਤ ਕੋਇ ।
ਮਨ ਬਚ ਕਰਮ ਕਰਿ ਭਾਵਨੀ, ਸਿਮਰਤਿ ਹੋ ਇਮ ਤੋਇ ॥੪੪॥੮੦੯॥

ਕਵੀ ਦਾ ਬਚਨ:- (ਹੇ ਪ੍ਰਭੂ!) ਮੈਂ ਤੇਰਾ (ਹੀ) ਆਸਰਾ ਲੈਂਦਾ ਹਾਂ, ਅਤੇ ਕਿਸੇ ਹੋਰ ਨੂੰ ਨਹੀਂ ਜਾਣਦਾ। ਮਨ, ਬਚਨ ਅਤੇ ਕਰਮ ਦੁਆਰਾ, ਸ਼ਰਧਾ-ਭਾਵਨਾ ਨਾਲ ਮੈਂ ਇਸ ਤਰ੍ਹਾਂ ਤੈਨੂੰ ਸਿਮਰਦਾ ਹਾਂ॥੪੪॥੮੦੯॥

**ਸਵੈਯਾ**
ਕਾਹੂ ਕੇ ਮਾਤ ਪਿਤਾ ਸੁਤ ਕਾਹੂ ਕੇ, ਕਾਹੂ ਕੇ ਭ੍ਰਾਤ ਮਹਾਂ ਬਲਕਾਰੀ ।
ਕਾਹੂ ਕੇ ਮੀਤ ਸਖਾ ਹਿਤੁ ਸਾਜਨ, ਕਾਹੂ ਕੇ ਗ੍ਰੇਹ ਬਿਰਾਜਤ ਨਾਰੀ ।
ਕਾਹੂ ਕੇ ਧਾਮ ਮਹਾ ਨਿਧਿ ਰਾਜਤਿ ਆਪਸ ਮੋ ਕਰਿ ਹੈ ਹਿਤ ਭਾਰੀ ।

ਹੋਹੁ ਦਯਾਲ ਦਯਾ ਕਰਿ ਕੈ ਪ੍ਰਭੁ, ਗੋਬਿੰਦ ਜੀ ਮੁਹਿ ਟੇਕ ਤਿਹਾਰੀ ॥੪੫॥੮੧੦॥

ਕਿਸੇ ਦੇ ਮਾਤਾ-ਪਿਤਾ ਹਨ, ਕਿਸੇ ਦੇ ਪੁੱਤਰ ਹਨ, ਕਿਸੇ ਦੇ ਬਹੁਤ ਬਲਵਾਨ ਭਰਾ ਹਨ। ਕਿਸੇ ਦੇ ਮਿੱਤਰ, ਸਾਥੀ ਜਾਂ ਸੱਜਣ ਪਿਆਰੇ ਹਨ, ਕਿਸੇ ਦੇ ਘਰ ਵਿੱਚ ਪਤਨੀ ਬਿਰਾਜ ਰਹੀ ਹੈ। ਕਿਸੇ ਦੇ ਘਰ ਵਿੱਚ ਵੱਡੇ ਖਜ਼ਾਨੇ ਪਏ ਹਨ ਅਤੇ ਉਹ ਆਪਸ ਵਿੱਚ ਬਹੁਤ ਪ੍ਰੇਮ ਕਰਦੇ ਹਨ। ਹੇ ਪ੍ਰਭੂ (ਗੁਰੂ) ਗੋਬਿੰਦ (ਸਿੰਘ ਸਾਹਿਬ) ਜੀ! ਮੇਰੇ ਉੱਤੇ ਦਇਆ ਕਰਕੇ ਦਇਆਲੂ ਹੋਵੋ, ਮੈਨੂੰ ਤਾਂ ਸਿਰਫ਼ ਤੁਹਾਡਾ ਹੀ ਆਸਰਾ ਹੈ॥੪੫॥੮੧੦॥

**ਸਵੈਯਾ**

ਤੇਰੋ ਹੀ ਨਾਮ ਜਪੋ ਨਿਤ ਨੀਤ, ਬਿਚਾਰ ਯਹੈ ਸੁ ਬਿਲੰਬ ਨ ਕੀਜੈ ।
ਔਸਰ ਜਾਤ ਬਿਹਾਤ ਸਦਾ, ਇਹ ਮਾਨਸ ਦੇਹ ਪਲੇ ਪਲ ਛੀਜੈ ।
ਦੇਖਿ ਨਿਹਾਰ ਨਿਵਾਰ ਮਹਾ ਬਿਖ, ਛਾਡਿ ਬਿਕਾਰੁ ਭਲਾ ਕਛੁ ਕੀਜੈ ।
ਏਕ ਹੀ ਕੋ ਜਸੁ ਗਾਵ ਸਦਾ, ਸਤਿਸੰਗਤਿ ਸੋ ਮਿਲਿ ਅੰਮ੍ਰਿਤ ਪੀਜੈ ॥੪੬॥੮੧੧॥

ਸਦਾ ਤੇਰਾ ਹੀ ਨਾਮ ਜਪ, ਇਹੀ ਵਿਚਾਰ (ਸ੍ਰੇਸ਼ਟ ਹੈ) ਅਤੇ ਇਸ ਵਿੱਚ ਦੇਰੀ ਨਾ ਕਰ। ਮੌਕਾ ਹਮੇਸ਼ਾ ਬੀਤਦਾ ਜਾ ਰਿਹਾ ਹੈ, ਇਹ ਮਨੁੱਖੀ ਸਰੀਰ ਪਲ-ਪਲ ਕਰਕੇ ਖੀਣ ਹੋ ਰਿਹਾ ਹੈ। (ਸੰਸਾਰ ਨੂੰ) ਦੇਖ ਅਤੇ ਪਰਖ ਕੇ ਇਸ ਮਹਾਨ ਜ਼ਹਿਰ (ਮਾਇਆ) ਨੂੰ ਦੂਰ ਕਰ, ਵਿਕਾਰਾਂ ਨੂੰ ਛੱਡ ਕੇ ਕੁਝ ਭਲਾ ਕੰਮ ਕਰ। ਸਦਾ ਇੱਕ (ਪ੍ਰਭੂ) ਦਾ ਹੀ ਜਸ ਗਾ, ਅਤੇ ਸਤਿਸੰਗਤ ਵਿੱਚ ਮਿਲ ਕੇ (ਨਾਮ-)ਅੰਮ੍ਰਿਤ ਨੂੰ ਪੀ॥੪੬॥੮੧੧॥

**ਦੋਹਰਾ**

ਅੰਮ੍ਰਿਤ ਪੀ ਲੇ ਰੇ ਮਨਾ, ਕਰਿ ਸੰਤਨ ਕੀ ਸੇਵ ।
ਦੁਰਲਭ ਮਾਨਸ ਜਨਮੁ ਕਰਿ, ਸਫਲ ਸਿਮਰਿ ਗੁਰੁ ਦੇਵ ॥੪੭॥੮੧੨॥

ਹੇ ਮਨ! ਸੰਤਾਂ ਦੀ ਸੇਵਾ ਕਰਕੇ (ਨਾਮ) ਅੰਮ੍ਰਿਤ ਪੀ ਲੈ। ਇਸ ਦੁਰਲੱਭ ਮਨੁੱਖਾ ਜਨਮ ਨੂੰ ਗੁਰੂ-ਦੇਵ ਦਾ ਸਿਮਰਨ ਕਰਕੇ ਸਫਲ ਕਰ ਲੈ॥੪੭॥੮੧੨॥

**ਸਵੈਯਾ**

ਭੂਲ ਜਿਨ ਜਾਹੁ ਗੁਨ ਗਾਹੁ ਕਰਤਾਰ ਕੇ, ਆਪਨੇ ਸਬਦ ਬੀਚਾਰ ਲਹੁ ਰੇ ॥
ਕੌਨ ਭਾਖੀ ਤਹਾ, ਕੌਨ ਕੀਨੀ ਜਹਾ, ਨਾਹਿਨੈ ਮੂੜ੍ਹ ਮਮ ਤੋਹਿ ਭਹੁ ਰੇ ।
ਆਨਿ ਕੈ ਕਾਲ ਬਿਹਾਲ ਕਰਿ ਹੈ ਕਹੂ, ਠੌਰ ਅਠੌਰ ਨਹਿ ਦੇਖਿਅਹੁ ਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੪੮॥੮੧੩॥

(ਹੇ ਮਨ!) ਭੁੱਲ ਨਾ, ਕਰਤਾਰ ਦੇ ਗੁਣ ਗਾ, ਅਤੇ ਆਪਣੇ (ਗੁਰੂ ਦੇ) ਸ਼ਬਦ ਨੂੰ ਵਿਚਾਰ ਲੈ। 'ਕਿਸ ਨੇ ਉੱਥੇ ਕੀ ਆਖਿਆ', 'ਕਿਸ ਨੇ ਕੀ ਕੀਤਾ', ਹੇ ਮੂਰਖ! 'ਮੇਰਾ-ਤੇਰਾ' ਵਿੱਚ ਨਾ ਭੌਂਦਾ ਰਹਿ। ਕਾਲ ਨੇ ਆ ਕੇ ਕਿਤੇ (ਤੇਰਾ) ਬੁਰਾ ਹਾਲ ਕਰ ਦੇਣਾ ਹੈ, ਫਿਰ ਉਹ ਚੰਗੀ-ਮਾੜੀ ਥਾਂ ਨਹੀਂ ਦੇਖੇਗਾ। ਸੰਤ, ਜਿਨ੍ਹਾਂ ਦੀ ਮਹਿਮਾ ਬੇਅੰਤ ਹੈ, ਪੁਕਾਰ ਕੇ ਕਹਿੰਦੇ ਹਨ ਕਿ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ।"॥੪੮॥੮੧੩॥

ਕੂਰ ਮੈ ਪੂਰਿ ਕੈ ਝੂਰ ਐਸੇ ਰਹਜੋ, ਰਹੈ ਜੋ ਕੀਰ ਗਤਿ ਹੋਤ ਵਹੁ ਰੇ ।
ਭ੍ਰਮ ਮੈ ਭੂਲਿ ਕੈ ਝੂਲ ਤਾਸੋ ਗਯੋ, ਉਡੈ ਹੈ ਆਪ ਜੋ ਛਾਡਿ ਜਹੁ ਰੇ ॥
ਮੋਹਿ ਫਾਸੀ ਜਹਾਂ, ਜੀਵ ਫਸਿ ਹੈ ਤਹਾਂ, ਤਤ ਬੀਚਾਰ ਨਹਿ ਸੂਝਿਅਹੁ ਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾਂ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੪੯॥੮੧੪॥

ਤੂੰ ਝੂਠ (ਕੂੜ) ਵਿੱਚ ਪੂਰੀ ਤਰ੍ਹਾਂ ਫਸ ਕੇ ਇਉਂ ਝੂਰਦਾ ਹੈਂ, ਜਿਵੇਂ (ਨਲਨੀ ਵਿੱਚ ਫਸੇ) ਤੋਤੇ ਦੀ ਹਾਲਤ ਹੁੰਦੀ ਹੈ। ਤੂੰ ਭਰਮ ਵਿੱਚ ਭੁੱਲ ਕੇ (ਮਾਇਆ ਨਾਲ) ਝੂਲ ਰਿਹਾ ਹੈਂ, ਜਿਸਨੂੰ ਤੂੰ ਆਪ ਹੀ ਛੱਡ ਕੇ ਉੱਡ ਜਾਣਾ ਹੈ (ਭਾਵ, ਮਰ ਜਾਣਾ ਹੈ)। ਜਿੱਥੇ ਮੋਹ ਦੀ ਫਾਹੀ ਹੈ, ਉੱਥੇ ਜੀਵ ਫਸ ਜਾਂਦਾ ਹੈ, (ਕਿਉਂਕਿ) ਤੈਨੂੰ ਅਸਲ ਤੱਤ ਦੀ ਵਿਚਾਰ ਨਹੀਂ ਸੁੱਝਦੀ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੪੯॥੮੧੪॥

ਲਾਜ ਕੈ ਕਾਜ ਉਪਚਾਰ ਕੇਤੇ ਕਰੈ, ਲਾਜ ਕੋ ਕਾਜ ਨਹਿ ਏਕ ਅਹੁ ਰੇ ।

ਜਗਤ ਕੀ ਕਾਜ ਕਛੁ ਕਾਜ ਆਵੈ ਨਹੀਂ, ਹੋਤ ਅਕਾਜ ਨਹਿ ਕਾਜ ਸਹੁ ਰੇ ।
ਲੀਨ ਜਾ ਸੋ ਭਯੋ, ਸੰਗਿ ਲੈ ਨਾ ਗਯੋ, ਜੌਨਿ ਹਿਤ ਗੋਨ ਕਰਿ ਲੇਤ ਭਹੁ ਰੇ ॥
ਟੇਰ ਹੈ ਸੰਤ ਬੇਅੰਤ ਮਹਿਮਾ ਮਹਾਂ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੫੦॥੮੧੫॥

ਤੂੰ (ਲੋਕ) ਲਾਜ ਦੇ ਕਾਰਨ ਕਿੰਨੇ ਹੀ ਉਪਰਾਲੇ ਕਰਦਾ ਹੈਂ, ਪਰ ਇਹ ਇੱਕ ਵੀ ਕੰਮ ਆਉਣ ਵਾਲਾ ਕਾਰਜ ਨਹੀਂ ਹੈ। ਜਗਤ ਦਾ ਕੋਈ ਕੰਮ ਤੇਰੇ ਕੰਮ ਨਹੀਂ ਆਵੇਗਾ, ਇਹ ਤਾਂ ਅਕਾਰਜ (ਵਿਅਰਥ ਕੰਮ) ਹੈ, ਇਸ ਨੂੰ (ਪਰਲੋਕ ਵਿੱਚ ਆਪਣਾ) ਸਹਾਰਾ ਨਾ ਸਮਝ। ਜਿਸ (ਮਾਇਆ) ਵਿੱਚ ਤੂੰ ਲੀਨ ਹੋਇਆ ਪਿਆ ਹੈਂ, (ਉਸਨੂੰ ਕੋਈ ਵੀ) ਆਪਣੇ ਨਾਲ (ਪਰਲੋਕ ਵਿੱਚ) ਨਹੀਂ ਲੈ ਕੇ ਜਾ ਸਕਿਆ (ਭਾਵ, ਇੱਥੇ ਹੀ ਛੱਡ ਗਿਆ), ਜਿਸਦੇ ਲਈ ਤੂੰ ਐਵੇਂ ਹੀ ਭਟਕਦਾ ਫਿਰਦਾ ਹੈਂ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੫੦॥੮੧੫॥

ਅਹੁ: ਅਹੈ, ਹੈ।
ਸਹੁ: ਸਹ, ਸਹਾਰਾ।

ਚੇਤ ਅਚੇਤ ਲੈ ਚੇਤ ਚੇਤਨ ਕਹੂ, ਹੋਤ ਉਧਾਰ ਕੈ ਬਾਤ ਵਹੁ ਰੇ ॥
ਲੋਭ ਕੀ ਲੀਕ ਮੈ ਜਾਇ ਪਰਿ ਹੈ ਕਹੂ ਡੂਬ ਹੈ ਨੀਰ ਬਿਨ ਜਾਨ ਗਹੁ ਰੇ ।
ਕੂਪ ਕੋ ਜੀਵ ਬੀਚਾਰ ਕੇਹੂ ਕਰੋ, ਨਿਕਸਿ ਹੈ ਨਾਹਿ ਨੈ ਤਤਿ ਯਹੁ ਰੇ ॥
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੫੧॥੮੧੬॥

ਹੇ ਗ਼ਾਫ਼ਿਲ (ਮਨ)! ਚੇਤੰਨ ਹੋ ਕੇ (ਨਾਮ ਨੂੰ) ਚੇਤੇ ਕਰ, ਉਧਾਰ ਹੋਣ ਦੀ ਗੱਲ ਇਹੀ ਹੈ। ਜੇ ਤੂੰ ਲੋਭ ਦੀ ਲਕੀਰ 'ਤੇ ਚੱਲਦਾ ਰਿਹਾ, ਤਾਂ ਬਿਨਾਂ ਪਾਣੀ ਤੋਂ ਹੀ ਡੁੱਬ ਜਾਵੇਂਗਾ, ਇਸ ਗੱਲ ਨੂੰ ਸਮਝ ਲੈ। ਖੂਹ ਦੇ ਜੀਵ (ਡੱਡੂ) ਵਾਂਗ ਵਿਚਾਰ ਕਰ, ਉਹ ਬਾਹਰ ਨਹੀਂ ਨਿਕਲ ਸਕਦਾ, ਇਹੀ

ਅਸਲੀਅਤ ਹੈ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੫੧॥੮੧੬॥

ਜੁਗਤਿ ਕੈ ਜੋਗ ਕੈ ਭਾਵਨੀ ਭੋਗ ਲੈ, ਭੇਖ ਅਲੇਖ ਨਹਿ ਹਾਥ ਅਹੁ ਰੇ ।
ਜਾਇ ਕਰਵਤ ਲੈ ਹੈ, ਵਰੇ ਗਰਤ ਬੀਚ ਜੈ ਹੈ, ਮੀਚ ਅਮੀਚ ਕੈ ਲੇਤ ਭਹੁ ਰੇ ।
ਮੋਨ ਗਹਿ ਜੀਵ ਮੈ, ਬਸਤ੍ਰ ਤਜਿ ਸੀਵ ਮੈ, ਦਿਸਟਿ ਆਕਾਸ ਕਰਿ ਨਾਹਿ ਲਹੁ ਰੇ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੫੨॥੮੧੭॥

ਯੋਗ ਦੀਆਂ ਜੁਗਤੀਆਂ, ਭੋਗਾਂ ਦੀਆਂ ਭਾਵਨਾਵਾਂ ਅਤੇ ਭੇਖਾਂ ਨਾਲ ਉਹ ਅਲੇਖ ਪ੍ਰਭੂ ਹੱਥ ਨਹੀਂ ਆਉਂਦਾ। ਭਾਵੇਂ (ਕਾਸ਼ੀ ਜਾ ਕੇ) ਆਰੇ ਨਾਲ ਸਰੀਰ ਚਿਰਾ ਲਵੇਂ, ਟੋਏ ਵਿੱਚ ਜਾ ਪਵੇਂ ਜਾਂ ਅਣਆਈ ਮੌਤ ਨੂੰ ਸਹੇੜ ਲਵੇਂ, (ਇਸ ਨਾਲ ਵੀ ਜਨਮ ਮਰਣ ਦੇ ਚੱਕਰਾਂ ਵਿੱਚ) ਭਟਕਦਾ ਰਹੇਂਗਾ। ਮਨ ਵਿੱਚ ਚੁੱਪ ਧਾਰਨ, ਸ਼ਮਸ਼ਾਨ ਵਿੱਚ ਕੱਪੜੇ ਤਿਆਗਣ, ਜਾਂ ਅਕਾਸ਼ ਵੱਲ ਤੱਕਦੇ ਰਹਿਣ ਨਾਲ ਵੀ ਉਸਨੂੰ ਪ੍ਰਾਪਤ ਨਹੀਂ ਕਰ ਸਕਦਾ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੫੨॥੮੧੭॥

ਨਾਹਿ ਇਹ ਰੀਤਿ ਮਨ ਮੀਤ ਤੋ ਸੋ ਕਹੋ, ਨਾਮ ਕੀ ਪ੍ਰੀਤਿ ਇਹ ਰੀਤਿ ਗਹੁ ਰੇ ॥
ਭ੍ਰਮ ਕੋ ਭੇਖ ਤਜਿ, ਭੇਖ ਅਲੇਖ ਸਜਿ, ਤਤੁ ਬੀਚਾਰ ਬੀਚਾਰ ਲਹੁ ਰੇ ।
ਛੂਟ ਹੋ ਤ੍ਰਾਸ ਤੇ ਓਟ ਕਰਿ ਤਾਹਿ ਕੀ, ਸਰਨਿ ਗਹੁ ਸਰਨਿ ਗਹੁ ਸਰਨਿ ਗਹੁ ਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੫੩॥੮੧੮॥

ਹੇ ਮਿੱਤਰ ਮਨ! ਮੈਂ ਤੈਨੂੰ ਕਹਿੰਦਾ ਹਾਂ, ਇਹ (ਉੱਪਰ ਦੱਸੀ) ਸਹੀ ਰੀਤੀ ਨਹੀਂ ਹੈ, ਨਾਮ ਨਾਲ ਪ੍ਰੀਤ ਪਾਉਣ ਦੀ ਰੀਤੀ ਨੂੰ ਫੜ। ਭਰਮ ਦਾ ਭੇਖ ਤਿਆਗ ਦੇ ਅਤੇ ਅਲੇਖ ਪ੍ਰਭੂ (ਦੇ ਨਾਮ) ਦਾ ਭੇਖ ਸਜਾ, ਅਤੇ ਅਸਲ ਤੱਤ ਦੀ ਵਿਚਾਰ ਕਰਕੇ ਉਸਨੂੰ ਸਮਝ। ਤੂੰ (ਜਮ ਦੇ) ਡਰ ਤੋਂ ਬਚ

ਜਾਵੇਂਗਾ, ਉਸ (ਪ੍ਰਭੂ) ਦਾ ਆਸਰਾ ਲੈ। ਉਸਦੀ ਸ਼ਰਨ ਪੈ, ਸ਼ਰਨ ਪੈ, ਸ਼ਰਨ ਪੈ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੫੩॥੮੧੮॥

ਕੌਨ ਹੈ ਕਰਮ ਪੈ ਤਾਹਿ ਜਾਨਯੋ ਨਹੀ, ਤੌਨ ਕੀ ਗੌਨ ਤਜਿ ਔਨ ਜਹੁ ਰੇ ।
ਸੂਝ ਰੇ ਆਪਨਾ ਆਪ ਆਪਾ ਕਹੂ ਜੀਵਨੋ ਜਗਤ ਮੈ ਅਲਪ ਲਹੁ ਰੇ ।
ਜਾਨ ਅਜਾਨ ਪੈ ਜਾਨ ਜਾਨੀ ਨਹੀਂ, ਭ੍ਰਮ ਮੈ ਫੂਲ ਜਿਨ ਫੂਲ ਰਹੁ ਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੫੪॥੮੧੯॥

ਅਸਲ ਕਰਮ ਕਿਹੜਾ ਹੈ, ਤੂੰ ਉਸਨੂੰ ਜਾਣਿਆ ਨਹੀਂ, ਉਸ (ਸਹੀ) ਰਸਤੇ ਨੂੰ ਛੱਡ ਕੇ ਹੋਰ ਪਾਸੇ ਜਾ ਰਿਹਾ ਹੈਂ। ਆਪਣੇ ਆਪੇ ਨੂੰ ਕਦੇ ਸਮਝ, ਜਗਤ ਵਿੱਚ ਜੀਵਨ ਬਹੁਤ ਥੋੜ੍ਹਾ ਹੈ। ਤੂੰ ਜਾਣਦਾ ਹੋਇਆ ਵੀ ਅਣਜਾਣ ਹੈਂ ਅਤੇ ਜਾਨਣ ਵਾਲੀ (ਅਸਲੀ ਗੱਲ) ਨੂੰ ਨਹੀਂ ਜਾਣਿਆ। ਮਤਾਂ ਐਵੇਂ ਭਰਮ ਵਿੱਚ ਫੁੱਲਿਆ ਫਿਰੇਂ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੫੪॥੮੧੯॥

ਛਾਡਿ ਦੇ ਧੰਧ ਔ ਬੰਧ ਬੰਧਨ ਸਬੈ, ਹੋਇ ਨਿਰਬੰਧ ਇਕ ਬੰਧ ਰਹੁ ਰੇ ।
ਔਰ ਬੇਕਾਰ ਸੁਖ ਸਾਰ ਬੀਚਾਰ ਯੌ, ਨਾਮ ਉਚਾਰ ਕਰਿ ਪਾਰ ਪਹੁ ਰੇ ।
ਏਕ ਪ੍ਰਭੁ ਜਾਪਨਾ, ਛਾਡ ਦੈ ਥਾਪਨਾ, ਆਪਨਾ ਆਪ ਬੀਚਾਰ ਲਹੁ ਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੫੫॥੮੨੦॥

ਸਾਰੇ (ਦੁਨਿਆਵੀ) ਧੰਦੇ ਅਤੇ ਬੰਧਨ ਛੱਡ ਦੇ, ਅਤੇ ਸਭ ਬੰਧਨਾਂ ਤੋਂ ਮੁਕਤ ਹੋ ਕੇ ਇੱਕ (ਪ੍ਰਭੂ) ਦੇ ਬੰਧਨ ਵਿੱਚ ਰਹੁ। ਬਾਕੀ ਸਭ ਬੇਕਾਰ ਹੈ, ਇਹੀ ਸੁੱਖਾਂ ਦਾ ਸਾਰ ਵਿਚਾਰ, ਅਤੇ ਨਾਮ ਦਾ ਉਚਾਰਨ ਕਰਕੇ (ਸੰਸਾਰ ਤੋਂ) ਪਾਰ ਹੋ ਜਾ। ਇੱਕ ਪ੍ਰਭੂ ਨੂੰ ਜਪ, ( ਬੇਲੋੜੀ ਜਾਇਦਾਦ ਆਦਿ ਦੀ) ਸਥਾਪਨਾ ਛੱਡ ਦੇ, ਅਤੇ ਆਪਣੇ ਆਪ ਦੀ ਵਿਚਾਰ ਕਰ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੫੫॥੮੨੦॥

ਕੋਟ ਉਪਾਵ ਬੀਚਾਰ ਕੇਹੂ ਕਰੋ, ਪਾਰ ਜਿਹ ਤੇ ਪਰੋ ਬਾਤ ਅਹੁ ਰੇ ।
ਅਨਿਕ ਤੀਰਥ ਕਰੋ, ਜਾਇ ਕਾਸੀ ਮਰੋ, ਚੜੋ ਕੇਦਾਰ ਨਹਿ ਪਾਰ ਪਹੁ ਰੇ ।
ਅਨਿਕ ਤਪ ਸਾਧ ਅਗਾਧ ਜਾਨਜੋ ਨਹੀ, ਹੋਤ ਹੈ ਔਰ ਕੀ ਔਰ ਅਹੁ ਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਜਹਾ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੫੬॥੮੨੧॥

ਭਾਵੇਂ ਕੋਈ ਕਰੋੜਾਂ ਉਪਾਅ ਵਿਚਾਰ ਲਵੇ, ਪਰ ਜਿਸ ਨਾਲ ਪਾਰ ਹੋਣਾ ਹੈ, ਉਹ ਗੱਲ ਇਹੀ (ਨਾਮ ਸਿਮਰਨ) ਹੈ। ਅਨੇਕਾਂ ਤੀਰਥ ਕਰ ਲੈ, ਕਾਸ਼ੀ ਜਾ ਕੇ ਮਰ, ਜਾਂ ਕੇਦਾਰਨਾਥ ਚੜ੍ਹ ਜਾ, ਪਰ ਪਾਰ ਨਹੀਂ ਪਹੁੰਚ ਸਕੇਂਗਾ। ਅਨੇਕਾਂ ਤਪ ਸਾਧ ਲਏ ਪਰ ਉਸ ਅਥਾਹ ਪ੍ਰਭੂ ਨੂੰ ਨਹੀਂ ਜਾਣਿਆ, ਤਾਂ ਗੱਲ ਕੁਝ ਦੀ ਕੁਝ ਹੋਰ ਹੀ ਹੋ ਜਾਂਦੀ ਹੈ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੫੬॥੮੨੧॥

ਲਗੀ ਜੋ ਲਗਨ ਤੌ ਮਗਨ ਐਸੋ ਭਯੋ, ਸੌਨ ਅਸੌਨ ਨਹਿ ਜਾਨ ਜਹੁ ਰੇ ।
ਆਪ ਆਪਾ ਗਯੋ, ਆਪ ਆਪੀ ਭਯੋ, ਆਪ ਬੀਚਾਰੁ ਜਬ ਦੇਖ ਅਹੁ ਰੇ ।
ਜੋਤਿ ਸੋ ਜੋਤਿ ਮਿਲਿ ਏਕ ਹੀ ਰੂਪ ਹੈ, ਏਕ ਹੀ ਏਕ ਨਹੀ ਔਰ ਅਹੁ ਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ, ਨਾਮ ਗੋਬਿੰਦ ਗੋਬਿੰਦ ਕਹੁ ਰੇ ॥੫੭॥੮੨੨॥

ਜਦੋਂ (ਨਾਮ ਦੀ) ਲਗਨ ਲੱਗ ਗਈ, ਤਾਂ (ਜੀਵ) ਅਜਿਹਾ ਮਗਨ ਹੋ ਗਿਆ ਕਿ ਉਸਨੂੰ ਸ਼ਗਨ-ਅਪਸ਼ਗਨ ਦੀ ਕੋਈ ਸੁੱਧ ਨਾ ਰਹੀ। ਜਦੋਂ ਉਸਨੇ ਆਪਣੇ ਆਪ ਨੂੰ ਵਿਚਾਰ ਕੇ ਦੇਖਿਆ, ਤਾਂ ਉਸਦਾ ਹੰਕਾਰ ਚਲਾ ਗਿਆ ਅਤੇ ਉਹ ਆਪ ਹੀ ਪ੍ਰਭੂ-ਰੂਪ ਹੋ ਗਿਆ। ਜੋਤਿ ਨਾਲ ਜੋਤਿ ਮਿਲ ਕੇ ਇੱਕ ਹੀ ਰੂਪ ਹੋ ਗਈ, ਹੁਣ ਇੱਕ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਸੰਤ ਪੁਕਾਰ ਕੇ ਕਹਿੰਦੇ ਹਨ, "ਹੇ ਭਾਈ! ਗੋਬਿੰਦ, ਗੋਬਿੰਦ ਦਾ ਨਾਮ ਕਹੁ, ਜਿਸ ਦੀ ਮਹਿਮਾ ਬੇਅੰਤ ਹੈ।"॥੫੭॥੮੨੨॥

ਸਰਬ ਆਨੰਦ ਗੋਬਿੰਦ ਕੇ ਜਾਪ ਤੇ, ਜਪੋ ਨਿਤ ਨੀਤ ਕੈ ਪ੍ਰੀਤਿ ਮੀਤਾ ।
ਸਰਬ ਕੇ ਤੰਤ ਯਹਿ ਮੰਤ ਗੁਰਦੇਵ ਕੋ, ਏਕ ਮਨ ਜੀਤ ਕੈ ਜਗਤ ਜੀਤਾ ।
ਸਰਬ ਜੰਜਾਰ ਬੇਕਾਰ ਛਿਨ ਮੈ ਤਜੋ, ਸਰਨ ਗੁਰਦੇਵ ਸੁਨਿ ਗਜਾਨ ਗੀਤਾ ।
ਭਯੋ ਜੈਕਾਰ ਤ੍ਰਈਲੋਕ ਚੌਦਹ ਭਵਨ, ਸਤਿਗੁਰੂ ਖਾਲਸਾ ਖਾਸ ਕੀਤਾ ॥੫੮॥੮੨੩॥

ਸਾਰੇ ਆਨੰਦ ਗੋਬਿੰਦ ਦੇ ਜਾਪ ਤੋਂ (ਮਿਲਦੇ ਹਨ), ਹੇ ਮਿੱਤਰ! ਇਸਨੂੰ ਰੋਜ਼-ਰੋਜ਼ ਪ੍ਰੀਤ ਨਾਲ ਜਪ। ਸਾਰੇ ਤੰਤਰਾਂ ਦਾ (ਸਾਰ) ਗੁਰਦੇਵ ਦਾ ਇਹ ਮੰਤਰ ਹੈ ਕਿ ਇੱਕ ਮਨ ਨੂੰ ਜਿੱਤ ਕੇ ਜਗਤ ਨੂੰ ਜਿੱਤਿਆ ਜਾਂਦਾ ਹੈ। ਸਾਰੇ ਬੇਕਾਰ ਜੰਜਾਲਾਂ ਨੂੰ ਇੱਕ ਛਿਨ ਵਿੱਚ ਤਿਆਗ ਦੇ, ਗੁਰਦੇਵ ਦੀ ਸ਼ਰਨ ਲੈ ਅਤੇ ਗਿਆਨ ਦੀ ਗੀਤਾ ਨੂੰ ਸੁਣ। ਤਿੰਨਾਂ ਲੋਕਾਂ ਅਤੇ ਚੌਦਾਂ ਭਵਨਾਂ ਵਿੱਚ ਜੈਕਾਰਾ ਹੋਇਆ, ਕਿਉਂਕਿ ਸਤਿਗੁਰੂ ਨੇ ਖ਼ਾਲਸੇ ਨੂੰ 'ਖ਼ਾਸ' ਬਣਾ ਦਿੱਤਾ॥੫੮॥੮੨੩॥

ਬਚਨ ਗੁਰੁ ਦੇਵ ਕੇ ਗਜਾਨ ਐਸੋ ਕਿਯੋ, ਮੁਕਤਿ ਕੀ ਜੁਗਤਿ ਐਸੇ ਬਿਚਾਰੀ।
ਰਚਨ ਕਰਤਾਰ ਜੋ ਰਚੀ ਆਕਾਰ ਤੇ, ਜਪੈਗੀ ਜਾਪ ਸਬ ਸ੍ਰਿਸਟਿ ਸਾਰੀ ।
ਤਤ ਬੀਚਾਰ ਕੈ ਜੀਤ ਬੋਲੀ ਫਤੇ, ਮਾਰਿ ਦੂਤਨ ਕਿਯੋ ਭਸਮ ਛਾਰੀ ।
ਭਯੋ ਜੈਕਾਰ ਤ੍ਰਈਲੋਕ ਚੌਦਹ ਭਵਨ, ਅਚਲ ਪ੍ਰਤਾਪ ਗੁਰੁ ਕੇਸ ਧਾਰੀ ॥੫੯॥੮੨੪॥

ਗੁਰੂ ਦੇਵ ਦੇ ਬਚਨਾਂ ਨੇ ਅਜਿਹਾ ਗਿਆਨ ਦਿੱਤਾ, ਅਤੇ ਮੁਕਤੀ ਦੀ ਜੁਗਤੀ ਇਸ ਤਰ੍ਹਾਂ ਵਿਚਾਰ ਲਈ। ਕਰਤਾਰ ਨੇ ਜੋ ਇਹ ਸ੍ਰਿਸ਼ਟੀ ਰਚ ਕੇ ਆਕਾਰ ਦਿੱਤਾ ਹੈ, ਉਹ ਸਾਰੀ (ਹੁਣ ਗੁਰੂ ਦਾ) ਜਾਪ ਜਪੇਗੀ। (ਖ਼ਾਲਸੇ ਨੇ) ਅਸਲ ਤੱਤ ਨੂੰ ਵਿਚਾਰ ਕੇ 'ਫਤਹਿ' ਬੁਲਾਈ ਅਤੇ (ਕਾਮ, ਕ੍ਰੋਧ ਵਰਗੇ) ਵੈਰੀਆਂ ਨੂੰ ਮਾਰ ਕੇ ਸੁਆਹ ਕਰ ਦਿੱਤਾ। ਤਿੰਨਾਂ ਲੋਕਾਂ ਅਤੇ ਚੌਦਾਂ ਭਵਨਾਂ ਵਿੱਚ ਜੈਕਾਰਾ ਹੋਇਆ, ਕੇਸਾਂ ਨੂੰ ਧਾਰਨ ਕਰਨ ਵਾਲੇ ਗੁਰੂ (ਗੋਬਿੰਦ ਸਿੰਘ ਜੀ) ਦਾ ਪ੍ਰਤਾਪ ਅਚੱਲ ਹੋ ਗਿਆ॥੫੯॥੮੨੪॥

**ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਜੋਤੀ ਜੋਤਿ ਸਮਾਵਨ ਕਾ ਚਰਿਤ੍ਰ ਬਰਨਨੰ**
ਅਠਾਰ੍ਹਵਾਂ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੮ ॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਵਿੱਚ ਜੋਤੀ-ਜੋਤਿ ਸਮਾਉਣ ਦੇ ਚਰਿੱਤਰ ਦਾ ਵਰਣਨ ਕਰਨ ਵਾਲਾ ਅਠਾਰ੍ਹਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸੁਭ ਹੋਵੇ॥ ੧੮ ॥

*****

ਅਧਿਆਇ ੧੯

ਭਵਿੱਖ ਦੀ ਉੱਮੀਦ

**ਦੋਹਰਾ**
ਆਗਮ ਅਬ ਪ੍ਰਭੁ ਕੋ ਕਹਤ, ਉਪਜੀ ਮੋਹਿ ਤਰੰਗ ।
ਰਚਿ ਰਚਨਾ ਜਿਮ ਇਮ ਰਚੀ, ਸੋ ਕਰਿ ਹੈ ਇਮ ਰੰਗ ॥੧॥੮੨੫॥

ਹੁਣ ਮੈਂ ਪ੍ਰਭੂ ਦੇ (ਭਵਿੱਖ) ਵਿੱਚ ਆਗਮਨ (ਪ੍ਰਗਟ ਹੋਣ) ਬਾਰੇ ਕਹਿੰਦਾ ਹਾਂ, ਮੇਰੇ ਅੰਦਰ (ਇਸ ਵਿਸ਼ੇ 'ਤੇ) ਇੱਕ ਲਹਿਰ ਉੱਠੀ ਹੈ। ਜਿਸ (ਕਰਤਾਰ) ਨੇ ਇਹ ਰਚਨਾ ਰਚੀ ਹੈ, ਉਹੀ ਇਸ ਤਰ੍ਹਾਂ (ਇਹ) ਕੌਤਕ ਕਰੇਗਾ॥੧॥੮੨੫॥

**ਸਵੈਯਾ**
ਸਬ ਸਾਧੁ ਉਬਾਰਨ ਕੇ ਹਿਤ ਕੋ, ਜਗ ਜੀਵਨ ਜੋਤਿ ਜਗਾਵਹਿਗੇ ।
ਤੁਰਕੀ ਅਸ ਅਛ ਸੁਪਛ ਵਡੋ, ਤਿਹ ਊਪਰ ਆਪ ਸੁਹਾਵਹਿਗੇ ।
ਮਿਲਿ ਸੇਵਕ ਸਿੰਘ ਅਨੇਕ ਸਬੈ, ਕਰਿ ਰੰਗ ਤੁਰੰਗ ਨਚਾਵਹਿਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ, ਨਿਹਚੈ ਕਰਿ ਕੀਰਤਿ ਗਾਵਹਿਗੇ ॥੨॥੮੨੬॥

ਸਾਰੇ ਸੰਤਾਂ ਦੇ ਉਧਾਰ ਵਾਸਤੇ, ਉਹ ਜਗਤ ਦੇ ਜੀਵਨ-ਰੂਪ (ਪ੍ਰਭੂ) ਆਪਣੀ ਜੋਤਿ ਜਗਾਉਣਗੇ। ਇੱਕ ਵਧੀਆ, ਵੱਡੇ ਖੰਭਾਂ ਵਾਲੇ (ਭਾਵ, ਬਹੁਤ ਤੇਜ਼) ਤੁਰਕੀ ਘੋੜੇ ਉੱਤੇ ਉਹ ਆਪ ਸੁਸ਼ੋਭਿਤ ਹੋਣਗੇ। ਅਨੇਕਾਂ ਸੇਵਕ ਸਿੰਘ ਮਿਲ ਕੇ ਖੁਸ਼ੀ ਵਿੱਚ ਆਪਣੇ ਘੋੜੇ ਨਚਾਉਣਗੇ। ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ) ਨਿਸ਼ਚਾ ਕਰਕੇ (ਉਸਦੀ) ਕੀਰਤੀ ਗਾਉਗੇ॥੨॥੮੨੬॥

**ਦੋਹਰਾ**
ਅਮਿਤ ਜੋਤਿ ਪ੍ਰਗਾਸ ਕੈ, ਦੈ ਹੈ ਦਰਸ ਅਪਾਰ ।
ਸੁਨਿ ਮਨਮੀਤ ਬਿਚਾਰਿਯੈ, ਸਰਨ ਤਾਹਿ ਚਿਤ ਧਾਰਿ ॥੩॥੮੨੭॥

ਬੇਅੰਤ ਜੋਤਿ ਦਾ ਪ੍ਰਕਾਸ਼ ਕਰਕੇ, ਉਹ ਅਪਾਰ ਦਰਸ਼ਨ ਦੇਣਗੇ। ਹੇ ਮਿੱਤਰ ਮਨ! ਸੁਣ ਅਤੇ ਵਿਚਾਰ ਕਰ, ਅਤੇ ਉਸ (ਪ੍ਰਭੂ) ਦੀ ਸ਼ਰਨ ਨੂੰ ਚਿੱਤ ਵਿੱਚ ਧਾਰਨ ਕਰ॥੩॥੮੨੭॥

**ਛਪੈ ਛੰਦ**

ਅਮਿਤ ਤੇਜ ਪ੍ਰਗਾਸ, ਅਮਿਤ ਬਲ ਧਾਰਿ ਪ੍ਰਬਲ ਬਲ ।
ਅਮਿਤ ਸੂਰ ਸੰਗ੍ਰਾਮ, ਅਨਿਕ ਸੀਗਾਰ ਕਟਕ ਦਲ ।
ਚੜ੍ਹਗੁ ਸਾਹ ਸਾਹਾਨ, ਖੜਗ ਗਹਿ ਅਮਿਤ ਅਪਾਰਾ ।
ਕਟਗੁ ਦੁਸਟ ਦਲ ਅਮਿਤ, ਭਾਂਤਿ ਖਲਹਾਨ ਬਿਚਾਰਾ ।
ਉਮਗੰਤ ਨੀਰ ਸੁਭਰ ਸਰਸ, ਤਿਹ ਸਮਾਨ ਰਕਤ੍ਰ ਚੜ੍ਹਗੁ।
ਜੈਕਾਰ ਕਰਗੁ ਤਬ ਜਗ ਸਬੈ, ਬਜਗੁ ਸਾਰ ਸਾਹਿਬ ਖੜਗ ॥੪॥੮੨੮॥

ਬੇਅੰਤ ਤੇਜ ਦਾ ਪ੍ਰਕਾਸ਼ ਹੋਵੇਗਾ, ਬੇਅੰਤ ਅਤੇ ਪ੍ਰਬਲ ਬਲ ਧਾਰਨ ਕੀਤਾ ਜਾਵੇਗਾ। ਜੰਗ ਵਿੱਚ ਅਣਗਿਣਤ ਸੂਰਮੇ ਅਤੇ ਸਜੀਆਂ ਹੋਈਆਂ ਫੌਜਾਂ ਦੇ ਦਲ ਹੋਣਗੇ। ਸ਼ਾਹਾਂ ਦੇ ਸ਼ਾਹ (ਗੁਰੂ ਸਾਹਿਬ) ਬੇਅੰਤ ਤੇ ਅਪਾਰ ਖੜਗ ਫੜ ਕੇ (ਦੁਸ਼ਮਣਾਂ 'ਤੇ) ਚੜ੍ਹਾਈ ਕਰਨਗੇ। ਦੁਸ਼ਟਾਂ ਦੀਆਂ ਫੌਜਾਂ ਨੂੰ ਇਸ ਤਰ੍ਹਾਂ ਵੱਢ ਦਿੱਤਾ ਜਾਵੇਗਾ, ਜਿਵੇਂ ਫ਼ਸਲ ਵੱਢੀ ਜਾਂਦੀ ਹੈ। ਉਮੜਦੇ ਹੋਏ ਸ੍ਰੇਸ਼ਟ ਨਦੀ ਦੇ ਪਾਣੀ ਵਾਂਗ, ਲਹੂ (ਦੀ ਨਦੀ) ਵਹਿ ਤੁਰੇਗੀ। ਤਦ ਸਾਰਾ ਸੰਸਾਰ ਜੈਜੈਕਾਰ ਕਰੇਗਾ, ਜਦੋਂ ਸਾਹਿਬ ਦੀ ਸ੍ਰੇਸ਼ਟ ਤਲਵਾਰ ਚੱਲੇਗੀ॥੪॥੮੨੮॥

**ਸਵੈਯਾ**

ਪ੍ਰਿਥੀਪਤਿ ਭੂਪਤਿ ਸਾਹ ਸਬੈ, ਤਿਹ ਦੇਖਿ ਮਹਾਂ ਡਰ ਪਾਵਹਿਗੇ ।
ਤਜਿ ਦੇਸ ਸੁਰੇਸ ਨਰੇਸ ਵਡੇ, ਡਰਿ ਕੈ ਸਬ ਹੀ ਭਜਿ ਜਾਵਹਿਗੇ ।
ਚਿਤਵੈ ਮਨ ਮੈ ਕਛੁ ਔਰ ਉਪਾਇ, ਬਿਨਾ ਹਰਿ ਕਯੋਂ ਗਤਿ ਪਾਵਹਿਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ, ਗੜ੍ਹ ਆਨੰਦ ਫੇਰਿ ਬਸਾਵਹਿਗੇ ॥੫॥੮੨੯॥

ਸਾਰੇ ਰਾਜੇ, ਭੂਮੀਪਤੀ ਅਤੇ ਸ਼ਾਹ ਉਸ (ਦੇ ਪ੍ਰਤਾਪ) ਨੂੰ ਦੇਖ ਕੇ ਬਹੁਤ ਡਰ ਜਾਣਗੇ। ਵੱਡੇ-ਵੱਡੇ ਰਾਜੇ-ਮਹਾਰਾਜੇ ਆਪਣੇ ਦੇਸ਼ ਛੱਡ ਕੇ ਡਰ ਨਾਲ

ਸਾਰੇ ਹੀ ਭੱਜ ਜਾਣਗੇ। ਉਹ ਮਨ ਵਿੱਚ ਕੋਈ ਹੋਰ ਉਪਾਅ ਸੋਚਣਗੇ, (ਪਰ) ਪ੍ਰਭੂ (ਦੀ ਸ਼ਰਨ) ਤੋਂ ਬਿਨਾਂ ਉਹ ਕਿਵੇਂ ਮੁਕਤੀ ਪਾ ਸਕਣਗੇ? ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ) ਆਨੰਦਗੜ੍ਹ ਨੂੰ ਫਿਰ ਤੋਂ ਵਸਾਉਣਗੇ॥੫॥੮੨੯॥

ਦੂਤਨ ਮਾਰਿ ਬਿਡਾਰਿ ਅਪਾਰ, ਬਿਥਾਰ ਕਈ ਕਰਿ ਪਾਵਹਿਗੇ ।
ਤਜਿ ਦੇਸ ਨਰੇਸ ਗਏ ਸਬ ਹੀ, ਕਹੂੰ ਆਪਨ ਆਪ ਲੁਕਾਵਹਿਗੇ ।
ਜਗ ਜੀਵਨ ਜੋਤਿ ਪ੍ਰਗਾਸ ਕਿਯੋ, ਤ੍ਰਈ ਲੋਕ ਸਬੈ ਜਸ ਗਾਵਹਿਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ, ਗੜ੍ਹ ਆਨੰਦ ਫੇਰਿ ਬਸਾਵਹਿਗੇ ॥੬॥੮੩੦॥

ਅਣਗਿਣਤ ਦੁਸ਼ਟਾਂ ਨੂੰ ਮਾਰ ਕੇ ਅਤੇ ਖਿੰਡਾ ਕੇ, ਉਹ ਕਈ (ਤਰ੍ਹਾਂ ਦੇ) ਵਿਸਥਾਰ ਕਰਨਗੇ। ਸਾਰੇ ਰਾਜੇ (ਆਪੋ-ਆਪਣੇ) ਦੇਸ਼ ਛੱਡ ਗਏ ਹੋਣਗੇ ਅਤੇ ਕਿਤੇ ਆਪਣੇ ਆਪ ਨੂੰ ਲੁਕਾ ਲੈਣਗੇ। ਜਦੋਂ ਜਗਤ-ਜੀਵਨ (ਪ੍ਰਭੂ) ਦੀ ਜੋਤ ਦਾ ਪ੍ਰਕਾਸ਼ ਹੋਵੇਗਾ, ਤਿੰਨੇ ਲੋਕ ਉਸਦਾ ਜਸ ਗਾਉਣਗੇ। ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ) ਆਨੰਦਗੜ੍ਹ ਨੂੰ ਫਿਰ ਤੋਂ ਵਸਾਉਣਗੇ॥੬॥੮੩੦॥

ਸੰਤਨ ਕਾਜ ਕਰੀ ਹਰਿ ਲਾਜ, ਕਿਯੋ ਯਹ ਸਾਜ ਸੁਹਾਵਹਿਗੇ ।
ਕਰਿ ਮੈ ਗਹਿ ਤੇਗ ਦਰੇਗ ਨਹੀਂ, ਸਬ ਦੂਤਨ ਮਾਰਿ ਖਪਾਵਹਿਗੇ ।
ਤਜਿ ਹੈ ਇਹ ਭਾਂਤਿ ਕਮਾਨਨ ਤੇ ਸਰ, ਯੌ ਤਿਨ ਕੌ ਬਿਚਲਾਵਹਿਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ, ਗੜ੍ਹ ਆਨੰਦ ਫੇਰਿ ਬਸਾਵਹਿਗੇ ॥੭॥੮੩੧॥

ਸੰਤਾਂ ਦੇ ਕਾਰਜ ਲਈ (ਧਰਮ ਦੀ) ਲਾਜ ਰੱਖਣ ਵਾਸਤੇ ਪ੍ਰਭੂ ਨੇ ਇਹ ਸਾਜ ਸਜਾ ਕੇ ਸੁਸ਼ੋਭਿਤ ਹੋਣਗੇ। ਹੱਥ ਵਿੱਚ ਤਲਵਾਰ ਫੜ ਕੇ ਬਿਨ੍ਹਾਂ ਝਿਜਕ ਤੋਂ ਉਹ ਸਾਰੇ ਦੁਸ਼ਟਾਂ ਨੂੰ ਮਾਰ ਕੇ ਖ਼ਤਮ ਕਰ ਦੇਣਗੇ। ਉਹ ਕਮਾਨਾਂ ਤੋਂ ਇਸ ਤਰ੍ਹਾਂ ਤੀਰ ਛੱਡਣਗੇ ਕਿ ਉਨ੍ਹਾਂ (ਦੁਸ਼ਮਣਾਂ) ਨੂੰ ਵਿਚਲਿਤ ਕਰ ਦੇਣਗੇ। ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ) ਆਨੰਦਗੜ੍ਹ ਨੂੰ ਫਿਰ ਤੋਂ ਵਸਾਉਣਗੇ॥੭॥੮੩੧॥

ਕਰਿ ਮੈ ਗਹਿ ਵਾਰ ਅਪਾਰ ਕਿਤੇ, ਦਲ ਕੋ ਦਲ ਯੌ ਛਬਿ ਪਾਵਹਿਗੇ ।
ਦਲ ਦੂਤ ਕਰੋਰਨ ਮਾਰਿ ਲਏ ਕਹੂੰ ਢੂਢਤ ਹਾਥ ਨ ਆਵਹਿਗੇ ।
ਮੁਖ ਮੈ ਤ੍ਰਿਣ ਲੈ ਮਿਲ ਹੈ ਪ੍ਰਿਥੀਪਤਿ, ਆਪਨ ਆਪ ਬਚਾਵਹਿਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ, ਗੜ੍ਹ ਆਨੰਦ ਫੇਰਿ ਬਸਾਵਹਿਗੇ ॥੮॥੮੩੨॥

ਹੱਥ ਵਿੱਚ (ਸ਼ਸਤਰ) ਫੜ ਕੇ ਅਪਾਰ ਵਾਰ ਕਰਨ ਵਾਲੇ ਅਨੇਕਾਂ ਦਲ ਇਸ ਤਰ੍ਹਾਂ ਸ਼ੋਭਾ ਪਾਉਣਗੇ। ਦੁਸ਼ਟਾਂ ਦੇ ਕਰੋੜਾਂ ਦਲਾਂ ਨੂੰ ਮਾਰ ਦਿੱਤਾ ਜਾਵੇਗਾ, ਉਹ ਲੱਭਣ 'ਤੇ ਵੀ ਹੱਥ ਨਹੀਂ ਆਉਣਗੇ। ਰਾਜੇ-ਮਹਾਰਾਜੇ ਮੂੰਹ ਵਿੱਚ ਘਾਹ ਲੈ ਕੇ (ਭਾਵ, ਪੂਰੀ ਤਰ੍ਹਾਂ ਹਾਰ ਮੰਨ ਕੇ ਸ਼ਰਣ ਵਿੱਚ ਆਉਣ ਲਈ) ਮਿਲਣਗੇ ਅਤੇ ਆਪਣੇ ਆਪ ਨੂੰ ਬਚਾਉਣਗੇ। ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ) ਆਨੰਦਗੜ੍ਹ ਨੂੰ ਫਿਰ ਤੋਂ ਵਸਾਉਣਗੇ॥੮॥੮੩੨॥

ਆਨੰਦ ਸੋ ਬਸ ਹੈ ਤਬ ਭੂਪਤਿ, ਏਕ ਹੀ ਨਾਮ ਧਿਆਵਹਿਗੇ ।
ਜਪਿ ਖਾਲਸ ਸਾਸਿ ਗਿਰਾਸ ਮਨੈ, ਕਛੁ ਦੂਸਰ ਭੇਦ ਨ ਲਾਵਹਿਗੇ।
ਛਿਨ ਮੈ ਜਗ ਕੇ ਅਘ ਨਾਸ ਭਏ, ਕਹੂੰ ਪਾਪ ਨ ਢੂੰਢਤ ਪਾਵਹਿਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ, ਗੜ੍ਹ ਆਨੰਦ ਫੇਰਿ ਬਸਾਵਹਿਗੇ ॥੯॥੮੩੩॥

ਤਦ ਰਾਜੇ ਆਨੰਦ ਨਾਲ ਵੱਸਣਗੇ ਅਤੇ ਇੱਕ (ਪ੍ਰਭੂ) ਦਾ ਹੀ ਨਾਮ ਧਿਆਉਣਗੇ। ਖ਼ਾਲਸਾ ਸਾਹ-ਸਾਹ ਅਤੇ ਹਰ ਗਰਾਹੀ ਨਾਲ ਮਨ ਵਿੱਚ (ਨਾਮ) ਜਪੇਗਾ ਅਤੇ ਕੋਈ ਦੂਜਾ ਭੇਦ-ਭਾਵ ਨਹੀਂ ਲਿਆਵੇਗਾ। ਇੱਕ ਛਿਨ ਵਿੱਚ ਜਗਤ ਦੇ ਪਾਪ ਨਾਸ਼ ਹੋ ਜਾਣਗੇ, ਪਾਪ ਕਿਤੇ ਲੱਭਣ 'ਤੇ ਵੀ ਨਹੀਂ ਮਿਲੇਗਾ। ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ) ਆਨੰਦਗੜ੍ਹ ਨੂੰ ਫਿਰ ਤੋਂ ਵਸਾਉਣਗੇ॥੯॥੮੩੩॥

ਭਾਰ ਅਠਾਰ ਬਨਾਸਪਤੀ ਤਿਹ, ਖਾਲਸ ਜਾਪ ਜਪਾਵਹਿਗੇ ।
ਬਨਿ ਮੈ ਤ੍ਰਿਨ ਮੈ ਪਸੁ ਪੰਖਨ ਮੈ, ਕਰਿ ਏਕ ਹੀ ਜੋਤਿ ਜਗਾਵਹਿਗੇ ।
ਪਰਜਾ ਜਪ ਜਾਪ ਅਨੰਦ ਕਰੈ, ਇਹ ਜਾਪ ਹੀ ਮੋ ਗਤਿ ਪਾਵਹਿਗੇ ।

ਭਲ ਭਾਗ ਭਯਾ ਤੁਮ ਤਾਹਿ ਕਹੋ, ਗੜ੍ਹ ਆਨੰਦ ਫੇਰਿ ਬਸਾਵਹਿਗੇ ॥੧੦॥੮੩੪॥

ਅਠਾਰਾਂ ਭਾਰ ਬਨਸਪਤੀ (ਸਾਰੀ ਬਨਸਪਤੀ) ਨੂੰ ਉਹ ਖ਼ਾਲਸੇ ਦਾ ਜਾਪ ਜਪਾਉਣਗੇ। ਜੰਗਲ ਵਿੱਚ, ਤਿਣਕਿਆਂ ਵਿੱਚ, ਪਸ਼ੂਆਂ ਅਤੇ ਪੰਛੀਆਂ ਵਿੱਚ, ਉਹ ਇੱਕ (ਪ੍ਰਭੂ) ਦੀ ਹੀ ਜੋਤਿ ਜਗਾ ਦੇਣਗੇ (ਭਾਵ, ਸਭ ਜੀਵਾਂ ਵਿੱਚ ਉਸੇ ਇੱਕ ਪਰਮਾਤਮਾ ਦੀ ਜੋਤ ਪ੍ਰਗਟ ਕਰਕੇ ਦਿਖਾ ਦੇਣਗੇ)। ਪਰਜਾ ਜਾਪ ਜਪ ਕੇ ਆਨੰਦ ਕਰੇਗੀ ਅਤੇ ਇਸ ਜਾਪ ਦੁਆਰਾ ਹੀ ਮੁਕਤੀ ਪ੍ਰਾਪਤ ਕਰੇਗੀ। ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ) ਆਨੰਦਗੜ੍ਹ ਨੂੰ ਫਿਰ ਤੋਂ ਵਸਾਉਣਗੇ॥੧੦॥੮੩੪॥

ਧਰਨੀ ਧਵਲਾਰ ਅਕਾਰ ਸਬੈ, ਸਸਿ ਭਾਨੁ ਭਲੇ ਜਸ ਗਾਵਹਿਗੇ ।
ਸਨਕਾਦਿਕ ਇੰਦ੍ਰ ਸੁਰਿੰਦ੍ਰ ਸਬੈ, ਸਨ ਤਾਰਨ ਯੌ ਗਤਿ ਪਾਵਹਿਗੇ ।
ਗਣ ਨਾਰਦ ਤੁੰਬਰੁ ਕਿੰਨਰ ਜਛ, ਸਬੈ ਹਰਿ ਕੀਰਤਿ ਗਾਵਹਿਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ, ਗੜ੍ਹ ਆਨੰਦ ਫੇਰਿ ਬਸਾਵਹਿਗੇ ॥੧੧॥੮੩੫॥

(ਮੈਦਾਨੀ) ਧਰਤੀ, ਕੈਲਾਸ਼ (ਵਰਗੇ ਪਹਾੜ), ਅਤੇ ਸਾਰੇ ਆਕਾਰ, ਚੰਦਰਮਾ ਅਤੇ ਸੂਰਜ ਵੀ ਭਲੀ-ਭਾਂਤ ਜਸ ਗਾਉਣਗੇ। ਸਨਕ ਆਦਿ ਰਿਸ਼ੀ, ਇੰਦਰ ਦੇਵਰਾਜ(ਆਦਿ) ਸਾਰੇ ਦੇਵਤੇ ਵੀ ਤਾਰਿਆਂ ਸਣੇ (ਉਸਦੀ) ਸ਼ਰਨ ਲੈ ਕੇ ਇਸ ਤਰ੍ਹਾਂ ਮੁਕਤੀ ਪਾਉਣਗੇ। (ਸ਼ਿਵ ਜੀ ਦੇ) ਗਣ, ਨਾਰਦ, (ਇੰਦਰ ਦੇ ਦਰਬਾਰ ਦਾ ਗਾਇਕ) ਤੁੰਬਰੂ, ਕਿੰਨਰ ਅਤੇ ਯਕਸ਼, ਸਾਰੇ ਹੀ ਹਰੀ ਦੀ ਕੀਰਤੀ ਗਾਉਣਗੇ। ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ) ਆਨੰਦਗੜ੍ਹ ਨੂੰ ਫਿਰ ਤੋਂ ਵਸਾਉਣਗੇ॥੧੧॥੮੩੫॥

ਸਿਧ ਸਾਧਕ ਸੰਤ ਮਹੰਤ ਸਬੈ, ਮਨ ਆਨੰਦ ਸੋ ਗੁਨ ਗਾਵਹਿਗੇ ।
ਸੁਨਿ ਭੂਤ ਪ੍ਰੇਤ ਪਿਸਾਚ ਪਰੀ, ਇਹ ਜਾਪ ਜਪੈ ਗਤਿ ਪਾਵਹਿਗੇ ।
ਗ੍ਰਿਹੀ ਗ੍ਰਿਹ ਮੈ ਸੁਖ ਆਨੰਦ ਸੋ, ਕਰਿ ਮੰਗਲ ਸਾਜ ਬਜਾਵਹਿਗੇ ।
ਭਲ ਭਾਗ ਭਯਾ ਤੁਮ ਤਾਹਿ ਸਮੇ, ਗੜ੍ਹ ਆਨੰਦ ਫੇਰਿ ਬਸਾਵਹਿਗੇ ॥੧੨॥੮੩੬॥

ਸਾਰੇ ਸਿੱਧ, ਸਾਧਕ, ਸੰਤ ਅਤੇ ਮਹੰਤ, ਮਨ ਵਿੱਚ ਆਨੰਦ ਨਾਲ (ਉਸਦੇ) ਗੁਣ ਗਾਉਣਗੇ। (ਇਸ ਜਾਪ ਨੂੰ) ਸੁਣ ਕੇ ਭੂਤ, ਪ੍ਰੇਤ, ਪਿਸ਼ਾਚ ਅਤੇ ਪਰੀਆਂ ਵੀ ਇਹ ਜਾਪ ਜਪ ਕੇ ਮੁਕਤੀ ਪਾਉਣਗੀਆਂ। ਗ੍ਰਿਹਸਥ ਲੋਕ ਆਪਣੇ ਘਰਾਂ ਵਿੱਚ ਸੁਖ ਅਤੇ ਆਨੰਦ ਨਾਲ ਮੰਗਲ (ਦੇ ਗੀਤ ਗਾਉਣਗੇ) ਅਤੇ ਸਾਜ਼ ਵਜਾਉਣਗੇ। ਤੁਸੀਂ ਉਸ ਸਮੇਂ ਨੂੰ ਚੰਗੇ ਭਾਗਾਂ ਵਾਲਾ ਕਹਿਣਾ, (ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ) ਆਨੰਦਗੜ੍ਹ ਨੂੰ ਫਿਰ ਤੋਂ ਵਸਾਉਣਗੇ॥੧੨॥੮੩੬॥

**ਇਤਿ ਸ੍ਰੀ ਗੁਰੂ ਸੋਭਾ ਗ੍ਰੰਥੇ ਆਗਮੰ ਪ੍ਰਗਾਸ ਸੋਭਾ ਬਰਨਨੰ ਨਾਮ**
ਉਨੀਸਮੋ ਅਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੯॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਵਿੱਚ 'ਭਵਿੱਖ ਦੇ ਪ੍ਰਕਾਸ਼ ਦੀ ਸੋਭਾ ਦਾ ਵਰਣਨ' ਨਾਮਕ ਉੱਨੀਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ॥ ੧੯ ॥

*****

ਅਧਿਆਇ ੨੦

ਉਸਤਤਿ

**ਦੋਹਰਾ**
ਨਮਸਕਾਰ ਗੁਰਦੇਵ ਕੋ, ਕਰਿਹੋ ਹਿਤ ਚਿਤ ਲਾਇ ॥
ਨਮੋ ਨਾਥ ਨਵਤਨ ਨਵਲ, ਕੀਜੈ ਮੋਹਿ ਸਹਾਇ ॥੧॥੮੩੭॥

ਮੈਂ ਪੂਰੇ ਪ੍ਰੇਮ ਅਤੇ ਧਿਆਨ ਨਾਲ ਗੁਰਦੇਵ ਨੂੰ ਨਮਸਕਾਰ ਕਰਦਾ ਹਾਂ। ਹੇ ਸਦਾ ਨਵੇਂ ਰਹਿਣ ਵਾਲੇ ਅਨੋਖੇ ਮਾਲਕ! ਤੈਨੂੰ ਨਮਸਕਾਰ ਹੈ, ਕਿਰਪਾ ਕਰਕੇ ਮੇਰੀ ਸਹਾਇਤਾ ਕਰਨਾ ॥੧॥੮੩੭॥

**ਭੁਜੰਗ ਪ੍ਰਯਾਤ ਛੰਦ**
ਨਮੋ ਨਾਥ ਨਾਥੰ ਅਚਰਜੰ ਸਰੂਪੇ ॥ ਨਮੋ ਸਿਸਟਿ ਕਰਤਾ ਅਨੰਤੰ ਬਿਭੂਤੇ ॥
ਨਮੋ ਸਰਬ ਸੰਗੇ ਨਮੋ ਸਰਬ ਮਾਥੇ ॥ ਨਮੋ ਅੰਗ ਸੰਗੀ ਨਮੋ ਸਰਬ ਸਾਥੇ ॥੨॥੮੩੮॥

ਹੇ ਨਾਥਾਂ ਦੇ ਨਾਥ, ਅਸਚਰਜ ਸਰੂਪ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ। ਹੇ ਸ੍ਰਿਸ਼ਟੀ ਦੇ ਰਚਨਹਾਰ, ਅਨੰਤ ਸ਼ਕਤੀਆਂ ਦੇ ਮਾਲਕ! ਤੈਨੂੰ ਨਮਸਕਾਰ ਹੈ। ਤੂੰ ਸਭ ਦੇ ਸੰਗ ਵੱਸਣ ਵਾਲਾ ਹੈਂ, ਤੂੰ ਸਭ ਤੋਂ ਸ੍ਰੋਮਣੀ (ਉੱਪਰ) ਹੈਂ, ਤੈਨੂੰ ਨਮਸਕਾਰ ਹੈ। ਤੂੰ ਸਭ ਦੇ ਅੰਗ-ਸੰਗ ਵੱਸਣ ਵਾਲਾ ਅਤੇ ਸਭ ਦਾ ਸਾਥੀ ਹੈਂ, ਤੈਨੂੰ ਨਮਸਕਾਰ ਹੈ ॥੨॥੮੩੮॥

**ਭੁਜੰਗ ਪ੍ਰਯਾਤ ਛੰਦ**
ਨਮੋ ਗਜਾਨ ਗਜਾਤਾ ਕਲਾਯੰ ਪ੍ਰਗਾਸੀ ॥ ਨਮੋ ਧਜਾਨ ਧਰਤਾ ਸਦਾ ਸਰਬ ਵਾਸੀ ॥
ਨਮੋ ਜੁਗਤਿ ਅਰੁ ਮੁਕਤਿ ਕੋ ਗਜਾਨ ਦਾਤਾ ॥ ਨਮੋ ਕਰਮ ਕਰਤਾ, ਨਮੋ ਏ ਬਿਧਾਤਾ ॥੩॥੮੩੯॥

ਹੇ ਗਿਆਨ ਦੇ ਜਾਣਨਹਾਰ ਅਤੇ ਆਪਣੀ ਕਲਾ ਨੂੰ ਪ੍ਰਗਟ ਕਰਨ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ। ਹੇ ਧਿਆਨ ਧਾਰਨ ਵਾਲੇ ਅਤੇ ਸਦਾ ਸਭ ਥਾਈਂ ਨਿਵਾਸ ਕਰਨ ਵਾਲੇ! ਤੈਨੂੰ ਨਮਸਕਾਰ ਹੈ। ਹੇ ਜੁਗਤੀ ਅਤੇ ਮੁਕਤੀ ਦਾ ਗਿਆਨ ਦੇਣ ਵਾਲੇ ਦਾਤਾ! ਤੈਨੂੰ ਨਮਸਕਾਰ ਹੈ। ਹੇ ਸਭ ਕਰਮਾਂ ਦੇ ਕਰਨ ਵਾਲੇ, ਹੇ ਸਿਰਜਣਹਾਰ! ਤੈਨੂੰ ਨਮਸਕਾਰ ਹੈ ॥੩॥੮੩੯॥

**ਭੁਜੰਗ ਪ੍ਰਯਾਤ ਛੰਦ**

ਤਮਾਸਾ ਅਜਾਇਬ ਅਜਬ ਖੇਲ ਤੇਰਾ ॥ ਤੁਹੀ ਕਾਰ ਕਰਤਾ ਕਿਯਾ ਜਗਤ ਤੇਰਾ ॥
ਤੁਹੀ ਰਿਧਿ ਅਰੁ ਸਿਧ ਨਵਨਿਧ ਕਰਤਾ ॥ ਤੁਹੀ ਬੁਧ ਦਾਤਾ ਸਬੈ ਦੋਖ ਹਰਤਾ ॥੪॥੮੪੦॥

ਹੇ ਪ੍ਰਭੂ! ਤੇਰਾ ਇਹ ਜਗਤ-ਤਮਾਸ਼ਾ ਅਤੇ ਤੇਰੀ ਇਹ ਖੇਡ ਬੜੀ ਅਸਚਰਜ ਅਤੇ ਅਨੋਖੀ ਹੈ। ਤੂੰ ਹੀ ਇਸ ਸਾਰੇ ਕਾਰਜ-ਪਸਾਰੇ ਦਾ ਕਰਤਾ ਹੈਂ ਅਤੇ ਇਹ ਸੰਸਾਰ ਤੇਰਾ ਹੀ ਬਣਾਇਆ ਹੋਇਆ ਹੈ। ਤੂੰ ਹੀ ਰਿੱਧੀਆਂ-ਸਿੱਧੀਆਂ ਅਤੇ ਨੌਂ ਨਿਧੀਆਂ ਦਾ ਦਾਤਾ ਹੈਂ। ਤੂੰ ਹੀ ਬੁੱਧੀ ਦੇਣ ਵਾਲਾ ਅਤੇ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲਾ ਹੈਂ ॥੪॥੮੪੦॥

**ਭੁਜੰਗ ਪ੍ਰਯਾਤ ਛੰਦ**

ਮਹਾ ਜੋਤਿ ਤੇਰੀ ਸਬੀ ਮੈ ਬਿਰਾਜੈ ॥ ਕਰੈ ਜੋ ਪ੍ਰਭੂ ਸੋ ਕਿਯਾ ਤੋਹਿ ਛਾਜੈ ॥
ਕਰੈ ਜੋ ਚਰਿਤ੍ਰ ਆਪ ਆਪੀ ਉਪਾਏ ॥ ਲਖੈ ਜੰਤ ਕੈਸੇ ਜੁ ਤੇਰੇ ਬਨਾਏ ॥੫॥੮੪੧॥

ਤੇਰੀ ਮਹਾਨ ਜੋਤ ਸਭਨਾਂ ਵਿੱਚ ਬਿਰਾਜ ਰਹੀ ਹੈ। ਹੇ ਪ੍ਰਭੂ! ਤੂੰ ਜੋ ਵੀ ਕਰਦਾ ਹੈਂ, ਉਹ ਕਰਨਾ ਤੈਨੂੰ ਹੀ ਸ਼ੋਭਾ ਦਿੰਦਾ ਹੈ। ਤੂੰ ਆਪ ਹੀ ਆਪਣੇ ਕੌਤਕ ਰਚਦਾ ਹੈਂ ਅਤੇ ਆਪ ਹੀ ਉਹਨਾਂ ਨੂੰ ਪੈਦਾ ਕਰਦਾ ਹੈਂ। ਤੇਰੇ ਬਣਾਏ ਹੋਏ ਜੀਵ-ਜੰਤੂ ਉਹਨਾਂ (ਕੌਤਕਾਂ) ਨੂੰ ਕਿਵੇਂ ਸਮਝ ਸਕਦੇ ਹਨ? ॥੫॥੮੪੧॥

**ਦੋਹਰਾ**

ਨਾਹਿ ਨ ਅੰਤ ਬਿਅੰਤ ਪ੍ਰਭ, ਉਪਮਾ ਅਪਰ ਅਪਾਰ ॥
ਰਮ ਰਹਯੋ ਸਬ ਸ੍ਰਿਸਟਿ ਮੈ, ਕਹਤ ਬਿਚਾਰਿ ਬਿਚਾਰ ॥੬॥੮੪੨॥

ਪ੍ਰਭੂ ਦਾ ਕੋਈ ਅੰਤ ਨਹੀਂ ਹੈ, (ਉਹ) ਬੇਅੰਤ ਹੈ। ਉਸਦੀ ਵਡਿਆਈ ਦੀ ਕੋਈ ਹੱਦ ਨਹੀਂ ਹੈ। (ਕਵੀ ਸੈਨਾਪਤਿ ਜੀ) ਵਿਚਾਰ ਕਰਕੇ ਕਹਿੰਦੇ ਹਨ ਕਿ ਉਹ ਪ੍ਰਭੂ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੋ ਰਿਹਾ ਹੈ ॥੬॥੮੪੨॥

**ਸਵੈਯਾ**

ਏਕ ਹੀ ਜੋਤਿ ਜਗੈ ਸਬ ਹੀ ਜਗ, ਰਾਜਤ ਹੈ ਸਬ ਹੀ ਘਟਿ ਮਾਹੀ ॥
ਬ੍ਰਹਮ ਹੂੰ ਮੈ ਅਰੁ ਬਿਸਨੁ ਹੂੰ ਮੈ, ਸਿਵ ਸੰਕਰ ਮੈ ਗਣ ਈਸ ਮਹਾ ਹੀ ॥
ਦੇਵਿਯਨ ਮੈ ਨਵ ਨਾਥਨ ਮੈ, ਸਿਧਿ ਸਾਧਕ ਸੰਤ ਮਹੰਤ ਕਹਾ ਹੀ ॥
ਬਜਾਪਕ ਹੈ ਸਬ ਹੀ ਕੇ ਬਿਖੈ, ਮਨ ਤਾਹੀ ਕੋ ਜਾਪ ਜਪੇ ਗਤਿ ਪਾਹੀ ॥੭॥੮੪੩॥

ਉਸ ਇੱਕ ਪ੍ਰਭੂ ਦੀ ਹੀ ਜੋਤ ਸਾਰੇ ਸੰਸਾਰ ਵਿੱਚ ਜਗ ਰਹੀ ਹੈ ਅਤੇ ਉਹ ਸਾਰਿਆਂ ਦੇ ਹਿਰਦਿਆਂ ਵਿੱਚ ਸੁਭਾਇਮਾਨ ਹੈ। ਉਹੀ ਬ੍ਰਹਮਾ, ਵਿਸ਼ਨੂੰ, ਸ਼ਿਵ-ਸ਼ੰਕਰ ਅਤੇ ਗਣੇਸ਼ ਜਿਹੇ ਦੇਵਤਿਆਂ ਵਿੱਚ ਮੌਜੂਦ ਹੈ। ਉਹੀ ਦੇਵੀਆਂ ਵਿੱਚ, ਨੌਂ ਨਾਥਾਂ ਵਿੱਚ, ਸਿੱਧਾਂ, ਸਾਧਕਾਂ, ਸੰਤਾਂ ਅਤੇ ਮਹੰਤਾਂ ਵਿੱਚ ਵੱਸਦਾ ਹੈ। ਉਹ ਸਾਰਿਆਂ ਵਿੱਚ ਵਿਆਪਕ ਹੈ; ਹੇ ਮਨ! ਉਸੇ ਦਾ ਜਾਪ ਜਪ ਕੇ ਹੀ ਮੁਕਤੀ ਪ੍ਰਾਪਤ ਹੁੰਦੀ ਹੈ ॥੭॥੮੪੩॥

**ਦੋਹਰਾ**

ਜੋ ਜਨ ਹਰਿ ਪ੍ਰਭੁ ਛੋਡਿ ਕੈ, ਕਰਤ ਅਵਰ ਕੀ ਸੇਵ ॥
ਸੋ ਮੂਰਖ ਅਗਜਾਨ ਹੈ, ਪਾਵਤ ਰੰਚ ਨ ਭੇਵ ॥੮॥੮੪੪॥

ਜਿਹੜੇ ਮਨੁੱਖ ਹਰੀ-ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਦੀ ਸੇਵਾ-ਪੂਜਾ ਕਰਦੇ ਹਨ, ਉਹ ਮਹਾਂ ਮੂਰਖ ਅਤੇ ਅਗਿਆਨੀ ਹਨ, ਅਤੇ (ਪ੍ਰਭੂ ਦੇ) ਭੇਤ ਨੂੰ ਰਤਾ ਭਰ ਵੀ ਨਹੀਂ ਪਾ ਸਕਦੇ ॥੮॥੮੪੪॥

**ਸਵੈਯਾ**

ਫੂਲਨ ਮੈ ਜਿਮ ਬਾਸ ਬਸੈ, ਬਸਿ ਹੈ ਹਰਿ ਜੀ ਇਮ ਹੀ ਘਟਿ ਮਾਹੀ ॥
ਦੀਪਕ ਮੈ ਬਤਿਯਾ ਜਿਮ ਹੈ, ਤਿਮ ਹੀ ਜਗ ਮੈ ਜਗਦੀਸੁਰ ਆਹੀ ॥

ਭਾਨੁ ਪ੍ਰਕਾਸ ਅਕਾਸ ਕਰੈ, ਨਿਰਖੋ ਜਲ ਮੈ ਤਿਹ ਕੀ ਪਰਛਾਹੀ ॥
ਗੋਰਸ ਮੈਂ ਘ੍ਰਿਤ ਜਾਨ, ਇਮੈ ਪ੍ਰਤਿਮਾ ਪ੍ਰਭ ਕੀ ਸਬ ਹੀ ਘਟਿ ਮਾਹੀ ॥੯॥੮੪੫॥

ਜਿਸ ਤਰ੍ਹਾਂ ਫੁੱਲਾਂ ਵਿੱਚ ਸੁਗੰਧੀ ਵੱਸਦੀ ਹੈ, ਉਸੇ ਤਰ੍ਹਾਂ ਹੀ ਪ੍ਰਭੂ ਜੀ ਹਰੇਕ ਸਰੀਰ-ਘਟ ਵਿੱਚ ਨਿਵਾਸ ਕਰਦੇ ਹਨ। ਜਿਵੇਂ ਦੀਵੇ ਵਿੱਚ ਜੋਤ ਹੁੰਦੀ ਹੈ, ਉਸੇ ਤਰ੍ਹਾਂ ਹੀ ਜਗਤ ਦਾ ਮਾਲਕ ਇਸ ਸੰਸਾਰ ਵਿੱਚ ਮੌਜੂਦ ਹੈ। ਜਿਵੇਂ ਸੂਰਜ ਆਕਾਸ਼ ਨੂੰ ਪ੍ਰਕਾਸ਼ਮਾਨ ਕਰਦਾ ਹੈ, ਪਰ ਉਸਦਾ ਪ੍ਰਤੀਬਿੰਬ ਪਾਣੀ ਵਿੱਚ ਵੀ ਦੇਖਿਆ ਜਾ ਸਕਦਾ ਹੈ। ਇਹ ਜਾਣ ਲਵੋ ਕਿ (ਜਿਵੇਂ) ਦੁੱਧ ਵਿੱਚ ਘਿਓ ਹੁੰਦਾ ਹੈ, ਉਸੇ ਤਰ੍ਹਾਂ ਹੀ ਪ੍ਰਭੂ ਦਾ ਸਰੂਪ ਸਾਰੇ ਸਰੀਰਾਂ ਵਿੱਚ ਮੌਜੂਦ ਹੈ ॥੯॥੮੪੫॥

**ਦੋਹਰਾ**

ਹੈ ਸੁਬਾਸੁ ਮ੍ਰਿਗ ਪਾਸ ਹੀ, ਨਹਿ ਜਾਨਤ ਅਗਜਾਨ ॥
ਗੁਰੁ ਬਿਨ ਬਾਸੁ ਨ ਪਾਵਹੀ, ਢੂੰਢਤ ਹੈ ਉਦਜਾਨ ॥੧੦॥੮੪੬॥

ਜਿਵੇਂ (ਕਸਤੂਰੀ ਦੀ) ਸੁਗੰਧ ਹਿਰਨ ਦੇ ਆਪਣੇ ਕੋਲ (ਨਾਭੀ ਵਿੱਚ) ਹੀ ਹੁੰਦੀ ਹੈ, ਪਰ ਉਹ ਅਗਿਆਨਤਾ ਕਾਰਨ ਇਸਨੂੰ ਨਹੀਂ ਜਾਣਦਾ।
ਉਹ ਉਸ ਸੁਗੰਧੀ ਨੂੰ ਜੰਗਲਾਂ-ਬਾਗਾਂ ਵਿੱਚ ਲੱਭਦਾ ਫਿਰਦਾ ਹੈ, ਪਰ ਗੁਰੂ ਤੋਂ ਬਿਨਾਂ ਉਹ ਉਸ ਸੁਗੰਧ ਨੂੰ ਨਹੀਂ ਪਾ ਸਕਦਾ ॥੧੦॥੮੪੬॥

**ਛਪੈ ਛੰਦ**

ਅਮਿਤ ਜੋਤਿ ਪ੍ਰਗਾਸ, ਬਾਸ ਸਬ ਕੈ ਘਟਿ ਮਾਹੀ ।
ਸਰਬ ਨਿਰੰਤਰ ਆਪ, ਜਾਪ ਸਬ ਕੈ ਮੁਖਿ ਮਾਹੀ ।
ਸਰਬ ਰੂਪ ਮੈ ਰੂਪ, ਸੀਲ ਮੈ ਸੀਲ ਵਹੀ ਹੈ।
ਸਰਬ ਗਜਾਨ ਮੈ ਗਜਾਨ ਧਜਾਨ ਮੈ ਧਜਾਨ ਵਹੀ ਹੈ।
ਅਚਲ ਰੂਪ ਅਨਭੈ ਸਦਾ, ਹੈ ਪ੍ਰਚੰਡ ਕਾਰਨ ਕਰਨ ।
ਸਿਮਰੰਤ ਸੰਤ ਅਨੰਤ ਮੰਤ, ਨਾਥਾਨ ਨਾਥ ਸੰਕਟ ਹਰਨ ॥੧੧॥੮੪੭॥

ਉਸ ਦੀ ਜੋਤ ਦਾ ਪ੍ਰਕਾਸ਼ ਅਮਿੱਟ ਹੈ ਅਤੇ ਉਹ ਸਾਰਿਆਂ ਦੇ ਹਿਰਦੇ ਵਿੱਚ ਵੱਸਦਾ ਹੈ। ਉਹ ਸਭਨਾਂ ਵਿੱਚ ਇੱਕ-ਰਸ ਵਿਆਪਕ ਹੈ ਅਤੇ ਸਭ ਦੇ ਮੁੱਖ ਵਿੱਚ ਉਸੇ ਦਾ ਜਾਪ ਹੈ। ਸਾਰੇ ਰੂਪਾਂ ਵਿੱਚ ਉਸੇ ਦਾ ਰੂਪ ਹੈ ਅਤੇ

ਸਾਰੇ ਸ਼ੀਲਾਂ ਵਿੱਚ ਉਹ ਹੀ ਸ਼ੀਲ ਰੂਪ ਹੈ। ਸਾਰੇ ਗਿਆਨਾਂ ਵਿੱਚ ਉਸੇ ਦਾ ਗਿਆਨ ਹੈ ਅਤੇ ਸਾਰੇ ਧਿਆਨਾਂ ਵਿੱਚ ਉਸੇ ਦਾ ਧਿਆਨ ਹੈ। ਉਸ ਦਾ ਸਰੂਪ ਸਦਾ ਅਚੱਲ ਅਤੇ ਨਿਡਰ ਹੈ, ਅਤੇ ਉਹ ਸਭ ਕਾਰਨਾਂ ਦਾ ਕਰਨ ਵਾਲਾ ਮਹਾਨ ਸ਼ਕਤੀਸ਼ਾਲੀ ਹੈ। ਸੰਤ ਉਸ ਨਾਥਾਂ ਦੇ ਨਾਥ, ਸੰਕਟਾਂ ਨੂੰ ਦੂਰ ਕਰਨ ਵਾਲੇ ਪ੍ਰਭੂ ਦੇ ਅਨੰਤ ਨਾਮ-ਮੰਤਰ ਨੂੰ ਸਿਮਰਦੇ ਹਨ ॥੧੧॥੮੪੭॥

**ਦੋਹਰਾ**

ਦੁਖ ਬਿਡਾਰ ਤਾਰਨ ਤਰਨ, ਕਾਰਨ ਕਰਨ ਮੁਰਾਰ ।
ਅੰਗ ਸੰਗਿ ਸਬ ਕੈ ਰਹੈ, ਦਯਾਵੰਤ ਕਰਤਾਰ ॥੧੨॥੮੪੮॥

ਉਹ ਮੁਰਾਰੀ ਪ੍ਰਭੂ ਦੁੱਖਾਂ ਨੂੰ ਨਾਸ਼ ਕਰਨ ਵਾਲਾ, ਸੰਸਾਰ-ਸਮੁੰਦਰ ਤੋਂ ਤਾਰਨ ਵਾਲਾ ਅਤੇ ਸਭ ਕਾਰਨਾਂ ਦਾ ਕਰਨ ਵਾਲਾ ਹੈ। ਉਹ ਦਇਆਵਾਨ ਕਰਤਾਰ ਸਭ ਦੇ ਅੰਗ-ਸੰਗ ਵੱਸਦਾ ਹੈ ॥੧੨॥੮੪੮॥

**ਛਪੈ ਛੰਦ**

ਸੁਖ ਸਮੂਹ ਦਾਤਾਰ, ਅਵਰ ਦੂਜਾ ਨਹੀਂ ਕੋਈ ।
ਸਦਾ ਰਹੈ ਅੰਗ ਸੰਗ, ਅੰਤਿ ਸੰਗੀ ਹੈ ਸੋਈ।
ਅਨਿਕ ਮੀਤ ਸੋ ਮੀਤ, ਮੀਤ ਨਾਹ ਨ ਸਮ ਜਾ ਕੇ ।
ਅਤਿ ਪ੍ਰਤਾਪ ਜਗਤ ਰੂਪ, ਕਹਿ ਸਕੋ ਨ ਤਾ ਕੇ ।
ਗਤਿ ਮਿਤਿ ਅਪਾਰ ਸਾਹਿਬ ਸਬਲ, ਬੇਸੁਮਾਰ ਕਾਰਨ ਕਰਨ ।
ਭਵ ਭੈ ਉਤਾਰ, ਸੰਕਟ ਨਿਵਾਰ, ਨਾਥਾਨ ਨਾਥ ਤੇਰੀ ਸਰਨ ॥੧੩॥੮੪੯॥

ਉਹ ਸਾਰੇ ਸੁੱਖਾਂ ਦਾ ਦਾਤਾ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਉਹ ਸਦਾ ਅੰਗ-ਸੰਗ ਰਹਿੰਦਾ ਹੈ ਅਤੇ ਅੰਤ ਵੇਲੇ ਵੀ ਉਹੀ ਸੱਚਾ ਸਾਥੀ ਹੈ। ਉਹ ਅਨੇਕਾਂ ਮਿੱਤਰਾਂ ਤੋਂ ਵੱਡਾ ਮਿੱਤਰ ਹੈ, ਜਿਸ ਦੇ ਬਰਾਬਰ ਦਾ ਕੋਈ ਹੋਰ ਮਿੱਤਰ ਨਹੀਂ ਹੈ। ਉਸਦਾ ਪ੍ਰਤਾਪ ਬਹੁਤ ਜ਼ਿਆਦਾ ਹੈ ਅਤੇ ਇਹ ਸਾਰਾ ਜਗਤ ਉਸੇ ਦਾ ਰੂਪ ਹੈ, ਜਿਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਉਸ ਸ਼ਕਤੀਸ਼ਾਲੀ ਮਾਲਕ ਦੀ ਅਵਸਥਾ ਅਤੇ ਮਾਪ ਬੇਅੰਤ ਹੈ, ਅਤੇ ਉਹ ਅਣਗਿਣਤ ਕਾਰਨਾਂ ਦਾ ਕਰਨ ਵਾਲਾ ਹੈ। ਹੇ ਸੰਸਾਰ ਦੇ ਡਰ

ਨੂੰ ਦੂਰ ਕਰਨ ਵਾਲੇ, ਸੰਕਟਾਂ ਨੂੰ ਮਿਟਾਉਣ ਵਾਲੇ, ਨਾਥਾਂ ਦੇ ਨਾਥ! ਅਸੀਂ ਤੇਰੀ ਸ਼ਰਨ ਵਿੱਚ ਹਾਂ ॥੧੩॥੮੪੯॥

**ਦੋਹਰਾ**

ਮੋਹਿ ਆਸਰੋ ਤਾਹਿ ਕੋ, ਐਸੋ ਸਮਰਥ ਸੋਇ ।
ਸਰਬ ਧਾਰ ਸਮਰਥੁ ਪ੍ਰਭੁ, ਤਾ ਬਿਨ ਅਵਰੁ ਨ ਕੋਇ ॥੧੪॥੮੫੦॥

ਮੈਨੂੰ ਉਸ ਪ੍ਰਭੂ ਦਾ ਹੀ ਆਸਰਾ ਹੈ, (ਜੋ) ਅਜਿਹਾ ਸਰਬ-ਸ਼ਕਤੀਮਾਨ ਹੈ। ਉਹ ਪ੍ਰਭੂ ਸਭ ਨੂੰ ਆਸਰਾ ਦੇਣ ਵਾਲਾ ਅਤੇ ਸਭ ਤੋਂ ਸਮਰੱਥ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ ॥੧੪॥੮੫੦॥

**ਕਬਿੱਤੁ**

**ਕੁਦਰਤਿ ਕੈ ਕਰਨਹਾਰੁ ਉਪਮਾ ਅਪਾਰ ਤੇਰੀ,**
ਕਤਹੂ ਨ ਅੰਤ ਕਹੂ ਐਸੋ ਤੂ ਬਿਅੰਤ ਹੈ ।
**ਨਿਹਚੈ ਕੈ ਗਾਵਤ ਹੈ ਭਾਵਤ ਹੈ ਤੋਹੀ ਕੋਊ,**
ਪੂਰਿ ਰਹਯੋ ਸਬ ਹੀ ਮੈ ਪੂਰਨ ਭਗਵੰਤ ਹੈ।
**ਸੇਵਾ ਤੇ ਮੁਕਤ ਹੋਤ, ਅੰਤਰ ਪ੍ਰਗਾਸ ਜੋਤ,**
ਦੁਰਮਤਿ ਮਲ ਸਕਲ ਖੋਤ, ਨਿਰਮਲ ਸੋ ਮੰਤ ਹੈ।
**ਏਕ ਹੀ ਬਤਾਯੋ ਗੁਨ, ਤਾਕੋ ਤਵ ਗਾਯੋ ਜਨ,**
ਜੋਨਿ ਮੈ ਨ ਆਯੋ ਸੋ ਸਿਮਰਤ ਏਕ ਸੰਤ ਹੈ ॥੧੫॥੮੫੧॥

ਹੇ ਕੁਦਰਤ ਦੇ ਰਚਨਹਾਰ! ਤੇਰੀ ਵਡਿਆਈ ਬੇਅੰਤ ਹੈ। ਤੇਰਾ ਕਿਤੇ ਵੀ ਅੰਤ ਨਹੀਂ ਹੈ, ਤੂੰ ਅਜਿਹਾ ਬੇਅੰਤ ਹੈਂ। ਹੇ ਪੂਰਨ ਭਗਵੰਤ! ਤੂੰ ਸਾਰਿਆਂ ਵਿੱਚ ਵਿਆਪਕ ਹੈਂ, ਜਿਹੜਾ ਵੀ ਕੋਈ ਨਿਸ਼ਚੇ ਨਾਲ ਤੈਨੂੰ ਗਾਉਂਦਾ (ਸਿਮਰਦਾ) ਹੈ, ਉਹ ਤੈਨੂੰ ਪਿਆਰਾ ਲੱਗਦਾ ਹੈ। ਤੇਰੀ ਸੇਵਾ ਕਰਨ ਨਾਲ (ਜੀਵ) ਮੁਕਤ ਹੋ ਜਾਂਦਾ ਹੈ, ਉਸਦੇ ਅੰਦਰ (ਗਿਆਨ ਦੀ) ਜੋਤ ਪ੍ਰਕਾਸ਼ਮਾਨ ਹੋ ਜਾਂਦੀ ਹੈ, ਅਤੇ ਖੋਟੀ ਬੁੱਧੀ ਦੀ ਸਾਰੀ ਮੈਲ ਦੂਰ ਹੋ ਜਾਂਦੀ ਹੈ; ਤੇਰਾ ਨਾਮ-ਮੰਤਰ ਅਜਿਹਾ ਪਵਿੱਤਰ ਹੈ। (ਗੁਰੂ ਨੇ) ਤੇਰਾ ਇਹ ਗੁਣ ਦੱਸਿਆ ਹੈ ਕਿ ਜਿਹੜਾ ਸੰਤ ਤੇਰੇ ਇੱਕ ਨਾਮ ਦਾ ਸਿਮਰਨ ਕਰਦਾ ਹੈ, ਉਹ ਮੁੜ ਜੂਨਾਂ ਦੇ ਗੇੜ ਵਿੱਚ ਨਹੀਂ ਆਉਂਦਾ ॥੧੫॥੮੫੧॥

**ਦੋਹਰਾ**

ਚਉਰਾਸੀ ਮੈ ਪਰਤ ਹੈ, ਭਗਤ ਬਿਨਾ ਨਰ ਸੋਇ ।
ਨਿਸਦਿਨ ਏਕ ਅਰਾਧਿਯੈ, ਮਨ ਕੀ ਦੁਬਿਧਾ ਖੋਇ ॥੧੬॥੮੫੨॥

ਭਗਤੀ ਤੋਂ ਸੱਖਣਾ ਮਨੁੱਖ ਚੌਰਾਸੀ (ਲੱਖ ਜੂਨਾਂ ਦੇ ਗੇੜ) ਵਿੱਚ ਪੈ ਜਾਂਦਾ ਹੈ। (ਇਸ ਲਈ) ਮਨ ਦੀ ਦੁਬਿਧਾ ਨੂੰ ਦੂਰ ਕਰਕੇ, ਦਿਨ-ਰਾਤ ਉਸ ਇੱਕ ਪ੍ਰਭੂ ਦੀ ਹੀ ਅਰਾਧਨਾ ਕਰਨੀ ਚਾਹੀਦੀ ਹੈ ॥੧੬॥੮੫੨॥

**ਸਵੈਯਾ**

ਦੁਬਿਧਾ ਕਰਿ ਦੂਰ ਹਜੂਰ ਸਦਾ ਰਹੁ, ਏਕ ਹੀ ਨਾਮ ਸਦਾ ਕਹੁ ਰੇ ॥
ਹਿਤ ਸੋ ਚਿਤ ਸੋ ਧਰਿ ਧਜਾਨ ਰਿਦੈ, ਸਤਿ ਸੰਗਤਿ ਓਟ ਤਹਾਂ ਗਹੁ ਰੇ ॥
ਤਜਿ ਮੋਹਨੀ ਮੋਹ ਬਿਚਾਰਿ ਯਹੈ, ਲਗਿ ਮੋਹਨ ਮੂਰਤਿ ਸੋ ਰਹੁ ਰੇ ॥
ਇਹੁ ਮੰਤ੍ਰ ਮਹਾ ਪ੍ਰਭ ਕੀ ਉਪਮਾ, ਨਿਹਚੈ ਕਰਿਕੈ ਤਿਹ ਕੋ ਗਹੁ ਰੇ ॥੧੭॥੮੫੩॥

ਹੇ ਮਨ! ਦੁਬਿਧਾ ਨੂੰ ਦੂਰ ਕਰਕੇ ਸਦਾ ਪ੍ਰਭੂ ਨੂੰ ਹਾਜ਼ਰ-ਨਾਜ਼ਰ ਸਮਝ, ਅਤੇ ਹਮੇਸ਼ਾ ਇੱਕ ਪ੍ਰਭੂ ਦਾ ਨਾਮ ਹੀ ਜਪ। ਪੂਰੇ ਪ੍ਰੇਮ ਅਤੇ ਚਿੱਤ ਨਾਲ ਉਸਦਾ ਹਿਰਦੇ ਵਿੱਚ ਧਿਆਨ ਧਰ, ਅਤੇ (ਜਿੱਥੇ) ਸਤਿਸੰਗਤ ਹੈ, ਉੱਥੇ ਆਸਰਾ ਲੈ। ਇਸ ਮਾਇਆ ਦੇ ਮੋਹ ਨੂੰ ਤਿਆਗ ਦੇ, ਇਹੀ ਵਿਚਾਰ ਕਰ ਅਤੇ ਉਸ ਮਨ ਨੂੰ ਮੋਹ ਲੈਣ ਵਾਲੇ ਪ੍ਰਭੂ ਦੇ ਪ੍ਰੇਮ ਵਿੱਚ ਲੱਗਿਆ ਰਹਿ। ਪ੍ਰਭੂ ਦੀ ਉਸਤਤਿ ਦਾ ਇਹ ਮਹਾਨ ਮੰਤਰ ਹੈ, ਇਸਨੂੰ ਪੂਰੇ ਨਿਸ਼ਚੇ ਨਾਲ ਆਪਣੇ ਹਿਰਦੇ ਵਿੱਚ ਧਾਰਨ ਕਰ ਲੈ ॥੧੭॥੮੫੩॥

**ਦੋਹਰਾ**

ਕਰਿ ਨਿਹਚੈ ਇਕ ਨਾਮ ਸੋ, ਅਵਰ ਨ ਮਨ ਮੈ ਆਨ ।
ਲਾਗ ਰਹੈ ਧੁਨਿ ਪ੍ਰੇਮ ਕੀ, ਚਰਨ ਕੰਵਲ ਸੋ ਧਜਾਨ ॥੧੮॥੮੫੪॥

ਇੱਕ ਪ੍ਰਭੂ ਦੇ ਨਾਮ ਵਿੱਚ ਹੀ ਪੂਰਾ ਯਕੀਨ ਰੱਖ ਅਤੇ ਕਿਸੇ ਹੋਰ ਨੂੰ ਮਨ ਵਿੱਚ ਨਾ ਲਿਆ। ਤੇਰੇ ਅੰਦਰ (ਪ੍ਰਭੂ)-ਪ੍ਰੇਮ ਦੀ ਲਗਨ ਲੱਗੀ ਰਹੇ ਅਤੇ ਤੇਰਾ ਧਿਆਨ (ਉਸਦੇ) ਚਰਨ-ਕਮਲਾਂ ਵਿੱਚ ਜੁੜਿਆ ਰਹੇ ॥੧੮॥੮੫੪॥

**ਸਵੈਯਾ**

ਧ੍ਯਾਨ ਧਰੋ ਧਰਨੀਧਰ ਕੋ, ਮਨ ਮੈ ਸੁ ਬਿਚਾਰ ਅਪਾਰ ਯਹੀ ਹੈ ॥
ਅਉਰ ਨਹੀਂ ਕਹੂ ਤਾਹ ਬਿਨਾ, ਕਰਤਾ ਹਰਤਾ ਸਬ ਦੂਖ ਵਹੀ ਹੈ ॥
ਜੋਤ ਸਬੈ ਜਗ ਮੈ ਤਿਹ ਕੀ, ਜਿਹ ਕੀ ਉਪਮਾ ਸਬ ਸਿਸਟਿ ਕਹੀ ਹੈ ॥
ਐਸੋ ਬਿਅੰਤ, ਨ ਅੰਤ ਕਹੂੰ, ਕਿਤਹੂ ਸਬ ਖੋਜਤਿ ਖੋਜ ਰਹੀ ਹੈ ॥੧੯॥੮੫੫॥

ਧਰਤੀ ਦੇ ਆਸਰੇ, ਉਸ ਪ੍ਰਭੂ ਦਾ ਹੀ ਧਿਆਨ ਧਾਰੋ; ਮਨ ਵਿੱਚ ਇਹੀ ਸਭ ਤੋਂ ਸ੍ਰੇਸ਼ਠ ਅਤੇ ਬੇਅੰਤ ਵਿਚਾਰ ਹੈ। ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ; ਉਹੀ ਸਭ ਦਾ ਕਰਨ ਵਾਲਾ ਅਤੇ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ। ਸਾਰੇ ਸੰਸਾਰ ਵਿੱਚ ਉਸੇ ਦੀ ਜੋਤ ਹੈ, ਜਿਸ ਦੀ ਵਡਿਆਈ ਸਾਰੀ ਸ੍ਰਿਸ਼ਟੀ ਆਖ ਰਹੀ ਹੈ। ਉਹ ਅਜਿਹਾ ਬੇਅੰਤ ਹੈ ਕਿ ਉਸਦਾ ਕਿਤੇ ਵੀ ਅੰਤ ਨਹੀਂ ਮਿਲਦਾ, ਸਾਰੀ ਖੋਜ ਉਸਨੂੰ ਲੱਭਦੀ ਹੋਈ ਥੱਕ ਗਈ ਹੈ ॥੧੯॥੮੫੫॥

**ਦੋਹਰਾ**

ਖੋਜਤ ਕੋਟਿ ਅਨੇਕ ਜਨ, ਉਪਮਾ ਅਪਰ ਅਪਾਰ ।
ਰਚਿ ਰਚਨਾ ਜਿਨਿ ਸਬ ਕਿਯੇ, ਸੋ ਜਾਨਤ ਕਰਤਾਰ ॥੨੦॥੮੫੬॥

ਅਨੇਕ ਕਰੋੜਾਂ ਲੋਕ ਉਸਨੂੰ ਲੱਭ ਰਹੇ ਹਨ। ਉਸਦੀ ਵਡਿਆਈ ਦਾ ਕੋਈ ਪਾਰਾਵਾਰ ਨਹੀਂ ਹੈ। ਜਿਸ ਕਰਤਾਰ ਨੇ ਇਹ ਸਾਰੀ ਰਚਨਾ ਰਚੀ ਹੈ, (ਉਸਦੇ ਅਸਲ ਭੇਤ ਨੂੰ ਕੇਵਲ) ਉਹ (ਆਪ ਹੀ) ਜਾਣਦਾ ਹੈ ॥੨੦॥੮੫੬॥

**ਤ੍ਰਿਭੰਗੀ ਛੰਦ**

ਜਾਨੈ ਪ੍ਰਭੁ ਸੋਈ, ਅਵਰੁ ਨ ਕੋਈ, ਤਾਹਿ ਬਿਨਾ ਕਿਹ ਕੋ ਕਹਿਯੈ।
ਸਬ ਕੀ ਗਤਿ ਜਾਨੈ, ਸੋ ਭਗਵਾਨੈ, ਪੁਰਖ ਸੁਜਾਨੈ ਸੋ ਲਹਿਯੈ ।
ਸੋਈ ਗੁਰੁ ਦਾਤਾ, ਮੁਕਤਿ ਪਠਾਤਾ, ਸੋ ਪ੍ਰਭੁ ਜਾਤਾ ਸੰਤ ਜਨਾ ।
ਏਕੋ ਸਬ ਸ੍ਵਾਮੀ, ਅੰਤਰਿਜਾਮੀ, ਸਿਮਰਿ ਤਾਹਿ ਸੁਖ ਹੋਇ ਮਨਾ ॥੨੧॥੮੫੭॥

ਉਸ ਪ੍ਰਭੂ (ਦੇ ਭੇਤ ਨੂੰ ਉਹ) ਆਪ ਹੀ ਜਾਣਦਾ ਹੈ, ਹੋਰ ਕੋਈ ਨਹੀਂ ਜਾਣ ਸਕਦਾ, ਉਸ ਤੋਂ ਬਿਨਾਂ ਹੋਰ ਕਿਸ ਨੂੰ ਆਖੀਏ? ਉਹ ਭਗਵਾਨ ਸਭ ਦੀ ਹਾਲਤ ਨੂੰ ਜਾਣਦਾ ਹੈ, ਸੁਜਾਨ ਪੁਰਖ ਹੀ ਉਸ ਨੂੰ ਹੀ ਪਾ ਸਕਦਾ ਹੈ। ਉਹੀ ਦਾਤਾਰ ਗੁਰੂ ਹੈ, ਜੋ ਮੁਕਤੀ ਵੱਲ ਭੇਜਦਾ ਹੈ। ਸੰਤ ਜਨਾਂ ਨੇ ਉਸ ਪ੍ਰਭੂ ਨੂੰ ਜਾਣਿਆ ਹੈ । ਹੇ ਮਨ! ਉਹ ਇੱਕ ਹੀ ਸਭ ਦਾ ਮਾਲਕ ਅਤੇ ਦਿਲਾਂ ਦੀ ਜਾਨਣ ਵਾਲਾ ਹੈ, ਉਸਦਾ ਸਿਮਰਨ ਕਰਨ ਨਾਲ ਹੀ ਸੁੱਖ ਪ੍ਰਾਪਤ ਹੁੰਦਾ ਹੈ ॥੨੧॥੮੫੭॥

**ਦੋਹਰਾ**

ਸੁਖ ਉਪਜਤ ਹੈ ਨਾਮ ਤੇ, ਸਿਮਰਨਿ ਕਰਿ ਮਨ ਮੀਤ ।
ਤਜਿ ਬਿਕਾਰ ਕਰਤਾਰ ਜਪੁ, ਮਨਿ ਅੰਤਰਿ ਧਰਿ ਪ੍ਰੀਤਿ ॥੨੨॥੮੫੮॥

ਹੇ ਮਿੱਤਰ ਮਨ! (ਪਰਮਾਤਮਾ ਦੇ) ਨਾਮ ਨਾਲ ਹੀ ਸੁੱਖ ਪੈਦਾ ਹੁੰਦਾ ਹੈ, (ਇਸਲਈ ਉਸ ਪ੍ਰਭੂ ਦਾ) ਸਿਮਰਨ ਕਰ। ਵਿਕਾਰਾਂ ਨੂੰ ਤਿਆਗ ਕੇ ਅਤੇ ਮਨ ਵਿੱਚ ਪ੍ਰਭੂ ਦਾ ਪ੍ਰੇਮ ਧਾਰ ਕੇ ਕਰਤਾਰ ਨੂੰ ਜਪ ॥੨੨॥੮੫੮॥

**ਸਵੈਯਾ**

ਸੋ ਕਰਿ ਰੀਤਿ ਪ੍ਰਭੂ ਸੰਗਿ ਪ੍ਰੀਤਿ, ਅਨੀਤਿ ਤਜੈ ਦੁਖ ਆਵੈ ਨ ਨੇਰੇ ॥
ਹੋਤ ਪ੍ਰਕਾਸ ਨਿਵਾਸ ਸਦਾ ਸੁਖ, ਐਸੋ ਹੈ ਨਾਮੁ ਜਪੋ ਮਨ ਮੇਰੇ ।
ਤਾਹਿ ਬਿਨਾ ਸੁਖ ਨਾਹਿ ਕਹੂ, ਸਮਝੋ ਚਿਤ ਮੈ ਮਨ ਮੂੜ੍ਹ ਸਵੇਰੇ ।
ਏਕ ਹੀ ਨਾਮ ਬਿਨਾ ਤਨ ਛਾਰ, ਬਿਕਾਰ ਸਬੈ ਕਛੁ ਕਾਜਿ ਨ ਤੇਰੇ ॥੨੩॥੮੫੯॥

ਅਜਿਹੀ ਰੀਤੀ ਧਾਰਨ ਕਰ ਕਿ ਪ੍ਰਭੂ ਨਾਲ ਤੇਰੀ ਪ੍ਰੀਤ ਬਣ ਜਾਵੇ; ਜਦੋਂ ਤੂੰ ਅਨਿਆਂ ਅਤੇ ਪਾਪ ਦਾ ਰਾਹ ਤਿਆਗ ਦੇਵੇਂਗਾ ਤਾਂ ਦੁੱਖ ਤੇਰੇ ਨੇੜੇ ਨਹੀਂ ਆਵੇਗਾ। ਹੇ ਮੇਰੇ ਮਨ! ਅਜਿਹੇ ਹਰੀ ਨਾਮ ਨੂੰ ਜਪ, ਜਿਸ ਨਾਲ ਹਿਰਦੇ ਵਿੱਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਸਦਾ ਸੁੱਖ ਦਾ ਨਿਵਾਸ ਰਹਿੰਦਾ ਹੈ। ਹੇ ਮੂਰਖ ਮਨ! ਸਵੇਰੇ ਹੀ (ਭਾਵ, ਸਮਾਂ ਰਹਿੰਦਿਆਂ) ਆਪਣੇ ਚਿੱਤ ਵਿੱਚ ਇਹ ਸਮਝ ਲੈ ਕਿ ਉਸ ਪ੍ਰਭੂ ਦੇ ਨਾਮ ਤੋਂ ਬਿਨਾਂ ਕਿਤੇ ਵੀ ਸੁੱਖ ਨਹੀਂ ਹੈ। ਇੱਕ ਨਾਮ ਤੋਂ ਬਿਨਾਂ ਇਹ ਸਰੀਰ ਸੁਆਹ ਦੇ ਬਰਾਬਰ ਹੈ ਅਤੇ ਬਾਕੀ ਸਾਰੇ ਵਿਕਾਰ ਕਿਸੇ ਵੀ ਕੰਮ ਨਹੀਂ ਆਉਣੇ ॥੨੩॥੮੫੯॥

**ਦੋਹਰਾ**

ਸਬ ਬਿਕਾਰ ਸੰਸਾਰ ਮੈ, ਉਪਜਤ ਹੈ ਨਿਤ ਨੀਤਿ ।
ਤਜਾਗਤ ਹੈ ਤਿਹ ਸੰਤ ਜਨ, ਕਰਿ ਸਤਿਗੁਰੁ ਸੋ ਪ੍ਰੀਤਿ ॥੨੪॥੮੬੦॥

ਇਸ ਸੰਸਾਰ ਵਿੱਚ ਹਰ ਰੋਜ਼ ਸਾਰੇ ਵਿਕਾਰ ਪੈਦਾ ਹੁੰਦੇ ਰਹਿੰਦੇ ਹਨ। ਪਰ ਸੰਤ ਜਨ ਸਤਿਗੁਰੂ ਨਾਲ ਪ੍ਰੀਤ ਪਾ ਕੇ ਉਹਨਾਂ ਵਿਕਾਰਾਂ ਦਾ ਤਿਆਗ ਕਰ ਦਿੰਦੇ ਹਨ ॥੨੪॥੮੬੦॥

**ਸਵੈਯਾ**

ਛਾਡਿ ਬਿਕਾਰੁ ਅਧਾਰੁ ਯਹੀ ਕਰਿ, ਏਕ ਹੀ ਨਾਮ ਸਦਾ ਕਹਿਯੈ ॥
ਰਹਿਯੈ ਸਤਿਸੰਗ ਨਿਸੰਗ ਮਨਾ, ਉਪਜੈ ਸੁਖ ਗਜਾਨ ਸਦਾ ਗਹਿਯੈ ॥
ਮਮਤਾ ਤਜਿ ਮੋਹ ਬਿਮੋਹ ਭਏ, ਨਰ ਨਾਮ ਕੀ ਸੇਵ ਤਿਨੋ ਲਹਿਯੈ ॥
ਕਹਿਯੈ ਅਬ ਏਕ ਬਿਚਾਰ ਮਨਾ, ਸੁ ਦੂਤ ਕੋ ਤ੍ਰਾਸ ਕਹਾ ਸਹਿਯੈ ॥੨੫॥੮੬੧॥

ਵਿਕਾਰਾਂ ਨੂੰ ਛੱਡ ਕੇ ਇਸ ਇੱਕ ਨਾਮ ਨੂੰ ਹੀ ਆਪਣਾ ਆਸਰਾ ਬਣਾ ਅਤੇ ਸਦਾ ਉਸੇ ਦਾ ਜਾਪ ਕਰ। ਹੇ ਮਨ! ਬਿਨਾਂ ਝਿਜਕ ਸਤਿਸੰਗਤ ਵਿੱਚ ਰਹਿ, ਜਿੱਥੇ ਸੁੱਖ ਉਪਜਦਾ ਹੈ ਅਤੇ ਸਦਾ ਗਿਆਨ ਨੂੰ ਗ੍ਰਹਿਣ ਕਰ। ਜਿਹੜੇ ਮਨੁੱਖ ਮਮਤਾ ਅਤੇ ਮੋਹ ਨੂੰ ਤਿਆਗ ਕੇ ਮੋਹ-ਰਹਿਤ ਹੋ ਜਾਂਦੇ ਹਨ, ਉਹਨਾਂ ਨੂੰ ਹੀ ਨਾਮ ਦੀ ਸੇਵਾ ਪ੍ਰਾਪਤ ਹੁੰਦੀ ਹੈ। ਹੇ ਮਨ! ਹੁਣ ਇੱਕ ਵਿਚਾਰ ਕਰ ਕਿ ਜਮਦੂਤਾਂ ਦਾ ਡਰ ਕਿਉਂ ਸਹਿਣਾ ਹੈ? ॥੨੫॥੮੬੧॥

**ਦੋਹਰਾ**

ਕਿਉ ਸਹਿਯੈ ਜਮਤ੍ਰਾਸ, ਜੌ ਜਪਿਯੈ ਕਰਤਾਰ ਗੁਨ ।
ਮੁਕਤ ਭਏ ਨਰ ਸੋਇ, ਜਿਨਿ ਅੰਤਰ ਭਈ ਏਕ ਧੁਨ ॥੨੬॥੮੬੨॥

ਜੇ ਕਰਤਾਰ ਦੇ ਗੁਣਾਂ ਨੂੰ ਜਪੀਏ, ਤਾਂ ਫਿਰ ਜਮਾਂ ਦਾ ਡਰ ਕਿਉਂ ਸਹਿਣਾ ਹੈ? ਉਹ ਮਨੁੱਖ ਮੁਕਤ ਹੋ ਜਾਂਦੇ ਹਨ, ਜਿਨ੍ਹਾਂ ਦੇ ਹਿਰਦੇ ਅੰਦਰ ਇੱਕ ਪ੍ਰਭੂ ਦੇ ਨਾਮ ਦੀ ਧੁਨ ਲੱਗ ਜਾਂਦੀ ਹੈ ॥੨੬॥੮੬੨॥

**ਸਵੈਯਾ**

ਪੁਤ੍ਰ ਕੇ ਹੇਤ ਸੁਚੇਤ ਭਯੋ, ਸੁ ਕਹਯੋ ਨਰ ਨਾਮ ਨਰਾਇਣ ਭਾਈ ।

ਸੋ ਕਰਿ ਧ੍ਯਾਨ ਰਿਦੈ ਭਗਵਾਨ, ਜਪ੍ਯੋ ਹਰਿ ਨਾਮ ਤਬੈ ਸੁਧਿ ਆਈ ।
ਭਾਜਿ ਗਏ ਜਮਦੂਤ ਸਰੂਪ, ਅਨੂਪ ਨਿਹਾਰ ਤਬੈ ਗੁਨ ਗਾਈ ।
ਐਸੇ ਸੁ ਪਤਿਤ ਉਧਾਰੇ ਜਗਤ ਮੈ, ਏ ਕਰਤਾਰ ! ਤੁਝੈ ਬਡਿਆਈ ॥੨੭॥੮੬੩॥

ਹੇ ਭਰਾ! (ਅਜਾਮਲ) ਆਪਣੇ ਪੁੱਤਰ ਦੀ ਖਾਤਰ ਸੁਚੇਤ ਹੋਇਆ ਅਤੇ ਉਸਨੇ 'ਨਰਾਇਣ' ਨਾਮ ਪੁਕਾਰਿਆ। ਇਸ ਤਰ੍ਹਾਂ ਹਿਰਦੇ ਵਿੱਚ ਭਗਵਾਨ ਦਾ ਧਿਆਨ ਕਰਕੇ ਜਦੋਂ ਉਸਨੇ ਹਰੀ-ਨਾਮ ਜਪਿਆ, ਤਾਂ ਉਸਨੂੰ ਸੁੱਧ ਆ ਗਈ। ਉਸਦੇ ਅਨੂਪ ਸਰੂਪ ਨੂੰ ਵੇਖ ਕੇ ਜਮਦੂਤ ਭੱਜ ਗਏ ਅਤੇ ਤਦ ਉਸਨੇ ਪ੍ਰਭੂ ਦੇ ਗੁਣ ਗਾਏ। ਹੇ ਕਰਤਾਰ! ਤੂੰ ਸੰਸਾਰ ਵਿੱਚ ਅਜਿਹੇ ਪਾਪੀਆਂ ਦਾ ਵੀ ਉਧਾਰ ਕਰ ਦਿੰਦਾ ਹੈਂ, ਇਹ ਤੇਰੀ ਹੀ ਵਡਿਆਈ ਹੈ ॥੨੭॥੮੬੩॥

**ਦੋਹਰਾ**

ਮਹਾ ਕੁਕਰਮੀ ਜਨਮ ਕੋ, ਕਰਤ ਬਹੁਤ ਅਪਰਾਧ ।
ਮੁਕਤ ਕਿਯੋ ਤਿਹ ਛਿਨਕ ਮੈ, ਬਡੋ ਗਰੀਬ ਨਿਵਾਜ ॥੨੮॥੮੬੪॥

ਉਹ (ਅਜਾਮਲ) ਆਪਣੇ ਜੀਵਨ (ਦੇ ਵੱਡੇ ਹਿੱਸੇ) ਵਿੱਚ ਭੈੜੇ ਕਰਮ ਕਰਨ ਵਾਲਾ ਅਤੇ ਬਹੁਤ ਵੱਡਾ ਅਪਰਾਧੀ ਸੀ। ਪਰ ਗ਼ਰੀਬ-ਨਿਵਾਜ਼ ਪ੍ਰਭੂ ਨੇ ਉਸਨੂੰ ਇੱਕ ਛਿਨ ਵਿੱਚ ਹੀ ਮੁਕਤ ਕਰ ਦਿੱਤਾ ॥੨੮॥੮੬੪॥

**ਸਵੈਯਾ**

ਕੀਰ ਸੋ ਪ੍ਰੀਤਿ ਕਰੀ ਗਨਿਕਾ, ਮਨ ਕਾ ਤਜ ਮਾਨ ਅਜਾਨ ਭਈ ਹੈ ।
ਪੂਰਨ ਪ੍ਰੀਤਿ ਕਿਯੇ ਗਤਿ ਹੈ ਸਰ, ਬੁਧਿ ਨਿਵਾਸ ਕੁਸਾਖ ਗਈ ਹੈ ।
ਪਾਵਨ ਨਾਮ ਪੁਨੀਤ ਲਿਯੋ ਸੁਨਿ, ਤਾਹੀ ਕੋ ਨਾਮੁ ਕੀ ਲਾਜ ਭਈ ਹੈ ।
ਤਾਰੀ ਬਿਚਾਰੀ ਬਿਚਾਰਤ ਹੈ, ਸਦ ਮੋਖ ਦੁਆਰੇ ਪਠਾਇ ਦਈ ਹੈ ॥੨੯॥੮੬੫॥

ਵੇਸਵਾ ਨੇ ਤੋਤੇ ਨਾਲ ਪ੍ਰੀਤ ਪਾਈ ਅਤੇ ਆਪਣੇ ਮਨ ਦਾ ਹੰਕਾਰ ਤਿਆਗ ਕੇ (ਇੰਝ ਵਿਹਾਰ ਕਰਨ ਲੱਗੀ, ਜਿਵੇਂ ਉਹ) ਅਗਿਆਨੀ ਹੋਵੇ। (ਤੋਤੇ ਨੂੰ ਨਾਮ ਜਪਾਉਣ ਦੀ) ਪੂਰਨ ਪ੍ਰੀਤ ਕਰਨ ਨਾਲ਼ (ਉਸਨੂੰ) ਮੁਕਤੀ ਮਿਲੀ। ਉਸ ਵਿੱਚ (ਚੰਗੀ) ਬੁੱਧੀ ਦਾ ਨਿਵਾਸ ਹੋਇਆ ਤੇ (ਉਸਦੀ ਵੇਸਵਾਵ੍ਰਿਤੀ

ਕਾਰਣ ਹੋਈ) ਬਦਨਾਮੀ (ਦੂਰ) ਹੋ ਗਈ। ਉਸਨੇ (ਪਰਮਾਤਮਾ ਦਾ) ਪਵਿੱਤਰ ਨਾਮ ਸੁਣਿਆ, ਤਾਂ ਉਸ ਹੀ (ਪ੍ਰਭੂ) ਨੇ ਆਪਣੇ ਨਾਮ ਦੀ ਲਾਜ ਰੱਖੀ। ਵਿਚਾਰਵਾਨ ਲੋਕ ਇਹੀ ਵਿਚਾਰਦੇ ਹਨ ਕਿ ਪ੍ਰਭੂ ਨੇ ਉਸ ਵਿਚਾਰੀ ਨੂੰ ਤਾਰ ਦਿੱਤਾ ਅਤੇ ਸਦਾ ਲਈ ਮੁਕਤੀ ਦੇ ਦਰਵਾਜ਼ੇ ਵੱਲ ਭੇਜ ਦਿੱਤਾ ॥੨੯॥੮੬੫॥

**ਦੋਹਰਾ**

ਸੁਅਟਾ ਕੇ ਹਿਤ ਪ੍ਰੀਤਿ ਕਰਿ, ਲਿਯੋ ਰੈਨਿ ਦਿਨ ਨਾਮ ।
ਕੇਤਕ ਤਪ ਕਰਿ ਪਚਿ ਮੁਏ, ਨਹਿ ਪਾਵਤ ਬਿਸਰਾਮ ॥੩੦॥੮੬੬॥

ਉਸ (ਗਣਿਕਾ) ਨੇ ਤੋਤੇ ਦੀ ਖਾਤਰ ਦਿਨ-ਰਾਤ ਪ੍ਰਭੂ ਦਾ ਨਾਮ ਲਿਆ (ਅਤੇ ਤਰ ਗਈ), (ਜਦਕਿ) ਕਿੰਨੇ ਹੀ (ਤਪੱਸਵੀ) ਕਠੋਰ ਤਪ ਕਰ-ਕਰ ਕੇ ਖਪ ਜਾਂਦੇ ਹਨ, ਪਰ ਫਿਰ ਵੀ ਸ਼ਾਂਤੀ ਨੂੰ ਪ੍ਰਾਪਤ ਨਹੀਂ ਕਰਦੇ ॥੩੦॥੮੬੬॥

**ਚੌਪਈ**

ਇੰਦ੍ਰ ਦ੍ਰੋਨ ਰਾਜਾ ਇਕ ਹੋਤਾ । ਗਜਾਨੀ ਬਹੁਤ ਮਹਾ ਅਤਿ ਸ੍ਰੋਤਾ ।
ਅਗਨਿ ਅਹਾਰ ਬਹੁਤ ਉਨ ਦੀਨਾ । ਪੁੰਨ ਦਾਨ ਕੇਤਕ ਬਿਧਿ ਕੀਨਾ ॥੩੧॥੮੬੭॥

ਇੰਦ੍ਰਦ੍ਰੋਨ ਨਾਮ ਦਾ ਇੱਕ ਰਾਜਾ ਹੁੰਦਾ ਸੀ। ਉਹ ਬਹੁਤ ਗਿਆਨੀ ਅਤੇ ਸ਼ਾਸਤਰਾਂ ਨੂੰ ਸੁਣਨ ਵਾਲਾ ਸੀ। ਉਸਨੇ ਬਹੁਤ ਸਾਰੇ ਹਵਨ-ਯੱਗ ਕੀਤੇ (ਅੱਗ ਨੂੰ ਭੋਜਨ ਦਿੱਤਾ) ਅਤੇ ਕਈ ਤਰੀਕਿਆਂ ਨਾਲ ਪੁੰਨ-ਦਾਨ ਕੀਤਾ ॥੩੧॥੮੬੭॥

ਹੋਮ ਜਗ ਉਨ ਕਿਯੇ ਅਪਾਰਾ । ਬੈਸੰਤਰ ਕੋ ਭਯੋ ਅਹਾਰਾ ।
ਧਰਮ ਅੰਗ ਸਬ ਜਗਤ ਬਖਾਨੈ । ਕਰਨਹਾਰ ਕੋ ਭੇਦ ਨ ਜਾਨੈ ॥੩੨॥੮੬੮॥

ਉਸਨੇ ਅਣਗਿਣਤ ਹੋਮ ਅਤੇ ਯੱਗ ਕੀਤੇ, ਜੋ ਅਗਨੀ ਦੇਵਤਾ ਦਾ ਭੋਜਨ ਬਣੇ। ਸਾਰਾ ਸੰਸਾਰ ਉਸਦੇ ਇਨ੍ਹਾਂ ਧਾਰਮਿਕ ਕੰਮਾਂ ਦੀ ਵਡਿਆਈ

ਕਰਦਾ ਸੀ, ਪਰ ਉਹ ਅਸਲ ਕਰਨਹਾਰ (ਕਰਤਾਰ) ਦੇ ਭੇਤ ਨੂੰ ਨਹੀਂ ਜਾਣਦਾ ਸੀ ॥੩੨॥੮੬੮॥

ਜੋ ਹਰਿ ਕਰੈ ਕਰਾਵੈ ਸੋਈ । ਤਾ ਕਉ ਭੇਦ ਨ ਜਾਨੈ ਕੋਈ ।
ਐਸੋ ਅਗਮ ਪੁਰਖ ਕਰਤਾਰਾ । ਤਾਕੋ ਭੇਦ ਨ ਕਿਨਹਿ ਬਿਚਾਰਾ ॥੩੩॥੮੬੯॥

ਜੋ ਕੁਝ ਹਰੀ-ਪ੍ਰਭੂ ਆਪ ਕਰਦਾ ਹੈ ਅਤੇ (ਜੀਵਾਂ ਪਾਸੋਂ) ਕਰਵਾਉਂਦਾ ਹੈ, ਉਸਦੇ ਇਸ ਭੇਤ ਨੂੰ ਕੋਈ ਨਹੀਂ ਜਾਣ ਸਕਦਾ। ਉਹ ਕਰਤਾਰ ਪੁਰਖ ਅਜਿਹਾ ਅਪਹੁੰਚ ਹੈ ਕਿ ਉਸਦੇ ਭੇਤ ਨੂੰ ਕਿਸੇ ਨੇ ਵੀ ਨਹੀਂ ਪਾਇਆ ॥੩੩॥੮੬੯॥

**ਦੋਹਰਾ**
ਤਜਾਗੀ ਦੇਹ ਸਨੇਹ ਸਬ, ਗਯੋ ਦੇਵ ਦਰਿ ਸੋਇ ।
ਬਰਨਤਿ ਤਾਹੀ ਕੀ ਕਥਾ, ਸੁਨਹੁ ਬਾਤ ਸਬ ਕੋਇ ॥੩੪॥੮੭੦॥

ਜਦੋਂ ਉਹ ਸਰੀਰ ਦਾ ਸਾਰਾ ਮੋਹ ਤਿਆਗ ਕੇ ਦੇਵਤਿਆਂ ਦੇ ਦਰਬਾਰ ਵਿੱਚ ਗਿਆ, (ਤਾਂ ਜੋ ਵਾਪਰਿਆ), ਉਸੇ ਦੀ ਕਥਾ ਦਾ ਵਰਣਨ ਕਰਦਾ ਹਾਂ, ਸਾਰੇ ਜਣੇ ਧਿਆਨ ਨਾਲ ਸੁਣੋ ॥੩੪॥੮੭੦॥

**ਕਬਿੱਤੁ**
**ਪੁੰਨ ਕੇ ਪ੍ਰਤਾਪ ਦ੍ਰੋਨ ਦੇਵਤਾ ਦੁਆਰੇ ਜਾਇ,**
ਆਗੈ ਆਇ ਧਰਮਰਾਇ ਚਰਨ ਬੰਦਨਾ ਕਿਯੋ ।
**ਫੂਲ ਗਯੋ ਮਨ ਹੀ ਮੈ ਮਹਾ ਸਕਤਿ ਭਈ ਮੋਹਿ,**
ਕਿਯੋ ਨ ਬਿਚਾਰ ਕਛੁ ਬਿਗਸਜੋ ਨ ਤਉ ਹਿਯੋ ।
**ਕਰਤੇ ਹੀ ਅਹੰਕਾਰ ਦਰ ਤੇ ਦਿਯੋ ਨਿਕਾਰ,**
ਕੁੰਜਰ ਕੀ ਜੋਨਿ ਧਾਰਿ ਪਸੁਨ ਮਿਲਾਇ ਲਿਯੋ ।
**ਐਸੋ ਨਿਰਲੇਪ ਨਾਮ ਸਿਮਰ ਸਦਾ ਆਠੋ ਜਾਮ,**
ਬਿਨਾ ਨਾਮ ਤਾਹਿ ਰਾਜ ਕਜਰੀ ਬਨ ਕੋ ਦਿਯੋ ॥੩੫॥੮੭੧॥

ਆਪਣੇ ਪੁੰਨ-ਕਰਮਾਂ ਦੇ ਪ੍ਰਤਾਪ ਨਾਲ ਰਾਜਾ (ਇੰਦ੍ਰ)-ਦ੍ਰੋਨ ਦੇਵਤਿਆਂ ਦੇ ਦਰਬਾਰ ਵਿੱਚ ਗਿਆ, ਤਾਂ ਅੱਗੋਂ ਧਰਮਰਾਜ ਨੇ ਆ ਕੇ ਉਸਦੇ ਚਰਨਾਂ

'ਤੇ ਨਮਸਕਾਰ ਕੀਤੀ। ਇਹ ਦੇਖ ਕੇ ਉਹ ਮਨ ਹੀ ਮਨ ਵਿੱਚ ਹੰਕਾਰ ਨਾਲ ਫੁੱਲ ਗਿਆ ਕਿ ਮੈਨੂੰ ਕਿੰਨੀ ਵੱਡੀ ਸ਼ਕਤੀ ਪ੍ਰਾਪਤ ਹੋ ਗਈ ਹੈ। ਉਸਨੇ ਕੁਝ ਵੀ ਵਿਚਾਰ ਨਾ ਕੀਤਾ ਅਤੇ ਉਸਦਾ ਹਿਰਦਾ ਖ਼ੁਸ਼ ਨਾ ਹੋਇਆ। ਹੰਕਾਰ ਕਰਦਿਆਂ ਹੀ ਉਸਨੂੰ ਦਰਬਾਰ ਵਿੱਚੋਂ ਕੱਢ ਦਿੱਤਾ ਗਿਆ ਅਤੇ ਹਾਥੀ ਦੀ ਜੂਨ ਦੇ ਕੇ ਪਸ਼ੂਆਂ ਵਿੱਚ ਰਲਾ ਦਿੱਤਾ ਗਿਆ। ਪ੍ਰਭੂ ਦਾ ਨਾਮ ਅਜਿਹਾ ਨਿਰਲੇਪ ਹੈ, (ਇਸ ਲਈ) ਉਸਦਾ ਅੱਠੇ ਪਹਿਰ ਸਿਮਰਨ ਕਰਨਾ ਚਾਹੀਦਾ ਹੈ। ਨਾਮ ਤੋਂ ਬਿਨਾਂ ਉਸ ਰਾਜੇ ਨੂੰ ਕੇਲਿਆਂ ਦੇ ਜੰਗਲ ਦਾ ਵਾਸਾ ਮਿਲਿਆ ॥੩੫॥੮੧੧॥

**ਦੋਹਰਾ**

ਇੰਦ੍ਰ ਦ੍ਰੋਨ ਰਾਜਾ ਬਡੋ, ਕੀਨੋ ਗਰਬ ਅਹਾਰੁ ।
ਤਾ ਕਾਰਨ ਕੁੰਜਰ ਕਿਯੋ, ਕਰਨਹਾਰ ਕਰਤਾਰ ॥੩੬॥੮੧੨॥

ਭਾਵੇਂ ਇੰਦ੍ਰਦ੍ਰੋਨ ਵੱਡਾ ਰਾਜਾ ਸੀ, ਪਰ ਉਸਨੇ ਆਪਣੇ (ਪੁੰਨ-ਕਰਮਾਂ ਦਾ) ਹੰਕਾਰ ਕੀਤਾ। ਇਸੇ ਕਾਰਨ ਕਰਨ ਵਾਲੇ ਕਰਤਾਰ ਨੇ ਉਸਨੂੰ ਹਾਥੀ ਬਣਾ ਦਿੱਤਾ ॥੩੬॥੮੧੨॥

**ਕਬਿੱਤ**

**ਸੋ ਬਨਿ ਮੈ ਇੰਦ੍ਰ ਦ੍ਰੋਨ ਕਰਤ ਕਲੋਲ ਡੋਲ,**
ਖੇਲਤ ਅਭੋਲ ਜੈਸੇ ਸਖਾ ਸੰਗ ਹੈ ਕਿਯੋ ।
**ਕਰਤ ਸੁਭਾਇ ਜਾਇ ਪੈਠੇ ਜਲ ਮਧਿ ਧਾਇ,**
ਤੰਦੂਏ ਗਹਿ ਚਰਨ ਤਾਹਿ ਐਚ ਨੀਰ ਮੈ ਲਿਯੋ ।
**ਤਾ ਸਮੇ ਸੁਚੇਤ ਚੀਤ ਅੰਤਰਿ ਸੌ ਕਰੀ ਪ੍ਰੀਤਿ,**
ਲੀਨੋ ਮੁਖ ਨਾਮ ਤਾਹਿ ਛੂਟਜੋ ਰਿਪੁ ਤੇ ਜਿਯੋ ।
**ਨਾਮ ਕੇ ਪ੍ਰਤਾਪ ਆਪ ਆਪ ਹੀ ਸਹਾਇ ਭਯੋ,**
ਕਾਢਿ ਤਾਹਿ ਨੀਰ ਮੈ ਤੇ ਮੁਕਤਿ ਭੇਜਿ ਕੈ ਦਿਯੋ ॥੩੭॥੮੧੩॥

ਉਸ ਜੰਗਲ ਵਿੱਚ ਇੰਦ੍ਰਦ੍ਰੋਨ (ਹਾਥੀ ਰੂਪ ਵਿੱਚ) ਖੇਡਾਂ ਕਰਦਾ ਹੋਇਆ (ਇਧਰ ਉਧਰ) ਡੋਲਦਾ (ਫਿਰਦਾ) ਸੀ; ਉਹ ਇੰਝ ਭੋਲਾ-ਭਾਲਾ ਖੇਡ ਰਿਹਾ ਸੀ, ਜਿਵੇਂ ਆਪਣੇ ਮਿੱਤਰਾਂ ਨਾਲ ਹੋਵੇ। ਆਪਣੇ ਸੁਭਾਅ ਅਨੁਸਾਰ ਉਹ ਭੱਜ ਕੇ ਪਾਣੀ ਦੇ ਵਿੱਚ ਜਾ ਵੜਿਆ, (ਜਿੱਥੇ) ਇੱਕ ਮਗਰਮੱਛ ਨੇ ਉਸਦਾ ਪੈਰ ਫੜ ਲਿਆ ਅਤੇ ਉਸਨੂੰ ਪਾਣੀ ਵਿੱਚ ਖਿੱਚ ਲਿਆ। ਉਸ

ਸਮੇਂ ਉਸਦਾ ਚਿੱਤ ਸੁਚੇਤ ਹੋਇਆ ਅਤੇ ਉਸਨੇ ਆਪਣੇ ਹਿਰਦੇ ਤੋਂ ਪ੍ਰਭੂ ਨਾਲ ਪ੍ਰੀਤ ਕੀਤੀ। ਉਸਨੇ ਮੂੰਹੋਂ ਪ੍ਰਭੂ ਦਾ ਨਾਮ ਲਿਆ ਅਤੇ ਦੁਸ਼ਮਣ ਤੋਂ ਛੁੱਟ ਕੇ ਬਚ ਗਿਆ। ਨਾਮ ਦੇ ਪ੍ਰਤਾਪ ਨਾਲ ਪ੍ਰਭੂ ਆਪ ਹੀ ਉਸਦਾ ਸਹਾਇਕ ਬਣਿਆ, ਉਸਨੂੰ ਪਾਣੀ ਵਿੱਚੋਂ ਕੱਢਿਆ ਅਤੇ ਮੁਕਤੀ ਵੱਲ ਭੇਜ ਦਿੱਤਾ ॥੩੭॥੮੭੩॥

**ਦੋਹਰਾ**

ਮਨ ਬਚ ਕਰਮ ਕਰਿ ਭਾਵਨੀ, ਸਿਮਰਤ ਹੈ ਨਰ ਸੋਇ ।
ਪਤਿਤ ਉਧਾਰਨ ਨਾਮੁ ਹੈ, ਜਾਨਤ ਹੈ ਸਬ ਕੋਇ ॥੩੮॥੮੭੪॥

ਜਿਹੜਾ ਵੀ ਮਨੁੱਖ ਮਨ, ਬਚਨ ਅਤੇ ਕਰਮ ਨਾਲ ਸ਼ਰਧਾ ਧਾਰ ਕੇ ਪ੍ਰਭੂ ਦਾ ਸਿਮਰਨ ਕਰਦਾ ਹੈ (ਉਹ ਬਚ ਜਾਂਦਾ ਹੈ)। ਪ੍ਰਭੂ ਦਾ ਨਾਮ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ, ਇਹ ਗੱਲ ਸਾਰੇ ਜਾਣਦੇ ਹਨ ॥੩੮॥੮੭੪॥

**ਸਵੈਯਾ**

ਤੇਰੋ ਹੀ ਨਾਮ ਜਪੋ ਨਿਸ ਬਾਸਰ, ਆਸਰੋ ਏਕ ਤਿਹਾਰੋ ਭਨੀ ਹੈ ।
ਜੌ ਲੌ ਏ ਸਾਸ ਨਿਵਾਸ ਕਰੈ, ਤਵ ਲੌ ਸਬ ਜੋਤਿ ਤਿਹਾਰੀ ਬਨੀ ਹੈ ।
ਹੌ ਜੋ ਕਹੌਂ ਸਬ ਜਾਨਤ ਹੋ ਹਰਿ, ਖੋਟੇ ਖਰੇ ਸਬ ਤੋਹਿ ਜਨੀ ਹੈ ।
ਤੇਰੋ ਬਿਚਾਰ ਅਧਾਰ ਮੋਹਿ ਮਨ, ਹੈ ਸਬ ਕੋ ਤੂੰਹੀ ਏਕ ਧਨੀ ਹੈ ॥੩੯॥੮੭੫॥

(ਹੇ ਪ੍ਰਭੂ!) ਮੈਂ ਦਿਨ-ਰਾਤ ਤੇਰਾ ਹੀ ਨਾਮ ਜਪਦਾ ਹਾਂ, ਇੱਕ ਤੇਰਾ ਆਸਰਾ (ਸੱਚਾ ਹੈ, ਐਸਾ) ਕਿਹਾ ਜਾਂਦਾ ਹੈ। ਜਦੋਂ ਤੱਕ ਇਹ ਸਵਾਸ (ਸਰੀਰ ਵਿੱਚ) ਨਿਵਾਸ ਕਰਦੇ ਹਨ, ਤਦ ਤੱਕ (ਇਨ੍ਹਾਂ ਵਿੱਚ) ਤੇਰੀ ਹੀ ਜੋਤ ਬਣੀ ਹੋਈ ਹੈ। ਹੇ ਹਰੀ! ਮੈਂ ਜੋ ਕੁਝ ਕਹਿੰਦਾ ਹਾਂ, ਉਹ ਤੂੰ ਸਭ ਜਾਣਦਾ ਹੈਂ; ਮੇਰੇ ਖੋਟੇ-ਖਰੇ (ਚੰਗੇ-ਮਾੜੇ) ਸਭ ਕਰਮ ਤੈਨੂੰ ਪਤਾ ਹਨ। ਤੇਰਾ ਹੀ ਵਿਚਾਰ ਮੇਰਾ ਮਨ ਦਾ ਆਸਰਾ ਹੈ, ਤੂੰ ਹੀ ਸਭ ਦਾ ਇੱਕੋ-ਇੱਕ ਮਾਲਕ ਹੈਂ ॥੩੯॥੮੭੫॥

**ਦੋਹਰਾ**

ਸਬ ਕੋ ਸ੍ਵਾਮੀ ਏਕ ਹੈ, ਤਾ ਬਿਨ ਅਵਰੁ ਨ ਕੋਇ ।

ਅੰਤਰਿ ਹੀ ਬਜਾਪਕ ਭਯੋ, ਸਬ ਮਹਿ ਪੂਰਨ ਸੋਇ ॥੪੦॥੮੭੬॥

ਸਭ ਦਾ ਮਾਲਕ ਇੱਕੋ ਹੀ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਉਹ (ਸਭ ਦੇ ਹਿਰਦੇ) ਅੰਦਰ ਵਿਆਪਕ ਹੋ ਰਿਹਾ ਹੈ ਅਤੇ ਸਭਨਾਂ ਵਿੱਚ ਪੂਰਨ ਤੌਰ 'ਤੇ ਸਮਾਇਆ ਹੋਇਆ ਹੈ ॥੪੦॥੮੭੬॥

**ਸਵੈਯਾ**

**ਜਗ ਮੈ ਸਬ ਜੋਤਿ ਤਿਹਾਰੀ ਬਿਚਾਰੀ, ਤਿਹਾਰੀ ਬਿਨਾ ਕਿਹ ਕੀ ਕਹਿਯੈ ?**
ਜਲ ਮੈ ਥਲ ਮੈ ਬਨ ਮੈ ਘਨ ਮੈ, ਘਨ ਜੋਤਿ ਚਮਕਤ ਹੀ ਚਹਿਯੈ ॥
ਘਟ ਮੈ ਤਟ ਮੈ ਬਟ ਮੈ ਬਨ ਰਾਇ ਮੈ, ਤੋ ਬਨ ਰਾਇ ਹਰੀ ਰਹਿਯੈ ॥
ਕਰਤਾ ਪ੍ਰਭੁ ਏਕ ਅਨੇਕ ਕਿਯੇ ਜਨ, ਕਿਉਂ ਨ ਕਰੈ ਕਰਤਾ ਵਹਿਯੈ ॥੪੧॥੮੭੭॥

(ਹੇ ਪ੍ਰਭੂ!) ਮੈਂ ਵਿਚਾਰ ਕੇ ਦੇਖਿਆ ਹੈ ਕਿ ਸੰਸਾਰ ਵਿੱਚ ਸਭ ਤੇਰੀ ਹੀ ਜੋਤ ਹੈ; ਤੇਰੇ ਬਿਨਾਂ ਇਹ ਹੋਰ ਕਿਸ ਦੀ ਕਹੀ ਜਾ ਸਕਦੀ ਹੈ? ਪਾਣੀ ਵਿੱਚ, ਧਰਤੀ ਉੱਤੇ, ਜੰਗਲ ਵਿੱਚ ਅਤੇ ਬੱਦਲਾਂ ਵਿੱਚ (ਬਿਜਲੀ ਦੇ ਰੂਪ ਵਿੱਚ) ਤੇਰੀ ਹੀ ਜੋਤ ਚਮਕਦੀ ਹੈ। ਹਰ ਸਰੀਰ ਵਿੱਚ, ਹਰ ਕਿਨਾਰੇ 'ਤੇ, ਹਰ ਰਾਹ ਵਿੱਚ ਅਤੇ ਹਰ ਵੱਡੇ ਜੰਗਲ ਵਿੱਚ, ਹੇ ਹਰੀ ਭਰੀ ਬਨਸਪਤੀ ਦੇ ਮਾਲਕ, ਤੂੰ ਹੀ ਵੱਸਦਾ ਹੈਂ। ਇੱਕ ਕਰਤਾਰ ਨੇ ਹੀ ਅਨੇਕਾਂ ਜਨ ਬਣਾਏ ਹਨ, ਉਹ ਕਰਤਾ ਜੋ ਚਾਹੇ, ਕਿਉਂ ਨਾ ਕਰੇ? ॥੪੧॥੮੭੭॥

**ਦੋਹਰਾ**

ਕਿਉਂ ਨ ਕਰੈ ਕਰਤਾਰ, ਜੋ ਚਾਹੈ ਸੋਈ ਕਰੈ ।
ਨਰ ਕੋ ਇਹੀ ਬਿਚਾਰ, ਰੈਨ ਦਿਵਸ ਗੁਨ ਉਚਰੈ ॥੪੨॥੮੭੮॥

ਉਹ ਕਰਤਾਰ ਕਿਉਂ ਨਾ ਕਰੇ? ਉਹ ਜੋ ਚਾਹੁੰਦਾ ਹੈ, ਉਹੀ ਕਰਦਾ ਹੈ। ਮਨੁੱਖ ਲਈ ਇਹੀ ਵਿਚਾਰ (ਸ੍ਰੇਸ਼ਠ) ਹੈ ਕਿ ਉਹ ਦਿਨ-ਰਾਤ ਉਸਦੇ ਗੁਣਾਂ ਦਾ ਉਚਾਰਨ ਕਰੇ ॥੪੨॥੮੭੮॥

**ਸਵੈਯਾ**

ਐਸੇ ਜਪੋ ਨਿਹਚੈ ਕਰਿ ਕੈ ਨਰ, ਨਾਮ ਪੁਨੀਤ ਮਹਾ ਪ੍ਰਭ ਕੇਰਾ ।

ਪ੍ਰੀਤਿ ਕੀ ਰੀਤਿ ਨ ਜਾਤ ਕਹੀ, ਉਪਜੈ ਸੁਖ ਗਜਾਨ ਸੁ ਜਾਤ ਅੰਧੇਰਾ ।
ਜੋਤਿ ਪ੍ਰਕਾਸ ਨਿਵਾਸ ਕਰੈ, ਹਰਿ ਕੇ ਚਰਨੋਂ ਤਲ ਹੋਤ ਬਸੇਰਾ ।
ਸੋਚ ਬਿਚਾਰ ਅਧਾਰ ਕਰੈ, ਗੁਰ ਸਾਖ ਭਰੈ ਤਬ ਹੋਤ ਨਿਬੇਰਾ ॥੪੩॥੮੭੯॥

ਹੇ ਮਨੁੱਖ! ਮਹਾਨ ਪ੍ਰਭੂ ਦੇ ਪਵਿੱਤਰ ਨਾਮ ਨੂੰ ਇਸ ਤਰ੍ਹਾਂ ਪੂਰੇ ਨਿਸ਼ਚੇ ਨਾਲ ਜਪੋ। (ਨਾਮ ਨਾਲ ਜੁੜੀ) ਪ੍ਰੀਤ ਦੀ ਰੀਤੀ ਦਾ ਬਿਆਨ ਨਹੀਂ ਕੀਤਾ ਜਾ ਸਕਦਾ; ਇਸ ਨਾਲ ਅਜਿਹਾ ਸੁੱਖ ਅਤੇ ਗਿਆਨ ਪੈਦਾ ਹੁੰਦਾ ਹੈ ਕਿ (ਅਗਿਆਨਤਾ ਦਾ) ਹਨੇਰਾ ਦੂਰ ਹੋ ਜਾਂਦਾ ਹੈ। ਹਿਰਦੇ ਵਿੱਚ ਗਿਆਨ ਦੀ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਹਰੀ ਦੇ ਚਰਨਾਂ ਹੇਠ ਵਾਸਾ ਮਿਲਦਾ ਹੈ। ਸੋਚ - ਵਿਚਾਰ (ਕਰਕੇ ਪ੍ਰਭੂ ਨਾਮ ਨੂੰ ਹੀ) ਆਪਣਾ ਆਸਰਾ ਬਣਾ ਲਵੇ ਅਤੇ ਗੁਰੂ (ਆਪਣੇ ਸਿੱਖ ਦੇ ਸ਼ੁਭ ਕਰਮਾਂ ਦੀ) ਗਵਾਹੀ ਦਵੇ, ਤਦ ਹੀ (ਇਸ ਸੰਸਾਰ ਤੋਂ) ਨਿਪਟਾਰਾ ਹੁੰਦਾ ਹੈ ॥੪੩॥੮੭੯॥

**ਦੋਹਰਾ**

ਸੋ ਸਤਿਗੁਰੁ ਕੀ ਸਾਖ ਬਿਨ, ਨਰ ਨਹੀਂ ਹੋਤ ਉਧਾਰ ।
ਗੁਰੁ ਤੇ ਫਿਰਿ ਦਰ ਕੋ ਗਯੋ, ਦੇਖੋ ਸੋਚ ਬਿਚਾਰ ॥੪੪॥੮੮੦॥

ਉਸ ਸਤਿਗੁਰੂ ਦੀ ਗਵਾਹੀ (ਬਚਨ) ਤੋਂ ਬਿਨਾਂ ਮਨੁੱਖ ਦਾ ਉਧਾਰ ਨਹੀਂ ਹੋ ਸਕਦਾ। ਜਿਹੜਾ ਗੁਰੂ (ਦੇ ਦਰ) ਨੂੰ ਛੱਡ ਕੇ ਕਿਸੇ ਹੋਰ ਦਰ 'ਤੇ ਚਲਾ ਗਿਆ, (ਉਸਦੀ ਹਾਲਤ ਬਾਰੇ ਖ਼ੁਦ) ਸੋਚ-ਵਿਚਾਰ ਕੇ ਦੇਖ ਲਵੋ ॥੪੪॥੮੮੦॥

**ਸਵੈਯਾ**

ਜਾਨਤ ਹੈ ਸਬ ਹੀ ਜਗ ਰੀਤਿ, ਸੁ ਪ੍ਰੀਤਿ ਬਿਨਾ ਕਹੂ ਪਾਰ ਨ ਪੱਯੈ ।
ਰੇ ਮਨ ਨਾਮ ਬਿਨਾ ਗੁਰ ਕੇ ਹਿਤ, ਕੈਸੇ ਕੈ ਜੋਤੀ ਸਿਉ ਜੋਤਿ ਮਿਲੱਯੈ ।
ਜੋ ਸਿਮਰੈ ਸੋਈ ਪਾਰ ਪਰੈ, ਨਰ ਐਸੋ ਬਿਚਾਰ ਸਦਾ ਗੁਨ ਗੱਯੈ ।
ਨਾਮ ਅਧਾਰ ਅਪਾਰ ਕਥਾ ਸੁਨ, ਛਾਡਿ ਬਿਕਾਰ ਸੁ ਕਾਰ ਕਮੱਯੈ ॥੪੫॥੮੮੧॥

ਸਾਰਾ ਸੰਸਾਰ ਇਸ ਰੀਤੀ ਨੂੰ ਜਾਣਦਾ ਹੈ ਕਿ ਪ੍ਰੇਮ ਤੋਂ ਬਿਨਾਂ ਕਿਤੇ ਵੀ ਪਾਰ ਨਹੀਂ ਲੰਘਿਆ ਜਾ ਸਕਦਾ। ਹੇ ਮਨ! ਗੁਰੂ ਦੇ ਪ੍ਰੇਮ ਅਤੇ ਨਾਮ ਤੋਂ ਬਿਨਾਂ, ਤੇਰੀ ਜੋਤ ਪਰਮ-ਜੋਤ ਨਾਲ ਕਿਵੇਂ ਮਿਲ ਸਕਦੀ ਹੈ? ਜਿਹੜਾ ਸਿਮਰਨ ਕਰਦਾ ਹੈ, ਉਹੀ ਪਾਰ ਹੁੰਦਾ ਹੈ; ਹੇ ਮਨੁੱਖ! ਅਜਿਹਾ ਵਿਚਾਰ ਕਰਕੇ ਸਦਾ ਪ੍ਰਭੂ ਦੇ ਗੁਣ ਗਾ। ਨਾਮ ਦੇ ਆਸਰੇ ਦੀ ਬੇਅੰਤ ਕਥਾ ਨੂੰ ਸੁਣ, ਵਿਕਾਰਾਂ ਨੂੰ ਛੱਡ ਅਤੇ ਇਸ (ਨਾਮ ਸਿਮਰਨ ਦੇ) ਕਾਰਜ ਦੀ ਕਮਾਈ ਕਰ ॥੪੫॥੮੮੧॥

**ਦੋਹਰਾ**

ਤਜਿ ਬਿਕਾਰ ਸੰਸਾਰ ਕੇ, ਸਰਨ ਤਾਹਿ ਚਿਤ ਆਨ ।
ਅਨਦਿਨ ਉਚਰ ਅਨੇਕ ਗੁਨ, ਗਤਿ ਮੂਰਤਿ ਕੇ ਧਯਾਨ ॥੪੬॥੮੮੨॥

ਸੰਸਾਰ ਦੇ ਵਿਕਾਰਾਂ ਨੂੰ ਤਿਆਗ ਕੇ, ਉਸ ਪ੍ਰਭੂ ਦੀ ਸ਼ਰਨ ਵਿੱਚ ਆਪਣੇ ਚਿੱਤ ਨੂੰ ਲਿਆ। ਮੁਕਤੀ ਦੇ ਸਰੂਪ ਪ੍ਰਭੂ ਦੇ ਧਿਆਨ ਵਿੱਚ ਜੁੜ ਕੇ, ਦਿਨ-ਰਾਤ ਉਸਦੇ ਅਨੇਕਾਂ ਗੁਣਾਂ ਦਾ ਉਚਾਰਨ ਕਰ ॥੪੬॥੮੮੨॥

**ਸਵੈਯਾ**

ਪਾਰਬ੍ਰਹਮ ਅਗੱਮ ਸਦਾ, ਕਰਤਾ ਸੁਖ ਕੋ ਸਬ ਠੌਰ ਤੁਹੀ ਹੈ।
ਜੋ ਸਿਮਰੈ ਹਰਿ ਸੰਤ ਇਕੰਤ, ਅਨੰਤ ਜਪੰਤ ਬਿਅੰਤ ਸੁਈ ਹੈ ।
ਲਾਲਚ ਲੋਭ ਬਿਕਾਰ ਤਜੋ, ਜਿਨ ਕੇ ਮਨ ਮੈ ਕਛੁ ਸਿਧ ਅਈ ਹੈ ।
ਜਾਪੁ ਪ੍ਰਤਾਪ ਮਿਟੈ ਸਬ ਤਾਪ, ਵਹੈ ਪ੍ਰਭ ਜਾਪ ਸੁ ਏਕ ਕੁਈ ਹੈ ॥੪੭॥੮੮੩॥

ਹੇ ਪ੍ਰਭੂ! ਤੂੰ ਸਦਾ ਪਾਰਬ੍ਰਹਮ ਅਤੇ ਅਪਹੁੰਚ ਹੈਂ, ਅਤੇ ਸਭ ਥਾਵਾਂ 'ਤੇ ਸੁੱਖ ਕਰਨ ਵਾਲਾ ਵੀ ਤੂੰ ਹੀ ਹੈਂ। ਜਿਹੜੇ ਸੰਤ ਇਕਾਂਤ ਵਿੱਚ ਹਰੀ ਨੂੰ ਸਿਮਰਦੇ ਹਨ, (ਜਿਸ) ਅਨੰਤ ਨੂੰ ਜਪਦੇ ਹਨ, ਉਹ ਉਹ ਹੀ ਬੇਅੰਤ ਪ੍ਰਭੂ ਹੈ। ਜਿਨ੍ਹਾਂ ਦੇ ਮਨ ਵਿੱਚ ਕੋਈ ਸਿੱਧੀ ਆ ਗਈ ਹੈ, ਉਹ ਲਾਲਚ, ਲੋਭ ਅਤੇ ਵਿਕਾਰਾਂ ਨੂੰ ਤਿਆਗ ਦੇਣ। (ਜਿਸ) ਨਾਮ ਜਪਣ ਦੇ ਪ੍ਰਤਾਪ ਨਾਲ ਸਾਰੇ ਤਾਪ ਮਿਟ ਜਾਂਦੇ ਹਨ; ਉਸੇ ਪ੍ਰਭੂ ਦਾ ਜਾਪ ਕਰ, (ਕਿਉਂਕਿ ਉਹ ਹੀ) ਇੱਕੋ-ਇੱਕ (ਐਸਾ ਸਮਰੱਥ) ਹੈ ॥੪੭॥੮੮੩॥

**ਦੋਹਰਾ**

ਲਾਲਚ ਲੋਭ ਬਿਕਾਰ ਤਜਿ ਹੋਤ ਅਨੇਕ ਅਨੰਦ ।
ਸਦਾ ਨਿਕਟ ਹੀ ਜਾਨਿਯੈ, ਉਤਰੈ ਮਨ ਕੀ ਚਿੰਦ ॥੪੮॥੮੮੪॥

ਲਾਲਚ, ਲੋਭ ਅਤੇ ਹੋਰ ਵਿਕਾਰਾਂ ਨੂੰ ਤਿਆਗਣ ਨਾਲ ਅਨੇਕਾਂ ਆਨੰਦ ਪ੍ਰਾਪਤ ਹੁੰਦੇ ਹਨ। (ਪ੍ਰਭੂ ਨੂੰ) ਸਦਾ (ਆਪਣੇ) ਨੇੜੇ ਜਾਣੋ, (ਇਸ ਨਾਲ) ਮਨ ਦੀ ਚਿੰਤਾ ਦੂਰ ਹੋ ਜਾਂਦੀ ਹੈ ॥੪੮॥੮੮੪॥

**ਸਵੈਯਾ**

ਨਾਇਕ ਲਾਇਕ ਹੈ ਸਬ ਹੀ ਸਿਰ ਨਾਮ ਪੁਨੀਤ ਮਹਾਂ ਪ੍ਰਭ ਤੇਰੋ ।
ਜੋਤਿ ਪ੍ਰਕਾਸ ਚਹੂੰ ਦਿਸ ਤਾਹੂੰ ਕੀ, ਐਸੋ ਪ੍ਰਚੰਡ ਧਨੀ ਹਰਿ ਮੇਰੋ ।
ਦੂਤਨ ਮਾਰਿ ਨਿਵਾਰਤ ਹੈ ਪੁਨ, ਸੇਵਤ ਸੰਤ ਤਿਹੂੰ ਸੰਗ ਤੇਰੋ ।
ਯਾ ਜਨ ਕੀ ਪਤਿ ਰਾਖੋ ਪ੍ਰਭੂ, ਸੁਖ ਦੇਹ ਸਦਾ ਕਰ ਚੇਰਨ ਚੇਰੋ ॥੪੯॥੮੮੫॥

ਹੇ ਮਹਾਨ ਪ੍ਰਭੂ! ਤੇਰਾ ਪਵਿੱਤਰ ਨਾਮ ਸਭ ਦੇ ਸਿਰ 'ਤੇ (ਸਭ ਤੋਂ ਵੱਡਾ) ਯੋਗ ਆਗੂ ਹੈ। ਤੇਰੀ ਹੀ ਜੋਤ ਦਾ ਪ੍ਰਕਾਸ਼ ਚਾਰੇ ਦਿਸ਼ਾਵਾਂ ਵਿੱਚ ਫੈਲਿਆ ਹੋਇਆ ਹੈ, ਮੇਰਾ ਹਰੀ-ਮਾਲਕ ਅਜਿਹਾ ਪ੍ਰਚੰਡ ਸ਼ਕਤੀਸ਼ਾਲੀ ਹੈ। ਫਿਰ ਤੂੰ (ਜਮ)ਦੂਤਾਂ ਨੂੰ ਮਾਰ ਕੇ ਦੂਰ ਕਰ ਦਿੰਦਾ ਹੈਂ ਅਤੇ ਸੰਤ-ਜਨ ਵੀ ਤੇਰੇ ਸੰਗ ਰਹਿ ਕੇ ਤੇਰੀ ਸੇਵਾ ਕਰਦੇ ਹਨ। ਹੇ ਪ੍ਰਭੂ! ਇਸ ਦਾਸ ਦੀ ਇੱਜ਼ਤ ਰੱਖੋ, ਮੈਨੂੰ ਆਪਣੇ ਸੇਵਕਾਂ ਦਾ ਸੇਵਕ ਬਣਾ ਕੇ (ਮੈਨੂੰ) ਸਦਾ ਸੁੱਖ ਪ੍ਰਦਾਨ ਕਰੋ ॥੪੯॥੮੮੫॥

**ਦੋਹਰਾ**

ਦਯਾ ਕਰਹੁ ਗੁਰ ਦੇਵ ਮੁਹਿ, ਹੋਇ ਸਰਬ ਸੁਖ ਚੀਤ ।
ਨਿਸਦਿਨ ਸਿਮਰੈ ਨਾਮ ਕੋ, ਰਟਤ ਰਹੈ ਕਰਿ ਪ੍ਰੀਤਿ ॥੫੦॥੮੮੬॥

ਹੇ ਗੁਰਦੇਵ! ਮੇਰੇ ਉੱਤੇ ਦਇਆ ਕਰੋ, ਤਾਂ ਜੋ ਮੇਰੇ ਚਿੱਤ ਨੂੰ ਸਾਰੇ ਸੁੱਖ ਪ੍ਰਾਪਤ ਹੋਣ। (ਮੇਰਾ ਮਨ) ਦਿਨ-ਰਾਤ ਨਾਮ ਦਾ ਸਿਮਰਨ ਕਰੇ ਅਤੇ ਪ੍ਰੇਮ ਨਾਲ ਇਸਨੂੰ ਜਪਦਾ ਰਹੇ ॥੫੦॥੩੮੬॥

**ਸਵੈਯਾ**

ਨਾਮ ਸੋਂ ਪ੍ਰੀਤਿ ਕਰੋ ਇਹ ਰੀਤਿ, ਕਰੈ ਹਰਿ ਪ੍ਰੀਤਿ ਸੋਈ ਸੁਖ ਪਾਵੈ ।

ਐਸਰ ਜਾਤ ਬਿਹਾਤ ਸਦਾ, ਗੁਰੁ ਗਜਾਨ ਬਿਨਾ ਕਹੁ ਕੋ ਤ੍ਰਿਪਤਾਵੈ ॥
ਮਾਯਾ ਸਰੂਪ ਅਨੂਪ ਜਗਤ ਮੈ, ਮੂਰਖ ਦੇਖਿ ਤਹਾ ਲਲਚਾਵੈ ।
ਗੋਬਿੰਦ ਨਾਮ ਬਿਸਾਰ ਗਵਾਰ, ਪਰੋ ਮੰਝਿ ਧਾਰ ਬਿਚਾਰ ਨ ਆਵੈ ॥੫੧॥੮੮੭॥

ਇਸ ਰੀਤ (ਤਰੀਕੇ) ਨਾਲ਼ ਨਾਮ ਨਾਲ ਪ੍ਰੀਤ ਕਰੋ; (ਜਿਹੜਾ ਵੀ) ਹਰੀ ਨਾਲ ਪ੍ਰੀਤ ਕਰਦਾ ਹੈ, ਉਹੀ ਸੁੱਖ ਪਾਉਂਦਾ ਹੈ। (ਮਨੁੱਖਾ ਜਨਮ ਦਾ) ਮੌਕਾ ਲਗਾਤਾਰ ਬੀਤਦਾ ਜਾ ਰਿਹਾ ਹੈ, ਦੱਸੋ ਭਲਾ ਗੁਰੂ ਦੇ ਗਿਆਨ ਤੋਂ ਬਿਨਾਂ ਕੌਣ ਸੰਤੁਸ਼ਟ ਹੋ ਸਕਦਾ ਹੈ? ਇਸ ਸੰਸਾਰ ਵਿੱਚ ਮਾਇਆ ਦਾ ਸਰੂਪ ਬੜਾ ਅਨੋਖਾ ਹੈ, ਮੂਰਖ ਮਨੁੱਖ ਇਸਨੂੰ ਦੇਖ ਕੇ ਲਲਚਾ ਜਾਂਦਾ ਹੈ। ਉਹ ਮੂਰਖ ਗੋਬਿੰਦ ਦੇ ਨਾਮ ਨੂੰ ਭੁਲਾ ਕੇ (ਸੰਸਾਰ-ਸਮੁੰਦਰ ਦੀ) ਵਿਚਕਾਰਲੀ ਧਾਰਾ ਵਿੱਚ ਫਸ ਜਾਂਦਾ ਹੈ ਅਤੇ ਉਸਨੂੰ (ਸਹੀ) ਵਿਚਾਰ ਨਹੀਂ ਸੁੱਝਦਾ ॥੫੧॥੮੮੭॥

**ਦੋਹਰਾ**

ਹਰਿ ਕੋ ਨਾਮ ਬਿਸਾਰਿ ਕੈ, ਪਰਤਿ ਮੂੜ ਮੰਝਿ ਧਾਰਿ ।
ਮਾਯਾ ਮੈ ਭੂਲੋ ਫਿਰੈ, ਕਰਤਿ ਨਾਹਿ ਬੀਚਾਰ ॥੫੨॥੮੮੮॥

ਹਰੀ ਦੇ ਨਾਮ ਨੂੰ ਭੁਲਾ ਕੇ ਮੂਰਖ ਮਨੁੱਖ (ਸੰਸਾਰ-ਸਮੁੰਦਰ ਦੀ) ਵਿਚਕਾਰਲੀ ਧਾਰਾ ਵਿੱਚ ਡਿੱਗ ਪੈਂਦਾ ਹੈ। ਉਹ ਮਾਇਆ ਵਿੱਚ ਭੁੱਲਿਆ ਹੋਇਆ ਭਟਕਦਾ ਹੈ ਅਤੇ (ਕੋਈ ਠੀਕ) ਵਿਚਾਰ ਨਹੀਂ ਕਰਦਾ ॥੫੨॥੮੮੮॥

**ਲੋਟਨ ਛੰਦ**

ਪਰਗਟ ਗੁਪਤ ਸਗਲ ਸਿਰਿ ਸੋਈ । ਕਰਨਹਾਰ ਬਿਨ ਅਵਰੁ ਨ ਕੋਈ ।
ਐਸੋ ਧਨੀ ਅਗੰਮ ਹਮਾਰਾ । ਤਾਕੀ ਸੋਭਾ ਅਪਰ ਅਪਾਰਾ ।
ਅਪਰ ਅਪਾਰਾ, ਬਹੁ ਬਿਸਥਾਰਾ, ਵਾਰ ਨ ਪਾਰਾ, ਸੋ ਸ੍ਵਾਮੀ ।
ਸੋਈ ਸਬ ਸੰਗੀ, ਬਹੁ ਬਿਧਿ ਰੰਗੀ, ਸੁਖ ਦਾਤਾ ਅੰਤਰਜਾਮੀ ।
ਕਰਤੇ ਸਬ ਸੇਵਾ, ਮੁਨਿ ਜਨ ਦੇਵਾ, ਨੇਕ ਨ ਭੇਵਾ, ਸੋ ਸਹਿਯੈ ।
ਗਹਿਯੈ ਅਬ ਚਰਨ ਸਰਨ ਸਤਿਗੁਰੁ ਕੀ, ਤਉ ਉਪਮਾ ਤਹਿ ਕੀ ਕਹਿਯੈ ॥੫੩॥੮੮੯॥

ਉਹ ਪ੍ਰਭੂ ਪ੍ਰਗਟ ਅਤੇ ਗੁਪਤ ਰੂਪ ਵਿੱਚ ਸਭ ਦੇ ਸਿਰ 'ਤੇ ਹੈ। ਉਸ ਕਰਨਹਾਰ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਸਾਡਾ ਮਾਲਕ ਇਸ ਤਰ੍ਹਾਂ ਅਪਹੁੰਚ ਹੈ। ਉਸਦੀ ਸ਼ੋਭਾ ਬੇਅੰਤ ਹੈ। ਉਸਦੀ ਵਡਿਆਈ ਦਾ ਕੋਈ ਪਾਰਾਵਾਰ ਨਹੀਂ, ਉਸਦਾ ਪਸਾਰਾ ਬਹੁਤ ਵਿਸ਼ਾਲ ਹੈ, ਉਹ ਅਜਿਹਾ ਮਾਲਕ ਹੈ ਜਿਸਦਾ ਨਾ ਆਦਿ ਹੈ ਨਾ ਅੰਤ। ਉਹੀ ਸਭ ਦਾ ਸਾਥੀ ਹੈ, ਕਈ ਰੰਗਾਂ-ਰੂਪਾਂ ਵਾਲਾ ਹੈ, ਅਤੇ ਦਿਲਾਂ ਦੀ ਜਾਨਣ ਵਾਲਾ ਸੁਖਦਾਤਾ ਹੈ। ਦੇਵਤੇ ਅਤੇ ਮੁਨੀ-ਜਨ ਸਭ ਉਸਦੀ ਸੇਵਾ ਕਰਦੇ ਹਨ, ਪਰ ਉਸਦੇ ਭੇਤ ਨੂੰ ਰਤਾ ਭਰ ਵੀ ਨਹੀਂ ਪਾ ਸਕਦੇ। ਸਾਨੂੰ ਹੁਣ ਸਤਿਗੁਰੂ ਦੇ ਚਰਨਾਂ ਦੀ ਸ਼ਰਨ ਫੜਨੀ ਚਾਹੀਦੀ ਹੈ, ਤਦ ਹੀ ਉਸ ਪ੍ਰਭੂ ਦੀ ਸਿਫ਼ਤ-ਸਾਲਾਹ ਕੀਤੀ ਜਾ ਸਕਦੀ ਹੈ ॥੫੩॥੮੮੯॥

**ਦੋਹਰਾ**

ਸਤਿ ਸੰਗਤਿ ਮੈ ਪਾਇਯੈ, ਕਰਨਹਾਰ ਕੋ ਭੇਵ ।
ਪੂਰਬ ਜਨਮ ਉਦੋਤ ਕਰਿ, ਤਬ ਭੇਟੈ ਗੁਰੁਦੇਵ ॥੫੪॥੮੯੦॥

ਕਰਨਹਾਰ (ਕਰਤਾਰ) ਦਾ ਭੇਤ ਸਤਿਸੰਗਤ ਵਿੱਚ ਹੀ ਪਾਇਆ ਜਾ ਸਕਦਾ ਹੈ। ਜਦੋਂ ਪਿਛਲੇ ਜਨਮਾਂ (ਦੇ ਚੰਗੇ ਕਰਮ) ਉਦੈ ਹੁੰਦੇ ਹਨ, ਤਦ ਹੀ ਗੁਰੂਦੇਵ ਨਾਲ ਮਿਲਾਪ ਹੁੰਦਾ ਹੈ ॥੫੪॥੮੯੦॥

**ਸਵੈਯਾ**

ਐਸੋ ਬਿਚਾਰ ਕਰੋ ਮਨ ਮੀਤ, ਗਿਰੈ ਭ੍ਰਮ ਭੀਤ, ਸੋਈ ਬਿਧਿ ਕੀਜੈ ।
ਸੰਤਨ ਮੈ ਸੁਖ ਹੋਤ ਨਿਵਾਸ, ਬਿਲਾਸ ਸਦਾ ਤਹਾਂ ਨਾਮ ਜਪੀਜੈ ।
ਏਕ ਹੀ ਕੋ ਗੁਨ ਗਾਵ ਸਦਾ, ਸੁ ਜਹਾਂ ਜਪੁ ਜਾਪੁ ਬਿਖੈ ਤਜਿ ਦੀਜੈ ।
ਪ੍ਰੇਮ ਕੀ ਠੌਰ, ਤਹਾਂ ਨਹੀਂ ਔਰ, ਬਿਨਾ ਗੁਰੁ ਗੋਬਿੰਦ ਕਉਨ ਕਹੀਜੈ ॥੫੫॥੮੯੧॥

ਹੇ ਮਿੱਤਰ ਮਨ! ਅਜਿਹਾ ਵਿਚਾਰ ਕਰ ਅਤੇ ਉਹੀ ਤਰੀਕਾ ਅਪਣਾਉਣਾ ਚਾਹੀਦਾ ਹੈ, ਜਿਸ ਨਾਲ ਤੇਰੇ ਭਰਮ ਦੀ ਕੰਧ ਡਿੱਗ ਪਵੇ। ਸੰਤਾਂ (ਦੀ ਸੰਗਤ) ਵਿੱਚ ਸੁੱਖ ਦਾ ਨਿਵਾਸ ਹੁੰਦਾ ਹੈ; ਉੱਥੇ ਸਦਾ ਅਨੰਦ ਹੈ। ਉੱਥੇ (ਸੰਤਾਂ ਦੀ ਸੰਗਤ ਵਿੱਚ ਸਦਾ) ਨਾਮ ਜਪਣਾ ਚਾਹੀਦਾ ਹੈ। ਹਮੇਸ਼ਾ ਉਸ ਇੱਕ ਦੇ ਹੀ ਗੁਣ ਗਾ, (ਪ੍ਰਭੂ ਦਾ ਨਾਮ) ਜਪੋ ਅਤੇ ਵਿਸ਼ਿਆਂ ਨੂੰ ਤਿਆਗ

ਦਿਉ। ਉਹ ਪ੍ਰੇਮ ਦਾ ਅਸਥਾਨ ਹੈ, ਉੱਥੇ ਹੋਰ ਕੋਈ ਨਹੀਂ; (ਐਸਾ ਗਿਆਨ ਦੇਣਾ ਵਾਲਾ) ਗੁਰੂ ਗੋਬਿੰਦ (ਸਿੰਘ ਸਾਹਿਬ) ਤੋਂ ਬਿਨ੍ਹਾਂ ਹੋਰ ਕੌਣ ਕਿਹਾ ਜਾ ਸਕਦਾ ਹੈ? ॥੫੫॥੮੯੧॥

**ਦੋਹਰਾ**

ਅਉਰ ਕਉਨ ਤਿਹ ਠਉਰ, ਪੂਰ ਰਹਯੋ ਪੂਰਨ ਧਨੀ ।
ਕਰਨਹਾਰ ਪ੍ਰਭੁ ਸੋਇ, ਸਕਲ ਜੋਤਿ ਤਾ ਕੀ ਗਨੀ ॥੫੬॥੮੯੨॥

ਉਸ (ਪ੍ਰੇਮ ਦੇ) ਅਸਥਾਨ 'ਤੇ ਹੋਰ ਕੌਣ ਹੋ ਸਕਦਾ ਹੈ? ਉੱਥੇ ਤਾਂ ਉਹ ਪੂਰਨ ਮਾਲਕ ਹੀ ਵਿਆਪਕ ਹੋ ਰਿਹਾ ਹੈ। ਉਹੀ ਪ੍ਰਭੂ ਸਭ ਕੁਝ ਕਰਨ ਵਾਲਾ ਹੈ ਅਤੇ ਸਾਰੀ ਜੋਤ ਉਸੇ ਦੀ ਹੀ ਮੰਨੀ ਜਾਂਦੀ ਹੈ ॥੫੬॥੮੯੨॥

**ਛਪੈ ਛੰਦ**

ਬਿਨਾ ਤਾਹਿ ਕੇ ਨਾਮ, ਅਵਰ ਜਨ ਕਛੂ ਨ ਜਾਨੈ ।
ਮਨ ਅੰਤਰਿ ਧਰਿ ਪ੍ਰੀਤਿ, ਰੈਨ ਦਿਨ ਨਾਮ ਬਖਾਨੈ ।
ਸੁਰਤ ਸਬਦ ਬੀਚਾਰੁ, ਛਾਡਿ ਸਬ ਦੇਤ ਬਿਕਾਰਾ ।
ਯਹ ਦੁਨਿਯਾ ਦਿਨ ਚਾਰ, ਸੁਪਨ ਜਾਨਤ ਸੰਸਾਰਾ ।
ਐਸੋ ਪ੍ਰਕਾਸ ਜਬ ਪ੍ਰਭੁ ਕਿਯੋ, ਦੂਖ ਦਰਦ ਭੈ ਭ੍ਰਮ ਗਯੋ ।
ਉਚਰੰਤ ਨਾਮ ਅਨਦਿਨ ਸਦਾ, ਆਦਿ ਅੰਤ ਜਿਨ ਜਨ ਲਯੋ॥੫੭॥੮੯੩॥

ਉਸਦੇ ਨਾਮ ਤੋਂ ਬਿਨਾਂ, ਉਸਦੇ ਸੇਵਕ ਹੋਰ ਕੁਝ ਨਹੀਂ ਜਾਣਦੇ। ਉਹ ਮਨ ਵਿੱਚ ਪ੍ਰੀਤ ਧਾਰ ਕੇ ਦਿਨ-ਰਾਤ ਨਾਮ ਦਾ ਹੀ ਜਾਪ ਕਰਦੇ ਹਨ। ਆਪਣੀ ਸੁਰਤ ਨੂੰ ਸ਼ਬਦ-ਵਿਚਾਰ ਵਿੱਚ ਜੋੜ ਕੇ, ਉਹ ਸਾਰੇ ਵਿਕਾਰਾਂ ਨੂੰ ਛੱਡ ਦਿੰਦੇ ਹਨ। ਉਹ ਜਾਣਦੇ ਹਨ ਕਿ ਇਹ ਦੁਨੀਆ ਚਾਰ ਦਿਨਾਂ ਦੀ ਹੈ ਅਤੇ ਇਸ ਸੰਸਾਰ ਨੂੰ ਇੱਕ ਸੁਪਨੇ ਸਮਾਨ ਸਮਝਦੇ ਹਨ। ਜਦੋਂ ਪ੍ਰਭੂ ਨੇ (ਉਹਨਾਂ ਦੇ ਅੰਦਰ) ਅਜਿਹਾ ਪ੍ਰਕਾਸ਼ ਕੀਤਾ, ਤਾਂ ਉਹਨਾਂ ਦੇ ਦੁੱਖ, ਦਰਦ, ਡਰ ਅਤੇ ਭਰਮ ਦੂਰ ਹੋ ਗਏ। ਉਹ ਸੇਵਕ, ਜਿਨ੍ਹਾਂ ਨੇ ਆਦਿ ਅਤੇ ਅੰਤ ਵਾਲੇ ਪ੍ਰਭੂ ਨੂੰ ਪਾ ਲਿਆ ਹੈ, ਹਮੇਸ਼ਾ ਦਿਨ-ਰਾਤ ਉਸਦਾ ਨਾਮ ਹੀ ਉਚਾਰਦੇ ਹਨ ॥੫੭॥੮੯੩॥

**ਦੋਹਰਾ**

ਤਨ ਮਨ ਤੇ ਦੁਬਿਧਾ ਗਈ, ਕਿਯੋ ਸੁ ਨਾਮ ਪ੍ਰਕਾਸ ।
ਛਾਡਿ ਦਿਯੋ ਜੰਜਾਰ ਸਬ, ਏਕ ਨਾਮ ਪਰ ਆਸ ॥੫੮॥੮੯੪॥

ਜਦੋਂ ਨਾਮ ਦਾ ਪ੍ਰਕਾਸ਼ (ਹਿਰਦੇ ਵਿੱਚ) ਹੋਇਆ, ਤਾਂ ਤਨ ਅਤੇ ਮਨ ਵਿੱਚੋਂ ਦੁਬਿਧਾ ਦੂਰ ਹੋ ਗਈ। (ਉਸ ਸੇਵਕ ਨੇ) ਸਾਰੇ ਦੁਨਿਆਵੀ ਜੰਜਾਲ ਛੱਡ ਦਿੱਤੇ ਅਤੇ ਇੱਕ ਨਾਮ ਉੱਤੇ ਹੀ ਆਸ ਰੱਖ ਲਈ ॥੫੮॥੮੯੪॥

**ਲੋਟਨ ਛੰਦ**

ਬਿਨਾ ਭਗਤਿ ਨਰ ਮੁਕਤਿ ਨ ਪਾਵੈ । ਮਰਿ ਮਰਿ ਜਨਮੈ, ਜਗ ਮੈ ਆਵੈ ॥
ਭੋਗਤ ਦੂਖ ਸੂਖ ਬਹੁਤੇਰਾ । ਨਾਮ ਬਿਨਾ ਨਹੀਂ ਹੋਤ ਨਿਬੇਰਾ।
ਹੋਤ ਨਿਬੇਰਾ, ਨਰ ਕਿਉਂ ਤੇਰਾ, ਬਿਨਾ ਭਗਤਿ ਕਿਉਂ ਪਾਰ ਪਰੈ।
ਹਰਿ ਕੋ ਜਸ ਕੀਜੈ, ਬਿਖ ਤਜਿ ਦੀਜੈ, ਅੰਮ੍ਰਿਤ ਪੀਜੈ, ਧਯਾਨ ਧਰੈ ।
ਤਉ ਜੋਤਿ ਸਮਾਵੈ, ਨਉ ਨਿਧਿ ਪਾਵੈ, ਮਨਿ ਕਰਿ ਆਵੈ ਜੋ ਸੇਵਾ ।
ਗੁਰੁ ਏਵ ਬਤਾਈ, ਤਉ ਨਰ ਪਾਈ, ਅਪਰ ਅਪਾਰ ਸੁ ਇਹ ਭੇਵਾ ॥੫੯॥੮੯੫॥

ਭਗਤੀ ਤੋਂ ਬਿਨਾਂ ਮਨੁੱਖ ਮੁਕਤੀ ਨਹੀਂ ਪਾ ਸਕਦਾ। ਉਹ ਵਾਰ-ਵਾਰ ਮਰ ਕੇ ਜਨਮ ਲੈਂਦਾ ਹੈ ਅਤੇ ਸੰਸਾਰ ਵਿੱਚ ਆਉਂਦਾ ਰਹਿੰਦਾ ਹੈ। ਉਹ ਬਹੁਤ ਸਾਰੇ ਦੁੱਖ ਅਤੇ ਸੁੱਖ ਭੋਗਦਾ ਹੈ, ਪਰ ਨਾਮ ਤੋਂ ਬਿਨਾਂ ਉਸਦਾ (ਜਨਮ-ਮਰਨ ਤੋਂ) ਛੁਟਕਾਰਾ ਨਹੀਂ ਹੁੰਦਾ। ਹੇ ਮਨੁੱਖ! ਤੇਰਾ ਨਿਪਟਾਰਾ ਕਿਵੇਂ ਹੋਵੇਗਾ? ਭਗਤੀ ਤੋਂ ਬਿਨਾਂ ਤੂੰ ਕਿਵੇਂ ਪਾਰ ਲੰਘ ਸਕਦਾ ਹੈਂ? ਇਸ ਲਈ ਹਰੀ ਦਾ ਜਸ ਕਰ, (ਵਿਕਾਰਾਂ ਦਾ) ਜ਼ਹਿਰ ਤਿਆਗ ਦੇ, (ਨਾਮ ਦਾ) ਅੰਮ੍ਰਿਤ ਪੀ ਅਤੇ ਆਪਣਾ ਧਿਆਨ (ਪ੍ਰਭੂ ਵਿੱਚ) ਜੋੜ। ਤਾਂ ਹੀ ਤੇਰੀ ਜੋਤ (ਪਰਮ-ਜੋਤ) ਵਿੱਚ ਸਮਾਵੇਗੀ, ਤੈਨੂੰ ਨੌਂ ਨਿਧੀਆਂ ਪ੍ਰਾਪਤ ਹੋਣਗੀਆਂ, ਜੇਕਰ ਤੂੰ ਮਨ ਲਾ ਕੇ ਸੇਵਾ ਕਰੇਂ। ਗੁਰੂ ਨੇ ਇਹੀ ਰਾਹ ਦੱਸਿਆ ਹੈ, ਜਿਸ ਨਾਲ ਮਨੁੱਖ ਨੇ ਇਸ ਬੇਅੰਤ ਅਤੇ ਅਪਾਰ ਭੇਤ ਨੂੰ ਪਾਇਆ ਹੈ ॥੫੯॥੮੯੫॥

**ਦੋਹਰਾ**

ਤਜਿ ਪ੍ਰਪੰਚ ਬਿਕਾਰ, ਸਤਿਗੁਰੁ ਕੀ ਸੇਵਾ ਕਰੋ ।
ਮਿਟੈ ਸੁ ਆਵਨ ਜਾਨ, ਏਕ ਨਾਮ ਮਨ ਮੈ ਧਰੋ ॥੬੦॥੮੯੬॥

ਦੁਨਿਆਵੀ ਪਸਾਰੇ ਅਤੇ ਵਿਕਾਰਾਂ ਨੂੰ ਤਿਆਗ ਕੇ ਸਤਿਗੁਰੂ ਦੀ ਸੇਵਾ ਕਰੋ। ਆਪਣੇ ਮਨ ਵਿੱਚ ਇੱਕ ਪ੍ਰਭੂ ਦੇ ਨਾਮ ਨੂੰ ਧਾਰਨ ਕਰੋ, ਇਸ ਨਾਲ (ਜਨਮ-ਮਰਨ ਦਾ) ਆਉਣਾ-ਜਾਣਾ ਮਿਟ ਜਾਵੇਗਾ ॥੬੦॥੮੯੬॥

**ਅੜਿੱਲ**

ਨਿਸਦਿਨ ਸਿਮਰੋ ਨਾਮ ਕਿ ਮੂਰਖ ਬਾਵਰੇ ।
**ਅਉਸਰ ਜਾਤ ਬਿਹਾਤ, ਚੁਕਤ ਕਿਉਂ ਦਾਵ ਰੇ !**
ਯਹ ਦੁਨਿਯਾ ਦਿਨ ਚਾਰ ਬਿਚਾਰ ਸੁ ਕੀਜਿਯੈ ।
ਜੀ, ਛਾਡਿ ਬਿਕਾਰ ਅਪਾਰ, ਨਾਮੁ ਜਪ ਲੀਜਿਯੈ ॥੬੧॥੮੯੭॥

ਹੇ ਮੂਰਖ ਪਾਗਲ (ਮਨ)! ਦਿਨ-ਰਾਤ ਨਾਮ ਦਾ ਸਿਮਰਨ ਕਰ। (ਜ਼ਿੰਦਗੀ ਦਾ) ਮੌਕਾ ਬੀਤਦਾ ਜਾ ਰਿਹਾ ਹੈ, ਤੂੰ ਆਪਣੀ ਵਾਰੀ ਕਿਉਂ ਗੁਆ ਰਿਹਾ ਹੈਂ? ਇਹ ਦੁਨੀਆ ਚਾਰ ਦਿਨਾਂ ਦੀ ਹੈ, ਇਸ ਬਾਰੇ ਵਿਚਾਰ ਕਰ। ਹੇ ਭਾਈ! ਬੇਅੰਤ ਵਿਕਾਰਾਂ ਨੂੰ ਛੱਡ ਕੇ ਨਾਮ ਜਪ ਲੈ ॥੬੧॥੮੯੭॥

**ਦੋਹਰਾ**

**ਜਸ ਪ੍ਰਭੁ ਕੋ ਕਰ ਰੇ ਮਨਾ, ਖਿਨ ਮੈ ਹੋਤ ਉਧਾਰ**
ਭਗਤਿ ਬਿਨਾ ਜਾਨਤ ਸਕਲ, ਚਉਰਾਸੀ ਬਿਸਤਾਰ ॥੬੨॥੮੯੮॥

ਹੇ ਮਨ! ਪ੍ਰਭੂ ਦਾ ਜਸ (ਗਾਇਨ) ਕਰ, (ਇਸ ਨਾਲ) ਇੱਕ ਖਿਨ ਵਿੱਚ ਹੀ ਉਧਾਰ ਹੋ ਜਾਂਦਾ ਹੈ। ਸਾਰੇ ਜਾਣਦੇ ਹਨ ਕਿ ਭਗਤੀ ਤੋਂ ਬਿਨਾਂ (ਜੀਵ ਲਈ) ਚੌਰਾਸੀ (ਲੱਖ ਜੂਨਾਂ) ਦਾ ਹੀ ਵਿਸਤਾਰ ਹੈ ॥੬੨॥੮੯੮॥

**ਸਵੈਯਾ**

ਜੋ ਜਗ ਕੋ ਪ੍ਰਤਿਪਾਲਕ ਹੈ, ਕਰਤਾ ਸਬ ਕੋ ਵਹੀ ਏਕ ਸਮਾਨੈ ।
ਚੋਰਨ ਸਾਹਨ ਪਸੁਅਨ ਪ੍ਰਾਨਨਿ, ਜੀਵ ਸਬੈ ਹਰਿ ਏਕ ਸੇ ਜਾਨੈ ।
ਤਾਹਿ ਜਪੇ ਸੁਖ ਹੋਤ ਖਰੇ, ਕਰਿ ਦੇਖ ਬਿਚਾਰ ਸੁ ਹੋਤ ਨ ਹਾਨੈ ।
ਏਕ ਹੀ ਕੋ ਜਸ ਗਾਵ ਸਦਾ, ਸੁਰਤਾ ਜਗ ਮੈ ਇਹ ਭਾਂਤਿ ਬਖਾਨੈ ॥੬੩॥੮੯੯॥

ਜਿਹੜਾ ਪ੍ਰਭੂ ਸੰਸਾਰ ਦਾ ਪਾਲਣ-ਪੋਸ਼ਣ ਕਰਨ ਵਾਲਾ ਹੈ, ਉਹ ਸਭ ਨੂੰ ਇੱਕ-ਸਮਾਨ ਪੈਦਾ ਕਰਦਾ ਹੈ। ਚੋਰਾਂ, ਸ਼ਾਹਾਂ, ਪਸ਼ੂਆਂ ਅਤੇ ਹੋਰ ਪ੍ਰਾਣੀਆਂ, ਸਾਰੇ ਜੀਵਾਂ ਨੂੰ ਉਹ ਹਰੀ ਇੱਕੋ ਜਿਹਾ ਜਾਣਦਾ ਹੈ। ਉਸਨੂੰ ਜਪਣ ਨਾਲ ਖਰੇ ਸੁੱਖ ਪ੍ਰਾਪਤ ਹੁੰਦੇ ਹਨ; ਵਿਚਾਰ ਕਰਕੇ ਦੇਖ ਲੈ, (ਇਸ ਵਿੱਚ) ਕੋਈ ਹਾਨੀ ਨਹੀਂ ਹੁੰਦੀ। ਸੰਸਾਰ ਦੇ ਸਿਆਣੇ (ਭਗਤ) ਇਸੇ ਤਰ੍ਹਾਂ ਬਿਆਨ ਕਰਦੇ ਹਨ ਕਿ ਸਦਾ ਉਸ ਇੱਕ ਦਾ ਹੀ ਜਸ ਗਾਉਣਾ ਚਾਹੀਦਾ ਹੈ ॥੬੩॥੮੯੯॥

**ਦੋਹਰਾ**

ਜੈਸੇ ਮਸਤਕਿ ਮੈ ਪਰਜੋ, ਲਿਖਜੋ ਸੁ ਲਿਖਨੈ ਹਾਰ ।
ਤੈਸੋ ਹੀ ਪ੍ਰਗਾਸ ਹੈ, ਦੇਖਉ ਸੋਚ ਬਿਚਾਰ ॥੬੪॥੯੦੦॥

ਜਿਵੇਂ ਲਿਖਣ ਵਾਲੇ (ਕਰਤਾਰ) ਨੇ (ਜੀਵ ਦੇ) ਮੱਥੇ ਉੱਤੇ ਲੇਖ ਲਿਖ ਦਿੱਤਾ ਹੈ, ਉਸੇ ਤਰ੍ਹਾਂ ਹੀ (ਉਸਦੀ ਜ਼ਿੰਦਗੀ ਵਿੱਚ) ਪ੍ਰਗਟ ਹੁੰਦਾ ਹੈ, ਇਸਨੂੰ ਸੋਚ-ਵਿਚਾਰ ਕੇ ਦੇਖ ਲਵੋ ॥੬੪॥੯੦੦॥

**ਸਵੈਯਾ**

ਜੇ ਸੁਰਤਾ ਜਗ ਮੈ ਪ੍ਰਭੁ ਕੇ, ਤੇ ਸੁਰਤਾ ਉਹਿ ਕੋ ਜਸੁ ਕੀਨੇ ।
ਕ੍ਰੋਧੁ ਨਿਵਾਰ ਬਿਦਾਰਿ ਸਦਾ ਦੁਖ, ਏਕ ਹੀ ਨਾਮੁ ਰਿਦੇ ਜਪੁ ਲੀਨੇ ।
ਛਾਡਿ ਦਏ ਪ੍ਰਪੰਚ ਸਬੈ, ਗਹਿ ਸੰਤਨ ਸੇਵ ਸੁਧਾ ਰਸੁ ਪੀਨੇ ।
ਪ੍ਰੀਤਿ ਭਲੀ ਹਰਿ ਕੇ ਹਿਤ ਕੀ, ਬਿਨਸੇ ਤਨ ਕੇ ਸਭ ਕਾਮ ਕਮੀਨੇ ॥੬੫॥੯੦੧॥

ਜਿਹੜੇ ਸੰਸਾਰ ਵਿੱਚ ਪ੍ਰਭੂ ਦੇ (ਅਸਲ) ਸਿਆਣੇ-ਭਗਤ ਹਨ, ਉਹ ਉਸੇ ਦਾ ਜਸ ਕਰਦੇ ਹਨ। ਉਹ ਕ੍ਰੋਧ ਨੂੰ ਦੂਰ ਕਰਕੇ ਅਤੇ ਦੁੱਖਾਂ ਦਾ ਨਾਸ਼ ਕਰਕੇ, ਇੱਕੋ ਨਾਮ ਨੂੰ ਆਪਣੇ ਹਿਰਦੇ ਵਿੱਚ ਜਪਦੇ ਹਨ। ਉਹ ਸਾਰੇ ਦੁਨਿਆਵੀ ਜੰਜਾਲਾਂ ਨੂੰ ਛੱਡ ਦਿੰਦੇ ਹਨ, ਸੰਤਾਂ ਦੀ ਸੇਵਾ ਨੂੰ ਫੜਦੇ ਹਨ ਅਤੇ (ਨਾਮ ਦਾ) ਅੰਮ੍ਰਿਤ-ਰਸ ਪੀਂਦੇ ਹਨ। ਹਰੀ ਨਾਲ ਲਾਈ ਹੋਈ ਪ੍ਰੀਤ ਹੀ ਸਭ ਤੋਂ ਭਲੀ ਹੈ; (ਇਸ ਨਾਲ) ਸਰੀਰ ਦੇ ਸਾਰੇ ਨੀਚ ਕੰਮ ਅਤੇ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ ॥੬੫॥੯੦੧॥

**ਸੋਰਠਾ**

ਕਿਯੇ ਸਰਬ ਸੁਖ ਮਾਨ, ਪ੍ਰੀਤਿ ਭਲੀ ਉਹਿ ਨਾਮ ਕੀ।
ਮਿਟਿ ਹੈ ਆਵਨ ਜਾਨ, ਐਸੇ ਸਿਮਰਨ ਸਾਰ ਹੈ ॥੬੬॥੯੦੨॥

ਨਾਮ ਨਾਲ ਕੀਤੀ ਪ੍ਰੀਤ ਨੂੰ (ਹੀ) ਸਾਰੇ ਸੁੱਖ (ਪ੍ਰਾਪਤ) ਕੀਤੇ ਮੰਨ ਲਵੋ। ਇਸ ਤਰ੍ਹਾਂ ਦੇ ਸਿਮਰਨ ਦਾ (ਇਹ ਹੀ) ਸਾਰ ਹੈ ਕਿ (ਇਸ ਨਾਲ) ਜਨਮ-ਮਰਨ ਦਾ ਗੇੜ ਮਿਟ ਜਾਂਦਾ ਹੈ ॥੬੬॥੯੦੨॥

**ਸਵੈਯਾ**

ਗਾਵ ਸਦਾ ਮਨ ਰੇ ਪ੍ਰਭੁ ਕੇ ਗੁਨ, ਐਸੋ ਸਮੋ ਫਿਰਿ ਹਾਥਿ ਨ ਐ ਹੈ ।
ਐਸੇ ਮੈ ਚੇਤ ਸੁਚੇਤ ਭਯਾ, ਸੁਨਿ ਰਾਮ ਕੇ ਨਾਮ ਬਿਨਾ ਪਛੁਤੈਹੈ ।
ਜਾ ਬਿਖਿਆ ਮੈ ਰੁਚੈ ਰੁਚਿ ਸੋ ਸੁਨ, ਸੋ ਬਿਖਿਆ ਤੁਹਿ ਕਾਜਿ ਨ ਐ ਹੈ ।
ਛਾਡਿ ਬਿਕਾਰ ਅਧਾਰ ਕਿਯੋ ਇਕ, ਏਕ ਹੀ ਸੇਵ ਸਦਾ ਸੁਖ ਹ੍ਵੈ ਹੈ ॥੬੭॥੯੦੩॥

ਹੇ ਮਨ! ਸਦਾ ਪ੍ਰਭੂ ਦੇ ਗੁਣ ਗਾ, ਅਜਿਹਾ ਸਮਾਂ ਫਿਰ ਹੱਥ ਨਹੀਂ ਆਏਗਾ। ਇਸ (ਸਮੇਂ) ਵਿੱਚ ਹੀ ਸੁਚੇਤ ਹੋ ਜਾ, ਸੁਣ ਲੈ! ਰਾਮ ਦੇ ਨਾਮ ਤੋਂ ਬਿਨਾਂ ਤੂੰ ਪਛਤਾਵੇਂਗਾ। ਹੇ ਮਨ, ਸੁਣ! ਜਿਸ ਮਾਇਆ ਵਿੱਚ ਤੇਰੀ ਰੁਚੀ ਲੱਗੀ ਹੋਈ ਹੈ, ਉਹ ਮਾਇਆ ਤੇਰੇ ਕਿਸੇ ਕੰਮ ਨਹੀਂ ਆਉਣੀ। ਵਿਕਾਰਾਂ ਨੂੰ ਛੱਡ ਕੇ ਇੱਕ ਪ੍ਰਭੂ ਦਾ ਆਸਰਾ ਕਰ, ਉਸ ਇੱਕ ਦੀ ਸੇਵਾ ਕਰਨ ਨਾਲ ਹੀ ਸਦਾ ਸੁੱਖ ਹੋਵੇਗਾ ॥੬੭॥੯੦੩॥

**ਦੋਹਰਾ**

ਸਰਬ ਸੂਖ ਉਪਜਤ ਮਨਾ, ਕਰਿ ਸਤਿਗੁਰੁ ਕੀ ਸੇਵ ।
ਸਤਿ ਸੰਗਤਿ ਮਹਿ ਪਾਇਯੈ, ਪ੍ਰਭੁ ਪੂਰਨ ਗੁਰਦੇਵ ॥੬੮॥੯੦੪॥

ਹੇ ਮਨ! ਸਤਿਗੁਰੂ ਦੀ ਸੇਵਾ ਕਰਨ ਨਾਲ ਸਾਰੇ ਸੁੱਖ ਪੈਦਾ ਹੁੰਦੇ ਹਨ। ਪੂਰਨ ਪ੍ਰਭੂ ਗੁਰਦੇਵ ਸਤਿਸੰਗਤ ਵਿੱਚ ਹੀ ਪਾਏ ਜਾਂਦੇ ਹਨ ॥੬੮॥੯੦੪॥

**ਅੜਿੱਲ**

ਪ੍ਰਭੁ ਪੂਰਨ ਗੁਰਦੇਵ ਮਿਲੈ ਸਤਿਸੰਗਿ ਮੈ ॥
ਹਰਿ ਪੂਰਿ ਰਹਯੋ ਸਰਬਤ੍ਰ ਏਕ ਹੀ ਰੰਗ ਮੈ ।

ਸੁਨਿ ਤਾਕੋ ਉਪਦੇਸੁ ਰਿਦੇ ਜੋ ਆਵਈ ।
ਜੀ, ਬਿਨ ਬਿਧਨਾ ਸੰਜੋਗ, ਕਵਨ ਜਨ ਪਾਵਹੀ ॥੬੯॥੯੦੫॥

ਪੂਰਨ ਪ੍ਰਭੂ ਗੁਰਦੇਵ ਸਤਿਸੰਗਤ ਵਿੱਚ ਹੀ ਮਿਲਦੇ ਹਨ। ਹਰੀ-ਪ੍ਰਭੂ ਸਭ ਥਾਈਂ ਇੱਕੋ ਰੂਪ ਵਿੱਚ ਵਿਆਪਕ ਹੋ ਰਿਹਾ ਹੈ। ਉਸਦਾ ਉਪਦੇਸ਼ ਸੁਣ ਕੇ ਜੇਕਰ (ਕਿਸੇ ਦੇ) ਹਿਰਦੇ ਵਿੱਚ ਵੱਸ ਜਾਵੇ, (ਤਾਂ ਉਸਦਾ ਪਾਰ-ਉਤਾਰਾ ਹੋ ਜਾਂਦਾ ਹੈ)। ਜੀ! ਵਿਧਾਤਾ ਦੇ ਲਿਖੇ ਸੰਜੋਗ ਤੋਂ ਬਿਨਾਂ, ਕਿਹੜਾ ਮਨੁੱਖ ਇਸਨੂੰ ਪ੍ਰਾਪਤ ਕਰ ਸਕਦਾ ਹੈ? ॥੬੯॥੯੦੫॥

**ਸੋਰਠਾ**

ਬਿਨ ਬਿਧਨਾ ਸੁਨਿ ਮੀਤ, ਕਵਨ ਸੁਨੈ ਕਾ ਸੋ ਕਹੈ ।
ਭਰਮਤ ਜੁਗ ਗਏ ਬੀਤ, ਏਕ ਦਰਸ ਗੁਰੁ ਦੇਵ ਬਿਨ ॥੭੦॥੯੦੬॥

ਹੇ ਮਿੱਤਰ, ਸੁਣ! ਪ੍ਰਭੂ ਦੀ ਕਿਰਪਾ ਤੋਂ ਬਿਨ੍ਹਾਂ ਕੌਣ (ਸਾਡੀ ਬੇਨਤੀ) ਸੁਣ ਸਕਦਾ ਹੈ ਅਤੇ (ਅਸੀਂ ਵੀ ਕਿਸ ਨੂੰ ਆਪਣੀ ਬੇਨਤੀ) ਕਹਿ ਸਕਦੇ ਹਾਂ? ਗੁਰਦੇਵ ਦੇ ਇੱਕ ਦਰਸ਼ਨ ਤੋਂ ਬਿਨਾਂ ਜੁਗਾਂ ਦੇ ਜੁਗ ਭਟਕਦਿਆਂ ਬੀਤ ਗਏ ਹਨ ॥੭੦॥੯੦੬॥

**ਅੜਿੱਲ**

ਭਰਮਿ ਭਰਮਿ ਕਈ ਬਾਰ ਫੇਰਿ ਅਬ ਆਇਓ ।
ਪੂਰਨ ਪੁੰਨ ਪ੍ਰਤਾਪ, ਦਰਸ ਗੁਰੁ ਪਾਇਓ ।
ਬਿਨਸੇ ਸਕਲ ਕਲੇਸ, ਭਰਮ ਭਵ ਸਬ ਗਯੋ ।
ਜੀ, ਇਕ ਹੀ ਏਕ ਅਰਾਧਿ ਏਕੌ ਹੋ ਰਹਯੋ ॥੭੧॥੯੦੭॥

(ਵੱਖ-ਵੱਖ ਜੂਨੀਆਂ ਵਿੱਚ) ਕਈ ਵਾਰ ਭਟਕ-ਭਟਕ ਕੇ, ਮੈਂ ਹੁਣ ਫਿਰ (ਇਸ ਮਨੁੱਖੀ ਸ਼ਰੀਰ ਵਿੱਚ) ਆਇਆ ਹਾਂ। ਪੂਰਨ ਪੁੰਨ-ਕਰਮਾਂ ਦੇ ਪ੍ਰਤਾਪ ਨਾਲ ਮੈਨੂੰ ਗੁਰੂ ਦਾ ਦਰਸ਼ਨ ਪ੍ਰਾਪਤ ਹੋਇਆ ਹੈ। ਮੇਰੇ ਸਾਰੇ ਕਲੇਸ਼ ਨਾਸ਼ ਹੋ ਗਏ ਹਨ ਅਤੇ ਸੰਸਾਰ ਦਾ ਭਰਮ ਦੂਰ ਹੋ ਗਿਆ ਹੈ। ਜੀ! ਇੱਕੋ-ਇੱਕ ਪ੍ਰਭੂ ਦੀ ਅਰਾਧਨਾ ਕਰਕੇ ਮੈਂ ਉਸ ਇੱਕ ਵਿੱਚ ਹੀ ਲੀਨ ਹੋ ਗਿਆ ਹਾਂ ॥੭੧॥੯੦੭॥

**ਦੋਹਰਾ**

ਅੰਮ੍ਰਿਤ ਪੀ ਤ੍ਰਿਪਤਜੋ ਤਹਾਂ, ਕਰਿ ਸੰਤਨ ਸੋ ਪ੍ਰੀਤਿ ।
ਦੁਰਲਭ ਮਾਨਸ ਜਨਮ ਹੈ, ਲਿਯੋ ਛਿਨਕ ਮੈ ਜੀਤਿ ॥੭੨॥੯੦੮॥

ਸੰਤਾਂ ਨਾਲ ਪ੍ਰੀਤ ਪਾ ਕੇ, ਮੈਂ ਉੱਥੇ (ਨਾਮ) ਅੰਮ੍ਰਿਤ ਪੀ ਕੇ ਤ੍ਰਿਪਤ ਹੋ ਗਿਆ। ਇਹ ਦੁਰਲੱਭ ਮਨੁੱਖ ਜਨਮ ਮੈਂ ਇੱਕ ਛਿਨ ਵਿੱਚ ਹੀ ਜਿੱਤ ਲਿਆ ਹੈ ॥੭੨॥੯੦੮॥

**ਸਵੈਯਾ**

ਜੀਤ ਲਿਯੋ ਜਿਹ ਐਸੋ ਜਨੰਮ ਅਗੰਮ ਕੀ ਜੋਤਿ ਰਿਦੈ ਤਿਹ ਆਈ ।
ਦੂਤਨ ਮਾਰਿ ਬਿਚਾਰ ਯਹੈ ਕਰਿ, ਹੋ ਇਕ ਰੰਗ ਬਿਖੈ ਬਿਸਰਾਈ ॥
ਪ੍ਰੀਤਿ ਕਰੀ ਹਰਿ ਕੇ ਚਰਨੋਂ ਸੰਗਿ, ਨਾਮ ਅਧਾਰ ਨਵੈ ਨਿਧਿ ਪਾਈ ।
ਜੋਤਿ ਪ੍ਰਗਾਸ ਭਈ ਚਹੂ ਓਰ ਮੈ, ਐਸੀ ਪ੍ਰਭੂ ਤਿਹ ਨਾਮ ਬਡਾਈ ॥੭੩॥੯੦੯॥

ਜਿਸਨੇ ਅਜਿਹਾ (ਮਨੁੱਖਾ) ਜਨਮ ਜਿੱਤ ਲਿਆ ਹੈ, ਉਸਦੇ ਹਿਰਦੇ ਵਿੱਚ ਅਪਹੁੰਚ ਪ੍ਰਭੂ ਦੀ ਜੋਤ ਆ (ਵੱਸਦੀ) ਹੈ। ਉਹ (ਜਮ)-ਦੂਤਾਂ ਨੂੰ ਮਾਰ ਕੇ ਅਤੇ ਇਹ ਵਿਚਾਰ ਕਰਕੇ, ਇੱਕ ਪ੍ਰਭੂ ਦੇ ਪ੍ਰੇਮ-ਰੰਗ ਵਿੱਚ (ਰੰਗ ਕੇ) ਵਿਸ਼ਿਆਂ ਨੂੰ ਭੁਲਾ ਦਿੰਦਾ ਹੈ। ਉਸਨੇ ਹਰੀ ਦੇ ਚਰਨਾਂ ਨਾਲ ਪ੍ਰੀਤ ਪਾਈ ਅਤੇ ਨਾਮ ਦੇ ਆਸਰੇ ਨਾਲ ਨੌਂ ਨਿਧੀਆਂ ਪ੍ਰਾਪਤ ਕਰ ਲਈਆਂ। ਉਸਦੇ ਅੰਦਰ ਚਾਰੇ ਪਾਸੇ ਜੋਤ ਦਾ ਪ੍ਰਕਾਸ਼ ਹੋ ਗਿਆ; ਪ੍ਰਭੂ ਦੇ ਨਾਮ ਦੀ ਅਜਿਹੀ ਵਡਿਆਈ ਹੈ ॥੭੩॥੯੦੯॥

**ਦੋਹਰਾ**

ਘਰਿ ਆਯੋ ਗੁਰੁ ਕੇ ਬਚਨ, ਫਤੇ ਭਈ ਝੁਨਕਾਰ ।
ਲੀਲਾ ਤੁਮਰੀ ਕਹਾ ਕਹੋ, ਉਪਮਾ ਅਪਰ ਅਪਾਰ ॥੭੪॥੯੧੦॥

ਜਦੋਂ ਗੁਰੂ ਦੇ ਬਚਨ ਹਿਰਦੇ-ਘਰ ਵਿੱਚ ਆ (ਕੇ ਵੱਸ) ਗਏ, ਤਾਂ (ਮਾਨੋ) ਫਤਹਿ ਦੀ ਝਨਕਾਰ (ਗੂੰਜ) ਪਈ। (ਹੇ ਪ੍ਰਭੂ!) ਮੈਂ ਤੇਰੀ ਲੀਲ੍ਹਾ ਬਾਰੇ ਕੀ ਕਹਿ ਸਕਦਾ ਹਾਂ? ਤੇਰੀ ਵਡਿਆਈ ਬੇਅੰਤ ਅਤੇ ਅਪਾਰ ਹੈ ॥੭੪॥੯੧੦॥

**ਅੜਿੱਲ**

ਤੇਰੀ ਸੋਭਾ ਸਰਸ ਸਰੂਪ ਅਨੂਪ ਸੁਹਾਵਤੀ ।
ਤੇਰੀ ਮਹਿਮਾ ਅਪਰ ਅਪਾਰ ਸੰਤਨਿ ਮਨਿ ਭਾਵਤੀ ।
ਕਹਿ ਨ ਸਕਉ ਬੀਚਾਰਿ, ਪਾਰੁ ਨਹੀਂ ਪਾਇਯੈ ।
ਜੀ, ਨਿਮਖ ਨਿਮਖ ਗੁਨ ਤੋਹਿ, ਉਚਰਿ ਤਹਿ ਗਾਇਯੈ ॥੭੫॥੯੧੧॥

ਤੇਰਾ ਸ੍ਰੇਸ਼ਠ ਅਤੇ ਅਨੋਖਾ ਸਰੂਪ ਬੜਾ ਸੋਹਣਾ ਹੈ ਅਤੇ ਤੇਰੀ ਸ਼ੋਭਾ ਵੀ ਅਦਭੁੱਤ ਹੈ। ਤੇਰੀ ਬੇਅੰਤ ਮਹਿਮਾ ਸੰਤਾਂ ਦੇ ਮਨ ਨੂੰ ਬਹੁਤ ਚੰਗੀ ਲੱਗਦੀ ਹੈ। ਮੈਂ ਵਿਚਾਰ ਕੇ ਵੀ (ਤੇਰੀ ਵਡਿਆਈ) ਕਹਿ ਨਹੀਂ ਸਕਦਾ, ਤੇਰਾ ਪਾਰ ਨਹੀਂ ਪਾਇਆ ਜਾ ਸਕਦਾ। ਜੀ, (ਹੇ ਪ੍ਰਭੂ!) ਤੇਰੇ ਗੁਣਾਂ ਨੂੰ ਹਰ ਨਿਮਖ ਉਚਾਰ ਕੇ ਗਾਉਣਾ ਚਾਹੀਦਾ ਹੈ ॥੭੫॥੯੧੧॥

ਟਿੱਪਣੀ:- ਅੱਖ ਝਪਕਣ ਵਿੱਚ ਜਿੰਨਾ ਸਮਾਂ ਲੱਗਦਾ ਹੈ, ਉਸਨੂੰ ਨਿਮਖ ਆਖਿਆ ਜਾਂਦਾ ਹੈ।

**ਦੋਹਰਾ**

ਉਪਮਾ ਪ੍ਰਭ ਕੀ ਅਨ ਦਿਨਾ, ਫੇਰਤ ਰਹੁ ਮਨ ਮੀਤ ।
ਅਨਗਿਨ ਤੋ ਸੇ ਤਾਹਿ ਦਰਿ, ਗਾਵਤ ਪ੍ਰਭ ਕੇ ਗੀਤ ॥੭੬॥੯੧੨॥

ਹੇ ਮਿੱਤਰ ਮਨ! ਦਿਨ-ਰਾਤ ਪ੍ਰਭੂ ਦੀ ਉਸਤਤਿ (ਆਪਣੇ ਹਿਰਦੇ ਵਿੱਚ) ਫੇਰਦਾ ਰਹੁ। ਤੇਰੇ ਵਰਗੇ ਅਣਗਿਣਤ (ਜੀਵ) ਉਸਦੇ ਦਰ 'ਤੇ ਖੜ੍ਹੇ ਪ੍ਰਭੂ ਦੇ ਗੀਤ ਗਾ ਰਹੇ ਹਨ ॥੭੬॥੯੧੨॥

**ਚੌਪਈ**

ਅਤਿ ਅਗਾਧ ਗਤਿ ਅਗਮ ਅਪਾਰਾ । ਕਹਿ ਨ ਸਕਉ ਤੁਮਰਾ ਬਿਸਥਾਰਾ ।
ਅਪਰੰਪਰ ਪੂਰਨ ਸੁਖਦਾਈ । ਭਗਤ ਵਛਲ ਸਭਿ ਤੋਹਿ ਬਤਾਈ ॥੭੭॥੯੧੩॥

(ਹੇ ਪ੍ਰਭੂ!) ਤੇਰੀ ਅਵਸਥਾ ਬਹੁਤ ਡੂੰਘੀ, ਅਪਹੁੰਚ ਅਤੇ ਬੇਅੰਤ ਹੈ। ਮੈਂ ਤੇਰੇ ਪਸਾਰੇ ਦਾ ਵਰਣਨ ਨਹੀਂ ਕਰ ਸਕਦਾ। ਤੂੰ ਬੇਅੰਤ, ਪੂਰਨ, ਸੁੱਖ ਦੇਣ ਵਾਲਾ ਹੈਂ ਅਤੇ ਸਾਰੇ ਤੈਨੂੰ ਭਗਤ-ਵਛਲ (ਭਗਤਾਂ ਨੂੰ ਪਿਆਰ ਕਰਨ ਵਾਲਾ) ਕਹਿੰਦੇ ਹਨ ॥੭੭॥੯੧੩॥

**ਮਧੁਭਾਰ ਛੰਦ**
ਮਨ ਮੈ ਬਿਚਾਰ। ਐਸੇ ਨਿਹਾਰ।
ਜੈਸੇ ਜੂਆਰਿ। ਕਰ ਜਾਤਿ ਝਾਰਿ ॥੭੮॥੯੧੪॥

ਮਨ ਵਿੱਚ ਵਿਚਾਰ। ਇਸ ਤਰ੍ਹਾਂ ਦੇਖ। ਜਿਵੇਂ ਜੁਆਰੀ। ਹੱਥ ਝਾੜ ਜਾਂਦਾ ਹੈ। (ਭਾਵ, ਨਾਮ-ਹੀਣ ਮਨੁੱਖ ਜੁਆਰੀ ਵਾਂਗ ਸਭ ਕੁਝ ਹਾਰ ਜਾਂਦਾ ਹੈ)। ॥੭੮॥੯੧੪॥

ਐਸੇ ਨਿਹਾਰ। ਕੈਸੇ ਮੁਰਾਰ।
ਕਿਹ ਅੰਗ ਸੰਗਿ। ਕਿਆ ਰੂਪ ਰੰਗਿ ॥੭੯॥੯੧੫॥

ਇਸ ਤਰ੍ਹਾਂ ਦੇਖ। ਪ੍ਰਭੂ ਕਿਹੋ ਜਿਹਾ ਹੈ?
ਉਹ ਕਿਸ ਦੇ ਨਾਲ ਹੈ? ਉਸਦਾ ਕੀ ਰੂਪ-ਰੰਗ ਹੈ? ॥੭੯॥੯੧੫॥

ਕਛੂ ਕੀਨ ਭੇਖ। ਕੈ ਹੈ ਅਲੇਖ।
ਕਰਿ ਹੈ ਅਹਾਰ। ਕੇ ਨਿਰਾਧਾਰ ॥੮੦॥੯੧੬॥

ਕੀ ਉਸਨੇ ਕੋਈ ਭੇਖ ਧਾਰਿਆ ਹੈ? ਜਾਂ ਉਹ ਵਰਣਨ ਤੋਂ ਪਰੇ ਹੈ? ਕੀ ਉਹ ਭੋਜਨ ਕਰਦਾ ਹੈ? ਜਾਂ ਉਸਨੂੰ ਕਿਸੇ ਆਸਰੇ ਦੀ ਲੋੜ ਨਹੀਂ? ॥੮੦॥੯੧੬॥

**ਮਧੁਭਾਰ ਛੰਦ**
ਖੇਲੰਤ ਖੇਲ। ਕੈ ਹੈ ਅਖੇਲ।
ਕੀਨੋ ਪਸਾਰ। ਕੈ ਨਿਰੰਕਾਰ ॥੮੧॥੯੧੭॥

ਉਹ ਖੇਡਾਂ ਖੇਡਦਾ ਹੈ? ਜਾਂ ਖੇਡ ਤੋਂ ਰਹਿਤ ਹੈ?
ਉਸਨੇ ਇਹ ਪਸਾਰਾ ਕੀਤਾ? ਜਾਂ ਉਹ ਨਿਰੰਕਾਰ ਹੈ? ॥੮੧॥੯੧੭॥

ਉਪਮਾ ਅਪਾਰ। ਕੀਨੋ ਬਿਚਾਰ।
ਨਉਤਨ ਨਵੀਨ। ਸਾਹਿਬ ਪ੍ਰਬੀਨ ॥੮੨॥੯੧੮॥

ਉਸਦੀ ਉਸਤਤਿ ਬੇਅੰਤ ਹੈ। ਇਹੀ ਵਿਚਾਰ ਕੀਤਾ ਹੈ।
ਉਹ ਸਦਾ ਨਵਾਂ-ਨਕੋਰ ਹੈ। ਉਹ ਮਾਲਕ ਬੜਾ ਨਿਪੁੰਨ ਹੈ। ॥੮੨॥੯੧੮॥

ਭਵ ਭੈ ਉਤਾਰਿ । ਭ੍ਰਮੰ ਬਿਦਾਰਿ ।
ਅਪਰੰ ਅਪਾਰ । ਐਸੋ ਨਿਹਾਰ ॥੮੩॥੯੧੯॥

ਸੰਸਾਰ ਦੇ ਡਰ ਤੋਂ ਪਾਰ ਉਤਾਰਦਾ ਹੈ। ਭਰਮ ਨੂੰ ਦੂਰ ਕਰਦਾ ਹੈ। ਉਹ ਬੇਅੰਤ ਅਤੇ ਅਪਾਰ ਹੈ। ਉਸਨੂੰ ਇਸ ਤਰ੍ਹਾਂ (ਦਾ ਹੀ) ਦੇਖਿਆ ਹੈ। ॥੮੩॥੯੧੯॥

ਨਹਿ ਵਾਰ ਪਾਰ । ਸਾਹਿਬ ਸੁਮਾਰ ।
ਬੇਅੰਤ ਅੰਤ । ਨਹਿ ਤੰਤ ਮੰਤ ॥੮੪॥੯੨੦॥

ਉਸਦਾ ਕੋਈ ਓਰਲਾ-ਪਰਲਾ ਬੰਨਾ ਨਹੀਂ। ਉਹ ਮਾਲਕ ਗਿਣਤੀ-ਮਿਣਤੀ ਤੋਂ ਪਰੇ ਹੈ। ਉਸ ਬੇਅੰਤ ਦਾ ਅੰਤ (ਨਹੀਂ ਜਾਣਿਆ ਜਾ ਸਕਦਾ) ਤੇ ਨਾ (ਉਸਨੂੰ ਕਿਸੇ) ਤੰਤਰ ਜਾਂ ਮੰਤਰ ਨਾਲ ਪਾਇਆ ਜਾ ਸਕਦਾ ਹੈ। ॥੮੪॥੯੨੦॥

ਸਿਮਰੰਤ ਸੰਤ । ਜਾਨੰਤ ਕੰਤ ।
ਹੈ ਅੰਗ ਸੰਗ । ਅਨਭੈ ਅਨੰਗ ॥੮੫॥੯੨੧॥

ਸੰਤ ਉਸਦਾ ਸਿਮਰਨ ਕਰਦੇ ਹਨ। ਉਸਨੂੰ ਪਤੀ-ਪ੍ਰਭੂ ਕਰਕੇ ਜਾਣਦੇ ਹਨ। ਉਹ ਅੰਗ-ਸੰਗ ਵੱਸਦਾ ਹੈ। ਉਹ ਨਿਡਰ ਅਤੇ ਸਰੀਰ-ਰਹਿਤ ਹੈ।॥੮੫॥੯੨੧॥

ਸਤਿਗੁਰ ਦਯਾਲ । ਮੇਟੰਤ ਕਾਲ ।
ਤੋੜੰਤ ਜਾਲ । ਦਰਸਨ ਬਿਸਾਲ ॥੮੬॥੯੨੨॥

ਸਤਿਗੁਰੂ ਦਿਆਲੂ ਹੈ। ਉਹ ਕਾਲ ਨੂੰ ਮਿਟਾ ਦਿੰਦਾ ਹੈ।
ਉਹ (ਮਾਇਆ ਦਾ) ਜਾਲ ਤੋੜ ਦਿੰਦਾ ਹੈ। ਉਸਦਾ ਦਰਸ਼ਨ ਵਿਸ਼ਾਲ ਹੈ।॥੮੬॥੯੨੨॥

ਸੋਭਾ ਅਪਾਰ । ਸੰਕਟਿ ਨਿਵਾਰ ।
ਗੁਰੁ ਗੁਨ ਅਨੰਤ । ਸਿਮਰੰਤ ਸੰਤ ॥੮੭॥੯੨੩॥

ਗੁਰੂ ਦੀ ਸ਼ੋਭਾ ਅਪਾਰ ਹੈ। ਉਹ ਸੰਕਟਾਂ ਨੂੰ ਦੂਰ ਕਰਦਾ ਹੈ।
ਗੁਰੂ ਦੇ ਗੁਣ ਅਨੰਤ ਹਨ। ਸੰਤ ਉਹਨਾਂ ਦਾ ਸਿਮਰਨ ਕਰਦੇ ਹਨ।॥੮੭॥੯੨੩॥

ਏਕੋ ਸਰੂਪ । ਸੁੰਦਰ ਅਨੂਪ ।
ਦਿਸਟੰਤ ਏਕ । ਲੀਲਾ ਅਨੇਕ ॥੮੮॥੯੨੪॥

ਉਸਦਾ ਸਰੂਪ ਇੱਕ ਹੈ। ਉਹ ਸੁੰਦਰ ਅਤੇ ਅਨੂਪਮ ਹੈ।
ਦਿੱਸਦਾ ਇੱਕ ਹੈ, (ਪਰ) ਉਸਦੀਆਂ ਲੀਲ੍ਹਾ ਅਨੇਕ ਹਨ।॥੮੮॥੯੨੪॥

ਬਰਨੀ ਨ ਜਾਤ । ਅਗਾਧ ਗਾਤ ।
ਮਹਿਮਾ ਬਿਅੰਤ । ਕਿਆ ਕਥਹਿ ਜੰਤ ॥੮੯॥੯੨੫॥

ਉਸਦੀ (ਕਥਾ) ਬਿਆਨ ਨਹੀਂ ਕੀਤੀ ਜਾ ਸਕਦੀ। ਉਸਦਾ ਸਰੂਪ ਬਹੁਤ ਡੂੰਘਾ ਹੈ। ਉਸਦੀ ਮਹਿਮਾ ਬੇਅੰਤ ਹੈ। ਜੀਵ ਭਲਾ ਕੀ ਕਹਿ ਸਕਦੇ ਹਨ?॥੮੯॥੯੨੫॥

ਸਿਖੰ ਅਪਾਰ । ਕਰਿ ਕੈ ਬਿਚਾਰਿ ॥
ਸਬਦੰ ਉਚਾਰ । ਏਕੋ ਨਿਹਾਰ ॥੯੦॥੯੨੬॥

ਅਣਗਿਣਤ ਸਿੱਖ ਹਨ। ਉਹ ਵਿਚਾਰ ਕਰਕੇ।
ਸ਼ਬਦ ਦਾ ਉਚਾਰਨ ਕਰਦੇ ਹਨ। ਅਤੇ ਇੱਕ ਨੂੰ ਹੀ ਤੱਕਦੇ ਹਨ।॥੯੦॥੯੨੬॥

**ਮਧੁਭਾਰ ਛੰਦ**
ਭਵ ਭੈ ਉਤਾਰਿ । ਭ੍ਰਮੰ ਬਿਦਾਰਿ ।
ਹ੍ਵੈ ਹਰਖਵੰਤ । ਪੇਖਯੋ ਬਿਅੰਤ ।।੯੧।।੯੨੭।।

ਸੰਸਾਰ ਦਾ ਡਰ ਪਾਰ ਉਤਾਰ ਕੇ, ਭਰਮ ਨੂੰ ਦੂਰ ਕਰਕੇ, ਖ਼ੁਸ਼ੀ ਨਾਲ ਭਰਪੂਰ ਹੋ ਕੇ ਉਸ ਬੇਅੰਤ ਨੂੰ ਦੇਖਿਆ।।੯੧।।੯੨੭।।

ਚਿੰਤਾ ਬਿਸਾਰ। ਡਿੜ੍ਹ ਜੀਵ ਧਾਰ।
ਮਨ ਮੈ ਅਨੰਦ। ਸਬ ਤੋਰਿ ਫੰਦ ॥੯੨॥੯੨੮॥

ਚਿੰਤਾ ਨੂੰ ਭੁਲਾ ਕੇ। ਹਿਰਦੇ ਵਿੱਚ ਦ੍ਰਿੜ੍ਹਤਾ ਧਾਰ ਕੇ।
ਮਨ ਵਿੱਚ ਆਨੰਦ ਹੈ। ਸਾਰੇ (ਮਾਇਆ ਦੇ) ਜਾਲ ਤੋੜ ਕੇ।।੯੨॥੯੨੮॥

ਹ੍ਵੈ ਕੈ ਖਲਾਸ। ਮਨ ਪੂਰਿ ਆਸ।
ਚਰਨੰ ਨਿਵਾਸ। ਕੀਨੋ ਬਿਲਾਸ ॥੯੩॥੯੨੯॥

ਪੂਰੀ ਤਰ੍ਹਾਂ ਆਜ਼ਾਦ ਹੋ ਕੇ। ਮਨ ਦੀ ਆਸ ਪੂਰੀ ਹੋ ਗਈ। (ਪ੍ਰਭੂ ਦੇ) ਚਰਨਾਂ ਵਿੱਚ ਨਿਵਾਸ ਕਰਕੇ। ਆਨੰਦ ਮਾਣਿਆ।।੯੩॥੯੨੯॥

**ਦੋਹਰਾ**

ਅਤਿ ਅਗਾਧ ਅਚਰਜ ਕਥਾ, ਤਿਹ ਕਾ ਕਵਨ ਸੁਮਾਰ।
ਜੁਗ ਕਿਤੰਤ ਗਨਪਤਿ ਲਿਖਹਿ, ਤਊ ਨ ਪਾਵੈ ਪਾਰ ॥੯੪॥੯੩੦॥

ਉਸ (ਪ੍ਰਭੂ) ਦੀ ਕਥਾ ਬਹੁਤ ਡੂੰਘੀ ਅਤੇ ਅਸਚਰਜ ਹੈ, ਉਸਦਾ ਕੀ ਹਿਸਾਬ ਲਗ ਸਕਦਾ ਹੈ? ਜੇਕਰ ਗਣਪਤੀ ਵੀ ਕਿੰਨੇ ਹੀ ਜੁਗ ਲਿਖਦਾ ਰਹੇ, ਤਾਂ ਵੀ ਉਸਦਾ ਅੰਤ ਨਹੀਂ ਪਾ ਸਕਦਾ ॥੯੪॥੯੩੦॥

**ਭੁਜੰਗ ਪ੍ਰਯਾਤ ਛੰਦ**

ਮੁਖੰ ਚਤੁਰ ਬ੍ਰਹਮੇ ਕਥੇ ਬੇਦ ਚਾਰੰ।
ਥਕਯੋ ਅੰਤ ਵਹ ਭੀ ਸੁ ਮਹਿਮਾ ਅਪਾਰੰ।
ਗਣਾਯੰ ਪਤਿਹ ਕੋਟਿ ਹੋਵੈ ਹਜਾਰੰ।
ਨਹੀਂ ਪਾਰ ਪਾਵੈ ਗਤਾਯੰ ਅਪਾਰੰ ॥੯੫॥੯੩੧॥

ਚਾਰ ਮੂੰਹਾਂ ਵਾਲੇ ਬ੍ਰਹਮਾ ਨੇ ਚਾਰ ਵੇਦਾਂ ਦਾ ਕਥਨ ਕੀਤਾ। ਉਹ ਵੀ ਅੰਤ ਵਿੱਚ ਉਸਦੀ ਬੇਅੰਤ ਮਹਿਮਾ ਗਾਉਂਦਾ ਹੋਇਆ ਥੱਕ ਗਿਆ। ਜੇਕਰ

ਹਜ਼ਾਰਾਂ-ਕਰੋੜਾਂ ਗਣਪਤੀ ਵੀ ਹੋਣ, ਤਾਂ ਵੀ ਉਹ ਉਸਦੀ ਬੇਅੰਤ ਗਤੀ ਦਾ ਪਾਰ ਨਹੀਂ ਪਾ ਸਕਦੇ ॥੯੫॥੯੩੧॥

ਕਈ ਕੋਟਿ ਸਾਰਸੁਤੀ ਅੰਕੰ ਬਿਚਾਰੰ ।
ਕਥੈ ਤਾਹਿ ਉਪਮਾ ਨ ਪਾਵੈ ਸੁਮਾਰੰ ।
ਪਰੇ ਤੈ ਪਰੇ ਹੈ, ਕਹਾ ਕੋ ਬਖਾਨੈ ।
ਉਸੀ ਕਾ ਕਿਯਾ ਜੰਤ ਕਜਾ ਅੰਤ ਜਾਨੈ ॥੯੬॥੯੩੨॥

ਕਈ ਕਰੋੜਾਂ ਸਰਸਵਤੀਆਂ ਵੀ (ਉਸਦੇ ਗੁਣਾਂ ਨੂੰ) ਅੱਖਰਾਂ ਨਾਲ ਵਿਚਾਰਨ, ਤਾਂ ਵੀ ਉਸਦੀ ਉਸਤਤਿ ਕਹਿ ਕੇ ਉਸਦਾ ਹਿਸਾਬ ਨਹੀਂ ਲਗਾ ਸਕਦੀਆਂ। ਉਹ ਪਰ੍ਹੇ ਤੋਂ ਵੀ ਪਰ੍ਹੇ ਹੈ, ਉਸ ਬਾਰੇ ਕੌਣ ਬਿਆਨ ਕਰ ਸਕਦਾ ਹੈ? ਉਸੇ ਦਾ (ਪੈਦਾ) ਕੀਤਾ ਹੋਇਆ ਜੀਵ (ਭਲਾ) ਉਸਦਾ ਅੰਤ ਕੀ ਜਾਣ ਸਕਦਾ ਹੈ? ॥੯੬॥੯੩੨॥

ਕਈ ਕੋਟਿ ਅਨੰਤ ਕਰਿ ਅੰਤ ਹਾਰੇ ।
ਨਹੀਂ ਕੰਤ ਕੇ ਅੰਤ ਕੋ ਵਾਰ ਪਾਰੇ ॥
ਮੁਖੰ ਤਾਹਿ ਰਸਨਾ ਹਜਾਰੰ ਸੁਹਾਵੈ ।
ਕਹੈ ਨਾਂਵ ਨਉਤਨ, ਨਹੀਂ ਪਾਰ ਪਾਵੈ ॥੯੭॥੯੩੩॥

ਕਈ ਕਰੋੜਾਂ ਸ਼ੇਸ਼ਨਾਗ ਵੀ ਅੰਤ ਵਿੱਚ ਹਾਰ ਗਏ ਤੇ ਮਾਲਕ ਦੇ ਅੰਤ ਨੂੰ ਨਾ ਜਾਣ ਸਕੇ। ਉਸ (ਸ਼ੇਸ਼ਨਾਗ) ਦੇ ਮੂੰਹ ਵਿੱਚ ਹਜ਼ਾਰਾਂ ਜੀਭਾਂ ਹਨ, ਅਤੇ ਉਹ (ਪ੍ਰਭੂ ਦੇ) ਨਵੇਂ-ਨਵੇਂ ਨਾਮ ਲੈਂਦਾ ਹੈ, ਫਿਰ ਵੀ ਉਹ ਪਾਰ ਨਹੀਂ ਪਾ ਸਕਦਾ ॥੯੭॥੯੩੩॥

ਮੁਖੰ ਏਕ ਰਸਨਾ ਕਹਾ ਲੈ ਬਖਾਨੋ।
ਭਰੇ ਨੀਰ ਸੁਭ੍ਰੰ ਲਈ ਬੂੰਦ ਮਾਨੋ ।
ਮਹਾ ਕੀਟ ਪਤਿਤੰ ਕਹਾ ਬੁਧਿ ਮੇਰੀ ॥
ਜਥਾ ਸਕਤਿ ਹੈ ਸੋਭ ਕਰਤਾਰ ਤੇਰੀ ॥੯੮॥੯੩੪॥

(ਜਦੋਂ ਸ਼ੇਸ਼ਨਾਗ ਆਪਣੀਆਂ ਹਜ਼ਾਰਾਂ ਜੀਭਾਂ ਨਾਲ ਵੀ ਤੇਰਾ ਵਖਿਆਨ ਨਹੀਂ ਕਰ ਸਕਦਾ, ਤਾਂ) ਮੇਰੇ ਮੂੰਹ ਵਿੱਚ (ਸਿਰਫ਼) ਇੱਕ ਹੀ ਜੀਭ ਹੈ, (ਉਸ ਇੱਕ ਜੀਭ ਨਾਲ ਮੈਂ) ਤੇਰਾ ਕਿੱਥੋਂ ਤੱਕ ਬਖਾਨ ਕਰ ਸਕਦਾ ਹਾਂ?

(ਇਹ ਤਾਂ ਇੰਞ ਹੈ) ਜਿਵੇਂ ਪਵਿੱਤਰ ਪਾਣੀ ਦੇ (ਸਮੁੰਦਰ) ਵਿੱਚੋਂ ਇੱਕ ਬੂੰਦ ਲੈ ਲਈ ਹੋਵੇ। ਮੈਂ ਇੱਕ ਮਹਾਨ ਪਾਪੀ ਕੀੜਾ ਹਾਂ, ਮੇਰੀ ਕੀ ਬੁੱਧੀ ਹੈ? ਹੇ ਕਰਤਾਰ! (ਮੈਂ ਆਪਣੀ) ਸ਼ਕਤੀ ਅਨੁਸਾਰ ਹੀ ਤੇਰੀ ਸ਼ੋਭਾ ਕੀਤੀ ਹੈ ॥੯੮॥੯੩੪॥

**ਚੌਪਈ**

ਜਥਾ ਸਕਤਿ ਉਪਮਾ ਕਹੀ, ਦਰਸ ਪਰਸ ਕੈ ਕਾਜ।
ਜੋ ਚਿਤਵੋ ਸੋ ਦੇਹ ਮੁਹਿ, ਤੂ ਸਮਰਥ ਤੁਹਿ ਲਾਜੁ ॥੯੯॥੯੩੫॥

ਮੈਂ ਆਪਣੀ ਸ਼ਕਤੀ ਅਨੁਸਾਰ ਇਹ ਉਸਤਤਿ, ਤੇਰੇ ਦਰਸ਼ਨ ਤੇ ਮਿਲਾਪ ਲਈ ਕਹੀ ਹੈ। ਮੈਂ ਜੋ ਚਾਹੁੰਦਾ ਹਾਂ, ਉਹ ਮੈਨੂੰ ਦੇਵੋ; ਤੂੰ ਸਭ ਤੋਂ ਸਮਰੱਥ ਹੈਂ, (ਮੇਰੀ ਅਰਦਾਸ ਪੂਰੀ ਕਰਨੀ) ਤੇਰੀ ਹੀ ਲਾਜ ਹੈ ॥੯੯॥੯੩੫॥

**ਇਤਿ ਸ੍ਰੀ ਗੁਰੁ ਸੋਭਾ ਗ੍ਰੰਥੇ ਸਰਬ ਉਸਤਤਿ ਬਰਨਨੰ ਬੀਸਵੋ ਅਧਿਆਇ**
ਸੰਪੂਰਨਮਸਤੁ ਸੁਭਮਸਤੁ ॥ ੨੦ ॥

ਇੱਥੇ ਸ੍ਰੀ ਗੁਰ ਸੋਭਾ ਗ੍ਰੰਥ ਦਾ 'ਸਰਬ ਉਸਤਤਿ ਵਰਣਨ' ਨਾਮਕ ਵੀਹਵਾਂ ਅਧਿਆਇ ਸੰਪੂਰਨ ਹੁੰਦਾ ਹੈ। ਸ਼ੁਭ ਹੋਵੇ ॥ ੨੦ ॥

*****